# ਅਧਿਆਇ ਪਹਿਲਾ

# ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਕ ਪਿਛੋਕੜ

ਨਾਂਦੇੜ ਮਹਾਰਾਸ਼ਟਰ ਦਾ ਪੁਰਾਤਨ ਇਤਿਹਾਸਕ ਅਤੇ ਧਾਰਮਿਕ ਸ਼ਹਿਰ ਹੈ। ਇਥੇ ਦੀ ਧਰਤੀ ਨੂੰ ਸਮੇਂ ਸਮੇਂ 'ਤੇ ਮਹਾਨ ਧਾਰਮਿਕ ਸ਼ਖਸੀਅਤਾਂ ਗੁਰੂ ਨਾਨਕ ਦੇਵ ਜੀ , ਗੁਰੂ ਗੋਬਿੰਦ ਸਿੰਘ ਜੀ ਅਤੇ ਹੋਰ ਸੰਤਾਂ-ਭਗਤਾਂ, ਮਹਾਪੁਰਸ਼ਾਂ ਨੇ ਆਪਣੀ ਚਰਨ ਛੋਹ ਨਾਲ ਪਵਿੱਤਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਸ ਧਰਤੀ ਨੂੰ ਨਿਵਾਜਣ ਤੋਂ ਬਾਅਦ ਨਾਂਦੇੜ ਨਗਰ ਨੂੰ ਇੱਕ ਵੱਖਰੀ ਇਤਿਹਾਸਕ ਪਹਿਚਾਣ ਮਿਲੀ ਹੈ। ਜਿਸ ਕਰਕੇ ਨਾਂਦੇੜ ਨੂੰ ਸਤਿਕਾਰ ਨਾਲ ਨਾਂਦੇੜ ਸਾਹਿਬ , ਅਬਿਚਲ ਨਗਰ ਸਾਹਿਬ, ਹਜ਼ੂਰ ਸਾਹਿਬ ਆਦਿ ਨਾਵਾਂ ਨਾਲ ਪੁਕਾਰਿਆਂ ਜਾਂਦਾ ਹੈ। ਅੱਜ ਨਾਂਦੇੜ ਦੀ ਮਹਾਨਤਾ ਇਸ ਦੇ ਪੁਰਾਤਨ ਧਾਰਮਿਕ ਅਤੇ ਇਤਿਹਾਸਕ ਨਗਰ ਹੋਣ ਕਰਕੇ ਹੈ। ਇੱਥੇ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਸੁ ਸ਼ੋਭਿਤ ਹੈ ਅਤੇ ਗੁਰੂ ਸਾਹਿਬਾਨ ਦੀ ਯਾਦ ਵਿੱਚ ਸੁੰਦਰ ਗੁਰਦੁਆਰੇ ਸੁਭਾਇਮਾਨ ਹਨ। ਅਸੀ ਮੌਜੂਦਾ ਅਧਿਆਇ ਵਿੱਚ ਪਹਿਲਾਂ ਭਾਰਤ ਦੇ ਦੱਖਣੀ ਖੇਤਰ ਦਾ ਅਤੇ ਇਸ ਖੇਤਰ ਵਿਚ ਪੈਂਦੇ ਮਹਾਰਾਸ਼ਟਰ ਪ੍ਰਾਂਤ ਦੇ ਇਤਿਹਾਸਕ ਪਿਛੋਕੜ ਬਾਰੇ ਸੰਖੇਪ ਵਰਣਨ ਕਰਾਂਗੇ। ਇਸ ਤੋਂ ਬਾਅਦ ਵਿੱਚ ਨਾਂਦੇੜ ਸਾਹਿਬ ਅਤੇ ਇਸ ਇਲਾਕੇ ਦਾ ਇਤਿਹਾਸਕ ਪਿਛੋਕੜ ਅਤੇ ਇਸਦੀ ਇਤਿਹਾਸਕ ਮਹੱਤਤਾ ਬਾਰੇ ਪ੍ਰਾਚੀਨ ਕਾਲ ਤੋਂ ਲੈ ਕੇ ਵੀਹਵੀਂ ਸਦੀ ਦੇ ਅਖ਼ੀਰ ਤੱਕ ਜ਼ਿਕਰ ਕੀਤਾ ਜਾਵੇਗਾ।

**ਦੱਖਣੀ ਖੇਤਰ**

ਦੱਖਣ ਸੰਸਕ੍ਰਿਤ ਦੇ ਸ਼ਬਦ ਦਕਸ਼ਣ ਦਾ ਬਦਲਿਆ ਰੂਪ ਹੈ ਜਿਸ ਨੂੰ ਉਰਦੂ ਵਿਚ ਜਨੂਬ ਅਤੇ ਅੰਗਰੇਜ਼ੀ ਵਿੱਚ ਸਾਊਥ (South) ਕਿਹਾ ਜਾਂਦਾ ਹੈ। ਅ ਜੋਕੇ ਸਮੇਂ ਇਸ ਵਿੱਚ ਮਹਾਰਾਸ਼ਟਰ , ਕੇਰਲ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਪ੍ਰਦੇਸ਼ ਰਾਜ ਆਉਂਦੇ ਹਨ। ਇਹ ਇਲਾਕਾ ਸਦਾ ਉੱਤਰੀ ਭਾਰਤ ਤੋਂ ਕੱਟਿਆ ਰਿਹਾ ਹੈ। [1] ਪ੍ਰਾਚੀਨ ਇਤਿਹਾਸ ਵਿਚ ਇਸ ਖੇਤਰ ਨੂੰ ਦੇਵਤਿਆਂ ਅਤੇ ਰਿਸ਼ੀਆਂ ਦਾ

---

[1] ਨੂਰ, ਮੁਹੰਮਦ ਨੂਰ, *ਹਿੰਦੁਸਤਾਨ ਦੇ ਸੁਲਤਾਨ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2019, ਪੰਨਾ 18.

ਵਸਾਇਆ ਹੋਇਆ ਲਿਖਿਆ ਹੈ। ਆਦਿ ਕਾਲ ਤੋਂ ਹੀ ਭਾਰਤ ਦੇ ਦੱਖਣੀ ਖੇਤਰ ਦੀ ਧਰਤੀ ਦੀ ਧਾਰਮਿਕ , ਅਧਿਆਤਮਿਕ ਅਤੇ ਇਤਿਹਾਸਕ ਮਹਾਨਤਾ ਗੌਰਵਸ਼ਾਲੀ ਰਹੀ ਹੈ। ਕੇ. ਏ. ਨੀਲ ਕੰਠ ਦੇ ਅਨੁਸਾਰ ਦੱਖਣੀ ਭਾਰਤ ਦਾ ਇਤਿਹਾਸ ਉੱਤਰ ਆਰੀਆ ਲੋਕਾਂ ਦੇ ਆਗਮਨ ਨਾਲ ਆਰੰਭ ਹੁੰਦਾ ਹੈ। ਦੱਖਣ ਦੇ ਆਰੀਆਕਰਨ ਦੀ ਪ੍ਰਗਤੀ ਸਾਹਿਤ ਅਤੇ ਲੋਕ ਕਥਾਵਾਂ ਵਿਚ ਰੂਪਮਾਨ ਹੁੰਦੀ ਹੈ।[2]

ਆਰੀਆ ਲੋਕਾਂ ਦੇ ਮੂਲ ਨਿਵਾਸ ਸਥਾਨ ਸੰਬੰਧੀ ਵਿਦਵਾਨ ਇੱਕਮੱਤ ਨਹੀਂ ਸਨ। ਪ੍ਰੋ. ਮੈਕਸਮੂਲਰ ਅਤੇ ਜ਼ਿਆਦਾਤਰ ਯੂਰਪੀਅਨ ਵਿਦਵਾਨਾਂ ਦੀ ਇਹ ਧਾਰਨਾ ਹੈ ਕਿ ਆਰੀਆ ਮੂਲ ਰੂਪ ਵਿਚ ਮੱਧ ਏਸ਼ੀਆ ਦੇ ਰਹਿਣ ਵਾਲੇ ਸਨ। ਕੁਝ ਵਿਦੇਸ਼ੀ ਲੇਖਕਾਂ ਨੇ ਉੱਤਰ -ਜਰਮਨੀ ਅਤੇ ਕੁਝ ਨੇ ਦੱਖਣ ਰੂਸ ਨੂੰ ਆਰੀਆ ਦਾ ਆਦਿ ਦੇਸ਼ ਜਾਂ ਮੂਲ ਨਿਵਾਸ ਸਥਾਨ ਮੰਨਿਆ ਹੈ। ਭਾਰਤੀ ਵਿਦਵਾਨਾਂ ਵਿਚੋਂ ਲੋਕਮਾਨਯ ਤਿਲਕ ਦਾ ਇਹ ਵਿਸ਼ਵਾਸ ਹੈ ਕਿ ਆਰੀਆ ਦਾ ਮੂਲ ਨਿਵਾਸ ਸਥਾਨ ਉੱਤਰੀ-ਧਰੁਵ ਦਾ ਇਲਾਕਾ ਸੀ।[3] ਪੰਜਾਬੀ ਵਿਸ਼ਵ ਕੋਸ਼ ਅਨੁਸਾਰ ਜਿੱਥੋਂ ਤੱਕ ਇੰਡੋ-ਆਰੀਆ ਦਾ ਸੰਬੰਧ ਹੈ ਭਾਰਤੀ ਸਾਹਿਤ ਵਿੱਚ ਉਨ੍ਹਾਂ ਦੇ ਬਾਹਰੋਂ ਆਉਣ ਦਾ ਕਿੱਧਰੇ ਵੀ ਵਰਣ ਨ ਨਹੀਂ ਹੈ। ਕੁਝ ਲੋਕਾਂ ਨੇ ਹਿਮਾਲਿਆ ਅਤੇ ਵਿੰਧੀਆਂਚਲ ਪਰਬਤ ਦੇ ਵਿਚਕਾਰਲੇ ਇਲਾਕੇ ਅਰਥਾਤ ਆਰੀ-ਆਵਰਤ (ਉੱਤਰ-ਭਾਰਤ) ਨੂੰ ਵੀ ਆਰੀਆ ਦੀ ਆਦਿ ਭੂਮੀ ਮਨਿਆ ਹੈ। [4] ਕਈ ਵਿਦਵਾਨਾਂ ਦਾ ਮੱਤ ਇਹ ਹੈ ਕਿ ਆਰੀਆ ਦੇ ਆਉਣ ਤੋਂ ਪਹਿਲਾਂ ਵੀ ਭਾਰਤ ਵਿੱਚ ਲੋਕ (ਮੂਲ ਨਿਵਾਸੀ) ਵੱਸਦੇ ਹਨ। ਕੁਝ ਵਿਦਵਾਨ ਉਨ੍ਹਾਂ ਮੂਲ ਨਿਵਾਸੀ ਲੋਕਾਂ ਨੂੰ ਦਰਾਵੜ ਜਾਤੀ ਨਾਲ ਸੰਬੰਧਿਤ ਦੱਸਦੇ ਹਨ। ਉਨ੍ਹਾਂ ਨੇ ਉਚੇਚੀ ਸੰਸਕ੍ਰਿਤੀ ਦਾ ਵਿਕਾਸ ਕੀਤਾ ਅਤੇ ਉਨ੍ਹਾਂ ਦੇ ਮੁੱਖੀ ਬੰਦਿਆਂ ਅਰਥਾਤ ਤਾਮਿਲਾਂ ਨੇ ਦੱਖਣੀ ਭਾਰਤ ਵਿੱਚ ਇੰਨੀ ਵਿਸ਼ੇਸਤਾ ਭਰੀ ਸਥਿਤੀ ਪ੍ਰਾਪਤ ਕਰ ਲਈ ਕਿ ਇਸ ਦੇ ਬਹੁਤੇ ਹਿੱਸੇ ਨੂੰ ਪ੍ਰਾਚੀਨ ਕਾਲ ਵਿੱਚ 'ਤਾਲਿਮਕਮ' ਦਾ ਨਾਂ ਦਿੱਤਾ ਜਾਂਦਾ ਸੀ।[5]

---

[2] ਨੀਲ ਕੰਠ , ਕੇ. ਏ., *ਦੱਖਣੀ ਭਾਰਤ ਦਾ ਇਤਿਹਾਸ* , ਗੁਰਬਚਨ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 74.

[3] ਗਜਰਾਨੀ, ਐਸ. ਡੀ., *ਭਾਰਤ ਦਾ ਇਤਿਹਾਸ (ਪ੍ਰਾਚੀਨ ਭਾਰਤ: ਮੁੱਢ ਤੋਂ 1000 ਈ. ਤੱਕ),* ਮਦਾਨ ਪਬਲੀਸਿੰਗ ਹਾਊਸ, ਪਟਿਆਲਾ, 2016 (ਪਹਿਲੀ ਵਾਰ), ਪੰਨਾ 37.

[4] ਹਸੀਜਾ, ਮਦਨ ਲਾਲ , *ਪੰਜਾਬੀ ਵਿਸ਼ਵ ਕੋਸ਼* (ਜਿਲਦ ਦੂਜੀ), ਭਾਸ਼ਾ ਵਿਭਾਗ, ਪੰਜਾਬ, 2001 (ਦੂਜੀ ਐਡੀਸ਼ਨ), ਪੰਨੇ 317-18.

[5] ਤ੍ਰਿਪਾਠੀ, ਰਾਮਾ ਸ਼ੰਕਰ, *ਪ੍ਰਾਚੀਨ ਭਾਰਤ ਦਾ ਇਤਿਹਾਸ,* ਗੁਰਬਚਨ ਸਿੰਘ ਸੇਠੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 359.

ਪ੍ਰਾਚੀਨ ਸਮੇਂ ਵਿੱਚ ਦੱਖਣੀ ਭਾਰਤ ਅਤੇ ਮਹਾਰਾਸ਼ਟਰ ਦੇ ਇਲਾਕੇ ਦਾ ਸੰਬੰਧ ਰਿਸ਼ੀ ਅਗਸਤਯ ਨਾਲ ਜੋੜਿਆ ਜਾਂਦਾ ਹੈ। ਰਿਸ਼ੀ ਅਗਸਤਯ ਦੀ ਗਿਣਤੀ ਮਹਾਨ ਮਹਾਰਿਸ਼ੀਆਂ ਵਿਚ ਕੀਤੀ ਜਾਂਦੀ ਹੈ। ਇਸ ਮਹਾਨ ਰਿਸ਼ੀ ਦਾ ਜ਼ਿਕਰ ਰਿਗਵੇਦ, ਰਾਮਾਇਣ, ਮਹਾਭਾਰਤ ਵਰਗੇ ਗ੍ਰੰਥਾਂ ਵਿਚ ਮਿਲਦਾ ਹੈ।[6] ਦੱਖਣੀ ਭਾਰਤ ਵਿਚ ਆਰੀਆਈ ਸੱਭਿਅਤਾ ਨੂੰ ਫ਼ੈਲਾਉਣ ਦਾ ਸਿਹਰਾ ਰਿਸ਼ੀ ਅਗਸਤਯ ਦੇ ਸਿਰ ਹੈ। ਭਾਰਤ ਤੋਂ ਬਾਹਰ ਵੀ ਭਾਰਤੀ ਸੰਸਕ੍ਰਿਤੀ ਅਤੇ ਸੱਭਿਅਤਾ ਨੂੰ ਫੈਲਾਉਣ ਦਾ ਕੰਮ ਮਹਾਨ ਅਗਸਤਯ ਰਿਸ਼ੀ ਦੀ ਅਗਵਾਈ ਹੇਠ ਹੀ ਸਿਰੇ ਚੜ੍ਹਿਆ ਸੀ। ਇਸ ਲਈ ਜਾਵਾ, ਸੁਮਾਟਰਾ ਆਦਿ ਟਾਪੂਆਂ ਵਿਚ ਅਗਸਤਯ ਦੀ ਮੂਰਤੀ ਦੀ ਪੂਜਾ ਅੱਜ ਵੀ ਕੀਤੀ ਜਾਂਦੀ ਹੈ।[7]

ਇੱਕ ਪੁਰਾਤਨ ਪਰੰਪਰਾ ਅਨੁਸਾਰ ਦੇਵਤਿਆਂ ਦੀ ਬੇਨਤੀ ਉੱਤੇ ਰਿਸ਼ੀ ਅਗਸਤਯ ਵਿੰਧੀ ਆਂਚਲ ਪਰਬਤ ਨੂੰ ਪਾਰ ਕਰਕੇ ਉੱਤਰ ਤੋਂ ਆ ਕੇ ਦੱਖਣ ਵਿਚ ਹੀ ਆਸ਼ਰਮ ਬਣਾ ਕੇ ਰਹਿਣ ਲੱਗਿਆ ਸੀ। ਉਸ ਨੇ ਇਸ ਇਲਾਕੇ ਵਿਚ ਸ਼ਾਂਤੀ ਕਾਇਮ ਕੀਤੀ ਅਤੇ ਦੱਖਣੀ ਭਾਰਤ ਮਹਾਰਾਸ਼ਟਰ ਦੀ ਧਰਤੀ 'ਤੇ ਆਪਣੇ ਆਸ਼ਰਮ ਸਥਾਪਤ ਕੀਤੇ। ਇਸ ਨੇ ਆਪਣਾ ਆਸ਼ਰਮ ਨਾਸਿਕ ਨੇੜੇ ਪੰਚਵਟੀ ਵਿਖੇ ਬਣਾਇਆ ਸੀ।[8] ਬਾਅਦ ਵਿਚ ਇਹ ਹੋਰ ਥਾਵਾਂ ਉੱਤੇ ਵੀ ਜਾ ਕੇ ਰਿਹਾ। ਰਿਸ਼ੀ ਅਗਸਤਯ ਦੁਆਰਾ ਜਦੋਂ ਇਸ ਇਲਾਕੇ ਵਿਚ ਸ਼ਾਂਤੀ ਸਥਾਪਤ ਹੋ ਗਈ ਅਤੇ ਇਲਾਕਾ ਸੁਰੱਖਿਅਤ ਹੋ ਗਿਆ ਤਾਂ ਅਨੇਕਾਂ ਹੋਰ ਰਿਸ਼ੀ-ਮੁਨੀ ਇਸ ਇਲਾਕੇ ਵਿਚ ਆ ਕੇ ਟਿਕੇ। ਤਪੱਸਵੀ ਆ ਕੇ ਤਪ ਕਰਨ ਲੱਗੇ। ਦੱਖਣੀ ਭਾਰਤ ਵਿਚ ਹੁਣ ਵੀ ਰਿਸ਼ੀ ਅਗਸਤਯ ਮੁਨੀ ਨੂੰ ਇੱਕ ਤਪੱਸਵੀ, ਪਵਿੱਤਰ ਹਸਤੀ ਅਤੇ ਪੁਰਾਤਨ ਯੁੱਗ ਦੇ ਮਹਾਨ ਮਹਾਰਿਸ਼ੀ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ ਅਤੇ ਦੱਖਣੀ ਭਾਰਤ ਦੇ ਦ੍ਰਾਵਿੜ ਲੋਕਾਂ ਵਿਚ ਇਸ ਦੀ ਬਹੁਤ ਪੂਜਾ ਕੀਤੀ ਜਾਂਦੀ ਹੈ। ਪੰਜਾਬ ਕੋਸ਼ ਅਨੁਸਾਰ ਇਹ ਉੱਤਰੀ ਭਾਰਤ ਤੋਂ ਦੱਖਣ ਵੱਲ ਨੂੰ ਗਿਆ ਅਤੇ ਤਾਮਿਲ ਲੋਕਾਂ ਨੂੰ ਵਿਆਕਰਣ ਅਤੇ

---

[6] ਗਿਲ, ਰਛਪਾਲ ਸਿੰਘ (ਮੁੱਖ ਸੰਪਾ.), *ਪੰਜਾਬ ਕੋਸ਼* (ਜਿਲਦ ਪਹਿਲੀ), ਭਾਸ਼ਾ ਵਿਭਾਗ, ਪੰਜਾਬ, 2004 (ਪਹਿਲੀ ਵਾਰ), ਪੰਨਾ 52.

[7] ਘੁੰਮਣ, ਕਪੂਰ ਸਿੰਘ (ਮੁੱਖ ਸੰਪਾ.), *ਪੰਜਾਬੀ ਵਿਸ਼ਵ ਕੋਸ਼* (ਜਿਲਦ ਪਹਿਲੀ), ਭਾਸ਼ਾ ਵਿਭਾਗ, ਪੰਜਾਬ, 1983, ਪੰਨਾ 261.

[8] ਗਿਲ, ਰਛਪਾਲ ਸਿੰਘ (ਮੁੱਖ ਸੰਪਾ.), *ਪੰਜਾਬ ਕੋਸ਼* (ਜਿਲਦ ਪਹਿਲੀ), ਪੰਨਾ 52.

ਸਾਹਿਤ ਦੀ ਜਾਣਕਾਰੀ ਦਿੱਤੀ।[9] ਪੂਰਵ ਆਰੀਆ ਲੋਕਾਂ ਨੇ ਵੀ ਇਸ ਇਲਾਕੇ ਵਿਚ ਆਪਣੇ ਸਾਹਿਤ ਦੀ ਰਚਨਾ ਕੀਤੀ ਸੀ।

ਦੱਖਣੀ ਖੇਤਰ ਦਾ ਸਿੱਖ ਧਰਮ ਨਾਮ ਸੰਬੰਧ ਉਦੋਂ ਜੁੜਦਾ ਹੈ ਜਦੋਂ ਸੋਲ੍ਹਵੀਂ ਸਦੀ ਦੇ ਸ਼ੁਰੂ ਵਿੱਚ ਗੁਰੂ ਨਾਨਕ ਦੇਵ ਜੀ ਸਿੱਖੀ ਦਾ ਪ੍ਰਚਾਰ ਕਰਨ ਲਈ ਇਸ ਇਲਾਕੇ ਵਿੱਚ ਪਧਾਰੇ ਸਨ। ਗੁਰੂ ਨਾਨਕ ਦੇਵ ਜੀ ਨੇ ਯਾਤਰਾਵਾਂ ਦੌਰਾਨ ਇਥੇ ਪਹੁੰਚ ਕੇ ਕਈ ਨਗਰਾਂ ਵਿਚ ਸੰਗਤ ਸਥਾਪਿਤ ਕੀਤੀ ਸੀ ਅਤੇ ਇਸ ਇਲਾਕੇ ਵਿਚ ਸਿੱਖੀ ਦਾ ਬੀਜ ਬੀਜਿਆ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੀ ਦੱਖਣ ਦੀ ਫੇਰੀ (1708 ਈ.) ਦੌਰਾਨ ਇਸ ਖੇਤਰ ਦੇ ਅਨੇਕਾਂ ਨਗਰਾਂ ਵਿਚ ਪੁੱਜੇ ਸਨ। ਜਿੱਥੇ-ਜਿੱਥੇ ਗੁਰੂ ਸਾਹਿਬਾਨ ਠਹਿਰੇ ਸਨ ਅੱਜ ਉਨ੍ਹਾਂ ਸਥਾਨਾਂ 'ਤੇ ਇਤਿਹਾਸਕ ਗੁਰਧਾਮ ਸਥਾਪਿਤ ਹਨ। ਇਸ ਤੋਂ ਇਲਾਵਾ ਦੱਖਣੀ ਭਾਰਤ ਦੇ ਭਗਤ ਸਾਹਿਬਾਨ ਦੀ ਬਾਣੀ ਵੱਡੀ ਮਾਤਰਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਭਗਤ ਨਾਮਦੇਵ ਜੀ, ਭਗਤ ਪਰਮਾਨੰਦ ਜੀ, ਭਗਤ ਬੇਣੀ ਜੀ, ਭਗਤ ਤ੍ਰਿਲੋਚਨ ਜੀ ਅਤੇ ਭਗਤ ਸੈਣ ਜੀ ਦਾ ਜਨਮ ਇਸ ਖੇਤਰ (ਮੌਜੂਦਾ ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਰਾਜ ) ਵਿਚ ਹੋਇਆ ਸੀ। ਉਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਆਦਿ ਕਾਲ ਤੋਂ ਦੱਖਣੀ ਖੇਤਰ ਦੀ ਧਰਤੀ ਪੂਜਨੀਯ ਅਤੇ ਧਾਰਮਿਕ ਰਹੀ ਹੈ।

ਪਿੱਛੇ ਦੱਸੇ ਅਨੁਸਾਰ ਭੂਗੋਲਿਕ ਤੌਰ 'ਤੇ ਦੱਖਣੀ ਭਾਰਤ ਦੇ ਖੇਤਰ ਵਿੱਚ ਮਹਾਰਾਸ਼ਟਰ, ਕਰਨਾਟਕ, ਕੇਰਲ, ਤਾਮਿਲਨਾਡੂ, ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਆਦਿ ਰਾਜ ਸ਼ਾਮਲ ਹਨ। ਦੱਖਣੀ ਭਾਰਤ (ਦੱਖਣੀ ਖੇਤਰ) ਨੂੰ ਪ੍ਰਾਇਦੀਪ ਭਾਰਤ ਅਤੇ ਦੱਖਣੀ ਪ੍ਰਾਇਦੀਪ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਖੇਤਰ ਵਿਚ ਦੱਖਣ ਦਾ ਪਠਾਰ (Deccan Plateau) ਸ਼ਾਮਲ ਹੈ। ਦੱਖਣ ਦੇ ਪਠਾਰ ਦੇ ਉੱਤਰ ਵਿਚ ਵਿੰਧੀਆਂਚਲ ਅਤੇ ਸਤਪੁੜਾ ਦੇ ਪਹਾੜ ਹਨ। ਇਹ ਹਮੇਸ਼ਾ ਜੰਗਲਾਂ ਨਾਲ ਢਕੇ ਰਹਿੰਦੇ ਹਨ ਉਨ੍ਹਾਂ ਨੂੰ ਪਾਰ ਕਰਨਾ ਬਹੁਤ ਹੀ ਮੁਸ਼ਕਿਲ ਕੰਮ ਸੀ। ਇਸ ਲਈ ਦੱਖਣ ਉੱਤਰ ਤੋਂ ਬਿਲਕੁਲ ਅਲੱਗ ਰਿਹਾ ਅਤੇ ਬਹੁਤ ਘੱਟ ਰਾਜਾਵਾਂ (ਰਾਜਵੰਸ਼ਾਂ) ਨੇ ਦੱਖਣ ਨੂੰ ਜਿੱਤਣ ਦਾ ਯਤਨ ਕੀਤਾ।[10] ਦੱਖਣੀ ਪਠਾਰ ਦੇ ਉੱਤਰ ਵਿਚ ਸਥਿਤ ਵਿੰਧੀਆਂਚਲ ਪਰਬਤ ਭਾਰਤ ਨੂੰ ਉੱਤਰ ਅਤੇ ਦੱਖਣ ਭਾਗਾਂ ਵਿਚ ਵੰਡਦਾ ਹੈ। ਇਸ ਲਈ ਵੱਖ -ਵੱਖ ਯੁੱਗਾਂ ਵਿਚ ਦੱਖਣੀ ਭਾਰਤ ਦੇ ਲੋਕਾਂ ਦਾ ਭੋਜਨ , ਲਿਬਾਸ, ਭਾਸ਼ਾ, ਰਿਤੀ-ਰਿਵਾਜ ਆਦਿ ਉੱਤਰੀ ਭਾਰਤ ਦੇ

---

[9] ਗਿਲ, ਰਛਪਾਲ ਸਿੰਘ (ਮੁੱਖ ਸੰਪਾ.), *ਪੰਜਾਬ ਕੋਸ਼* (ਜਿਲਦ ਪਹਿਲੀ), ਪੰਨਾ 52.

[10] ਗਜਰਾਨੀ, ਐਸ. ਡੀ., *ਭਾਰਤ ਦਾ ਇਤਿਹਾਸ (ਪ੍ਰਾਚੀਨ ਭਾਰਤ: ਮੁੱਢ ਤੋਂ 1000 ਈ. ਤੱਕ),* ਪੰਨਾ 3.

ਲੋਕਾਂ ਤੋਂ ਵੱਖਰੇ ਰਹੇ ਹਨ। [11] ਇਸ ਤੋਂ ਇਲਾਵਾ ਦੱਖਣੀ ਪਠਾਰ ਵਿਚ ਉੱਚੀਆਂ ਪਰਬਤ ਸ੍ਰੇਣੀਆਂ , ਡੂੰਘੀਆਂ ਕੁਦਰਤੀ ਖਾਈਆਂ ਅਤੇ ਸੰਘਣੇ ਜੰਗਲਾਂ ਕਾਰਨ ਇਥੇ ਗੁਰੀਲਾ ਜਾਂ ਛਾਪਾ -ਮਾਰ ਯੁੱਧ ਪ੍ਰਣਾਲੀ ਪ੍ਰਚਲਿਤ ਹੋਈ। ਮਲਿਕ ਅੰਬਰ, ਸ਼ਿਵਾਜੀ ਮਰਾਠਾ ਅਤੇ ਦੂਜੇ ਮਰਾਠਾ ਸਰਦਾਰਾਂ ਨੇ ਮੁਗ਼ਲਾਂ ਵਿਰੁੱਧ ਇਸ ਪ੍ਰਣਾਲੀ ਦੀ ਵਰਤੋਂ ਕੀਤੀ ਸੀ। [12] ਦੱਖਣੀ ਖੇਤਰ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਇਸ ਸਮੇਂ ਦੇ ਦੌਰਾਨ ਇਤਿਹਾਸ ਦੇ ਵੱਖ -ਵੱਖ ਪੜਾਵਾਂ ਵਿਚ ਇਸ ਖੇਤਰ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ ਜਿਵੇ ; ਦਕਸ਼ਣਪੱਥ (Dakshinapatha),[13] ਦਖਿਨਾ (Dakhina), ਦੱਕਨ (Dakkan), ਡੈਕਨ (Deccan),[14] ਆਦਿ। According to Rama Shankar Tripathi “The geographical application of the Sanskrit name Daksinapatha or Daksina, of which the Dekkan represents the modern from, has not always been the same.”[15] ਇਤਿਹਾਸਕ ਦ੍ਰਿਸ਼ਟੀ ਤੋਂ ਵਿੰਧੀਆਂਚਲ ਪਰਬਤ ਦੇ ਦੱਖਣ ਵੱਲ ਦੇ ਭਾਰਤ ਨੂੰ ਦੱਖਣ ਜਾਂ ਦੱਖਣੀ ਭਾਰਤ ਕਿਹਾ ਜਾਂਦਾ ਹੈ।

ਇਸ ਖੇਤਰ ਵਿਚ ਪੁਰਾਤਨ ਸਮੇਂ ਤੋਂ ਬਹੁਤ ਸਾਰੀਆਂ ਨਦੀਆਂ ਵਹਿੰਦੀਆਂ ਆ ਰਹੀਆਂ ਹਨ। ਇਨ੍ਹਾਂ ਵਿਚ ਗੋਦਾਵਰੀ, ਕਾਵੇਰੀ, ਮਹਾਂਨਦੀ, ਭੀਮਾ, ਕ੍ਰਿਸ਼ਨਾ, ਤੁੰਗਭਦਰਾ, ਤਾਪਤੀ, ਪੈਨਾਰ, ਪਾਲਾਰ, ਨਰਮਦਾ ਆਦਿ ਪ੍ਰਮੁੱਖ ਅਤੇ ਵੱਡੀਆਂ ਨਦੀਆਂ ਹਨ। ਇਨ੍ਹਾਂ ਨਦੀਆਂ ਦੇ ਕੰਢੇ ਬਹੁਤ ਸਾਰੇ ਹਿੰਦੂ ਤੀਰਥ ਅਸਥਾਨ , ਪ੍ਰਾਚੀਨ ਰਾਜਧਾਨੀਆਂ ਅਤੇ ਇਤਿਹਾਸਕ ਨਗਰ ਵਸੇ ਹੋਏ ਹਨ। ਇਨ੍ਹਾਂ ਵਿਚੋਂ ਕਈ ਨਦੀਆਂ ਦੇ ਕੰਢੇ 'ਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਪ ਵਿੱਤਰ ਯਾਦ ਵਿਚ ਇਤਿਹਾਸਕ ਗੁਰਦੁਆਰੇ

---

11 ਅਰੋੜਾ, ਏ. ਸੀ., *ਪ੍ਰਾਚੀਨ ਭਾਰਤ ਦਾ ਇਤਿਹਾਸ (ਆਰੰਭ ਤੋਂ ਲੈ ਕੇ 1200 ਈ. ਤੱਕ),* ਪ੍ਰਦੀਪ ਪਬਲੀਕੇਸ਼ਨਜ਼, ਜਲੰਧਰ, 2009 (ਇੱਕਵੀਂ ਐਡੀਸ਼ਨ), ਪੰਨਾ 18.

12 ਉਕਤ, ਪੰਨਾ ਉਹੀ।

13 ‘Dakshinapatha is an important historical region which is an ancient equivalent of present day South India or Deccan plateau and which may mean; the “Ancient South of the Indian subcontinent” below Uttarapatha.’ https://en.m.wikipedia.org/wiki/Dakshinpata

14 ‘Deccan or the Deccan is a historical and socio-political region of the Indian Subcontinent. Roughly corresponding to the geographic boundaries of the Deccan Plateau, it is often used to refer to lands and cultures north of Tamilakam, and south of the Vindhyas. Various political including the Bahmanis, Deccan Sultanates and Hyderabad Deccan have used this term to refer to their country.’ https://en.m.wikipedia.org/wiki/Deccan

15 Tripathi, Rama Shankar, *History of Ancient India,* Nand Kishore, Benares, 1942, page 392.

ਸਥਿਤ ਹਨ। ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਰਮਣੀਕ ਕੰਢੇ ਉੱਪਰ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਕਈ ਗੁਰਦੁਆਰੇ ਸੁਸ਼ੋਭਿਤ ਹਨ ਉੱਥੇ ਹੀ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਇਥੇ ਸੁਭਾਇਮਾਨ ਹੈ।

ਦੱਖਣੀ ਭਾਰਤ ਦੇ ਇਤਿਹਾਸ ਵਿਚ ਪ੍ਰਚੀਨ ਕਾਲ ਤੋਂ ਆਧੁਨਿਕ ਕਾਲ ਤੱਕ ਇਸ ਖੇਤਰ ਵਿਚ ਕਈ ਰਾਜ-ਘਰਾਣਿਆਂ ਅਤੇ ਸਾਮਰਾਜਾਂ ਦਾ ਉਭਾਰ ਅਤੇ ਪਤਨ ਹੋਇਆ। ਇਸ ਸਮੇਂ ਦੌਰਾਨ ਚੇਰ , ਚੋਲ, ਪੰਡਿਯਾਨ (ਪਾਂਡੇ), ਤ੍ਰਾਵਣਕੋਰ, ਕੋਚੀਨ, ਜ਼ਮੋਰਿਨ, ਕੋਲਾਥਨਾਡੂ, ਚਾਲੂਕਯ, ਪੱਲਵ, ਸਾਤਵਾਹਨ, ਰਾਸ਼ਟਰਕੂਟ, ਕਾਕਤੀਆ, ਰੈਡੀ ਰਾਜਵੰਸ਼, ਯਾਦਵ ਰਾਜਵੰਸ਼, ਵਿਜੈਨਗਰ ਅਤੇ ਹੋਇਸਲ ਸਾਮਰਾਜ ਇਤਿਹਾਸ ਦੇ ਵੱਖ -ਵੱਖ ਪੜਾਵਾਂ ਵਿਚ ਆਪਣੀ ਚਰਮ ਸੀਮਾ ਉੱਤੇ ਸਨ। ਜਦੋਂ ਉੱਤਰੀ ਫੌਜਾਂ ਨੇ ਦੱਖਣੀ ਭਾਰਤ ਉੱਤੇ ਹਮਲਾ ਕੀਤਾ ਤਾਂ ਉਸ ਸਮੇਂ ਇਹ ਰਾਜਵੰਸ਼ ਲਗਾਤਰ ਇੱਕ ਦੂਜੇ ਨਾਲ ਅਤੇ ਬਾਹਰੀ ਤਾਕਤਾਂ ਵਿਰੁੱਧ ਲੜਦੇ ਰਹੇ ਸਨ।[16] ਇਸ ਤੋਂ ਇਲਾਵਾ ਬਾਹਮਣੀ ਰਾਜ , ਮਰਾਠਾ, ਮੈਸੂਰ ਅਤੇ ਨਿਜ਼ਾਮ ਹੈਦਰਾਬਾਦ ਰਾਜ ਇਸ ਵਿਚ ਸ਼ਾਮਲ ਹਨ। ਇਨ੍ਹਾਂ ਵਿਚੋਂ ਕਈ ਰਾਜਵੰਸ਼ਾਂ ਨੇ ਆਪਣੇ ਰਾਜ ਵਿਚ ਵੱਖ-ਵੱਖ ਕਲਾਵਾਂ ਅਤੇ ਸਾਹਿਤ ਦੇ ਵਿਕਾਸ ਨੂੰ ਖ਼ੂਬ ਵੜਾਵਾ ਦਿੱਤਾ। ਸੰਗੀਤ -ਨਾਚ ਅਤੇ ਹੋਰ ਕਲਾਵਾਂ ਨੂੰ ਪ੍ਰਚੱਲਿਤ ਅਤੇ ਵਿਕਸਿਤ ਕੀਤਾ। ਪੱਥਰਾਂ-ਚਟਾਨਾਂ ਨੂੰ ਕੱਟ -ਕੱਟ ਕੇ ਪੱਥਰੀ ਮੰਦਰ ਘੜੇ ਅਤੇ ਗੁਫ਼ਾ ਮੰਦਰਾਂ ਦੀ ਖੁਦਾਈ ਕੀਤੀ। ਫਲ਼ਸਰੂਪ ਦੱਖਣ ਦੇ ਹਰ ਪਿੰਡ ਅਤੇ ਸ਼ਹਿਰ ਵਿਚ ਛੋਟੇ -ਵੱਡੇ ਮੰਦਰਾਂ ਦੀ ਲੜੀ ਬਣ ਗਈ ਸੀ। ਇਸੇ ਲਈ ਦੱਖਣ ਨੂੰ ਮੰਦਰਾਂ ਦੀ ਧਰਤੀ ਕਿਹਾ ਜਾਣ ਲੱਗਾ। [17] ਦੱਖਣੀ ਭਾਰਤ ਵਿਚ ਅੱਜ ਵੀ ਭਵਨ ਨਿਰਮਾਣ ਦੀਆਂ ਸੁੰਦਰ ਕਲਾ -ਕ੍ਰਿਤਾਂ ਮੌਜੂਦ ਹਨ। ਉਕਤ ਰਾਜ ਭਾਰਤ ਦੇ ਦੱਖਣ ਵਿਚ ਮੌਜੂਦਾ ਮਹਾਰਾਸ਼ਟਰ, ਕੇਰਲ, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਆਦਿ ਰਾਜਾਂ ਵਿਚ ਫੈਲੇ ਹੋਏ ਸਨ।

ਚੌਥੀ ਸਦੀ ਈ. ਪੂ. ਵਿਚ ਮੌਰੀਆ ਸਾਮਰਾਜ (The Murya Empire) ਦਾ ਭਾਰਤ ਵਿਚ ਉਥਾਨ ਹੋਇਆ। ਚੰਦਰਗੁਪਤ ਮੌਰੀਆ ਇਸ ਦਾ ਸੰਸਥਾਪਕ ਸੀ। ਕਈ ਵਿਦਵਾਨਾਂ ਦੀ ਰਾਇ ਹੈ ਕਿ ਵਿੰਧੀਆਂਚਲ ਨੂੰ ਪਾਰ ਕਰਕੇ ਚੰਦਰਗੁਪਤ ਨੇ ਭਾਰਤ ਦੇ ਕਈ ਦੱਖਣੀ ਪ੍ਰਦੇਸ਼ਾਂ ਨੂੰ ਜਿਤਿਆ ਸੀ। ਕਈ ਇਤਿਹਾਸਕਾਰਾਂ ਦਾ

---

16 https://en.m.wikipedia.org/wiki/History_of_South_India

17 Srinivasan, K. R., *Temples of South India,* Dr. B. V. keskar (Chief Editor), National Book Trust, India, New Dehli, 1971, pages 3-4.

ਵਿਚਾਰ ਹੈ ਕਿ "ਮੈਸੂਰ ਤੱਕ ਦੇ ਪ੍ਰਦੇਸ਼ ਉਸਦੇ ਸਾਮਰਾਜ ਵਿਚ ਸ਼ਾਮਲ ਸਨ। ਅਸ਼ੋਕ ਦੇ ਸਿੱਧਪੁਰ (ਮੈਸੂਰ) ਅਤੇ ਮਾਸਕੀ (ਹੈਦਰਾਬਾਦ) ਦੇ ਸ਼ਿਲਾਲੇਖ ਸਿੱਧ ਕਰਦੇ ਹਨ ਕਿ ਇਹ ਪ੍ਰਦੇਸ਼ ਮੌਰੀਆ ਸਾਮਰਾਜ ਵਿਚ ਸ਼ਾਮਲ ਸਨ।"[18] ਅਸ਼ੋਕ ਮੌਰੀਆ ਸਾਮਰਾਜ ਦਾ ਮਹਾਨ ਰਾਜਾ ਹੋਇਆ ਹੈ। ਉਸ ਨੇ ਆਪਣੇ ਸ਼ਾਸਕ -ਕਾਲ ਵਿਚ ਬਹੁਤ ਸਾਰੇ ਅਭਿਲੇਖ ਜਾਂ ਆਦੇਸ਼ ਜਾਰੀ ਕੀਤੇ ਅਤੇ ਇਨ੍ਹਾਂ ਆਦੇਸ਼ਾਂ ਨੂੰ ਸਤੰਭਾਂ , ਸ਼ਿਲਾਵਾਂ, ਗੁਫ਼ਾਵਾਂ ਦੀਆਂ ਕੰਧਾਂ ਆਦਿ ਉੱਪਰ ਖ਼ੁਦਵਾ ਦਿੱਤਾ ਸੀ। ਭਾਰਤ ਵਿਚ ਵੱਖ -ਵੱਖ ਥਾਵਾਂ ਤੋਂ ਇਹ ਅਭਿਲੇਖ ਪ੍ਰਾਪਤ ਹੋਏ ਹਨ।

ਦੱਖਣ ਵਿਚ ਮੌਰੀਆ ਸਾਮਰਾਜ ਤੋਂ ਬਾਅਦ ਸਾਤਵਾਹਨਾਂ (Satavahana dynasty) ਦਾ ਸ਼ਾਸਨ ਆਇਆ ਜੋ 230 ਪੂਰਵ ਈਸਵੀ ਤੋਂ ਲੈ ਕੇ ਸਾਢੇ ਚਾਰ ਸਦੀਆਂ ਤੱਕ ਕਾਇਮ ਰਿਹਾ। ਆਪਣੇ ਰਾਜ ਦੀ ਵੱਡੀ ਤੋਂ ਵੱਡੀ ਹੱਦ ਵੇਲੇ ਸਾਤਵਾਹਨ ਸਾਮਰਾਜ ਅਧੀਨ ਸਾਰਾ ਦੱਖਣ ਸੀ ਅਤੇ ਇਸ ਰਾਜ ਦਾ ਫੈਲਾਅ ਉੱਤਰੀ ਭਾਰਤ ਸ਼ਾਇਦ ਮਗਧ ਜਿੰਨੀ ਦੂਰੀ ਤੱਕ ਵੀ ਹੋ ਚੁੱਕਾ ਸੀ।[19] ਦੱਖਣ ਵਿਚ ਸਾਤਵਾਹਨ ਰਾਜ ਸਭ ਤੋਂ ਮਹੱਤਵਪੂਰਨ ਸੀ। ਵੱਖ -ਵੱਖ ਸਮੇਂ ਵਿਚ ਇਸ ਦੀ ਰਾਜਧਾਨੀ ਪੈਠਨ ਅਤੇ ਅਮਰਾਵਤੀ ਸਨ। ਸਾਤਵਾਹਨਾਂ ਨੂੰ 'ਦਕਸ਼ਿਣਪੱਥ ਦਾ ਸੁਆਮੀ' (Lord of Dakshinapatha) ਕਿਹਾ ਜਾਂਦਾ ਸੀ। ਇਸ ਘਰਾਣੇ ਦੇ ਕੋਈ 30 ਦੇ ਲਗਭਗ ਰਾ ਜੇ ਹੋਏ ਸਨ ਜਿਨ੍ਹਾਂ ਨੇ ਲਗਭਗ 456 ਸਾਲ ਤੱਕ ਰਾਜ ਕੀਤਾ। ਡਾ . ਵੀ. ਏ. ਸਮਿੱਥ ਦੇ ਅਨੁਸਾਰ ਇਸ ਵੰਸ਼ ਦਾ ਅੰਤ 225 ਈ. ਵਿਚ ਹੋਇਆ।[20]

ਛੇਵੀਂ ਸਦੀ ਦੇ ਉੱਤਰ -ਅੱਧ ਅਤੇ ਸੱਤਵੀਂ ਸਦੀ ਦੇ ਆਰੰਭ ਵਿਚ ਦੱਖਣੀ ਭਾਰਤ ਵਿਚ ਕਈ ਸੁਤੰਤਰ ਰਾਜਵੰਸ਼ਾਂ ਦਾ ਉਥਾਨ ਹੋਇਆ ਜਿਨ੍ਹਾਂ ਵਿਚੋਂ ਚਾਲੂਕਯ , ਪੱਲਵ ਅਤੇ ਪਾਂਡਯ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹਨ।[21] ਛੇਵੀਂ ਸਦੀ ਈਸਵੀ ਦੇ ਅੱਧ ਤੋਂ ਬਾਅਦ ਕੋਈ ਤਿੰਨ ਸੌ ਵਰ੍ਹੇ ਤੱਕ ਦਾ ਇਤਿਹਾਸ ਤਿੰਨਾਂ ਤਾਕਤਾਂ (ਬਾਦਾਮੀ ਦੇ ਚਾਲੂਕਯ, ਕਾਂਚੀ ਦੇ ਪੱਲਵ, ਮਦੁਰਾ ਦੇ ਪਾਂਡਯ) ਦੇ ਆਪਸੀ ਝਗੜੇ ਦੀ ਕਹਾਣੀ ਹੈ। ਇਹ ਤਿੰਨੇ ਤਾਕਤਾਂ ਹਮੇਸ਼ਾ ਆਪਣੇ ਰਾਜ ਨੂੰ ਗਵਾਂਢੀ ਰਾਜਾਂ ਦੀ ਕੀਮਤ ਉੱਤੇ ਵਧਾਉਣ ਵਿਚ ਜੁੱਟੀਆਂ

---

[18] ਅਰੋੜਾ, ਏ. ਸੀ., *ਪ੍ਰਾਚੀਨ ਭਾਰਤ ਦਾ ਇਤਿਹਾਸ (ਆਰੰਭ ਤੋਂ ਲੈ ਕੇ 1200 ਈ. ਤੱਕ),* ਪੰਨਾ 165.

[19] ਨੀਲ ਕੰਠ, ਕੇ. ਏ., *ਦੱਖਣੀ ਭਾਰਤ ਦਾ ਇਤਿਹਾਸ,* ਗੁਰਬਚਨ ਸਿੰਘ (ਅਨੁ.), ਪੰਨਾ 100.

[20] ਗਜਰਾਨੀ, ਐਸ. ਡੀ., *ਭਾਰਤ ਦਾ ਇਤਿਹਾਸ (ਪ੍ਰਾਚੀਨ ਭਾਰਤ: ਮੁੱਢ ਤੋਂ 1000 ਈ. ਤੱਕ),* ਪੰਨਾ 166.

[21] ਅਰੋੜਾ, ਏ. ਸੀ., *ਪ੍ਰਾਚੀਨ ਭਾਰਤ ਦਾ ਇਤਿਹਾਸ (ਆਰੰਭ ਤੋਂ ਲੈ ਕੇ 1200 ਈ. ਤੱਕ),* ਪੰਨਾ 309.

ਰਹਿੰਦੀਆਂ ਸਨ।[22] ਇਨ੍ਹਾਂ ਨੇ ਦੱਖਣੀ ਭਾਰਤ ਦੇ ਇੱਕ ਵੱਡੇ ਹਿੱਸੇ ਉੱਤੇ ਰਾਜ ਕੀਤਾ। ਅੱਠਵੀਂ ਸਦੀ ਦੇ ਮੱਧ ਤੱਕ ਰਾਸ਼ਟਰਕੂਟਾਂ ਨੇ ਇਨ੍ਹਾਂ ਦੇ ਰਾਜ ਨੂੰ ਪੂਰੀ ਤਰ੍ਹਾਂ ਉਖਾੜ ਦਿੱਤਾ ਸੀ। ਰਾਸ਼ਟਰਕੂਟ ਸਾਮਰਾਜ ਦੀ ਨੀਂਹ ਪੱਛਮੀ ਚਾਲੂਕਿਆ ਸਮਰਾਟ ਦੇ ਸਾਮੰਤ ਦੰਤੀਦੁਰਗ ਨੇ ਰੱਖੀ। ਉਸਨੇ ਸੰਨ 738 ਈ. ਵਿਚ ਨਵਸਾਰੀ ਨੇੜੇ ਅਰਬ ਹਮਲਾਵਰਾਂ ਨੂੰ ਪਛਾੜਕੇ ਆਪਣੀ ਰਾਜਨੀਤਿਕ ਯਾਤਰਾ ਆਰੰਭ ਕੀਤੀ। ਉਸਨੇ ਅਗਲੇ ਪੰਦਰਾਂ ਸਾਲਾਂ ਦੌਰਾਨ ਦੱਖਣੀ ਗੁਜਰਾਤ , ਮਹਾਰਾਸ਼ਟਰ, ਮੱਧ-ਭਾਰਤ ਅਤੇ ਬਰਾਰ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ।[23] ਰਾਸ਼ਟਰਕੂਟ ਵੰਸ਼ ਨੇ ਲਗਭਗ 200 ਸਾਲ (8 ਵੀਂ ਤੋਂ 10 ਵੀਂ ਸਦੀ ਤੱਕ) ਸ਼ਾਸਨ ਕੀਤਾ।

ਲਗਭਗ 973 ਈ. ਦੇ ਆਸ -ਪਾਸ ਚਾਲੂਕਯ ਰਾਜਵੰਸ਼ ਨੂੰ ਮੁੜ ਬਹਾਲ ਕੀਤਾ ਗਿਆ ਅਤੇ ਦੁਆਰਸਮੁੰਦਰ ਨੇ ਚੋਲਾਂ ਅਤੇ ਹੋਇਸਲਾਂ ਦੇ ਨਾਲ ਭਿਆਨਕ ਸੰਘਰਸ਼ ਕਰਕੇ ਲਗਭਗ 200 ਸਾਲ ਤੱਕ ਆਪਣੀ ਸਥਿਤੀ ਨੂੰ ਬਣਾਈ ਰੱਖਿਆ।[24] ਚਾ ਲੂਕਯ ਵੰਸ਼ ਨੇ ਬੀਜਾਪੁਰ ਜ਼ਿਲ੍ਹੇ ਵਿਚ ਸਥਿਤ ਬਾਦਾਮੀ (ਵਾਤਾਪੀ) ਨੂੰ ਆਪਣੀ ਰਾਜਧਾਨੀ ਬਣਾ ਕੇ ਰਾਜ ਕੀਤਾ ਸੀ। 12 ਵੀਂ ਸਦੀ ਦੇ ਅੰਤ ਤੱਕ ਚਾਲੂਕਿਆ ਸਾਮਰਾਜ ਖ਼ਤਮ ਹੋਣ ਤੋਂ ਬਾਅਦ 13 ਵੀਂ ਸਦੀ ਦੇ ਸ਼ੁਰੂ ਵਿਚ ਹੀ ਚੋਲੇ ਰਾਜ ਵੀ ਲੜਖੜਾਉਣ ਲੱਗ ਗਿਆ ਸੀ। ਚੋਲ ਰਾਜ ਦਾ ਮੋਢੀ ਵਿਜਯਾਲਯ ਮੰਨਿਆ ਜਾਂਦਾ ਹੈ ਜਿਸਨੇ 850 ਈ. ਤੋਂ 870 ਈ. ਤੱਕ ਰਾਜ ਕੀਤਾ।[25] ਇਸ ਤੋਂ ਇੱਕ ਸਦੀ ਬਾਅਦ ਦੱਖਣ ਦੇ ਇਤਿਹਾਸ ਵਿਚ ਪਾਂਡੇ, ਹੋਇਸਲ, ਕਾਕਾਤੀਆ ਅਤੇ ਯਾਦਵ ਚਾਰ ਰਾਜਾਂ ਦਾ ਬੋਲਬਾਲਾ (ਸ਼ਾਸਨ) ਰਿਹਾ ਹੈ।

ਦਿੱਲੀ ਦੀ ਸਲਤਨਤ ਬਾਰ੍ਹਵੀਂ ਸਦੀ ਦੇ ਅੰਤ ਕੋਲ ਸਥਾਪਿਤ ਹੋਈ ਅਤੇ ਉਸਦੇ ਇੱਕ ਸੌ ਸਾਲ ਬਾਅਦ ਤੱਕ ਇਸਦਾ ਧਿਆਨ ਉੱਤਰੀ ਭਾਰਤ ਵਿਚ ਹੀ ਬੱਝਾ ਰਿਹਾ । ਦੱਖਣ ਅਤੇ ਉਸਦੇ ਅਗਾਂਹ ਇਲਾਕੇ

---

22 ਨੀਲ ਕੰਠ, ਕੇ. ਏ., *ਦੱਖਣੀ ਭਾਰਤ ਦਾ ਇਤਿਹਾਸ,* ਗੁਰਬਚਨ ਸਿੰਘ (ਅਨੁ.), ਪੰਨਾ 160.

23 ਸੁਰਿੰਦਰ ਸਿੰਘ , *ਮੱਧ ਕਾਲੀਨ ਭਾਰਤ ਦਾ ਇਤਿਹਾਸ (1000 ਈ.-1526 ਈ.),* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 (ਪਹਿਲੀ ਵਾਰ), ਪੰਨਾ 6.

24 *Imperial Gazetteer of India Provincial Series Hyderabad State,* Superintendent of Government Printing, Calcutta, 1909, Pages 10-11.

25 ਅਰੋੜਾ, ਏ. ਸੀ., *ਮੱਧ ਕਾਲੀਨ ਭਾਰਤ ਦਾ ਇਤਿਹਾਸ (1000-1750),* ਪ੍ਰਦੀਪ ਪਬਲੀਕੇਸ਼ਨਜ਼ , ਜਲੰਧਰ, 2013 (ਪੱਚੀਵੀਂ ਐਡੀਸ਼ਨ), ਪੰਨਾ 5.

ਉੱਤੇ ਕਬਜਾ ਕਰਨ ਦਾ ਵਿਚਾਰ ਖ਼ਿਲਜੀਆਂ (ਖ਼ਿਲਜੀ ਵੰਸ਼) ਦੇ ਆਉਣ ਨਾਲ ਪੈਦਾ ਹੋਇਆ।[26] ਖ਼ਿਲਜੀ ਵੰਸ਼ ਦਾ ਦੂਜਾ ਸ਼ਾਸਕ ਅਲਾਉੱਦੀਨ ਖ਼ਿਲਜੀ (1296-1316 ਈ.) ਪਹਿਲਾ ਮੁਸਲਮਾਨ ਹਾਕਮ ਸੀ ਜਿਸ ਨੇ ਨਰਮਦਾ ਨਦੀ ਪਾਰ ਕਰਕੇ ਭਾਰਤ ਦੇ ਦੱਖਣੀ ਪ੍ਰਦੇਸ਼ਾਂ ਨੂੰ ਜਿੱਤਿਆ ਅਤੇ ਦੱਖਣ ਵਿਚ ਮਦੁਰਾ ਤੱਕ ਵਿਸ਼ਾਲ ਸਾਮਰਾਜ ਸਥਾਪਤ ਕੀਤਾ ਸੀ। ਇਨ੍ਹਾਂ ਦੂਰ ਦੇ ਪ੍ਰਦੇਸ਼ਾਂ ਦੀ ਜਿੱਤ ਦਾ ਕੰਮ ਸੁਲਤਾਨ ਨੇ ਆਪਣੇ ਯੋਗ ਸੈਨਾਪਤੀ ਮਲਿਕ ਕਾਫ਼ੂਰ ਨੂੰ ਸੌਂਪਿਆ। 1306 ਈ. ਤੋਂ ਲੈ ਕੇ 1313 ਈ. ਤੱਕ ਦੱਖਣ ਦੇ ਚਾਰ ਪ੍ਰਸਿੱਧ ਰਾਜਾਂ ਦੇਵਗਿਰੀ, ਵਾਰੰਗਲ, ਦੁਆਰਸਮੁੰਦਰ ਅਤੇ ਮਦੁਰਾ ਨੂੰ ਅਧੀਨ ਕੀਤਾ ਗਿਆ ਅਤੇ ਉਨ੍ਹਾਂ ਤੋਂ ਅਪਾਰ ਧਨ ਪ੍ਰਾਪਤ ਕੀਤਾ ਗਿਆ।[27] ਇਸ ਤਰ੍ਹਾਂ ਮੁਹੰਮਦ ਬਿਨ ਤੁਗ਼ਲਕ (ਤੁਗ਼ਲਕ ਵੰਸ਼ ਦਾ ਦੂਜਾ ਸ਼ਾਸਕ 1325-1351 ਈ.) ਦੇ ਤਖ਼ਤ ਉੱਤੇ ਬੈਠਣ ਨਾਲ ਦੱਖਣ ਅਤੇ ਦੱਖਣੀ ਭਾਰਤ ਦੇ ਚੋਖੇ ਭਾਗ ਨੇ ਦਿੱਲੀ ਦੇ ਸੁਲਤਾਨ ਦੀ ਪ੍ਰਭੁਤਾ ਨੂੰ ਸਵੀਕਾਰ ਕਰ ਲਿਆ ਸੀ।[28]

ਮੁਹੰਮਦ ਬਿਨ ਤੁਗ਼ਲਕ ਨੇ 1327-29 ਈ. ਦੌਰਾਨ ਦਿੱਲੀ ਦੀ ਥਾਂ ਦੱਖਣ ਵਿਚ ਦੇਵਗਿਰੀ (ਦੇਵਗੜ੍ਹ) ਨੂੰ ਆਪਣੀ ਰਾਜਧਾਨੀ ਬਣਾਇਆ ਸੀ ਅਤੇ ਇਸ ਦਾ ਨਾਮ ਦੌਲਤਾਬਾਦ ਰੱਖਿਆ ਸੀ। ਦੇਵਗਿਰੀ ਨੂੰ ਰਾਜਧਾਨੀ ਬਣਾਉਣ ਦੇ ਸਿੱਟੇ ਵਜੋਂ ਦੱਖਣ ਵਿਚ 1347 ਈ. ਵਿਚ ਬਾਹਮਣੀ ਸਾਮਰਾਜ ਦੀ ਸਥਾਪਨਾ ਹੋਈ ਜਿਸ ਦੇ ਕਈ ਮਹਾਨ ਸ਼ਾਸਕ ਹੋਏ। ਖ਼ੁਲਾਸਤੁਤ ਤਵਾਰੀਖ਼ ਅਨੁਸਾਰ ਕੁਝ ਇਤਿਹਾਸਾਂ (ਸ੍ਰੋਤਾਂ) ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਪ੍ਰਾਚੀਨ ਸਮੇਂ ਵਿਚ ਸਾਰਾ ਦੱਖਣ ਦਿੱਲੀ ਦੇ ਸੁਲਤਾਨਾਂ ਦੇ ਅਧੀਨ ਸੀ। ਵਿਸ਼ੇਸ਼ ਕਰਕੇ ਸੁਲਤਾਨ ਮੁਹੰਮਦ ਤੁਗ਼ਲਕ ਨੇ ਉਸ ਦੇਸ਼ ਉੱਤੇ ਪੂਰਾ ਅਧਿਕਾਰ ਜਮਾ ਕੇ ਦੇਵਗੜ੍ਹ ਦਾ ਨਾਂ ਦੌਲਤਾਬਾਦ ਰੱਖ ਕੇ ਉਸ ਨੂੰ ਆਪਣੀ ਰਾਜਧਾਨੀ ਨਿਯਤ ਕੀਤਾ ਸੀ।[29].

ਦਿੱਲੀ ਸਲਤਨਤ ਦੇ ਪਤਨ ਤੋਂ ਬਾਅਦ ਦੱਖਣ ਵਿਚ ਬਾਹਮਣੀ ਰਾਜ ਸਭ ਤੋਂ ਤਾਕਤਵਰ ਹੋ ਗਿਆ। ਇਸ ਰਾਜ ਦੀ ਨੀਂਹ ਰੱਖਣ ਵਾਲਾ ਹਸਨਗੰਗੂ (Hasangangu) ਸੀ ਜੋ ਅਮੀਰ ਉਮਰਾ ਦੀ ਮਦਦ

---

26 ਨੀਲ ਕੰਠ, ਕੇ. ਏ., *ਦੱਖਣੀ ਭਾਰਤ ਦਾ ਇਤਿਹਾਸ,* ਗੁਰਬਚਨ ਸਿੰਘ (ਅਨੁ.), ਪੰਨਾ 249.

27 ਅਰੋੜਾ, ਏ. ਸੀ., *ਮੱਧ ਕਾਲੀਨ ਭਾਰਤ ਦਾ ਇਤਿਹਾਸ (1000-1750)*, ਪੰਨਾ 79.

28 ਨੀਲ ਕੰਠ, ਕੇ. ਏ., *ਦੱਖਣੀ ਭਾਰਤ ਦਾ ਇਤਿਹਾਸ,* ਗੁਰਬਚਨ ਸਿੰਘ (ਅਨੁ.), ਪੰਨਾ 256.

29 ਭੰਡਾਰੀ, ਸੁਜਾਨ ਰਾਏ , *ਖ਼ੁਲਾਸਤੁਤ ਤਵਾਰੀਖ਼,* ਰਣਜੀਤ ਸਿੰਘ (ਅਨੁ.), ਫ਼ੌਜਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਦੂਜੀ ਵਾਰ), ਪੰਨਾ 429.

ਨਾਲ 1347 ਈ. ਵਿਚ ਅਲਾਉਦੀਨ ਬਾਹਮਨ ਸ਼ਾਹ (Allauddin Bahman Shah) ਦੇ ਨਾਂ ਨਾਲ ਆਜ਼ਾਦ ਸ਼ਾਸਕ ਬੈਠਿਆ।[30] ਮੁਸਲਮਾਨ ਬਾਹਮਣੀ ਸਾਮਰਾਜ ਦੀ ਸਥਾਪਨਾ ਦੇ ਕੁਝ ਸਾਲਾਂ ਬਾਅਦ ਇਸ ਸਾਮਰਾਜ ਤੋਂ ਪਾਰ ਦੂਰ ਦੱਖਣ ਵਿਚ ਪ੍ਰਸਿੱਧ ਹਿੰਦੂ ਵਿਜੈਨਗਰ ਸਾਮਰਾਜ ਦੀ ਸਥਾਪਨਾ ਹੋਈ। ਇਨ੍ਹਾਂ ਦੋਹਾਂ ਸਾਮਰਾਜਾਂ ਵਿਚ ਸੱਤਾ ਲਈ ਲੰਮਾ ਸਮਾਂ ਸੰਘਰਸ਼ ਹੁੰਦਾ ਰਿਹਾ। ਵਿਜੈਨਗਰ ਸਾਮਰਾਜ ਦਾ ਉਥਾਨ ਚੌਦਵੀਂ ਸਦੀ ਦੀ ਪਹਿਲੀ ਤਿਮਾਹੀ ਦੌਰਾਨ ਦੱਖਣ ਅਤੇ ਦੱਖਣੀ ਭਾਰਤ ਵਿਚ ਤੁਰਕਾਂ ਦੇ ਦਬਦਬੇ ਵਿਰੁੱਧ ਜ਼ਬਰਦਸਤ ਹਿੰਦੂ ਪ੍ਰਤੀਕਿਰਿਆ ਦਾ ਸਿੱਟਾ ਸੀ।[31] ਇਸ ਦਾ ਉਥਾਨ ਵੀ ਮੁਹੰਮਦ ਬਿਨ ਤੁਗਲਕ ਦੇ ਸ਼ਾਸਨ ਕਾਲ ਵਿਚ ਹੋਇਆ ਸੀ। ਵਿਜੈਨਗਰ ਸਾਮਰਾਜ ਉੱਤੇ ਸੰਗਮ , ਸਲੁਵ, ਤਲੁਵ ਅਤੇ ਅਰਵਿਦੂ ਵੰਸ਼ ਦੇ ਰਾਜਿਆਂ ਨੇ ਲਗਭਗ ਤਿੰਨ ਸਦੀਆਂ ਤੱਕ ਰਾਜ ਕੀਤਾ। ਇਸ ਸਾਮਰਾਜ ਦੇ ਕਈ ਸ਼ਕਤੀਸਾਲੀ ਸ਼ਾਸਕ ਹੋਏ। According to R. C. Majumdar "Krishnadeva Raya, by far the greatest ruler of Vijayangar, and one of the most famous kings in the history of India."[32]

ਦੱਖਣੀ ਖੇਤਰ ਵਿਚ ਸਥਾਪਿਤ ਬਾਹਮਣੀ ਅਤੇ ਵਿਜੈਨਗਰ ਸਲਤਨਤ (ਹਿੰਦੂ-ਮੁਸਲਿਮ ਸਾਮਰਾਜ) ਨੇ ਲੰਮਾ ਸਮਾਂ ਆਪਸੀ ਵਿਰੋਧੀ ਲੜਾਈਆਂ ਲੜੀਆਂ। ਆ ਖ਼ਰ 1526-27 ਈ. ਤੱਕ ਬਾਹਮਣੀ ਸਾਮਰਾਜ ਖੇਰੂੰ-ਖੇਰੂੰ ਹੋ ਗਿਆ ਸੀ ਅਤੇ "ਇਸ ਦੇ ਖੰਡਰਾਂ ਤੇ ਪੰਜ ਆਜ਼ਾਦ ਰਾਜ ਕਾਇਮ ਹੋ ਚੁੱਕੇ ਸਨ। ਇਹ ਰਾਜ ਇਸ ਤਰ੍ਹਾਂ ਸਨ - (1) ਅਹਿਮਦਨਗਰ ਦਾ ਨਿਜ਼ਾਮ ਸ਼ਾਹੀ ਰਾਜ ; (2) ਬਿਜਾਪੁਰ ਦਾ ਆਦਿਲ ਸ਼ਾਹੀ ਰਾਜ; (3) ਬੀਦਰ ਦਾ ਬਰੀਦ ਸ਼ਾਹੀ ਰਾਜ ; (4) ਬਰਾਰ ਦਾ ਇਮਾਦ ਸ਼ਾਹੀ ਰਾਜ ; ਅਤੇ (5) ਗੋਲਕੁੰਡਾ ਦਾ ਕੁਤਬ ਸ਼ਾਹੀ ਰਾਜ।"[33] ਜਨਵਰੀ 1565 ਈ. ਵਿਚ ਤਲੀਕੋਟਾ ਦੀ ਲੜਾਈ ਵਿਚ ਵਿਜੈਨਗਰ ਦੇ ਸ਼ਾਸਕ ਦੀ ਹਾਰ ਤੋਂ ਬਾਅਦ 1672 ਈ. ਤੱਕ ਹਿੰਦੂ ਵਿਜੈਨਗਰ ਸਾਮਰਾਜ ਦਾ ਵੀ ਪੂਰੀ ਤਰ੍ਹਾਂ ਪਤਨ ਹੋ ਗਿਆ ਸੀ। ਇਸ ਦੇ ਕਈ ਪ੍ਰਦੇਸ਼ਾਂ ਉੱਤੇ ਗੋਲਕੁੰਡਾ ਅਤੇ ਬੀਜਾਪੁਰ ਰਾਜਾਂ ਨੇ ਕਬਜਾ ਕਰ ਲਿਆ ਸੀ।

---

30 ਗਜਰਾਨੀ, ਐਸ.ਡੀ., *ਮੱਧਕਾਲੀਨ ਭਾਰਤ ਦਾ ਇਤਿਹਾਸ (1000-1750 ਈ.),* ਮਦਾਨ ਪਬਲੀਸਿੰਗ ਹਾਊਸ , ਪਟਿਆਲਾ, 2016 (ਪਹਿਲੀ ਵਾਰ), ਪੰਨਾ 168.

31 Habib, Mohammad and K. A. Nizami (Edited), *A Comprehensive History of India,* Vol. 5 (The Dehli Sultanat 1206-1526 A.D.), People's Publishing House, Dehli, August 1970, Page 1029.

32 Majumdar, R.C., H.C. Raychaudhuri, Kalikinkar Datta, *An Advanced History of India,* Macmillan & Co. Of India LTD, Dehli, 1967 (Third Edition), 1974 (Reprinted), page 362.

33 ਗਜਰਾਨੀ, ਐਸ. ਡੀ., ਮੱਧਕਾਲੀਨ ਭਾਰਤ *ਦਾ ਇਤਿਹਾਸ (1000-1750 ਈ.),* ਪੰਨਾ 213.

ਸੋਲ੍ਹਵੀਂ ਸਦੀ ਦੇ ਆਰੰਭ ਵਿਚ ਭਾਰਤ ਵਿਚ ਦਿੱਲੀ ਸਲਤਨਤ ਦਾ ਅੰਤ ਹੋ ਗਿਆ ਅਤੇ ਇਸਦੇ ਖੰਡਰਾਂ ਉੱਪਰ ਮੁਗ਼ਲ ਸਾਮਰਾਜ ਦੀ ਨੀਂਹ ਰੱਖੀ ਗਈ। ਮੁਗ਼ਲ ਸਾਮਰਾਜ ਦਾ ਸੰਸਥਾਪਕ ਜ਼ਹੀਰਉੱਦੀਨ ਮੁਹੰਮਦ ਬਾਬਰ ਸੀ।[34] ਇਸ ਤਰ੍ਹਾਂ ਬਾਬਰ ਦੇ ਹਮਲੇ ਸਮੇਂ ਦੱਖਣ ਪਹਿਲਾ ਹੀ ਲਗਾਤਾਰ ਯੁੱਧਾਂ ਦਾ ਮੈਦਾਨ ਬਣਿਆ ਹੋਇਆ ਸੀ। ਇੱਕ ਪਾਸੇ ਵਿਜੈਨਗਰ ਅਤੇ ਬਾਹਮਣੀ ਸਾਮਰਾਜ ਵਿਚਕਾਰ ਲੰਮੇ ਸਮੇਂ ਤੋਂ ਯੁੱਧ ਚੱਲ ਰਿਹਾ ਸੀ ਦੂਜੇ ਪਾਸੇ ਮੁਸਲਿਮ ਹਾਕਮ ਅਤੇ ਵਿਰੋਧੀ ਧੜੇ ਆਪਸ ਵਿਚ ਸੰਘਰਸ਼ ਕਰ ਰਹੇ ਸਨ। [35] ਮੁਗ਼ਲ ਵੰਸ਼ ਦੇ ਮਹਾਨ ਬਾਦਸ਼ਾਹ ਜਲਾਲ ਉੱਦੀਨ ਮੁਹੰਮਦ ਅਕਬਰ ਨੇ 1556 ਈ. ਤੋਂ 1605 ਈ. ਤੱਕ ਰਾਜ ਕੀਤਾ। ਅਕਬਰ ਨੇ ਗੋਦਾਵਰੀ ਨਦੀ ਤੱਕ ਦੱਖਣੀ ਭਾਰਤ ਦੇ ਕਈ ਪ੍ਰਦੇਸ਼ਾਂ ਉੱਤੇ ਜਿੱਤ ਪ੍ਰਾਪਤ ਕੀਤੀ ਸੀ। ਉਸ ਸਮੇਂ ਦੱਖਣੀ ਭਾਰਤ ਦੇ ਚਾਰ ਪ੍ਰਸਿੱਧ ਰਾਜ ਸਨ - ਖ਼ਾਨਦੇਸ਼, ਅਹਿਮਦਨਗਰ, ਬੀਜਾਪੁਰ ਅਤੇ ਗੋਲਕੁੰਡਾ।[36] ਜਨਵਰੀ 1565 ਈ. ਦੀ ਤਲੀਕੋਟਾ ਦੀ ਲੜਾਈ ਵਿਚ ਅਹਿਮਦਨਗਰ , ਬੀਜਾਪੁਰ, ਬਿਦਰ ਅਤੇ ਗੋਲਕੁੰਡਾ ਰਾਜਾਂ ਦੇ ਮੁਗ਼ਲ ਸੁਲਤਾਨਾਂ ਵੱਲੋਂ ਇਕੱਠੇ ਮਿਲ ਕੇ ਵਿਜੈਨਗਰ ਦੀਆਂ ਫੌਜਾਂ ਨੂੰ ਦਿੱਤੀ ਜ਼ਬਰਦਸਤ ਹਾਰ ਦੇ ਸਿੱਟੇ ਵਜੋਂ ਵਿਜੈਨਗਰ ਸਾਮਰਾਜ ਦਾ ਪਤਨ ਸ਼ੁਰੂ ਹੋਇਆ ਸੀ ਅਤੇ ਦੱਖਣੀ ਭਾਰਤ ਵਿਚ ਉਕਤ ਚਾਰ ਰਿਆਸਤਾਂ ਹੀ ਰਹਿ ਗਈਆ ਸਨ।

ਬਾਦਸ਼ਾਹ ਸ਼ਾਹ ਜਹਾਂ (1627-57 ਈ.) ਅਤੇ ਔਰੰਗਜ਼ੇਬ (1658-1707 ਈ.) ਦੇ ਸ਼ਾਸਨ ਕਾਲ ਵਿਚ ਬੀਜਾਪੁਰ , ਅਹਿਮਦਨਗਰ, ਗੋਲਕੁੰਡਾ ਅਤੇ ਬਿਦਰ ਰਾਜਾਂ ਨੇ ਮੁਗ਼ਲ ਸਾਮਰਾਜ ਦੀ ਪ੍ਰਭੂਸਤਾ ਸਵੀਕਾਰ ਕਰ ਲਈ ਸੀ ਪਰੰਤੂ ਇਸ ਸਮੇਂ ਦੌਰਾਨ ਬਾਦਸ਼ਾਹਾਂ ਦੀ ਗੈਰ -ਹਾਜ਼ਰੀ ਵਿਚ ਇਹ ਕਦੇ -ਕਦੇ ਸੁਤੰਤਰ ਵੀ ਹੁੰਦੇ ਰਹੇ। 1636 ਈ. ਵਿਚ ਜਦੋਂ ਔਰੰਗਜ਼ੇਬ ਆਪਣੇ ਰਾਜਕੁਮਾਰ (ਸ਼ਾਹਜਾਦਾ) ਹੋਣ ਦੇ ਸਮੇਂ ਦੱਖਣ ਦਾ ਸੂਬੇਦਾਰ ਬਣ ਕੇ ਆਇਆ ਤਾਂ ਉਸ ਨੇ ਔਰੰਗਾਬਾਦ ਨੂੰ ਆਪਣੀ ਰਾਜਧਾਨੀ (ਸਦਰ ਮੁਕਾਮ) ਬਣਾਇਆ ਸੀ। ਇਸ ਦਾ ਪਹਿਲਾ ਨਾਮ ਖਿੜਕੀ (ਖਿਰਕੀ) ਸੀ। ਕਈ ਇਤਿਹਾਸਾਂ (ਸ੍ਰੋਤਾਂ) ਤੋਂ ਪ੍ਰਗਟ ਹੋਇਆ ਕਿ ਬੀਤ ਚੁੱਕੇ ਸਮਿਆਂ ਵਿਚ ਔਰੰਗਾਬਾਦ ਨੂੰ ਧਾਰਾ ਨਗਰੀ ਕਹਿੰਦੇ ਸਨ। ਫਿਰ ਦੇਵਗੀਰ (ਦੇਵ

---

[34] ਅਰੋੜਾ, ਏ. ਸੀ., *ਮੱਧ ਕਾਲੀਨ ਭਾਰਤ ਦਾ ਇਤਿਹਾਸ (1000-1750)*, ਪੰਨਾ 154.

[35] Sharma, S. R., *Mughal Empire in India,* Karnatak Publishing House, Bombay, 1940 (Revised Edition), Page 17.

[36] ਅਰੋੜਾ, ਏ. ਸੀ., *ਮੱਧ ਕਾਲੀਨ ਭਾਰਤ ਦਾ ਇਤਿਹਾਸ (1000-1750)*, ਪੰਨਾ 223.

ਗਿਰੀ) ਮਸ਼ਹੂਰ ਹੋਇਆ। ਜਦੋਂ ਫ਼ਖਰਉੱਦੀਨ ਜੂਨਾ ਮੁਹੰਮਦ ਤੁਗ਼ਲਕ ਦਾ ਕਬਜਾ ਸਾਰੇ ਦੱਖਣ ਉੱਤੇ ਹੋ ਗਿਆ, ਤਾਂ ਉਸ ਨੇ ਦੇਵਗੀਰ ਦਾ ਨਾਮ ਦੌਲਤਾਬਾਦ ਰੱਖ ਕੇ ਇਸ ਨੂੰ ਰਾਜਧਾਨੀ ਨਿਯਤ ਕੀਤਾ।[37] ਪਿਛੋਂ ਔਰੰਗਜ਼ੇਬ ਨੇ ਇਸ ਨਗਰ ਦਾ ਨਾਮ ਔਰੰਗਾਬਾਦ ਰੱਖਿਆ ਅਤੇ ਇਥੇ ਹੀ ਠਹਿਰਿਆ ਸੀ। ਔਰੰਗ ਜ਼ੇਬ ਨੇ ਆਪਣੇ ਸ਼ਾਸਨ ਕਾਲ ਦੇ 50 ਸਾਲਾਂ ਵਿਚੋਂ 25 ਸਾਲ ਤੋਂ ਵੀ ਵੱਧ ਸਮਾਂ ਦੱਖਣ ਵਿਚ ਯੁੱਧ ਕੀਤੇ । ਜਿਸ ਦੇ ਸਿੱਟੇ ਵਜੋਂ ਉਹ ਉਕਤ ਰਿਆਸਤਾਂ ਨੂੰ ਮੁਗ਼ਲ ਸਾਮਰਾਜ ਵਿਚ ਸ਼ਾਮਲ ਕਰਨ ਵਿਚ ਸ ਫ਼ਲ ਹੋ ਸਕਿਆ ਪਰੰਤੂ ਉਹ ਅ ਖ਼ੀਰ ਤੱਕ ਮਰਾਠਿਆਂ ਦੀ ਉਭਰ ਰਹੀ ਤਾਕਤ ਨੂੰ ਦਬਾਉਣ ਵਿਚ ਅਸ ਫ਼ਲ ਰਿਹਾ। ਆਰ . ਸੀ. ਮਜੂਮਦਾਰ ਅਨੁਸਾਰ ਇਸ ਪ੍ਰਕਾਰ ਮਰਾਠਿਆਂ ਨੂੰ ਕੁਚਲਣ ਲਈ ਸਮਰਾਟ (ਔਰੰਗਜ਼ੇਬ) ਦੇ ਲੰਮੇ ਸਮੇਂ ਤੋਂ ਲਗਾਤਾਰ ਕੀਤੇ ਜਾ ਰਹੇ ਯਤਨ ਨਿਸ਼ਫਲ ਸਿੱਧ ਹੋਏ ਅਤੇ ਮਰਾਠਾ ਰਾਸ਼ਟਰਵਾਦ ਦਾ ਇੱਕ ਜੇਤੂ ਸ਼ਕਤੀ ਵਜੋਂ ਉਥਾਨ ਹੋਇਆ।[38] ਸਿੱਟੇ ਵਜੋਂ 18 ਵੀਂ ਸਦੀ ਵਿਚ ਭਾਰਤ ਦੇ ਵੱਡੇ ਹਿੱਸੇ ਉੱਤੇ ਮਰਾਠਾ ਸ਼ਕਤੀ ਨੇ ਸ਼ਾਸਨ ਕੀਤਾ। ਔਰੰਗਜ਼ੇਬ ਦੀ ਦੱਖਣ ਨੀਤੀ ਮੁਗ਼ਲ ਸਮਰਾਜ ਦੇ ਪਤਨ ਦਾ ਇੱਕ ਮੁੱਖ ਕਾਰਨ ਸਾਬਿਤ ਹੋਈ। ਸਰ ਜਾਦੂ ਨਾਥ ਸਰਕਾਰ ਦੇ ਵਿਚਾਰ ਅਨੁਸਾਰ ਜਿਸ ਤਰ੍ਹਾਂ ਸਪੇਨ ਦੀ ਮੁਹਿੰਮ ਨੈਪੋਲੀਅਨ ਪਹਿਲੇ ਲਈ ਇੱਕ ਮਾਰੂ ਫੋੜਾ ਸਾਬਿਤ ਹੋਈ ਸੀ ਠੀਕ ਉਸੇ ਤਰ੍ਹਾਂ ਦੱਖਣ ਮੁਹਿੰਮ ਔਰੰਗ ਜ਼ੇਬ ਲਈ ਮਾਰੂ ਫੋੜਾ ਸਾਬਿਤ ਹੋਈ।[39]

16 ਵੀਂ ਸਦੀ ਦੇ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਧਰਮ ਪ੍ਰਚਾਰ ਦੌਰਿਆਂ ਸਮੇਂ ਭਾਰਤ ਦੇ ਇਸ ਦੱਖਣ ਖੇਤਰ ਵਿਚ ਆਪਣੇ ਚਰਨ ਪਾ ਕੇ ਇਸ ਨੂੰ ਪਵਿੱਤਰ ਕੀਤਾ। ਉਸ ਸਮੇਂ ਵਿਚ ਇਹ ਖੇਤਰ ਢਹਿ-ਢੇਰੀ ਹੋ ਰਹੇ ਬਾਹਮਣੀ ਸਾਮਰਾਜ ਦੇ ਅਧੀਨ ਸੀ। ਬਿਦਰ ਇਸ ਦੀ ਰਾਜਧਾਨੀ ਸੀ। ਭਾਵੇਂ ਗੁਰੂ ਨਾਨਕ ਦੇਵ ਜੀ ਵੇਲੇ ਬਾਹਮਣੀ ਸਾਮਰਾਜ ਦਾ ਪਤਨ ਹੋ ਗਿਆ ਸੀ ਪਰ ਬਿਦਰ ਅਤੇ ਉਸ ਦੇ ਆਲੇ ਦੁਆਲੇ ਦੇ ਇਲਾਕੇ ਉੱਤੇ ਅਮੀਰ ਬਰੀਦ ਦਾ ਰਾਜ ਸੀ। ਜਿਸ ਨੇ 1492 ਤੋਂ 1538 ਈ. ਤੱਕ ਰਾਜ ਕੀਤਾ।[40]

---

[37] ਭੰਡਾਰੀ, ਸੁਜਾਨ ਰਾਏ, *ਖ਼ੁਲਾਸਤੁਤ ਤਵਾਰੀਖ਼,* ਰਣਜੀਤ ਸਿੰਘ (ਅਨੁ.), ਪੰਨਾ 54.

[38] Majumdar, R. C. (General Editor), *The Mughal Empire* (History and Culture of the Indian People, Vol. 7), Bharatiya Vidya Bhavan, Bombay, 1974, page 298.

[39] ਗਜਰਾਨੀ, ਐਸ. ਡੀ., *ਮੱਧਕਾਲੀਨ ਭਾਰਤ ਦਾ ਇਤਿਹਾਸ (1000-1750 ਈ.),* ਪੰਨਾ 342.

[40] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 86.

ਗੁਰੂ ਸਾਹਿਬ ਨੇ ਅਜੋਕੇ ਮੱਧ ਪ੍ਰਦੇਸ਼ , ਮਹਾਰਾਸ਼ਟਰ, ਤੇਲੰਗਾਨਾ, ਆਂਧਰਾ ਪ੍ਰਦੇਸ਼ , ਕਰਨਾਟਕਾ ਅਤੇ ਤਾਮਿਲਨਾਡੂ ਰਾਜ ਦੇ ਅਨੇਕਾਂ ਨਗਰਾ ਵਿਚ ਸੰਗਤ ਕਾਇਮ ਕਰਕੇ ਸਿੱਖੀ ਦਾ ਪ੍ਰਚਾਰ -ਪ੍ਰਸਾਰ ਕੀਤਾ ਸੀ। ਇਸ ਪ੍ਰਚਾਰ ਦੌਰੇ ਦੇ ਫ਼ਲਸਰੂਪ ਇਸ ਇਲਾਕੇ ਦੇ ਅਨੇਕਾਂ ਲੋਕਾਂ ਨੇ ਗੁਰਮਤਿ ਉਪਦੇਸ਼ ਨੂੰ ਧਾਰਨ ਕੀਤਾ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਖੇਤਰ ਆਪਣੇ ਪਵਿੱਤਰ ਚਰਨ ਪਾ ਕੇ ਇਸ ਧਰਤੀ ਨੂੰ ਸਿੱਖ ਧਰਮ ਨਾਲ ਜੋੜਿਆ ਅਤੇ ਨਾਂਦੇੜ ਵਿਖੇ ਸਿੱਖੀ ਪ੍ਰਚਾਰ ਦਾ ਕੇਂਦਰ ਬਿੰਦੂ (ਤਖ਼ਤ ਸ੍ਰੀ ਹਜ਼ੂਰ ਸਾਹਿਬ ) ਸਥਾਪਿਤ ਕੀਤਾ। ਇਸ ਤੋਂ ਇਲਾਵਾ ਇਸ ਖੇਤਰ ਦੀ ਪੰਜਾਬ ਨਾਲ ਵਪਾਰਕ ਸਾਂਝ ਦੇ ਨਾਲ ਨਾਲ ਧਾਰਮਿਕ ਸਾਂਝ ਵੀ ਬਹੁਤ ਗੂੜ੍ਹੀ ਅਤੇ ਪੁਰਾਣੀ ਹੈ ਕਿਉਂਕਿ ਜਿੱਥੇ ਇਸ ਖੇਤਰ ਦੇ ਭਗਤ ਸਾਹਿਬਾਨ ਦੀ ਪ ਵਿੱਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉੱਥੇ ਹੀ ਤਖ਼ਤ ਸ੍ਰੀ ਕੇਸਗੜ ਸਾਹਿਬ , ਅਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਇੱਕ ਆਵਾਜ਼ ’ਤੇ ਆਪਣਾ ਸ਼ੀਸ਼ ਧਰਮ ਲਈ ਭੇਟ ਕਰਨ ਵਾਲੇ ਪੰਜ ਪਿਆਰਿਆਂ ਵਿਚੋਂ ਇੱਕ ਪਿਆਰਾ ਭਾਈ ਸਾਹਿਬ ਸਿੰਘ ਇਸ ਖੇਤਰ ਦੇ ਕਰਨਾਟਕ ਪ੍ਰਾਂਤ ਵਿਚ ਪੈਂਦੇ ਬਿਦਰ ਸ਼ਹਿਰ ਦਾ ਨਿਵਾਸੀ ਸੀ।

18 ਵੀਂ ਸਦੀ ਦੇ ਆਉਂਦਿਆਂ ਹੀ ਮੁਗ਼ਲ ਸਾਮਰਾਜ ਦੇ ਦਰਬਾਰ ਵਿਚ ਕੁਝ ਸਰਦਾਰਾਂ ਦੇ ਗੁੱਟ ਬਣ ਗਏ ਸਨ। ਉਹ ਇੱਕ ਦੂਜੇ ਵਿਰੁੱਧ ਸਾਜ਼ਸਾਂ ਕਰਨ ਲੱਗੇ। ਜਿਸ ਕਾਰਨ ਮੁਗ਼ਲ ਸਾਮਰਾਜ ਦੇ ਕਈ ਪ੍ਰਾਂਤਾਂ ਦੇ ਸੂਬੇਦਾਰਾਂ ਨੇ ਆਪਣੇ ਸੁਤੰਤਰ ਰਾਜ ਸਥਾਪਿਤ ਕਰ ਲਏ। ਸਿੱਟੇ ਵਜੋਂ ਮੁਗ਼ਲ ਸਾਮਰਾਜ ਤੋਂ ਵੱਖ ਹੋ ਕੇ ਦੱਖਣ ਵਿਚ ਸੁਤੰਤਰ ਹੈਦਰਾਵਾਦ ਰਿਆਸਤ ਹੋਂਦ ਵਿਚ ਆਈ। ਨਿਜਾਮ-ਉਲ-ਮੁਲਕ ਨੂੰ ਸਮਰਾਟ ਫ਼ਰੁੱਖਸੀਅਰ ਨੇ 1713 ਈ. ਵਿਚ ਦੱਖਣ ਦੇ ਛੇ ਮੁਗ਼ਲ ਪ੍ਰਾਂਤਾਂ ਦਾ ਸੂਬੇਦਾਰ ਨਿਯੁਕਤ ਕੀਤਾ ਸੀ ਪਰੰਤੂ ਕੁਝ ਸਮੇਂ ਬਾਅਦ ਸੱਯਦ ਹੁਸੈਨ ਅਲੀ ਖਾਂ ਨੂੰ ਉਥੋਂ ਦਾ ਸੂਬੇਦਾਰ ਬਣਾ ਦਿੱਤਾ ਗਿਆ। 1722 ਈ. ਵਿਚ ਮੁਗ਼ਲ ਸਮਰਾਟ ਮੁਹੰਮਦ ਸ਼ਾਹ ਨੇ ਨਿਜਾਮ ਉਲ -ਮੁਲਕ ਨੂੰ ਵ ਜ਼ੀਰ ਨਿਯੁਕਤ ਕਰ ਦਿੱਤਾ। ਪਰੰਤੂ ਮੁ ਗ਼ਲ ਦਰਬਾਰ ਦੀ ਧੜੇਬਦੀ ਤੋਂ ਤੰਗ ਆ ਕੇ ਉਹ ਦਸੰਬਰ 1723 ਈ. ਵਿਚ ਸਮਰਾਟ ਦੀ ਆਗਿਆ ਤੋਂ ਬਿਨਾਂ ਹੀ ਦੱਖਣ ਵੱਲ ਵਾਪਸ ਚਲਾ ਗਿਆ ਅਤੇ ਦੱਖਣ ਦੇ ਸੂਬੇਦਾਰ ਮੁਬਾਰਿਜ਼ ਖਾਂ ਨੂੰ ਹਰਾ ਕੇ ਦੱਖਣ (ਹੈਦਰਾਬਾਦ) ਦਾ ਸੁਤੰਤਰ ਸ਼ਾਸਕ ਬਣ ਗਿਆ।[41] ਉਸ ਨੇ ਦੱਖਣ ਉੱਤੇ ਰਾਜ ਕੀਤਾ ਜਿਸ ਵਿਚ ਔਰੰਗਾਬਾਦ , ਬਿਦਰ, ਬੀਜਾਪੁਰ,

---

[41] ਅਰੋੜਾ, ਏ. ਸੀ., *ਮੱਧ ਕਾਲੀਨ ਭਾਰਤ ਦਾ ਇਤਿਹਾਸ (1000-1750)*, ਪੰਨਾ 291.

ਬੇਰਾਰ, ਆਦਿਲਾਬਾਦ, ਅਤੇ ਹੈਦਰਾਬਾਦ ਦੇ ਪ੍ਰਾਂਤ ਸ਼ਾਮਲ ਸਨ।[42] ਪੰਜਾਬੀ ਵਿਸ਼ਵ ਕੋਸ਼ ਅਨੁਸਾਰ ਹੈਦਰਾਬਾਦ ਦੱਖਣੀ ਕੇਂਦਰੀ ਭਾਰਤ ਦੀ ਇੱਕ ਸਾਬਕਾ ਰਿਆਸਤ ਹੈ ਜਿਸਦੀ ਨੇ ਨੀਂਹ ਨਿਜ਼ਾਮ -ਉਲ-ਮਲਕ (ਮੀਰਾ, ਕਮਰ-ਉਦ-ਦੀਨ) ਨੇ ਰੱਖੀ ਸੀ। ਸੰਨ 1713 ਤੋਂ 1721 ਤੱਕ ਇਹ ਮੁਗ਼ਲ ਬਾਦਸ਼ਾਹਾਂ ਅਧੀਨ ਥੋੜ੍ਹੇ-ਥੋੜ੍ਹੇ ਵਕਫ਼ੇ ਲਈ ਦੱਖਣ ਦਾ ਸੂਬੇਦਾਰ (ਵਾਇਸਰਾਏ) ਰਿਹਾ ਸੀ ਅਤੇ ਸੰਨ 1724 ਵਿਚ ਆਸਫ਼ ਜ਼ਾਹ (ਵਡਿਆਈ ਵਿਚ ਆਸ ਫ਼ ਬਾਦਸ਼ਾਹ, ਸਾਲੋਮਨ ਦੀ ਵ ਜ਼ੀਰ ਦੇ ਬਰਾਬਰ ) ਦੇ ਖ਼ਿਤਾਬ ਨਾਲ ਇਹ ਫਿਰ ਆਪਣੇ ਅਹੁਦੇ 'ਤੇ ਕੰਮ ਕਰਨ ਲੱਗ ਪਿਆ ਅਤੇ ਇਸ ਸਮੇਂ ਇਸ ਨੇ ਅਸਲ ਵਿਚ ਆਜ਼ਾਦ ਹੈਸੀਅਤ ਹੀ ਸਥਾਪਤ ਕਰ ਲਈ ਸੀ। ਇਸਨੇ ਹੈਦਰਾਬਾਦ ਨਿਜ਼ਾਮ ਰਾਜਵੰਸ਼ ਦੀ ਨੀਂਹ ਰੱਖੀ।[43]

ਹੈਦਰਾਬਾਦ ਭਾਰਤ ਦੀਆਂ ਸਭ ਤੋਂ ਵੱਡੀਆਂ ਰਿਆਸਤਾਂ ਵਿਚੋਂ ਇੱਕ ਸੀ। ਇਹ ਭਾਰਤ ਦੇ ਕੇਂਦਰ ਵਿੱਚ ਸਥਿਤ ਸੀ। ਇਸ ਦੇ ਉੱਤਰ ਵਿਚ ਸੀ . ਪੀ. (Central Provinces), ਪੱਛਮ ਵਿਚ ਬੰਬਈ ਅਤੇ ਪੂਰਬ ਅਤੇ ਦੱਖਣ ਵਿਚ ਮਦਰਾਸ ਦੇ ਪ੍ਰਾਂਤ ਸਨ।[44] ਹੈਦਰਾਬਾਦ ਸ਼ਹਿਰ ਹੀ ਇਸ ਰਿਆਸਤ ਦੀ ਰਾਜਧਾਨੀ ਸੀ। ਇਸ ਸ਼ਹਿਰ ਦੀ ਸਥਾਪਨਾ 1589 ਈ. ਵਿਚ ਪੰਜਵੇਂ ਕੁਤਬ ਸ਼ਾਹੀ ਰਾਜਾ ਮੁਹੰਮਦ ਕੁਲੀ ਦੁਆਰਾ ਕੀਤੀ ਗਈ ਸੀ , ਜਿਸਨੇ ਹੈਦਰਾਬਾਦ ਤੋਂ ਪੰਜ ਮੀਲ ਪੱਛਮ ਵਿਚ ਗੋਲਕੁੰਡਾ ਵਿਖੇ ਰਾਜ ਕੀਤਾ ਸੀ।[45] ਮੁਹੰਮਦ ਕੁਲੀ ਨੇ ਭਾਗ ਮਤੀ ਨਾਂ ਦੀ ਇੱਕ ਨਾਚੀ 'ਤੇ ਮੋਹਿਤ ਹੋ ਕੇ ਇਹ ਸ਼ਹਿਰ ਵਸਾਇਆ ਸੀ ਅਤੇ ਇਸ ਦਾ ਨਾਂ ਭਾਗ ਨਗਰ ਰੱਖਿਆ ਸੀ। ਮਗਰੋਂ ਇਹ ਸ਼ਹਿਰ ਹੈਦਰਾਬਾਦ ਦੇ ਨਾਂ ਨਾਲ ਮਸ਼ਹੂਰ ਹੋ ਗਿਆ।[46] ਹੈਦਰਾਬਾਦ ਦੇ ਨਿਜ਼ਾਮਾਂ ਨੇ ਦੋ ਸਦੀਆਂ (1724-1948 ਈ.) ਤੱਕ ਸੁਤੰਤਰ ਹੈਦਰਾਬਾਦ ਰਿਆਸਤ ਵਜੋਂ ਰਾਜ ਕੀਤਾ। On 1 September 1798, the Nizam of Hyderabad, Nizam Ali Khan (Asaf Jah 2) entered into a subsidiary alliance with the English East India Company, thus

---

[42] Nihang, Nidar singh & Parmjit singh, *In the Master's Presence The Sikhs of Hazoor Sahib* (Vol. 1), Kashi House, London, UK, 2008 (First Published), page 51.

[43] ਦਲੀਪ ਸਿੰਘ (ਮੁੱਖ ਸੰਪਾ.), *ਪੰਜਾਬੀ ਵਿਸ਼ਵ ਕੋਸ਼* (ਜਿਲਦ ਛੇਵੀਂ), ਭਾਸ਼ਾ ਵਿਭਾਗ, ਪੰਜਾਬ, 1998, ਪੰਨਾ 334.

[44] ਅਰੋੜਾ, ਏ. ਸੀ. ਅਤੇ ਅੰਜੂ ਸੂਰੀ, *ਆਧੁਨਿਕ ਭਾਰਤ ਦਾ ਇਤਿਹਾਸ (1707-1996),* ਪ੍ਰਦੀਪ ਪਬਲੀਕੇਸ਼ਨਜ਼, ਜਲੰਧਰ, ਮਿਤੀਹੀਣ, ਪੰਨਾ 367.

[45] *Imperial Gazetteer of India Provincial Series Hyderabad State*, Superintendent of Government Printing, Calcutta, 1909, Page 115.

[46] ਸਾਕੀ, ਮੁਸਤਾਅਦ ਖ਼ਾਂ , *ਮਆਸਿਰਿ ਆਲਮਗੀਰੀ ,* ਦਰਸ਼ਨ ਸਿੰਘ ਅਵਾਰਾ (ਅਨੁ.), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਦੂਜੀ ਵਾਰ), ਪੰਨਾ 248.

making Hyderabad the first princely state to officially became a British protectorate.[47] ਹਾਲਾਂਕਿ ਅੰਦਰੂਨੀ ਮਾਮਲਿਆਂ ਵਿਚ ਇਸ ਰਿਆਸਤ ਨੂੰ ਸੁਤੰਤਰਤਾ ਪ੍ਰਾਪਤ ਸੀ।

ਹੈਦਰਾਬਾਦ ਰਿਆਸਤ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਨਾਂਦੇੜ ਦਾ ਇਲਾਕਾ ਮੁਗ਼ਲ ਸਾਮਰਾਜ ਦੇ ਅਧੀਨ ਆਉਂਦਾ ਸੀ। ਬਾਅਦ ਵਿਚ ਇਹ ਇਲਾਕਾ ਹੈਦਰਾਬਾਦ ਰਿਆਸਤ ਦੇ ਖੇਤਰ ਵਿਚ ਆ ਗਿਆ ਸੀ। ਅਠਾਰ੍ਹਵੀਂ ਵੀਂ ਸਦੀ ਦੇ ਸ਼ੁਰੂ ਵਿਚ ਇਸ ਰਿਆਸਤ ਅੰਦਰ ਬਗ਼ਾਵਤ ਫ਼ੈਲਣੀ ਆਰੰਭ ਹੋ ਗਈ ਸੀ। ਇਸ ਸਮੇਂ ਹੈਦਰਾਬਦ ਦੇ ਨਿਜ਼ਾਮ ਸ਼ਾਸਕ ਨੇ ਆਪਣੇ ਵਜ਼ੀਰ ਚੰਦੂ ਲਾਲ ਦੀ ਸਲਾਹ ਨਾਲ ਪੰਜਾਬ ਤੋਂ ਮਹਾਰਾਜਾ ਰਣਜੀਤ ਸਿੰਘ ਪਾਸੋਂ ਸੈਨਿਕ ਮਦਦ ਮੰਗੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਨਿਜ਼ਾਮ ਦੀ ਸੈਨਿਕ ਮਦਦ ਲਈ ਹੱਥ ਵਧਾਇਆ। ਡਾ. ਭਗਤ ਸਿੰਘ ਲਿਖਦੇ ਹਨ 1826 ਈ. ਵਿਚ ਹੈਦਰਾਬਾਦ ਦੇ ਨਿਜ਼ਾਮ ਨੇ ਤੋਹਫ਼ੇ ਵਜੋਂ ਰਣਜੀਤ ਸਿੰਘ ਨੂੰ ਇੱਕ ਬਹੁਤ ਹੀ ਸੁੰਦਰ ਚਾਂਦਨੀ ਜਾਂ ਸ਼ਾਮਿਆਨਾ ਭੇਜਿਆ। ਮਹਾਰਾਜਾ ਨੇ ਇਹ ਕਹਿ ਕੇ ਕਿ ਉਹ ਇਸ ਸ਼ਾਮਿਆਨੇ ਦੇ ਥੱਲੇ ਬੈਠਣ ਯੋਗ ਨਹੀਂ ਹੈ ਇਹ ਹਰਿਮੰਦਰ ਸਾਹਿਬ ਨੂੰ ਭੇਜ ਦਿੱਤਾ। ਇਹ ਸ਼ਾਮਿਆਨਾ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਵਿਚ ਹਾਲੇ ਵੀ ਸੰਭਾਲਿਆ ਪਿਆ ਹੈ।[48] ਮਹਾਰਾਜਾ ਰਣਜੀਤ ਸਿੰਘ ਨੇ 1200 ਚੋਣਵੇਂ ਸਿੱਖ ਜਵਾਨ 12 ਜਥੇਦਾਰਾਂ ਦੀ ਕਮਾਨ ਹੇਠ ਭੇਜੇ। ਇਨ੍ਹਾਂ ਨੂੰ 12 ਬੇੜੇ (ਬਟਾਲੀਅਨਾਂ) ਕਿਹਾ ਜਾਂਦਾ ਹੈ। ਫਲ਼ਸਰੂਪ ਸਿੱਖ ਸੈਨਾ ਵਲੋਂ ਬਦਅਮਨੀ ਉੱਪਰ ਕਾਬੂ ਪਾਇਆ ਗਿਆ ਸੀ। ਇਸ ਸਮੇਂ ਹੀ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਦੀ ਆਗਿਆ ਨਾਲ ਉਸਦੀ ਰਿਆਸਤ ਵਿਚ ਸਥਿਤ ਨਾਂਦੇੜ ਵਿਖੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਮਾਰਤ ਦੀ ਪਹਿਲੀ ਵਾਰ ਉਸਾਰੀ 1829 ਈ. ਤੋਂ 1839 ਈ. ਦੌਰਾਨ ਕਰਵਾਈ ਸੀ। ਬਾਅਦ ਵਿਚ ਨਿਜ਼ਾਮ ਹੈਦਰਾਬਾਦ ਅਤੇ ਉਸਦੇ ਵਜ਼ੀਰ ਚੰਦੂ ਲਾਲ ਨੇ ਦਿਲ ਖੋਲ੍ਹ ਕੇ ਬੇਅੰਤ ਮਾਇਆ ਤਖ਼ਤ ਸਾਹਿਬ ਲਈ ਭੇਜੀ ਅਤੇ ਪੰਜ ਪਿੰਡਾਂ ਦੀ ਜਾਗੀਰ ਤਖ਼ਤ ਸਾਹਿਬ ਦੇ ਨਾਮ ਲਗਾਈ। ਮਹਾਰਾਜਾ ਰਣਜੀਤ ਸਿੰਘ ਨੇ ਵੀ ਬੇਅੰਤ ਮਾਇਆ ਤਖ਼ਤ ਸਾਹਿਬ ਦੀ ਉਸਾਰੀ ਲਈ ਭੇਜੀ ਸੀ।

---

47 https://byjus.com/free-ias-prep/this-day-in-history-sep1/

48 ਭਗਤ ਸਿੰਘ, *ਮਹਾਰਾਜਾ ਰਣਜੀਤ ਸਿੰਘ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਤੀਜੀ ਵਾਰ), ਪੰਨਾ 132.

15 ਅਗਸਤ, 1947 ਈ. ਨੂੰ ਦੇਸ਼ ਦੀ ਆਜ਼ਾਦੀ ਵਾਲੇ ਦਿਨ ਰਿਆਸਤ ਹੈਦਰਾਬਾਦ ਦੇ ਨਿਜ਼ਾਮ ਨੇ ਭਾਰਤੀ ਸੰਘ ਵਿਚ ਸ਼ਾਮਲ ਹੋਣ ਦੇ ਸੁਝਾਅ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੇ ਇਲਾਵਾ 500 ਦੇਸੀ ਰਿਆਸਤਾਂ ਅਜਿਹੀਆਂ ਸਨ ਜਿਨ੍ਹਾਂ ਦਾ ਪ੍ਰਬੰਧ ਦੇਸ਼ੀ ਰਾਜੇ ਹੀ ਚਲਾਉਂਦੇ ਸਨ। ਇਨ੍ਹਾਂ ਦਾ ਕੁਲ ਖੇਤਰਫਲ 1,813,000 ਵਰਗ ਕਿਲੋਮੀਟਰ ਸੀ।[49] ਇਨ੍ਹਾਂ ਰਿਆਸਤਾਂ ਨੇ ਭਾਰਤੀ ਸੰਘ ਵਿਚ ਸ਼ਾਮਲ ਹੋਣ ਦੇ ਸੰਧੀ ਪੱਤਰ 'ਤੇ ਹਸਤਾਖ਼ਰ ਕਰ ਦਿੱਤੇ ਸਨ ਪਰ ਇਸ ਦੇ ਉਲਟ 15 ਅਗਸਤ ਤੋਂ ਬਾਅਦ ਇੱਕ ਸਾਲ ਤੱਕ (1948 ਈ. ਤੱਕ) ਹੈਦਰਾਬਾਦ ਰਿਆਸਤ ਦੀ ਵੱਖਰੀ ਹੋਂਦ ਕਾਇਮ ਰਹੀ ਸੀ। ਇਸ ਤੋਂ ਬਾਅਦ ਇਹ ਰਿਆਸਤ ਭਾਰ ਤੀ ਸੰਘ ਵਿਚ ਸ਼ਾਮਲ ਕਰ ਲਈ ਗਈ ਅਤੇ ਇਸ ਦੀ ਵੱਖਰੀ ਹੋਂਦ ਖ਼ਤਮ ਹੋ ਗਈ। ਹੈਦਰਾਬਾਦ ਰਾਜ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਆਂਧਰਾ ਪ੍ਰਦੇਸ਼ , ਕਰਨਾਟਕ ਅਤੇ ਦੋਭਾਸ਼ੀ ਬੰਬਈ ਰਾਜ ਨਾਲ ਜੋੜ ਦਿਤਾ ਗਿਆ। (ਬਾਅਦ ਵਿਚ ਦੋਭਾਸ਼ੀ ਬੰਬਈ ਰਾਜ ਨੂੰ ਮਹਾ ਰਾਸ਼ਟਰ ਅਤੇ ਗੁਜਰਾਤ ਵਿਚ ਵੰਡਿਆ ਗਿਆ।) ਇਸ ਰਾਜ ਦਾ 2,23,00 ਵਰਗ ਕਿਲੋਮੀਟਰ ਖੇਤਰਫ਼ਲ ਇੰਗਲੈਂਡ ਅਤੇ ਸਕਾਟਲੈਂਡ ਤੋਂ ਵੀ ਵੱਡਾ ਸੀ ਅਤੇ ਇਹ ਭਾਰਤ ਦੀ ਸਭ ਤੋਂ ਵੱਡੀ ਰਿਆਸਤ ਸੀ।[50]

16 ਵੀਂ ਅਤੇ 18 ਵੀਂ ਸਦੀ ਦੇ ਦੌਰਾਨ ਜਦੋਂ ਯੂਰਪੀ ਸ਼ਕਤੀਆਂ ਆਈਆਂ ਤਾਂ ਦੱਖਣੀ ਰਾਜਾਂ ਨੇ ਖਾਸ ਤੌਰ 'ਤੇ ਮੈਸੂਰ (ਨਵਾਂ ਨਾਮ ਕਰਨਾਟਕ) ਦੇ ਟੀਪੂ ਸੁਲਤਾਨ ਦੇ ਸਾਮਰਾਜ ਨੇ ਨਵੇਂ ਖਤਰਿਆਂ ਦਾ ਵਿਰੋਧ ਕੀਤਾ ਪਰ ਅੰਤ ਵਿਚ ਭਾਰੀ ਵਿਰੋਧ ਦੇ ਬਾਵਜੂਦ ਬਹੁਤ ਸਾਰੇ ਰਾਜ ਆਖ਼ਰਕਾਰ ਬ੍ਰਿਟਿਸ਼ ਕਬਜੇ ਅੱਗੇ ਝੁਕ ਗਏ ਅਤੇ ਉਨ੍ਹਾਂ ਨੂੰ ਆਪਣੇ ਇਲਾਕੇ ਅੰਗਰੇ ਜ਼ਾਂ ਨੂੰ ਸੌਂਪਣੇ ਪਏ। ਅੰਗਰੇ ਜ਼ਾਂ ਨੇ ਮਦਰਾਸ ਪ੍ਰੈਜ਼ੀਡੈਂਸੀ ਬਣਾਈ। ਇਸ ਵਿਚ ਰਿਆਸਤਾਂ ਵੀ ਸ਼ਾਮਲ ਸਨ। ਇਸ ਪ੍ਰੈਜ਼ੀਡੈਂਸੀ ਨੇ ਬਾਕੀ ਦੇ ਦੱਖਣੀ ਭਾਰਤ ਲਈ ਇੱਕ ਪ੍ਰਸ਼ਾਸਨਿਕ ਕੇਂਦਰ ਦੇ ਰੂਪ ਵਿਚ ਕੰਮ ਕੀਤਾ। (ਰਿਆਸਤਾਂ ਨੂੰ ਪ੍ਰਸ਼ਾਸਨਿਕ ਪ੍ਰਬੰਧ ਵਿਚ ਕੁਝ ਖ਼ੁਦਮੁਖਤਿਆਰੀ ਪ੍ਰਾਪਤ ਸੀ। ) ਭਾਰਤ ਦੀ ਆਜ਼ਾਦੀ ਤੋਂ ਬਾਅਦ ਦੱਖਣੀ ਭਾਰਤ ਨੂੰ ਭਾਸ਼ਾਈ ਤੌਰ 'ਤੇ

---

[49] ਮਜੂਮਦਾਰ, ਆਰ. ਸੀ., ਐਚ. ਸੀ. ਰੇਚੌਧਰੀ ਅਤੇ ਕੇ. ਕੇ. ਦੱਤ, *ਭਾਰਤ ਦਾ ਬ੍ਰਿਹਤ ਇਤਿਹਾਸ,* ਸਤਿਬੀਰ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਦੂਜੀ ਵਾਰ), ਪੰਨਾ 4.

[50] Nishter, Nanak Singh, *Takhat Shri Hazur Sahib History & Contribution,* International Sikh Centre for Interfaith Relations, Hyderabad, November 2018 (First Edition), page 40.

ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕਾ, ਤੇਲੰਗਾਨਾ ਅਤੇ ਕੇਰਲਾ ਰਾਜਾਂ ਵਿਚ ਵੰਡ ਦਿੱਤਾ ਗਿਆ ਸੀ। [51] ਭਾਰਤ ਦੀ ਆਜ਼ਾਦੀ ਦੇ ਨਤੀਜੇ ਵਜੋਂ ਦੋਭਾਸ਼ੀ ਬੰਬਈ ਪ੍ਰਾਂਤ (ਰਾਜ) ਹੋਂਦ ਵਿਚ ਆਇਆ ਸੀ। ਮਈ 1960 ਈ. ਨੂੰ ਭਾਸ਼ਾ ਦੇ ਆਧਾਰ 'ਤੇ ਬੰਬਈ ਰਾਜ ਨੂੰ ਗੁਜਰਾਤ ਅਤੇ ਮਹਾਰਾਸ਼ਟਰ ਦੋ ਨਵੇਂ ਰਾਜਾਂ ਵਿਚ ਵੰਡ ਦਿੱਤਾ ਗਿਆ ਸੀ। ਉਸ ਸਮੇਂ ਸਿੱਖ ਧਰਮ ਨਾਲ ਸੰਬੰਧਿਤ ਨਾਂਦੇੜ ਸ਼ਹਿਰ ਵੀ ਮਹਾਰਾਸ਼ਟਰ ਰਾਜ ਦਾ ਹਿੱਸਾ ਬਣ ਗਿਆ ਸੀ।

**ਮਹਾਰਾਸ਼ਟਰ**

ਮਹਾਰਾਸ਼ਟਰ ਰਾਜ ਭਾਰਤ ਦੇ ਦੱਖਣ -ਪੱਛਮ ਵੱਲ ਸਥਿਤ ਹੈ। ਇਹ ਆਬਾਦੀ ਪੱਖੋਂ ਦੂਜਾ ਅਤੇ ਖੇਤਰਫ਼ਲ ਪੱਖੋਂ ਤੀਜਾ ਭਾਰਤ ਦਾ ਸਭ ਤੋਂ ਵੱਡਾ ਰਾਜ ਹੈ। ਮਹਾਰਾਸ਼ਟਰ ਰਾਜ ਦਾ 307,713 ਵਰਗ ਕਿਲੋਮੀਟਰ ਦਾ ਖੇਤਰ ਹੈ। ਇਸ ਵਿਚ 36 ਜ਼ਿਲ੍ਹੇ ਹਨ ਅਤੇ ਇਸ ਨੂੰ 6 ਡਵੀਜਨਾਂ ਵਿਚ ਵੰਡਿਆ ਹੋਇਆ ਹੈ। ਇਸ ਦੀ ਕੁੱਲ ਆਬਾਦੀ 112,374,333 ਹੈ ਅਤੇ ਮੁੱਖ ਭਾਸ਼ਾ ਮਰਾਠੀ ਹੈ। ਇਸ ਰਾਜ ਦੀ ਰਾਜਧਾਨੀ ਮੁੰਬਈ ਹੈ।[52] ਮੁੰਬਈ ਫਿਲਮੀ ਕਾਰੋਬਾਰ ਦਾ ਗੜ੍ਹ ਹੈ। ਅਜੰਤਾ-ਅਲੋਰਾ ਦੀਆਂ ਗੁਫਾਵਾਂ , ਗੋਲਡਨ ਬੀਚ , ਸਾਈ ਬਾਬਾ ਦਾ ਸਥਾਨ ਸ਼ਿਰਡੀ , ਨੈਸ਼ਨਲ ਪਾਰਕ ਆਦਿ ਅਨੇਕਾਂ ਥਾਵਾਂ ਟੂਰਿਸਟਾਂ ਦੇ ਲਈ ਵੇਖਣ ਯੋਗ ਹਨ।[53] ਇਸ ਤੋਂ ਇਲਾਵਾ ਮਹਾਰਾਸ਼ਟਰ ਪ੍ਰਾਂਤ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰੇ ਸੁਸ਼ੋਭਿਤ ਹਨ। ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਇਸ ਪ੍ਰਾਂਤ ਦੇ ਨਾਂਦੇੜ ਨਗਰ ਵਿਚ ਸਥਿਤ ਹੈ। ਇਥੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਸਿੱਖ ਦਰਸ਼ਨ ਕਰਨ ਆਉਂਦੇ ਹਨ।

ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਇਸ ਸੂਬੇ ਦਾ ਨਾਮ ਬੰਬੇ ਪ੍ਰੈਜ਼ੀਡੈਂਸੀ ਹੁੰਦਾ ਸੀ। 1947 ਈ. ਤੋਂ ਪਿਛੋਂ ਇਹ ਸਾਰਾ ਪ੍ਰਾਂਤ ਜਿਹੜਾ ਪਹਿਲਾਂ ਬੰਬੇ ਪ੍ਰੈਜ਼ੀਡੈਂਸੀ ਅਖਵਾਉਂਦਾ ਸੀ , ਬੰਬਈ ਪ੍ਰਾਂਤ ਕਿਹਾ ਜਾਣ ਲੱਗ

---

51 https://en.m.wikipedia.org/wiki/History_of_South_India

52 https://en.m.wikipedia.org/wiki/Maharashtra

53 ਚੰਦ ਨਵਾਂ, ਗੁਰਮੇਲ ਸਿੰਘ, *ਮਰਾਠਾ ਦੇਸ਼ ਦੇ ਗੁਰੂ-ਧਾਮਾਂ ਦੀ ਯਾਤਰਾ,* ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2018, ਪੰਨਾ 25.

ਪਿਆ। 1960 ਈ. ਵਿਚ ਭਾਰਤ ਸਰਕਾਰ ਵੱਲੋਂ ਇਸ ਸੂਬੇ ਵਿਚ ਉਹ ਸਾਰੇ ਇਲਾਕੇ ਸ਼ਾਮਲ ਕਰ ਦਿੱਤੇ ਗਏ ਜਿਨ੍ਹਾਂ ਵਿਚ ਮਰਾਠੀ (ਭਾਸ਼ਾ) ਬੋਲੀ ਜਾਂਦੀ ਸੀ।[54] ਅੱਜ ਮਹਾਰਾਸ਼ਟਰ ਸੂਬੇ ਦਾ ਖੇਤਰਫ਼ਲ ਪੁਰਾਤਨ ਬੰਬਈ ਪ੍ਰਾਂਤ ਨਾਲੋਂ ਵੱਡਾ ਹੈ। ਇਸ ਸੂਬੇ ਦੇ ਲੋਕਾਂ ਦਾ ਪੰਜਾਬ ਵਾਂਗ ਪ੍ਰਧਾਨ ਕਿੱਤਾ ਖੇਤੀਬਾੜੀ ਰਿਹਾ ਹੈ। ਇਸ ਸਮੇਂ ਕਾਫ਼ੀ ਕਾਰਖਾਨੇ ਇਸ ਸੂਬੇ ਵਿਚ ਲੱਗ ਗਏ ਹਨ। ਪ੍ਰੰਤੂ ਫਿਰ ਵੀ ਮਹਾਰਾਸ਼ਟਰ ਦੀ ਵਸੋਂ ਦਾ 64% ਹਿੱਸਾ ਖੇਤੀਬਾੜੀ ਵਿਚ ਲੱਗਾ ਹੋਇਆ ਹੈ ਅਤੇ ਕੁੱਲ ਭੂਮੀ ਦਾ 54% ਹਿੱਸਾ ਖੇਤੀਬਾੜੀ ਲਈ ਵਰਤਿਆ ਜਾ ਰਿਹਾ ਹੈ। ਮਹਾਰਾਸ਼ਟਰ ਦੇ ਲੋਕ ਜਿਨ੍ਹਾਂ ਨੂੰ ਮਰਹੱਟੇ ਵੀ ਆਖਦੇ ਹਨ, ਬੜੇ ਜੰਗਜੂ ਅਤੇ ਬਹਾਦਰ ਹਨ।[55] ਜਾਦੂ ਨਾਥ ਸਰਕਾਰ ਲਿਖਦਾ ਹੈ ਚਾਰ ਸਦੀਆਂ ਪਹਿਲਾਂ ਮਹਾਰਾਸ਼ਟਰ ਦੀ ਵਸੋਂ ਬਹੁਤ ਥੋੜ੍ਹੀ ਸੀ ਅਤੇ ਧਰਤੀ ਦਾ ਬਹੁਤ ਹਿੱਸਾ ਜੰਗਲਾਂ ਨਾਲ ਢੱਕਿਆ ਹੋਇਆ ਸੀ। ਦੱਖਣੀ ਪਠਾਰ ਦੇ ਪੱਛਮੀ ਕਿਨਾਰੇ ’ਤੇ ਮੀਂਹ ਘੱਟ ਪੈਂਦਾ ਹੈ।[56] ਇਸ ਖੇਤਰ ਦੀਆਂ ਡੂੰਘੀਆਂ ਖਾਈਆਂ ਅਤੇ ਸਖ਼ਤ ਪਹਾੜੀਆਂ ਕਰਕੇ ਦੱਖਣ ਦੇ ਕਿਸਾਨ ਨੂੰ ਆਪਣੀ ਉਪਜੀਵਿਕਾ ਲਈ ਬਹੁਤ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਗੋਦਾਵਰੀ, ਤਾਪਤੀ, ਕ੍ਰਿਸ਼ਨਾ ਇਸ ਰਾਜ ਦੀਆਂ ਪ੍ਰਮੁੱਖ ਨਦੀਆਂ ਹਨ।

ਪ੍ਰਚੀਨ ਕਾਲ ਵਿਚ ਮਹਾਰਾਸ਼ਟਰ ਦੇ ਖੇਤਰ ਵਿਚ ਰਿਸ਼ੀ ਅਗਸਤਯ ਨੇ ਆਪਣੇ ਆਸ਼ਰਮ ਬਣਾਏ ਜਿਸ ਕਾਰਨ ਇਸ ਖੇਤਰ ਦਾ ਸੰਬੰਧ ਅਗਸਤਯ ਰਿਸ਼ੀ ਨਾਲ ਜੋੜਿਆ ਜਾਂਦਾ ਹੈ। ਇਹ ਵੀ ਵਰਣਨ ਮਿਲਦਾ ਹੈ ਕਿ ਸ੍ਰੀ ਰਾਮਚੰਦਰ ਜੀ ਨੇ ਵੀ ਇਸ ਇਲਾਕੇ ਨੂੰ ਰਾਖਸ਼ਸ਼ਾਂ ਤੋਂ ਬਚਾ ਕੇ ਪਵਿੱਤਰ ਕੀਤਾ ਸੀ। ਇਸ ਤਰ੍ਹਾਂ ਮਹਾਰਾਸ਼ਟਰ ਦਾ ਇਲਾਕਾ ਮੁੱਢ ਤੋਂ ਹੀ ਰਿਸ਼ੀਆਂ ਮੁਨੀਆਂ ਨਾਲ ਜੁੜਿਆ ਹੋਇਆ ਹੈ। ਰਿਸ਼ੀਆਂ ਦੀ ਇਸ ਧਰਤੀ ਨੇ ਮਹਾਨ ਸੰਤਾਂ, ਕਵੀਆਂ ਅਤੇ ਤਪੱਸਵੀਆਂ ਨੂੰ ਜਨਮ ਦਿੱਤਾ ਹੈ।[57] ਮਹਾਰਾਸ਼ਟਰ ਵਿਚ ਅੱਜ ਵੀ ਇਨ੍ਹਾਂ ਸੰਤਾਂ-ਭਗਤਾਂ ਦੀ ਯਾਦ ਵਿਚ ਤੀਰਥ ਅਸਥਾਨ ਬਣੇ ਹੋਏ ਹਨ। ਇਸ ਧਰਤੀ ਨੂੰ ਪੁਰਾਤਨ ਸਮੇਂ ਤੋਂ ਸਾਧੂ-ਮਹਾਤਮਾ ਅਤੇ ਸੰਤਾਂ-ਭਗਤਾਂ ਨੇ ਪਵਿੱਤਰ ਕੀਤਾ ਹੈ।

---

[54] ਬਲਕਾਰ ਸਿੰਘ, *ਭਗਤ ਨਾਮਦੇਵ ਜੀਵਨ ਤੇ ਵਿਚਾਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਦੂਸਰੀ ਵਾਰ), ਪੰਨਾ 109.

[55] ਉਕਤ, ਪੰਨਾ ਉਹੀ।

[56] ਸਰਕਾਰ, ਜਾਦੂ ਨਾਥ, *ਸ਼ਿਵਾ ਜੀ ਅਤੇ ਉਸ ਦਾ ਸਮਾਂ*, ਅਮਰਵੰਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 2.

[57] ਬਲਕਾਰ ਸਿੰਘ, *ਭਗਤ ਨਾਮਦੇਵ ਜੀਵਨ ਤੇ ਵਿਚਾਰ,* ਪੰਨਾ 110.

ਮਹਾਰਾਸ਼ਟਰ ਪ੍ਰਾਂਤ ਦੀ ਪੰਜਾਬ ਅਤੇ ਸਿੱਖ ਧਰਮ ਨਾਲ ਪੁਰਾਣੀ ਅਤੇ ਗਹਿਰੀ ਸਾਂਝ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਜੀ ਯਾਤਰਾ 'ਤੇ ਜਾਂਦੇ ਹੋਏ ਅਤੇ ਦੂਸਰੀ ਵਾਰ ਜਦੋਂ ਉਹ ਘਰ ਵਾਪਸ ਪਰਤ ਰਹੇ ਸਨ ਤਾਂ ਦੋ ਵਾਰ ਮਹਾਰਾਸ਼ਟਰ ਦੇ ਖੇਤਰ ਨੂੰ ਛੂਹਿਆ।[58] ਗੁਰੂ ਸਾਹਿਬ ਨੇ ਆਪਣੇ ਪ੍ਰਚਾਰ ਦੌਰੇ ਸਮੇਂ ਇਸ ਇਲਾਕੇ ਵਿਚ ਸਿੱਖੀ ਦੇ ਬੀਜ ਦਾ ਛੱਟਾ ਦਿੱਤਾ ਸੀ। ਮਹਾਰਾਸ਼ਟਰ ਮੱਧ-ਭਾਰਤ ਦਾ ਉਹ ਰਾਜ ਹੈ ਜਿੱਥੇ ਜ਼ਿਆਦਾਤਰ ਮਰਾਠੇ ਵਾਸ ਕਰਦੇ ਹਨ। ਇਸ ਪ੍ਰਦੇਸ਼ ਦੀ ਪੰਜਾਬ ਨਾਲ ਸਭਿਆਚਾਰਕ ਸਾਂਝ ਵੀ ਬੜੀ ਗੂੜ੍ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਹਾਰਾਸ਼ਟਰ ਦੇ ਸੰਤਾਂ ਦੀ ਬਾਣੀ ਕਾਫ਼ੀ ਮਾਤਰਾ ਵਿਚ ਹੈ। ਸ੍ਰੀ ਗੁਰੂ ਗੋਬਿਦ ਸਿਘ ਜੀ ਦਾ ਜੋਤੀ ਜੋਤਿ ਸਮਾਉਣਾ ਵੀ ਇਥੋਂ ਦੇ ਹੀ ਸ਼ਹਿਰ ਨਾਂਦੇੜ ਵਿਚ ਹੋਇਆ ਜਿੱਥੇ ਅੱਜ ਗੁਰ-ਅਸਥਾਨਾਂ ਤੋਂ ਇਲਾਵਾ ਸਿੱਖਾਂ ਦਾ ਤਖ਼ਤ (ਸ੍ਰੀ ਹਜ਼ੂਰ ਸਾਹਿਬ) ਵੀ ਹੈ।[59] ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਇਸ ਨਗਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸੌਂਪੀ ਅਤੇ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ 'ਗੁਰੂ' ਮੰਨਣ ਦਾ ਆਦੇਸ਼ ਦਿੱਤਾ ਸੀ।

ਮਹਾਰਾਸ਼ਟਰ ਦਾ ਇਤਿਹਾਸ ਕਈ ਹਜ਼ਾਰ ਸਾਲ ਪੁਰਾਣਾ ਹੈ ਭਾਵੇਂ ਕਿ ਇਸ ਰਾਜ ਦੀ ਸਥਾਪਨਾ 1960 ਈ. ਵਿਚ ਹੋਈ ਸੀ ਪਰ ਪ੍ਰਚੀਨ ਕਾਲ ਤੋਂ ਲੈ ਕੇ ਭਾਰਤ ਦੀ ਆਜ਼ਾਦੀ ਦੇ ਸਮੇਂ ਤੱਕ ਮਹਾਰਾਸ਼ਟਰ ਦੇ ਖੇਤਰ ਵਿਚ ਕਈ ਪ੍ਰਸਿੱਧ ਰਾਜ -ਘਰਾਣਿਆਂ ਅਤੇ ਸਾਮਰਾਜਾਂ ਦਾ ਉਭਾਰ ਅਤੇ ਪਤਨ ਹੋਇਆ। ਇਤਿਹਾਸ ਦੇ ਵੱਖ-ਵੱਖ ਪੜਾਵਾਂ ਵਿਚ ਇਹ ਖੇਤਰ ਨੰਦ, ਮੋਰੀਆ, ਸਾਤਵਾਹਨ, ਚਾਲੂਕਯ, ਰਾਸ਼ਟਰਕੂਟ, ਯਾਦਵ, ਦਿੱਲੀ ਸਲਤਨਤ, ਮੁਗ਼ਲ ਸਾਮਰਾਜ, ਬਾਹਮਣੀ ਸਾਮਰਾਜ, ਦੱਖਣ ਸਲਤਨਤ, ਮਰਾਠਾ ਸਾਮਰਾਜ, ਹੈਦਰਾਬਾਦ ਅਤੇ ਬ੍ਰਿਟਿਸ਼ ਰਾਜ ਦੇ ਪ੍ਰਬੰਧ ਅਧੀਨ ਰਿਹਾ। ਇਸ ਸਮੇਂ ਦੌਰਾਨ ਸ਼ਾਸਨ ਕਰਨ ਵਾਲੇ ਕਈ ਰਾਜਵੰਸ਼ਾਂ ਨੇ ਸਾਹਿਤ ਦੇ ਖੇਤਰ ਵਿਚ ਯੋਗਦਾਨ ਪਾਉਣ ਦੇ ਨਾਲ ਨਾਲ ਮੂਰਤੀ ਕਲਾ, ਚਿੱਤਰਕਲਾ ਅਤੇ ਭਵਨ ਨਿਰਮਾਣ ਕਲਾ ਨੂੰ ਬਹੁਤ ਉਤਸ਼ਾਹ ਦਿੱਤਾ ਸੀ। ਇਨ੍ਹਾਂ ਸ਼ਾਸਕਾਂ ਦੁਆਰਾ ਬਣਾਏ ਗਏ ਭਵਨ ਨਿਰਮਾਣ ਕਲਾ ਦੇ ਉੱਤਮ ਨਮੂਨੇ ਅੱਜ ਵੀ ਮਹਾਰਾਸ਼ਟਰ ਦੇ ਵੱਖ ਵੱਖ ਸ਼ਹਿਰਾਂ ਵਿਚ ਮੌਜੂਦ ਹਨ ਪਰ ਇਨ੍ਹਾਂ ਵਿਚ ਕੁਝ ਇਮਾਰਤਾਂ ਅਜੋਕੇ ਸਮੇਂ ਵਿਚ ਖੰਡਰ ਬਣ ਚੁੱਕੀਆਂ ਹਨ।

---

[58] Kohli, Surindar singh, *Travels of Guru Nanak,* Publication Bureau, Punjab University, Chandigarh, 1969 (First Edition), page 97.

[59] *ਸੱਚਖੰਡ ਪੱਤਰ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਦਸੰਬਰ-1996 ਜਨਵਰੀ 1997, ਪੰਨਾ 48.

ਸਮੇਂ ਦੇ ਪਰਿਵਰਤਨ ਨਾਲ ਇਸ ਧਰਤੀ ਦਾ ਇਤਿਹਾਸ ਕਰਵਟ ਲੈਂਦਾ ਰਿਹਾ। ਸਮੇਂ ਸਮੇਂ 'ਤੇ ਇਹ ਇਲਾਕਾ ਵੱਖ ਵੱਖ ਰਾਜਵੰਸ਼ਾਂ ਦੇ ਰਾਜਸੀ ਪ੍ਰਬੰਧ ਅਧੀਨ ਆਉਂਦਾ ਰਿਹਾ। ਪ੍ਰਾਚੀਨ ਸਮੇਂ (ਲਗਭਗ ਚੌਥੀ ਅਤੇ ਤੀਜੀ ਸਦੀ ਈ . ਪੂ.) ਵਿਚ ਮਹਾਰਾਸ਼ਟਰ ਦਾ ਖੇਤਰ ਨੰਦ ਅਤੇ ਮੌਰੀਆ ਸਾਮਰਾਜ ਦਾ ਹਿੱਸਾ ਸੀ। ਬਾਅਦ ਵਿਚ ਇਹ ਖੇਤਰ ਸਾਤਵਾਹਨ ਰਾਜਵੰਸ਼ ਦੇ ਅਧੀਨ ਆ ਗਿਆ। ਸਾਤਵਾਹਨ ਇਸ ਰਾਜ ਦੇ ਪਹਿਲੇ ਪ੍ਰਸਿੱਧ ਸ਼ਾਸਕ (230 ਈ. ਪੂ. ਤੋਂ 225 ਈ.) ਸਨ ਜਿਹੜੇ ਮਾਹਰਾਸ਼ਟਰ ਦੇ ਸੰਸਥਾਪਕ ਸਨ। ਸਾਤਵਾਹਨ ਸ਼ਾਸਕਾਂ ਦੇ ਨਾਲ ਸੰਬੰਧ ਨੇ ਇਸ ਖੇਤਰ ਨੂੰ ਵਿਸ਼ੇਸ਼ ਰੂਪ ਵਿਚ ਸਾਹਿਤ , ਪੁਰਾਲੇਖ, ਪੁਰਾਤਤਵ ਦੇ ਖੇਤਰ ਵਿਚ ਬਹੁਤ ਸਾਰੇ ਲਾਭ ਪ੍ਰਦਾਨ ਕੀਤੇ ਸਨ। ਇਨ੍ਹਾਂ ਤੋਂ ਬਾਅਦ ਵਾਕਾਟਕ (Vakatakas) ਆਏ। ਉਸ ਸਮੇਂ ਮਹਾਰਾਸ਼ਟਰ ਵਿਚ ਵਿੱਦਿਆ, ਕਲਾ ਅਤੇ ਧਰਮ ਦੇ ਖੇਤਰ ਵਿਚ ਸਰਬਪੱਖੀ ਵਿਕਾਸ ਹੋਇਆ ਸੀ। ਅਜੰਤਾ ਗੁਫਾ ਚਿੱਤਰ ਇਸ ਸ਼ਾਸਨ ਕਾਲ ਦੀ ਮਿਸਾਲ ਹੈ। ਵਾਕਾਟਕਾਂ ਤੋਂ ਬਾਅਦ ਇਸ ਖੇਤਰ ਵਿਚ ਇੱਕ ਤੋਂ ਬਾਅਦ ਇੱਕ ਕਲਚੁਰੀ ਰਾਜਵੰਸ਼ (550 ਈ.-625 ਈ.), ਰਾਸ਼ਟਰਕੂਟ ਰਾਜਵੰਸ਼ (753 ਈ.-982 ਈ.) ਅਤੇ ਯਾਦਵ ਰਾਜਵੰਸ਼ (1187 ਈ.-1317 ਈ.) ਆਏ।[60]

ਲਗਭਗ 200 ਸਾਲ (543 ਈ.-753 ਈ. ਤੱਕ) ਇਸ ਇਲਾਕੇ ਵਿਚ ਚਾਲੂਕਯ ਰਾਜਵੰਸ਼ ਨੇ ਰਾਜ ਕੀਤਾ। ਯਾਦਵ ਵੰਸ਼ ਦੇ ਪਹਿਲੇ ਰਾਜੇ ਭੀਲਾਮਾ (Bhillama) ਨੇ 1187 ਈ. ਤੋਂ 1191 ਈ. ਤੱਕ ਇਥੇ ਰਾਜ ਕੀਤਾ ਸੀ ਅਤੇ ਇਸ ਨੇ ਮਹਾਰਾਸ਼ਟਰ ਵਿਚ ਸਥਿਤ ਦੇਵਗਿਰੀ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾ ਕੇ ਹਕੂਮਤ ਚਲਾਈ ਸੀ। ਬਾਅਦ ਵਿਚ ਦਿੱਲੀ ਸਲਤਨਤ ਦੇ ਸੁਲਤਾਨ ਮੁਹੰਮਦ ਬਿਨ ਤੁਗ਼ਲਕ (1290 ਈ.-1351 ਈ.) ਨੇ ਦੱਖਣੀ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਨੂੰ ਜਿੱਤ ਕੇ ਆਪਣੇ ਰਾਜ ਵਿਚ ਸ਼ਾਮਲ ਕੀਤਾ। ਇਸ ਨੇ ਆਪਣੀ ਰਾਜਧਾਨੀ ਦਿੱਲੀ ਨੂੰ ਬਦਲ ਕੇ ਮਹਾਰਾਸ਼ਟਰ ਦੇ ਦੇਵਗਿਰੀ (ਦੌਲਤਾਬਾਦ) ਸ਼ਹਿਰ ਵਿਚ ਤਬਦੀਲ ਕੀਤੀ ਸੀ। 1347 ਈ. ਵਿਚ ਦੱਖਣ ਵਿਚ ਬਾਹਮਣੀ ਰਾਜ ਦੀ ਸਥਾਪਨਾ ਹੋਈ ਸੀ। ਇਹ ਮੁਸਲਿਮ ਰਾਜ ਉੱਤਰ ਵਿਚ ਬਰਾਰ ਤੋਂ ਲੈ ਕੇ ਦੱਖਣ ਵਿਚ ਕ੍ਰਿਸ਼ਨਾ ਨਦੀ ਤੱਕ ਫੈਲਿਆ ਹੋਇਆ ਸੀ। ਇਹ ਅਜੋਕੇ ਮਹਾਰਾਸ਼ਟਰ ਦੇ ਜ਼ਿਆਦਾਤਰ ਹਿੱਸੇ ਵਿਚ ਫੈਲਿਆ ਹੋਇਆ ਸੀ। ਇਸ ਤੋਂ ਇਲਾਵਾ ਕਰਨਾਟਕਾ ਅਤੇ ਤੇਲੰਗਾਨਾ ਰਾਜ ਦਾ ਕੁਝ ਭਾਗ ਇਸ ਵਿਚ ਸ਼ਾਮਲ ਸੀ।

---

[60] https://indiawris.gov.in/wiki/doku.php?id=maharashtra

ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ 50 ਸਾਲਾਂ ਤੱਕ ਰਾਜ ਕੀਤਾ ਸੀ। ਈਸ਼ਵਰੀ ਪ੍ਰਸਾਦ ਦੇ ਅਨੁਸਾਰ ਔਰੰਗਜ਼ੇਬ ਦੇ ਸ਼ਾਸਨ-ਕਾਲ ਨੂੰ ਪੱਚੀ-ਪੱਚੀ ਸਾਲਾਂ ਦੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਸੰਨ 1658 ਤੋਂ 1682 ਈ. ਤੱਕ ਸਮਰਾਟ ਉੱਤਰੀ ਭਾਰਤ ਵਿਚ ਸ਼ਾਸਨ ਦੇ ਕੰਮਾਂ ਵਿਚ ਲੱਗਾ ਰਿਹਾ ਅਤੇ ਦੱਖਣ ਵੱਲ ਕੋਈ ਜ਼ਿਆਦਾ ਧਿਆਨ ਨਹੀਂ ਦਿੱਤਾ ਪਰ ਦੂਜੇ ਦੌਰ ਵਿਚ ਸੰਨ 1682 ਤੋਂ 1707 ਈ. ਤੱਕ ਉਹ ਦੱਖਣ ਵਿਚ ਰਿਹਾ ਅਤੇ ਆਪਣਾ ਸਾਰਾ ਸਮਾਂ ਲਗਾਤਾਰ ਸ਼ੀਆ ਰਾਜਾਂ ਅਤੇ ਮਰਾਠਿਆਂ ਨਾਲ ਲੜਦਾ ਰਿਹਾ।[61] ਦੱਖਣ ਦੀ ਸੂਬੇਦਾਰੀ ਦੌਰਾਨ ਔਰੰਗਜ਼ੇਬ ਨੇ ਮਹਾਰਾਸ਼ਟਰ ਦੇ ਔਰੰਗਾਬਾਦ ਸ਼ਹਿਰ ਨੂੰ ਆਪਣਾ ਸਦਰ-ਮੁਕਾਮ (ਹੈਡਕੁਆਰਟਰ) ਬਣਾਇਆ ਸੀ ਅਤੇ ਬੀਜਾਪੁਰ , ਅਹਿਮਦਨਗਰ, ਬਿਦਰ ਅਤੇ ਗੋਲਕੁੰਡਾ ਰਾਜਾਂ ਦੇ ਬਹੁਤ ਸਾਰੇ ਪ੍ਰਦੇਸ਼ਾਂ ਨੂੰ ਜਿੱਤ ਕੇ ਮੁਗ਼ਲ ਸਾਮਰਾਜ ਵਿਚ ਸ਼ਾਮਲ ਕਰ ਲਿਆ ਸੀ ਪ੍ਰੰਤੂ ਉਹ ਮਹਾਰਾਸ਼ਟਰ ਵਿਚ ਉਭਰ ਰਹੀ ਮਰਾਠਿਆਂ ਦੀ ਸ਼ਕਤੀ ਨੂੰ ਨਹੀਂ ਦਬਾ ਸਕਿਆ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦਾ ਛੋਟਾ ਪੁੱਤਰ ਕਾਮ ਬਖ਼ਸ਼ ਬੀਜਾਪੁਰ (ਦੱਖਣ) ਦਾ ਸੂਬੇਦਾਰ ਬਣਿਆ ਸੀ ਪਰ ਇਸ ਨੂੰ ਇਸ ਦੇ ਵੱਡੇ ਭਰਾ ਸ਼ਾਹਜ਼ਾਦਾ ਮੁਅੱਜ਼ਮ (ਬਹਾਦੁਰ ਸ਼ਾਹ) ਨੇ ਹਰਾ ਦਿੱਤਾ ਸੀ ਅਤੇ ਆਪ ਰਾਜਗੱਦੀ ਉੱਤੇ ਬੈਠ ਗਿਆ ਸੀ

17 ਵੀਂ ਸਦੀ ਵਿਚ ਸ਼ਿਵਾਜੀ ਨੇ ਮਰਾਠਿਆਂ ਦਾ ਸੰਗਠਨ ਕੀਤਾ ਅਤੇ ਬੀਜਾਪੁਰ ਤੇ ਮੁ ਗ਼ਲ ਸਾਮਰਾਜ ਦੇ ਵਿਰੁੱਧ ਬੜੀ ਦੇਰ ਤੱਕ ਯੁੱਧ ਕਰਕੇ ਸੁਤੰਤਰ ਮਰਾਠਾ ਰਾਜ ਦੀ ਸਥਾਪਨਾ ਕੀਤੀ। ਉਸ ਦੇ ਉੱਤਰਾਧਿਕਾਰੀ ਵੀ ਉਸ ਦੇ ਰਸਤੇ 'ਤੇ ਚਲਦੇ ਰਹੇ ਜਿਸ ਦਾ ਨਤੀਜਾ ਇਹ ਹੋਇਆ ਕਿ ਮੁ ਗ਼ਲ ਸਾਮਰਾਜ ਦੇ ਖੰਡਰਾਂ ਉੱਤੇ ਭਾਰਤ ਦੇ ਅਧਿਕਤਰ ਪ੍ਰਦੇਸਾਂ ਵਿਚ ਮਰਾਠੇ ਛਾ ਗਏ ।[62] ਲਗਭਗ ਮਹਾਰਾਸ਼ਟਰ ਦਾ ਸਾਰਾ ਖੇਤਰ ਮਰਾਠਿਆਂ ਦੇ ਪ੍ਰਬੰਧ ਅਧੀਨ ਹੋ ਗਿਆ। ਮਰਾਠਾ ਰਾਜਿਆਂ ਨੇ ਪ੍ਰਾਂਤਕ ਅਤੇ ਸਥਾ ਨਿਕ ਪ੍ਰਬੰਧ ਬੜੀ ਕੁਸ਼ਲਤਾ ਨਾਲ ਚਲਾਇਆ। ਲੋਕਹਿਤਵਾਦੀ ਕਹਿੰਦਾ ਹੈ ਕਿ "ਸ਼ਿਵਾ ਜੀ ਰਾਜਾ ਆਪਣੇ ਕਿਲ੍ਹਿਆਂ ਕਰਕੇ ਪ੍ਰਸਿੱਧ ਸੀ"। ਉਸ ਨੇ ਘੱਟੋ ਘੱਟ ਦੋ ਸੌ ਚਾਲ੍ਹੀ ਕਿਲ੍ਹੇ ਅਤੇ ਰਖਿਆ -ਸਥਾਨਾਂ ਉੱਤੇ ਕਬਜ਼ਾ ਕੀਤਾ ਜਾਂ ਬਣਾਏ।

---

61 Ishwari Prasad, *A New History of India* (Hindi Edition), The Indian Press, LTD, Allahabad, 1950, page 218.

62 ਅਰੋੜਾ, ਏ. ਸੀ., *ਮੱਧ ਕਾਲੀਨ ਭਾਰਤ ਦਾ ਇਤਿਹਾਸ (1000-1750)*, ਪੰਨਾ 341.

ਉਹ ਕਿਲ੍ਹਿਆਂ ਦਾ ਨਿਰਮਾਣ ਬਹੁਤ ਚੰਗੀ ਤਰ੍ਹਾਂ ਕਰਦਾ ਅਤੇ ਆਮ ਤੌਰ 'ਤੇ ਉਨ੍ਹਾਂ ਦੀ ਸੰਭਾਲ ਤੇ ਮੁਰੰਮਤ ਲਈ ਬਹੁਤ ਪੈਸੇ ਦਿੱਤੇ ਜਾਂਦੇ।[63] ਸ਼ਾਸਨ-ਪ੍ਰਬੰਧ ਵਿਚ ਸ਼ਿਵਾਜੀ ਇੱਕ ਸਫ਼ਲ ਰਾਜਾ ਸੀ। ਸ਼ਿਵਾਜੀ ਨੇ ਬੀਜਾਪੁਰ ਅਤੇ ਮੁਗ਼ਲਾਂ ਵਿਰੁੱਧ ਯੁੱਧ ਕਰਕੇ ਉਨ੍ਹਾਂ ਦੇ ਕਈ ਪ੍ਰਦੇਸ਼ਾਂ ਨੂੰ ਮਰਾਠਾ ਰਾਜ ਵਿਚ ਮਿਲਾ ਲਿਆ ਸੀ। ਮਰਾਠਾ ਰਾਜ ਦੇ ਦੱਖਣ ਵਿਚ ਮੈਸੂਰ ਅਤੇ ਹੈਦਰਾਬਾਦ (ਨਿਜ਼ਾਮ) ਗੁਆਂਢੀ ਰਾਜ ਸਨ।

1761 ਵਿਚ ਪਾਣੀਪਤ ਦੀ ਤੀਜੀ ਲੜਾਈ ਵਿੱਚ ਅਹਿਮਦ ਸ਼ਾਹ ਅਬਦਾਲੀ ਦੀਆਂ ਅਫਗਾਨ ਫੌਜਾਂ ਦੇ ਹੱਥੋਂ ਹਾਰ ਤੋਂ ਬਾਅਦ ਮਰਾਠਿਆਂ ਨੂੰ ਇੱਕ ਝਟਕਾ ਲੱਗਾ, ਹਾਲਾਂਕਿ ਉਨ੍ਹਾਂ ਨੇ ਛੇਤੀ ਹੀ ਗੁਆਚੇ ਹੋਏ ਇਲਾਕਿਆਂ ਨੂੰ ਮੁੜ ਹਾਸਲ ਕਰ ਲਿਆ ਅਤੇ ਅਠਾਰਵੀਂ ਸਦੀ ਦੇ ਅੰਤ ਤੱਕ ਨਵੀਂ ਦਿੱਲੀ ਸਮੇਤ ਮੱਧ ਅਤੇ ਉੱਤਰੀ ਭਾਰਤ 'ਤੇ ਰਾਜ ਕੀਤਾ। ਤੀਜੀ ਐਂਗਲੋ-ਮਰਾਠਾ ਯੁੱਧ (1817-1818) ਨੇ ਮਰਾਠਾ ਸਾਮਰਾਜ ਦਾ ਅੰਤ ਕੀਤਾ ਅਤੇ ਈਸਟ ਇੰਡੀਆ ਕੰਪਨੀ ਨੇ ਇਸ ਸਾਮਰਾਜ ਉੱਤੇ ਕਬਜਾ ਕਰ ਲਿਆ।[64] ਇਸ ਤਰ੍ਹਾਂ ਬ੍ਰਿਟਿਸ਼ ਕਾਲ ਵਿਚ ਮਹਾਰਾਸ਼ਟਰ ਦਾ ਖੇਤਰ ਅਗਰੇਜ਼ ਫੌਜਾਂ ਦੇ ਅਧਿਕਾਰ ਅਧੀਨ ਹੋ ਗਿਆ। ਅੰਗਰੇਜ਼ਾਂ ਨੇ ਫ਼ਰਾਂਸੀਸੀਆਂ ਉੱਤੇ ਵੀ ਜਿੱਤ ਪ੍ਰਾਪਤ ਕਰ ਲਈ ਸੀ। ਜੇਤੂ ਅੰਗਰੇਜ਼ਾਂ ਨੇ ਦੱਖਣ ਦੀਆਂ ਤਿੰਨ ਤਾਕਤਾਂ ਨਿਜ਼ਾਮ, ਮੈਸੂਰ ਅਤੇ ਮਰਾਠਿਆਂ ਨੂੰ ਵੀ ਹਰਾਇਆ ਅਤੇ 19ਵੀਂ ਸਦੀ ਦੇ ਦੂਜੇ ਦਹਾਕੇ ਤੱਕ ਉੱਤਰ-ਪੱਛਮੀ ਭਾਰਤ (ਪੰਜਾਬ) ਅਤੇ ਸਿੰਧ ਨੂੰ ਛੱਡ ਕੇ ਬਾਕੀ ਸਾਰਾ ਭਾਰਤ ਉਨ੍ਹਾਂ ਦੇ ਸਿੱਧਾ ਪ੍ਰਸ਼ਾਸਨ ਜਾਂ ਸਰਪ੍ਰਸਤ ਰਾਜਾਂ ਦਾ ਹਿੱਸਾ ਬਣ ਚੁੱਕਿਆ ਸੀ।[65]

The British ruled for more than a century and brought huge change in every aspect of life for the people of the Maharashtra region. Areas that correspond to present day Maharashtra were under direct or indirect British rule, first under the East India Company and then, from 1858, under the British crown. During this era,

---

[63] ਸੇਨ, ਐਸ. ਐਨ., *ਮਰਹੱਟਿਆਂ ਦੀ ਰਾਜ-ਪ੍ਰਬੰਧਕੀ ਪ੍ਰਣਾਲੀ*, ਗੁਰਬਚਨ ਸਿੰਘ ਸੇਠੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 18.

[64] https://en.m.wikipedia.org/wiki/Maharashtra

[65] ਗਜਰਾਨੀ, ਐਸ. ਡੀ., *ਆਧੁਨਿਕ ਭਾਰਤ ਦਾ ਇਤਿਹਾਸ (1707-1964 ਈ.)*, ਮਦਾਨ ਪਬਲੀਸਿੰਗ ਹਾਊਸ, ਪਟਿਆਲਾ, 2016 (ਪਹਿਲੀ ਵਾਰ), ਪੰਨਾ 20.

Maharashtra region was divided into the Bombay presidency, Berar, Central provinces, Hyderabad state and various Princely states such as Kolhapur and Miraj.[66] 15 ਅਗਸਤ 1947 ਈ. ਨੂੰ ਭਾਰਤ ਆਜ਼ਾਦ ਹੋਇਆ। ਇਸ ਸਮੇਂ ਦੌਰਾਨ ਮਹਾਰਾਸ਼ਟਰ ਦੇ ਲੋਕਾਂ ਅਤੇ ਨੇਤਾਵਾਂ ਨੇ ਵੱਧ -ਚੜ੍ਹ ਕੇ ਧਾਰਮਿਕ -ਰਾਜਨੀਤਿਕ ਅੰਦੋਲਨਾਂ ਵਿਚ ਭਾਗ ਲਿਆ। ਆਜ਼ਾਦੀ ਦੇ ਨਤੀਜੇ ਵਜੋਂ ਬੰਬਈ ਰਾਜ ਹੋਂਦ ਵਿਚ ਆਇਆ। ਇਹ ਪੱਛਮੀ ਭਾਰਤ ਦਾ ਇੱਕ ਵੱਡਾ ਰਾਜ ਸੀ। ਕੁਝ ਸਾਲ ਮਗਰੋਂ ਇਸ ਵਿਚ ਹੋਰ ਖੇਤਰ ਸ਼ਾਮਲ ਕੀਤੇ ਗਏ। 1956 ਈ. ਵਿਚ ਰਾਜਾਂ ਦਾ ਪੁਨਰਗਠਨ ਹੋਇਆ। ਇਸ ਸਮੇਂ ਹੈਦਰਾਬਾਦ ਰਾਜ ਦਾ ਕੁਝ ਹਿੱਸਾ ਬੰਬਈ ਰਾਜ ਵਿਚ ਸ਼ਾਮਲ ਕੀਤਾ ਗਿਆ ਸੀ। ਜਿਸ ਕਾਰਨ 1956 ਈ. ਵਿਚ ਨਾਂਦੇੜ ਦਾ ਇਲਾਕਾ ਹੈਦਰਾਬਾਦ ਰਾ ਜ ਤੋਂ ਅਲੱਗ ਹੋ ਗਿਆ ਅਤੇ ਇਹ ਬੰਬਈ ਰਾਜ ਦਾ ਹਿੱਸਾ ਬਣ ਗਿਆ। ਮਈ 1960 ਨੂੰ ਭਾਸ਼ਾ ਦੇ ਆਧਾਰ ਉੱਤੇ ਬੰਬਈ ਪ੍ਰਾਂਤ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ। ਗੁਜਰਾਤੀ ਬੋਲਣ ਵਾਲਾ ਹਿੱਸਾ ਉੱਤਰ ਵਿਚ ਸੀ ਅਤੇ ਮਰਾਠੀ ਭਾਸ਼ਾ ਬੋਲਣ ਵਾਲਾ ਹਿੱਸਾ ਦੱਖਣ ਵਿਚ ਸੀ। ਇਸ ਤਰ੍ਹਾਂ 1960 ਈ. ਵਿਚ ਬੰਬਈ ਪ੍ਰਾਂਤ ਦੇ ਪੁਨਰ -ਗਠਨ ਵਜੋਂ ਗੁਜਰਾਤ ਅਤੇ ਮਹਾਰਾਸ਼ਟਰ ਪ੍ਰਾਂਤ ਹੋਂਦ ਵਿਚ ਆਏ। ਨਤੀਜੇ ਵਜੋਂ ਨਾਂਦੇੜ ਮਹਾਰਾਸ਼ਟਰ ਰਾਜ ਵਿਚ ਆ ਗਿਆ ਅਤੇ ਇਹ ਮਹਾਰਾਸ਼ਟਰ ਦਾ ਇੱਕ ਜ਼ਿਲ੍ਹਾ ਬਣਿਆ। ਅੱਜ ਵਾਲਾ ਮਹਾਰਾਸ਼ਟਰ ਪੁਰਾਤਨ ਬੰਬਈ ਪ੍ਰਾਂਤ ਨਾਲੋਂ ਵੱਡਾ ਹੈ ਕਿਉਂਕਿ ਇਸ ਵਿਚ ਸਮੁੰਦਰ ਦੇ ਕੰਢੇ ਦੇ ਨਾਲ ਵਾਲਾ ਕਾ ਫ਼ੀ ਇਲਾਕਾ ਸ਼ਾਮਲ ਕਰ ਦਿੱਤਾ ਗਿਆ ਹੈ , ਜਿਸ ਨੂੰ ਕੋਂਕਣ ਦਾ ਇਲਾਕਾ ਕਿਹਾ ਜਾਂਦਾ ਸੀ। ਦੱਖਣ ਵੱਲ ਮਹਾਰਾਸ਼ਟਰ ਦੀ ਹੱਦ ਪੰਡਰਪੁਰ ਤੱਕ ਵਧਾ ਦਿੱਤੀ ਗਈ ਹੈ।[67] ਇਸ ਸਮੇਂ ਮਹਾਰਾਸ਼ਟਰ ਰਾਜ ਅਮਰਾਵਤੀ, ਔਰੰਗਾਬਾਦ, ਕੋਂਕਣ, ਪੁਨਾ, ਨਾਗਪੁਰ, ਨਾਸਿਕ ਛੇ ਡਵੀਜਨਾਂ ਅਤੇ ਛੱਤ੍ਹੀ ਜ਼ਿਲ੍ਹਿਆਂ ਵਿਚ ਵੰਡਿਆ ਹੋਇਆ ਹੈ। ਇਸ ਦੇ ਉੱਤਰ ਵੱਲ ਮੱਧ ਪ੍ਰਦੇਸ਼ ਅਤੇ ਗੁਜਰਾਤ , ਪੂਰਬ ਵੱਲ ਛੱਤੀਸਗੜ੍ਹ, ਦੱਖਣ ਵੱਲ ਤੇਲੰਗਾਨਾ ਅਤੇ ਕਰਨਾਟਕਾ ਰਾਜ ਅਤੇ ਪੱਛਮ ਵੱਲ ਵਿਸ਼ਾਲ ਅਰਬ ਸਾਗਰ ਲੱਗਦਾ ਹੈ।

---

66 https://en.m.wikipedia.org/wiki/History_of_Maharashtra

67 ਬਲਕਾਰ ਸਿੰਘ, *ਭਗਤ ਨਾਮਦੇਵ ਜੀਵਨ ਤੇ ਵਿਚਾਰ,* ਪੰਨਾ 109.

**ਨਾਂਦੇੜ ਸਾਹਿਬ**

ਨਾਂਦੇੜ ਮਹਾਰਾਸ਼ਟਰ ਰਾਜ ਦਾ ਇੱਕ ਪੁਰਾਤਨ ਧਾਰਮਿਕ ਅਤੇ ਇਤਿਹਾਸਕ ਨਗਰ ਹੈ। ਮੌਜੂਦਾ ਸਮੇਂ ਵਿਚ ਇਹ ਮਹਾਰਾਸ਼ਟਰ ਦੇ ਮਰਾਠਵਾੜਾ ਖੇਤਰ ਦਾ ਇੱਕ ਵੱਡਾ ਸ਼ਹਿਰ ਅਤੇ ਜ਼ਿਲ੍ਹਾ ਹੈਡਕੁਆਰਟਰ ਹੈ। ਨਾਂਦੇੜ ਨਗਰ ਮਹਾਰਾਸ਼ਟਰ ਦੀ ਔਰੰਗਾਬਾਦ ਡਵੀ ਜ਼ਨ ਵਿਚ ਸਥਿਤ ਹੈ। ਇਹ ਨਗਰ ਭਾਰਤ ਦੀ ਪ੍ਰਸਿੱਧ ਨਦੀ ਗੋਦਾਵਰੀ ਦੇ ਰਮਣੀਕ ਕੰਢੇ ਉੱਤੇ ਵਸਿਆ ਹੋਇਆ ਹੈ। ਭਾਰਤ ਦਾ ਇਹ ਪੁਰਾਤਨ ਇਤਿਹਾਸਕ ਅਤੇ ਧਾਰਮਿਕ ਨਗਰ ਪਹਿਲਾਂ ਹੈਦਰਾਬਾਦ ਰਿਆਸਤ ਦਾ ਹਿੱਸਾ ਸੀ। ਦੇਸ ਦੀ ਸੁੰਤਤਰਤਾ ਪਿਛੋਂ 1956 ਈ: ਵਿੱਚ ਪ੍ਰਾਂਤਾ ਦੀ ਹੋਈ ਨਵੀਂ ਹੱਦ -ਬੰਦੀ ਵਿੱਚ ਨਾਂਦੇੜ ਨੂੰ ਬੰਬਈ ਰਾਜ ਵਿਚ ਸ਼ਾਮਲ ਕਰ ਦਿੱਤਾ ਗਿਆ ਸੀ। ਮਈ 1960 ਈ. ਵਿਚ ਇਹ ਮਹਾਰਾਸ਼ਟਰ ਦਾ ਹਿੱਸਾ ਬਣਾ ਗਿਆ ਸੀ। ਅਜੋਕੇ ਸਮੇਂ ਵਿਚ ਇਹ ਮਰਾਠਵਾੜਾ ਖੇਤਰ ਵਿਚ ਪੈਂਦਾ ਹੈ। ਮਰਾਠਵਾੜਾ ਮਹਾਰਾਸ਼ਟਰ ਦਾ ਉਹ ਖੇਤਰ ਹੈ ਜਿੱਥੇ ਵੱਡੀ ਗਿਣਤੀ ਵਿਚ ਮਰਾਠੀ ਭਾਸ਼ਾ ਬੋਲਣ ਵਾਲੇ ਲੋਕ ਰਹਿੰਦੇ ਹਨ। ਇਹ ਨਗਰ ਔਰੰਗਾਬਾਦ ਤੋਂ ਦੱਖਣ -ਪੂਰਬ ਵੱਲ 280 ਕਿ. ਮੀ., ਹੈਦਰਾਬਾਦ ਤੋਂ ਉੱਤਰ ਵੱਲ 284 ਕਿ. ਮੀ. ਅਤੇ ਦਿੱਲੀ ਤੋਂ ਦੱਖਣ ਵੱਲ 1390 ਕਿ. ਮੀ. ਦੂਰੀ ’ਤੇ ਸਥਿਤ ਹੈ।

ਨਾਂਦੇੜ ਦੀ ਧਰਤੀ ’ਤੇ ਆਦਿ ਕਾਲ ਤੋਂ ਹੀ ਰੱਬੀ ਬੋਲਾਂ ਦੀ ਗੂੰਜ ਪੈਂਦੀ ਰਹੀ ਹੈ। ਗੋਦਾਵਰੀ ਨਦੀ ਇਸ ਨਗਰ ਦੇ ਬਿਲਕੁਲ ਕੋਲ ਦੀ ਵਹਿੰਦੀ ਸੀ। ਪੁਰਾਤਨ ਸਮੇਂ ਤੋਂ ਨਾਂਦੇੜ ਸਾਧੂ-ਮਹਾਤਮਾਵਾਂ ਦੀ ਨਗਰੀ ਹੈ। ਸਾਧੂ-ਮਹਾਤਮਾ (ਰਿਸ਼ੀ-ਮੁਨੀ) ਇਥੇ ਨਿਵਾਸ ਕਰਦੇ ਸਨ। ਪ੍ਰਚੱਲਿਤ ਇੱਕ ਰਵਾਇਤ ਅਨੁਸਾਰ ਇਸ ਦਾ ਅਜੋਕਾ ਨਾਮ ਵੀ ਇਥੇ ਵਸਦੇ ਨੌ ਨੰਦ (ਨੌ ਸਾਧੂਆਂ) ਦੇ ਨਾਮ ’ਤੇ ਨਾਂਦੇੜ ਹੋ ਗਿਆ ਸੀ। ਨਾਂਦੇੜ ਨਗਰ ਨੂੰ ਸਿੱਖ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਵਿੱਤਰ ਚਰਨ - ਛੋਹ ਨਾਲ ਨਿਵਾਜਿਆ ਹੋਇਆ ਹੈ। ਇਹ ਧਰਤੀ ਖੁਸ਼ਹਾਲ ਅਤੇ ਰਮਣੀਕ ਸੀ। ਇਸ ਪਵਿੱਤਰ ਧਰਤੀ ਦੇ ਸਾਂਤ ਵਾਤਾਵਰਨ ਅਤੇ ਨਦੀਆਂ ਦੇ ਕਿਨਾਰੇ ਰਿਸ਼ੀ-ਮੁਨੀ ਅਤੇ ਸੰਤ -ਮਹਾਤਮਾ ਪਰਮਾਤਮਾ ਦਾ ਸਿਮਰਨ ਕਰਦੇ ਅਤੇ ਕਰਤੇ ਦੀ ਕੁਦਰਤ ਦਾ ਗਾਇਨ ਕਰਦੇ ਸਨ। ਨਾਨਕ ਸਿੰਘ ਨਿਸ਼ਤਰ ਲਿਖਦਾ ਹੈ ਇਸ ਇਲਾਕੇ ਵਿਚ 40 ਤੋਂ 50 ਹਜ਼ਾਰ ਸਾਲ ਪਹਿਲਾਂ ਦੀ ਮਨੁੱਖੀ ਵਸੋਂ ਦੇ ਸਬੂਤ ਲੱਭੇ ਹਨ। ਪੁਰਾ -ਖੋਜ ਦੇ ਪੱਖੋਂ ਇਹ ਥਾਂ ਆਪਣੀ ਮਿਸਾਲ ਆਪ ਹੈ। ਮਹਾਂਭਾਰਤ ਦੇ ਸਮੇਂ ਪਾਂਡਵ ਨਾਂਦੇੜ ਨਗਰ ਵਿਚੋਂ ਦੀ ਲੰਘੇ ਸਨ। ਰਾਮਾਇਣ

ਵਿਚ ਹਵਾਲਾ ਮਿਲਦਾ ਹੈ ਕਿ ਭਰਤ ਦੀ ਮਾਤਾ ਇਥੋਂ (ਨਾਂਦੇੜ) ਦੀ ਸੀ।[68] ਭਾਈ ਸੰਤੋਖ ਸਿੰਘ ਅਤੇ ਭਾਈ ਸੁੱਖਾ ਸਿੰਘ ਨੇ ਇਸ ਨਗਰ ਨੂੰ ਸਤਿਜੁਗ ਦੀ ਆਦਿਪੁਰੀ ਅਤੇ ਸਵਰਨ ਪੁਰੀ ਕਹਿ ਕੇ ਪ੍ਰਸੰਸਾ ਕੀਤੀ ਹੈ ਅਤੇ ਇਸ ਦੀ ਧਾਰਮਿਕ ਮਹੱਤਤਾ ਨੂੰ ਇਸ ਤਰ੍ਹਾਂ ਕਹਿ ਕੇ ਵਡਿਆਉਂਦੇ ਹਨ:

**ਨਗਰ ਨਦੇੜ ਬਸੰਤਿ ਬਿਸਾਲਾ। ਜਿਸ ਮਹਿਂ ਰਹੈਂ ਧਨੀ ਨਰ ਜਾਲਾ।**

**ਆਦਿਪੁਰੀ ਸਤਿਜੁਗ ਤੇ ਬਸੀ। ਦਰਬ ਅਧਿਕ ਤੇ ਦੀਰਘ ਲਸੀ ॥21॥**[69]

**ਸਿੱਧ ਚੌਰਾਸੀ ਨਵ ਨਾਥ ਦੇਵਾਨ ਸੋ ਜਤੀ ਸਤੀ ਯਾਮੈ ਸਮਾਣੇ॥**

**ਸ੍ਵਰਨ ਕੀ ਪੁਰੀ ਯਹ ਆਦਿ ਸਤਿਜੁਗ ਕੇ ਕੁਲ ਗ੍ਰਿਹ ਦੇਖੀਯੈ ਜਰਜਰਾਣੇ॥**

**ਕੋਸ ਬਵੰਜ ਮੈ ਪੁੰਜ ਯਹ ਬਸਤ ਥੀ ਊਚ ਗ੍ਰਿਹ ਨਿਰਖੀਐ ਨਗ ਜੜਾਏ॥**

**ਤਵਨ ਹੀ ਦਿਵਸ ਕੀ ਠੋਰ ਯਹ ਆਦਿ ਕੀ ਲਈ ਹਮ ਢੂਢ ਕਰ ਨਿਜ ਸਿਵਾਣੇ॥74॥**

**ਹਾਟ ਕੀ ਪੁਰੀ ਇਹ ਨਾਮ ਨਿਜ ਬਸਤ ਥੀ ਹਾਟਕੰ ਨਿਰਖੀਯੈ ਧਾਮ ਸਾਰੇ॥**

**ਦੂਧ ਕੀ ਗੰਗ ਯਹ ਸ੍ਵਰਨ ਕੀ ਪੋਰੀਆ ਹੀਰ ਨਗ ਜਰੇ ਬਹੁ ਮੋਲ ਭਾਰੇ॥**

**ਜੁਰਤ ਸਦੀਵ ਦੇਵਾਨ ਕੋ ਮੇਲ ਇਤ ਕੋਸ ਬਵੰਜ ਬਾਜਾਰ ਨਿਯਾਰੇ॥**

**ਧਰਮ ਕੀ ਧੁਜਾ ਜਨੁ ਧੋਲ 'ਜਿਯੌ ਗਡੀ ਥੀ' ਪਾਪ ਸੰਤਾਪ ਤਿਹ ਠੋਰ ਮਾਰੇ॥75॥**[70]

ਪੁਰਾਤਨ ਸਮੇਂ ਤੋਂ ਹੀ ਇਥੇ ਗੋਦਾਵਰੀ ਨਦੀ ਵਗਦੀ ਆ ਰਹੀ ਹੈ। ਇਹ ਦੱਖਣੀ ਭਾਰਤ ਦੀ ਇੱਕ ਪ੍ਰਸਿੱਧ, ਪਵਿੱਤਰ ਅਤੇ ਸਭ ਤੋਂ ਵੱਡੀ ਨਦੀ ਹੈ। ਦੱਖਣੀ ਭਾਰਤ ਵਿਚ ਇਹ ਨਦੀ ਪੱਛਮੀ ਘਾਟ ਤੋਂ ਲੈ ਕੇ ਪੂਰਵੀ ਘਾਟ ਤੱਕ , ਮਹਾਰਾਸ਼ਟਰ, ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਵਿਚੋਂ ਦੀ ਵਗਦੀ ਹੈ। ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ ਇਸ ਨੂੰ 'ਦੱਖਣ ਭਾਰਤ ਦੀ ਗੰਗਾ ' ਵੀ ਕਿਹਾ ਜਾਂਦਾ ਹੈ ਕਿਉਂਕਿ ਭਾਰਤ ਦੀਆਂ

---

68 ਨਿਸ਼ਤਰ, ਨਾਨਕ ਸਿੰਘ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿਖ ਪੰਥ ਨੂੰ ਦੇਣ* , ਹਰਪਾਲ ਸਿੰਘ ਪੰਨੂ (ਅਨੁ.), ਇੰਟਰਨੈਸ਼ਨਲ ਸਿੱਖ ਸੈਂਟਰ ਫਾਰ ਇੰਟਰਫੇਥ ਰਿਲੇਸ਼ਨਸ, ਹੈਦਰਾਬਾਦ, 2019 (ਪਹਿਲੀ ਵਾਰ), ਪੰਨਾ 8.

69 ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1992, ਪੰਨਾ 6237.

70 ਸੁਖਾ ਸਿੰਘ , ਭਾਈ, *ਗੁਰਬਿਲਾਸ ਪਾਤਸਾਹੀ ਦਸਮੀ* , ਮਨਵਿੰਦਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ, 2016 (ਪਹਿਲੀ ਵਾਰ), ਪੰਨਾ 419.

ਨਦੀਆਂ ਵਿਚ ਇਸ ਦਾ ਤੀਜਾ ਸਥਾਨ ਹੈ। [71] ਇਹ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿਚ ਤ੍ਰਿਅੰਬਕ ਨਗਰ ਦੀਆਂ ਪਹਾੜੀਆਂ ਵਿੱਚੋਂ ਨਿਕਲ ਕੇ ਲਗਭਗ ਨੌਂ ਸੌ ਮੀਲ ਵਹਿੰਦੀ ਹੋਈ , ਬੰਗਾਲ ਦੀ ਖਾੜੀ ਵਿੱਚ ਰਾਜਮੁੰਦਰੀ (ਰਾਜਮਹੇਂਦਰਵਰਮ-ਆਂਧਰਾ ਪ੍ਰਦੇਸ਼) ਨੇੜੇ ਸਮੁੰਦਰ ਵਿੱਚ ਜਾ ਡਿਗਦੀ ਹੈ। ਇਹ ਆਂਧਰਾ ਪ੍ਰਦੇਸ਼ ਵਿਚ ਦਾਖਲ ਹੋਣ ਤੋਂ ਪਹਿਲਾਂ ਲਗਭਗ 150 ਕਿ. ਮੀ. ਤੱਕ ਨਾਂਦੇੜ ਜ਼ਿਲ੍ਹੇ ਵਿਚੋਂ ਦੀ ਲੰਘਦੀ ਹੈ। ਨਾਂਦੇੜ ਸ਼ਹਿਰ ਲਗਭਗ 8 ਕਿ. ਮੀ. ਨਦੀ ਦੇ ਕਿਨਾਰੇ ਹੈ ਅਤੇ ਸ਼ਹਿਰ ਨੂੰ ਦੋ ਭਾਗਾਂ ਵਿਚ ਵੰਡ ਦੀ ਹੈ।[72] ਸ੍ਰੀ ਅਬਚਲਨਗਰ (ਹਜ਼ੂਰ ਸਾਹਿਬ) ਇਸ ਨਦੀ ਦੇ ਕਿਨਾਰੇ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਖ਼ਰੀ ਸਮੇਂ ਦਾ ਇਸ ਨਦੀ ਨਾਲ ਖ਼ਾਸ ਸੰਬੰਧ ਹੈ ਅਤੇ ਇਸਦੇ ਕੰਢੇ 'ਤੇ ਸਿੱਖ ਇਤਿਹਾਸਕ ਥਾਂਵਾ ਹਨ। ਸਮੁੰਦਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਇਹ ਨਦੀ ਭੀ ਗੰਗਾ ਵਾਂਗ ਕਈ ਨਦੀਆਂ ਜਾਂ ਸਾਖ਼ਾਂ ਵਿੱਚ ਵੰਡੀ ਜਾਂਦੀ ਹੈ।[73] ਪ੍ਰਾਚੀਨ ਕਾਲ ਤੋਂ ਗੋਦਾਵਰੀ ਨਦੀ ਦਾ ਬਹੁਤ ਇਤਿਹਾਸਕ ਅਤੇ ਧਾਰਮਿਕ ਮਹੱਤਵ ਹੈ। ਇਸ ਦੇ ਕੰਢੇ ਰਿਸ਼ੀਆਂ-ਮੁਨੀਆਂ ਦੇ ਆਸ਼ਰਮ ਸਨ। ਅੱਜ ਵੀ ਇਸ ਦੇ ਪੂਰੇ ਦਰਿਆਈ ਕੰਢੇ 'ਤੇ ਕਈ ਇਤਿਹਾਸਕ ਥਾਵਾਂ ਅਤੇ ਹਿੰਦੂਆਂ ਦੇ ਤੀਰਥ ਅਸਥਾਨ (ਮੰਦਿਰ) ਹਨ। ਜਿਨ੍ਹਾਂ ਦੇ ਹਜ਼ਾਰਾਂ ਸ਼ਰਧਾਲੂ ਦਰਸ਼ਨ ਕਰਨ ਆਉਂਦੇ ਹਨ। ਇਸ ਦੇ ਕੰਢੇ ਪ੍ਰਸਿੱਧ ਤੀਰਥ ਇਹ ਹਨ - ਨਾਸਿਕ, ਗੋਵਰਧਨ, ਪੰਚਵਟੀ ਆਦਿ। [74] The great bathing festival, called Pushkaram, celebrated in diffierent years on the most sacred rivers of India, is held every twelfth year on the banks of the Godavari at Rajahmundry.[75]

---

[71] ਜੱਗੀ, ਰਤਨ ਸਿੰਘ, *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 444.

[72] Pranita M. Wange, *Material Use and Recycle: Comparative Study of Waste Management in Nanded City,* Department of Geography, Swami Ramanand Teerth Marathwda University, Nanded, October 2016, Page 46.

[73] ਮਾਸਟਰ, ਮਹਿਤਾਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010 (ਸੱਤਵੀਂ ਵਾਰ), ਪੰਨੇ 170-71.

[74] ਜੱਗੀ, ਰਤਨ ਸਿੰਘ, *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 444.

[75] *Imperial Gazetteer of India Provincial Series Hyderabad State,* Superintendent of Government Printing, Calcutta, 1909, Page 93.

ਭਾਈ ਵੀਰ ਸਿੰਘ ਨੇ 'ਲਹਿਰਾਂ ਦੇ ਹਾਰ' ਕਾਵਿ-ਸੰਗ੍ਰਹਿ ਦੀ ਇੱਕ ਕਵਿਤਾ 'ਗੋਦਾਵਰੀ ਗੀਤ' ਵਿਚ ਅਤੇ 'ਬਿਜਲੀਆਂ ਦੇ ਹਾਰ' ਦੀ ਕਵਿਤਾ 'ਗੋਦਾਵਰੀ ਦੀ ਸੰਗੀਤਕ ਥਰਹਰ' ਵਿਚ ਗੋਦਾਵਰੀ ਨਦੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲਾਂ ਦੀ ਪਾਰਸ ਛੁਹ ਨੂੰ ਪ੍ਰਾਪਤ ਕਰ ਕੇ ਖ਼ੁਦ ਨਾਦ ਰੂਪ ਹੋਈ ਦਾ ਬਿਆਨ ਪੇਸ਼ ਕੀਤਾ ਹੈ।[76] ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ ਕਿ ਇਹ ਤੀਰਥ ਮਹਾਨ ਨਹੀ ਸਗੋਂ ਮਹਾਂਪੁਰਖ ਮਹਾਨ ਤੇ ਵੱਡੇ ਹਨ ਅਤੇ ਇਹ ਤੀਰਥ ਸੰਤਾਂ -ਸਾਧੂਆਂ ਦੀ ਚਰਨਾਂ ਦੀ ਧੂੜ ਪਰਸਣ ਲਈ ਤੱਤਪਰ ਰਹਿੰਦੇ ਹਨ ਤਾਂ ਜੋ ਉਨ੍ਹਾਂ ਵਿੱਚ ਇਸ਼ਨਾਨ ਕਰਨ ਆਏ ਪਾਪੀਆਂ ਦੀ ਮੈਲ ਦੂਰ ਹੋ ਸਕੇ:

**ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥**

**ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥**[77]

ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਰਮਣੀਕ ਕਿਨਾਰੇ ਸਾਧੂ -ਮਹਾਤਮਾਵਾਂ ਦੇ ਆਸ਼ਰਮ ਹੁੰਦੇ ਸਨ। ਇਹ ਕਿਹਾ ਜਾਂਦਾ ਹੈ ਕਿ ਪ੍ਰਾਚੀਨ ਸਮੇਂ ਵਿਚ ਨਾਂਦੇੜ ਵਿਖੇ ਗੋਦਾਵਰੀ ਦੇ ਕੰਢੇ ਗੋਤਮ ਰਿਸ਼ੀ ਅਤੇ ਸ਼ਿਵ ਦੇ ਵਾਹਨ 'ਨੰਦੀ' ਨੇ ਤਪ ਕੀਤਾ ਸੀ। ਗੋਤਮ ਰਿਸ਼ੀ ਦਾ ਤਪ ਸਥਾਨ ਗੁਰਦੁਆਰਾ ਬੰਦਾ ਘਾਟ ਸਾਹਿਬ ਦੇ ਪੱਛਮ ਵੱਲ ਗੋਦਾਵਰੀ ਦੇ ਉੱਤਰੀ ਕੰਢੇ 'ਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਤੋਂ ਪਹਿਲਾ ਬੰਦਾ ਸਿੰਘ ਬਹਾਦਰ ਦਾ ਡੇਰਾ ਇਸਦੇ ਕੰਢੇ 'ਤੇ ਸਥਿਤ ਸੀ। ਪ੍ਰਚੀਨ ਸਮੇਂ ਵਿਚ ਗੋਦਾਵਰੀ ਦੇ ਪਾਣੀ ਅਤੇ ਰੱਬੀ ਬਾਣੀ ਨਾਲ ਇਹ ਧਰਤੀ ਧਾਰਮਿਕ , ਅਧਿਆਤਮਿਕ, ਪਵਿੱਤਰ ਅਤੇ ਪੂਜਨੀਯ ਬਣੀ ਹੋਈ ਸੀ। ਇਸ ਤਰ੍ਹਾਂ ਇਸ ਧਰਤੀ ਦੀ ਧਾਰਮਿਕ ਮਹਾਨਤਾ ਪੂਜਨੀਯ ਅਤੇ ਗੌਰਭਸ਼ਾਲੀ ਰਹੀ ਹੈ।

ਨਾਂਦੇੜ ਸ਼ਹਿਰ ਗੋਦਾਵਰੀ ਨਦੀ ਦੇ ਕੰਢੇ ਉੱਤੇ ਵਸਿਆ ਹੋਇਆ ਹੈ। ਪੁਰਾਣੇ ਧਾਰਮਿਕ ਗ੍ਰੰਥਾਂ ਵਿਚ ਇਸਨੂੰ 'ਨੰਦੀਗ੍ਰਾਮ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। [78] ਬਾਬਾ ਸੁਮੇਰ ਸਿੰਘ ਅਨੁਸਾਰ ਇਸਦਾ ਪਹਿਲਾਂ

---

[76] ਜੱਗੀ, ਰਤਨ ਸਿੰਘ (ਸੰਪਾ.), *ਭਾਈ ਵੀਰ ਸਿੰਘ ਸਾਹਿਤ ਕੋਸ਼,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988 (ਪਹਿਲੀ ਵਾਰ), ਪੰਨਾ 65.

[77] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* , ਪੋਥੀ ਚੌਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅੰਮ੍ਰਿਤਸਰ, ਸਤੰਬਰ 2010, ਪੰਨਾ 1263.

[78] Roshan Singh s/o Babu Singh, *Financial Management of the Sikh Gurudwara Sachkhand Shri Hazur Abachalnagar Sahib in the Last Decade Nanded,* Department of Commerce, Swami Ramanand Teerth Marathwada University, Nanded, August 2008, page 24.

ਨਾਂ 'ਪੁਨਯੋਦਯ' ਸੀ ਬਾਅਦ ਵਿਚ 'ਨੰਦੀਤੱਟ' ਪੈ ਗਿਆ ਅਤੇ ਇਸ ਤੋਂ ਬਾਅਦ ਇਹ 'ਨਾਂਦੇੜ' ਦੇ ਨਾਮ ਨਾਲ ਪ੍ਰਸਿੱਧ ਹੋ ਗਿਆ। ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਗ੍ਰੰਥ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਹੈ:

**ਸਹਰ ਨਦੇੜ ਨਾਮ ਅਤਿ ਅਨੁਪਮ ਜਹ ਗੋਦਾਵਰਿ ਬਾਰੀ॥**

**ਪ੍ਰਥਮ ਨਾਮ ਪੁਨਯੋ ਦਯ ਜਾਕੋ ਪੁਨ ਨੰਦੀ ਤਟ ਭਾਰੀ॥**

**ਨੰਦੀ ਤਟ ਕੋ ਨਰ ਬਿਗਾਰ ਕਰ ਨਦਿੜ ਕਹਵਤ ਕੀਨੀ॥**[79]

The history of the city is revealed from a copper plate found it Washim which places the origin of the city some time in the fourth century.[80] The copper plate found at Vasim, (known as Vatsagulma in ancient times) indicates that Nanded was formerly known as Nandi-tat, as per the inscription clearly visible on it.[81] ਗੋਦਾਵਰੀ ਨਦੀ ਦੇ ਤੱਟ 'ਤੇ ਸਥਿਤ ਹੋਣ ਕਾਰਨ ਨਾਂਦੇੜ ਦਾ ਮੂਲ ਨਾਮ ਗੋਦਾਵਰੀ ਨਦੀ ਨਾਲ ਜੁੜਿਆ ਹੋਇਆ ਹੈ। ਨਾਂਦੇੜ ਦੇ ਨਾਮਕਰਨ ਸੰਬੰਧੀ ਵੱਖ -ਵੱਖ ਰਾਵਾਂ ਪ੍ਰਚੱਲਿਤ ਹਨ। ਕਈ ਇਤਿਹਾਸਕਾਰਾਂ ਅਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਨਾਂਦੇੜ ਸ਼ਹਿਰ ਦਾ ਨਾਮ ਗੋਦਾਵਰੀ ਨਦੀ ਦੇ ਤੱਟ 'ਤੇ ਸਥਿਤ ਸ਼ਿਵ (ਸ਼ਿਵਜੀ) ਦੇ ਵਾਹਨ 'ਨੰਦੀ' ਦੇ ਤਪ ਅਸਥਾਨ 'ਨੰਦੀ-ਤੱਟ' (Nandi-Tat) ਤੋਂ ਪਿਆ ਹੈ। ਕੁਝ ਦਾ ਮੰਨਣਾ ਹੈ ਕਿ ਪੁਰਾਤਨ ਸਮੇਂ ਨੌਂ ਨੰਦਾਂ (ਨੌ ਸਾਧੂਆਂ) ਨੇ ਗੋਦਾਵਰੀ ਦੇ ਤੱਟ ਉੱਤੇ ਤਪੱਸਿਆ ਕੀਤੀ ਸੀ ਜਿਨ੍ਹਾਂ ਨੂੰ 'ਨੰਦ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਨ੍ਹਾਂ ਨੌਂ ਨੰਦਾਂ ਦੇ ਨਾਮ ਦੇ ਆਧਾਰ 'ਤੇ ਇਸਦਾ ਨਾਂ 'ਨੌ ਨੰਦ ਡੇਰਾ ' (ਨਵ ਨੰਦ ਡੇਹਰਾ) (Nand-Tat) ਪੈ ਗਿਆ ਸੀ। ਨੰਦੀਤੱਟ ਤੋਂ ਬਿਗੜ ਕੇ ਨਾਂਦੇੜ ਪ੍ਰਚੱਲਿਤ ਹੋ ਗਿਆ ਸੀ। ਕਈ ਇਤਿਹਾਸਕਾਰਾਂ ਦਾ ਮਤ ਹੈ ਕਿ ਪੁਰਾਤਨ ਸਮੇਂ ਵਿਚ ਨਾਂਦੇੜ ਦੇ ਉੱਤਰ ਵੱਲ ਕਾ ਫ਼ੀ ਸਮਾਂ ਨੰਦ ਵੰਸ਼ (5th Centurty BCE or mid- 4th Century BCE) ਦਾ ਰਾਜ ਰਹਿਣ ਕਾਰਨ ਇਸ ਨਗਰੀ ਦਾ ਨਾਮ ਨੌ ਨੰਦ

---

79 ਸੁਮੇਰ ਸਿੰਘ , ਬਾਬਾ, *ਸ੍ਰੀ ਗੁਰ -ਪਦ ਪ੍ਰੇਮ ਪ੍ਰਕਾਸ਼* , ਅੱਛਰ ਸਿੰਘ ਕਾਹਲੋਂ (ਸੰਪਾ.), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਪਹਿਲੀ ਵਾਰ), ਪੰਨਾ 494.

80 Roshan Singh s/o Babu Singh, *Financial Management of the Sikh Gurudwara Sachkhand Shri Hazur Abachalnagar Sahib in the Last Decade Nanded,* page 24.

81 Pranita M. Wange, *Material Use and Recycle: Comparative Study of Waste Management in Nanded City,* Page 40.

ਡੇਹਰਾ ਤੋਂ ਨਾਂਦੇੜ ਪ੍ਰਚਲਿਤ ਹੋ ਗਿਆ ਸੀ। ਮੈਕਸ ਆਰਥਰ ਮੈਕਾ ਲਿਫ਼ ਲਿਖਦੇ ਹਨ ਆਧੁਨਿਕ ਸ਼ਹਿਰ ਨਾਂਦੇੜ ਦਾ ਅਸਲੀ ਨਾਂ ਨੌ ਨੰਦ ਡੇਹਰਾ ਸੀ। ਕਿਹਾ ਜਾਂਦਾ ਹੈ ਕਿ ਪੂਰਵ -ਇਤਿਹਾਸ ਕਾਲ ਵਿਚ ਇਥੇ ਨੌ ਰਿਸ਼ੀ ਰਹਿੰਦੇ ਸਨ।[82]

ਭੂਗੋਲਿਕ ਤੌਰ 'ਤੇ ਨਾਂਦੇੜ ਜ਼ਿਲ੍ਹਾ ਮਹਾਰਾਸ਼ਟਰ ਦੇ ਮਰਾਠਵਾੜਾ ਖੇਤਰ ਦੇ ਪੂਰਬ ਵਿਚ ਹੈ। ਇਹ ਮਰਾਠਵਾੜਾ ਦੇ ਔਰਗਾਬਾਦ ਤੋਂ ਬਾਅਦ ਦੂ ਜਾ ਪ੍ਰਮੁੱਖ ਸ਼ਹਿਰ ਅਤੇ ਜ਼ਿਲ੍ਹਾ ਹੈੱਡਕੁਆਰਟਰ ਹੈ। ਇਸ ਦੇ ਪੂਰਬ ਵੱਲ ਤੇਲੰਗਾਨਾ ਰਾਜ ਦੇ ਨਿਜ਼ਾਮਾਬਾਦ, ਮੇਦਕ ਅਤੇ ਆਦਿਲਾਬਾਦ ਜ਼ਿਲ੍ਹੇ, ਦੱਖਣ ਵੱਲ ਕਰਨਾਟਕ ਰਾਜ ਦਾ ਬਿਦਰ ਜ਼ਿਲ੍ਹਾ ਲੱਗਦਾ ਹੈ। ਉੱਤਰ ਵੱਲ ਮਹਾਰਾਸ਼ਟਰ ਦੇ ਯਵਤਮਾਲ ਅਤੇ ਵਾਸ਼ਿਮ ਜ਼ਿਲ੍ਹੇ, ਪੱਛਮ ਵੱਲ ਮਰਾਠਵਾੜਾ ਦੇ ਲਾਤੂਰ, ਪਰਬਨੀ ਅਤੇ ਹਿੰਗੋਲੀ ਜ਼ਿਲ੍ਹੇ ਲੱਗਦੇ ਹਨ। ਗੋਦਾਵਰੀ ਇਸ ਜ਼ਿਲ੍ਹੇ ਦੀ ਪੁਰਾਤਨ ਅਤੇ ਪ੍ਰਸਿੱਧ ਨਦੀ ਹੈ। ਗੋਦਾਵਰੀ ਨਦੀ ਦੇ ਤੱਟ 'ਤੇ ਵੱਸੇ ਇਸ ਨਗਰ ਨੂੰ ਇਤਿਹਾਸ ਦੇ ਵੱਖ-ਵੱਖ ਪੜਾਵਾਂ ਵਿਚ ਨੰਦੀਤੱਟ, ਨੰਦੀਗ੍ਰਾਮ, ਨੌ ਨੰਦ ਡੇਹਰਾ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਸੀ।

ਸਮੇਂ ਦੇ ਫੇਰ ਬਦਲ ਨਾਲ ਨਾਂਦੇੜ ਦੀ ਧਰਤੀ ਨੇ ਇਤਿਹਾਸ ਦੇ ਵੱਖ -ਵੱਖ ਰੂਪ ਦੇਖੇ। ਪ੍ਰਾਚੀਨ ਸਮੇਂ ਵਿਚ ਨਾਂਦੇੜ ਇੱਕ ਮਹੱਤਵਪੂਰਨ ਖੇਤਰ ਸੀ। ਇਥੇ ਕੁਝ ਰਾਜਵੰਸ਼ਾਂ ਦੀ ਰਾਜਧਾਨੀ ਜਾਂ ਉਪ-ਰਾਜਧਾਨੀ ਸੀ ਅਤੇ ਇਹ ਇਲਾਕਾ ਇਤਿਹਾਸ ਦੇ ਵੱਖ -ਵੱਖ ਪੜਾਵਾਂ ਵਿਚ ਕਈ ਰਾਜਵੰਸ਼ਾਂ ਅਤੇ ਸਾਮਰਾਜਾਂ ਦੇ ਅਧੀਨ ਰਿਹਾ। ਪੰਜਵੀਂ ਅਤੇ ਚੌਥੀ ਸਦੀ ਈ . ਪੂ. ਵਿਚ ਨੰਦ ਰਾਜਵੰਸ਼ ਨੇ ਉੱਤਰੀ ਭਾਰਤ ਦੇ ਵੱਡੇ ਖੇਤਰ ਉੱਤੇ ਰਾਜ ਕੀਤਾ। ਇਸ ਰਾਜਵੰਸ਼ ਦੇ ਨੌ ਰਾਜੇ ਹੋਏ ਜਿਨ੍ਹਾਂ ਵਿਚੋਂ ਧਨਾਨੰਦ (Dhananand) ਆਖ਼ਰੀ ਸ਼ਾਸਕ ਸੀ। ਨਾਂਦੇੜ ਨੰਦਾ ਰਾਜ ਵਿਚ ਸ਼ਾਮਲ ਇਸਦੇ ਦੱਖਣੀ ਭਾਗ ਦਾ ਹਿੱਸਾ ਸੀ। ਦੇਵ ਪ੍ਰਭਾਕਰ *'ਹੈਰੀਟੇਜ਼ ਨਾਂਦੇੜ'* ਵਿਚ ਜ਼ਿਕਰ ਕਰਦੇ ਹਨ ਕਿ 'ਨੰਦਵੰਸ਼ੀਆਂ ਨੇ ਇਥੇ ਆਪਣੀ ਸੱਤਾ ਸਥਾਪਿਤ ਕੀਤੀ ਸੀ। ਪੈਠਨ ਸ਼ਹਿਰ (ਨਾਂਦੇੜ ਤੋਂ 260 ਕਿ. ਮੀ. ਪੱਛਮ ਵੱਲ) ਨੰਦਾ ਰਾਜ ਦੀ ਦੱਖਣੀ ਰਾਜਧਾਨੀ ਸੀ ਜਦੋਂ ਕਿ ਨਾਂਦੇੜ , ਜਿਸ ਨੂੰ 'ਨੰਦ ਆਹਾਰ ' ਜਾਂ 'ਨਵ ਨੰਦ ਡੇਰਾ ' ਵਜੋਂ ਜਾਣਿਆ ਜਾਂਦਾ ਸੀ , ਉਪ-ਰਾਜਧਾਨੀ ਦਾ ਸਥਾਨ ਸੀ।'[83]

---

82 ਮੈਕਾਲਿਫ, ਮੈਕਸ ਆਰਥਰ, *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ* (ਪੰਜਵੀ ਜਿਲਦ), ਧਰਮ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 (ਪਹਿਲੀ ਵਾਰ), ਪੰਨਾ 223.

83 ਅਰੁਣਚੰਦਰ ਸ਼ੰ. ਪਾਠਕ (ਸੰਪਾ.), *ਮਹਾਰਾਸ਼ਟਰ ਰਾਜ ਗਜ਼ਟੀਅਰ ਨਾਂਦੇੜ ਜ਼ਿਲ੍ਹਾ* (ਭਾਗ ਦੂਜਾ), ਦ੍ਰਸ਼ਨਿਕਾ ਵਿਭਾਗ, ਮਹਾਰਾਸ਼ਟਰ ਸ਼ਾਸਨ, ਮੁੰਬਈ, 2011 (ਪਹਿਲੀ ਵਾਰ), ਪੰਨਾ 231, (ਉਧਰਿਤ).

ਮਿਸਟਰ ਮੋਰਵੰਚੀਕਰ ਦੇ ਅਨੁਸਾਰ 'ਨਾਂਦੇੜ ਉੱਤਰ ਵਿਚ ਨੰਦਾ ਰਾਜ ਦੀ ਦੱਖਣੀ ਸੀਮਾ ਸੀ। ਚੀਨੀ ਯਾਤਰੀ ਯੁਆਨ ਸਾਂਗ ਨੇ ਸੱਤਵੀਂ ਸਦੀ ਵਿਚ ਲਿਖਿਆ ਕਿ ਗੋਦਾਵਰੀ ਨਦੀ ਦੇ ਕਿਨਾਰੇ ਨਾਂਦੇੜ ਨੰਦ ਵੰਸ਼ ਦੇ ਧਨਾਨੰਦ ਦੀ ਉਪ -ਰਾਜਧਾਨੀ ਸੀ। ਲੋਕ ਸਿਮਰਤੀ ਵਿਚ ਅੱਜ ਵੀ ਨਾਂਦੇੜ ਨੂੰ ਨੰਦ ਅਤੇ ਨਵਨੰਦਾ ਦੀ ਰਾਜਧਾਨੀ ਕਿਹਾ ਜਾਂਦਾ ਹੈ।'[84] ਨੰਦ ਰਾਜਵੰਸ਼ ਤੋਂ ਬਾਅਦ ਨਾਂਦੇੜ ਮੌਰੀਆ ਸਾਮਰਾਜ ਦੇ ਕਬਜੇ ਅਧੀਨ ਆ ਗਿਆ ਸੀ। ਇਸ ਰਾਜ ਦੇ ਪਹਿਲੇ ਸ਼ਾਸਕ (ਸੰਸਥਾਪਕ) ਚੰਦਰਗੁਪਤ ਮੌਰੀਆ ਨੇ ਧਨਾਨੰਦ ਨੂੰ ਹਰਾ ਕੇ ਉਸ ਉੱਤੇ ਜਿੱਤ ਪ੍ਰਾਪਤ ਕਰ ਲਈ ਸੀ।

ਪਹਿਲੀ ਸਦੀ ਈ ਸਵੀ ਵਿਚ ਨਾਂਦੇੜ ਦਾ ਇਲਾਕਾ ਸਾਤਵਾਹਨ ਰਾਜ ਘਰਾਣੇ ਦੇ ਅਧੀਨ ਸੀ। ਸਾਤਵਾਹਨ ਰਾਜ ਘਰਾਣੇ ਨੇ ਦੱਖਣੀ ਭਾਰਤ ਵਿਚ ਲਗਭਗ 450 ਸਾਲ ਰਾਜ ਕੀਤਾ। ਨਾਂਦੇੜ ਵਿਖੇ ਸਾਤਵਾਹਨਾਂ ਦਾ ਰਾਜ ਰਿਹਾ। ਨਾਂਦੇੜ ਤੋਂ ਸਿਰਫ਼ ਪੰਜ ਕਿ. ਮੀ. ਅਸਰਜੰਗ ਪਿੰਡ ਦੇ ਨੇੜੇ ਸਾਤਵਾਹਨ ਕਾਲ ਦੇ ਅਵਸ਼ੇਸ਼ (ਪੁਰਾਤਤਵ ਸਥਾਨ) ਮਿਲੇ ਹਨ।[85] ਇਸ ਤੋਂ ਪਤਾ ਲਗਦਾ ਹੈ ਇਹ ਇਲਾਕਾ ਸ਼ਾਹਵਾਹਨ ਰਾਜ ਦਾ ਹਿੱਸਾ ਸੀ। ਸਾਤਵਾਹਨ ਘਰਾਣੇ ਤੋਂ ਬਾਅਦ ਸੰਨ 250 ਈ. ਦੇ ਆਸ -ਪਾਸ ਵਾਕਾਟਕਾ ਰਾਜਵੰਸ਼ ਨੇ ਆਪਣੀ ਪ੍ਰਭੁਸਤਾ ਸਥਾਪਿਤ ਕਰਕੇ ਇਥੇ ਆਪਣਾ ਰਾਜ ਕੀਤਾ। ਸੰਨ 1939 ਈ. ਵਿਚ ਵਾਸ਼ਿਮ (ਜ਼ਿਲ੍ਹਾ ਅਕੋਲਾ, ਹੁਣ ਜ਼ਿਲ੍ਹਾ ਵਾਸ਼ਿਮ ) ਵਿਖੇ ਮਿਲੀ ਇੱਕ ਤਾਂਬੇ ਦੀ ਪਲੇਟ ਤੋਂ ਪਤਾ ਲਗਦਾ ਹੈ ਕਿ ਵਤਸਗੁਲਮ (ਵਾਸ਼ਿਮ) ਵਾਕਾਟਕਾ ਦੇ ਰਾਜ ਦੀ ਛੋਟੀ ਸ਼ਾਖ਼ਾ ਸੀ ਅਤੇ ਇਸ ਦਾ ਪਹਿਲਾ ਰਾਜਾ ਸਰਬਸੇਨ ਸੀ।[86] ਇਸ ਤੋਂ ਬਾਅਦ ਪ੍ਰਾਚੀਨ ਕਾਲ ਦੇ ਵੱਖ ਵੱਖ ਸਮੇਂ ਵਿਚ ਬਾਦਾਮੀ ਦੇ ਚਾਲੂਕਯ (543 ਈ.-753 ਈ.), ਰਾਸ਼ਟਰਕੂਟ (753 ਈ.-982 ਈ.), ਕਲਿਆਣੀ ਦੇ ਚਾਲੂਕਯ (975 ਈ.-1200 ਈ.), ਦੇਵਗਿਰੀ ਦੇ ਯਾਦਵਾਂ (1187 ਈ.-1317 ਈ.) ਅਧੀਨ ਨਾਂਦੇੜ ਦੇ ਰਹਿਣ ਦਾ ਜ਼ਿਕਰ ਮਿਲਦਾ ਹੈ। ਦੇਵਗਿਰੀ ਦੇ ਯਾਦਵ ਬਾਰ੍ਹਵੀਂ ਸਦੀ ਈ. ਦੀ ਆਖ਼ਰੀ ਤਿਮਾਹੀ ਵਿਚ ਪ੍ਰਸਿੱਧ ਹੋਏ। ਉਹ ਪਹਿਲਾਂ ਚਾਲੂਕਿਆਂ ਦੇ ਜਾਗੀਰਦਾਰਾਂ ਵਜੋਂ ਸਕੁਨਦੇਸ਼ (ਖ਼ਾਨਦੇਸ) ਉੱਤੇ ਰਾਜ ਕਰ ਰਹੇ ਸਨ ਪਰ ਮਾਲੁਗੀ ਦੇ ਪੁੱਤਰ ਭੀਲਾਮਾ (1187 ਈ. ਤੋਂ 1191

---

84 ਉਕਤ, ਪੰਨਾ ਉਹੀ, (ਉਧਰਿਤ).

85 ਉਕਤ, ਪੰਨਾ ਉਹੀ।

86 ਉਕਤ, ਭਾਗ ਪਹਿਲਾ, ਦ੍ਰਸ਼ਨਿਕਾ ਵਿਭਾਗ, ਮਹਾਰਾਸ਼ਟਰ ਸ਼ਾਸਨ, ਮੁੰਬਈ, 2011 (ਪਹਿਲੀ ਵਾਰ), ਪੰਨਾ 119.

ਈ.) ਨੇ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ ਅਤੇ ਆਪਣੇ ਆਪ ਨੂੰ ਕ੍ਰਿਸ਼ਨਾ ਨਦੀ ਦੇ ਉੱਤਰ ਵੱਲ ਪੂਰੇ ਖੇਤਰ ਦਾ ਮਾਲਕ ਬਣਾ ਲਿਆ। ਫਿਰ ਉਸਨੇ ਦੇਵਗਿਰੀ ਸ਼ਹਿਰ ਦੀ ਸਥਾਪਨਾ ਕੀਤੀ ਜਿਸਨੂੰ ਉਸਨੇ ਆਪਣੀ ਰਾਜਧਾਨੀ ਬਣਾਇਆ ਸੀ।[87] ਨਾਂਦੇੜ ਅਤੇ ਇਸਦੇ ਆਸ -ਪਾਸ ਦਾ ਸਾਰਾ ਇਲਾਕਾ ਯਾਦਵਾਂ ਦੇ ਰਾਜ ਅਧੀਨ ਸੀ। ਯਾਦਵ ਸ਼ਾਸਕ ਕਲਾ ਅਤੇ ਵਿੱਦਿਆ ਦੇ ਪ੍ਰੇਮੀ ਸਨ। ਸੰਗੀਤ ਕਲਾ (Music), ਜੋਤਿਸ਼ (Astronomy), ਹਿੰਦੂ ਧਰਮ (Hindu Law) ਸੰਬੰਧੀ ਬਹੁਤ ਸਾਰੀਆਂ ਕਿਤਾਬਾਂ ਇਨ੍ਹਾਂ ਦੇ ਰਾਜ ਕਾਲ ਵਿਚ ਲਿਖੀਆਂ ਗਈਆਂ ਸਨ। ਯਾਦਵ ਸ਼ਾਸਕਾਂ ਨੇ ਬਹੁਤ ਖ਼ੂਬਸੂਰਤ ਮੰਦਰ ਵੀ ਬਣਵਾਏ ਸਨ।[88]

ਮੱਧ ਕਾਲ ਵਿਚ ਦੱਖਣੀ ਭਾਰਤ ਵਿਚ ਮੁਸਲਿਮ ਬਾਹਮਣੀ ਸਲਤਨਤ ਦਾ ਬੋਲਬਾਲਾ ਸੀ। ਬਾਹਮਣੀਆਂ ਨੇ ਲਗਭਗ 150 ਸਾਲਾਂ ਤੱਕ ਦੱਖਣ ਉੱਤੇ ਰਾਜ ਕੀਤਾ। ਉਨ੍ਹਾਂ ਦੀ ਰਾਜਧਾਨੀ ਗੁਲਬਰਗਾ ਵਿਖੇ ਸੀ। 1429 ਈ. ਵਿਚ ਇਸ ਨੂੰ ਬਿਦਰ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ।[89] ਬਾਹਮਣੀ ਕਾਲ (1347 ਈ.-1527 ਈ.) ਦੇ ਦੌਰਾਨ ਦੱਖਣ ਨੂੰ ਚਾਰ ਸੂਬਿਆਂ ਵਿਚ ਵੰਡਿਆਂ ਗਿਆ ਸੀ ਜਿਨ੍ਹਾਂ ਵਿਚੋਂ ਨਾਂਦੇੜ ਨੂੰ ਤੇਲੰਗਾਨਾ ਸੂਬੇ ਵਿਚ ਸ਼ਾਮਲ ਕੀਤਾ ਗਿਆ ਸੀ। ਬਾਹਮਣੀ ਰਾਜ ਦਾ ਵਜ਼ੀਰ ਮਹਿਮੂਦ ਗਾਵਾਂ ਬੜਾ ਬਹਾਦਰ ਅਤੇ ਕੁਸ਼ਲ ਸੀ। ਉਹ ਲੰਮੇ ਸਮੇਂ ਤੱਕ ਨਾਂਦੇੜ ਵਿਚ ਰਿਹਾ। ਇਸੇ ਸਮੇਂ ਦੌਰਾਨ ਉਸਨੇ ਵਜ਼ੀਰਾਬਾਦ ਦੇ ਪੈਠ (ਉਪਨਗਰ) ਦੀ ਸਥਾਪਨਾ ਕੀਤੀ ਸੀ। ਇਹ ਉਪਨਗਰ ਆਧੁਨਿਕ ਨਾਂਦੇੜ ਦੇ ਕੇਂਦਰ ਵਿਚ ਸਥਿਤ ਹੈ ਪਰੰਤੂ ਅੱਜ ਸ਼ਹਿਰ ਵਿਚ ਅਜਿਹਾ ਕੋਈ ਢਾਂਚਾ ਨਹੀਂ ਹੈ ਜੋ ਬਾਹਮਣੀ ਕਾਲ ਦੀ ਯਾਦ ਦਿਵਾਉਂਦਾ ਹੋਵੇ।[90] 1480 ਈ. ਵਿਚ ਬਾਹਮਣੀ ਸ਼ਾਸਕ ਮੁਹੰਮਦ ਤੀਜੇ ਨੇ ਆਪਣੇ ਮੰਤਰੀ ਮਹਿਮੂਦ ਗਾਵਾਂ ਦੀ ਸਲਾਹ 'ਤੇ ਬਾਹਮਣੀ ਰਾਜ ਦੇ ਚਾਰ ਮੁੱਖ ਪ੍ਰਾਂਤਾਂ ਨੂੰ ਅੱਠ ਛੋਟੇ ਸੂਬਿਆਂ ਵਿਚ ਵੰਡ ਦਿੱਤਾ। ਬਰਾਰ ਨੂੰ ਦੋ ਪ੍ਰਾਂਤਾਂ ਗਾਵਿਲ ਅਤੇ ਮਾਹੂਰ ਵਿਚ ਵੰਡਿਆ ਗਿਆ ਸੀ। ਮਾਹੂਰ ਦੇ ਨਵੇਂ ਸੂਬੇ ਲਈ ਫਤਿਹਉੱਲਾ ਇਮਾਦ -ਉਲ-ਮੁਲਕ ਨੂੰ

---

[87] *Maharashtra State Gazetteers Nanded District,* The Director, Govt. Printing, Stationery and Publicatoins, Maharashtra State, Bombay, 1971 (First Edition), page 45.

[88] ਗਜਰਾਨੀ, ਐਸ.ਡੀ., *ਭਾਰਤ ਦਾ ਇਤਿਹਾਸ (ਪ੍ਰਾਚੀਨ ਭਾਰਤ: ਮੁੱਢ ਤੋਂ 1000 ਈ. ਤੱਕ),* ਪੰਨਾ 243.

[89] *Maharashtra State Gazetteers Nanded District,* 1971 (First Edition), page 48.

[90] ਅਰੁਣਚੰਦਰ ਸ਼ੰ. ਪਾਠਕ (ਸੰਪਾ.), *ਮਹਾਰਾਸ਼ਟਰ ਰਾਜ ਗਜ਼ਟੀਅਰ ਨਾਂਦੇੜ ਜ਼ਿਲ੍ਹਾ* (ਭਾਗ ਦੂਜਾ), ਪੰਨਾ 232.

ਗਵਰਨਰ ਨਿਯੁਕਤ ਕੀਤਾ ਗਿਆ ਸੀ। ਇਸ ਸਮੇਂ ਨਾਂਦੇੜ ਜ਼ਿਲ੍ਹੇ ਨੂੰ ਮਾਹੂਰ ਸੂਬੇ ਵਿਚ ਸ਼ਾਮਲ ਕੀਤਾ ਗਿਆ ਸੀ।[91]

1481 ਈ. ਤੋਂ ਬਾਅਦ ਬਾਹਮਣੀ ਸਾਮਰਾਜ ਦਾ ਪਤਨ ਸ਼ੁਰੂ ਹੋ ਗਿਆ ਸੀ। ਇਸ ਦੀ ਥਾਂ ਉੱਤੇ ਪੰਜ ਨਵੇਂ ਸੁਤੰਤਰ ਰਾਜ ਸਥਾਪਿਤ ਹੋ ਚੁੱਕੇ ਸਨ। ਇਹ ਰਾਜ ਸਨ: ਬਰਾਰ (1486-1557), ਬਿਦਰ (1526-1590), ਬੀਜਾਪੁਰ (1489-1686), ਗੋਲਕੁੰਡਾ (1512-1687) ਅਤੇ ਅਹਿਮਦ ਨਗਰ (1483-1633)।[92] ਇਹ ਪੰਜੇ ਰਾਜ ਦੱਖਣ ਸਲਤਨਤ ਵਜੋਂ ਜਾਣੇ ਜਾਂਦੇ ਸਨ। ਨਾਂਦੇੜ ਦਾ ਇਲਾਕਾ ਇਨ੍ਹਾਂ ਪੰਜਾਂ ਵਿਚੋਂ ਬਿਦਰ ਰਾਜ ਦੇ ਅਧੀਨ ਆ ਗਿਆ ਸੀ। ਇਸ ਰਾਜ ਦਾ ਸੰਸਥਾਪਕ ਕਾਸ਼ਿਮ ਬਾਰੀਦ ਪਹਿਲਾ (1489-1504 ਈ.) ਸੀ। ਬਿਦਰ ਦਾ ਰਾਜ 1619 ਈ. ਵਿਚ ਖ਼ਤਮ ਹੋ ਗਿਆ ਸੀ ਅਤੇ ਇਸ ਨੂੰ ਗੁਆਂਢੀ ਬੀਜਾਪੁਰ ਦੇ ਸੁਲਤਾਨ ਇਬਰਾਹਿਮ ਆਦਿਲ ਸ਼ਾਹ ਦੂਜੇ (1580-1627 ਈ.) ਨੇ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ ਸੀ। ਇਸ ਤਰ੍ਹਾਂ ਨਾਂਦੇੜ ਵੀ ਬੀਜਾਪੁਰ ਰਾਜ ਦਾ ਹਿੱਸਾ ਬਣ ਗਿਆ ਸੀ।

ਸੰਨ 1526 ਈ. ਵਿਚ ਦਿੱਲੀ ਉੱਤੇ ਮੁਗ਼ਲ ਬਾਦਸ਼ਾਹ ਬਾਬਰ ਨੇ ਕਬਜ਼ਾ ਕਰ ਲਿਆ ਸੀ। ਆਰ. ਸੀ. ਮਜੂਮਦਾਰ ਲਿਖਦਾ ਹੈ ਕਿ 27 ਅਪ੍ਰੈਲ, 1526 ਨੂੰ ਜਾਮਾ ਮਸਜਿਦ ਵਿਚ ਉਸਦੇ ਨਾਂ ਦਾ ਖੁਤਬਾ ਪੜ੍ਹਿਆ ਗਿਆ ਅਤੇ ਕਾਬਲ ਦੇ ਰਾਜੇ ਨੂੰ ਹਿੰਦੂਸਤਾਨ ਦਾ ਬਾਦਸ਼ਾਹ ਕਿਹਾ ਗਿਆ।[93] ਉਸ ਸਮੇਂ ਦੱਖਣ ਸਲਤਨਤ ਦੇ ਪੰਜ ਰਾਜ ਆਪਸੀ ਲੜਾਈਆਂ ਵਿਚ ਉਲਝੇ ਹੋਏ ਸਨ। ਸਤਾਰ੍ਹਵੀਂ ਸਦੀ ਵਿਚ ਮੁਗ਼ਲ ਅਤੇ ਦੱਖਣ ਸਲਤਨਤ ਵਿਚ ਸੱਤ੍ਹਾ ਲਈ ਸੰਘਰਸ਼ ਚੱਲਦਾ ਰਿਹਾ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਪੱਚੀ ਸਾਲ ਤੋਂ ਵੱਧ ਸਮਾਂ ਦੱਖਣ ਵਿਚ ਰਿਹਾ। ਇਸ ਤੋਂ ਪਹਿਲਾਂ ਉਹ ਦੋ ਵਾਰ (1636-44 ਈ.), (1653-57 ਈ.) ਸ਼ਹਿਜ਼ਾਦਾ (ਰਾਜਕੁਮਾਰ) ਵਜੋਂ ਦੱਖਣ ਦਾ ਸੂਬੇਦਾਰ ਰਿਹਾ ਸੀ। ਇਸ ਸਮੇਂ ਦੌਰਾਨ ਉਸ ਨੇ ਅਹਿਮਦਨਗਰ, ਬਿਦਰ, ਬਰਾਰ, ਬੀਜਾਪੁਰ ਅਤੇ ਗੋਲਕੁੰਡਾ ਦੇ ਕਈ ਪ੍ਰਦੇਸ਼ਾਂ ਨੂੰ ਜਿੱਤ ਲਿਆ। ਸਿੱਟੇ ਵਜੋਂ ਨਾਂਦੇੜ ਜ਼ਿਲ੍ਹਾ

---

91 *Maharashtra State Gazetteers Nanded District,* 1971 (First Edition), page 51.

92 Paul M. and Kulwinder Kaur, *History of Medieval India (From 1000 A.D. to 1707 A.D.),* (Punjabi Edition), Malhotra Book Depot, Jalandhar, 2008 (7th Edition), page 128.

93 Majumdar, R. C. (General Editor), *The Mughal Empire* (History and Culture of the Indian People, Vol. 7), page 35.

ਮੁਗ਼ਲਾਂ ਦੇ ਕਬਜ਼ੇ ਹੇਠ ਆ ਗਿਆ ਸੀ। ਉਸ ਸਮੇਂ ਦੱਖਣੀ ਭਾਰਤ ਚਾਰ ਪ੍ਰਮੁੱਖ ਸੂਬਿਆਂ ਵਿਚ ਵੰਡਿਆ ਹੋਇਆ ਸੀ। ਇਹ ਸੂਬੇ ਹਨ ਸਨ : ਦੌਲਤਾਬਾਦ, ਤੇਲੰਗਾਨਾ, ਖ਼ਾਨਦੇਸ ਅਤੇ ਵਰਹਾੜ। ਤੇਲੰਗਾਨਾ ਦੀ ਸੂਬੇਦਾਰੀ ਦਾ ਨਾਂਦੇੜ ਪ੍ਰਮੁੱਖ ਕੇਂਦਰ ਬਣ ਗਿਆ। ਨਾਂਦੇੜ ਦੇ ਜ਼ਿਲ੍ਹੇ ਵਿਚ ਤੇਲੰਗਾਨਾ ਦੇ ਸੂਬੇਦਾਰ ਦਾ ਪ੍ਰਬੰਧ ਚੱਲਣਾ ਸ਼ੁਰੂ ਹੋ ਗਿਆ।[94] ਤੇਲੰਗਾਨਾ ਦੇ ਸੂਬੇਦਾਰ ਦਾ ਹੈੱਡਕੁਆਰਟਰ ਨਾਂਦੇੜ ਵਿਖੇ ਸੀ। ਨਾਂਦੇੜ ਦੇ ਕਿਲ੍ਹੇ ਤੋਂ ਪ੍ਰਸ਼ਾਸਨਿਕ ਪ੍ਰਬੰਧ ਚਲਣਾ ਸ਼ੁਰੂ ਹੋਇਆ। ਬਾਅਦ ਵਿਚ ਔਰੰਗਜ਼ੇਬ ਨੇ ਇਸ ਹੈੱਡਕੁਆਰਟਰ ਨੂੰ ਬਿਦਰ ਵਿਚ ਤਬਦੀਲ ਕਰ ਦਿੱਤਾ। ਬਿਦਰ ਦਾ ਸੂਬਾ 6 ਸਰਕਾਰਾਂ ਅਤੇ 76 ਮਹੱਲਾਂ ਵਿਚ ਵੰਡਿਆ ਗਿਆ ਅਤੇ ਨਾਂਦੇੜ ਇਨ੍ਹਾਂ ਵਿਚੋਂ ਇੱਕ ਸੀ। ਪਰ ਨਾਂਦੇੜ ਨੇ ਤੇਲੰਗਾਨਾ ਸੂਬੇ ਦੇ ਸਾਬਕਾ ਹੈੱਡਕੁਆਰਟਰ ਵਜੋਂ ਕੰਮ ਕਰਨਾ ਜਾਰੀ ਰੱਖਿਆ।[95] ਖੁਦਾਬੰਦ ਖ਼ਾਨ ਮੁਗ਼ਲਾਂ ਅਧੀਨ ਨਾਂਦੇੜ ਦਾ ਫ਼ੌਜਦਾਰ ਸੀ। 1704 ਈ. ਵਿਚ ਖੁਦਾਬੰਦ ਖ਼ਾਨ ਨੂੰ ਨਾਂਦੇੜ ਦੀ ਸੂਬੇਦਾਰੀ ਤੋਂ ਹਟਾ ਕੇ ਬੀਜਾਪੁਰ -ਕਰਨਾਟਕਾ ਦੇ ਫ਼ੌਜਦਾਰ ਵਜੋਂ ਭੇਜ ਦਿੱਤਾ ਗਿਆ ਸੀ।[96] ਜਨਵਰੀ 1645 ਈ. ਵਿਚ ਆਏ ਫਰਾਂਸੀਸੀ ਯਾਤਰੀ ਟੈਵਰਨਿਅਰ ਨੇ ਲਿਖਿਆ ਹੈ ਕਿ ਸੰਨ 1645 ਈ. ਵਿਚ ਗੋਦਾਵਰੀ ਨਦੀ ਪਾਰ ਕਰਨ ਲਈ ਸਰਕਾਰ ਨੂੰ ਫ਼ੀਸ ਅਦਾ ਕਰਨ ਤੋਂ ਬਿਨਾਂ , ਮੁਗ਼ਲ ਬਾਦਸ਼ਾਹ ਦੀ ਲਿਖਤੀ ਮਨਜੂਰੀ ਵੀ ਜ਼ਰੂਰੀ ਸੀ, ਹਰ ਆਉਣ ਜਾਣ ਵਾਲੇ ਦੀ ਸਰਕਾਰੀ ਨਿਗਰਾਨੀ ਹੁੰਦੀ ਸੀ।[97] ਉਸ ਸਮੇਂ ਨਾਂਦੇੜ ਮੁਗ਼ਲ ਸਾਮਰਾਜ ਦੇ ਅਧੀਨ ਸੀ।

17 ਵੀਂ ਸਦੀ ਵਿਚ ਸ਼ਿਵਾਜੀ ਨੇ ਮਰਾਠਾ ਰਾਜ ਦੀ ਨੀਂਹ ਰੱਖੀ ਅਤੇ ਲੰਮਾ ਸਮਾਂ ਮੁਗ਼ਲਾਂ ਵਿਰੁੱਧ ਯੁੱਧ ਕੀਤੇ। ਨਾਂਦੇੜ ਵਿਚ ਮਰਾਠਿਆਂ ਅਤੇ ਮੁਗ਼ਲਾ ਦਾ ਕੋਈ ਮਹੱਤਵਪੂਰਨ ਯੁੱਧ ਨਹੀਂ ਹੋਇਆ ਕਿਉਂਕਿ ਇਹ ਖੇਤਰ ਮੁਗ਼ਲਾਂ ਦੇ ਰਾਜ ਵਿਚ ਆਉਂਦਾ ਸੀ ਪਰ 1670 ਈ. ਵਿਚ ਵਰਹਾੜ ਨੂੰ ਜਾਣ ਸਮੇਂ ਸ਼ਿਵਾਜੀ ਦੇ ਨਾਂਦੇੜ ਵਿਖੇ ਰੁਕਣ ਦਾ ਜ਼ਿਕਰ ਮਿਲਦਾ ਹੈ। ਫਰਵਰੀ 1707 ਈ. ਵਿਚ ਔਰੰਗਜ਼ੇਬ ਦੀ ਮੌਤ ਸਮੇਂ ਦੱਖਣ ਛੇ ਸੂਬਿਆਂ ਵਿਚ ਵੰਡਿਆ ਹੋਇਆ ਸੀ। ਉਸ ਸਮੇਂ ਨਾਂਦੇੜ ਜ਼ਿਲ੍ਹਾ 30 ਤਾਲੁਕਿਆਂ (ਤਹਿਸੀਲਾਂ) ਅਤੇ 949

---

94 ਅਰੁਣਚੰਦਰ ਸ਼ੰ. ਪਾਠਕ (ਸੰਪਾ.), *ਮਹਾਰਾਸ਼ਟਰ ਰਾਜ ਗਜ਼ਟੀਅਰ ਨਾਂਦੇੜ ਜ਼ਿਲ੍ਹਾ* (ਭਾਗ ਪਹਿਲਾ), ਪੰਨਾ 154.

95 ਉਕਤ, ਭਾਗ ਦੂਜਾ, ਪੰਨਾ 232.

96 *Maharashtra State Gazetteers Nanded District,* 1971 (First Edition), page 61.

97 *ਸੱਚਖੰਡ ਪੱਤਰ,* ਦਸੰਬਰ 1992, ਪੰਨਾ 13.

ਪਿੰਡਾ ਵਿਚ ਵੰਡਿਆ ਹੋਇਆ ਸੀ। [98] ਔਰਗਜ਼ੇਬ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਸ਼ਾਹ ਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਗੱਦੀ ਉੱਤੇ ਬੈਠਿਆ ਅਤੇ ਆਪਣੇ ਭਰਾ ਤਾਰਾ ਆਜ਼ਮ ਨੂੰ ਜਾ ਜਉ (ਆਗਰਾ ਨੇੜੇ) ਦੇ ਸਥਾਨ 'ਤੇ ਹਰਾਉਣ ਤੋਂ ਬਾਅਦ ਆਪਣੇ ਛੋਟੇ ਭਰਾ ਕਾਮ ਬ ਖ਼ਸ਼ ਦੀ ਬਗ਼ਾਵਤ ਨੂੰ ਦਬਾਉਣ ਲਈ ਦੱਖਣ (ਹੈਦਰਾਬਾਦ) ਵੱਲ ਕੂਚ ਕੀਤਾ। ਉਸ ਸਮੇਂ ਬਹਾਦਰ ਸ਼ਾਹ ਨੇ ਆਪਣੇ ਸੈਨਿਕ ਦਲ ਨਾਲ ਨੇ ਨਾਂਦੇੜ ਵਿਖੇ ਟਿਕਾਣਾ ਕੀਤਾ ਸੀ।

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਨਾਲ ਨਾਂਦੇੜ ਨੂੰ ਇੱਕ ਵੱਖਰੀ ਇਤਿਹਾਸਕ ਪਹਿਚਾਣ ਪ੍ਰਾਪਤ ਹੋਈ। ਗੁਰੂ ਨਾਨਕ ਦੇਵ ਜੀ ਆਪਣੀ ਦੂਜੀ ਉਦਾਸੀ (1506 ਈ.-1513 ਈ.) ਸਮੇਂ ਇਥੇ ਪਧਾਰੇ ਸਨ। ਗੁਰੂ ਸਾਹਿਬ ਨੇ ਇਥੇ ਸੰਗਤ ਕਾਇਮ ਕੀਤੀ ਅਤੇ ਇਲਾਕੇ ਦੇ ਲੋਕਾਂ ਨੂੰ ਗੁਰਮਤਿ ਉਪਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਆਉਣ ਦੀ ਪਾਵਨ ਯਾਦ ਵਿਚ ਅੱਜ ਇਥੇ ਦੋ ਗੁਰਦੁਆਰੇ ਸੁਸ਼ੋਭਿਤ ਹਨ : ਪਹਿਲਾ ਗੁਰਦੁਆਰਾ ਮਾਲਟੇਕੜੀ ਸਾਹਿਬ , ਦੂਜਾ ਗੁਰਦੁਆਰਾ ਨਾਨਕਸਰ ਸਾਹਿਬ। ਗੁਰੂ ਗੋਬਿੰਦ ਸਿੰਘ ਜੀ ਇਥੇ 1708 ਈ. ਵਿਚ ਪਹੁੰਚੇ ਸਨ। ਡਾ . ਸੁਖਦਿਆਲ ਸਿੰਘ ਅਨੁਸਾਰ ਗੁਰੂ ਜੀ ਅਗਸਤ ਦੇ ਅਖ਼ੀਰਲੇ ਹਫ਼ਤੇ 1708 ਈ. ਨੂੰ ਨਾਂਦੇੜ ਪਹੁੰਚੇ ਸਨ।[99] ਗੁਰੂ ਸਾਹਿਬ ਦੇ ਅਉਣ ਸਮੇਂ ਇਸ ਨਗਰ ਦਾ ਨਾਂ ਨਾਂਦੇੜ ਹੀ ਪ੍ਰਚੱਲਿਤ ਸੀ ਅਤੇ ਇਹ ਮੁਗ਼ਲ ਰਾਜ ਅਧੀਨ ਸੀ। ਇਥੇ ਗੁਰੂ ਸਾਹਿਬ ਨੇ ਗੋਦਾਵਰੀ ਨਦੀ ਦੇ ਰਮਣੀਕ ਕੰਢੇ 'ਤੇ ਗੁਰਦੁਆਰਾ ਹੀਰਾ ਘਾਟ, ਸੰਗਤ ਸਾਹਿਬ, ਬੰਦਾ ਘਾਟ, ਨਗੀਨਾ ਘਾਟ ਅਤੇ ਤਖ਼ਤ ਸਾਹਿਬ ਵਾਲੇ ਥਾਵਾਂ ਉੱਪਰ ਆਪਣਾ ਡੇਰਾ ਲਾਇਆ ਸੀ। ਸਵੇਰੇ -ਸ਼ਾਮ ਦੇ ਦੀਵਾਨ ਵਿਚ ਗੁਰੂ ਜੀ ਦੂਰੋਂ-ਨੇੜਿਉਂ ਆਈਆਂ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿੰਦੇ। ਨਾਂਦੇੜ ਦੀ ਧਰਤੀ 'ਤੇ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਬਖ਼ਸ਼ੀ। ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਦਾ ਸੈਨਿਕ ਜਰਨੈਲ ਥਾਪ ਕੇ ਪੰਜਾਬ ਵਿਚ ਜ਼ਾਲਮ ਹਾਕਮਾਂ ਨੂੰ ਸੋਧਣ ਲਈ ਭੇਜਿਆ। ਅਖ਼ੀਰ 'ਖਾਲਸਾ ਪੰਥ' ਨੂੰ 'ਗੁਰੂ ਗ੍ਰੰਥ' ਦੇ

---

98 "Nanded District was composed of 30 talukas and 949 Villages." *District Census Handbook Nanded, ,* Series-28, Part XII-B, Census of India 2011, Maharashtra, Directorate of Census Operations, Maharashtra, 2011, page 8.

99 ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਦੂਜੀ ਵਾਰ), ਪੰਨਾ 188.

ਲੜ ਲਾ ਕੇ ਆਪ 7 ਅਕਤੂਬਰ, 1708 ਈ. ਨੂੰ ਜੋਤੀ ਜੋਤਿ ਸਮਾ ਗਏ। ਵਰਤਮਾਨ ਸਮੇਂ ਵਿਚ ਨਾਂਦੇੜ ਵਿਖੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਲਗਭਗ ਦਸ ਇਤਿਹਾਸਕ ਗੁਰਦੁਆਰੇ ਬਣੇ ਹੋਏ ਹਨ। ਇਥੇ ਸੁਸ਼ੋਭਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਅੰਤਿਮ ਅਸਥਾਨ ਅਤੇ ਸਿੱਖਾਂ ਦਾ ਪੰਜਵਾਂ ਤਖ਼ਤ ਹੈ।

ਪੁਰਾਤਨ ਸਮੇਂ ਤੋਂ ਨਾਂਦੇੜ ਸ਼ਹਿਰ ਵਿਚ ਗੋਦਾਵਰੀ ਦੇ ਉੱਤਰੀ ਕੰਢੇ ਉੱਪਰ ਇੱਕ ਪੁਰਾਣਾ ਪੱਥਰ ਦਾ ਇਤਿਹਾਸਕ ਕਿਲ੍ਹਾ ਮੌਜੂਦ ਹੈ। ਇਸ ਕਿਲ੍ਹੇ ਦਾ ਇੱਕ ਪ੍ਰਵੇਸ਼ ਦੁਆਰ ਹੈ। ਕਿਲ੍ਹਾ ਅੱਜ ਖੰਡਰ ਹਾਲਤ ਵਿਚ ਹੈ ਅਤੇ ਇਸਦੇ ਬਹੁਤੇ ਭਾਗ ਨਸ਼ਟ ਹੋ ਚੁੱਕੇ ਹਨ। ਇਸ ਨੂੰ ਨੰਦਗਿਰੀ ਜਾਂ ਨਾਨਾਗਿਰੀ ਕਿਲ੍ਹਾ ਕਿਹਾ ਜਾਂਦਾ ਹੈ। ਇਸ ਕਿਲ੍ਹੇ ਬਾਰੇ ਪ੍ਰਚੱਲਿਤ ਸਥਾਨਿਕ ਰਵਾਇਤ ਅਨੁਸਾਰ ਇਸ ਨੂੰ ਨੰਦ ਵੰਸ਼ ਦੇ ਆਖ਼ਰੀ ਰਾਜਾ ਧਨਾਨੰਦ ਨੇ ਬਣਵਾਇਆ ਸੀ। ਸੰਨ 1708 ਈ. ਵਿਚ ਉਮਦਾਤੁਲਮੁੱਲਾ ਖ਼ਾਨ ਫਿਰੋਜ਼ ਜੰਗ ਇਥੇ ਸੂਬੇਦਾਰ ਸੀ। ਉਹ ਬਿਦਰ ਸੂਬੇ ਦਾ ਵੀ ਸੂਬੇਦਾਰ ਸੀ। ਤੇਲੰਗਾਨਾ ਸੂਬੇ ਦਾ ਸੂਬੇਦਾਰ ਇਸ ਕਿਲ੍ਹੇ ਦੀ ਇੱਕ ਇਮਾਰਤ ਵਿਚ ਰਹਿੰਦਾ ਸੀ। ਸੱਯਦ ਅਬਦੁਲ, ਸਾਹੁਲਾ ਖ਼ਾਨ ਅਤੇ ਅਲੀਮੁਦੀਨ ਖ਼ਾਨ ਵਰਗੇ ਕਈ ਮਹੱਤਵਪੂਰਨ ਸੂਬੇਦਾਰ 17 ਵੀਂ ਸਦੀ ਵਿਚ ਇਸ ਕਿਲ੍ਹੇ ਵਿਚ ਰਹਿੰਦੇ ਸਨ। ਨਾਂਦੇੜ ਦਾ ਸੂਬੇਦਾਰ ਖੁਦਾਬੰਦ ਖ਼ਾਨ ਇਸੇ ਕਿਲ੍ਹੇ ਵਿਚ ਰਹਿੰਦਾ ਸੀ ਉਹ ਸ਼ਾਇਸਤੇਖਾਨਾ ਦਾ ਪੁੱਤਰ ਸੀ। ਹੌਲ੍ਹੀ-ਹੌਲ੍ਹੀ ਇਸ ਕਿਲ੍ਹੇ ਦਾ ਰਾਜਨੀਤਿਕ ਮਹੱਤਵ ਘਟਦਾ ਗਿਆ। ਵੀਹਵੀਂ ਸਦੀ ਦੇ ਆਰੰਭ ਵਿਚ ਇਸ ਕਿਲ੍ਹੇ ਵਿਚ ਜਲ ਨਿਕਾਸੀ ਕੇਂਦਰ (ਵਾਟਰ-ਵਰਕਸ਼) ਸ਼ੁਰੂ ਕੀਤਾ ਗਿਆ।[100]

ਅਖ਼ੀਰ ਇੱਕ ਸਦੀ ਤੱਕ ਮੁਗ਼ਲ ਸਾਮਰਾਜ ਦੇ ਅਧੀਨ ਰਹਿਣ ਮਗਰੋਂ ਨਾਂਦੇੜ ਨਿਜ਼ਾਮ ਹੈਦਰਾਬਾਦ ਦੀ ਸੁਤੰਤਰ ਰਿਆਸਤ ਦਾ ਹਿੱਸਾ ਬਣ ਗਿਆ। ਹੈਦਰਾਬਾਦ ਰਿਆਸਤ 1724 ਈ. ਤੋਂ 1948 ਈ. ਤੱਕ ਕਾਇਮ ਰਹੀ। ਹੈਦਰਾਬਾਦ ਸ਼ਹਿਰ ਇਸ ਦੀ ਰਾਜਧਾਨੀ ਸੀ। ਇਸ ਅਰਸੇ ਵਿਚ ਨਾਂਦੇੜ ਇਸ ਰਾਜ ਦਾ ਇੱਕ ਖ਼ਾਸ ਖੇਤਰ ਰਿਹਾ। ਕੈਪਟਨ ਫਿਟਜ਼ੇਰਾਲਡ ਨਾਮੀ ਅੰਗਰੇਜ਼ ਦਾ ਨਾਂਦੇੜ ਵਿਖੇ ਤਖ਼ਤ ਸਾਹਿਬ 'ਤੇ ਸੰਨ 1840 ਈ. ਵਿਚ ਆਉਣ ਦਾ ਜ਼ਿਕਰ ਮਿਲਦਾ ਹੈ। ਉਸ ਸਮੇਂ ਨਾਂਦੇੜ ਨਿਜ਼ਾਮ ਹੈਦਰਾਬਾਦ ਰਿਆਸਤ ਦੇ ਅਧੀਨ ਸੀ। ਅਠਾਰ੍ਹਵੀਂ ਸਦੀ ਵਿਚ ਅੰਗਰੇਜ਼, ਫ਼ਰਾਂਸੀਸੀ, ਮਰਾਠੇ ਅਤੇ ਨਿਜ਼ਾਮ ਵਿਚਕਾਰ ਸੱਤ੍ਹਾ ਨੂੰ ਲੈ ਕੇ ਸੰਘਰਸ਼

---

[100] ਅਰੁਣਚੰਦਰ ਸ਼ੰ. ਪਾਠਕ (ਸੰਪਾ.), *ਮਹਾਰਾਸ਼ਟਰ ਰਾਜ ਗਜ਼ਟੀਅਰ ਨਾਂਦੇੜ ਜ਼ਿਲ੍ਹਾ* (ਭਾਗ ਦੂਜਾ), ਪੰਨਾ 235.

ਚਲਦਾ ਰਿਹਾ। 1798 ਈ. ਵਿਚ ਨਿਜ਼ਾਮ ਨੇ ਇਸਟ ਇੰਡੀਆ ਕੰਪਨੀ (ਅੰਗਰੇਜ਼ਾਂ) ਨਾਲ ਸੰਧੀ ਕਰ ਲਈ। ਜਿਸ ਤਹਿਤ ਅੰਗਰੇਜ਼ਾਂ ਨੇ ਆਪਣੀ ਫ਼ੌਜ ਰਿਆਸਤ ਵਿਚ ਤੈਨਾਤ ਕਰ ਦਿੱਤੀ ਅਤੇ ਨਿਜ਼ਾਮ ਨੇ ਰਾਜ ਦੇ ਕਈ ਭਾਗ ਅੰਗਰੇਜ਼ਾਂ ਨੂੰ ਸੌਂਪ ਦਿੱਤੇ। ਇਸ ਤਰ੍ਹਾਂ ਨਾਂਦੇੜ ਜ਼ਿਲ੍ਹੇ ਵਿਚ ਵੀ ਅੰਗਰੇਜ਼ ਫ਼ੌਜਾਂ ਤੈਨਾਤ ਹੋ ਗਈਆਂ ਸਨ। ਇਸ ਸਮੇਂ ਦੌਰਾਨ ਰਿਆਸਤ ਵਿਚ ਬਹੁਤ ਸਾਰੇ ਪ੍ਰਬੰਧਕੀ ਸੁਧਾਰ ਹੋਏ। 1855 ਈ. ਵਿਚ ਹੈਦਰਾਬਾਦ ਸ਼ਹਿਰ ਵਿਖੇ ਆਧੁਨਿਕ ਸਹੂਲਤਾਂ ਵਾਲੀ ਸਟੇਟ ਬੈਂਕ ਦੀ ਸਥਾਪਨਾ ਕੀਤੀ ਗਈ। ਇਸ ਦੀਆਂ ਕੁਝ ਸਾਖਾਵਾਂ ਰਿਆਸਤ ਦੇ ਪਿੰਡਾਂ ਵਿਚ ਖੋਲ੍ਹੀਆਂ ਗਈਆਂ। ਅਜਿਹੀ ਇੱਕ ਸਾਖ਼ਾ ਨਾਂਦੇੜ ਜ਼ਿਲ੍ਹੇ ਦੇ ਉਮਰੀ ਵਿਖੇ ਸਥਾਪਿਤ ਕੀਤੀ ਗਈ।[101] ਫ਼ਾਰਸੀ ਭਾਸ਼ਾ ਸਿੱਖਣ ਦਾ ਇੱਕ ਮਦਰਸਾ ਨਾਂਦੇੜ ਵਿਖੇ ਖੋਲ੍ਹਿਆ ਗਿਆ। 19 ਵੀਂ ਸਦੀ ਦੇ ਆਰੰਭ ਵਿਚ ਰੇਲਵੇ ਲਾਈਨ ਦਾ ਕੰਮ ਸ਼ੁਰੂ ਹੋਇਆ। ਸੰਨ 1900 ਈ. ਵਿਚ ਨਾਂਦੇੜ ਵਿਖੇ ਰੇਲਵੇ ਲਾਈਨ ਵਿਛ ਗਈ। ਹੈਦਰਾਬਾਦ-ਮਨਮਾੜ ਮੀਟਰ-ਗੇਜ਼ ਰੇਲਵੇ ਲਾਈਨ ਪੂਰੀ ਹੋ ਚੁੱਕੀ ਸੀ ਅਤੇ ਇਸ ਲਾਈਨ 'ਤੇ ਨਾਂਦੇੜ ਵਿਖੇ ਰੇਲਵੇ ਸਟੇਸ਼ਨ ਸਥਾਪਿਤ ਕੀਤਾ ਗਿਆ ਸੀ।[102]

ਇਤਿਹਾਸਕ ਤੌਰ 'ਤੇ ਹੈਦਰਾਬਾਦ ਰਿਆਸਤ ਅਤੇ ਨਾਂਦੇੜ ਨਗਰ ਦਾ ਖ਼ਾਸ ਸੰਬੰਧ ਰਿਹਾ ਹੈ। ਸ਼ੇਰੇ - ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਹੈਦਰਾਬਾਦ ਦੇ ਸਹਿਯੋਗ ਨਾਲ ਨਾਂਦੇੜ ਵਿਖੇ 1829-39 ਈ. ਦੇ ਵਿਚਕਾਰ ਤਖ਼ਤ ਸਾਹਿਬ ਦੀ ਇਮਾਰਤ ਦਾ ਨਿਰਮਾਣ ਕਰਵਾਇਆ ਸੀ। ਮੌਜੂਦਾ ਸਮੇਂ ਵਿਚ ਤਖ਼ਤ ਸਾਹਿਬ ਦੀ ਇਮਾਰਤ ਅਤਿ ਸੁੰਦਰ ਅਤੇ ਦਰਸ਼ਨੀਯ ਹੈ। ਅੰਦਰ ਦੀਆਂ ਕੰਧਾਂ ਉੱਤੇ ਰੰਗ-ਬਿਰੰਗੀ ਅਤੇ ਸੋਨੇ ਦੀ ਮੀਨਾਕਾਰੀ ਅਤਿਅੰਤ ਪ੍ਰਭਾਵਸ਼ਾਲੀ ਹੈ। ਨਿਜ਼ਾਮ ਹੈਦਰਾਬਾਦ ਦੇ ਵਜ਼ੀਰ ਚੰਦੂ ਲਾਲ ਨੇ ਜਿੱਥੇ ਤਖ਼ਤ ਸਾਹਿਬ ਲਈ ਬੇਅੰਤ ਜਾਗੀਰ ਭੇਟ ਕੀਤੀ ਸੀ ਉੱਥੇ ਹੀ ਉਹ ਹਜ਼ੂਰ ਸਾਹਿਬ ਦੇ ਸਿੱਖਾਂ ਦਾ ਦਿਲੋਂ ਸਤਿਕਾਰ ਕਰਦਾ ਸੀ। ਸਿੱਖਾਂ ਦੇ ਫ਼ੌਜੀ ਗੁਣਾਂ ਤੋਂ ਉਹ ਚੰਗਾ ਵਾਕਫ਼ ਸੀ। ਪੰਜਾਬ ਤੋਂ ਫ਼ੌਜ ਦੇ ਆਉਣ ਤੋਂ ਪਹਿਲਾਂ ਉਸ ਨੇ ਆਪਣੇ ਨਿੱਜੀ ਸਟਾਫ਼ ਵਿਚ ਨਾਂਦੇੜ ਦੇ ਬਹੁਤ ਸਾਰੇ ਸਿੱਖ ਭਰਤੀ ਕੀਤੇ।[103] 1956 ਈ. ਤੱਕ ਤਖ਼ਤ ਹਜ਼ੂਰ ਸਾਹਿਬ ਦਾ ਪ੍ਰਬੰਧ ਨਿਜ਼ਾਮ ਸਰਕਾਰ ਦੇ ਹੱਥਾਂ ਵਿਚ ਰਿਹਾ ਸੀ। ਅਖ਼ੀਰ ਹੈਦਰਾਬਾਦ ਸਰਕਾਰ ਨੇ 20 ਸਤੰਬਰ, 1956 ਈ. ਨੂੰ ਨਵਾਂ 'ਗੁਰਦੁਆਰਾ ਸੱਚਖੰਡ ਬੋਰਡ' ਬਣਾ ਕੇ ਤਖ਼ਤ ਸਾਹਿਬ ਅਤੇ ਹੋਰ

---

[101] ਉਕਤ, ਭਾਗ ਪਹਿਲਾ, ਪੰਨਾ 177.

[102] ਉਕਤ, ਪੰਨਾ 178.

[103] ਨਿਸ਼ਤਰ, ਨਾਨਕ ਸਿੰਘ, *ਤਖ਼ਤ ਸ਼੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿਖ ਪੰਥ ਨੂੰ ਦੇਣ,* ਹਰਪਾਲ ਸਿੰਘ ਪੰਨੂ (ਅਨੁ.), ਪੰਨਾ 23.

ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਇਸ ਬੋਰਡ ਨੂੰ ਸੌਂਪ ਦਿੱਤਾ। ਇਸ ਤਰ੍ਹਾਂ ਇਹ ਪ੍ਰਬੰਧ ਹਜ਼ੂਰੀ ਸਿੱਖਾਂ ਦੇ ਹੱਥਾਂ ਵਿਚ ਆ ਗਿਆ।

ਇਤਿਹਾਸਕ ਦ੍ਰਿਸ਼ਟੀ ਤੋਂ ਨਾਂਦੇੜ ਸਾਹਿਬ ਦੀ ਧਰਤੀ ਬਹੁਤ ਮਹੱਤਵਪੂਰ ਨ ਹੈ। ਗੋਦਾਵਰੀ ਨਦੀ ਦੇ ਰਮਣੀਕ ਅਤੇ ਸ਼ਾਂਤ ਕੰਢੇ ਉੱਤੇ ਸਥਿਤ ਹੋਣ ਕਰਕੇ ਇਹ ਧਰਤੀ ਕੁਦਰਤੀ ਸੁਹਪਣ ਦਾ ਸ਼ਾਨਦਾਰ ਨਜ਼ਾਰਾ ਪੇਸ਼ ਕਰ ਰਹੀ ਹੈ। ਇਥੇ ਸਿੱਖ ਧਰਮ ਦੇ ਪ੍ਰਸਿੱਧ ਗੁਰਧਾਮ (ਤਖ਼ਤ) ਤੋਂ ਇਲਾਵਾ ਨਾਂਦੇੜ ਸ਼ਹਿਰ ਵਿਚ ਹਿੰਦੂ ਧਰਮ ਨਾਲ ਸੰਬੰਧਿਤ ਪ੍ਰਸਿੱਧ ਗੰਗਾ ਮੰਦਿਰ, ਰਾਮ ਮੰਦਿਰ, ਗਾਇਤਰੀ ਮੰਦਿਰ, ਉਂਕਾਰੇਸ਼ਵਰ ਮੰਦਿਰ, ਬਾਲਾਜੀ ਮੰਦਿਰ, ਬਾਲਗੀਰ ਮਹਾਰਾਜ ਦਾ ਮਠ , ਗੋਤਮ ਰਿ ਸ਼ੀ ਦਾ ਤਪ ਸਥਾਨ ਆਦਿ ਵੀ ਜ਼ਿਕਰਯੋਗ ਹਨ। ਇਸ ਸ਼ਹਿਰ ਵਿਚ ਸਤਾਰਵੀਂ ਸਦੀ ਦੀਆਂ ਬਣੀਆਂ ਦੋ ਮਸਜਿਦਾਂ ਸਥਿਤ ਹਨ। ਇਸ ਵਿਚ ਇੱਕ ਮਲਿਕ ਅੰਬਰ (1548-1626 ਈ.) ਨੇ ਬਣਵਾਈ ਸੀ ਅਤੇ ਦੂਜੀ ਕੁਤੁਬ ਸ਼ਾਹੀ ਕਾਲ (1518-1687 ਈ.) ਦੀ ਹੈ।[104] ਇਨ੍ਹਾਂ ਵਿਚੋਂ ਇੱਕ ਗੋਦਾਵਰੀ ਨਦੀ ਦੇ ਤੱਟ 'ਤੇ ਸਥਿਤ ਹੈ।

15 ਅਗਸਤ, 1947 ਈ. ਨੂੰ ਭਾਰਤ ਆਜ਼ਾਦ ਹੋਇਆ। ਇਸ ਸਮੇਂ ਦੇਸ਼ ਦੀਆਂ 500 ਤੋਂ ਜ਼ਿਆਦਾ ਦੇਸੀ ਰਿਆਸਤਾਂ ਭਾਰਤੀ ਸੰਘ ਵਿਚ ਸ਼ਾਮਲ ਹੋ ਗਈਆਂ ਸਨ ਪਰ ਹੈਦਰਾਬਾਦ ਰਿਆਸਤ ਨੇ ਇਸ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਹੈਦਰਬਾਦ ਰਿਆਸਤ ਇੱਕ ਸਾਲ ਮਗਰੋਂ ਭਾਰਤੀ ਸੰਘ ਦਾ ਹਿੱਸਾ ਬਣੀ। ਇਸ ਤਰ੍ਹਾਂ ਨਾਂ ਦੇੜ ਨਗਰ ਵੀ ਦੇਸ਼ ਦੀ ਆਜਾਦੀ ਤੋਂ ਲਗਪਗ ਇੱਕ ਸਾਲ ਬਾਅਦ ਭਾਰਤ ਦਾ ਹਿੱਸਾ ਬਣ ਗਿਆ। ਨਿਡਰ ਸਿੰਘ ਲਿਖਦਾ ਹੈ ਕਿ ਅਗਸਤ, 1947 ਈ. ਵਿਚ ਭਾਰਤ ਦੀ ਆਜ਼ਾਦੀ ਦੇ ਸਮੇਂ ਤੱਕ ਨਿਜ਼ਾਮ ਨੇ 16 ਮਿਲੀਅਨ ਤੋਂ ਵੱਧ ਲੋਕਾਂ ਦੀ ਆਬਾਦੀ ਵਾਲੇ ਇੱਕ ਰਾਜ ਉੱਤੇ ਸ਼ਾਸਨ ਕੀਤਾ ਅਤੇ ਇਹ ਇੰਗਲੈਂਡ ਅਤੇ ਸਕਾਟਲੈਂਡ ਦਾ ਸਾਂਝੇ ਖੇਤਰ ਤੋਂ ਵੱਧ ਜ਼ਮੀਨੀ ਖੇਤਰ ਨੂੰ ਕਵਰ ਕਰਦਾ ਸੀ।[105] ਸੰਨ 1960 ਈ. ਵਿਚ ਦੋਭਾਸ਼ੀ ਬੰਬਈ ਰਾਜ ਦੀ ਵੰਡ ਦੇ ਨਤੀਜੇ ਵਜੋਂ ਮਹਾਰਾ ਸ਼ਟਰ ਰਾਜ ਦੀ ਸਥਾਪਨਾ ਹੋਈ। ਉਸ

[104] "Two old mosques at Nander were built, one by Malik Ambar and the other during the reign of the Kutb Shahis." *Imperial Gazetteer of India Provincial Series Hyderabad State,* Superintendent of Government Printing, Calcutta, 1909, Page 225.

[105] Nihang, Nidar Singh & Parmjit Singh, *In The Master's Presence The Sikhs of Hazoor Sahib* (vol.I), page 271.

ਸਮੇਂ ਨਾਂਦੇੜ ਮਹਾਰਾਸ਼ਟਰ ਅਤੇ ਮਰਾਠਵਾੜਾ ਖੇਤਰ ਦਾ ਹਿੱਸਾ ਬਣ ਗਿਆ। ਇਸ ਤਰ੍ਹਾਂ ਨਾਂਦੇੜ 1960 ਈ. ਵਿਚ ਮਹਾਰਾਸ਼ਟਰ ਪ੍ਰਾਂਤ ਦਾ ਇੱਕ ਜ਼ਿਲ੍ਹਾ ਬਣਿਆ।

ਨਾਂਦੇੜ ਦੇ ਇਤਿਹਾਸਕ ਪਿਛੋਕੜ ਨੂੰ ਵਾਚਦਿਆਂ ਹੁਣ ਅਸੀਂ ਭਾਰਤ ਦੇ ਦੱਖਣੀ ਖੇਤਰ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ (ਫੇਰੀ) ਨੂੰ ਵਰਣਨ ਕਰਾਂਗੇ।

**ਗੁਰੂ ਸਾਹਿਬਾਨ ਦੀ ਦੱਖਣ ਯਾਤਰਾ**

ਸਿੱਖ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ 'ਦੱਖਣ ਯਾਤਰਾ' ਇੱਕ ਅਦੁੱਤੀ ਯਾਤਰਾ ਹੈ। ਗੁਰੂ ਸਾਹਿਬਾਨ ਵਲੋਂ ਪੰਜਾਬ ਤੋਂ ਚੱਲ ਕੇ ਦੱਖਣੀ ਭਾਰਤ ਦੇ ਇਲਾਕਿਆਂ ਦਾ ਕੀਤਾ ਗਿਆ ਸਫ਼ਰ ਇਤਿਹਾਸਕ ਤੌਰ 'ਤੇ ਬਹੁਤ ਮਹੱਤਵਪੂਰਨ ਹੈ। ਇਹ ਸ ਫ਼ਰ ਕਿਸੇ ਤਰ੍ਹਾਂ ਦੀ ਵੀ ਇੱਕ ਵੱਡੀ ਮੁਹਿੰਮ ਤੋਂ ਘੱਟ ਨਹੀਂ ਸ ਨ। ਇਨ੍ਹਾਂ ਸਫ਼ਰਾਂ ਦਾ ਮੁੱਖ ਉਦੇਸ਼ ਪੰਜਾਬ ਤੋਂ ਬਾਹਰ ਭਾਰਤ ਦੇ ਹੋਰ ਖੇਤਰਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਸੀ। ਇਸ ਉਦੇਸ਼ ਦੀ ਪੂਰਤੀ ਹਿੱਤ ਦੱਖਣੀ ਭਾਰਤ ਵੱਲ ਪ੍ਰਚਾਰ ਫੇਰੀ ਦੌਰਾਨ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਇਧਰ ਪਧਾਰੇ ਸਨ ਅਤੇ ਅਨੇਕਾਂ ਸਥਾਨਾਂ ਉੱਤੇ ਸੰਗਤ ਕਾਇਮ ਕੀਤੀ ਸੀ। ਉਨ੍ਹਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੱਖਣ ਦੀ ਫੇਰੀ ਦੌਰਾਨ ਇਸ ਖੇਤਰ ਦੇ ਕਈ ਨਗਰਾਂ ਵਿਚ ਪੁੱਜੇ ਸਨ। ਸ੍ਰੀ ਗੁਰ ਸੋਭਾ, ਗੁਰੂ ਕੀਆਂ ਸਾਖੀਆਂ, ਗੁਰਬਿਲਾਸ ਪਾਤਸਾਹੀ ਦਸਮੀ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪ੍ਰਾਚੀਨ ਪੰਥ ਪ੍ਰਕਾਸ਼, ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਆਦਿ ਇਤਿਹਾਸਕ ਸ੍ਰੋਤ ਗੁਰੂ ਸਾਹਿਬਾਨ ਦੀਆ 'ਦੱਖਣ ਯਾਤਰਾ' ਦੀ ਗਵਾਹੀ ਭਰਦੇ ਹਨ।

ਨਾਂਦੇੜ ਸਾਹਿਬ ਪਹਿਲਾਂ ਤੋਂ ਹੀ ਸਿੱਖ ਸੰਗਤਾਂ ਦਾ ਧਾਰਮਿਕ ਕੇਂਦਰ ਸੀ। ਇਹ ਗੱਲ ਠੀਕ ਹੈ ਕਿ ਸਾਡੇ ਧਿਆਨ ਅਨੁਸਾਰ ਇਹ ਸਿਰਫ਼ ਗੁਰੂ ਗੋਬਿਦ ਸਿੰਘ ਜੀ ਦੇ ਨਾਂਦੇੜ ਵਿਖੇ ਪਹੁੰਚਣ ਕਰਕੇ ਹੀ ਸਾਹਮਣੇ ਆਉਂਦਾ ਹੈ ਪਰ ਇਥੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਆ ਚੁੱਕੇ ਸਨ। ਉਸ ਸਮੇਂ ਤੋਂ ਹੀ ਨਾਂਦੇੜ ਦੱਖਣੀ ਭਾਰਤ ਦੀਆਂ ਸਿੱਖ ਸੰਗਤਾਂ ਦੀ ਖਿੱਚ ਦਾ ਕੇਂਦਰ ਸੀ। ਨਾਂਦੇੜ ਵਿਖੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਦੀ ਰਵਾਇਤ ਹੈ। ਇਸ ਰਵਾਇਤ ਅਨੁਸਾਰ ਨਾਂਦੇੜ ਨਾਲ ਸਿੱਖ ਧਰਮ ਦਾ ਸੰਬੰਧ ਸਭ ਤੋਂ ਪਹਿਲਾਂ ਉਸ ਸਮੇਂ ਜੁੜਿਆ ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਜੀ ਉਦਾਸੀ (ਦੱਖਣ ਦੀ ਧਰਮ ਪ੍ਰਚਾਰ ਯਾਤਰਾ) ਦੌਰਾਨ ਬਿਦਰ (ਕਰਨਾਟਕ) ਨੂੰ ਜਾਣ ਸਮੇਂ ਨਾਂਦੇੜ ਵਿਖੇ ਮਾਲਟੇਕੜੀ ਵਾਲੀ

ਥਾਂ ਉੱਤੇ ਪਹੁੰਚ ਕੇ ਡੇਰਾ ਲਾਇਆ ਅਤੇ ਸੰਗਤ ਕਾਇਮ ਕੀਤੀ ਸੀ। ਜਿਸ ਸਥਾਨ 'ਤੇ ਆਪ ਜੀ ਠਹਿਰੇ ਸਨ ਉਹ ਜਗ੍ਹਾ ਇੱਕ ਉੱਚੀ ਪਹਾੜੀ ਉੱਪਰ ਸੀ ਅਤੇ ਅੱਜ ਉਸ ਥਾਂ 'ਤੇ ਗੁਰਦੁਆਰਾ ਮਾਲਟੇਕੜੀ ਸਾਹਿਬ ਸੁਸ਼ੋਭਿਤ ਹੈ।

ਗੁਰੂ ਨਾਨਕ ਦੇਵ ਜੀ ਨੇ 1506 ਈ. ਤੋਂ 1513 ਈ. ਤੱਕ ਦੱਖਣੀ ਭਾਰਤ ਦੀ ਯਾਤਰਾ ਕੀਤੀ। ਇਹ ਯਾਤਰਾ ਉਨ੍ਹਾਂ ਨੇ ਸੁਲਤਾਨਪੁਰ ਲੋਧੀ ਤੋਂ 1506 ਈ. ਵਿਚ ਆਰੰਭ ਕੀਤੀ। ਪੰਜਾਬ ਅਤੇ ਰਾਜਸਥਾਨ ਪ੍ਰਾਂਤ ਦੇ ਬਠਿੰਡਾ, ਸਿਰਸਾ, ਬੀਕਾਨੇਰ, ਕੁਲਾਇਤ, ਜੈਸਲਮੇਰ, ਜੋਧਪੁਰ, ਅਜਮੇਰ, ਚਿਤੌੜਗੜ੍ਹ ਆਦਿ ਨਗਰਾਂ ਦੇ ਅਨੇਕਾਂ ਲੋਕਾਂ ਨੂੰ ਤਾਰਦੇ ਹੋਏ ਗੁਰੂ ਨਾਨਕ ਦੇਵ ਜੀ ਮੱਧ ਪ੍ਰਦੇਸ਼ ਦੇ ਸ਼ਹਿਰ ਉਜੈਨ ਵਿਖੇ ਪਹੁੰਚੇ। ਉਜੈਨ "ਮੱਧ ਭਾਰਤ ਦਾ ਇੱਕ ਪ੍ਰਸਿੱਧ ਨਗਰ ਜਿਸ ਦਾ ਪ੍ਰਾਚੀਨ ਨਾਂ ਅਵੰਤੀ ਜਾਂ ਅਵੰਤਿਕਾ ਹੈ। ਇਸ ਨੂੰ ਉਜਯਿਨੀ ਵੀ ਆਖਦੇ ਹਨ।"[106] ਇਥੇ ਸਤਿਨਾਮ ਦਾ ਉਪਦੇਸ਼ ਦੇ ਕੇ ਆਪ ਜੀ ਨੇ ਇੰਦੌਰ, ਉਂਕਾਰਏਸ਼ਵਰ ਅਤੇ ਹੋਰ ਅਨੇਕਾਂ ਨਗਰਾਂ ਵਿਚੋਂ ਦੀ ਹੁੰਦੇ ਹੋਏ ਭੋਪਾਲ ਵਿਖੇ ਜਾ ਡੇਰਾ ਕੀਤਾ ਸੀ। ਭੋਪਾਲ ਤੋਂ ਗੁਰੂ ਜੀ ਹੋਸੰਗਾਬਾਦ, ਸੋਹਾਗਪੁਰ, ਛਿੰਦਵਾੜਾ ਅਤੇ ਸਿਵਨੀ ਹੁੰਦੇ ਹੋਏ ਮਹਾਰਾਸ਼ਟਰ ਰਾਜ ਵਿਚ ਦਾਖਲ ਹੋਏ। ਇਥੇ ਗੁਰੂ ਨਾਨਕ ਦੇਵ ਜੀ ਨੇ ਪਹਿਲਾ ਪੜਾਅ ਰਾਮਟੇਕ ਨਗਰ ਵਿਚ ਕੀਤਾ ਸੀ। ਇਥੇ ਗੁਰੂ ਜੀ ਤਕਰੀਬਨ ਚਾਰ ਮਹੀਨੇ ਰਹੇ ਸਨ। ਸੁਰਿੰਦਰ ਸਿੰਘ ਕੋਹਲੀ ਅਨੁਸਾਰ ਉਸ ਸਮੇਂ ਇਹ ਖੇਤਰ ਪ੍ਰਸਿੱਧ ਆਚਾਰੀਆ ਜੋਗਨ ਪ੍ਰਕਾਸ਼ ਗਣਪਤੀ ਸੰਪ੍ਰਦਾਇ ਨਾਲ ਸੰਬੰਧਿਤ ਸੀ। ਉਹ ਗੁਰੂ ਜੀ ਦੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਆਪਣੇ ਪੈਰੋਕਾਰਾਂ ਦੇ ਨਾਲ ਗੁਰੂ ਜੀ ਦਾ ਭਗਤ ਬਣ ਗਿਆ। ਰਾਮਟੇਕ ਵਿਖੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸਥਾਪਿਤ ਹੈ ਜੋ ਗੁਰੂ ਜੀ ਦੀ ਯਾਤਰਾ ਦੀ ਯਾਦ ਦਿਵਾਉਂਦਾ ਹੈ।[107]

ਰਾਮਟੇਕ ਤੋਂ ਗੁਰੂ ਜੀ ਤੁਮਸਾਰ, ਬਾਲਾਘਾਟ, ਬਿਜਾਪੁਰ, ਕਾਂਪਟੀ ਦੀ ਸੰਗਤ ਨੂੰ ਤਾਰਦੇ ਹੋਏ ਨਾਗਪੁਰ ਪਹੁੰਚੇ। ਨਾਗਪੁਰ ਤੋਂ ਅਮਰਾਵਤੀ, ਅਕੋਲਾ, ਮਲਿਕਾਪੁਰ ਅਤੇ ਬੁਲਢਾਣਾ ਹੁੰਦੇ ਹੋਏ ਗੁਰੂ ਜੀ ਮੱਧ ਪ੍ਰਦੇਸ਼ ਦੇ ਨਗਰ ਬੁਰਹਾਨਪੁਰ ਪਹੁੰਚੇ। ਜਿੱਥੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਤਾਪਤੀ (ਨਦੀ) ਕੰਢੇ ਗੁਰਦੁਆਰਾ ਹੈ। ਇੱਥੇ ਗੁਰੂ ਜੀ ਨੇ ਬਾਬਾ ਫ਼ਰੀਦ ਦੇ ਮੁਰੀਦ ਪੀਰ ਸਪ-ਬ੍ਰਹਮ ਨਾਲ ਗੋਸਟ ਕੀਤੀ। ਇਸੇ

---

106 ਗੁਰਮੁਖ ਸਿੰਘ, *ਭਾਈ ਗੁਰਦਾਸ: ਸੰਦਰਭ ਕੋਸ਼,* ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2003, ਪੰਨਾ 17.

107 Kohli, Surindar singh, *Travels of Guru Nanak,* page 97.

ਸਥਾਨ ਉੱਤੋ ਗੁਰੂ ਗੋਬਿਦ ਸਿਘ ਜੀ ਦੱਖਣ ਯਾਤਰਾ ਸਮੇਂ ਠਹਿਰੇ ਸਨ।[108] ਬੁਰਹਾਨਪੁਰ ਨਗਰ ਵਿਚ ਪਹਿਲੀ ਪਾਤਸ਼ਾਹੀ ਅਤੇ ਦਸਵੀਂ ਪਾਤਸ਼ਾਹੀ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਹਨ। ਬੁਰਹਾਨਪੁਰ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਭਗਤ ਨਾਮਦੇਵ ਦੇ ਜਨਮ ਸਥਾਨ ਪਿੰਡ ਨਰਸੀ ਬਾਹਮਣੀ (ਵਰਤਮਾਨ ਨਾਮ ਨਰਸੀ ਨਾਮਦੇਵ) ਪਹੁੰਚ ਗਏ। ਨਰਸੀ ਤੋਂ ਗੁਰੂ ਜੀ ਹਿੰਗੋਲੀ , ਬਸਮਤ ਹੁੰਦੇ ਹੋਏ ਗੋਦਾਵਰੀ ਨਦੀ ਦੇ ਕੰਢੇ ਮਹਾਰਾਸ਼ਟਰ ਦੇ ਨਗਰ ਨਾਂਦੇੜ ਵਿਖੇ ਪਹੁੰਚ ਗਏ। ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂ ਜੀ ਯਾਤਰਾ ’ਤੇ ਜਾਂਦੇ ਹੋਏ ਅਤੇ ਦੂਸਰੀ ਵਾਰ ਜਦੋਂ ਉਹ ਘਰ ਵਾਪਸ ਪਰਤ ਰਹੇ ਸਨ ਤਾਂ ਦੋ ਵਾਰ ਮਹਾਰਾਸ਼ਟਰ ਦੇ ਖੇਤਰ ਨੂੰ ਛੂਹਿਆ।[109] ਮਹਾਰਾਸ਼ਟਰ ਮੱਧ -ਭਾਰਤ ਦਾ ਉਹ ਰਾਜ ਹੈ ਜਿੱਥੇ ਜ਼ਿਆਦਾਤਰ ਮਰਾਠੇ ਵਾਸ ਕਰਦੇ ਹਨ। ਇਸ ਪ੍ਰਦੇਸ਼ ਦੀ ਪੰਜਾਬ ਨਾਲ ਸਭਿਆਚਾਰਕ ਸਾਂਝ ਵੀ ਬੜੀ ਗੂੜ੍ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਹਾਰਾਸ਼ਟਰ ਦੇ ਸੰਤਾਂ ਦੀ ਬਾਣੀ ਕਾ ਫ਼ੀ ਮਾਤਰਾ ਵਿਚ ਹੈ। ਸ੍ਰੀ ਗੁਰੂ ਗੋਬਿਦ ਸਿਘ ਜੀ ਦਾ ਜੋਤੀ ਜੋਤਿ ਸਮਾਉਣਾ ਵੀ ਇਥੋਂ ਦੇ ਹੀ ਸ਼ਹਿਰ ਨਾਂਦੇੜ ਵਿਚ ਹੋਇਆ ਜਿੱਥੇ ਹੁਣ ਗੁਰ -ਅਸਥਾਨਾਂ ਤੋਂ ਇਲਾਵਾ ਸਿੱਖਾਂ ਦਾ ਤਖ਼ਤ ਵੀ ਹੈ।[110]

ਗੁਰੂ ਨਾਨਕ ਦੇਵ ਜੀ ਨਾਂਦੇੜ ਨਗਰ ਤੋਂ ਬਾਹਰ ਤਿੰਨ ਕਿ. ਮੀ. ਉੱਤ ਰ ਵੱਲ, ਜਿੱਥੇ ਪਹਿਲਾਂ ਵਜ਼ੀਰਾਬਾਦ ਹੁੰਦਾ ਸੀ, ਇੱਕ ਉੱਚੀ ਪਹਾੜੀ ਉੱਤੇ ਆ ਕੇ ਠਹਿਰੇ ਸਨ। ਗੁਰੂ ਜੀ ਦੀ ਮੁਲਾਕਾਤ ਇਥੇ ਇੱਕ ਫ਼ਕੀਰ ਸਯਦ ਸ਼ਾਹ ਹੁਸੈਨ ਲੱਕੜ ਨਾਲ ਹੋਈ ਸੀ। ਗੁਰੂ ਜੀ ਨੇ ਉਸ ਨੂੰ ਗੁਰਮਤਿ ਦਾ ਉਪਦੇਸ਼ ਦੇ ਕੇ ਉਸ ਕੋਲ ਕੁਝ ਸਮਾਂ ਠਹਿਰੇ ਸ ਨ। ਗੁਰੂ ਜੀ ਦੇ ਜਾਣ ਤੋਂ ਮਗਰੋਂ ਉਸ ਅਸਥਾਨ ਦੀ ਸੰਭਾਲ ਇਹ ਫ਼ਕੀਰ ਕਰਦਾ ਰਿਹਾ ਸੀ। ਅੱਜ ਉਸ ਜਗ੍ਹਾਂ ਉੱਪਰ ਗੁਰਦੁਆਰਾ ਮਾਲਟੇਕੜੀ ਸਾਹਿਬ ਬਣਿਆ ਹੋਇਆ ਹੈ।

ਨਾਂਦੇੜ ਵਿਖੇ ਲੱਕੜ ਸ਼ਾਹ ਨਾਲ ਹੋਈ ਮੁਲਾਕਾਤ ਬਾਰੇ ਇਉਂ ਦੱਸਿਆ ਜਾਂਦਾ ਹੈ। ਇੱਕ ਫ਼ਕੀਰ ਪਹਾੜੀ ਉੱਤੇ ਆਪਣੀ ਕੁੱਲੀ ਵਿਚ ਬੰਦਗੀ ਕਰ ਰਿਹਾ ਸੀ। ਇਸ ਨੇ ਗੁਰੂ ਨਾਨਕ ਦੇਵ ਜੀ ਦਾ ਜਸ ਸੁਣਿਆ ਹੋਇਆ ਸੀ। ਇਹ ਦਿਨ -ਰਾਤ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਕਰਦਾ ਰਹਿੰਦਾ ਸੀ। ਗੁਰੂ ਨਾਨਕ ਦੇਵ ਜੀ

---

108 *ਸੱਚਖੰਡ ਪੱਤਰ,* ਦਸੰਬਰ-1996 ਜਨਵਰੀ 1997, ਪੰਨਾ 49.

109 Kohli, Surindar singh, *Travels of Guru Nanak,* page 97.

110 *ਸੱਚਖੰਡ ਪੱਤਰ,* ਦਸੰਬਰ-1996 ਜਨਵਰੀ 1997, ਪੰਨਾ 48.

ਨੇ ਇਸਦੀ ਬੇਨਤੀ ਨੂੰ ਅਨੁਭਵ ਕੀਤਾ ਅਤੇ ਇਧਰ ਆਏ ਸਨ। ਲੱਕੜ ਸ਼ਾਹ ਫ਼ਕੀਰ ਅੰਤਰ ਧਿਆਨ ਵਿਚ ਬੈਠੇ ਸਨ। ਗੁਰੂ ਸਾਹਿਬ ਨੇ ਫ਼ਕੀਰ ਨੂੰ ਬੁਲਾਇਆ ਅਤੇ ਆਖਿਆ 'ਲੱਕੜ ਸ਼ਾਹ! ਅੱਖਾਂ ਖੋਲ੍ਹ ਤੂੰ ਯਾਦ ਕੀਤਾ ਤੇ ਅਸੀਂ ਆ ਗਏ। ਲੱਕੜ ਸ਼ਾਹ ਨੇ ਅੱਖਾਂ ਖੋਲ੍ਹੀਆਂ ਤਾਂ ਉਹ ਗੁਰੂ ਸਾਹਿਬ ਦੇ ਨੂਰਾਨੀ ਦਰਸ਼ਨ ਕਰਕੇ ਨਿਹਾਲ ਹੋ ਗਿਆ ਅਤੇ ਚਰਨਾਂ ਵਿਚ ਨਮਸਕਾਰ ਕੀਤੀ। ਗੁਰੂ ਜੀ ਨੇ ਉਠਾ ਕੇ ਉਸਨੂੰ ਗਲਵਕੜੀ ਪਾਈ ਅਤੇ ਦਰਸ਼ਨ ਦੇ ਕੇ ਨਿਹਾਲ ਕੀਤਾ। ਬਚਨ ਕੀਤਾ ਕਿ 'ਲਕੜਸ਼ਾਹ! ਤੇਰੀ ਬੰਦਗੀ ਦਰ-ਪ੍ਰਵਾਨ ਹੋਈ ਹੈ। ਸਮਾਂ ਆਵੇਗਾ ਇਹ ਅਸਥਾਨ ਬੜਾ ਪ੍ਰਸਿੱਧ ਹੋਵੇਗਾ। ਇਸ ਅਸਥਾਨ ਦੀ ਧੂੜੀ ਮੱਥੇ ਉੱਤੇ ਲਾਉਣ ਲਈ ਇੱਥੇ ਸੰਗਤ ਦੂਰੋਂ-ਦੂਰੋਂ ਪੁੱਜਿਆ ਕਰੇਗੀ। ਹੁਣ ਤੁਸੀਂ ਇਸ ਅਸਥਾਨ 'ਤੇ ਝਾੜੂ ਮਾਰਿਆ ਕਰੋ। ਝਾੜੂ ਮਾਰਦਿਆਂ ਤੁਹਾਡਾ ਗੁਜ਼ਾਰਾ ਹੋ ਜਾਇਆ ਕਰੇਗਾ। ਲੱਕੜ ਸ਼ਾਹ ਫ਼ਕੀਰ ਨੇ ਗੁਰੂ ਸਾਹਿਬ ਦਾ ਹੁਕਮ ਮੰਨਿਆ ਅਤੇ ਸਹਿਜ਼-ਸੁਭਾ ਦੋ ਅਸ਼ਰਫ਼ੀਆਂ ਮਿਲ ਜਾਂਦੀਆ। ਸਥਾਨਿਕ ਰਵਾਇਤ ਹੈ ਕਿ ਉਸਦੇ ਜਿਉਂਦੇ ਰਹਿਣ ਤੱਕ ਇਸ ਤਰ੍ਹਾਂ ਹੁੰਦਾ ਰਿਹਾ ਸੀ। ਅੰਤ ਜਦੋਂ ਉਹ ਚਲਾਣਾ ਕਰ ਗਿਆ ਤਾਂ ਉਸ ਦੀ ਕਬਰ ਉਸੇ ਪਹਾੜੀ ਉੱਤੇ ਬਣਾਈ ਗਈ। ਇਹ ਕਬਰ ਗੁਰਦੁਆਰਾ ਮਾਲਟੇਕੜੀ ਸਾਹਿਬ ਤੋਂ ਕੁਝ ਦੂਰੀ 'ਤੇ ਮੌਜੂਦ ਹੈ।

ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਂਦੇੜ ਵਿਖੇ ਪਹੁੰਚਣ ਦੀ ਮਿਤੀ ਦਾ ਅੰਕਿਤ ਵੇਰਵਾ ਨਹੀਂ ਮਿਲਦਾ ਸਿਰਫ਼ ਗੁਰੂ ਸਾਹਿਬ ਦੇ ਇਥੇ ਪਧਾਰਨ ਦਾ ਜ਼ਿਕਰ ਮਿਲਦਾ ਹੈ। ਗੁਰਦੁਆਰਾ ਮਾਲਟੇਕੜੀ ਸਾਹਿਬ ਵਾਲੇ ਅਸਥਾਨ ਤੋਂ ਬਾਅਦ ਗੁਰੂ ਜੀ ਨੇ ਨਾਂਦੇੜ ਨਗਰ ਤੋਂ ਬਾਹਰਵਾਰ ਦੱਖਣ ਦਿ ਸ਼ਾ ਵੱਲ ਡੇਰੇ ਲਾ ਕੇ ਇਲਾਕੇ ਦੀ ਸੰਗਤ ਨੂੰ ਉਪਦੇਸ਼ ਦਿੱਤਾ ਸੀ। ਜਿੱਥੇ ਅੱਜ ਗੁਰਦੁਆਰਾ ਨਾਨਕਸਰ ਸਾਹਿਬ ਸਥਿਤ ਹੈ। ਇੱਥੇ ਗੁਰੂ ਸਾਹਿਬ ਨੌ ਦਿਨ ਰੁਕੇ ਸਨ। ਇਥੋਂ ਅੱਗੇ ਗੁਰੂ ਨਾਨਕ ਦੇਵ ਜੀ ਕਰਨਾਟਕਾ , ਆਂਧਰਾ ਪ੍ਰਦੇਸ਼, ਤਾਮਿਲਨਾਡੂ ਆਦਿ ਰਾਜਾਂ ਅਤੇ ਸ੍ਰੀ ਲੰਕਾ ਦੇ ਅਨੇਕਾਂ ਨਗਰਾਂ ਦੇ ਲੋਕਾਂ ਨੂੰ ਸਿੱਖੀ ਦਾ ਉਪਦੇਸ਼ ਦੇ ਕੇ ਸੰਨ 1513 ਈ. ਵਿਚ ਮੁੜ ਵਾਪਿਸ ਸੁਲਤਾਨਪੁਰ ਲੋਧੀ (ਪੰਜਾਬ) ਪਹੁੰਚੇ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਲਗਭਗ ਸੱਤ ਸਾਲ ਵਿਚ ਇਹ ਯਾਤਰਾ ਸੰਪੂਰਨ ਕਰਕੇ ਮੁੜ ਆਪਣੇ ਪਰਿਵਾਰ ਨੂੰ ਮਿਲੇ।

ਗੁਰੂ ਨਾਨਕ ਦੇਵ ਜੀ ਤੋਂ ਦੋ ਸਦੀਆਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੱਖਣ ਦੀ ਧਰਤੀ 'ਤੇ ਆਏ ਅਤੇ ਗੋਦਾਵਰੀ ਨਦੀ ਦੇ ਰਮਣੀਕ ਕੰਢੇ ਉੱਤੇ ਵਸੇ ਨਗਰ ਨਾਂਦੇੜ ਨੂੰ 1708 ਈ. ਵਿਚ ਆਪਣੇ ਚਰਨਾਂ ਦੀ

ਛੋਹ ਨਾਲ ਪਵਿੱਤਰ ਕੀਤਾ। ਇੱਥੇ ਗੁਰੂ ਸਾਹਿਬ ਨੇ ਆਪਣੀ ਸੰਸਾਰ ਯਾਤਰਾ ਦੇ ਅੰਤਲੇ ਕੌਤਕ ਕਰਦਿਆਂ ਸਦੀਵ ਕਾਲ ਲਈ 'ਪੰਥ' ਨੂੰ 'ਗ੍ਰੰਥ' ਦੇ ਲੜ ਲਾਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਦਮਦਮਾ ਸਾਹਿਬ ਵਿਖੇ ਪੰਥਕ ਅਤੇ ਸੈਨਿਕ ਕਾਰਜ ਕਰਦਿਆਂ ਲਗਭਗ ਨੌ ਮਹੀਨੇ ਰੁਕਣ ਤੋਂ ਬਾਅਦ ਅਕਤੂਬਰ 1706 ਈ. ਵਿਚ ਦੱਖਣ ਵੱਲ ਰਵਾਨਗੀ ਦਾ ਪ੍ਰੋਗਰਾਮ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬੈਰਾੜਾਂ ਅਤੇ ਭਾਈ ਰੂਪੇ ਕੀ ਸੰਗਤ ਦੇ ਨਾਮ 20 ਕੱਤਕ, ਸੰਮਤ 1763 ਬਿ. (21 ਅਕਤੂਬਰ 1706 ਈ.) ਨੂੰ ਹੁਕਮਨਾਮਾ ਲਿਖਕੇ ਭੇਜਿਆ ਕਿ 'ਅਸਾਂ ਦਖਣ ਕੋ ਕੂਚ ਕੀਤਾ ਹੈ ਜਿਨਿ ਸਿਖ ਸਾਡੇ ਨਾਲ ਚਲਣਾ ਹੋਇ ਤਿਨਿ ਹੁਕਮੁ ਦੇਖਦਿਆਂ ਹਜੂਰਿ ਆਵਣਾ'।[111] ਇਸ ਹੁਕਮਨਾਮੇ ਤੋਂ ਨੌ ਦਿਨ ਬਾਅਦ 30 ਅਕਤੂਬਰ, 1706 ਈ. ਨੂੰ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਤੋਂ ਦੱਖਣ ਨੂੰ ਕੂਚ ਕੀਤਾ। ਅਗਲੇ ਪੜਾਅ ਉੱਤੇ ਰਿਹਾਇਸ਼ , ਤੰਬੂ ਆਦਿ ਪ੍ਰਬੰਧ ਲਈ ਕੁਝ ਸਿੰਘਾਂ ਨੂੰ ਗੁਰੂ ਸਾਹਿਬ ਪਹਿਲਾਂ ਭੇਜ ਦਿੰਦੇ ਸਨ। ਕਵੀ ਸੈਨਾਪਤਿ ਨੇ ਦੱਸਿਆ ਹੈ ਕਿ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਤੋਂ ਸਿੱਧਾ ਮਾਰਵਾੜ (ਰਾਜਸਥਾਨ) ਦੇ ਰਸਤੇ ਦੱਖਣ ਨੂੰ ਕੂਚ ਕੀਤਾ ਸੀ:

**ਮਾਰਵਾਰ ਕੇ ਰਾਹ ਦਿਸ ਦੱਛਨ ਕੋ ਕੂਚ ਹੈ।**

**ਸਬੈ ਹੋਹੁ ਤਯੀਯਾਰ ਪ੍ਰਭ ਇਮ ਕਹੀ ਸੁਨਾਇ ਕੈ।**[112]

ਮਾਰਵਾੜ ਇਲਾਕੇ ਦੇ ਅਨੇਕਾਂ ਨਗਰਾਂ ਦੀ ਸੰਗਤ ਨੂੰ ਤਾਰਦੇ ਹੋਏ ਗੁਰੂ ਸਾਹਿਬ ਹਿੰਦੂਆਂ ਦੇ ਪ੍ਰਸਿੱਧ ਤੀਰਥ ਅਸਥਾਨ ਪੁਸ਼ਕਰ ਪਹੁੰਚੇ। ਪੁਸ਼ਕਰ ਤੋਂ ਚੱਲ ਕੇ ਦਾਦੂ ਪੰਥੀਆਂ ਦੇ ਪੁਰਾਤਨ ਡੇਰੇ ਨਾਰਾਇਣਾ ਵਿਖੇ ਆ ਕੇ ਪੜਾਅ ਕਰਦੇ ਹਨ। ਉਸ ਸਮੇਂ ਇਸ ਡੇਰੇ ਦਾ ਮਹੰਤ ਜੈਤ ਰਾਮ ਸੀ ਜਿਸ ਨਾਲ ਦਸਮੇਸ਼ ਪਾਤਸ਼ਾਹ ਦੀ ਵਿਚਾਰ-ਚਰਚਾ ਹੋਈ ਸੀ। ਮਹੰਤ ਜੈਤ ਰਾਮ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਂਦੇੜ ਵਿਖੇ ਮਾਧੋ ਦਾਸ ਬੈਰਾਗੀ ਨਾਲ ਵਾਪਰੀ ਆਪਣੀ ਹੱਡ ਬੀਤੀ ਸੁਣਾਈ ਅਤੇ ਉਧਰ ਨਾ ਜਾਣ ਬਾਰੇ ਕਿਹਾ। ਗੁਰਬਿਲਾਸ

---

111 ਗੰਡਾ ਸਿੰਘ (ਸੰਪਾ.), *ਹੁਕਮਨਾਮੇ (ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖ਼ਾਲਸਾ ਜੀ ਦੇ ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019 (ਰੀਪ੍ਰਿੰਟ), ਹੁਕਮਨਾਮਾ ਨੰ. 62, ਪੰਨਾ 170.

112 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ ,* ਗੰਡਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 2017 (ਚੌਥੀ ਵਾਰ), ਪੰਨਾ 141.

ਪਾਤਸ਼ਾਹੀ ਦਸਵੀਂ ਅਨੁਸਾਰ ਗੁਰੂ ਜੀ ਨੇ ਕਿਹਾ ਕਿ ਦੱਖਣ ਅਸੀਂ ਜ਼ਰੂਰ ਜਾਣਾ ਹੈ। ਉੱਥੇ ਸਾਡਾ ਅਦਭੁਤ ਟਿਕਾਣਾ ਹੈ। ਉਧਰ ਸਾਡੇ ਜਰੂਰੀ ਕੰਮ ਹਨ।[113]

ਗੁਰੂ ਸਾਹਿਬ ਨਾਰਾਇਣਾ ਤੋਂ ਲਾਲੀ, ਮਘਰੋਦਾ ਅਤੇ ਕੁਲਾਇਤ ਆਦਿ ਨਗਰਾਂ ਵਿਚ ਧਰਮ ਪ੍ਰਚਾਰ ਕਰਨ ਤੋਂ ਬਾਅਦ ਬਘੌਰ ਸ਼ਹਿਰ ਪਹੁੰਚੇ। ਇਸ ਸਮੇਂ ਗੁਰੂ ਜੀ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲੀ ਸੀ। 20 ਫਰਵਰੀ, 1707 ਈ. ਨੂੰ ਉਸਦੀ ਅਹਿਮਦਨਗਰ ਵਿਚ ਮੌਤ ਹੋ ਗਈ ਸੀ।[114] ਔਰੰਗਜ਼ੇਬ ਦੇ ਪੁੱਤਰਾਂ ਵਿਚਕਾਰ ਤਖ਼ਤ-ਨਸ਼ੀਨੀ ਲਈ ਲੜਾਈ ਛਿੜ ਪਈ ਸੀ। ਇਸ ਸਮੇਂ ਸ਼ਾਹਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਆਪਣੇ ਭਰਾ ਆਜ਼ਮ ਸ਼ਾਹ (ਤਾਰਾ ਆਜ਼ਮ) ਦਾ ਮੁਕਾਬਲਾ ਕਰਨ ਲਈ ਕਾਹਲੀ ਨਾਲ ਪਿਸ਼ਾਵਰ ਤੋਂ ਦਿੱਲੀ ਵੱਲ ਵਧਿਆ। ਉਸਨੇ ਭਾਈ ਨੰਦ ਲਾਲ ਰਾਹੀਂ ਗੁਰੂ ਜੀ ਤੋਂ ਵੀ ਮਦਦ ਮੰਗੀ ਸੀ ਅਤੇ ਉਸਦੀ ਬੇਨਤੀ ਨੂੰ ਗੁਰੂ ਜੀ ਨੇ ਪ੍ਰਵਾਨ ਕਰ ਲਿਆ ਸੀ।[115] ਅਖ਼ੀਰ ਆਗਰੇ ਤੋਂ ਦੱਖਣ ਵੱਲ ਜਾਜਉ ਦੇ ਸਥਾਨ 'ਤੇ ਦੋਹਾਂ ਧਿਰਾਂ ਵਿਚਕਾਰ ਲੜਾਈ ਹੋਈ। ਡਾ. ਗੰਡਾ ਸਿੰਘ 8 ਜੂਨ, 1707 ਈ. ਨੂੰ ਇਹ ਲੜਾਈ ਹੋਈ ਦੱਸਦੇ ਹਨ।[116] ਗੁਰੂ ਕੀਆਂ ਸਾਖੀਆਂ ਅਨੁਸਾਰ ਜੰਗ ਦੇ ਮੈਦਾਨ ਵਿਚ ਤਾਰਾ ਆਜ਼ਮ ਮਾਰਿਆ ਗਿਆ। ਗੁਰੂ ਦੀ ਸਹਾਇਤਾ ਅਤੇ ਅਸੀਸ ਸਦਕਾ ਬਹਾਦਰ ਸ਼ਾਹ (ਸ਼ਾਹਜ਼ਾਦਾ ਮੁਅੱਜ਼ਮ) ਦੀ ਜਿੱਤ ਹੋ ਗਈ।[117] ਉਹ ਦਿੱਲੀ ਤਖ਼ਤ ਦਾ ਬਾਦਸ਼ਾਹ ਬਣ ਗਿਆ।

ਜਾਜਉ ਦੀ ਜਿੱਤ ਤੋਂ ਬਾਅਦ 23 ਜੁਲਾਈ, 1707 ਈ. ਨੂੰ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਵਿਚਕਾਰ ਇੱਕ ਇਤਿਹਾਸਕ ਮੁਲਾਕਾਤ ਹੋਈ। ਆਗਰੇ ਦੇ ਦਰਬਾਰ ਵਿਚ ਬ ਹਾਦਰ ਸ਼ਾਹ ਨੇ ਗੁਰੂ ਸਾਹਿਬ ਦਾ ਸ਼ਾਹੀ ਠਾਠ -ਬਾਠ ਨਾਲ ਨਿੱਘਾ ਸਵਾਗਤ ਕੀਤਾ । ਰਾਜ ਭਾਗ ਦੀ ਪ੍ਰਾਪਤੀ ਅਤੇ ਜਿੱਤ ਦੀ ਖੁਸ਼ੀ ਲਈ ਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਸ਼ੁਕਰਾਨੇ ਵਜੋਂ ਕਲਗ਼ੀ, ਜੜਾਉ ਖ਼ਿਲਅਤ ਅਤੇ ਹੋਰ ਕੀਮਤੀ ਤੋਹਫ਼ੇ ਭੇਟ

---

113 "ਦੱਖਣ ਹਮੈ ਜ਼ਰੂਰ ਸੋ ਜਾਣਾ। ਹਮਰੋ ਅਦਭੁਤ ਤਹਾਂ ਟਿਕਾਣਾ।" ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸ,* ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 (ਤੀਜੀ ਵਾਰ), ਪੰਨਾ 214.

114 Ishwari Prasad, *A New History of India* (Hindi Edition), page 235.

115 ਕੋਹਲੀ, ਸੁਰਿੰਦਰ ਸਿੰਘ , *ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ* , ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 1996 (ਪਹਿਲੀ ਵਾਰ), ਪੰਨਾ 20.

116 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 151.

117 ਕੋਸ਼ਿਸ਼, ਸ੍ਰਰੂਪ ਸਿੰਘ , *ਗੁਰੂ ਕੀਆਂ ਸਾਖੀਆਂ ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼ , ਅੰਮ੍ਰਿਤਸਰ, ਜਨਵਰੀ 2020 (ਅੱਠਵੀਂ ਵਾਰ), ਪੰਨਾ 192.

ਕੀਤੇ। ਖ਼ਿਲਅਤ ਇੱਕ ਲੰਮੇ ਗਾਊਨ ਦੀ ਤਰ੍ਹਾਂ ਹੁੰਦੀ ਹੈ। ਇਸ ਗਾਊਨ ਉੱਪਰ ਸੋਨੇ -ਚਾਂਦੀ ਦੇ ਧਾਗਿਆਂ ਨਾਲ ਵੇਲ-ਬੂਟੇ ਪਾਏ ਗਏ ਹੁੰਦੇ ਹਨ ਅਤੇ ਹੀਰੇ -ਮੋਤੀ ਆਦਿ ਜਵਾਹਰਾਤ ਜੜੇ ਹੋਏ ਹੁੰਦੇ ਹਨ। ਇਸ ਤਰ੍ਹਾਂ ਦਾ ਗਾਊਨ ਬਹੁਤ ਕੀਮਤੀ ਹੁੰਦਾ ਸੀ। [118] ਇਸ ਸਾਰੇ ਪ੍ਰਸੰਗ ਦਾ ਕਵੀ ਸੈਨਾਪਤਿ ਨੇ ਸ੍ਰੀ ਗੁਰ ਸੋਭਾ ਦੇ ਧਿਆਉ ਸੋਲ੍ਹਵਾਂ (ਮੁਲਾਕਾਤ ਬਾਦਸ਼ਾਹ ਕੀ) ਵਿਚ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ।

ਇਸ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਦੇ ਛੋਟੇ ਭਰਾ ਕਾਮ ਬਖ਼ਸ਼ ਨੇ ਦੱਖਣ (ਹੈਦਰਾਬਾਦ) ਵਿਚ ਬਹਾਦਰ ਸ਼ਾਹ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ ਸੀ। ਕਾਮ ਬਖ਼ਸ ਇਸ ਸਮੇਂ ਬੀਜਾਪੁਰ ਦਾ ਸੂਬੇਦਾਰ ਸੀ। ਇਸ ਬਗ਼ਾਵਤ ਨੂੰ ਦਬਾਉਣ ਲਈ ਬਹਾਦਰ ਸ਼ਾਹ ਨੇ ਪਹਿਲਾਂ ਰਾਜਪੂਤਾਨੇ ਵੱਲ ਫਿਰ ਦੱਖਣ ਵੱਲ ਰਵਾਨਾ ਹੋਇਆ। ਗੁਰੂ ਕੀਆਂ ਸਾਖੀਆਂ ਅਨੁਸਾਰ ਬਾਦਸ਼ਾਹ ਨੇ ਗੁਰੂ ਜੀ ਨੂੰ ਆਪਣੇ ਨਾਲ ਦੱਖਣ ਵੱਲ ਜਾਣ ਲਈ ਬੇਨਤੀ ਕੀਤੀ। ਜਿਸਨੂੰ ਗੁਰੂ ਜੀ ਪ੍ਰਵਾਨ ਕਰ ਲੈਂਦੇ ਸਨ।[119] ਇਸ ਤੋਂ ਇਲਾਵਾ ਗੁਰੂ ਸਾਹਿਬ ਦੇ ਦੱਖਣ ਵੱਲ ਜਾਣ ਦਾ ਇੱਕ ਪ੍ਰਮੁੱਖ ਕਾਰਨ ਦੱਖਣ ਦੇ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ।

ਇਸ ਸਮੇਂ ਗੁਰੂ ਸਾਹਿਬ ਨੇ ਮਾਤਾ ਸੁੰਦਰੀ ਜੀ ਅਤੇ ਕੁਝ ਸਿੰਘਾਂ ਨੂੰ ਦਿੱਲੀ ਵਿਚ ਹੀ ਰਹਿਣ ਦੀ ਆਗਿਆ ਦਿੱਤੀ ਸੀ। ਮਾਤਾ ਸਾਹਿਬ ਕੌਰ ਜੀ ਗੁਰੂ ਸਾਹਿਬ ਨਾਲ ਦੱਖਣ ਵੱਲ ਆਏ ਸਨ। ਨਵੰਬਰ , 1707 ਈ. ਦੇ ਸ਼ੁਰੂ ਵਿਚ ਬਹਾਦਰ ਸ਼ਾਹ ਅਤੇ ਉਸ ਦੀਆ ਫ਼ੌਜਾਂ ਆਗਰੇ ਤੋਂ ਰਾਜਪੂਤਾਨੇ (ਅਜਮੇਰ) ਵੱਲ ਕੂਚ ਕਰ ਜਾਂਦੀਆ ਹਨ। ਗੁਰੂ ਸਾਹਿਬ ਵੀ ਧਰਮ ਪ੍ਰਚਾਰ ਨੂੰ ਮੁੱਖ ਰੱਖ ਕੇ ਰਸਤੇ ਵਿਚ ਸੰਗਤਾਂ ਨੂੰ ਨਾਮ ਸਿਮਰਨ ਅਤੇ ਅੰਮ੍ਰਿਤ ਦੀ ਦਾਤ ਬਖਸ਼ਦੇ ਹੋਏ ਬਹਾਦਰ ਸ਼ਾਹ ਨਾਲ ਰਾਜਪੂਤਾਨੇ ਅਤੇ ਦੱਖਣ ਵੱਲ ਨੂੰ ਚੱਲ ਪਏ। ਗੁਰੂ ਗੋਬਿੰਦ ਸਿੰਘ ਜੀ ਆਗਰੇ ਤੋਂ ਚੱਲ ਕੇ ਅਜਮੇਰ, ਚਿਤੌੜਗੜ੍ਹ, ਮੰਦਸੋਰ, ਰਤਲਾਮ, ਊਜੈਨ, ਇੰਦੋਰ ਦੇ ਰਸਤੇ ਨਰਮਦਾ ਨਦੀ ਨੂੰ ਪਾਰ ਕਰਕੇ ਅਤੇ ਉਂਕਾਰਏਸ਼ਵਰ, ਸਨਵਾੜ, ਖੰਡਵਾਂ ਲੰਘ ਕੇ ਤਾਪਦੀ ਨਦੀ ਦੇ ਕਿਨਾਰੇ ਮੱਧ ਪ੍ਰਦੇਸ਼ ਦੇ ਸ਼ਹਿਰ ਬੁਰਹਾਨਪੁਰ ਪਹੁੰਚੇ। ਇਥੇ ਗੁਰੂ ਸਾਹਿਬ ਕਈ ਦਿਨ ਰੁਕਦੇ ਸਨ। ਧਰਮ ਪ੍ਰਚਾਰ ਦਾ ਪਰਵਾਹ ਚਲਾਉਂਦੇ ਸਨ। ਸੰਗਤਾਂ ਦੂਰੋਂ-ਨੇੜਿਉਂ ਆ ਕੇ ਆਪ ਜੀ ਦੇ ਦਰਸ਼ਨ ਕਰਨ ਲਈ ਪਹੁੰਚਦੀਆ ਸਨ:

---

118 ਸਰਬਜਿੰਦਰ ਸਿੰਘ (ਸੰਪਾ.), *ਸ੍ਰੀ ਗੁਰੂ ਗੋਬਿੰਦ ਸਿੰਘ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ 104.

119 ਕੋਸ਼ਿਸ਼, ਸ੍ਰਰੂਪ ਸਿੰਘ, *ਗੁਰੂ ਕੀਆਂ ਸਾਖੀਆਂ* , ਸਾਖੀ: 'ਦੱਖਣ ਦੇਸ ਜਾਨੇ ਤੇ ਗੁਰੂ ਕੋ ਤਨਖ਼ਾਹ ਲਗਨੇ ਕੀ ਚਾਲੀ ', ਪੰਨੇ 192-94.

**ਇਹੈ ਹੋਇ ਬੀਤੀ ਤਹਾ ਕੇਤੇ ਦਿਵਸ ਬਿਹਾਇ।**

**ਬੁਰਹਾਨੰ ਪੁਰ ਜਾਇ ਕੈ ਬਸੇ ਧਾਮ ਮੈ ਧਾਇ॥29॥**[120]

ਜਿਸ ਵੇਲੇ ਗੁਰੂ ਗੋਬਿਦ ਸਿਘ ਜੀ ਇੱਥੇ ਰੁਕਦੇ ਹਨ ਤਾਂ ਤਾਪਤੀ ਨਦੀ ਦੇ ਪਾਰੋਂ ਇੱਕ ਬਜੁਰਗ ਸੰਤ ਉਨ੍ਹਾਂ ਦੇ ਦਰਸ਼ਨ ਕਰਨ ਆਉਂਦਾ ਹੈ। ਇਸ ਨੂੰ ਲੂਣੀਆ ਸਿੱਧ ਵੀ ਆਖਦੇ ਹਨ ਪਰ ਕਈ ਅਨੋਣੀਆ ਸਿੱਧ ਵੀ ਆਖਦੇ ਹਨ ਅਤੇ ਜੋਗੀ ਜੀਵਨ ਦਾਸ ਦੇ ਚਿਹਨ-ਚੱਕਰ ਵੀ ਉਸ ਨਾਲ ਮਿਲਦੇ ਹਨ। ਉਹ ਬਹੁਤ ਹੀ ਬਿਰਧ ਹੋ ਚੁੱਕਾ ਹੈ। ਉਸ ਦੇ ਭਰਵੱਟੇ ਚਿੱਟੇ ਤੇ ਲੰਮੇ ਹਨ ਅਤੇ ਉਸ ਦਾ ਸਰੀਰ ਸੋਟੀ ਉੱਪਰ ਦੂਹਰਾ ਹੋਇਆ ਝੂਲਦਾ ਹੈ। ਜਦ ਉਹ ਸੋਟੀ ਛੱਡ ਕੇ ਗੁਰੂ ਸਾਹਿਬ ਨੂੰ ਬੰਦਨਾ ਕਰਨ ਲੱਗਦਾ ਹੈ ਤਾਂ ਗੁਰੂ ਸਾਹਿਬ ਅੱਗੇ ਵੱਧ ਕੇ ਉਸ ਨੂੰ ਜੱਫੀ ਵਿਚ ਲੈ ਲੈਂਦੇ ਹਨ। ਉਹ ਆਪਣੇ ਝੁਰੜਾਏ ਹੱਥਾਂ ਨਾਲ ਗੁਰੂ ਗੋਬਿਦ ਸਿਘ ਜੀ ਦੀ ਕੰਡ ਪਲੋਸਦਾ ਹੈ ਤੇ ਕੰਬਦੀ ਆਵਾਜ਼ ਨਾਲ ਅਸੀਸਾਂ ਦਿੰਦਾ ਹੈ।[121] ਇੱਕ ਗੱਲ ਧਿਆਨ ਦੇਣ ਯੋਗ ਹੈ ਕਿ ਗੁਰੂ ਗੋਬਿਦ ਸਿਘ ਜੀ ਦੱਖਣ ਵੱਲ ਜਾਣ ਸਮੇਂ ਜ਼ਿਆਦਾਤਰ ਉਨ੍ਹਾਂ ਸਥਾਨਾਂ ਉੱਪਰ ਹੀ ਗਏ ਜਿੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਆ ਚੁੱਕੇ ਸਨ। ਕਈ ਦਿਨ ਬਾਅਦ ਗੁਰੂ ਗੋਬਿੰਦ ਸਿੰਘ ਜੀ ਬੁਰਹਾਨਪੁਰ ਤੋਂ ਅੱਗੇ ਕੂਚ ਕਰਦੇ ਹਨ ਅਤੇ ਕਈ ਨਗਰਾਂ ਵਿਚੋਂ ਦੀ ਲੰਘ ਕੇ ਅਖ਼ੀਰ ਗੋਦਾਵਰੀ ਨਦੀ ਦੇ ਕੰਢੇ ਵਸੇ ਨਗਰ ਨਾਂਦੇੜ ਜਾ ਪਹੁੰਚਦੇ ਹਨ।

ਭਾਈ ਸੁਖਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਲੰਮਾ ਪੈਂਡਾ ਕੂਚ ਕਰਦੇ ਹੋਏ ਦੱਖਣ ਵਿੱਚ ਮਰਹੱਟਿਆਂ (ਮਰਾਠਿਆਂ) ਦੇ ਦੇਸ਼ ਪਹੁੰਚ ਜਾਂਦੇ ਹਨ।[122] ਗੁਰੂ ਜੀ ਬੁਰਹਾਨਪੁਰ ਤੋਂ ਨਾਂਦੇੜ ਜਾਂਦੇ ਸਮੇਂ ਹਿੰਗੋਲੀ, ਬਸਮਤ ਆਦਿ ਥਾਵਾਂ 'ਤੇ ਰੁਕਦੇ ਹਨ। ਬੁਰਹਾਨਪੁਰ ਤੋਂ ਸ੍ਰੀ ਹ ਜ਼ੂਰ ਸਾਹਿਬ ਨਾਂਦੇੜ ਜਾਣ ਲਈ ਗੁਰੂ ਗੋਬਿਦ ਸਿਘ ਜੀ ਨੇ ਕਿਹੜਾ ਰਾਹ ਅ ਖ਼ਤਿਆਰ ਕੀਤਾ, ਇਸ ਬਾਰੇ ਵਿਦਵਾਨਾਂ ਅਤੇ ਇਤਿਹਾਸਕਾਰਾਂ

---

120 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 164.

121 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ ,* ਸਾਤਵਿਕ ਬੁਕਸ, ਅੰਮ੍ਰਿਤਸਰ, 2017 (ਪਹਿਲੀ ਵਾਰ), ਪੰਨਾ 58.

122 "ਕਰਤ ਕੂਚ ਨਿਜ ਕੂਚ ਸਿਧਾਯੋ॥ ਮਰਹਟਨ ਕੇ ਦੇਸ ਜੁ ਆਯੋ॥
ਨਾਖਤ ਨਦੀ ਸੈਲ ਪੁਰ ਗਾਵਨ॥ ਆਯੋ ਦਛਨ ਦੇਸ ਸੁਹਾਵਨ॥53॥" ਸੁਖਾ ਸਿੰਘ, ਭਾਈ, *ਗੁਰਬਿਲਾਸ ਪਾਤਸਾਹੀ ਦਸਮੀ,* ਮਨਵਿੰਦਰ ਸਿੰਘ (ਸੰਪਾ.), ਪੰਨਾ 417.

ਦੇ ਵੱਖ-ਵੱਖ ਵਿਚਾਰ ਹਨ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਗੁਰੂ ਜੀ ਬੁਰਹਾਨਪੁਰ ਤੋਂ ਅਮਰਾਵਤੀ ਵਿਚੋਂ ਨਾਂਦੇੜ ਪਹੁੰਚੇ। ਕੁਝ ਹੋਰ ਵਿਦਵਾਨ ਕ ਹਿੰਦੇ ਹਨ ਕਿ ਗੁਰੂ ਜੀ ਨਾਗਪੁਰ ਰਾਹੀਂ ਹ ਜ਼ੂਰ ਸਾਹਿਬ ਨੂੰ ਗਏ। ਪੰਡਿਤ ਤਾਰਾ ਸਿਘ ਨਰੋਤਮ ਕ ਹਿੰਦੇ ਹਨ ਕਿ ਬਾਦ ਸ਼ਾਹ ਔਰਗਾਬਾਦ ਰਾਹੀਂ ਨਾਂਦੇੜ ਨੂੰ ਗਿਆ ਅਤੇ ਗੁਰੂ ਜੀ ਵੀ ਉਸ ਦੇ ਨਾਲ ਇਸੇ ਰਾਹ ਹਜ਼ੂਰ ਸਾਹਿਬ ਪਹੁੰਚੇ ਪਰ ਅਮਰਾਵਤੀ , ਨਾਗਪੁਰ ਅਤੇ ਔਰਗਾਬਾਦ , ਬੁਰਹਾਨਪੁਰ-ਨਾਂਦੇੜ ਦੇ ਸਿੱਧੇ ਰਾਹ ਤੋਂ ਬਹੁਤ ਹਟਵੇਂ ਹਨ।[123] ਇਸ ਕਾਰਨ ਗੁਰੂ ਜੀ ਨੇ ਇਹ ਵਲਦਾਰ ਰਸਤਾ ਨਹੀਂ ਚੁਣਿਆ ਹੋਵੇਗਾ। ਬੁਰਹਾਨਪੁਰ ਤੋਂ ਨਾਂਦੇੜ ਤੱਕ ਦੇ ਸ ਫ਼ਰ ਦੇ ਕੇਵਲ ਚਾਰ ਅਸਥਾਨਾਂ ਦਾ ਹੀ ਪਤਾ ਲਗਦਾ ਹੈ। ਮਲਕਾਪੁਰ , ਨਦੀ ਬਾਨਗੰਗਾ, ਗਜਾਪੁਰ ਅਤੇ ਬਸਮਤ। ਬੁਰਹਾਨਪੁਰ ਤੋਂ ਨਾਂਦੇੜ ਦਾ ਫਾਸਲਾ ਤਕਰੀਬਨ ਤਿਨ ਸੌ ਕਿਲੋਮੀਟਰ ਹੈ। ਫ਼ਾਰਸੀ ਤਵਾਰੀਖਾਂ ਵਿੱਚ ਮੁਗ਼ਲ ਬਾਦਸਾਹਾਂ ਦੇ ਮਿਲਦੇ ਸਫ਼ਰ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਸ਼ਾਹੀ ਲਸ਼ਕਰ ਰੋਜ਼ਾਨਾ ਦਸ ਮੀਲ (16 ਕਿਲੋਮੀਟਰ) ਤੋਂ ਵੱਧ ਸਫ਼ਰ ਨਹੀਂ ਸੀ ਕਰਦਾ। ਇਸ ਹਿਸਾਬ ਨਾਲ ਗੁਰੂ ਜੀ ਅਤੇ ਬਾਦ ਸ਼ਾਹ ਨੇ ਬੁਰਹਾਨਪੁਰ ਤੋਂ ਨਾਂਦੇੜ ਤੱਕ ਘੱਟੋ-ਘੱਟ ਵੀਹ ਪੜਾਅ ਤਾਂ ਕੀਤੇ ਹੀ ਹੋਣਗੇ।[124] ਪਰੰਤੂ ਅੱਜ ਸਾਨੂੰ ਇਨ੍ਹਾਂ ਪੜਾਵਾਂ ਸੰਬੰਧੀ ਜਾਣਕਾਰੀ ਬਹੁਤ ਘੱਟ ਪ੍ਰਾਪਤ ਹੁਦੀ ਹੈ। ਸ੍ਰ . ਰਣਧੀਰ ਸਿਘ ਨੇ *'ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ '* ਕਿਤਾਬ ਵਿਚ ਬੁਰਹਾਨਪੁਰ ਤੋਂ ਨਾਂਦੇੜ ਤੱਕ ਦੇ 13 ਪੜਾਅ ਦੱਸੇ ਹਨ।[125]

ਬਸਮਤ ਨਗਰ ਵਿੱਚ ਗੁਰੂ ਸਾਹਿਬ ਨੇ ਇੱਕ ਖੁੱਲੀ -ਇਕਾਂਤ ਅਤੇ ਸੁੰਦਰ ਥਾਂ ਵੇਖ ਕੇ ਆਪਣੇ ਤੰਬੂ ਲਾ ਦਿੱਤੇ ਸਨ। ਇਸ ਅਸਥਾਨ ਉੱਪਰ ਗੁਰੂ ਸਾਹਿਬ ਨੇ ਅੱਠ ਦਿਨ ਡੇਰਾ ਕੀਤਾ ਸੀ। ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਬਸਮਤ ਨਗਰ ਵਿਖੇ ਗੁਰਦੁਆਰਾ ਦਮਦਮਾ ਸਾਹਿਬ ਬਣਿਆ ਹੋਇਆ ਹੈ। ਬਸਮਤ ਤੋਂ ਚੱਲ ਕੇ ਗੁਰੂ ਜੀ ਨਾਂਦੇੜ ਪਹੁੰਚਦੇ ਸਨ। ਨਾਂਦੇੜ ਨਗਰ ਗੋਦਾਵਰੀ ਨਦੀ ਦੇ ਕੰਢੇ ਉੱਪਰ ਸਥਿਤ ਹੈ। ਗੁਰੂ ਜੀ

---

123 ਸਾਥੀ, ਨਿਰੰਜਨ ਸਿਘ, *ਚਰਨ ਚਲਉ ਮਾਰਗਿ ਗੋਬਿਦ ,* ਲਾਹੌਰ ਬੁੱਕ ਸ਼ਾਪ , ਲੁਧਿਆਣਾ, 2010 (ਪਹਿਲੀ ਵਾਰ), ਪੰਨਾ 631.

124 ਉਕਤ, ਪੰਨਾ ਉਹੀ।

125 ਰਣਧੀਰ ਸਿਘ (ਸੰਪਾ.), *ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ* , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅੰਮ੍ਰਿਤਸਰ, ਨਾਨਕਸ਼ਾਹੀ ਸੰਮਤ 488, ਪੰਨਾ 107.

ਅਗਸਤ ਦੇ ਆ ਖ਼ੀਰਲੇ ਹ ਫ਼ਤੇ 1708 ਈ. ਨੂੰ ਨਾਂਦੇੜ ਪਹੁੰਚੇ ਸਨ। [126] ਗੁਰੂ ਸਾਹਿਬ ਨੇ ਆਪਣਾ ਡੇਰਾ ਨਾਂਦੇੜ ਨਗਰ ਦੇ ਬਾਹਰਵਾਰ ਬ੍ਰਾਹਮਣਵਾੜਾ ਵਿਖੇ ਗੋਦਾਵਰੀ ਨਦੀ ਦੇ ਕੰਢੇ ਉੱਪਰ ਮੌਜੂਦਾ ਗੁਰਦੁਆਰਾ ਹੀਰਾ ਘਾਟ ਵਾਲੇ ਅਸਥਾਨ 'ਤੇ ਲਾਇਆ। ਹੀਰਾ ਘਾਟ ਰੁੱਕ ਕੇ ਫਿਰ ਰਿਹਾਇਸ਼ ਨਾਂਦੇੜ ਸ਼ਹਿਰ ਵਿਚ ਕਰ ਲਈ। ਮਾਤਾ ਸਾਹਿਬ ਕੌਰ ਦੀ ਰਿਹਾਇਸ਼ ਗੋਦਾਵਰੀ ਨਦੀ ਕਿਨਾਰੇ ਬ੍ਰਾਹਮਣਵਾੜਾ ਵਿਚ ਕਰ ਲਈ। [127] ਜਿੱਥੇ ਹੁਣ ਗੁਰਦੁਆਰਾ ਮਾਤਾ ਸਾਹਿਬ ਦੇਵਾਂ ਸਾਹਿਬ ਸੁਸ਼ੋਭਿਤ ਹੈ। ਬਹਾਦਰ ਸ਼ਾਹ ਨੇ ਵੀ ਨਾਂਦੇੜ ਵਿਖੇ ਆਪਣਾ ਕੈਂਪ ਗੁਰੂ ਜੀ ਦੇ ਡੇਰੇ ਤੋਂ ਕੁਝ ਦੂਰੀ 'ਤੇ ਲਾਇਆ ਹੋਇਆ ਸੀ। ਇਥੇ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਇੱਕ ਕੀਮਤੀ ਹੀਰਾ ਭੇਟ ਕੀਤਾ ਅਤੇ ਅਗਲੀ ਮੁਹਿੰਮ ਉੱਤੇ ਜਾਣ ਲਈ ਬੇਨਤੀ ਕੀਤੀ ਪਰ ਗੁਰੂ ਜੀ ਨੇ ਆਖਿਆ ਕਿ ਹੁਣ ਇਥੋ ਅੱਗੇ ਜਾਣ ਦਾ ਸਾਡਾ ਵਿਚਾਰ ਨਹੀਂ ਹੈ। ਤੁਸੀਂ ਬੇਸ਼ਕ ਚਲੇ ਜਾਓ। ਗੁਰੂ ਸਾਹਿਬ ਨੇ ਇਹ ਵੀ ਫੁਰਮਾਇਆ ਕਿ ਸ਼ਾਹੀ ਤਖ਼ਤ ਉੱਤੇ ਤੁਹਾਡਾ ਹੱਕ ਸੀ , ਤੁਹਾਡੇ ਕਹੇ ਮੁਤਾਬਕ ਅਸੀ ਤੁਹਾਡਾ ਹੱਕ ਦਿਵਾਉਣ ਵਿਚ ਸਹਾਇਤਾ ਕੀਤੀ ਹੈ। ਅੱਗੇ ਦੀ ਮੁਹਿੰਮ ਉੱਤੇ ਮਰਾਠਾ ਸਰਦਾਰਾਂ ਨੂੰ ਤੁਹਾਡੇ ਅਨੁਸਾਰੀ ਕਰਵਾਉਣਾ ਜਾਂ ਉਹਨਾਂ ਦੇ ਖ਼ਿਲਾਫ਼ ਹੋਣਾ ਸਾਡਾ ਕੰਮ ਨਹੀਂ। ਤੁਸੀਂ ਮੁਲਕਗੀਰੀ ਦੀ ਹਿਰਸ (ਲੋਭ) ਵਿਚ ਜੋ ਚਾਹੇ ਕਰੋ, ਪਰ ਸਾਡਾ ਵਿਚਾਰ ਅਗੇ ਜਾਣ ਦਾ ਨਹੀਂ ਹੈ ਐਸਾ ਖੁੱਲ੍ਹ ਕੇ ਦੱਸਿਆ ਅਤੇ ਬਾਦਸ਼ਾਹ ਆਪਣੇ ਡੇਰੇ ਚਲਾ ਗਿਆ।[128]

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇਖ ਰਹੇ ਸ ਨ ਕਿ ਬਾਦਸ਼ਾਹ ਬਹਾਦਰ ਸ਼ਾਹ ਆਪਣੇ ਕੀਤੇ ਇਕਰਾਰ (ਗੱਲਬਾਤ) ਉੱਤੇ ਅਮਲ ਕਰਨ ਦੀ ਬਜਾਏ ਹੋਰ ਹੀਲੇ -ਬਹਾਨੇ ਕਰ ਰਿਹਾ ਸੀ। ਬਹਾਦਰ ਸ਼ਾਹ ਵੀ ਜਾਣਦਾ ਸੀ ਉਹ ਗੁਰੂ ਜੀ ਨਾਲ ਕੀਤਾ ਹੋਇਆ ਇਕਰਾਰ ਪੂਰਾ ਨਹੀਂ ਕਰ ਸਕਿਆ ਅਤੇ ਨਾ ਕਰ ਸਕਦਾ ਸੀ। ਇਸ ਤਰ੍ਹਾਂ ਆਗਰਾ ਦੇ ਦਰਬਾਰ ਹੋਈ ਗੱਲਬਾਤ ਦਾ ਇਥੇ ਅੰਤ ਹੋ ਜਾਂਦਾ ਹੈ । ਆਖ਼ਿਰ 26

---

[126] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸਲੇਸਣ,* ਪੰਨਾ 188.

[127] ਜੁਝਾਰ ਸਿੰਘ, ਗਿਆਨੀ, *ਮਾਤਾ ਸਾਹਿਬ ਕੌਰ (ਖ਼ਾਲਸੇ ਦੀ ਮਾਤਾ),* ਭਾ. ਚਤਰ ਸਿੰਘ ਜੀਵਨ ਸਿੰਘ , ਅੰਮ੍ਰਿਤਸਰ, 2008 (ਪਹਿਲੀ ਐਡੀਸ਼ਨ), ਪੰਨਾ 84.

[128] ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-84),* ਗਿਆਨੀ ਈਸ਼ਰ ਸਿੰਘ ਨਾਰਾ ਦੇਹਲੀ ਗੇਟ ਬਾਜ਼ਾਰ, ਨਵੀਂ ਦਿੱਲੀ, ਮਿਤੀਹੀਣ, ਪੰਨਾ 57.

ਸਤੰਬਰ, 1708 ਈ. ਨੂੰ ਬਹਾਦਰ ਸ਼ਾਹ ਨੇ ਨਾਂਦੇੜ ਤੋਂ ਗੋਦਾਵਰੀ ਨਦੀ ਪਾਰ ਕਰਕੇ ਹੈਦਰਾਬਾਦ ਵੱਲ ਕੂਚ ਕੀਤਾ ਪਰ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵਿਚ ਹੀ ਰੁਕੇ।

ਨਾਂਦੇੜ ਵਿਖੇ ਪਹਿਲਾਂ ਗੁਰੂ ਨਾਨਕ ਦੇਵ ਜੀ ਆ ਚੁੱਕੇ ਸਨ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਰੁਕ ਕੇ ਨੇ ਖਾਲਸਾ ਪੰਥ ਦੇ ਦੋ ਮਹਾਨ ਕਾਰਜ ਸੰਪੂਰਨ ਕੀਤੇ। ਪਹਿਲਾ ਦੇਹਧਾਰੀ ਗੁਰੂ ਪਰੰਪਰਾ ਨੂੰ ਸਮਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਬ ਖ਼ਸ਼ੀ ਅਤੇ ਸਮੂਹ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਮੰਨਣ ਦਾ ਆਦੇਸ਼ ਦਿੱਤਾ। ਦੂਜਾ ਇਸ ਧਰਤੀ ਤੋਂ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਦਾ ਸੈਨਿਕ ਜਰਨੈਲ ਥਾਪ ਕੇ ਪੰਜਾਬ ਵੱਲ ਭੇਜਿਆ ਸੀ। ਗੁਰੂ ਸਾਹਿਬ ਦੁਆਰਾ ਕੀਤੇ ਗਏ ਇਨ੍ਹਾਂ ਕਾਰਜਾਂ ਨੇ ਸਿੱਖ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ। ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਤੋਂ ਤਿੰਨ ਦਿਨ ਬਾਅਦ 7 ਅਕਤੂਬਰ, 1708 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਜੋਤੀ -ਜੋਤਿ ਸਮਾ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਦਾ 'ਸਭ ਸਿਖਨ ਕੋ ਹੁਕਮਿ ਹੈ ਗੁਰੂ ਮਾ ਨੀਓ ਗ੍ਰੰਥ' ਦਾ ਉਪਦੇਸ਼ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਦਾ ਹੀ ਵੱਡਭਾਗ ਹੈ। ਗੁਰੂ ਜੀ ਨੇ ਸਿੱਖਾਂ ਨੂੰ 'ਸਬਦ-ਗੁਰੂ' ਨਾਲ ਜੋੜ ਕੇ 'ਗੁਰੂ ਪੰਥ' ਅਤੇ 'ਗੁਰੂ ਗ੍ਰੰਥ' ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ। ਇਸ ਤਰ੍ਹਾਂ ਭਾਰਤ ਦੇ ਦੱਖਣ ਵਿਚ ਨਾਂਦੇੜ ਵਿਖੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਅੰਤਿਮ ਯਾਦ ਵਿੱਚ ਸਥਾਪਿਤ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਹੈ। ਤਖ਼ਤ ਵਜੋਂ ਸਥਾਪਿਤ ਇਹ ਅਸਥਾਨ ਸਿੱਖਾਂ ਲਈ ਅਤੇ ਸਿੱਖ ਧਰਮ ਲਈ ਇਤਿਹਾਸਕ ਅਤੇ ਧਾਰਮਿਕ ਤੌਰ 'ਤੇ ਵਿਸ਼ੇਸ਼ ਮਹੱਤਤਾ ਰੱਖਦਾ ਹੈ।

ਸੱਚਖੰਡ ਗਮਨ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਗੁਰਮਤਿ ਉਪਦੇਸ਼ ਦਿੰਦੇ ਹੋਏ ਕਿਹਾ ਕਿ ਉਹ ਹਮੇਸ਼ਾ ਸਿੱਖਾਂ ਦੇ ਹਜ਼ੂਰ (ਅੰਗ-ਸੰਗ) ਰਹਿਣਗੇ। ਇਸ ਵਾਕ ਦੇ ਆਧਾਰ 'ਤੇ ਉਸ ਸਮੇਂ ਹਾਜ਼ਰ ਸਿੰਘਾਂ ਇਸ ਅਸਥਾਨ ਦਾ ਨਾਮ 'ਸ੍ਰੀ ਹਜ਼ੂਰ ਸਾਹਿਬ ' ਰੱਖ ਦਿੱਤਾ। ਇਸ ਪਵਿੱਤਰ ਧਰਤੀ ਨੂੰ ਸ੍ਰੀ ਅਬਿਚਲਨਗਰ ਸਾਹਿਬ ਵੀ ਕਿਹਾ ਜਾਂਦਾ ਹੈ। ਉਸ ਸਮੇਂ ਗੁਰੂ ਜੀ ਨਾਲ ਆਏ ਕੁਝ ਸਿੰਘਾਂ ਨੇ ਪੰਜਾਬ ਵਾਪਿਸ ਜਾਣ ਦੀ ਇੱਛਾ ਪ੍ਰਗਟਾਈ ਸੀ ਅਤੇ ਉਹ ਪੰਜਾਬ ਚਲੇ ਗਏ ਸ ਨ। ਜਿਹੜੇ ਸਿੰਘ ਇਥੇ ਰਹਿ ਗਏ ਸਨ, ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 'ਹਜ਼ੂਰੀ ਸਿੱਖ' ਕਹਿ ਕੇ ਵਡਿਆਈ ਦਿੱਤੀ। ਇਹ ਹਜ਼ੂਰੀ

ਸਿੱਖ ਬਾਅਦ ਵਿਚ ਇਥੇ ਰਹਿ ਕੇ ਗੁਰੂ ਅਸਥਾਨ ਦੀ ਸੇਵਾ ਕਰ ਨ ਲੱਗੇ ਅਤੇ ਇਨ੍ਹਾਂ ਨੇ ਇਥੇ ਹੀ ਵਿਆਹ ਕਰਕੇ ਘਰ-ਪਰਿਵਾਰ ਵਸਾ ਲਏ। ਅੱਜ ਇਨ੍ਹਾਂ ਦੀ ਸੰਤਾਨ ਨੂੰ ਵੀ 'ਹਜ਼ੂਰੀ ਸਿੱਖ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪੁਰਾਤਨ ਸਮੇਂ ਤੋਂ ਹੀ ਹਜ਼ੂਰੀ ਸਿੰਘ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ -ਸੰਭਾਲ ਕਰਦੇ ਆ ਰਹੇ ਹਨ।[129]

ਇਸ ਤਰ੍ਹਾਂ ਪਹਿਲੇ ਅਧਿਆਇ ਵਿਚ ਅਸੀ ਦੇਖਿਆ ਹੈ ਕਿ ਭਾਰਤ ਦਾ ਦੱਖਣੀ ਖੇਤਰ ਆਦਿ ਕਾਲ ਤੋਂ ਹੀ ਧਾਰਮਿਕ, ਰਾਜਨੀਤਿਕ, ਇਤਿਹਾਸਕ ਪੱਖੋਂ ਉਨਤ ਅਤੇ ਖੁਸ਼ਹਾਲ ਖੇਤਰ ਰਿਹਾ ਹੈ। ਸਾਧੂ-ਮਹਾਤਮਾਂ ਇਥੇ ਨਿਵਾਸ ਕਰਦੇ ਸਨ। ਦੱਖਣੀ ਭਾਰਤ ਦੇ ਮਹਾਰਾਸ਼ਟਰ ਦਾ ਇਲਾਕਾ ਪ੍ਰਾਚੀਨ ਕਾਲ ਤੋਂ ਵੱਖ -ਵੱਖ ਰਾਜਵੰਸ਼ਾਂ ਦੇ ਰਾਜ-ਪ੍ਰਬੰਧ ਅਧੀਨ ਰਿਹਾ ਹੈ। ਸਤਾਰ੍ਹਵੀਂ ਸਦੀ ਵਿਚ ਇਸ ਇਲਾਕੇ ਵਿਚ ਮਰਾਠਾ ਰਾਜਵੰਸ਼ ਦਾ ਉਥਾਨ ਹੋਇਆ। ਜਿਸ ਨੇ ਭਾਰਤ ਦੇ ਇੱਕ ਵੱਡੇ ਭਾਗ ਉੱਤੇ ਰਾਜ ਕੀਤਾ। ਮਹਾਰਾਸ਼ਟਰ ਦੇ ਮਰਾਠਵਾੜਾ ਖੇਤਰ ਵਿਚ ਨਾਂਦੇੜ ਪ੍ਰਾਚੀਨ ਸਮੇਂ ਤੋਂ ਇੱਕ ਧਾਰਮਿਕ ਅਤੇ ਇਤਿਹਾਸਕ ਨਗਰ ਰਿਹਾ ਹੈ। ਪੁਰਾਤਨ ਸਮੇਂ ਵਿਚ ਇਹ ਨਗਰ ਅਧਿਆਤਮਿਕਤਾ ਦਾ ਕੇਂਦਰ ਰਿਹਾ ਸੀ। ਸਾਧੂ-ਮਹਾਤਮਾਂ ਇਥੇ ਗੋਦਾਵਰੀ ਨਦੀ ਦੇ ਰਮਣੀਕ ਕੰਢੇ 'ਤੇ ਆਸ਼ਰਮ ਬਣਾ ਕੇ ਰਹਿੰਦੇ ਅਤੇ ਪ੍ਰਮਾਤਮਾ ਦਾ ਸਿਮਰਨ ਕਰਦੇ ਸਨ। ਨਾਂਦੇੜ ਦੇ ਇਲਾਕੇ ਵਿਚ ਕਈ ਮਹਾਨ ਸੰਤਾਂ -ਭਗਤਾਂ ਦਾ ਜਨਮ ਹੋਇਆ ਹੈ। ਦੇਸ਼ ਦੀ ਆਜ਼ਾਦੀ ਤੋਂ ਮਗਰੋਂ ਇਹ ਇਲਾਕਾ ਹੈਦਰਾਬਾਦ ਰਾਜ ਤੋਂ ਕੱਟ ਕੇ ਮਹਾਰਾਸ਼ਟਰ ਰਾਜ ਵਿਚ ਮਿਲਾ ਦਿੱਤਾ ਗਿਆ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ 'ਦੱਖਣ ਫੇਰੀ' ਦਾ ਸੰਖੇਪ ਰੂਪ ਵਿਚ ਜ਼ਿਕਰ ਕੀਤਾ ਗਿਆ ਹੈ। ਇਹ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਇਸ ਅਸਥਾਨ ਨੂੰ ਗੁਰੂ ਸਾਹਿਬਾਨ ਨੇ ਸਿੱਖੀ ਦੇ ਪ੍ਰਚਾਰ ਕੇਂਦਰ ਵਜੋਂ ਸਥਾਪਿਤ ਕੀਤਾ ਹੈ। ਅੱਜ ਇਸ ਧਰਤੀ ਉੱਤੇ ਗੁਰੂ ਸਾਹਿਬਾਨ ਦੀ ਯਾਦ ਵਿੱਚ ਕਈ ਇਤਿਹਾਸਕ ਗੁਰਦੁਆਰੇ ਅਤੇ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਸਥਿਤ ਹੈ।

---

[129] ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਕਥਾਵਾਚਕ ਵਜਿੰਦਰ ਸਿੰਘ ਕਪੂਰ (ਹਜ਼ੂਰੀ ਸਿੱਖ) ਦੇ ਦੱਸਣ ਅਨੁਸਾਰ।

# ਅਧਿਆਇ ਦੂਜਾ

# ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਧਾਰਮਿਕ ਮਹੱਤਵ

ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਸਿੱਖ ਧਰਮ ਦੇ ਇਤਿਹਾਸ ਨਾਲ ਬਹੁਤ ਪੁਰਾਤਨ ਅਤੇ ਗੂੜ੍ਹਾ ਸੰਬੰਧ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨ ਇਸ ਧਰਤੀ ਉੱਤੇ ਪਾ ਕੇ ਇਸ ਨੂੰ ਪਵਿੱਤਰ ਕੀਤਾ। ਅੱਜ ਇਸ ਧਰਤੀ ਉੱਤੇ ਗੁਰੂ ਸਾਹਿਬਾਨ ਦੀ ਪਵਿੱਤਰ ਯਾਦ ਵਿਚ ਕਈ ਗੁਰਦੁਆਰੇ ਬਣੇ ਹੋਏ ਹਨ। ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਇੱਥੇ ਸੁਸ਼ੋਭਿਤ ਹੈ। ਭਾਵੇਂ ਕਿ ਪ੍ਰਾਚੀਨ ਕਾਲ , ਮੱਧ ਕਾਲ ਅਤੇ ਮੁੱਢਲੇ ਆਧੁਨਿਕ ਕਾਲ ਵਿਚ ਇਸ ਅਸਥਾਨ ਦੀ ਰਾਜਨੀਤਿਕ ਅਤੇ ਧਾਰਮਿਕ ਭੂਮਿਕਾ ਰਹੀ ਹੈ ਪਰ ਗੁਰੂ ਸਾਹਿਬਾਨ ਨੇ ਇਸ ਅਸਥਾਨ ਉੱਤੇ ਆਪਣੇ ਚਰਨ ਪਾ ਕੇ ਇਸ ਨੂੰ ਵਡਿਆਈ ਬਖ਼ਸ਼ੀ ਅਤੇ ਵਿਸ਼ਵ-ਭਰ ਵਿਚ ਪ੍ਰਸਿੱਧ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪ੍ਰਦਾਨ ਕੀਤੀ ਅਤੇ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਦਾ ਸੈਨਿਕ ਜਰਨੈਲ ਥਾਪ ਕੇ ਮਹਾਨ ਪੰਥਕ ਕਾਰਜ ਪੂਰੇ ਕੀਤੇ। ਜਿਸ ਦੇ ਫਲ਼ਸਰੂਪ ਸਿੱਖ ਪੰਥ ਵਿਚ ਨਾਂਦੇੜ ਬਹੁਤ ਇਤਿਹਾਸਕ ਅਤੇ ਧਾਰਮਿਕ ਮਹੱਤ ਤਾ ਵਾਲਾ ਨਗਰ ਹੈ। ਨਾਂਦੇੜ ਦੀ ਮਹਾਨਤਾ ਇਸ ਦੇ ਪੁਰਾਤਨ ਅਤੇ ਧਾਰਮਿਕ ਨਗਰ ਹੋਣ ਕਰਕੇ ਵੀ ਹੈ। ਮੌਜੂਦਾ ਸਮੇਂ ਵਿਚ ਇਹ ਅਸਥਾਨ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਵਜੋਂ ਪੰਜਾਬ ਤੋਂ ਬਾਹਰ ਦੱਖਣੀ ਭਾਰਤ ਵਿਚ ਸਿੱਖਾਂ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਚੁੱਕਾ ਹੈ। ਇਸ ਅਧਿਆਇ ਵਿਚ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਂਦੇੜ ਨਗਰ ਵਿਚ ਆਉਣ ਬਾਰੇ ਅਤੇ ਇਥੇ ਰਹਿ ਕੇ ਕੀਤੇ ਗਏ ਕਾਰਜਾਂ ਦਾ ਜ਼ਿਕਰ ਕੀਤਾ ਹੈ।

### ਸ੍ਰੀ ਗੁਰੂ ਨਾਨਕ ਦੇਵ ਜੀ

ਨਾਂਦੇੜ ਨਗਰ ਪੁਰਾਤਨ ਸਮੇਂ ਵਿਚ ਆਪਣੀ ਸਿੱਖਿਆ , ਸਾਹਿਤ ਅਤੇ ਧਾਰਮਿਕਤਾ ਕਰਕੇ ਪ੍ਰਸਿੱਧ ਸੀ। ਸਿੱਖ ਧਰਮ ਵਿਚ ਧਾਰਮਿਕ ਪੱਖ ਤੋਂ ਇਸ ਨਗਰ ਦੀ ਮਹਾਨਤਾ ਗੁਰੂ ਨਾਨਕ ਦੇਵ ਜੀ ਦੁਆਰਾ ਆਪਣੀ ਦੂਜੀ ਉਦਾਸੀ (ਯਾਤਰਾ) ਦੌਰਾਨ ਨਾਂਦੇੜ ਵਿਖੇ ਮੌਜੂਦਾ ਗੁਰਦੁਆਰਾ ਮਾਲਟੇਕੜੀ ਸਾਹਿਬ ਵਾਲੇ

ਅਸਥਾਨ ਉੱਤੇ ਡੇਰਾ ਲਾ ਕੇ ਸੰਗਤ ਕਾਇਮ ਕਰਨ ਅਤੇ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਿਤ ਕਰਨ ਤੋਂ ਹੋਈ। ਨਾਂਦੇੜ ਨੂੰ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਨਿਵਾਜਿਆ ਸੀ। ਗੁਰੂ ਨਾਨਕ ਦੇਵ ਜੀ ਆਪਣੀ ਦੂਜੀ ਯਾਤਰਾ ਸਮੇਂ ਸੰਨ 1506 ਈ. ਵਿਚ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਰਾਜਸਥਾਨ , ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਪ੍ਰਾਂਤ ਦੇ ਬਠਿੰਡਾ , ਸਰਸਾ, ਬੀਕਾਨੇਰ, ਅਜਮੇਰ, ਉਜੈਨ, ਉਂਕਾਰਏਸ਼ਵਰ, ਰਾਮਟੇਕ, ਬੁਰਹਾਨਪੁਰ, ਹਿੰਗੋਲੀ ਆਦਿ ਨਗਰਾਂ ਤੋਂ ਹੁੰਦੇ ਹੋਏ ਦੱਖਣ ਵਿਚ ਨਾਂਦੇੜ ਵਿਖੇ ਪਹੁੰਚੇ ਸਨ।

ਨਾਂਦੇੜ ਨਗਰ ਉਸ ਵੇਲੇ ਸਿੱਧਨਾਥਪੁਰੀ , ਬ੍ਰਹਮਪੁਰੀ, ਵਜ਼ੀਰਾਬਾਦ ਆਦਿ ਕਈ ਛੋਟੇ -ਛੋਟੇ ਕਸਬਿਆਂ ਵਿਚ ਵੰਡਿਆ ਹੋਇਆ ਸੀ ਅਤੇ ਇਸ ਦੀ ਆਬਾਦੀ ਜ਼ਿਆਦਾ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨਾਂਦੇੜ ਨਗਰ ਤੋਂ ਬਾਹਰ ਤਿੰਨ ਕਿ. ਮੀ. ਉੱਤਰ ਵੱਲ ਇੱਕ ਉੱਚੀ ਪਹਾੜੀ ਉੱਤੇ ਆ ਕੇ ਠਹਿਰੇ ਸਨ। ਅੱਜ ਉਸ ਥਾਂ 'ਤੇ ਗੁਰਦੁਆਰਾ ਮਾਲਟੇਕੜੀ ਸਾਹਿਬ ਸੁਸ਼ੋਭਿਤ ਹੈ। ਮਾਲਟੇਕੜੀ ਦਾ ਅਰਥ ਉਹ ਟੇਕੜੀ (ਪਹਾੜੀ) ਜਿਸ ਵਿਚ ਮਾਲ (ਧਨ) ਹੋਵੇ।[1] ਇਸ ਜਗ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਗੁਪਤ ਖ਼ਜ਼ਾਨੇ ਦੀ ਥਾਂ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨਾਂਦੇੜ ਵਿਚ ਫ਼ਕੀਰ ਸਯਦ ਸ਼ਾਹ ਹੁਸੈਨ ਲੱਕੜ ਕੋਲ ਕੁਝ ਸਮਾਂ ਠਹਿਰੇ ਅਤੇ ਉਸਨੂੰ ਗੁਰਮਤਿ ਦਾ ਉਪਦੇਸ਼ ਦਿੱਤਾ। ਸਿੱਖ ਇਤਿਹਾਸ ਵਿਚ ਇਸ ਫ਼ਕੀਰ ਨੂੰ ਲੱਕੜ ਸ਼ਾਹ ਫ਼ਕੀਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸਿੱਖ ਪੰਥ ਵਿਸਵਕੋਸ਼ ਅਨੁਸਾਰ ਗੁਰਦੁਆਰਾ ਮਾਲਟੇਕੜੀ ਸਾਹਿਬ ਉਸ ਥਾਂ ਉੱਤੇ ਉਸਰਿਆ ਹੋਇਆ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਆਪਣੀ ਦੱਖਣ ਦੀ ਉਦਾਸੀ ਦੌਰਾਨ ਪਧਾਰੇ ਸਨ ਅਤੇ ਇੱਕ ਮੁਸਲਮਾਨ ਲੱਕੜਸ਼ਾਹ ਫ਼ਕੀਰ ਨਾਲ ਗੋਸਟਿ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਥੋਂ ਗੁਪਤ ਖ਼ਜ਼ਾਨਾ ਪ੍ਰਗਟ ਕਰਕੇ ਉਸ ਵਿਚੋਂ ਆਪਣੇ ਸੈਨਿਕਾਂ ਨੂੰ ਗੁਰਦੁਆਰਾ ਸੰਗਤ ਸਾਹਿਬ ਵਾਲੇ ਸਥਾਨ ਉੱਤੇ ਤਨਖ਼ਾ ਹਾਂ ਵਜੋਂ ਵੰਡਿਆ ਸੀ ਅਤੇ ਬਾਕੀ ਬਚਦਾ ਧਨ ਇੱਥੇ ਹੀ ਦਬਾ ਦਿੱਤਾ ਸੀ। ਫ਼ਕੀਰ ਲੱਕੜਸ਼ਾਹ ਦੀ ਕਬਰ ਵੀ ਨੇੜੇ ਹੀ ਬਣੀ ਹੋਈ ਹੈ।[2] ਗਿਆਨੀ ਈਸ਼ਰ ਸਿੰਘ ਨਾਰਾ ਲਿਖਦੇ ਹਨ "ਗੁਰੂ ਜੀ ਉਸ ਤੋਂ ਵਿਦਾ ਹੋ ਕੇ ਸ਼ਹਿਰ ਦੇ ਨੇੜੇ -ਗੋਦਾਵਰੀ ਕਿਨਾਰੇ ਤੋਂ ਥੋ ਹੜਾ ਦੂਰੀ ਉਤੇ ਜਾ ਕੇ ਬਿਰਾਜਮਾਨ ਹੋਇ।

---

[1] ਨਾਭਾ, ਕਾਨ੍ਹ ਸਿੰਘ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼* (ਜਿਲਦ ਪਹਿਲੀ), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 158.

[2] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1021.

ਇਥੇ ਬਹੁਤ ਚੀਰ ਤੀਕ ਸਮਾਧੀ ਵਿਚ ਇਸਥਿਤ ਰਹੇ। (ਸੱਚਖੰਡ ਥਾਂ ਇਹੋ ਹੈ) ਫਿਰ ਅੱਗੇ ਨੂੰ ਚਾਲੇ ਪਾਕੇ ਕਈ ਥਾਂ ਨਿਵਾਸ ਕਰਦੇ ਹੋਏ ਬਿਦਰ ਸ਼ਹਿਰ ਆਏ"।[3]

ਨਾਂਦੇੜ ਵਿਚ ਕਈ ਸਿੱਖ ਲੱਕੜ ਸ਼ਾਹ ਨੂੰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਦਾ ਦੱਸਦੇ ਹਨ ਜੋ ਠੀਕ ਨਹੀਂ ਕਿਉਂਕਿ ਉਸ ਦਾ ਦਿਹਾਂਤ ਗੁਰੂ ਅਰਜਨ ਸਾਹਿਬ ਦੇ ਵੇਲੇ ਹੋਇਆ ਹੈ। ਲੱਕੜ ਸ਼ਾਹ ਫ਼ਕੀਰ ਦਾ ਗੁਰੂ ਨਾਨਕ ਦਾ ਸਮਕਾਲੀ ਹੋਣਾ ਜ਼ਿਆਦਾ ਠੀਕ ਜਾਪਦਾ ਹੈ। ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਉਸ ਦੀ ਉਮਰ ਜ਼ਿਆਦਾ ਨਾ ਹੋਵੇ।[4] ਫ਼ਕੀਰ ਸਯਦ ਸ਼ਾਹ ਹੁਸੈਨ ਲੱਕੜ ਦੀ ਕਬਰ ਗੁਰਦੁਆਰੇ ਦੇ ਪਿਛਲੇ ਪਾਸੇ ਹੈ। ਇਹ ਦੋ ਕਬਰਾਂ ਹਨ ਤੇ ਇਨ੍ਹਾਂ ਦੇ ਸਿਰਹਾਨੇ ਵਾਲੇ ਪਾਸੇ ਇੱਕ ਸ਼ਿਲਾਲੇਖ ਹੈ ਜਿਸ ਤੇ ਫ਼ਕੀਰ ਲੱਕੜ ਸ਼ਾਹ ਦੇ ਦਿਹਾਂਤ ਦੀ ਮਿਤੀ ਲਿਖੀ ਹੈ ਜੋ 1010 ਹਿਜਰੀ ਭਾਵ (1601 ਈਸਵੀ) ਹੈ ਜਿਸ ਤੋਂ ਪਤਾ ਲਗਦਾ ਹੈ ਕਿ ਸ਼ਾਹ ਹੁਸੈਨ ਲੱਕੜ ਸ਼ਾਹ ਦਾ ਦਿਹਾਂਤ ਕਾਫ਼ੀ ਵਡੇਰੀ ਉਮਰ ਵਿਚ ਹੋਇਆ ਹੈ।[5]

ਸਥਾਨਿਕ ਰਵਾਇਤ ਅਨੁਸਾਰ ਗੁਰੂ ਨਾਨਕ ਦੇਵ ਜੀ ਅੱਗੇ ਬਿਦਰ ਨੂੰ ਜਾਣ ਸਮੇਂ ਮਾਲਟੇਕੜੀ ਵਾਲੇ ਪੜਾਅ ਤੋਂ ਬਾਅਦ ਨਾਂਦੇੜ ਵਿਖੇ ਸ਼ਹਿਰ ਤੋਂ ਬਾਹਰ ਦੱਖਣ -ਪੱਛਮ ਦਿਸ਼ਾ ਵੱਲ ਮੌਜੂਦਾ ਸਮੇਂ ਵਿਚ ਸਥਿਤ ਗੁਰਦੁਆਰਾ ਨਾਨਕਸਰ ਸਾਹਿਬ ਵਾਲੇ ਅਸਥਾਨ 'ਤੇ ਨੌ ਦਿਨ ਰੁਕੇ ਸਨ। ਗੁਰੂ ਸਾਹਿਬ ਇੱਕ ਬੇਰੀ ਦੇ ਰੁੱਖ ਹੇਠ ਵਿਰਾਜੇ ਅਤੇ ਪਾਣੀ ਦੀ ਘਾਟ ਕਾਰਨ ਇੱਥੇ ਇਕ ਮਿੱਠੇ ਜਲ ਦਾ ਸੋਮਾ ਪ੍ਰਗਟ ਕੀਤਾ। ਇਸ ਅਸਥਾਨ 'ਤੇ ਗੁਰੂ ਜੀ ਨੇ ਇਲਾਕੇ ਦੀ ਸੰਗਤਾਂ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ। ਬਲਵੰਤ ਸਿੰਘ ਬੰਦੀ ਲਿਖਦੇ ਹਨ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਸਰੀ ਉਦਾਸੀ ਸਮੇਂ ਇੱਥੇ ਠਹਿਰ ਕੇ ਨਾਮ ਸਿਮਰਨ ਦਾ ਪ੍ਰਚਾਰ ਕੀਤਾ ਅਤੇ ਸਾਰਾ ਪਿੰਡ ਸਿੱਖ ਬਣ ਗਿਆ।[6] ਨਜ਼ਦੀਕ ਝੁੱਗੀ ਵਿਚ ਇੱਕ ਕੋਹੜੀ ਰਹਿੰਦਾ ਸੀ। ਕੋਹੜੀ ਝੁੱਗੀ ਵਿਚੋਂ ਨਿਕਲਿਆ ਅਤੇ ਬਾਬਾ ਨਾਨਕ ਦੇ ਚਰਨਾਂ ਵਿਚ ਆ ਕੇ ਡਿੱਗਿਆ। ਆਪਣੇ ਕੋਹੜ ਦੇ

---

3 ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-83),* ਗਿਆਨੀ ਈਸ਼ਰ ਸਿੰਘ ਨਾਰਾ ਦੇਹਲੀ ਗੇਟ ਬਾਜ਼ਾਰ, ਨਵੀਂ ਦਿੱਲੀ, ਮਿਤੀਹੀਣ, ਪੰਨਾ 11.

4 ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 87.

5 ਉਕਤ, ਪੰਨਾ ਉਹੀ।

6 Bandi, Balwant Singh, *Guru Gobind Singh ji at Nanded,* Kwality Printers, Nanded, undated, page 26.

ਦੁੱਖ ਦੀ ਵਿਥਿਆ ਬਾਬਾ ਨਾਨਕ ਨੂੰ ਦੱਸ ਕੇ ਆਪਣੇ ਕੋਹੜ ਨੂੰ ਦੂਰ ਕਰਨ ਲਈ ਬੇਨਤੀ ਕਰਨ ਲੱਗਾ। ਬਾਬਾ ਨਾਨਕ ਨੇ ਕੋਹੜੀ ਨੂੰ ਲਾਗੇ ਦੀ ਛੱਪੜੀ (ਜਲ ਦਾ ਸੋਮੇ) ਵਿਚ ਇਸ਼ਨਾਨ ਕਰਨ ਨੂੰ ਕਿਹਾ। ਜਦੋਂ ਕੋਹੜੀ ਨੇ ਉਸ ਛੱਪੜੀ ਵਿਚ ਇਸ਼ਨਾਨ ਕੀਤਾ ਤਾਂ ਉਸ ਦਾ ਸਾਰਾ ਕੋਹੜ ਦੂਰ ਹੋ ਗਿਆ।[7] ਗੁਰੂ ਨਾਨਕ ਦੇਵ ਜੀ ਨੇ ਜਲ ਦੇ ਸੋਮੇ ਨੂੰ ਸਰੋਵਰ ਦਾ ਬਚਨ ਕੀਤਾ ਸੀ। ਅੱਜ ਉਸ ਥਾਂ ਉੱਤੇ ਸੁੰਦਰ ਸਰੋਵਰ ਬਣਿਆ ਹੋਇਆ ਹੈ। ਇਸ ਸਰੋਵਰ ਦੀ ਪੈਮਾਇਸ਼ 150×85 ਫੁੱਟ ਹੈ। ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਮਾਰਤ ਦੀ ਸੇਵਾ ਸ਼ੁਰੂ ਕਰਵਾਈ ਸੀ ਤਾਂ ਉਨ੍ਹਾਂ ਨੇ ਉਸ ਸਮੇਂ ਇੱਥੇ ਸੁੰਦਰ ਦਰਬਾਰ ਸਾਹਿਬ ਅਤੇ ਸਰੋਵਰ ਦੀ ਸੇਵਾ ਵੀ ਆਰੰਭ ਕਰਵਾਈ ਸੀ। ਬਾਅਦ ਵਿਚ ਇਥੋਂ ਦੀ ਸੇਵਾ ਬਾਬਾ ਨਿਧਾਨ ਸਿੰਘ ਅਤੇ ਬਾਬਾ ਸ਼ੀਸ਼ਾ ਸਿੰਘ ਜੀ ਨੇ ਕਰਵਾਈ ਸੀ। ਇਸ ਅਸਥਾਨ ਉੱਤੇ ਇਲਾਕੇ ਦੀ ਸੰਗਤ ਨੇ ਬੜੇ ਪ੍ਰੇਮ ਭਾਵ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਪਵਿੱਤਰ ਚਰਨਾਂ ਨਾਲ ਨਾਂਦੇੜ ਦਾ ਕਣ-ਕਣ ਪਵਿੱਤਰ ਕੀਤਾ। ਇਲਾਕੇ ਦੇ ਲੋਕਾਂ ਨੂੰ ਗੁਰਮਤਿ ਦਾ ਉਪਦੇਸ਼ ਦੇ ਕੇ ਸਿੱਖੀ ਦੀ ਜਾਗ ਲਾਈ ਅਤੇ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ। ਗੁਰੂ ਜੀ ਦੀ ਯਾਦ ਵਿਚ ਸਮਰਪਿਤ ਅੱਜ ਨਾਂਦੇੜ ਵਿਖੇ ਦੋ ਸੁੰਦਰ ਗੁਰਦੁਆਰੇ (ਗੁਰਦੁਆਰਾ ਮਾਲਟੇਕੜੀ ਸਾਹਿਬ ਅਤੇ ਗੁਰਦੁਆਰਾ ਨਾਨਕਸਰ ਸਾਹਿਬ) ਬਣੇ ਹੋਏ ਹਨ। ਨਾਂਦੇੜ ਵਿਖੇ ਰੁਕ ਕੇ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਸਿੱਖੀ ਦਾ ਉਪਦੇਸ਼ ਦਿੱਤਾ ਸੀ। ਜਿਸ ਅਸਥਾਨ 'ਤੇ ਵੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਏ, ਉਹ ਅਸਥਾਨ ਸੰਗਤਾਂ ਲਈ ਪੂਜਣਯੋਗ ਹੋ ਗਿਆ। ਗੁਰੂ ਜੀ ਦੇ ਪਾਵਨ ਉਪਦੇਸ਼ ਸਰਵਣ ਕਰਨ ਲਈ ਸੰਗਤ ਗੁਰੂ ਜੀ ਦੇ ਦੁਆਲੇ ਜੁੜ ਜਾਂਦੀ। ਜਿਸ ਥਾਂ ਸੰਗਤ ਜੁੜਦੀ ਉਸ ਨੂੰ ਗੁਰੂ ਜੀ ਧਰਮਸਾਲ ਵਜੋਂ ਸਥਾਪਿਤ ਕਰ ਦਿੰਦੇ। ਉਹ ਸਾਂਝਾ ਅਸਥਾਨ ਜ਼ਿਆਦਾਤਰ ਕਿਸੇ ਸ਼ਰਧਾਲੂ ਦਾ ਘਰ ਹੁੰਦਾ ਸੀ। ਗੁਰੂ ਸਾਹਿਬ ਦੀ ਉੱਥੇ ਮੌਜੂਦਗੀ ਦੌਰਾਨ ਅਤੇ ਉੱਥੇ ਚਲੇ ਜਾਣ ਤੋਂ ਬਾਅਦ, ਉਹ ਅਸਥਾਨ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣ ਜਾਂਦਾ ਸੀ।[8] ਸੋ ਨਾਂਦੇੜ ਨਗਰ ਵੀ ਗੁਰੂ ਨਾਨਕ ਦੇਵ ਜੀ ਦੇ ਚਰਨ ਪੈਣ ਮਗਰੋਂ ਦੱਖਣੀ ਭਾਰਤ

---

[7] ਢਿਲੋਂ, ਜਗਦੀਸ਼ ਸਿੰਘ, *ਬਾਬੇ ਤਾਰੇ ਚਾਰਿ ਚਕਿ,* ਲੋਕਗੀਤ ਪ੍ਰਕਾਸ਼ਨ, ਮੋਹਾਲੀ-ਚੰਡੀਗੜ੍ਹ, 2021, ਪੰਨਾ 222.

[8] ਅਮਨ ਸਿੰਘ, *ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਪ੍ਰਸੰਗਿਕਤਾ*, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2021, ਪੰਨਾ 16.

ਵਿਚ ਸਿੱਖੀ ਦੇ ਇੱਕ ਮਹਾਨ ਪ੍ਰਚਾਰ ਕੇਂਦਰ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਇਸ ਤਰ੍ਹਾਂ ਨਾਂ ਦੇੜ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਧਰਮ ਦੇ ਪ੍ਰਚਾਰ ਕੇਂਦਰ ਵੱਜੋਂ ਸਥਾਪਿਤ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਪਵਿੱਤਰ ਹੋਈ ਇਸ ਧਰਤੀ 'ਤੇ ਅਜੋਕੇ ਸਮੇਂ ਵਿਚ ਖਾਲਸਾ ਪੰਥ ਦਾ ਇੱਕ ਪ੍ਰਸਿੱਧ ਗੁਰਧਾਮ ਅਤੇ ਤਖ਼ਤ ਸਥਿਤ ਹੈ।

### ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਦਸੰਬਰ 1705 ਈ. ਵਿਚ ਮੁਗ਼ਲ ਅਤੇ ਪਹਾੜੀ ਫ਼ੌਜਾਂ ਦੇ ਘੇਰੇ ਵਿਚੋਂ ਨਿਕਲ ਕੇ ਅਤੇ ਅਨੰਦਪੁਰ ਸਾਹਿਬ ਛੱਡ ਕੇ ਚਮਕੌਰ, ਮਾਛੀਵਾੜਾ ਅਤੇ ਰਾਏਕੋਟ ਹੁੰਦੇ ਹੋਏ ਦੀਨਾ-ਕਾਂਗੜ ਦੇ ਸਥਾਨ 'ਤੇ ਆ ਗਏ। ਦੀਨਾ ਵਿਖੇ ਉਨ੍ਹਾਂ ਨੇ ਸਮਰਾਟ ਔਰੰਗਜ਼ੇਬ ਦੇ ਨਾਂ ਫ਼ਾਰਸੀ ਵਿਚ ਇੱਕ ਪੱਤਰ ਲਿਖਿਆ ਜਿਸ ਨੂੰ 'ਜਫ਼ਰਨਾਮਾ' (ਅਰਥਾਤ-ਵਿਜੈ-ਪੱਤਰ) ਕਿਹਾ ਜਾਂਦਾ ਹੈ।[9] ਇਹ ਜ਼ਫ਼ਰਨਾਮਾ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੂੰ ਦੇ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਬਾਦਸ਼ਾਹ ਵੱਲ ਭੇਜ ਦਿੱਤਾ ਸੀ। ਇਥੋਂ ਅੱਗੇ ਗੁਰੂ ਸਾਹਿਬ ਜੀ ਮੁਕਤਸਰ ਦੀ ਜੰਗ ਤੋਂ ਬਾਅਦ ਚੌਧਰੀ ਭਾਈ ਡੱਲੇ ਦੇ ਪਿੰਡ ਤਲਵੰਡੀ ਸਾਬੋ ਵਿਚ ਪਹੁੰਚੇ ਸਨ। ਤਲਵੰਡੀ ਸਾਬੋ ਵਿਖੇ ਗੁਰੂ ਜੀ ਨੌ ਮਹੀਨੇ ਨੌ ਦਿਨ ਰੁਕੇ[10] ਅਤੇ ਪੰਥਕ ਕਾਰਜ ਪੂਰੇ ਕੀਤੇ। ਇਥੋਂ ਦੱਖਣ ਵੱਲ ਕੂਚ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਨੇ ਦੱਖਣ ਵੱਲ ਆਪਣੇ ਨਾਲ ਜਾਣ ਲਈ ਬੈਰਾੜਾਂ ਅਤੇ ਭਾਈ ਰੂਪੇ ਕੀ ਸੰਗਤ ਦੇ ਨਾਮ 20 ਕੱਤਕ, ਸੰਮਤ 1763 ਬਿ. (21 ਅਕਤੂਬਰ, 1706 ਈ.) ਨੂੰ ਹੁਕਮਨਾਮਾ ਲਿਖਕੇ ਭੇਜਿਆ।[11] ਸਿੰਘਾਂ ਨੇ 'ਭੱਠ ਪਈ ਦੱਖਣ' ਆਖ ਕੇ ਉਧਰ ਨਾ ਜਾਣ ਦੀ ਸਲਾਹ ਦਿੱਤੀ ਪਰ ਮਹਾਰਾਜ ਨੇ ਕਿਹਾ: ਐਸਾ ਨਾ ਆਖੋ, ਉਹ ਵੀ ਮੈਨੂੰ ਪਿਆਰਾ ਹੈ, ਉੱਥੇ ਕਈ ਕੰਮ ਸਵਰਣਗੇ।'[12] ਮਾਲਵੇ ਅਤੇ ਤਲਵੰਡੀ ਸਾਬੋ ਨੂੰ ਅਨੇਕਾਂ ਬਖਸ਼ਿਸ਼ਾਂ ਕਰਨ ਉਪਰੰਤ 30 ਅਕਤੂਬਰ 1706 ਈ. ਨੂੰ ਗੁਰੂ ਜੀ

---

[9] ਅਰੋੜਾ, ਏ. ਸੀ., *ਪੰਜਾਬ ਦਾ ਇਤਿਹਾਸ (1469-1799,* ਪ੍ਰਦੀਪ ਪਬਲੀਕੇਸ਼ਨਜ਼ , ਜਲੰਧਰ, 2006 (ਅਠਾਰਵੀਂ ਐਡੀਸ਼ਨ), ਪੰਨਾ 146.

[10] "ਨੌ ਮਹੀਨੇ ਤੇ ਨੌ ਦਿਨੈ, ਤਲਵੰਡੀ ਰਖੈ ਮੁਕਾਮ।" ਭੰਗੂ, ਰਤਨ ਸਿੰਘ, *ਪ੍ਰਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਫਰਵਰੀ 2008 (ਅੱਠਵੀਂ ਐਡੀਸ਼ਨ), ਪੰਨਾ 51.

[11] ਗੰਡਾ ਸਿੰਘ (ਸੰਪਾ.), *ਹੁਕਮਨਾਮੇ (ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖ਼ਾਲਸਾ ਜੀ ਦੇ ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019 (ਰੀਪ੍ਰਿੰਟ), ਪੰਨਾ 170.

[12] ਸਤਿਬੀਰ ਸਿੰਘ , *ਪੁਰਖ ਭਗਵੰਤ (ਜੀਵਨੀ ਗੁਰੂ ਗੋਬਿੰਦ ਸਿੰਘ ਜੀ ),* ਨਿਊ ਬੁੱਕ ਕੰਪਨੀ , ਜਲੰਧਰ, 2004 (ਅੱਠਵੀਂ ਵਾਰ), ਪੰਨਾ 214.

ਨੇ ਤਲਵੰਡੀ ਸਾਬੋ ਤੋਂ ਦੱਖਣ ਨੂੰ ਕੂਚ ਕੀਤਾ। ਪੰਜਾਬ ਦੇ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਖ਼ਰੀ ਦਰਸ਼ਨ ਇਸੇ ਮੁਕਾਮ 'ਤੇ ਕੀਤੇ ਸਨ। ਇਸ ਸਮੇਂ ਦੌਰਾਨ ਇਹ ਸਥਾਨ ਅਨੰਦਪੁਰ ਸਾਹਿਬ ਤੋਂ ਬਾਅਦ ਸਿੱਖ ਪੰਥ ਦਾ ਗੜ੍ਹ ਬਣ ਗਿਆ।[13]

ਕਈ ਇਤਿਹਾਸਕਾਰਾਂ ਅਤੇ ਵਿਦਵਾਨਾਂ ਦਾ ਕਹਿਣਾ ਹੈ ਕਿ ਤਲਵੰਡੀ ਸਾਬੋ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਔਰੰਗਜ਼ੇਬ ਬਾਦਸ਼ਾਹ ਨੂੰ ਮਿਲਣ ਲਈ ਦੱਖਣ ਵੱਲ ਕੂਚ ਕੀਤਾ ਸੀ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਮਰਾਠਿਆਂ ਦੇ ਸੱਦੇ 'ਤੇ ਦੱਖਣ ਵੱਲ ਗਏ ਸਨ ਪਰ ਇਹ ਪੂਰਾ ਸੱਚ ਨਹੀਂ ਹੈ ਕਿਉਂਕਿ ਗੁਰੂ ਸਾਹਿਬ ਦਾ ਮਰਾਠਿਆਂ ਨਾਲ ਕੋਈ ਸੰਬੰਧ ਨਹੀਂ ਸੀ। ਡਾ . ਸੁਖਦਿਆਲ ਸਿੰਘ ਅਨੁਸਾਰ ਗੁਰੂ ਜੀ ਦਾ ਤਲਵੰਡੀ ਸਾਬੋ ਤੋਂ ਦੱਖਣ ਵੱਲ ਨੂੰ ਰਵਾਨਾ ਹੋਣ ਦਾ ਮਕਸਦ ਕੇਵਲ ਪੰਜਾਬ ਤੋਂ ਬਾਹਰ ਸਿੱਖ ਧਰਮ (ਖ਼ਾਲਸਾ ਮਿਸ਼ਨ) ਦਾ ਪ੍ਰਚਾਰ ਕਰਨ ਦਾ ਸੀ। ਇਸ ਲਈ ਪਹਿਲਾ ਖੇਤਰ ਰਾਜਪੂਤਾਨੇ ਦਾ ਸੀ।[14] ਤਲਵੰਡੀ ਸਾਬੋ ਤੋਂ ਦੱਖਣ ਨੂੰ ਕੂਚ ਕਰਨ ਸਮੇਂ ਗੁਰੂ ਜੀ ਵਲੋਂ ਲਿਖੇ ਹੁਕਮਨਾਮੇ ਵਿਚ ਵੀ ਦੱਖਣ ਨੂੰ ਜਾਣ ਦੀ ਜਾਣਕਾਰੀ ਮਿਲਦੀ ਹੈ। ਔਰੰਗਜ਼ੇਬ ਨੂੰ ਜਾ ਕੇ ਮਿਲਣ ਦੀ ਨਹੀਂ। ਦੱਖਣ ਦੇ ਸਫ਼ਰ ਦੌਰਾਨ ਰਾਜਸਥਾਨ ਦੇ ਬਘੌਰ ਸ਼ਹਿਰ ਦੇ ਪਾਸ ਭਾਈ ਦਇਆ ਸਿੰਘ ਨੇ ਗੁਰੂ ਜੀ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਦਿੱਤੀ। 20 ਫਰਵਰੀ, 1707 ਈ. (28 ਜੀ. ਕਦਾ. 1118 ਹਿਜਰੀ) ਨੂੰ ਅਹਿਮਦਨਗਰ (ਦੱਖਣ) ਵਿਚ ਔਰੰਗਜ਼ੇਬ ਦਾ ਦਿਹਾਂਤ ਹੋ ਗਿਆ ਸੀ। [15] ਉਪਰੰਤ ਇਸ ਸਮੇਂ ਔਰੰਗਜ਼ੇਬ ਦੇ ਪੁੱਤਰਾਂ ਵਿਚ ਤਖ਼ਤ ਨਸ਼ੀਨੀ ਯੁੱਧ ਸ਼ੁਰੂ ਹੋ ਗਿਆ। ਜਾਇਜ਼ ਵਾਰਿਸ ਸ਼ਾਹਜ਼ਾਦਾ ਮੁਅੱਜ਼ਮ (ਬਹਾਦੁਰ ਸ਼ਾਹ) ਬਗ਼ੈਰ ਕਿਸੇ ਫ਼ੌਜ ਜਾਂ ਖਜ਼ਾਨੇ ਦੇ ਦੂਰ ਦੁਰਾਡੇ ਉੱਤਰ-ਲਹਿੰਦੇ ਸਰਹੱਦੀ ਸੂਬੇ (ਪਿਸ਼ਾਵਰ) ਵਿਚ ਸੀ ਅਤੇ ਸ਼ਾਹਜ਼ਾਦਾ ਆਜ਼ਮ (ਆਜ਼ਮ ਸ਼ਾਹ) ਨੇ ਜੋ ਕਿ ਉਸਦਾ ਛੋਟਾ ਭਰਾ ਸੀ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਸੀ ਅਤੇ ਤਖ਼ਤ ਉੱਤੇ ਕਬ ਜ਼ਾ ਕਰਨ ਲਈ (ਦੱਖਣ ਤੋਂ) ਉੱਤਰ ਵੱਲ ਚੜ੍ਹਿਆ ਆ ਰਿਹਾ ਸੀ। [16] ਇਸ ਵਕਤ ਸ਼ਾਹਜ਼ਾਦਾ ਮੁਅੱਜ਼ਮ ਨੇ ਵੀ ਆਪਣੇ ਆਪ ਨੂੰ ਬਾਦਸ਼ਾਹ ਘੋਸ਼ਿਤ ਕਰਕੇ ਬੜੀ ਤੇਜੀ ਨਾਲ ਦਿੱਲੀ ਵੱਲ ਕੂਚ ਕੀਤਾ। ਸਮਕਾਲੀ ਕਵੀ

---

[13] ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਸਾਤਵਿਕ ਬੁਕਸ, ਅੰਮ੍ਰਿਤਸਰ, 2017 (ਪਹਿਲੀ ਵਾਰ), ਪੰਨਾ 106.

[14] ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ , ਯੁੱਧ ਅਤੇ ਯਾਤਰਾਵਾਂ*, ਸੰਗਮ ਪਬਲੀਕੇਸ਼ਨਜ਼, ਸਮਾਣਾ, 2014, ਪੰਨਾ 126.

[15] Saqi, Mustad Khan, *Maasir-I-Alamgiri (A History of the Emperor Aurangzib-Alamgir) (Reign 1658-1707 A. D.),* Sarkar, Jadu-Nath (Translated), Royal Asiatic Society of Bengal, Calcutta, 1947, page 309.

[16] ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਿਤੀਹੀਣ, ਪੰਨਾ 30.

ਸੈਨਾਪਤਿ ਕਹਿੰਦਾ ਹੈ ਕਿ ਦਿੱਲੀ ਦੇ ਨੇੜੇ ਪਹੁੰਚ ਕੇ ਸ਼ਾਹਜ਼ਾਦਾ ਮੁਅੱਜ਼ਮ ਨੇ ਗੁਰੂ ਸਾਹਿਬ ਨੂੰ ਦਿੱਲੀ ਵਿਖੇ ਬੁਲਾਉਣ ਅਤੇ ਸੁਲਤਾਨੀ ਜੰਗ ਵਿਚ ਉਸ ਦੀ ਸਹਾਇਤਾ ਕਰਨ ਲਈ ਲਿਖਤੀ ਬੇਨਤੀ ਕੀਤੀ ਸੀ। ਗੁਰੂ ਸਾਹਿਬ ਨੇ ਵੀ ਉਸ ਨੂੰ ਲਿਖਤੀ ਰੂਪ ਵਿਚ ਜਵਾਬ ਭੇਜ ਕੇ ਦਿਲਾਸਾ ਦਿੱਤਾ ਕਿ ਰਾਜ ਭਾਗ ਉਸ ਦਾ ਹੀ ਹੋਵੇਗਾ।[17] ਗੁਰੂ ਸਾਹਿਬ ਨੇ ਮੁਅੱਜ਼ਮ ਦੀ ਬੇਨਤੀ ਮੰਨ ਕੇ ਆਪਣੇ ਕਾ ਫ਼ਲੇ ਦੀ ਮੁਹਾਰ ਬਘੌਰ ਤੋਂ ਸ਼ਾਹਜਹਾਨਾਬਾਦ (ਦਿੱਲੀ) ਮੋੜ ਦਿੱਤੀ। ਇਸ ਤੋਂ ਇਲਾਵਾ ਦਿੱਲੀ ਵਿਖੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਜੀ ਰਹਿੰਦੇ ਸਨ। ਇਸ ਕਾਰਨ ਵੀ ਗੁਰੂ ਸਾਹਿਬ ਦਿੱਲੀ ਗਏ ਸਨ। ਅਪ੍ਰੈਲ -ਮਈ, 1707 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਫ਼ੌਜ ਸਮੇਤ ਦਿੱ ਲੀ ਪਹੁੰਚੇ ਅਤੇ ਧੌਲਾਂ ਕੂਆਂ ਦੇ ਨੇੜੇ ਉਸ ਅਸਥਾਨ ’ਤੇ ਠਹਿਰੇ ਜਿੱਥੇ ਅੱਜ ਕੱਲ੍ਹ ਮੋਤੀ ਬਾਗ ਦਾ ਇਤਿਹਾਸਕ ਗੁਰਦੁਆਰਾ ਹੈ। [18] ਆਗਰੇ ਤੋਂ 28 ਕਿ. ਮੀ. ਦੀ ਵਿੱਥ ’ਤੇ ਜਾਜਉ ਦੇ ਸਥਾਨ ਉੱਪਰ 8 ਜੂਨ 1707 ਈ. ਨੂੰ ਔਰੰਗਜ਼ੇਬ ਦੇ ਦੋਵੇਂ ਪੁੱਤਰਾਂ ਵਿਚਕਾਰ ਯੁੱਧ ਹੋਇਆ। ਡਾ. ਈਸ਼ਵਰੀ ਪ੍ਰਸਾਦ (ਭਾਰਤੀ ਇਤਿਹਾਸਕਾਰ) ਇਹ ਲੜਾਈ 18 ਜੂਨ ਨੂੰ ਹੋਈ ਦੱਸਦੇ ਹਨ।[19] ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਜੀ ਨੇ ਬਹਾਦਰ ਸ਼ਾਹ ਦੀ ਬੇਨਤੀ ਮੰਨ ਕੇ ਇਸ ਯੁੱਧ ਵਿਚ ਉਸ ਦੀ ਸਹਾਇਤਾ ਕੀਤੀ।[20] ਜੰਗ ਵਿਚ ਮੁਅੱਜ਼ਮ ਦੀ ਜਿੱਤ ਹੋ ਗਈ ਅਤੇ ਉਹ ਬਾਦਸ਼ਾਹੀ ਤਖ਼ਤ ਦਾ ਵਾਲੀ ਹੋ ਕੇ ਬਹਾਦੁਰ ਸ਼ਾਹ ਨਾਉਂ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ।[21] ਉਹ 63 ਸਾਲ ਦੀ ਉਮਰ ਵਿਚ ਬਹਾਦੁਰ ਸ਼ਾਹ ਦੀ ਉਪਾਧੀ ਨਾਲ ਰਾਜ ਗੱਦੀ ’ਤੇ ਬੈਠਾ ਅਤੇ 5 ਸਾਲ ਰਾਜ ਕੀਤਾ।[22]

‘ਅਖ਼ਬਾਰਾਤ ਦਰਬਾਰਿ ਮੁਅੱਲਾ ’ ਅਨੁਸਾਰ ਇਸ ਜਿੱਤ ਤੋਂ ਬਾਅਦ 4 ਜਮਾਦੀ ਉੱਲਅੱਵਲ ਸੰਨ 1119 ਹਿਜਰੀ (23 ਜੁਲਾਈ, 1707 ਈ.) ਨੂੰ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਵਿਚਕਾਰ ਇਤਿਹਾਸਕ

---

17 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2017 (ਚੌਥੀ ਵਾਰ), ਧਿਆਉ ਪੰਦਰ੍ਹਵਾਂ, ਬੰਦ 7,8,9 (678, 679, 680), ਪੰਨਾ 151.

18 ਤਰਲੋਚਨ ਸਿੰਘ, *ਦਿੱਲੀ ਦੇ ਇਤਿਹਾਸਕ ਗੁਰਦੁਆਰੇ* , ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ , ਨਵੀਂ ਦਿੱਲੀ, 2014 (ਛੇਵੀਂ ਵਾਰ), ਪੰਨੇ 36-37.

19 Ishwari Prasad (Dr.), *India in the Eighteenth Century,* Chugh Publicatoins, Allahabad, 1973 (First Published), page 5.

20 ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖ਼ਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, 2011 (ਪੰਜਵੀਂ ਵਾਰ), ਪੰਨੇ 1103-04.

21 ਗੰਡਾ ਸਿੰਘ, *ਹੁਕਮਨਾਮੇ (ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖ਼ਾਲਸਾ ਜੀ ਦੇ),* 2019, ਪੰਨਾ 20.

22 Shinde, Deepak (Editor), *Historical Aspects, Importance and Present Relevance of the Teachings of Shri Guru Gobind Singh Ji,* Swami Ramanand Teerth Marathwada University, Nanded, 2018 (First Published), page 153.

ਮੁਲਾਕਾਤ ਹੋਈ। ਆਗਰੇ ਦੇ ਦਰਬਾਰ ਵਿਚ ਨਵੇਂ ਬਣੇ ਬਾਦਸ਼ਾਹ ਬਹਾਦਰ ਸ਼ਾਹ ਨੇ ਰਾਜ-ਭਾਗ ਪ੍ਰਾਪਤ ਕਰਨ ਦੀ ਖੁਸ਼ੀ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਾਹੀ ਠਾਠ-ਬਾਠ ਅਤੇ ਕੀਮਤੀ ਤੋਹਫਿਆਂ ਨਾਲ ਨਿੱਘਾ ਸਵਾਗਤ ਅਤੇ ਸ਼ੁਕਰਾਨਾ ਕੀਤਾ। ਖ਼ਿਲਅਤ ਅਤੇ ਹੋਰ ਇਨਾਮ ਗੁਰੂ ਸਾਹਿਬ ਨੂੰ ਭੇਟ ਕੀਤੇ। [23] ਬਚਨ ਸਿੰਘ ਗੁਜ਼ਰਖ਼ਾਨੀ ਲਿਖਦਾ ਹੈ ਕਿ ਇਸ ਸਮੇਂ ਧਰਮ, ਰਾਜਨੀਤੀ ਤੇ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਗੰਭੀਰ ਗੱਲਬਾਤ ਹੋਈ। ਇਸ ਗੱਲਬਾਤ ਵਿਚ ਸਰਹੰਦ ਦੇ ਨਵਾਬ (ਵਜ਼ੀਰ ਖਾਂ) ਨੂੰ ਸਜਾ ਦੇਣ ਦਾ ਵੀ ਫ਼ੈਸਲਾ ਕੀਤਾ ਗਿਆ ਸੀ।[24] ਇਸ ਸਮੇਂ ਬਹਾਦਰ ਸ਼ਾਹ ਆਪਣੀ ਸਥਿਤੀ ਤੋਂ ਜਾਣੂ ਹੋਣ ਕਰਕੇ ਹਾਲੇ ਵਿਰੋਧ ਕਰਨ ਦੀ ਸਥਿਤੀ ਵਿਚ ਨਹੀਂ ਸੀ। ਉਸ ਨੇ ਕੁਝ ਸਮਾਂ ਰੁਕ ਕੇ ਆਪਣੇ ਇਸ ਫ਼ੈਸਲੇ ਉੱਪਰ ਅਮਲ ਕਰਨ ਲਈ ਗੁਰੂ ਸਾਹਿਬ ਨੂੰ ਕਿਹਾ। ਡਾ . ਗੋਪਾਲ ਸਿੰਘ ਅਨੁਸਾਰ ਉਸ ਨੇ ਗੁਰੂ ਜੀ ਨੂੰ ਇੱਕ ਸਾਲ ਉਡੀਕ ਕਰਨ ਲਈ ਬੇਨਤੀ ਕੀਤੀ, ਜਦੋਂ ਤੱਕ ਉਸ ਦਾ ਪੱਕਾ ਰਾਜ ਸਥਾਪਿਤ ਨਾ ਹੋ ਜਾਵੇ।[25]

ਉਪਰੋਕਤ ਵੇਰਵੇ ਤੋਂ ਅਸੀਂ ਅੰਦਾ ਜ਼ਾ ਲਗਾ ਸਕਦੇ ਹਾਂ ਕਿ ਗੁਰੂ ਜੀ ਨੇ ਬਹਾਦਰ ਸ਼ਾਹ ਕੋਲ ਅਨੰਦਪੁਰ (ਪੰਜਾਬ) ਵਾਪਸ ਜਾਣ ਅਤੇ ਉਸ ਹਿੱਸੇ ਵਿਚ ਆਮ ਹਾਲਾਤ ਪੈਦਾ ਕਰਨ ਦਾ ਮਾਮਲਾ ਉਠਾਇਆ ਸੀ।[26] ਇਸ ਮੁਲਾਕਾਤ ਤੋਂ ਬਾਅਦ ਆਗਰਾ ਜਾਂ ਇਸ ਦੇ ਨੇੜੇ-ਤੇੜੇ ਸਥਾਨ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਧਉਲ ਕੀ ਸੰਗਤ ਅਤੇ ਸੰਗਤ ਖਾਰਾ ਦੇ ਨਾਮ 1 ਕੱਤਕ, ਸੰਮਤ 1764 ਬਿ. (2 ਅਕਤੂਬਰ, ਸੰਨ 1707) ਨੂੰ ਦੋ ਹੁਕਮਨਾਮੇ ਭੇਜੇ।[27] ਇਨ੍ਹਾਂ ਹੁਕਮਨਾਮਿਆਂ ਤੋਂ ਪਤਾ ਲੱਗਦਾ ਹੈ "ਕਿ ਬਾਦਸ਼ਾਹ ਨਾਲ ਹੋ ਰਹੀ ਗੱਲ-ਬਾਤ ਦੇ ਸਿਰੇ ਚੜ੍ਹ ਜਾਣ ਦੀ ਆਸ ਬੱਝ ਰਹੀ ਸੀ ਅਤੇ ਗੁਰੂ ਸਾਹਿਬ ਦਾ ਵਿਚਾਰ ਸੀ ਕਿ ਉਹ ਛੇਤੀ ਹੀ ਦੇਸ਼ (ਪੰਜਾਬ) ਨੂੰ ਮੁੜ ਪੈਣਗੇ।"[28]

---

[23] ਬੇਦੀ, ਹਰਚੰਦ ਸਿੰਘ (ਸੰਪਾ.), *ਸਿੱਖ ਇਤਿਹਾਸ ਦੇ ਫ਼ਾਰਸੀ ਸਰੋਤ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਨਵੰਬਰ 2016, ਪੰਨਾ 183.

[24] ਗੁਜ਼ਰਖ਼ਾਨੀ, ਬਚਨ ਸਿੰਘ *ਜੀਵਨ ਗੁਰੂ ਗੋਬਿੰਦ ਸਿੰਘ ਤੇ ਬੁਰਹਾਨਪੁਰ ਦਾ ਇਤਿਹਾਸ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦਸੰਬਰ 1981, ਪੰਨਾ 59.

[25] Gopal Singh (Dr.), *A History of The People (1469-1978),* World Book Centre, New Dehli, First Edition 1939, page 319.

[26] Roshan Singh s/o Babu Singh, *Financial Management of the Sikh Gurudwara Sachkhand Shri Hazur Abachalnagar Sahib in the Last Decade Nanded,* Department of Commerce, Swami Ramanand Teerth Marathwada University, Nanded, August 2008, page 115.

[27] ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਹੁਕਮਨਾਮਾ ਨੰ. 63, 64. ਪੰਨੇ 172-75.

[28] ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 5.

ਕਵੀ ਸੈਨਾਪਤਿ ਅਨੁਸਾਰ ਆਗਰੇ ਵਿਚ ਗੁਰੂ ਸਾਹਿਬ ਜੀ ਕਈ ਮਹੀਨੇ ਰੁਕੇ।[29] ਜਿਸ ਕਾਰਨ ਦੂਰੋਂ-ਨੇੜਿਉਂ ਸਿੱਖ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਰਹੀਆਂ। ਇਸ ਸਮੇਂ ਤੱਕ ਦੱਖਣ ਵਿਚ ਬਹਾਦਰ ਸ਼ਾਹ ਦੇ ਛੋਟੇ ਭਰਾ ਕਾਮ ਬਖ਼ਸ਼ ਨੇ ਬਗ਼ਾਵਤ ਕਰ ਦਿੱਤੀ ਸੀ। ਕਾਮ ਬਖ਼ਸ਼ ਬੀਜਾਪੁਰ ਦਾ ਸੂਬੇਦਾਰ ਸੀ। ਉਸ ਨੇ ਆਪਣੇ ਆਪ ਨੂੰ ਸਮਰਾਟ ਵਜੋਂ ਤਾਜ ਪਹਿਨਾਇਆ ਪਰ ਦੱਖਣ ਵਿਚ ਹੀ ਰਿਹਾ।[30] ਗੁਰੂ ਕੀਆਂ ਸਾਖੀਆਂ ਅਨੁਸਾਰ ਬਹਾਦਰ ਸ਼ਾਹ ਨੇ ਇਸ ਬਗ਼ਾਵਤ ਨੂੰ ਦਬਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਨਾਲ ਦੱਖਣ ਜਾਣ ਵਾਸਤੇ ਬੇਨਤੀ ਕੀਤੀ। ਇਸ ਬੇਨਤੀ ਨੂੰ ਮੰਨ ਕੇ ਗੁਰੂ ਜੀ ਨੇ ਦੱਖਣ ਵੱਲ ਰਵਾਨਗੀ ਕੀਤੀ ਸੀ।[31] ਧਉਲ ਅਤੇ ਖਾਰਾ ਦੀ ਸੰਗਤਾਂ ਦੇ ਨਾਂ 2 ਅਕਤੂਬਰ, 1707 ਈ. ਨੂੰ ਭੇਜੇ ਹੁਕਮਨਾਮਿਆਂ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਅਨੰਦਪੁਰ ਵਾਪਸ ਮੁੜਨਗੇ ਪਰ ਹਾਲਾਤਾਂ ਨੇ ਉਨ੍ਹਾਂ ਨੂੰ ਦੱਖਣ ਜਾਣ ਲਈ ਮਜ਼ਬੂਰ ਕੀਤਾ ਪਰੰਤੂ ਇਹ ਕੋਈ ਵੱਡੀ ਗੱਲ ਨਹੀਂ ਹੈ ਕਿਉਂਕਿ ਬਦਲਦੇ ਹੋਏ ਹਾਲਾਤਾਂ ਵਿਚ ਰਹਿ ਕੇ ਇਹ ਵਿਚਾਰ ਵੀ ਬਦਲ ਸਕਦੇ ਹਨ। ਡਾ . ਸੁਖਦਿਆਲ ਸਿੰਘ ਅਨੁਸਾਰ ਗੁਰੂ ਜੀ ਦੇ ਦੱਖਣ ਦੇ ਸ ਫ਼ਰਾਂ ਦਾ ਦੂਜਾ ਪੜਾਅ ਨਵੇਂ ਬਾਦਸ਼ਾਹ ਬਹਾਦਰ ਸ਼ਾਹ ਨਾਲ ਮਿਲਣ ਦਾ ਅਤੇ ਉਸ ਨੂੰ ਆਸ਼ੀਰਵਾਦ ਦੇਣ ਦਾ ਸੀ। ਇਸ ਲਈ ਗੁਰੂ ਜੀ ਦੇ ਸਫ਼ਰਾਂ ਨੇ ਇੱਕ ਦਮ ਮੋੜ ਲੈ ਕੇ ਦਿੱਲੀ ਅਤੇ ਆਗਰੇ ਵੱਲ ਵਾਪਸੀ ਕਰ ਦਿੱਤੀ ਸੀ।[32]

ਕੁਝ ਲਿਖਾਰੀਆਂ ਦਾ ਕਹਿਣਾ ਹੈ ਕਿ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਆਪਣੀ ਕਮਾਨ ਹੇਠ ਦੱਖਣ ਵੱਲ ਗਈ ਮੁਹਿੰਮ ਦਾ ਸੈਨਿਕ ਕਮਾਂਡਰ ਨਿਯੁਕਤ ਕਰ ਲਿਆ ਸੀ ਪਰ ਇਹ ਗੱਲ (ਕਥਨ) ਠੀਕ ਨਹੀਂ ਅਤੇ ਇਹ ਸਰਾ-ਸਰ ਗੁਰੂ ਜੀ ਨੂੰ ਨੀਵਾਂ ਦਿਖਾਉਣ ਅਤੇ ਸਿੱਖ ਇਤਿਹਾਸ ਨਾਮ ਅਨਿਆ ਵਾਲੀ ਗੱਲ ਹੈ। ਕੁਝ ਦਾ ਕਹਿਣਾ ਹੈ ਕਿ ਬਹਾਦਰ ਸ਼ਾਹ ਗੁਰੂ ਜੀ ਨੂੰ ਆਪਣਾ ਧਾਰਮਿਕ ਆਗੂ ਮੰਨਦਾ ਸੀ ਪਰ ਨਾਲ ਹੀ ਉਹ ਲਿਖਦੇ ਹਨ ਕਿ ਬਹਾਦਰ ਸ਼ਾਹ ਗੁਰੂ ਜੀ ਦੀਆਂ ਗੱਲਾਂ ਮੰਨਣ ਤੋਂ ਟਾਲ -ਮਟੋਲ ਕਰ ਰਿਹਾ ਸੀ। ਦੂਜਾ ਬਾਦਸ਼ਾਹ ਨੇ ਗੁਰੂ ਜੀ ਨੂੰ ਹਰ ਸਮੇਂ ਆਪਣੇ ਨਾਲ ਹੀ ਰੱਖਿਆ ਤਾਂ ਕਿ ਗੁਰੂ ਸਾਹਿਬ ਮੁਗਲਾਂ ਵਿਰੁੱਧ ਮੁੜ

[29] ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਧਿਆਉ ਸੋਲ੍ਹਵਾਂ, ਬੰਦ 41 (730), ਪੰਨੇ 157-58.

[30] Shinde, Deepak (Editor), *Historical Aspects, Importance and Present Relevance of the Teachings of Shri Guru Gobind Singh Ji,* page 123.

[31] ਕੋਸ਼ਿਸ਼, ਸ੍ਵਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ , ਅੰਮ੍ਰਿਤਸਰ, 2020 (ਅੱਠਵੀਂ ਵਾਰ), ਸਾਖੀ ਨੰ. 105 'ਦੱਖਣ ਦੇਸ ਜਾਨੇ ਤੇ ਗੁਰੂ ਜੀ ਕੋ ਤਨਖ਼ਾਹ ਲਗਨੇ ਕੀ ਚਾਲੀ', ਪੰਨੇ 192-94.

[32] ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਨੇ 127-28.

ਸੰਘਰਸ਼ ਨਾ ਆਰੰਭ ਕਰ ਦੇਣ ਪਰ ਇਹ ਆਪਾ ਵਿਰੋਧੀ ਗੱਲਾਂ ਵੀ ਗੁਰੂ ਜੀ ਨੂੰ ਨੀਵਾਂ ਦਿਖਾਉਣ ਵਾਲੀਆਂ ਹਨ। ਜਦੋਂ ਕਿ ਗੁਰੂ ਜੀ ਇੱਕ ਸੁਤੰਤਰ ਹੈਸੀਅਤ ਦੇ ਮਾਲਕ ਸ ਨ। ਅਮਨਦੀਪ ਸਿੰਘ ਗਿਲ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਸਾਰੀਆਂ ਯਾਤਰਾਵਾਂ ਦੌਰਾਨ ਲਗਾਤਾਰ ਲੋਕਾਂ ਨੂੰ ਧਰਮ ਦੇ ਉਚੇਰੇ ਆਦਰਸ਼ਾਂ ਤੋਂ ਜਾਣੂੰ ਕਰਾਉਂਦੇ ਆਏ ਸਨ। ਅਫ਼ਸੋਸ ਦੀ ਗੱਲ ਹੈ ਕਿ ਤਲਵੰਡੀ ਸਾਬੋ ਤੋਂ ਬਾਅਦ ਉਨ੍ਹਾਂ ਦੇ ਧਾਰਮਿਕ ਪ੍ਰਵਚਨਾਂ ਦਾ ਜ਼ਿਆਦਾ ਵੇਰਵਾ ਸਾਡੇ ਤੱਕ ਨਹੀਂ ਪਹੁੰਚਦਾ। ਗੁਰੂ ਸਾਹਿਬ ਦੇ ਬਹਾਦਰ ਸ਼ਾਹ ਨਾਲ ਦੱਖਣ ਜਾਣ ਦੇ ਬਿਰਤਾਂਤ ਵਿੱਚੋਂ ਅਤੇ ਸਿੱਖ ਇਤਿਹਾਸਕਾਰਾਂ ਵੱਲੋਂ ਉਨ੍ਹਾਂ ਦੇ ਬਹਾਦਰ ਸ਼ਾਹ ਨਾਲ ਸੰਬੰਧਾਂ ਨੂੰ ਵਧਾਅ-ਚੜ੍ਹਾਅ ਕੇ ਵੇਖਣ ਦੀ ਪ੍ਰਵਿਰਤੀ ਵਿੱਚੋਂ ਇਤਿਹਾਸ ਦੀ ਇੱਕ ਨਵੀਂ ਮਿੱਥ ਦਾ ਜਨਮ ਹੋਇਆ ਕਿ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਮਨਸਬਦਾਰ ਬਣਾ ਲਿਆ ਸੀ।[33]

ਇਸ ਦੱਖਣ ਮਾਰਗ ਵਿਚ ਬਹਾਦਰ ਸ਼ਾਹ ਦਾ ਉਦੇਸ਼ ਜਿੱਥੇ ਰਾਜਨੀਤਕ ਸੀ ਤਾਂ ਉੱਥੇ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਧਰਮ ਪ੍ਰਚਾਰ ਕਰਨਾ ਸੀ। ਗੁਰੂ ਸਾਹਿਬ ਧਰਮ ਪ੍ਰਚਾਰ ਨੂੰ ਮੁੱਖ ਰੱਖ ਕੇ ਰਸਤੇ ਵਿਚ ਸੰਗਤਾਂ ਨੂੰ ਨਾਮ ਸਿਮਰਨ ਅਤੇ ਅੰਮ੍ਰਿਤ ਦੀ ਦਾਤ ਬਖ਼ਸ਼ਦੇ ਹੋਏ, ਬਹਾਦਰ ਸ਼ਾਹ ਨਾਲ ਹੀ ਰਾਜਪੂਤਾਨੇ ਅਤੇ ਦੱਖਣ ਵੱਲ ਨੂੰ ਚੱਲ ਪਏ। ਦੱਖਣ ਨੂੰ ਜਾਣ ਸਮੇਂ ਗੁਰੂ ਜੀ ਨੇ ਸਿੱਖਾਂ ਦੀ ਬੇਨਤੀ ਪ੍ਰਵਾਨ ਕਰਕੇ ਮਾਤਾ ਸੁੰਦਰੀ ਨੂੰ ਦਿੱਲੀ ਵਿਖੇ ਹੀ ਰਹਿਣ ਦੀ ਆਗਿਆ ਦਿੱਤੀ ਸੀ।[34] ਪਰੰਤੂ ਮਾਤਾ ਸਾਹਿਬ ਦੇਵਾਂ ਨੇ ਨਾਲ ਜਾਣ ਦੀ ਬੇਨਤੀ ਕੀਤੀ ਸੀ ਜਿਸ ਨੂੰ ਗੁਰੂ ਜੀ ਨੇ ਪ੍ਰਵਾਨ ਕਰ ਲਿਆ ਸੀ।[35]

ਉਪਰੋਕਤ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਵੱਲ ਜਾਣ ਦੇ ਕਈ ਹੋਰ ਕਾਰਨ ਵੀ ਸਨ। ਤਲਵੰਡੀ ਸਾਬੋ ਤੋਂ ਦੱਖਣ ਵੱਲ ਕੂਚ ਕਰਨ ਬਾਰੇ ਗੁਰੂ ਸਾਹਿਬ ਦਾ ਇੱਕ ਹੁਕਮਨਾਮਾ ਤਾਂ ਮਿਲਦਾ ਹੈ ਪਰ ਅੱਜ ਤੱਕ ਸਾਨੂੰ ਦੱਖਣ ਜਾਣ ਦੇ ਅਸਲ ਕਾਰਨ ਬਾਰੇ ਗੁਰੂ ਸਾਹਿਬ ਦੀ ਕੋਈ ਵੀ ਲਿਖਤ ਜਾਂ ਹੁਕਮਨਾਮਾ ਪ੍ਰਾਪਤ ਨਹੀਂ ਹੋਇਆ। ਦੱਖਣ ਵੱਲ ਜਾਣ ਦਾ ਪਹਿਲਾ ਕਾਰਨ ਇਹ ਸੀ ਕਿ ਦੱਖਣ ਦੇ ਇਲਾਕੇ (ਦੂਜੇ ਪ੍ਰਾਤਾਂ)

---

33 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 48.

34 "ਸਿੱਖਾਂ ਕਿ ਬੇਨਤੀ ਸੁਣ ਸੁੰਦਰੀ ਜੀ ਕੋ ਦਿੱਲੀ ਰਹਿਨੇ ਕੀ ਆਗਯਾ ਦਈ।" ਨਰੋਤਮ, ਪੰਡਿਤ ਤਾਰਾ ਹਰਿ, *ਸ੍ਰੀ ਗੁਰੂ ਤੀਰਥ ਸੰਗ੍ਰਹਿ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਮਈ 1975, ਪੰਨਾ 195.

35 "ਸਾਥ ਚਲੀ ਸ੍ਰੀ ਸਾਹਿਬ ਦੇਵੀ॥ ਰਹੀ ਸਹਰ ਸੁੰਦਰੀ ਸੁ ਦੇਵੀ॥ " ਸੁਮੇਰ ਸਿੰਘ, ਬਾਬਾ, *ਸ੍ਰੀ ਗੁਰੂ-ਪਦ ਪ੍ਰੇਮ ਪ੍ਰਕਾਸ਼,* ਅੱਛਰ ਸਿੰਘ ਕਾਹਲੋਂ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਪਹਿਲੀ ਵਾਰ), ਪੰਨਾ 483.

ਵਿਚ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕਰਨਾ ਸੀ। ਇਸ ਲਈ ਆਪ ਜ਼ਿਆਦਾਤਰ ਉਨ੍ਹਾਂ ਸਥਾਨਾਂ ਉੱਤੇ ਗਏ ਜਿੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਪਧਾਰ ਚੁੱਕੇ ਸਨ। ਦੂਸਰਾ ਕਾਰਨ ਇਹ ਕਿ ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਕੰਢੇ ਮਾਧੋ ਦਾਸ ਬੈਰਾਗੀ ਸਾਧੂ ਨੂੰ ਮਿਲਣਾ ਸੀ। ਨਾਰਾਇਣਾ ਵਿਖੇ ਦਾਦੂ ਪੰਥੀਆਂ ਦੇ ਡੇਰੇ ਦੇ ਮਹੰਤ ਜੈਤ ਰਾਮ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਂਦੇੜ ਵਿਖੇ ਨਾ ਜਾਣ ਬਾਰੇ ਕਿਹਾ ਸੀ। ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਉਧਰ ਸਾਡੇ ਜ਼ਰੂਰੀ ਕੰਮ ਹਨ। ਮਾਧੋ ਦਾਸ ਨੂੰ ਅਸੀਂ ਜ਼ਰੂਰ ਮਿਲਣਾ ਹੈ। ਇਸ ਲਈ ਗੁਰੂ ਸਾਹਿਬ ਨੇ ਦੱਖਣ ਵੱਲ ਜਾਣਾ ਜ਼ਰੂਰੀ ਸਮਝਿਆ ਸੀ। ਤੀਜਾ ਕਾਰਨ ਗੁਰੂ ਸਾਹਿਬ ਜੀ ਬਾਦਸ਼ਾਹ ਬਹਾਦਰ ਸ਼ਾਹ ਨਾਲ ਹੋਈ ਗੱਲਬਾਤ ਸੰਬੰਧੀ ਉਸ ਨੂੰ ਪਰਖਣ ਲਈ ਉਸ ਨਾਲ ਦੱਖਣ ਵੱਲ ਤੁਰ ਪਏ। ਗੁਰੂ ਸਾਹਿਬ ਦੀ ਸੋਚ ਇਹ ਸੀ ਕਿ ਅਗਰ ਬਾਦਸ਼ਾਹ ਆਪਣੇ ਕੀਤੇ ਇਕਰਾਰ ਨੂੰ ਪੂਰਾ ਨਹੀਂ ਕਰਦਾ ਤਾਂ ਪੰਥ ਦੇ ਅਗਲੇ ਧਾਰਮਿਕ-ਰਾਜਨੀਤਿਕ ਕਾਰਜ ਫਿਰ ਤੋਂ ਸ਼ੁਰੂ ਕੀਤੇ ਜਾਣਗੇ। ਗੁਰੂ ਸਾਹਿਬ ਨੇ ਉਪਰੋਕਤ ਸਥਿਤੀਆਂ ਨੂੰ ਵਾਚਣ ਉਪਰੰਤ ਬਹਾਦਰ ਸ਼ਾਹ ਨਾਲ ਦੱਖਣ ਵੱਲ ਜਾਣ ਦਾ ਫ਼ੈਸਲਾ ਲਿਆ।

12 ਨਵੰਬਰ, 1707 ਈ. ਨੂੰ ਬਹਾਦਰ ਸ਼ਾਹ ਨੇ ਆਗਰੇ ਤੋਂ ਰਾਜਪੂਤਾਨੇ ਵੱਲ ਅਤੇ ਫਿਰ ਦੱਖਣ ਵੱਲ ਕੂਚ ਕੀਤਾ।[36] ਗੁਰੂ ਸਾਹਿਬ ਦੀਆਂ ਫ਼ੌਜਾਂ ਨੇ ਆਗਰੇ ਤੋਂ ਕਾਫ਼ੀ ਸਮਾਂ ਬਾਅਦ ਕੂਚ ਕੀਤਾ ਅਤੇ ਕੂਚ ਕਰਨ ਤੋਂ ਬਾਅਦ ਦੋਵੇਂ ਲਸ਼ਕਰ ਰਾਜਸਥਾਨ ਦੇ ਕਈ ਨਗਰਾਂ ਵਿਚੋਂ ਦੀ ਅੱਗੇ-ਪਿੱਛੇ ਹੁੰਦੇ ਹੋਏ ਚਿਤੌੜਗੜ੍ਹ ਪਹੁੰਚ ਗਏ। ਚਿਤੌੜਗੜ੍ਹ ਤੋਂ ਰਵਾਨਾ ਹੋ ਕੇ ਦੋਵੇਂ ਵਹੀਰ 1708 ਦੀ ਜੁਲਾਈ ਦੇ ਦੂਸਰੇ ਹਫ਼ਤੇ ਬੁਰਹਾਨਪੁਰ ਪਹੁੰਚੇ।[37] ਹਾਲਾਂਕਿ ਕਿ ਗੁਰੂ ਜੀ ਸ਼ਾਹੀ ਕੈਂਪ ਨਾਲੋਂ ਆਪਣਾ ਵੱਖਰਾ ਮਾਰਗ ਅਖ਼ਤਿਆਰ ਕਰ ਲੈਂਦੇ ਸਨ ਅਤੇ ਵੱਖ ਵੱਖ ਨਗਰਾਂ ਵਿਚ ਸਿੱਖੀ ਦਾ ਪ੍ਰਚਾਰ ਕਰਨ ਜਾਂਦੇ ਸ ਨ। Tarikh E Bahadur Shahi tells us "Guru Gobind, one of the grandsons (Descendants) of Nanak, had come into these districts to travel and accompanied the royal camp. He was in the habit of constantly addressing assemblies of worldly persons, religious fanatics and all sorts of

[36] ਬੈਨਰਜੀ, ਇੰਦੂਭੂਸ਼ਨ, *ਖਾਲਸੇ ਦੀ ਉਤਪਤੀ* (ਜਿਲਦ ਦੂਜੀ ), ਪ੍ਰੀਤਪਾਲ ਸਿੰਘ ਅਤੇ ਐਸ . ਐਸ. ਸੋਢੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 146.

[37] ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708* (ਜਿਲਦ ਪੰਜਵੀਂ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 247.

people."[38] According to Balwant Singh Bandi "In this long journey Gurujee remained near the royal camp but sometimes he left the camp and spent his time in his own way preaching his mission to the mankind.[39] ਬੁਰਹਾਨਪੁਰ ਵਿਖੇ ਕੁਝ ਦਿਨ ਰੁਕਣ ਤੋਂ ਬਾਅਦ ਬਾਦਸ਼ਾਹ ਦਾ ਲਸ਼ਕਰ ਤਾਂ ਪਹਿਲਾਂ ਰਵਾਨਾ ਹੋ ਗਿਆ ਸੀ ਪਰ ਗੁਰੂ ਜੀ ਦਾ ਲਸ਼ਕਰ ਕਈ ਦਿਨ ਹੋਰ ਰੁਕਣ ਮਗਰੋਂ ਰਵਾਨਾ ਹੋਇਆ ਸੀ। ਇਹ ਗੱਲ ਗੁਰੂ ਸਾਹਿਬ ਦੀ ਸੁੰਤਤਰ ਹੈਸੀਅਤ ਨੂੰ ਪੇਸ਼ ਕਰਦੀ ਹੈ। ਇਸ ਤੋਂ ਅੱਗੇ ਦੋਵੇਂ ਲਸ਼ਕਰ ਅੱਗੇ-ਪਿੱਛੇ ਚਲਦੇ ਹੋਏ ਬਾਨ ਗੰਗਾ ਨਦੀ ਪਾਰ ਕਰਦੇ ਹਨ। ਬਾਨ ਗੰਗਾ ਨਦੀ ਮਹਾਰਸ਼ਟਰ ਦੇ ਹਿੰਗੋਲੀ ਅਤੇ ਵਾ ਸ਼ਿਮ ਸ਼ਹਿਰਾਂ ਦੇ ਵਿਚਕਾਰ ਦੀ ਗੁ ਜ਼ਰਦੀ ਹੈ। ਬਾਨ ਗੰਗਾ ਤੋਂ ਅੱਗੇ ਦੋਵੇਂ ਲਸ਼ਕਰ ਨਾਂਦੇੜ ਪਹੁੰਚ ਗਏ। ਗੁਰੂ ਜੀ ਨੇ ਆਪਣਾ ਡੇਰਾ ਗੋਦਾਵਰੀ ਨਦੀ ਉੱਪਰ ਲਾਇਆ। ਬਾਦਸ਼ਾਹ ਦਾ ਸ਼ਾਹੀ ਕੈਂਪ ਵੀ ਨਾਂਦੇੜ ਵਿਖੇ ਹੀ ਸੀ ਪਰ ਉਹ ਗੁਰੂ ਜੀ ਦੇ ਡੇਰੇ ਤੋਂ ਫ਼ਰਕ ਨਾਲ ਸੀ।[40] ਗੁਰੂ ਸਾਹਿਬ ਦਾ ਨਾਂਦੇੜ ਵਿਖੇ ਗੋਦਾਵਰੀ ਦੇ ਤੱਟ 'ਤੇ ਡੇਰਾ ਲਾਉਣ ਦਾ ਇੱਕ ਕਾਰਨ ਇਹ ਵੀ ਸੀ ਕਿ ਇਹ ਸਥਾਨ ਸ਼ਾਂਤ ਅਤੇ ਰਮਣੀਕ ਸੀ। ਸਿੱਖ ਇਤਿਹਾਸ ਅਨੁਸਾਰ ਨਾਂਦੇੜ ਵਿਖੇ ਪਹੁੰਚਣ ਸਮੇਂ ਗੁਰੂ ਸਾਹਿਬ ਨਾਲ ਲਗਭਗ 300 ਘੋੜਸਵਾਰ ਅਤੇ ਪੈਦਲ ਸਿੱਖ ਸਿਪਾਹੀ ਸਨ।

**ਗੁਰੂ ਸਾਹਿਬ ਦਾ ਨਾਂਦੇੜ ਵਿਖੇ ਆਗਮਨ**

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਲਗਭਗ 200 ਸਾਲ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਚਰਨ ਪਾ ਕੇ ਨਾਂਦੇੜ ਨੂੰ ਨਿਵਾਜਿਆ ਸੀ। ਉੱਤਰ ਪ੍ਰਦੇਸ਼ , ਰਾਜਸਥਾਨ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿਚੋਂ ਤਕਰੀਬਨ ਦੋ ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਉਹ ਨਾਂਦੇੜ ਪਹੁੰਚੇ।[41] ਬੁਰਹਾਨਪੁਰ ਤੋਂ ਅੱਗੇ ਗੁਰੂ ਜੀ ਨੇ ਆਪਣਾ ਰਸਤਾ ਬਹਾਦਰ ਸ਼ਾਹ ਨਾਲੋਂ ਅਲੱਗ ਕਰ ਲਿਆ ਸੀ। ਇਸ ਤਰੀਕੇ ਨਾਲ ਉਹ ਬਹਾਦਰ ਸ਼ਾਹ ਦੇ ਉਸ ਜਾਸੂਸੀ-ਜਾਲ ਵਿੱਚੋਂ ਵੀ ਬਾਹਰ ਆ ਜਾਂਦੇ ਹਨ, ਜਿਹੜਾ ਕਿ

---

38 Elliot, H. M. (Sir), *The History of India,* Vol. VII, John Dowson (Edited), Low Price Publications, Dehli, 1996 (Reprint), page 566.

39 Bandi, Balwant Singh, *Guru Gobind Singh ji at Nanded,* page 15.

40 ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਨੇ 166-67.

41 ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2010 (ਪਹਿਲੀ ਵਾਰ), ਪੰਨਾ 633.

ਬਾਦਸ਼ਾਹ ਨੇ ਜਾਅਲੀ ਸ਼ਰਧਾਲੂਆਂ ਦੀ ਸ਼ਕਲ ਵਿਚ ਉਨ੍ਹਾਂ ਦੇ ਦੁਆਲੇ ਵਲਿਆ ਸੀ। ਉਹ ਬੁਰਹਾਨਪੁਰ ਤੋਂ ਨਾਂਦੇੜ ਜਾਂਦਿਆਂ ਅਮਰਾਵਤੀ, ਪਾਤੁਰ, ਹਿੰਗੋਲੀ, ਵਾਸ਼ਿਮ, ਬਾਲਾਪੁਰ, ਬਸਮਤ ਆਦਿ ਥਾਵਾਂ 'ਤੇ ਰੁਕਦੇ ਹਨ।[42] ਕੁਝ ਦਿਨਾਂ ਦੇ ਠਹਿਰਾਅ ਬਾਅਦ ਬਹਾਦਰ ਸ਼ਾਹ ਤਾਂ ਹੈਦਰਾਬਾਦ ਨੂੰ ਰਵਾਨਾ ਹੋ ਗਿਆ ਪਰ ਗੁਰੂ ਸਾਹਿਬ ਨਾਂਦੇੜ ਵਿਚ ਰੁਕੇ ਰਹੇ ਸਨ। ਗੁਰੂ ਸਾਹਿਬ ਜੇ ਬੁਰਹਾਨਪੁਰ ਤੋਂ ਚੱਲ ਕੇ ਇਤਨੀ ਦੂਰ ਨਾਂਦੇੜ ਪਹੁੰਚੇ ਸਨ ਤਾਂ ਸਿਰ ਫ਼ ਇਸ ਕਰਕੇ ਪਹੁੰਚੇ ਸਨ ਕਿਉਂਕਿ ਨਾਂਦੇੜ ਉਸ ਸਮੇਂ ਦੱਖਣੀ ਖੇਤਰ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਸੀ।[43] ਤਲਵੰਡੀ ਸਾਬੋ ਤੋਂ ਕੂਚ ਕਰਨ ਉਪਰੰਤ ਦੋ ਸਾਲ ਬਾਅਦ ਗੁਰੂ ਜੀ ਨਾਂਦੇੜ ਵਿਚ ਦਾਖਲ ਹੋਏ ਸਨ। ਇੱਥੇ ਪਹੁੰਚਣ ਲਈ ਉਨ੍ਹਾਂ ਨੇ ਇੱਕ ਨਹੀਂ ਬਲਕਿ ਦੋ ਵਾਰ ਲੰਮਾ ਤੇ ਤਕਲੀਫ਼ਦੇਹ ਸਫ਼ਰ ਕੀਤਾ। ਦੱਖਣ ਲਈ ਕੂਚ ਕਰਨ ਉਪਰੰਤ ਉਹ ਕਦੇ ਪੰਜਾਬ ਨਾ ਪਰਤੇ ਅਤੇ ਨਾਂਦੇੜ ਵਿਖੇ ਹਮੇਸ਼ਾ ਲਈ ਮਾਤ-ਲੋਕ ਦਾ ਤਿਆਗ ਕਰ ਗਏ।[44]

ਡਾ. ਫੌਜਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ 1708 ਈ. ਵਿਚ ਅਗਸਤ ਮਹੀਨੇ ਦੇ ਅਖ਼ੀਰ ਜਾਂ ਸਤੰਬਰ ਦੇ ਸ਼ੁਰੂ ਵਿਚ ਨਾਂਦੇੜ ਵਿਖੇ ਪਹੁੰਚੇ ਸਨ।[45] ਡਾ. ਗੰਡਾ ਸਿੰਘ ਦੇ ਅਨੁਮਾਨ ਮੁਤਾਬਕ ਇੱਥੇ ਗੁਰੂ ਸਾਹਿਬ ਅਗਸਤ ਸੰਨ 1708 ਈ. ਦੇ ਆਖ਼ਰੀ ਦਿਨੀਂ ਜਾਂ ਸਤੰਬਰ ਦੀ ਪਹਿਲੀ ਦੂਸਰੀ ਤਾਰੀਖ਼ ਨੂੰ ਪੁੱਜੇ ਜਾਪਦੇ ਹਨ।[46] ਡਾ. ਸੁਖਦਿਆਲ ਸਿੰਘ ਅਨੁਸਾਰ ਗੁਰੂ ਜੀ ਅਗਸਤ ਦੇ ਅਖ਼ੀਰਲੇ ਹਫ਼ਤੇ 1708 ਈ. ਨੂੰ ਨਾਂਦੇੜ ਪਹੁੰਚੇ ਸਨ।[47] ਜ਼ਿਆਦਾਤਰ ਇਤਿਹਾਸਕਾਰਾਂ ਨੇ ਗੁਰੂ ਜੀ ਦੇ ਨਾਂਦੇੜ ਪਹੁੰਚਣ ਦਾ ਸਹੀ ਸਮਾਂ ਇਹੀ ਦੱਸਿਆ ਹੈ। ਮੁੱਢਲੇ ਇਤਿਹਾਸਕ ਸ੍ਰੋਤਾਂ ਅਤੇ ਸਿੱਖ ਇਤਿਹਾਸ ਦੀਆਂ ਪੁਸਤਕਾਂ ਵਿਚ ਵੀ ਅਗਸਤ-ਸਤੰਬਰ 1708 ਈ. ਨੂੰ ਨਾਂਦੇੜ ਪਹੁੰਚਣ ਦਾ ਜ਼ਿਕਰ ਹੈ। ਗਿਆਨੀ ਠਾਕੁਰ ਸਿੰਘ *'ਸ੍ਰੀ ਗੁਰਦੁਆਰੇ ਦਰਸ਼ਨ'* ਵਿਚ ਲਿਖਦੇ ਹਨ ਨਾਂਦੇੜ ਵਿਖੇ ਗੁਰੂ ਸਾਹਿਬ ਸੰਮਤ 1765 ਬਿ੍. ਮਹੀਨੇ ਵੈਸਾਖ ਦਿਨ 11 ਐਤਵਾਰ (ਅਪ੍ਰੈਲ

---

42 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 62.

43 ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708* (ਜਿਲਦ ਪੰਜਵੀਂ), ਪੰਨਾ 249.

44 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 84.

45 ਫੌਜਾ ਸਿੰਘ (ਸੰਪਾ.), *ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019 (ਤੀਜੀ ਵਾਰ), ਪੰਨਾ 24.

46 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 165.

47 ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਦੂਜੀ ਵਾਰ), ਪੰਨਾ 188.

1708 ਈ.) ਨੂੰ ਆਏ।[48] *'ਤਵਾਰੀਖ ਗੁਰੂ ਖਾਲਸਾ'* ਵਿਚ ਗਿਆਨੀ ਗਿਆਨ ਸਿੰਘ ਗੁਰੂ ਜੀ ਦੇ ਨਾਂਦੇੜ ਪਹੁੰਚਣ ਦਾ ਜ਼ਿਕਰ ਹਾੜ ਸੰਮਤ 1764 ਬਿ. ਦੇ ਮੁਤਾਬਿਕ ਜੂਨ 1707 ਈ. ਵਿਚ ਕਰਦੇ ਹਨ।[49] ਮੈਕਸ ਆਰਥਰ ਮੈਕਾਲਿਫ਼ ਅਨੁਸਾਰ ਗੁਰੂ ਸਾਹਿਬ 1707 ਈ. ਨੂੰ ਸਾਵਣ (ਜੁਲਾਈ-ਅਗਸਤ) ਦੇ ਮਹੀਨੇ ਨਾਂਦੇੜ ਪਹੁੰਚੇ।[50] ਪਰ ਇਹ ਸਮਾਂ ਠੀਕ ਨਹੀਂ ਹੈ ਕਿਉਂਕਿ 2 ਅਕਤੂਬਰ, 1707 ਈ. ਵਿਚ ਧਉਲ ਦੀ ਸੰਗਤ ਨੂੰ ਲਿਖੇ ਹੁਕਮਨਾਮੇ ਅਨੁਸਾਰ ਉਸ ਸਮੇਂ ਗੁਰੂ ਸਾਹਿਬ ਜੀ ਆਗਰੇ ਵਿਚ ਜਾਂ ਇਸ ਦੇ ਆ ਸ-ਪਾਸ ਸਨ। ਸੋ ਸੰਨ 1707 ਈ. ਵਿਚ ਗੁਰੂ ਦੇ ਨਾਂਦੇੜ ਪਹੁੰਚਣ ਦਾ ਸਮਾਂ ਤਾਂ ਬਿਲਕੁਲ ਵੀ ਠੀਕ ਨਹੀਂ ਹੈ। ਵਿਲੀਅਮ ਇਰਵਿਨ ਅਨੁਸਾਰ ਸ਼ਾਹੀ ਫੌਜਾਂ ਨੇ 24 ਅਗਸਤ, 1708 ਈ. ਨੂੰ ਬਾਨਗੰਗਾ ਨਦੀ ਪਾਰ ਕੀਤੀ ਸੀ।[51] ਨਿਰੰਜਨ ਸਿੰਘ ਸਾਥੀ ਅਨੁਸਾਰ 24 ਅਗਸਤ ਵਿੱਚ ਇਕ ਹ ਫ਼ਤਾ ਪਾਈਏ ਤਾਂ ਅਗਸਤ ਦਾ ਅਖ਼ੀਰ ਜਾਂ ਸਤੰਬਰ ਦਾ ਸ਼ੁਰੂ ਬਣ ਜਾਂਦਾ ਹੈ।[52]

ਜ਼ਿਆਦਾਤਰ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਜੀ ਅਗਸਤ ਮਹੀਨੇ ਦੇ ਅਖ਼ੀਰ ਜਾਂ ਸਤੰਬਰ ਦੇ ਸ਼ੁਰੂ ਵਿਚ ਨਾਂਦੇੜ ਪਹੁੰਚੇ ਸਨ। ਨਾਂਦੇੜ ਵਿਖੇ ਗੁਰੂ ਸਾਹਿਬ ਜੀ ਕਿੰਨਾ ਸਮਾਂ ਰਹੇ ਇਸ ਸਬੰਧੀ ਵੀ ਇਤਿਹਾਸਕਾਰਾਂ ਵਿਚ ਵੱਖ ਵੱਖ ਮੱਤ ਹਨ। ਇੱਕ ਮੱਤ ਅਨੁਸਾਰ ਗੁਰੂ ਜੀ ਨੇ ਨਾਂਦੇੜ ਵਿਖੇ ਤਕਰੀਬਨ ਡੇਢ ਕੁ ਮਹੀਨਾ ਨਿਵਾਸ ਕੀਤਾ ਸੀ। ਦੂਜੇ ਮੱਤ ਅਨੁਸਾਰ ਨਾਂਦੇੜ ਵਿਖੇ ਗੁਰੂ ਜੀ ਨੇ ਚੌਦਾਂ ਜਾਂ ਸੌਲ੍ਹਾਂ ਮਹੀਨੇ ਨਿਵਾਸ ਕੀਤਾ ਸੀ। ਗਿਆਨੀ ਮੋਹਨ ਸਿੰਘ ਅਨੁਸਾਰ ਗੁਰੂ ਸਾਹਿਬ ਜੀ ਨਾਂਦੇੜ ਵਿਖੇ ਸੋਲ੍ਹਾਂ ਮਹੀਨਾ ਰਹੇ।[53] ਕੇ. ਐਸ. ਤਲਵਾਰ ਅਨੁਸਾਰ ਗੁਰੂ ਸਾਹਿਬ ਇੱਥੇ 14 ਮਹੀਨੇ ਅਤੇ ਦਸ ਦਿਨ ਰਹੇ।[54] ਪਰ ਜ਼ਿਆਦਾਤਰ ਵਿਦਵਾਨ ਪਹਿਲੇ ਮੱਤ ਨਾਲ ਸਹਿਮਤ ਹਨ। ਡਾ. ਸੁਖਦਿਆਲ ਸਿੰਘ ਲਿਖਦੇ

---

48 ਠਾਕਰ ਸਿੰਘ, ਗਿਆਨੀ, *ਸ੍ਰੀ ਗੁਰਦੁਆਰੇ ਦਰਸ਼ਨ,* ਭਾ. ਚਤਰ ਸਿੰਘ ਜੀਵਨ ਸਿੰਘ , ਅੰਮ੍ਰਿਤਸਰ, ਜਨਵਰੀ 2005 (ਨਵੀਂ ਸੋਧੀ ਹੋਈ ਐਡੀਸ਼ਨ), ਪੰਨੇ 265.

49 ਗਿਆਨ ਸਿੰਘ, ਗਿਆਨੀ, *ਤਵਾਰੀਖ਼ ਗੁਰੂ ਖਾਲਸਾ* (ਭਾਗ ਪਹਿਲਾ), ਪੰਨਾ 1126.

50 Macauliffe, Max Arthur, *The Sikh Religoin (Its Gurus, Sacred Writings and Authors),* Vol. V, Clarendon Press, Oxford (UK), 1909, page 236.

51 Irvine, William, *Later Mughals,* Vol. I (1707-1720), Jadunath Sarkar (Edited), M. C. Sarkar & Sons, Calcutta, undated, Page 59.

52 ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ,* ਪੰਨੇ 634-35.

53 ਮੋਹਨ ਸਿੰਘ, ਗਿਆਨੀ, *ਤਵਾਰੀਖ ਸੱਚਖੰਡ*, ਸ੍ਰ. ਮਹਿੰਦਰ ਪ੍ਰੀਤ ਸਿੰਘ, ਨਾਂਦੇੜ, 1975 (ਅੱਠਵੀਂ ਐਡੀਸ਼ਨ), ਪੰਨਾ 95.

54 Kalra, Mohan singh (Chief Editor), *The Sikh Review,* Vol. XVI-XVII, No. 163-164, The Sikh Cultural Centre, 1, Lindsay Street, Calcutta, Feb-March 1967, Page 40.

ਹਨ "ਗੁਰੂ ਜੀ ਨਾਂਦੇੜ ਵਿਖੇ ਤਕਰੀਬਨ ਇੱਕ ਮਹੀਨਾ ਸੱਤ -ਅੱਠ ਦਿਨ ਹੀ ਰਹੇ ਸਨ। "[55] ਪ੍ਰੋ. ਅਨੁਰਾਗ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਦੀ ਧਰਤੀ 'ਤੇ ਕੁਲ 42 ਦਿਨ ਰਹੇ ਅਤੇ ਆਪਣੇ ਜੋਤੀ - ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਕਾਰਜ ਸੰਪੂਰਨ ਵੀ ਕੀਤੇ।[56] ਭਾਵੇਂ ਇਹ ਸਮਾਂ ਤਾਂ ਬਹੁਤ ਥੋੜ੍ਹਾ ਸੀ ਪਰ ਸੀ ਬਹੁਤ ਮਹੱਤਵਪੂਰਨ ਕਿਉਂਕਿ ਇਸ ਸਮੇਂ ਦੌਰਾਨ ਗੁਰੂ ਜੀ ਜੋਤੀ -ਜੋਤਿ ਸਮਾਅ ਗਏ ਸਨ। ਜੋਤੀ -ਜੋਤਿ ਸਮਾਉਣ ਤੋਂ ਪਹਿਲਾਂ ਉਨ੍ਹਾਂ ਵਲੋਂ ਬਾਕਾਇਦਾ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪੀ ਗਈ ਸੀ ਅਤੇ ਬੰਦਾ ਸਿੰਘ ਬਹਾਦਰ ਨੂੰ ਖਾਲਸੇ ਦਾ ਰਾਜਨੀਤਿਕ ਨੇਤਾ ਥਾਪਿਆ ਗਿਆ ਸੀ। ਇਹ ਦੋਵੇਂ ਪੱਖ ਹੀ ਸਿੱਖ ਇਤਿਹਾਸ ਦੇ ਮਹੱਤਵਪੂਰਨ ਕਾਂਡ ਹਨ ਕਿਉਂਕਿ ਆਉਣ ਵਾਲਾ ਸਾਰਾ ਸਿੱਖ ਇਤਿਹਾਸ ਇਨ੍ਹਾਂ ਹੀ ਦੋਵੇਂ ਗੱਲਾਂ ਦੇ ਦੁਆਲੇ ਕੇਂਦਰਿਤ ਰਿਹਾ ਹੈ।[57]

ਨਾਂਦੇੜ ਵਿਖੇ ਗੁਰੂ ਸਾਹਿਬ ਨੇ ਆਪਣਾ ਡੇਰਾ (ਪੜਾਅ) ਨਗਰ ਦੇ ਬਾਹਰਵਾਰ ਬ੍ਰਾਹਮਣਵਾੜਾ ਵਿਖੇ ਗੋਦਾਵਰੀ ਨਦੀ ਦੇ ਕੰਢੇ ਉੱਪਰ ਮੌਜੂਦਾ ਗੁਰਦੁਆਰਾ ਹੀਰਾ ਘਾਟ ਵਾਲੇ ਅਸਥਾਨ ਉੱਪਰ ਲਾਇਆ। ਗੁਰਦੁਆਰਾ ਹੀਰਾ ਘਾਟ ਨਾਂਦੇੜ ਸ਼ਹਿਰ ਦੇ ਉੱਤਰ ਪੂਰਬ ਵੱਲ ਨੌ ਕਿਲੋਮੀਟਰ ਦੇ ਫ਼ਾਸਲੇ 'ਤੇ ਹੈ।[58] ਜਿਸ ਸਮੇਂ ਗੁਰੂ ਜੀ ਇੱਥੇ ਪਧਾਰੇ ਸਨ , ਉਸ ਸਮੇਂ ਨਾਂਦੇੜ ਦਾ ਇਲਾਕਾ ਮੁਗ਼ਲ ਸਲਤਨਤ ਦੇ ਅਧੀਨ ਸੀ ਅਤੇ ਇਹ ਇੱਕ ਬਹੁਤ ਖੁਸ਼ਹਾਲ ਇਲਾਕਾ ਸੀ। ਨਾਂਦੇੜ ਵਿਖੇ ਇੱਕ ਸਮੇਂ "ਪਹਾੜੀ ਤੇ ਬਿਰਾਜਮਾਨ ਹੋ ਕੇ ਸਾਹਿਬਾਂ ਨੇ ਫੁਰਮਾਇਆ ਸੀ, "ਖ਼ਾਲਸਾ ਜੀ! ਇੱਥੇ ਤਾਂ ਅਨੰਦਪੁਰ ਵਾਲੀ ਮਿੱਠੀ ਮਿੱਠੀ ਪੌਣ ਆਉਂਦੀ ਹੈ। "[59] ਪਾਸ ਬੈਠੇ ਸਿੰਘਾਂ ਨੇ ਕਿਹਾ ਜੀ ਮਹਾਰਾਜ ਬਿਲਕੁਲ ਇਹ ਤਾਂ ਅਨੰਦਪੁਰ ਵਾਲੀ ਠੰਡੀ-ਠੰਢੀ ਹਵਾ ਵਗ ਰਹੀ ਹੈ। 1705 ਈ. ਵਿਚ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਗੁਰੂ ਜੀ ਨੇ ਆਪਣਾ ਸਾਰਾ ਜੀਵਨ ਤੰਬੂਆਂ ਵਿਚ ਬਤੀਤ ਕੀਤਾ ਸੀ।

---

55 ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਨਾ 168.

56 ਸਰੋਆ, ਪਰਮਜੀਤ ਸਿੰਘ (ਸੰਪਾ.), *ਸੇਵਾ-ਸਿਮਰਨ ਦੀ ਮੂਰਤਿ ਸੰਤ ਬਾਬਾ ਨਿਧਾਨ ਸਿੰਘ (ਜੀਵਨ ਅਤੇ ਸਿਧਾਂਤਕ ਪੱਖ),* ਸੰਤ ਬਾਬਾ ਨਿਧਾਨ ਸਿੰਘ ਜੀ ਕਲਚਰਲ ਸੁਸਾਇਟੀ, ਨਿਊਯਾਰਕ, 2008 (ਪਹਿਲੀ ਵਾਰ), ਪੰਨਾ 59.

57 ਸਰਬਜਿੰਦਰ ਸਿੰਘ (ਸੰਪਾ.), *ਸ੍ਰੀ ਗੁਰੂ ਗੋਬਿੰਦ ਸਿੰਘ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨੇ 85-86.

58 ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ,* ਪੰਨਾ 636.

59 ਹਰਨਾਮ ਸਿੰਘ (ਸੰਤ) ਅਤੇ ਬਲਵੰਤ ਸਿੰਘ 'ਬੰਦੀ', *ਹਜ਼ੂਰੀ ਦੀਦਾਰੇ ਅਤੇ ਰੱਬੀ ਜੋਤ ,* ਗੁਰਦੁਆਰਾ ਲੰਗਰ ਸਾਹਿਬ , ਨਾਂਦੇੜ, ਮਿਤੀਹੀਣ, ਪੰਨਾ 40.

ਗੁਰੂ ਸਾਹਿਬ ਨੇ ਹੀਰਾ ਘਾਟ ਦੇ ਸਥਾਨ 'ਤੇ ਰੁਕ ਕੇ ਬਾਅਦ ਵਿਚ ਰਿਹਾਇਸ਼ ਨਾਂਦੇੜ ਸ਼ਹਿਰ ਵਿਚ ਕਰ ਲਈ ਸੀ ਪਰ ਮਾਤਾ ਸਾਹਿਬ ਕੌਰ ਦੀ ਰਿਹਾਇਸ਼ ਗੋਦਾਵਰੀ ਨਦੀ ਕੰਡੇ ਬ੍ਰਾਹਮਣਵਾੜਾ ਵਿਚ ਹੀ ਰਹੀ ਜਿੱਥੇ ਹੁਣ ਗੁਰਦੁਆਰਾ ਮਾਤਾ ਸਾਹਿਬ ਦੇਵਾਂ ਸਾਹਿਬ ਸੁਸ਼ੋਭਿਤ ਹੈ। ਬਹਾਦਰ ਸ਼ਾਹ ਨੇ ਵੀ ਨਾਂਦੇੜ ਵਿਖੇ ਆਪਣਾ ਕੈਂਪ ਗੁਰੂ ਜੀ ਦੇ ਡੇਰੇ ਤੋਂ ਕੁਝ ਹੀ ਦੂਰੀ 'ਤੇ ਲਾਇਆ ਹੋਇਆ ਸੀ। ਇੱਥੇ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਦੀਵਾਨ ਵਿਚ ਆ ਕੇ ਇੱਕ ਬਹੁਮੁੱਲਾ ਹੀਰਾ ਭੇਟ ਕੀਤਾ ਸੀ। ਇੱਥੇ ਹੀ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਅਗਲੀ ਮੁਹਿੰਮ ਉੱਤੇ ਜਾਣ ਲਈ ਬੇਨਤੀ ਕੀਤੀ ਪਰ ਗੁਰੂ ਜੀ ਨੇ ਆਖਿਆ ਕਿ ਹੁਣ ਇਥੋਂ ਅੱਗੇ ਜਾਣ ਦਾ ਸਾਡਾ ਵਿਚਾਰ ਨਹੀਂ ਹੈ।

ਪਹਿਲਾਂ ਗੁਰੂ ਸਾਹਿਬ ਨੇ ਰਿਹਾਇਸ਼ ਹੀਰਾ ਘਾਟ ਦੇ ਅਸਥਾਨ 'ਤੇ ਰੱਖੀ। ਇਥੋਂ ਆਪ ਜੀ ਸਿੰਘਾਂ ਨਾਲ ਨੇੜੇ ਇੱਕ ਪਹਾੜੀ ਉੱਪਰ ਅਕਸਰ ਹੀ ਦੁਪਹਿਰ ਸਮੇਂ ਆਰਾਮ ਕਰਨ ਚਲੇ ਜਾਇਆ ਕਰਦੇ ਸਨ। ਜਿੱਥੇ ਹੁਣ ਗੁਰਦੁਆਰਾ ਸ਼ਿਕਾਰ ਘਾਟ ਸਾਹਿਬ ਬਣਿਆ ਹੋਇਆ ਹੈ। ਬਾਅਦ ਵਿਚ ਆਪ ਜੀ ਨਾਂਦੇੜ ਨਗਰ ਦੇ ਵਿਚ ਆ ਗਏ। ਇੱਥੇ ਸਭ ਤੋਂ ਪਹਿਲਾਂ ਮੌਜੂਦਾ ਸਮੇਂ ਸਥਿਤ ਗੁਰਦੁਆਰਾ ਸੰਗਤ ਸਾਹਿਬ ਦੇ ਸਥਾਨ 'ਤੇ ਪੜਾਅ ਕੀਤਾ ਪਰੰਤੂ ਬਾਅਦ ਵਿਚ ਬੰਦਾ ਘਾਟ ਅਤੇ ਨਗੀਨਾ ਘਾਟ ਵਾਲੇ ਸਥਾਨਾਂ ਉੱਪਰ ਰਹੇ ਸਨ। ਸੁਰਜੀਤ ਸਿੰਘ ਗਾਂਧੀ ਅਨੁਸਾਰ ਉਸ ਸਮੇਂ ਨਾਂਦੇੜ ਵਿੱਚ ਅੱਠ ਸੰਪਰਦਾਵਾਂ ਦੇ ਆਸ਼ਰਮ ਸਨ ਜਿਨ੍ਹਾਂ ਵਿੱਚ ਵੈਸ਼ਨਵ, ਸ਼ਿਵ-ਭਗਤ, ਲਿੰਗਾਇਤ ਅਤੇ ਵੈਰਾਗੀ ਆਦਿ ਸ਼ਾਮਿਲ ਸਨ। ਗੁਰੂ ਜੀ ਇਨ੍ਹਾਂ ਧਾਰਮਿਕ ਪੁਰਸ਼ਾਂ ਨੂੰ ਆਪਣੇ ਧਰਮ-ਸਿਧਾਂਤ ਦਾ ਅਨੁਆਈ ਬਣਾਉਣਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਨੇ ਇਲਾਕੇ ਵਿੱਚ ਆਪਣਾ ਧਰਮ ਪ੍ਰਚਾਰ ਕਰਨਾ ਸ਼ੁਰੂ ਕੀਤਾ।[60] ਨਾਂਦੇੜ ਵਿਖੇ ਰਹਿ ਕੇ ਗੁਰੂ ਜੀ ਨੇ ਮਹਾਨ ਪੰਥਕ ਕਾਰਜ ਪੂਰੇ ਕੀਤੇ।

**ਨਾਂਦੇੜ ਵਿਖੇ ਸੰਗਤਾਂ ਦੀ ਆਵਾਜਾਈ**

ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਹੀਰਾ ਘਾਟ ਦੇ ਸਥਾਨ 'ਤੇ ਠਹਿਰੇ ਹੋਏ ਸਨ। ਉਸ ਸਮੇਂ ਗੁਰੂ ਜੀ ਦੇ ਆਗਮਨ ਦੀ ਖ਼ਬਰ ਸੁਣ ਕੇ ਦੱਖਣ ਦੇ ਇਲਾਕੇ ਵਿਚੋਂ ਦੂਰ-ਦੁਰਾਡੇ ਅਤੇ ਨੇੜੇ ਦੀਆਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਨਾਂਦੇੜ ਵਿਖੇ ਪਹੁੰਚਣ ਲੱਗੀਆਂ। ਇੱਥੇ ਮਹਾਰਾਜ ਨਿਤ ਹੀ ਸੰਧਯਾ ਸਮੇਂ ਗੋਦਾਵਰੀ ਦੇ ਕਿਨਾਰੇ ਦੀਵਾਨ ਸੁਭਾਇਮਾਨ ਕਰਦੇ ਅਤੇ ਅਕਾਲ ਪੁਰਖ ਵਾਹਿਗੁਰੂ ਜੀ ਦੀ ਅਸਚਰਜਤਾ ਦਾ ਵਰਣਨ

---

[60] ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ*, ਪੰਨਾ 666.

ਹੁੰਦਾ। ਸ਼ਬਦ ਕੀਰਤਨ ਕਰ , ਸੋਦਰ ਦਾ ਪਾਠ ਇੱਥੇ ਹੀ ਕਰਦੇ। [61] ਗਿਆਨੀ ਈਸ਼ਰ ਸਿੰਘ ਨਾਰਾ ਲਿਖਦੇ ਹਨ ਕਿ ਇੱਥੇ ਇਕ ਬਾਲੂ ਹਸਨਾ ਸਾਹਿਬ ਜੋ ਡੇਹਰਦੂਨ ਸ੍ਰੀ ਰਾਮਰਾਇ ਦਰਬਾਰ ਦੇ ਮਹੰਤ ਸਨ। ਉਹਨਾਂ ਦੀ ਸੰਤ ਮੰਡਲੀ ਅਤੇ ਹੈਦਰਾਬਾਦ ਦੇ ਉਦਾਸੀ ਸੰਤਾਂ ਦੀ ਮੰਡਲੀ ਗੁਰੂ ਦਰਸ਼ ਨਾਂ ਲਈ ਆਈ। ਖ਼ੁਸ਼ੀ ਦੇ ਨਰਸਿੰਘੇ ਟੱਲ ਘੜਿਆਲ ਚਿਰਾਂ ਤੱਕ ਇਹਨਾਂ ਨੇ ਵਜਾਏ ਅਤੇ ਸ਼ਾਹੀ ਡੇਰੇ ਤੱਕ ਆਵਾਜ਼ਾਂ ਪੁੱਜੀਆਂ।[62]

ਭਾਈ ਸੰਤੋਖ ਸਿੰਘ ਅਨੁਸਾਰ ਨਾਂਦੇੜ ਵਿਖੇ ਇੱਕ ਸਿੱਖ ਨੇ ਗੁਰੂ ਜੀ ਨੂੰ ਨਗੀਨਾ ਭੇਟ ਕੀਤਾ। ਇਸੇ ਸਮੇਂ ਨੌ ਟਾਂਕ ਦੇ ਦੋ ਵਿਸ਼ਾਲ ਧਨੁਸ਼ ਕਾਰੀਗਰਾਂ ਨੇ ਗੁਰੂ ਸਾਹਿਬ ਨੂੰ ਭੇਟ ਕੀਤੇ। ਪਾਲੀ ਨਗਰ ਦੇ ਦੋ ਸਿੱਖ ਗੁਰੂ ਜੀ ਦੇ ਦਰਸ਼ਨ ਕਰਨ ਆਏ ਅਤੇ ਦੋ ਕਟਾਰਾਂ ਭੇਟ ਕਰਨ ਵਾਸਤੇ ਲਿਆਏ। ਸੰਗਤਾਂ ਦੇ ਆਗਮਨ ਅਤੇ ਉਤਸ਼ਾਹ ਦਾ ਜ਼ਿਕਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਤਰ੍ਹਾਂ ਹੈ:

**ਗਾਥਾ ਅਬਚਲ ਨਗਰ ਕੀ ਸੁਨਹੁਂ ਸਿੱਖ ਮਨ ਲਾਇ।**

**ਸਿੰਘ ਨਿਕਟ ਪ੍ਰਭੁ ਕੇ ਰਹੈਂ ਇੱਕ ਆਵੈਂ ਇੱਕ ਜਾਇ।**[63]

ਇਸ ਤਰ੍ਹਾਂ ਹਰ ਰੋਜ਼ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਕੋਲ ਸੰਗਤਾਂ ਦੀ ਭੀੜ ਲੱਗੀ ਰਹਿੰਦੀ। ਦੂਰੋਂ-ਨੇੜਿਉਂ ਸੰਗਤਾਂ ਆ ਕੇ ਗੁਰੂ ਸਾਹਿਬ ਦੇ ਦਰਸ਼ਨ ਕਰ ਦੀਆਂ ਅਤੇ ਭੇਟਾਵਾਂ ਭੇਟ ਕਰਦੀਆਂ ਸਨ । ਸਵੇਰੇ-ਸ਼ਾਮ ਦੋਵੇਂ ਸਮੇਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਕੇ ਖੁਸ਼ੀਆਂ ਹਾਸਲ ਕਰਦੀਆਂ ਸਨ। ਇਸ ਕਾਰਨ ਨਾਂਦੇੜ ਨਗਰ ਦੀ ਰੌਣਕ ਬਹੁਤ ਵੱਧ ਗਈ। ਹਰਬੰਸ ਸਿੰਘ ਲਿਖਦੇ ਹਨ ਇਸ ਪਾਸੇ ਦੱਖਣ ਨਾਂਦੇੜ ਦੀਆਂ ਸਿੱਖ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਸਮਾਂ ਮਿਲਿਆ। ਮੁੜ ਕੁਝ ਕੁਝ ਅਨੰਦਪੁਰ ਵਰਗਾ ਮਾਹੌਲ ਬਣ ਗਿਆ। ਘੋੜੇ ਅਤੇ ਘੋੜਸਵਾਰ ਕਾਫ਼ੀ ਹੋ ਗਏ। ਦੱਖਣ ਨਾਂਦੇੜ ਵਿਚ ਗੁਰੂ ਜੀ ਦਾ ਜਸ ਹੋਣ ਲੱਗਾ। ਧੰਨ ਗੁਰੂ ਧੰਨ ਗੁਰੂ ਗੋਬਿੰਦ ਸਿੰਘ ਹੋਣ ਲੱਗੀ।[64]

---

61 ਠਾਕਰ ਸਿੰਘ, ਗਿਆਨੀ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨਾ 264.

62 ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-84),* ਪੰਨਾ 58.

63 ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1992, ਪੰਨਾ 6294.

64 ਚਾਨਾ, ਹਰਬੰਸ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਤੋਂ ਦੱਖਣ ਨੰਦੇੜ ਤੱਕ,* ਹਰਬੰਸ ਸਿੰਘ ਚਾਨਾ , ਸਾਊਥ ਹਾਲ ਇੰਗਲੈਂਡ, ਯੂ. ਕੇ, 2002 (ਪਹਿਲੀ ਵਾਰ), ਪੰਨਾ 38.

**ਮਾਧੋ ਦਾਸ ਬੈਰਾਗੀ ਦਾ ਖਾਲਸਾ ਸਜਣਾ**

ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਨੇ ਪੰਥਕ ਕਾਰਜਾਂ ਵਿਚੋਂ ਪਹਿਲਾ ਪ੍ਰਮੁੱਖ ਕਾਰਜ ਮਾਧੋ ਦਾਸ ਬੈਰਾਗੀ ਸਾਧੂ ਨੂੰ ਮਿਲਣ ਦਾ ਕੀਤਾ। ਮਾਧੋ ਦਾਸ ਬੈਰਾਗੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਦੀ ਪਾਹੁਲ ਲੈ ਕੇ ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਮ ਪ੍ਰਸਿੱਧ ਹੋਇਆ ਸੀ। ਇਸ ਦਾ ਜਨਮ 27 ਅਕਤੂਬਰ, 1670 ਈ. ਵਿਚ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਰਾਜੌਰੀ ਕਸਬੇ ਦੇ ਵਿਚ ਇੱਕ ਕਿਸਾਨ ਰਾਮਦੇਵ ਰਾਜਪੂਤ ਦੇ ਘਰ ਹੋਇਆ। ਇਸ ਦਾ ਨਾਂ ਲਛਮਣ ਦੇਵ ਰੱਖਿਆ ਗਿਆ। [65] ਹਾਲਾਂਕਿ ਇਤਿਹਾਸਕਾਰ ਕਨਿੰਘਮ ਦਾ ਕਹਿਣਾ ਹੈ ਕਿ ਉਹ ਦੱਖਣੀ ਭਾਰਤ ਦਾ ਮੂਲ ਨਿਵਾਸੀ ਸੀ ਅਤੇ ਬੈਰਾਗੀ ਸੰਪ੍ਰਦਾਇ ਦਾ ਸਾਧੂ ਸੀ। [66] ਹਰੀ ਰਾਮ ਗੁਪਤਾ ਅਨੁਸਾਰ ਉਹ ਸਿਰਮੌਰ ਰਿਆਸਤ ਦਾ ਸੀ , ਜੋ ਹੁਣ ਹਿਮਾਚਲ ਪ੍ਰਦੇਸ਼ ਵਿਚ ਨਾਹਨ ਜ਼ਿਲ੍ਹਾ ਹੈ। [67] ਪਰ ਜ਼ਿਆਦਾਤਰ ਇਤਿਹਾਸਕਾਰ ਅਤੇ ਵਿਦਵਾਨ ਇਸ ਵਿਚਾਰ ਨਾਲ ਸਹਿਮਤ ਹਨ ਕਿ ਉਹ ਜੰਮੂ -ਕਸ਼ਮੀਰ ਦੇ ਰਾਜੌਰੀ ਕਸਬੇ ਦਾ ਰਹਿਣ ਵਾਲਾ ਸੀ। ਉਹ ਸ਼ਿਕਾਰ ਦਾ ਸ਼ੌਕੀਨ ਸੀ ਅਤੇ ਬਚਪਨ ਵਿਚ ਉਸ ਨੇ ਇੱਕ ਗਰਭਵਤੀ ਹਿਰ ਨੀ ਨੂੰ ਮਾਰ ਦਿੱਤਾ ਸੀ। ਇਸ ਸ਼ੌਂਕ ਨੇ ਹੀ ਲਛਮਣ ਦੇਵ ਦਾ ਜੀਵਨ ਵਿਚ ਬਦਲਿਆ। ਉਹ ਇੱਕ ਸ਼ਿਕਾਰੀ ਤੋਂ ਬੈਰਾਗੀ ਸਾਧੂ ਬਣ ਗਿਆ ਅਤੇ ਸਾਧੂ ਤੋਂ 'ਗੁਰੂ ਕਾ ਬੰਦਾ' (ਬੰਦਾ ਸਿੰਘ ਬਹਾਦਰ) ਬਣ ਗਿਆ ਸੀ। ਉਸ ਨੇ ਆਪਣਾ ਘਰ-ਪਰਿਵਾਰ ਤਿਆਗ ਦਿੱਤਾ ਅਤੇ ਮਾਧੋ ਦਾਸ ਨੂੰ ਆਪਣਾ ਨਵਾਂ ਨਾਮ ਮੰਨ ਕੇ ਬੈਰਾਗੀ (ਸਾਧੂ) ਬਣ ਗਿਆ।[68] ਉਸ ਨੇ ਮਾਧੋ ਦਾਸ ਦੇ ਨਾਮ ਹੇਠ ਇੱਕ ਜਾਦੂਗਰ (ਤਾਂਤ੍ਰਿਕ) ਵਜੋਂ ਬਹੁਤ ਪ੍ਰਸਿੱਧੀ ਹਾਸਲ ਕੀਤੀ ਅਤੇ ਆਪਣੇ ਹਜ਼ਾਰਾਂ ਅਨੁਯਾਈਆਂ ਨਾਲ ਰਹਿਣ ਲੱਗਿਆ।[69] ਮਹਾਰਾਸ਼ਟਰ ਵਿਚ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਵਿਖੇ

---

[65] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1300.

[66] Cunninghum, Joseph Davey, *A History of the Sikhs,* Humphrey Milford, London, 1918 (Third Edition), Page 86.

[67] Gupta, Hari Ram, *History of the Sikhs (Evolution of Sikh Confederacies) (1708-69),* Vol. II, Munshiram Manoharlal Publishers Pvt. Ltd., New Dehli, 2007, page 2.

[68] Sohan Singh, Bhai, *Banda the Brave (Banda Bahadur),* The punjabi Novelist Co., Muzang, Lahore, 1915 (First Edition), page 11.

[69] Gupta, Hari Ram, *History of the Sikhs (Evolution of Sikh Confederacies) (1708-69),* Vol. II, page 1.

ਉਸ ਦਾ ਡੇਰਾ ਸੀ। 1692 ਈ. ਵਿਚ ਮਾਧੋ ਦਾਸ ਨੇ ਗੋਦਾਵਰੀ ਦੇ ਹਰੇ ਭਰੇ ਕੰਢੇ ਉੱਤੇ ਨਾਂਦੇੜ ਕੋਲ ਜਾ ਕੁਟੀਆ ਬਣਾਈ।[70] *'ਅਮਰਨਾਮਾ'* ਦੇ ਲੇਖਕ ਢਾਡੀ ਨੱਥ ਮੱਲ ਅਨੁਸਾਰ ਉਹ ਇੱਕ ਕੌੜੇ (ਰੁੱਖੇ) ਸੁਭਾਅ ਵਾਲਾ ਸਾਧੂ ਸੀ, ਜਿਸ ਦੇ ਵੱਸ ਵਿਚ ਭੂਤ ਪਰੇਤ ਸਨ। [71] ਗੁਰੂ ਸਾਹਿਬ ਨਾਲ ਮੁਲਾਕਾਤ ਤੋਂ ਪਹਿਲਾਂ ਮਾਧੋ ਦਾਸ ਨੇ ਆਪਣੀ ਜ਼ਿੰਦਗੀ ਵਿਚ ਤਿੰਨ ਗੁਰੂ ਧਾਰਨ ਕੀਤੇ ਸਨ। ਪਹਿਲਾ ਰਾਮਦਾਸ , ਦੂਜਾ ਜਾਨਕੀ ਪ੍ਰਸ਼ਾਦ ਅਤੇ ਤੀਜਾ ਜੋਗੀ ਓਘੜ ਨਾਥ। ਜੋਗੀ ਓਘੜ ਨਾਥ ਨੇ ਇਸ ਬੈਰਾਗੀ ਨੂੰ ਕਰਾਮਾਤਾਂ , ਰਿੱਧੀਆਂ-ਸਿੱਧੀਆਂ ਸੰਬੰਧੀ ਆਪਣੇ ਵੱਲੋਂ ਬਹੁਤ ਖ਼ਜ਼ਾਨਾ ਦਿੱਤਾ ਸੀ।[72] ਸਿੱਖ ਵਿਦਵਾਨ ਮੰਨਦੇ ਹਨ ਕਿ ਦਾਦੂ ਡੇਰੇ (ਨਾਰਾਇਣਾ) ਵਾਲਾ ਮਹੰਤ ਜੈਤ ਰਾਮ ਪਹਿਲਾਂ ਨਾਂਦੇੜ ਵਿਖੇ ਮਾਧੋ ਦਾਸ ਦੇ ਕੋਲ ਆ ਚੁੱਕਾ ਸੀ।

ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੰਘਾਂ ਸਮੇਤ ਜਦੋਂ ਨਾਂਦੇੜ ਵਿਖੇ ਪਹੁੰਚੇ ਸਨ ਤਾਂ ਕੁਝ ਦਿਨਾਂ ਬਾਅਦ 3 ਸਤੰਬਰ ਨੂੰ ਗੋਦਾਵਰੀ ਨਦੀ ਦੇ ਕੰਢੇ ਉੱਪਰ ਮਾਧੋ ਦਾਸ ਬੈਰਾਗੀ ਦੇ ਡੇਰੇ ਵਿਚ ਆਏ। [73] ਇਹ ਡੇਰਾ ਸੰਘਣੇ ਜੰਗਲਾਂ ਵਿਚ ਸੀ। ਗੁਰੂ ਕੀਆਂ ਸਾਖੀਆਂ ਅਨੁਸਾਰ ਜਦੋਂ ਗੁਰੂ ਸਾਹਿਬ ਮਾਧੋ ਦਾਸ ਬੈਰਾਗੀ ਦੇ ਡੇਰੇ ਵਿਚ ਆਏ ਉਸ ਦਿਨ ਸੂਰਜ ਗ੍ਰਹਿਣ ਦਾ ਦਿਨ ਸੀ। ਉਸ ਸਮੇਂ ਮਾਧੋ ਦਾਸ ਆਪਣੇ ਡੇਰੇ ਵਿਚ ਨਹੀਂ ਸੀ। ਗੁਰੂ ਜੀ ਉਸ ਦੇ ਪਲੰਘ ਉੱਪਰ ਚੜ੍ਹ ਕੇ ਬੈਠ ਗਏ। [74] ਉਸ ਸਮੇਂ ਮਾਧੋ ਦਾਸ ਰਿਧੀਆਂ ਸਿਧੀਆਂ ਦਾ ਮਾਲਕ ਸੀ। ਉਸ ਦੀਆਂ ਤਾਂਤ੍ਰਿਕ ਸ਼ਕਤੀਆਂ ਦੀ ਚਰਚਾ ਉਸ ਦੇ 'ਗੁਰੂ ਕਾ ਬੰਦਾ' ਬਣ ਜਾਣ ਤੋਂ ਬਾਅਦ ਵੀ ਮੁਗ਼ਲ ਸਰਕਾਰੀ ਪੱਤਰਾਂ ਅਤੇ ਸਿੱਖ ਇਤਿਹਾਸਕ ਸਿਮਰਤੀ ਵਿਚ ਬਥੇਰੀ ਮਿਲਦੀ ਹੈ। [75] ਮਾਧੋ ਦਾਸ ਦੇ ਚੇਲਿਆਂ ਨੇ ਉਸ ਨੂੰ ਗੁਰੂ ਜੀ ਦੇ ਅਚਾਨਕ ਡੇਰੇ ਵਿਚ ਆਉਣ ਅਤੇ ਉਸ ਦੇ ਪਲੰਘ ਉੱਪਰ ਬੈਠਣ ਬਾਰੇ ਦੱਸਿਆ। ਮਾਧੋ ਦਾਸ ਆਪਣੇ ਗੁਪਤ ਬੀਰਾਂ ਨਾਲ ਗੁਰੂ ਸਾਹਿਬ ਨੂੰ ਸਮੇਤ ਪਲੰਘ ਉਲਟਾਉਣ ਦੀ ਕੋਸ਼ਿਸ਼ ਕਰਦਾ ਹੈ

---

[70] ਸੀਤਲ, ਸੋਹਣ ਸਿੰਘ, *ਬੰਦਾ ਸਿੰਘ ਸ਼ਹੀਦ (ਬੰਦਾ ਬਹਾਦਰ),* ਲਾਹੌਰ ਬੁਕ ਸ਼ਾਪ , ਲੁਧਿਆਣਾ, 1996 (ਪਹਿਲੀ ਵਾਰ), ਪੰਨਾ 9.

[71] "ਬ-ਨਾਲੈਨਿ ਚੋਬੀ ਓ ਯਕ ਕੂਜ਼ਾ ਸ਼ੀਰ। ਬਿਆਰਾਸਤ ਸੱਜਾਦਾਏ ਚੂੰ ਸਰੀਰ। 4।" ਗੰਡਾ ਸਿੰਘ (ਸੰਪਾ.), *ਅਮਰਨਾਮਾ (ਫ਼ਾਰਸੀ ਮੂਲ, ਪੰਜਾਬੀ ਉਤਾਰਾ ਤੇ ਅਰਥ),* ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1953, ਪੰਨਾ 18.

[72] ਪਿੰਦਰਪਾਲ ਸਿੰਘ, ਗਿਆਨੀ, *ਖ਼ਾਲਸੇ ਦੇ ਪੰਜ ਤਖ਼ਤ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2010 (ਪਹਿਲੀ ਵਾਰ), ਪੰਨੇ 55-56.

[73] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1300.

[74] ਕੋਸ਼ਿਸ਼, ਸ੍ਵਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਾਖੀ ਨੰ. 110 'ਨਾਦੇੜ ਮਾਧੋ ਦਾਸ ਕੇ ਡੇਰੇ ਕੀ ਚਾਲੀ', ਪੰਨੇ 199-201.

[75] ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 62.

ਪਰ ਗੁਰੂ ਜੀ ਦੇ ਅਧਿਆਤਮਿਕ ਬਲ ਅੱਗੇ ਉਸ ਦੀਆਂ ਰਿਧੀਆਂ ਸਿਧੀਆਂ ਨਿਤਾਣੀਆਂ ਹੋ ਜਾਂਦੀਆਂ ਹਨ। ਆਪਣੇ ਡੇਰੇ ਵਿਚ ਪਹੁੰਚ ਕੇ ਗੁਰੂ ਅੱਗੇ ਆਪਣੀ ਪੇਸ਼ ਨਾ ਚਲਦੀ ਦੇਖ ਅੰਤ ਉਸ ਨੇ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਸ਼ੀਸ ਝੁਕਾ ਦਿੱਤਾ ਅਤੇ ਆਪਣੇ ਆਪ ਨੂੰ 'ਗੁਰੂ ਦਾ ਦਾਸ' ਕਹਿ ਕੇ ਸੰਬੋਧਨ ਕੀਤਾ। ਮਹਿਮਾ ਪ੍ਰਕਾਸ਼ ਅਨੁਸਾਰ ਮਾਧੋ ਦਾਸ ਦਰਸ਼ਨ ਕਰਦੇ ਹੀ ਗੁਰੂ ਸਾਹਿਬ ਦੇ ਅਧੀਨ ਹੋ ਗਿਆ। ਆਪਣਾ ਸ਼ੀ ਸ਼ ਗੁਰੂ ਚਰਨਾਂ ਉੱਪਰ ਰੱਖ ਦਿੱਤਾ ਉਪਰੰਤ ਗੁਰੂ ਸਾਹਿਬ ਨਾਲ ਲੰਮੀ ਬਾਤਚੀਤ ਕੀਤੀ ਅਤੇ ਨਿਸਾ (ਤਸੱਲੀ) ਪਾਕੇ ਬਹੁਤ ਪ੍ਰਸੰਨ ਹੋਇਆ।[76] ਗੁਰੂ ਸਾਹਿਬ ਨੇ ਪ੍ਰੇਮ ਸਹਿਤ ਉਸ ਨੂੰ ਆਪਣੀ ਛਾਤੀ ਨਾਲ ਲਾਇਆ। ਰਤਨ ਸਿੰਘ ਭੰਗੂ ਲਿਖਦੇ ਹਨ:

**ਤਬ ਉਨ ਕਹਯੋ ਮੈਂ ਬੰਦਾ ਤੋਰਾ। ਮੈਂ ਤੁਹਿ ਸਿਖ ਗੁਰੂ ਤੂੰ ਮੋਰਾ।**

**ਪਿਛਲੀ ਬਾਤ ਮਾਫ ਹਮ ਕੀਜੈ। ਅਬਿ ਹੁਇ ਫਿਰ ਤੌਂ ਜੀ ਆਯੋ ਕੀਜੈ।16।**

**ਅਬ ਮੈਂ ਭਯੋ ਤੁਮਾਰੋ ਦਾਸ। ਸੋ ਮੈਂ ਕਰੋਂ ਹੁਕਮਿ ਹੋਇ ਖਾਸ।**

**ਹਮ ਕੋ ਕੀਜੈ ਅਪਨੈ ਦਾਸ। ਦਾਸ ਜਾਨ ਰਾਖੋ ਨਿਜ ਲਾਜ ਪਾਸ।17।**[77]

ਸ੍ਵਰੂਪ ਸਿੰਘ ਕੌਸ਼ਿਸ਼ ਅਨੁਸਾਰ ਮਾਧੋ ਦਾਸ ਗੁਰੂ ਜੀ ਦੀ ਆਗਿਆ ਨਾਲ ਆਪਣਾ ਡੇਰਾ ਹਰੀ ਦਾਸ ਦੱਖਣੀ ਦੇ ਹਵਾਲੇ ਕਰ ਦਿੰਦਾ ਹੈ। ਆਪ ਗੁਰੂ ਜੀ ਨਾਲ ਗੁਰੂ ਦੇ ਡੇਰੇ ਵਿਚ ਆ ਜਾਂਦਾ ਹੈ।[78] ਇੱਥੇ 3 ਸਤੰਬਰ ਨੂੰ ਸੂਰਜ ਗ੍ਰਹਿਣ ਵਾਲੇ ਦਿਨ ਸ਼ੁਕਰਵਾਰ ਨੂੰ ਗੁਰੂ ਸਾਹਿਬ ਨੇ ਮਾਧੋ ਦਾਸ ਬੈਰਾਗੀ ਸਾਧੂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਉਸ ਦਾ ਨਾਮ ਬੰਦਾ ਸਿੰਘ ਰੱਖਿਆ।[79] ਮਾਧੋ ਦਾਸ ਦੇ ਨਾਲ ਉਸ ਦੇ ਸਾਰੇ ਚੇਲਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਬਣਾਇਆ ਗਿਆ। ਸ੍ਵਰੂਪ ਸਿੰਘ ਕੌਸ਼ਿਸ਼ ਅਨੁਸਾਰ ਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਬੰਦਾ ਸਿੰਘ ਨੂੰ ਕੰਘਾ, ਕ੍ਰਿਪਾਨ, ਕੜਾ ਪਹਿਨਾਏ ਅਤੇ ਸਿਰ ਉੱਤੇ ਛੋਟੀ ਦਸਤਾਰ-ਕੇਸਕੀ ਸਜਾਈ। "ਸਤਿਗੁਰਾਂ ਇਸੇ ਭਾਈ ਦਯਾ ਸਿੰਘ ਆਦਿ ਸਿੱਖਾਂ ਕੋ ਗੈਲ ਆਪਨੇ ਪਾਵਨ ਹਾਥੋਂ ਸੇ ਖਾਂਡੇ

---

76 ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼,* ਭਾਗ ਦੂਜਾ (ਖੰਡ-2), ਉਤਮ ਸਿੰਘ ਭਾਟੀਆ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2003 (ਦੂਜੀ ਵਾਰ), ਪੰਨਾ 854.

77 ਭੰਗੂ, ਰਤਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼,* ਬਲਵੰਤ ਸਿੰਘ ਢਿੱਲੋਂ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਪ੍ਰੈਲ 2004 (ਪਹਿਲੀ ਵਾਰ), ਪੰਨਾ 76.

78 ਕੌਸ਼ਿਸ਼, ਸ੍ਵਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 201.

79 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨੇ 165-66.

ਕੀ ਪਾਹੁਲ ਦੇ ਕੇ ਬੈਰਾਗੀ ਸੇ ਸਿੰਘ ਸਜਾ ਦਿੱਤਾ। ਸ੍ਰੀ ਮੁਖ ਥੀਂ ਮਾਧੋਦਾਸ ਸੇ ਬੰਦਾ ਸਿੰਘ ਨਾਮ ਰਾਖਾ, ਸਿੰਘਾਂ 'ਸਤਿ ਸ੍ਰੀ ਅਕਾਲ' ਕੇ ਜੈਕਾਰਿਆਂ ਸੇ ਅਸਮਾਨ ਗੁੰਜਾ ਦਿੱਤਾ।"[80] ਇਸ ਤਰ੍ਹਾਂ ਮਾਧੋ ਦਾਸ ਇੱਕ ਬੈਰਾਗੀ ਸਾਧੂ ਤੋਂ ਗੁਰੂ ਕਾ ਬੰਦਾ (ਸਿੱਖ) ਬਣ ਗਿਆ। ਉਸ ਸਮੇਂ ਦੀਆਂ ਸਰਕਾਰੀ ਖ਼ਬਰਾਂ ਵਿਚ ਵੀ ਉਸ ਨੂੰ 'ਗੁਰੂ ਦਾ ਬੰਦਾ' ਕਹਿ ਕੇ ਹੀ ਸੰਬੋਧਨ ਕੀਤਾ ਜਾਂਦਾ ਸੀ।"[81] ਡਾ. ਸੁਖਦਿਆਲ ਸਿੰਘ ਅਨੁਸਾਰ 'ਬਹਾਦੁਰ' ਦਾ ਖ਼ਿਤਾਬ ਗੁਰੂ ਜੀ ਨੇ ਉਸ ਨੂੰ ਇੱਕ ਜਰਨੈਲ ਦੀ ਵਿਸ਼ੇਸ਼ ਪਦਵੀ ਨੂੰ ਦਰਸਾਉਣ ਲਈ ਬਖ਼ਸ਼ਿਆ ਸੀ।[82]

ਇਸ ਤਰ੍ਹਾਂ ਗੁਰੂ ਸਾਹਿਬ ਦੇ ਕੈਂਪ ਵਿਚ ਆਉਣ ਤੋਂ ਬਾਅਦ ਅੰਮ੍ਰਿਤ ਦੀ ਪਾਹੁਲ ਲੈਣ ਉਪਰੰਤ ਇੱਕ ਦਿਨ ਬੰਦਾ ਸਿੰਘ ਬਹਾਦਰ ਨੇ ਮਾਤਾ ਸਾਹਿਬ ਦੇਵਾਂ ਜੀ ਕੋਲ ਜਾ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਹੁਣ ਉਹ ਸਿੰਘਾਂ ਨਾਲ ਬੀਰ-ਰਸੀ ਮਾਹੌਲ ਵਿੱਚ ਰਹਿਣ ਲੱਗਿਆ। ਪੰਜਾਬ ਦੇ ਮੁਗ਼ਲ ਸ਼ਾਸਕਾਂ ਦੀ ਜ਼ੁਲਮੀ ਦਾਸਤਾਨ ਨੇ ਬੰਦਾ ਸਿੰਘ ਬਹਾਦਰ ਨੂੰ ਬਹੁਤ ਡੂੰਘਾ ਪ੍ਰਭਾਵਿਤ ਕੀਤਾ ਅਤੇ ਉਹ ਗੁਰੂ ਜੀ ਤੋਂ ਪੰਜਾਬ ਜਾਣ ਲਈ ਆਗਿਆ ਮੰਗਦਾ ਹੈ। ਇਸ ਤਰ੍ਹਾਂ ਨਾਂਦੇੜ ਵਿਖੇ ਗੁਰੂ ਜੀ ਨੇ ਅੰਮ੍ਰਿਤ ਸੰਚਾਰ ਕਰਕੇ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਰਾਜ ਦੀ ਨੀਂਹ ਰੱਖਣ ਲਈ ਥਾਪੜਾ ਦਿੱਤਾ ਅਤੇ ਦੱਖਣ ਵਿਚ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਹੋਰ ਮਜਬੂਤ ਕੀਤੀ।

ਨਾਂਦੇੜ ਦੇ ਮੁਕਾਮ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਅਤੇ ਮਾਧੋ ਦਾਸ ਬੈਰਾਗੀ ਦੇ ਵਿਚਕਾਰ ਮੁਲਕਾਤ ਹੋਈ ਜਾਂ ਨਹੀਂ, ਇਸ ਸੰਬੰਧੀ ਸਿੱਖ ਇਤਿਹਾਸ ਵਿਚ ਵੱਖ ਵੱਖ ਵਿਚਾਰ ਹਨ। ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਆਪਣੀ ਦੱਖਣ ਯਾਤਰਾ ਸਮੇਂ ਨਾਰਾਇਣਾ (ਰਾਜਸਥਾਨ) ਵਿਖੇ ਦਾਦੂ ਡੇਰੇ ਦੇ ਮਹੰਤ ਜੈਤ ਰਾਮ ਨੂੰ ਮਾਧੋ ਦਾਸ ਬਾਰੇ ਦੱਸਦੇ ਹਨ ਕਿ ਅਸੀਂ ਮਾਧੋ ਦਾਸ ਨੂੰ ਪਹਿਲਾਂ ਤੋਂ ਹੀ ਜਾਣਦੇ ਹਾਂ , ਉਹ ਸਾਨੂੰ ਪਹਿਲਾਂ ਹਰਿਦੁਆਰ ਕਨਖਲ ਦੇ ਮੁਕਾਮ 'ਤੇ ਮਿਲਿਆ ਸੀ। ਅਸੀਂ ਨਾਂਦੇੜ ਵਿਖੇ ਉਸ ਦੇ ਆਸ਼ਰਮ ਵਿਚ ਜ਼ਰੂਰ ਜਾਵਾਂਗੇ। ਉਸ ਨਾਲ ਸਾਡਾ ਜ਼ਰੂਰੀ ਕੰਮ ਹੈ।[83] ਇਤਿਹਾਸਕਾਰ ਹਰੀ ਰਾਮ ਗੁਪਤਾ ਦਾ ਕਹਿੰਦਾ ਹੈ ਕਿ ਗੁਰੂ ਜੀ ਨੇ ਕਿਸੇ ਵੀ ਪੂਰਵ ਜਾਣ -ਪਛਾਣ ਤੋਂ ਬਿਨਾ ਲਗਭਗ ਦੋ ਹਜ਼ਾਰ ਕਿ . ਮੀ. ਦੀ

---

80 ਕੋਸ਼ਿਸ਼, ਸ੍ਰਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 201.

81 ਸੁਖਦਿਆਲ ਸਿੰਘ , *ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦੁਰ (1708-1716),* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ 2.

82 ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪੰਨਾ 188.

83 ਕੋਸ਼ਿਸ਼, ਸ੍ਰਰੂਪ ਸਿੰਘ , *ਗੁਰੂ ਕੀਆਂ ਸਾਖੀਆਂ ,* ਪਿਆਰਾ ਸਿੰਘ ਪਦਮ (ਸੰਪਾ.), ਸਾਖੀ ਨੰ. 106 ਅਤੇ 110, ਪੰਨੇ 194-201.

ਲੰਮੀ ਯਾਤਰਾ ਨਹੀਂ ਕੀਤੀ ਹੋਵੇਗੀ ਅਤੇ ਨਾਂਦੇੜ ਵਿਖੇ ਆਪਣੇ ਤਜ਼ਰਬੇ ਉੱਤੇ ਪਿਆਰੇ ਖਾਲਸਾ ਪੰਥ ਦੀ ਅਗਵਾਈ ਕਰਨ ਲਈ ਬੰਦਾ ਬਹਾਦਰ ਨੂੰ ਡਿਪਟੀ (ਜਰਨੈਲ) ਨਿਯੁਕਤ ਕੀਤਾ ਹੋਵੇਗਾ।[84] ਪਰ ਸਿੱਖ ਇਤਿਹਾਸ ਦੇ ਬਹੁਤੇ ਬ੍ਰਿਤਾਂਤ ਨਾਂਦੇੜ ਵਿਖੇ ਇਸ ਮੁਲਾਕਾਤ ਨੂੰ ਇੱਕ ਅਚਨਚੇਤ ਘਟਨਾ ਵਜੋਂ ਹੀ ਪ੍ਰਸਤੁਤ ਕਰਦੇ ਹਨ। ਨਾਂਦੇੜ ਵਿਖੇ ਮੁਲਾਕਾਤ ਤੋਂ ਪਹਿਲਾਂ ਗੁਰੂ ਸਾਹਿਬ ਦਾ ਮਾਧੋ ਦਾਸ ਨਾਲ ਕੋਈ ਇਤਿਹਾਸਕ ਸੰਪਰਕ ਸਥਾਪਿਤ ਹੋਇਆ, ਸਿੱਖ ਇਤਿਹਾਸ ਵਿਚ ਇਸ ਬਾਰੇ ਕਿਧਰੇ ਵੀ ਬਹੁਤਾ ਜ਼ਿਕਰ ਨਹੀਂ ਮਿਲਦਾ। ਨਾ ਹੀ ਇਸ ਮੁਲਾਕਾਤ ਤੋਂ ਪਹਿਲਾਂ ਦੇ ਗੁਰੂ ਸਾਹਿਬ ਅਤੇ ਬੰਦਾ ਸਿੰਘ ਬਹਾਦਰ ਦਰਮਿਆਨ ਸੰਬੰਧਾਂ ਦੇ ਸਾਨੂੰ ਹੋਰ ਇਤਿਹਾਸਕ ਵੇਰਵੇ ਪ੍ਰਾਪਤ ਹੁੰਦੇ ਤਾਂ ਜੋ ਸਾਨੂੰ ਗੁਰੂ ਸਾਹਿਬ ਦੇ ਦੱਖਣ ਆਉਣ ਦਾ ਮਨੋਰਥ ਵਧੇਰੇ ਸਪੱਸ਼ਟ ਹੋ ਸਕੇ।

ਬੰਦਾ ਸਿੰਘ ਦੇ ਨਾਮ ਸੰਬੰਧੀ ਇਤਿਹਾਸਕਾਰਾਂ ਵਿਚ ਦੋ ਮਤ ਪ੍ਰਚੱਲਿਤ ਹਨ। ਪਹਿਲੇ ਮਤ ਅਨੁਸਾਰ ਗੁਰੂ ਸਾਹਿਬ ਨੇ ਉਸ ਦਾ ਨਾਮ ਬੰਦਾ ਸਿੰਘ ਰੱਖਿਆ ਸੀ। ਦੂਜੇ ਮਤ ਅਨੁਸਾਰ ਉਸ ਦਾ ਨਾਮ ਬੰਦਾ ਸਿੰਘ ਨਹੀਂ ਸਗੋਂ ਗੁਰਬਖ਼ਸ਼ ਸਿੰਘ ਰੱਖਿਆ ਗਿਆ ਸੀ ਪਰ ਜ਼ਿਆਦਾਤਰ ਵਿਦਵਾਨ ਪਹਿਲੇ ਮਤ ਨਾਲ ਸਹਿਮਤ ਹਨ। ਸਿੱਖ ਇਤਿਹਾਸ ਵਿਚ ਵੀ ਉਹ 'ਬੰਦਾ ਸਿੰਘ ਬਹਾਦਰ' ਦੇ ਨਾਂ ਨਾਲ ਪ੍ਰਸਿੱਧ ਹੋਇਆ।

**ਬਹਾਦਰ ਸ਼ਾਹ ਦਾ ਗੁਰੂ ਸਾਹਿਬ ਨੂੰ ਮਿਲਣ ਆਉਣਾ**

ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਅਤੇ ਬਹਾਦਰ ਸ਼ਾਹ ਦੇ ਡੇਰੇ ਕੁਝ ਫ਼ਰਕ ਦੇ ਨਾਲ ਨੇੜੇ-ਨੇੜੇ ਹੀ ਸਨ। ਇੱਕ ਦਿਨ ਬਹਾਦਰ ਸ਼ਾਹ ਨੇ ਗੋਦਾਵਰੀ ਨਦੀ ਦੇ ਤੱਟ 'ਤੇ ਗੁਰੂ ਸਾਹਿਬ ਜੀ ਨੂੰ ਸੁੰਦਰ ਹੀਰਾ ਭੇਟ ਕੀਤਾ। ਬਾਦਸ਼ਾਹ ਦਾ ਹੰਕਾਰ ਦੂਰ ਕਰਨ ਲਈ ਗੁਰੂ ਜੀ ਨੇ ਉਸ ਹੀਰੇ ਨੂੰ ਨਦੀ ਵਿਚ ਸੁਟ ਦਿੱਤਾ ਸੀ। ਅਖ਼ੀਰ ਬਹਾਦਰ ਸ਼ਾਹ ਨੇ ਗੁਰੂ ਜੀ ਦੇ ਚਰ ਨਾਂ ਵਿਚ ਭੁੱਲ ਬਖਸ਼ਾਈ। ਕੁਝ ਲਿਖਾਰੀਆਂ ਦਾ ਕਹਿਣਾ ਹੈ ਕਿ ਜਦੋਂ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਤਬਾਹੀ ਮਚਾ ਦਿੱਤੀ ਸੀ ਤਾਂ ਇਹ ਖ਼ਬਰ ਸੁਣ ਕੇ ਬਹਾਦਰ ਸ਼ਾਹ ਗੁਰੂ ਜੀ ਕੋਲ ਆਇਆ ਹੀਰਾ ਭੇਟ ਕਰਕੇ ਬੰਦਾ ਬਹਾਦਰ ਵਿਰੁੱਧ ਸ਼ਿਕਾਇਤ ਕੀਤੀ ਸੀ ਪਰ ਇਹ ਗੱਲ ਠੀਕ ਨਹੀਂ ਹੈ। ਕਿਉਂਕਿ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦੇ 7 ਅਕਤੂਬਰ, 1708 ਈ. ਨੂੰ ਜੋਤੀ-ਜੋਤਿ ਸਮਾਉਣ ਤੋਂ ਬਾਅਦ ਪੰਜਾਬ ਵਿਚ ਲਗਭਗ ਨੌ ਮਹੀਨੇ ਮਗਰੋਂ ਪ੍ਰਗਟ ਹੋਇਆ ਸੀ।

---

[84] Gupta, Hari Ram, *History of the Sikhs (Evolution of Sikh Confederacies) (1708-69),* Vol. II, page 1.

ਫਿਰ ਇੱਕ ਦਿਨ ਬਹਾਦਰ ਸ਼ਾਹ ਵਿਦਾ ਹੋਣ ਵਾਸਤੇ ਗੁਰੂ ਜੀ ਦੇ ਪਾਸ ਕੈਂਪ ਵਿਚ ਆਇਆ। ਗੁਰੂ ਗੋਬਿੰਦ ਸਿੰਘ ਜੀ ਦੇਖ ਰਹੇ ਸ ਨ ਕਿ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਬਹਾਦਰ ਸ਼ਾਹ ਸਮ ਝੌਤੇ (ਆਗਰੇ ਦਰਬਾਰ ਵਿਚ ਹੋਏ ਇਕਰਾਰ ) ਉੱਤੇ ਅਮਲ ਕਰਨ ਦੀ ਬਜਾਏ ਹੋਰ ਹੀਲੇ -ਬਹਾਨੇ (ਟਾਲ-ਮਟੋਲ) ਕਰ ਰਿਹਾ ਸੀ। ਬਾਦਸ਼ਾਹ ਵੀ ਜਾਣਦਾ ਸੀ ਕਿ ਗੁਰੂ ਸਾਹਿਬ ਨਾਲ ਕੀਤਾ ਇਕਰਾਰ ਉਹ ਪੂਰਾ ਨਹੀਂ ਕਰ ਸਕਿਆ ਅਤੇ ਨਾ ਕਰ ਸਕਦਾ ਸੀ , ਇਸ ਵਾਸਤੇ ਉਹ ਗੁਰੂ ਸਾਹਿਬ ਦੀਆਂ ਖੁਸ਼ੀਆਂ ਪਾਉਣ ਨੂੰ ਦੂਜਾ ਹਰ ਇੱਕ ਕੰਮ ਕਰਨ ਨੂੰ ਤਿਆਰ ਸੀ ਪਰ ਕੀਤੇ ਇਕਰਾਰ ਪੂਰੇ ਕਰਨ ਤੋਂ ਲਾਚਾਰ ਸੀ।[85] ਇੱਥੇ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਅਗਲੀ ਮੁਹਿੰਮ ਉੱਤੇ ਜਾਣ ਲਈ ਬੇਨਤੀ ਕੀਤੀ ਪਰ ਗੁਰੂ ਜੀ ਨੇ ਆਖਿਆ ਕਿ ਹੁਣ ਇਥੋ ਅੱਗੇ ਜਾਣ ਦਾ ਸਾਡਾ ਵਿਚਾਰ ਨਹੀਂ ਹੈ। ਗੁਰੂ ਸਾਹਿਬ ਨੇ ਇਹ ਵੀ ਫੁਰਮਾਇਆ ਕਿ ਸ਼ਾਹੀ ਤਖ਼ਤ ਉੱਤੇ ਤੁਹਾਡਾ ਹੱਕ ਸੀ, ਤੁਹਾਡੇ ਕਹੇ ਮੁਤਾਬਕ ਅਸੀ ਤੁਹਾਡਾ ਹੱਕ ਦਿਵਾਉਣ ਵਿਚ ਸਹਾਇਤਾ ਕੀਤੀ ਹੈ। ਅੱਗੇ ਦੀ ਮੁਹਿੰਮ ਉੱਤੇ ਮਰਾਠਾ ਸਰਦਾਰਾਂ ਨੂੰ ਤੁਹਾਡੇ ਅਨੁਸਾਰੀ ਕਰਵਾਉਣਾ ਜਾਂ ਉਹਨਾਂ ਦੇ ਖ਼ਿਲਾਫ਼ ਹੋਣਾ ਸਾਡਾ ਕੰਮ ਨਹੀਂ। ਤੁਸੀਂ ਮੁਲਕਗੀਰੀ ਦੀ ਹਿਰਸ (ਲੋਭ) ਵਿਚ ਜੋ ਚਾਹੇ ਕਰੋ ਪਰ ਸਾਡਾ ਵਿਚਾਰ ਅੱਗੇ ਜਾਣ ਦਾ ਨਹੀਂ ਹੈ ਐਸਾ ਖੁਲ੍ਹ ਕੇ ਦੱਸਿਆ ਅਤੇ ਬਾਦਸ਼ਾਹ ਆਪਣੇ ਡੇਰੇ ਚਲਾ ਗਿਆ।[86]

ਅਖ਼ੀਰ "ਸਤੰਬਰ ਦੀ 26 ਤਰੀਕ, 1708 ਈ. ਨੂੰ ਬਹਾਦਰ ਸ਼ਾਹ ਨੰਦੇੜ ਤੋਂ ਆਪਣਾ ਡੇਰਾ ਸਮੇਟਦਾ ਹੈ, ਗੋਦਾਵਰੀ ਨਦੀ ਪਾਰ ਕਰਦਾ ਹੈ ਤੇ ਹੈਦਰਾਬਾਦ ਵੱਲ ਕੂਚ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੰਦੇੜ ਰੁਕਦੇ ਹਨ। ਬਹਾਦਰ ਸ਼ਾਹ ਨਾਲ ਕਿਸੇ ਵੀ ਤਰ੍ਹਾਂ ਦੇ ਸਮ ਝੌਤੇ ਦੀਆਂ ਸਾਰੀਆ ਸੰਭਾਵਨਾਵਾਂ ਇੱਥੇ ਖ਼ਤਮ ਹੋ ਜਾਂਦੀਆ ਹਨ। "[87] ਆਖ਼ਰ-ਦੀਨ ਦੁਨੀਆ ਦੇ ਵਾਲੀ ਤੇ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਅਤੇ ਇੱਕ ਦੁਨੀਆਂਦਾਰ, ਮੌਕਾ-ਪ੍ਰਸਤ, ਖੁਦਗਰਜ਼ ਅਤੇ ਇਸ ਝੂਠੀ ਦੁਨੀਆਂ ਦੇ ਝੂਠੇ ਬਾਦਸ਼ਾਹ ਬਹਾਦਰ ਸ਼ਾਹ ਵਿਚਕਾਰ ਹੋਇਆ ਇਹ ਸਮਝੋਤਾ ਸਿਰੇ ਚੜ੍ਹ ਵੀ ਕਿਵੇਂ ਸਕਦਾ ਸੀ ? ਇਕ ਨਾ ਇਕ ਦਿਨ ਤਾਂ ਇਹਨੇ ਟੁੱਟਣਾ ਹੀ ਸੀ ਜੋ ਕਿ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਨਾਲ ਹੀ ਦ ਫ਼ਨ ਹੋ ਗਿਆ ਸੀ।[88] ਕੁਝ ਇਤਿਹਾਸਕਾਰ ਕਹਿੰਦੇ ਹਨ ਕਿ ਬਹਾਦਰ ਸ਼ਾਹ ਨੇ 7 ਅਕਤੂਬਰ, 1708 ਈ. (ਗੁਰੂ ਸਾਹਿਬ ਦੇ ਜੋਤੀ

---

85 ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-84),* ਪੰਨਾ 58-59.

86 ਉਕਤ, ਪੰਨਾ 57.

87 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 67.

88 *ਸੱਚਖੰਡ ਪੱਤਰ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਜਨਵਰੀ 1992, ਪੰਨਾ 24.

ਜੋਤਿ ਸਮਾਉਣ ਵਾਲੇ ਦਿਨ ) ਨੂੰ ਨਾਂਦੇੜ ਤੋਂ ਹੈਦਾਰਬਾਦ ਵੱਲ ਕੂਚ ਕੀਤਾ ਸੀ ਪਰ ਇਹ ਠੀਕ ਨਹੀਂ ਹੈ ਕਿਉਂਕਿ ਇਸ ਸਮੇਂ ਤੱਕ ਗੁਰੂ ਸਾਹਿਬ ਜੀ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਜਾਣ ਦਾ ਹੁਕਮ ਦੇ ਚੁੱਕੇ ਸਨ ਹੁਣ ਜੇਕਰ ਮੰਨ ਵੀ ਲਿਆ ਜਾਵੇ ਇਸ ਸਮੇਂ ਤੱਕ ਬਹਾਦਰ ਸ਼ਾਹ ਨਾਂਦੇੜ ਵਿਚ ਸੀ ਤਾਂ ਇਸ ਸਮੇਂ ਦੌਰਾਨ ਬਹਾਦਰ ਸ਼ਾਹ ਦੀ ਗੁਰੂ ਸਾਹਿਬ ਨਾਲ ਹੋਈ ਕੋਈ ਗੱਲਬਾਤ ਜਾਂ ਮੁਲਾਕਾਤ ਦਾ , ਬੰਦਾ ਬਹਾਦਰ ਨੂੰ ਪੰਜਾਬ ਭੇਜਣ ਦੇ ਸੰਬੰਧ ਵਿਚ ਜਾਂ ਬੰਦਾ ਬਹਾਦਰ ਨੂੰ ਪੰਜਾਬ ਭੇਜਣ ਕਾਰਨ ਬਹਾਦਰ ਸ਼ਾਹ ਨੂੰ ਹੋਈ ਨਰਾਜ਼ਗੀ ਦੇ ਸੰਬੰਧ ਵਿਚ, ਸਿੱਖ ਇਤਿਹਾਸ ਵਿਚ ਕਿਤੇ ਜ਼ਿਕਰ ਨਹੀਂ ਮਿਲਦਾ। ਬਹਾਦਰ ਸ਼ਾਹ ਕਾਮ ਬ ਖ਼ਸ਼ ਨੂੰ ਉਖਾੜ ਸੁੱਟਣ (ਹਰਾਉਣ) ਅਤੇ ਦੱਖਣ ਦੇ ਮਾਮਲਿਆਂ ਨੂੰ ਸੁਲਝਾਉਣ ਤੋਂ ਬਾਅਦ ਮਈ , 1710 ਵਿਚ ਰਾਜਪੂਤਾਨੇ ਵਾਪਸ ਪਰਤਿਆ।[89] ਫਿਰ ਇਥੋਂ ਮੁੜ ਦਿੱਲੀ ਪਹੁੰਚਿਆ ਸੀ।

ਨਾਂਦੇੜ ਵਿਖੇ ਗੁਰੂ ਜੀ ਨੇ ਬਾਦਸ਼ਾਹ ਦੁਆਰਾ ਪੇਸ਼ ਕੀਤਾ ਹੀਰਾ ਨਦੀ ਵਿਚ ਸੁੱਟ ਦਿੱਤਾ ਸੀ। ਬਾਦਸ਼ਾਹ ਜਿਹੜੀ ਦੌਲਤ ਗੁਰੂ ਸਾਹਿਬ ਨੂੰ ਭੇਟ ਕਰਦਾ ਹੈ , ਉਸ ਦੀ ਉਨ੍ਹਾਂ ਕੋਲ ਕਮੀ ਨਹੀਂ। ਹੀਰਾ ਨਦੀ ਦੀ ਭੇਟ ਕਰ ਕੇ ਗੁਰੂ ਸਾਹਿਬ ਉਸ ਨੂੰ ਸਮਝਾ ਦਿੰਦੇ ਹਨ ਕਿ ਪੰਜਾਬ ਦਾ ਅਮਨ -ਚੈਨ ਇਨ੍ਹਾਂ ਤੋਹਫਿਆਂ ਨਾਲ ਖ਼ਰੀਦਿਆ ਨਹੀਂ ਜਾ ਸਕਦਾ। ਇਸ ਦੀ ਇੱਕੋ ਹੀ ਕੀਮਤ ਹੈ, ਪੰਜਾਬ ਵਿੱਚ ਸਿੱਖਾਂ ਲਈ ਇਨਸਾਫ਼ ਅਤੇ ਨਾਂਦੇੜ ਵਿਚ ਮੁਕਾਮ ਦੌਰਾਨ , ਇਹ ਸਪੱਸ਼ਟ ਸੀ ਕਿ ਇਨਸਾਫ਼ ਲੈਣ ਲਈ ਤਲਵਾਰ ਦੇ ਮੁੱਠੇ ’ਤੇ ਹੱਥ ਰੱਖਣਾ ਹੀ ਜਾਇਜ਼ ਹੈ, ਜਦ ਸਾਰੇ ਹੀਲੇ-ਵਸੀਲੇ ਅਸਫ਼ਲ ਹੋ ਜਾਣ:[90]

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ**

**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।22।**[91]

### ਮਾਤਾ ਸਾਹਿਬ ਕੌਰ ਨੂੰ ਵਾਪਿਸ ਦਿੱਲੀ ਭੇਜਣਾ

ਮਾਤਾ ਸਾਹਿਬ ਕੌਰ ਨੂੰ ਖ਼ਾਲਸਾ ਪੰਥ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੈ। ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਿੱਲੀ ਤੋਂ ਦੱਖਣ ਵੱਲ ਨਾਂਦੇੜ ਵਿਖੇ ਆਏ ਤਾਂ ਉਸ ਸਮੇਂ ਗੁਰੂ ਸਾਹਿਬ ਨਾਲ ਮਾਤਾ ਸਾਹਿਬ ਕੌਰ

---

89 Richard Burn, Sir (Edited), *The Cambridge History of India,* Vol 4 (The Mughul Period), S. Chand & Co., Dehli, 1971, page 322.

90 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ*, ਪੰਨਾ 62.

91 ਪਦਮ, ਪਿਆਰਾ ਸਿੰਘ (ਸੰਪਾ.), *ਜ਼ਫ਼ਰਨਾਮਾ ਤੇ ਪੰਜ ਹੋਰ ਨਾਮੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013 (ਛੇਵੀਂ ਵਾਰ), ਪੰਨਾ 49.

ਵੀ ਆਏ ਸਨ। ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਕਿਨਾਰੇ ਬ੍ਰਾਹਮਣਵਾੜਾ ਵਿਖੇ ਹੀਰਾ ਘਾਟ ਦੇ ਸਥਾਨ ਤੋਂ ਕੁਝ ਦੂਰੀ 'ਤੇ ਮਾਤਾ ਸਾਹਿਬ ਕੌਰ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਸੀ। ਜਿੱਥੇ ਮੌਜੂਦਾ ਸਮੇਂ ਵਿਚ ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ ਬਣਿਆ ਹੋਇਆ ਹੈ। ਇੱਥੇ ਮਾਤਾ ਜੀ ਨੇ ਆਪਣਾ ਸਮਾਂ ਭਜਨ ਬੰਦਗੀ ਵਿਚ ਬਤੀਤ ਕੀਤਾ। ਇਸ ਅਸਥਾਨ 'ਤੇ ਹੀ ਮਾਤਾ ਜੀ ਆਪਣੇ ਹੱਥਾਂ ਨਾਲ ਗੁਰੂ ਸਾਹਿਬ ਅਤੇ ਸਿੰਘਾਂ ਵਾਸਤੇ ਲੰਗਰ ਤਿਆਰ ਕਰਿਆ ਕਰਦੇ ਸਨ। ਅੰਤਰ ਜਾਮੀ ਗੁਰੂ ਸਾਹਿਬ ਨੂੰ ਆਉਣ ਵਾਲੇ ਸਮੇਂ ਦਾ ਸਭ ਕੁਝ ਪਤਾ ਸੀ। ਜਦੋਂ ਮਾਤਾ ਜੀ ਨੂੰ ਇੱਥੇ ਰਹਿੰਦਿਆਂ ਕੁਝ ਸਮਾਂ ਹੋ ਗਿਆ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਵਾਪਿਸ ਦਿੱਲੀ ਚਲੇ ਜਾਣ ਅਤੇ ਮਾਤਾ ਸੁੰਦਰੀ ਜੀ ਨਾਲ ਰਹਿਣ ਦਾ ਹੁਕਮ ਕੀਤਾ। ਅਖ਼ੀਰ ਵਿਚ ਪਤੀ-ਪਰਮੇਸ਼ਰ ਸੱਚੇ ਗੁਰੂ ਦਾ ਹੁਕਮ ਮੰਨ ਕੇ ਮਾਤਾ ਜੀ ਕੁਝ ਸਿੰਘਾਂ ਸਮੇਤ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਕੋਲ ਵਾਪਿਸ ਆ ਗਏ ਸਨ ਪਰ ਮਾਤਾ ਜੀ ਨੇ ਨਾਂਦੇੜ ਤੋਂ ਤੁਰਨ ਸਮੇਂ ਦਸਮ ਪਾਤਸ਼ਾਹ ਅੱਗੇ ਬਿਹਬਲਤਾ ਸਹਿਤ ਬੇਨਤੀ ਕੀਤੀ ਕਿ ਅਸੀਂ ਆਪ ਜੀ ਦੇ ਦਰਸ਼ਨ ਕੀਤੇ ਬਿ ਨਾਂ ਭੋਜਨ ਨਹੀਂ ਛਕਦੇ ਇਸ ਲਈ ਸਾਨੂੰ ਆਪਣੇ ਚਰਨਾਂ ਦੇ ਕੋਲ ਹੀ ਰੱਖੋ। ਗੁਰੂ ਸਾਹਿਬ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਪੰਜ ਸ਼ਸਤਰ, ਇੱਕ ਖੰਜਰ, ਦੋ ਜਮਧਾਰ, ਇੱਕ ਕਿਰਪਾਨ ਅਤੇ ਇੱਕ ਖੰਡਾ ਨਾਲ ਲੈ ਕੇ ਜਾਣ ਲਈ ਦਿੱਤੇ। ਉਹਨਾਂ ਕਿਹਾ ਕਿ ਇਹਨਾਂ ਸ਼ਸ਼ਤਰਾਂ ਦੇ ਦਰਸ਼ਨ ਹੀ ਸਾਡੇ ਦਰਸ਼ਨ ਹੋਣਗੇ। ਇਹ ਸ਼ਸ਼ਤਰ ਛੇਵੇਂ ਗੁਰੂ ਹਰਗੋਬਿੰਦ ਜੀ ਦੇ ਸਨ।[92]

ਕੁਝ ਸਿੰਘਾਂ ਨਾਲ ਮਾਤਾ ਜੀ ਨੂੰ ਦਿੱਲੀ ਵੱਲ ਤੋਰਿਆ। ਦੋ ਪਾਲਕੀਆਂ ਅੱਗੇ-ਪਿੱਛੇ ਚੱਲ ਰਹੀਆਂ ਸਨ, ਅੱਗੇ ਵਾਲੀ ਪਾਲਕੀ ਵਿੱਚ ਗੁਰੂ ਜੀ ਦੇ ਬਖਸ਼ੇ ਸ਼ਸਤਰ ਤੇ ਮੋਹਰ ਸੀ, ਦੂਸਰੀ ਪਾਲਕੀ ਵਿੱਚ ਪੂਜਯ ਮਾਤਾ ਸਾਹਿਬ ਕੌਰ ਜੀ ਸਨ।[93] ਕਿਹੜੀ ਤਰੀਕ ਅਤੇ ਕਿਹੜੇ ਦਿਨ ਮਾਤਾ ਜੀ ਨਾਂਦੇੜ ਤੋਂ ਦਿੱਲੀ ਨੂੰ ਤੁਰੇ ਇਸ ਸੰਬੰਧੀ ਸਿੱਖ ਇਤਿਹਾਸ ਵਿਚ ਅੰਕਿਤ ਵੇਰਵਾ ਨਹੀਂ ਮਿਲਦਾ। ਸਿੱਖ ਧਰਮ ਦੇ ਇਤਿਹਾਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਦਿੱਤਾ। ਸਿੱਖ ਇਤਿਹਾਸ ਵਿਚ ਮਾਤਾ ਸਾਹਿਬ ਕੌਰ ਦਾ ਨਾਮ ਜ਼ਿਆਦਾ ਮਾਤਾ ਸਾਹਿਬ ਦੇਵਾਂ ਕਰਕੇ ਪ੍ਰਚੱਲਿਤ ਹੈ। ਮਾਤਾ ਸਾਹਿਬ ਕੌਰ ਅਤੇ

---

[92] ਵਰਮਾ, ਦੇਵਿੰਦਰ ਕੁਮਾਰ , *ਮਾਤਾ ਸਾਹਿਬ ਕੌਰ ,* ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼ -437, ਪਟਿਆਲਾ, ਅਪ੍ਰੈਲ 1994 (ਪਹਿਲੀ ਐਡੀਸ਼ਨ), ਪੰਨਾ 12.

[93] ਜੁਝਾਰ ਸਿੰਘ, ਗਿਆਨੀ, *ਮਾਤਾ ਸਾਹਿਬ ਕੌਰ (ਖ਼ਾਲਸੇ ਦੀ ਮਾਤਾ),* ਭਾ. ਚਤਰ ਸਿੰਘ ਜੀਵਨ ਸਿੰਘ , ਅੰਮ੍ਰਿਤਸਰ, 2008 (ਪਹਿਲੀ ਐਡੀਸ਼ਨ), ਪੰਨਾ 91.

ਮਾਤਾ ਸੁੰਦਰੀ ਕੌਰ ਨੂੰ ਜਿੱਥੇ ਬਹੁਤ ਸਮਾਂ ਇਕੱਠੇ ਰਹਿਣ ਦਾ ਸੁਭਾਗਾ ਸਮਾਂ ਪ੍ਰਾਪਤ ਹੋਇਆ ਸੀ। ਉੱਥੇ ਹੀ ਦਿੱਲੀ ਤੋਂ ਖ਼ਾਲਸਾ ਪੰਥ ਦੀ ਅਗਵਾਈ ਕਰਨ ਦਾ ਵੀ ਮਾਣ ਪ੍ਰਾਪਤ ਹੋਇਆ ਸੀ। ਇਸ ਬਾਰੇ ਉਨ੍ਹਾਂ ਦੇ ਨਾਂ 'ਤੇ ਸਿੱਖ ਸੰਗਤਾਂ ਨੂੰ ਭੇਜੇ ਹੁਕਮਨਾਮਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ। ਗੁਰੂ ਜੀ ਨੇ ਮਾਤਾ ਸਾਹਿਬ ਕੌਰ ਨੂੰ ਜੋ ਪੰਜ ਸ਼ਸਤਰ ਦਿੱਤੇ ਸਨ, ਉਹ ਆਪਣੇ ਅੰਤਿਮ ਸਮੇਂ ਤੱਕ ਉਨ੍ਹਾਂ ਨੇ ਬੜੇ ਅਦਬ-ਸਤਿਕਾਰ ਨਾਲ ਸੰਭਾਲ ਕਰ ਕੇ ਰੱਖੇ ਸਨ। ਡਾ. ਪਰਮਵੀਰ ਸਿੰਘ ਅਨੁਸਾਰ ਗੁਰੂ ਜੀ ਨੇ ਉਨ੍ਹਾਂ ਨੂੰ ਨਾਂਦੇੜ ਤੋਂ ਜਾਣ ਸਮੇਂ ਪੰਜ ਸ਼ਸਤਰ ਦਿੱਤੇ ਸਨ ਜਿਹੜੇ ਕਿ ਉਨ੍ਹਾਂ ਆਪਣੇ ਅੰਤਿਮ ਸਮੇਂ ਤਕ ਸੰਭਾਲ ਕੇ ਰੱਖੇ ਸਨ ਅਤੇ ਉਨ੍ਹਾਂ ਤੋਂ ਬਾਅਦ ਮਾਤਾ ਸੁੰਦਰੀ ਜੀ ਨੇ ਉਨ੍ਹਾਂ ਸ਼ਸਤਰਾਂ ਦੀ ਸੰਭਾਲ ਕੀਤੀ ਸੀ।[94]

**ਗੁਰੂ ਸਾਹਿਬ ਨੇ ਢਾਲਾਂ ਭਰ ਕੇ ਤਨਖਾਹਾਂ ਵੰਡੀਆਂ**

ਨਾਂਦੇੜ ਵਿਖੇ ਇੱਕ ਅਸਥਾਨ ਗੁਰਦੁਆਰਾ ਸੰਗਤ ਸਾਹਿਬ ਹੈ ਜੋ ਸ਼ਹਿਰ ਦੇ ਇੱਕ ਮੁਹੱਲੇ ਬ੍ਰਹਮਪੁਰੀ ਵਿਚ ਦਰਿਆ ਗੋਦਾਵਰੀ ਦੇ ਕੰਢੇ 'ਤੇ ਸਥਿਤ ਹੈ। ਇਸ ਅਸਥਾਨ 'ਤੇ ਗੁਰੂ ਜੀ ਸੰਗਤਾਂ ਨੂੰ ਧਰਮ ਉਪਦੇਸ਼ ਦਿਆ ਕਰਦੇ ਸਨ। ਸੰਗਤ ਵਿਚ ਹਿੰਦੂ, ਸਿੱਖ, ਮੁਸਲਮਾਨ ਹਰ ਤਰ੍ਹਾਂ ਦੇ ਵਿਅਕਤੀ ਸ਼ਾਮਿਲ ਹੁੰਦੇ ਸਨ। ਗੁਰੂ ਜੀ ਦਾ ਉਪਦੇਸ਼ ਰੂਹਾਨੀ ਵੀ ਸੀ ਅਤੇ ਸੰਸਾਰਕ ਵੀ। ਉਹ ਆਪਣੇ ਅਨੁਆਈਆਂ ਨੂੰ ਇਸ ਸੰਸਾਰ ਨੂੰ ਖੁੱਲ੍ਹੀਆਂ ਅੱਖਾਂ ਨਾਲ ਦੇਖਣ ਦਾ ਉਪਦੇਸ਼ ਵੀ ਦਿੰਦੇ ਸਨ ਅਤੇ ਅਕਾਲ ਪੁਰਖ ਦੇ ਭੈਅ ਅਤੇ ਭਾਉ (ਪਿਆਰ) ਵਿਚ ਰਹਿਣ ਦੀ ਸਿੱਖਿਆ ਵੀ ਦਿੰਦੇ ਸਨ।[95]

ਸਥਾਨਿਕ ਸਿੱਖ ਰਵਾਇਤ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਹੀਰਾ ਘਾਟ ਦੇ ਅਸਥਾਨ ਤੋਂ ਬਾਅਦ ਨਾਂਦੇੜ ਨਗਰ ਵਿਚ ਪਹੁੰਚੇ ਤਾਂ ਸਭ ਤੋਂ ਪਹਿਲਾਂ ਗੁਰਦੁਆਰਾ ਸੰਗਤ ਸਾਹਿਬ ਵਾਲੇ ਅਸਥਾਨ ਉੱਤੇ ਠਹਿਰਾਅ ਕੀਤਾ। ਇਸ ਅਸਥਾਨ ਤੋਂ ਬਾਅਦ ਗੁਰੂ ਸਾਹਿਬ ਨੇ ਆਪਣਾ ਡੇਰਾ ਗੁਰਦੁਆਰਾ ਨਗੀਨਾ ਘਾਟ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਲੀ ਥਾਂ ਉੱਤੇ ਲਾ ਲਿਆ ਸੀ। ਤਖ਼ਤ ਹਜ਼ੂਰ ਸਾਹਿਬ ਵੱਲੋਂ ਪ੍ਰਕਾਸ਼ਿਤ '*ਸੱਚਖੰਡ ਯਾਤਰਾ*' ਅਨੁਸਾਰ ਪੰਜਾਬ ਤੋਂ ਗੁਰੂ ਜੀ ਨਾਲ ਆਈਆਂ ਫੌਜਾਂ ਗੁਰੂ ਜੀ ਪਾਸੋਂ ਆਪਣੀ

---

[94] ਪਰਮਵੀਰ ਸਿੰਘ, *ਮਾਤਾ ਸੁੰਦਰੀ ਜੀ ਸੰਘਰਸ਼ ਅਤੇ ਸ਼ਖ਼ਸੀਅਤ* , ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2012 (ਪਹਿਲੀ ਵਾਰ), ਪੰਨਾ 80.

[95] ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ,* ਪੰਨਾ 649.

ਤਨਖਾਹ ਦੀ ਮੰਗ ਕਰ ਰਹੀਆਂ ਸਨ। ਸੋ ਗੁਰੂ ਜੀ ਨੇ ਗੁਰਦੁਆਰਾ ਮਾਲਟੇਕੜੀ ਸਾਹਿਬ ਜੀ ਦੇ ਅਸਥਾਨ (ਨੂੰ ਖੁਦਵਾਕੇ) ਤੋਂ ਮੰਗਵਾਈ ਭਾਰੀ ਰਕਮ ਸੰਗਤ ਸਾਹਿਬ ਵਿਖੇ ਢਾਲਾਂ ਦੇ ਹਿਸਾਬ ਨਾਲ ਖਾਲਸਾਈ ਅਤੇ ਸ਼ਾਹੀ ਫੌਜਾਂ ਵਿੱਚ ਵੰਡੀ।[96] ਸਿੰਘਾਂ ਨੂੰ ਹੁਕਮ ਦੇ ਕੇ ਬਾਕੀ ਬਚਿਆ (ਮੋਹਰਾਂ) ਖ਼ਜ਼ਾਨਾ ਵਾਪਿਸ ਉਸੇ ਥਾਂ ਰੱਖਵਾ ਕੇ ਦੱਬਵਾ ਦਿੱਤਾ। ਸਿੰਘਾਂ ਨੇ ਪੁੱਛਿਆ "ਮਹਾਰਾਜ! ਜੋ ਬਚਿਆ ਖ਼ਜ਼ਾਨਾ ਇਸ ਥਾਂ 'ਤੇ ਦੱਬਿਆ ਗੁਪਤ ਖ਼ਜ਼ਾਨਾ ਰੱਖਣ ਦਾ ਕੀ ਕਾਰਨ ਹੈ , ਤਾਂ ਗੁਰੂ ਜੀ ਨੇ ਫੁਰਮਾਇਆ ਜਦੋਂ 96 ਕਰੋੜ ਖਾਲਸਾ ਸਜੇਗਾ ਉਸ ਦਿਨ ਤੋਂ ਇਸ ਖ਼ਜ਼ਾਨੇ ਤੋਂ ਢਾਈ ਦਿਨਾਂ ਦਾ ਅਤੁੱਟ ਲੰਗਰ ਚਲੇਗਾ। [97] ਗੁਰਦੁਆਰਾ ਸੰਗਤ ਸਾਹਿਬ ਵਿਖੇ ਅੱਜ ਵੀ ਉਹ ਢਾਲ ਸੰਭਾਲ ਕੇ ਰੱਖੀ ਹੋਈ ਹੈ, ਜਿਸ ਨਾਲ ਗੁਰੂ ਜੀ ਨੇ ਫ਼ੌਜਾਂ ਨੂੰ ਤਨਖ਼ਾਹ ਦੇ ਰੂਪ ਵਿਚ ਮੋਹਰਾਂ ਵੰਡੀਆਂ ਸਨ। ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਨੂੰ ਹਰ ਰੋਜ਼ ਇਸ ਢਾਲ ਦੇ ਦਰਸ਼ਨ ਕਰਵਾਏ ਜਾਂਦੇ ਹਨ।

### ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਵਰਣਨ

ਜਦੋਂ ਗੁਰੂ ਸਾਹਿਬ ਨਾਂਦੇੜ ਵਿਖੇ ਠਹਿਰੇ ਹੋਏ ਸਨ ਤਾਂ ਅੰਮ੍ਰਿਤ ਵੇਲੇ ਗੋਦਾਵਰੀ ਦੇ ਜਲ ਨਾਲ ਇਸ਼ਨਾਨ ਕਰਦੇ। ਉਪਰੰਤ ਦੀਵਾਨ ਸਜਾਉਂਦੇ। ਸਵੇਰ-ਸ਼ਾਮ ਸੰਗਤਾਂ ਇਕਾਗਰਤਾ ਨਾਲ ਗੁਰੂ ਜੀ ਦੇ ਪਾਵਨ ਮੁਖਾਰਬਿੰਦ ਤੋਂ ਗੁਰਬਾਣੀ ਅਤੇ ਕਥਾ-ਕੀਰਤਨ ਸੁਣਦੀਆਂ ਸਨ। ਦਿਨ ਦੇ ਸਮੇਂ ਗੁਰੂ ਸਾਹਿਬ ਗੁਰਬਾਣੀ ਦੇ ਅਰਥ ਕਰਕੇ ਸਿੰਘਾਂ ਨੂੰ ਸੁਣਾਉਂਦੇ। ਕਈ ਵਾਰ ਗੁਰਦੁਆਰਾ ਸ਼ਿਕਾਰ ਘਾਟ ਵਾਲੀ ਪਹਾੜੀ ਉੱਤੇ ਆਰਾਮ ਕਰਨ ਚਲੇ ਜਾਂਦੇ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਸਾਹਿਬ ਜੀ ਕਦੇ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਵਰਣਨ ਕਰਕੇ ਖਾਲਸੇ ਨੂੰ ਸੁਣਾਇਆ ਕਰਦੇ ਜਿਸ ਕਰ ਕੇ ਬ੍ਰਹਮਗਿਆਨ ਦੀ ਚਰਚਾ ਸਤਿਸੰਗ ਹਰ ਵੇਲੇ ਰਹਿਣੇ ਕਰਕੇ ਸਿੱਖਾਂ ਦੀ ਬ੍ਰਿਤੀ ਬ੍ਰਹਮਾਨੰਦ ਵਿਚ ਮਗਨ ਰਹਿਣ ਲਗੀ। ਜਦੋਂ ਕਿ ਅਰਥ ਤਾਂ ਸਭ ਸਿੱਖ ਸੁਣਦੇ ਸਨ ਪਰ ਧਾਰਨ ਕਰਕੇ ਸਭ ਤੋਂ ਅਧਿਕ ਭਾਈ ਮਨੀ ਸਿੰਘ ਜੀ ਫੇਰ ਦੋਬਾਰਾ ਸਿੰਘਾਂ ਨੂੰ ਸੁਣਾਇਆ ਕਰਦੇ ਜਿਸ ਕਰਕੇ ਅੱਗੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਸੰਪ੍ਰਦਾਇ ਦਾ ਚਲਣਾ

---

96 *ਸੱਚਖੰਡ ਯਾਤਰਾ,* ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਮਿਤੀਹੀਣ, ਪੰਨਾ 30.

97 ਸਹੋਤਾ, ਗੁਰਪ੍ਰੀਤ ਸਿੰਘ, *ਯਾਦਾਂ ਸ੍ਰੀ ਹਜ਼ੂਰ ਸਾਹਿਬ ਦੀਆਂ (ਸਫ਼ਰਨਾਮਾ),* ਪੰਜਾਬੀ ਸਾਹਿਤ ਪਬਲੀਕੇਸ਼ਨਜ਼ , ਬਾਲੀਆਂ, ਸੰਗਰੂਰ, 2015, ਪੰਨਾ 51.

ਭਾਈ ਮਨੀ ਸਿੰਘ ਜੀ ਤੋਂ ਗਿਣਿਆਂ ਜਾਂਦਾ ਹੈ ਅਤੇ ਸਾਰੇ ਪੰਥ ਵਿੱਚ ਪ੍ਰਵਾਨ ਹੈ, ਗੁਰੂ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਸ੍ਰੀ ਗ੍ਰੰਥ ਸਾਹਿਬ ਜੀ ਦੀ ਨਿਰਬਾਣ ਬਾਣੀ ਸੁਣਕੇ ਬਹੁਤ ਸਿੰਘ ਜੀਵਨ ਮੁਕਤੀ ਦੇ ਅਧਿਕਾਰੀ ਹੋ ਗਏ।[98]

ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ ਦੇ ਨਾਲ-ਨਾਲ ਗੁਰਬਾਣੀ ਦੀ ਕਥਾ ਵੀ ਆਰੰਭ ਕੀਤੀ। ਲਿਖਾਈ ਅਤੇ ਕਥਾ ਦਾ ਸਮਾਂ ਇਸ ਤਰ੍ਹਾਂ ਰੱਖਿਆ ਗਿਆ ਕਿ ਅੰਮ੍ਰਿਤ ਵੇਲੇ ਤੰਬੂ ਵਿਚ ਲਿਖਾਈ ਹੁੰਦੀ ਸੀ ਅਤੇ ਸ਼ਾਮ ਨੂੰ ਸਾਰੀ ਲਿਖੀ ਬਾਣੀ ਦੀ ਕਥਾ ਹੁੰਦੀ ਸੀ ਅਤੇ ਗੁਰੂ ਸਾਹਿਬ ਆਪਣੇ ਮੁਖ਼ਾਰਬਿੰਦ ਤੋਂ ਗੁਰਬਾਣੀ ਦੇ ਗੁਹਝ-ਪਦ ਅਰਥਾਂ ਦੀ ਵਿਆਖਿਆ ਕਰਦੇ ਸਨ।[99] ਇਸੇ ਤਰ੍ਹਾਂ ਨਾਂਦੇੜ ਵਿਖੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਕਰਕੇ ਸੁਣਾਇਆ ਕਰਦੇ। ਦੂਰੋਂ-ਨੇੜਿਉਂ ਗੁਰੂ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਗੁਰਬਾਣੀ ਦੀ ਕਥਾ ਸੁਣ ਕੇ ਨਿਹਾਲ ਹੁੰਦੀਆਂ ਸਨ।

**ਗੁਰੂ ਸਾਹਿਬ ਉੱਤੇ ਕਾਤਲਾਨਾ ਵਾਰ**

ਇਹ ਉਹੀ ਸਮਾਂ ਸੀ ਜਦੋਂ ਪੰਜਾਬ ਵਿਚ ਵ ਜ਼ੀਰ ਖਾਂ ਹਾਲੇ ਵੀ ਸਰਹੰਦ ਦਾ ਸੂਬੇਦਾਰ ਸੀ ਅਤੇ ਪਹਾੜੀ ਰਿਆਸਤਾਂ ਦੇ ਰਾਜਿਆ ਦਾ ਗੱਠਜੋੜ ਵੀ ਉਸੇ ਤਰ੍ਹਾਂ ਹੀ ਬਰਕਰਾਰ ਸੀ। ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਵਿਚਕਾਰ ਵੱਧਦੀ ਨੇੜਤਾ ਤੋਂ ਸਰਹਿੰਦ ਦਾ ਨਵਾਬ ਵਜੀਰ ਖਾਂ ਬਹੁਤ ਡਰ ਗਿਆ ਸੀ। ਉਸ ਨੂੰ ਡਰ ਸੀ ਕਿ ਗੁਰੂ ਜੀ ਕਦੇ ਵੀ ਪੰਜਾਬ ਵਾਪਸ ਆ ਕੇ ਉਸ ਤੋਂ ਬਦਲਾ ਲੈ ਸਕਦੇ ਹਨ। ਵਜ਼ੀਰ ਖਾਂ ਨੂੰ ਇਹ ਸਭ ਇਤਲਾਹ ਮਿਲ ਚੱਕੀ ਸੀ ਕਿ ਕਿਵੇਂ ਗੁਰੂ ਜੀ ਨੇ ਨਿਤਾਣੇ ਬਹਾਦਰ ਸ਼ਾਹ ਦੀ ਮਦਦ ਕਰਕੇ ਉਸ ਨੂੰ ਹਿੰਦੁਸਤਾਨ ਦਾ ਖੁੱਸ ਰਿਹਾ ਰਾਜ ਭਾਗ ਦਿਵਾਇਆ ਅਤੇ ਫਿਰ ਬਾਦਸ਼ਾਹ ਨੇ ਆਗਰੇ ਦੇ ਕਿਲ੍ਹੇ ਵਿੱਚ ਸ਼ਾਹੀ ਦਰਬਾਰ ਸਜਾ ਕੇ ਗੁਰੂ ਜੀ ਦਾ ਬਹੁਤ ਮਾਣ ਸਤਿਕਾਰ ਕੀਤਾ। ਉਸ ਨੂੰ ਇਹ ਫ਼ੁਰਮਾਨ ਵੀ ਮਿਲ ਚੁੱਕਾ ਸੀ ਕਿ 300 ਰੁਪਏ ਰੋਜ਼ਾਨਾ ਸਰਹਿੰਦ ਦੇ ਖਜ਼ਾਨੇ ਵਿਚੋਂ ਗੁਰੂ ਜੀ ਨੂੰ ਭੇਜੇ।[100] ਇਸ ਨਾਲ ਉਸ ਦੇ

---

98 ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਪੰਨਾ 1129.

99 ਕੋਠਾ ਗੁਰੂ, ਬਲਵੰਤ ਸਿੰਘ (ਗਿਆਨੀ), *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਗਿਆਨੀ ਕੌਰ ਸਿੰਘ ਸਾਹਿਤਯ ਸਾਸ਼ਤ੍ਰੀ, ਕੋਠਾ ਗੁਰੂ, ਬਠਿੰਡਾ, 2017 (ਤੀਜਾ ਸੰਸਕਰਣ), ਪੰਨਾ 30.

100 *ਸੱਚਖੰਡ ਯਾਤਰਾ,* ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਮਿਤੀਹੀਣ, ਪੰਨਾ 12.

ਡਰ ਅਤੇ ਈਰਖਾ ਵਿਚ ਜ਼ਰੂਰ ਹੋਰ ਵਾਧਾ ਹੋਇਆ ਹੋਵੇਗਾ। ਇਹ ਵੀ ਸਪੱਸ਼ਟ ਸੀ ਕਿ ਗੁਰੂ ਸਾਹਿਬ ਅਤੇ ਬਾਦਸ਼ਾਹ ਵਿਚਕਾਰ ਹੋਈ ਗੱਲਬਾਤ ਅਨੁਸਾਰ ਉਸਨੂੰ ਸਜਾ ਜ਼ਰੂਰ ਮਿਲੇਗੀ।

ਇਸ ਲਈ ਠੀਕ ਇਸੇ ਸਮੇਂ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਂ ਨੇ ਇੱਕ ਹੋਰ ਜ਼ੁਲਮ ਕਰਨ ਦੀ ਧਾਰ ਲਈ। ਗੁਰੂ ਸਾਹਿਬ ਨੂੰ ਕਤਲ ਕਰਨ ਲਈ ਦੋ ਪਠਾਣ ਜਮਸ਼ੈਦ ਖ਼ਾਂ (ਇੱਕ ਸਰਕਾਰੀ ਅਹੁਦੇਦਾਰ) ਅਤੇ ਗੁੱਲ ਖ਼ਾ (ਪੋਤਰਾ ਪੈਂਦੇ ਖਾਂ, ਜੋ ਗੁਰੂ ਹਰਿਗੋਬਿੰਦ ਸਾਹਿਬ ਹੱਥੋਂ ਮਾਰਿਆ ਗਿਆ ਸੀ) ਮੁਕੱਰਰ ਕਰ ਦਿੱਤੇ।[101] ਗੁਰੂ ਕੀਆਂ ਸਾਖੀਆਂ ਵਿਚ ਇਨ੍ਹਾਂ ਪਠਾਣਾਂ ਦੇ ਨਾਮ ਜਮਸ਼ੈਦ ਜਾਂ ਜਮਸ਼ੇਦ ਖ਼ਾਂ ਅਤੇ ਬਾਸ਼ਲ ਬੇਗ ਲਿਖਿਆ ਹੈ। ਤਵਾਰੀਖ ਗੁਰੂ ਖਾਲਸਾ ਵਿਚ ਗੁਲ ਖ਼ਾਂ ਅਤੇ ਅਤਾਉੱਲਾ ਖ਼ਾਂ ਲਿਖਿਆ ਹੈ। ਇਤਿਹਾਸਕ ਸ੍ਰੋਤ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ , ਗੁਰਬਿਲਾਸ ਪਾਤਸ਼ਾਹੀ ਦਸ ਮੀ, ਤਵਾਰੀਖ ਗੁਰੂ ਖਾਲਸਾ ਵਿਚ ਜ਼ਿਕਰ ਹੈ ਕਿ ਇਹ ਪਠਾਣ ਗੁਰੂ ਗੋਬਿੰਦ ਸਿੰਘ ਜੀ ਤੋਂ ਆਪਣੇ ਦਾਦੇ ਪੈਂਦੇ ਖ਼ਾਂ ਦੀ ਮੌਤ ਦਾ ਬਦਲਾ ਲੈਣ ਲਈ ਨਾਂਦੇੜ ਵਿਖੇ ਪਹੁੰਚੇ ਅਤੇ ਗੁਰੂ ਜੀ ਨੇ ਆਪਣੇ ਉੱਤੇ ਵਾਰ ਕਰਨ ਲਈ ਇਨ੍ਹਾਂ ਪਠਾਣਾ ਨੂੰ ਉਕਸਾਇਆ। ਆਧੁਨਿਕ ਵਿਦਵਾਨ ਭਾਈ ਵੀਰ ਸਿੰਘ ਲਿਖਦੇ ਹਨ ਕਿ ਬਦਲਾ ਕਾਹਦਾ ? ਮੈਦਾਨ ਜੰਗ ਵਿਚ ਮਰਿਆਂ ਦਾ ਬਦਲਾ ਦੇਣਾ ਹੋਵੇ ਤਾਂ ਇੱਕ ਇਸ ਪਠਾਣ ਦੇ ਪਿਉ ਜਾਂ ਦਾਦੇ ਦੇ ਬਦਲੇ ਦੇਣ ’ਤੇ ਗੱਲ ਕਿਉਂ ਮੁੱਕੇ ; ਜਿੰਨੇ ਆਦਮੀ ਗੁਰੂ ਜੀ ਦੇ ਤੀਰ ਤਲਵਾਰ ਨਾਲ ਮਰੇ ਸਭ ਦੇ ਬਦਲੇ ਦਿੱਤੇ ਜਾਣੇ ਚਾਹੀਏ।[102] ਜੇਕਰ ਗੁਰੂ ਸਾਹਿਬ ਨੇ ਉਸ ਪਠਾਣ ਨੂੰ ਆਪਣੇ ਦਾਦੇ ਦਾ ਬਦਲਾ ਲੈਣ ਲਈ ਉਕਸਾਇਆ ਤਾਂ ਫੇਰ ਜਦੋਂ ਉਹ ਪਠਾਣ ਗੁਰੂ ਜੀ ਦੇ ਜਵਾਬੀ ਵਾਰ ਨਾਲ ਮਾਰਿਆ ਗਿਆ ਤਾਂ ਇਸ ਦਾ ਕੀ ਅਰਥ ਹੈ ? ਦੂਜਾ ਜੇ ਗੁਰੂ ਜੀ ਬਦਲਾ ਦੇਣਾ ਚਾਹੁੰਦੇ ਸੀ ਅਤੇ ਉਹ ਪਠਾਣ ਬਦਲਾ ਲੈਣਾ ਚਾਹੁੰਦਾ ਸੀ ਤਾਂ ਗੁਰੂ ਜੀ ’ਤੇ ਵਾਰ ਕਰਕੇ ਉਸ ਦਾ ਬਦਲਾ ਚੁਕ ਗਿਆ ਅਤੇ ਹਿਸਾਬ ਮੁਕ ਗਿਆ ਸੀ। ਫਿਰ ਗੁਰੂ ਜੀ ਨੇ ਉਸ ਨੂੰ ਮਾਰ ਕੇ ਕਿਉਂ ਨਵਾਂ ਬਦਲਾ ਸਿਰ ਚਾੜ੍ਹ ਲਿਆ ? ਡਾ. ਅਜੀਤ ਸਿੰਘ ਔਲਖ ਅਨੁਸਾਰ ਇੱਕ ਪੋਤੇ ਨੂੰ ਐਸੇ ਦਾਦੇ ਦਾ ਬਦਲਾ ਲੈਣ ਦੀ ਕੀ ਲੋੜ ਸੀ ਜਿਹੜਾ ਖ਼ੁਦ ਇੱਕ ਯੁੱਧ ਵਿਚ ਲੜਦਾ ਹੋਇਆ ਮਾਰਿਆ ਗਿਆ ਸੀ। ਇਸ ਪ੍ਰਕਾਰ ਤਾਂ ਗੁਰੂ ਜੀ ਨੇ ਲੱਖਾਂ ਤੁਰਕ ਮਾਰੇ

---

[101] ਕੋੜਾ, ਸੇਵਾ ਸਿੰਘ, *ਗੁਰੂ ਗੋਬਿੰਦ ਸਿੰਘ , ਸ਼ਖ਼ਸੀਅਤ, ਸ਼ਫਰ ਤੇ ਸੰਦੇਸ਼* , ਵਾਰਿਸ ਸ਼ਾਹ ਫ਼ਾਉਂਡੇਸ਼ਨ , ਅੰਮ੍ਰਿਤਸਰ, 2010 (ਪਹਿਲੀ ਵਾਰ), ਪੰਨਾ 138.

[102] ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਪੰਨਾ 6306.

ਸਨ, ਕੀ ਉਹ ਸਾਰੇ ਗੁਰੂ ਜੀ ਪਾਸੋਂ ਬਦਲਾ ਲੈਂਦੇ ? ਇਹ ਬਦਲਾ ਲੈਣ ਵਾਲੀ ਸੋਚ ਠੀਕ ਨਹੀਂ ਜਾਪਦੀ ਹੈ।[103] ਸਮਕਾਲੀ ਵਿਦਵਾਨ ਕਵੀ ਸੈਨਾਪਤਿ ਦਾ ਸਭ ਤੋਂ ਪੁਰਾਣਾ ਗ੍ਰੰਥ *'ਸ੍ਰੀ ਗੁਰ ਸੋਭਾ'* ਹੈ। ਉਸ ਵਿਚ ਗੁਰੂ ਜੀ ਦੁਆਰਾ ਇਨ੍ਹਾਂ ਪਠਾਣਾਂ ਨੂੰ ਉਕਸਾਉਣ ਅਤੇ ਬਦਲੇ ਦੇਣ ਦਾ ਕੋਈ ਜ਼ਿਕਰ ਨਹੀਂ ਹੈ। ਇਹ ਸਪੱਸ਼ਟ ਹੈ ਕਿ ਇਨ੍ਹਾਂ ਦੋਵੇਂ ਪਠਾਣਾਂ ਨੂੰ ਭਾਰੀ ਇਨਾਮ ਦੇਣ ਦਾ ਇਕਰਾਰ ਕਰਕੇ ਨਾਂਦੇੜ ਵੱਲ ਭੇਜ ਦਿੱਤਾ ਗਿਆ ਸੀ। ਨਾਂਦੇੜ ਵਿਖੇ ਹੀਰਾ ਘਾਟ ਦੇ ਸਥਾਨ 'ਤੇ ਦੋਵੇਂ ਵਕਤ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਲਗਾਉਂਦੇ ਸਨ।

ਅਖ਼ੀਰ ਇਹ ਪਠਾਣ ਨਾਂਦੇੜ ਪਹੁੰਚ ਗਏ ਅਤੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ। ਕਈ ਦਿਨ ਗੁਰੂ ਜੀ ਦੇ ਬਚਨ ਬਿਲਾਸ ਸੁਣਦੇ ਰਹੇ ਅਤੇ ਗੁਰੂ ਜੀ ਪ੍ਰਤੀ ਅਥਾਹ ਸਰਧਾ -ਪ੍ਰੇਮ ਪ੍ਰਗਟ ਕਰਦੇ ਰਹੇ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਜਿਸ ਤਰ੍ਹਾਂ ਦਾ ਸਤਿਕਾਰ ਅਤੇ ਆਉ -ਭਗਤ ਕੀਤੀ , ਇਸ ਨਾਲ ਸਿੰਘਾਂ ਅਤੇ ਪਹਿਰੇਦਾਰਾਂ ਨੂੰ ਇਨ੍ਹਾਂ ਉੱਤੇ ਰਤੀ ਭਰ ਵੀ ਸ਼ੱਕ ਨਹੀਂ ਹੋਇਆ। ਪਹਿਰੇਦਾਰ ਸਿੰਘ ਇਨ੍ਹਾਂ ਨੂੰ ਬਿਨਾਂ ਸ਼ੱਕ ਅੰਦਰ ਆਉਣ-ਜਾਣ ਦਿੰਦੇ।

ਭਾਈ ਸ੍ਰਰੂਪ ਸਿੰਘ ਕੌਸ਼ਿਸ਼ ਅਨੁਸਾਰ ਗੁਰੂ ਜੀ ਇਨ੍ਹੈ ਪ੍ਰਸ਼ਾਦ ਦੇ ਕੇ ਕੁਸ਼ਲਤਾ ਪੂਛੀ, ਸਤਿਗੁਰਾਂ ਸੇ ਬਾਤ ਚੀਤ ਕਰਤੇ, ਦੋ ਘੜੀਆਂ ਰਾਤ੍ਰੀ ਬਿਤੀਤ ਹੋਇ ਗਈ।[104] ਅਮਨਪ੍ਰੀਤ ਸਿੰਘ ਗਿਲ ਲਿਖਦੇ ਹਨ ਇ ਹ ਤੱਥ ਇਹ ਇਸ਼ਾਰਾ ਕਰਦਾ ਹੈ ਕਿ ਇਹ ਦੋਵੇਂ ਪਠਾਣ ਨਾ ਤਾਂ ਸਾਧਾਰਨ ਵਿਅਕਤੀ ਹਨ, ਨਾ ਹੀ ਅਜਨਬੀ ਤੇ ਨਾ ਹੀ ਅੱਜ-ਭਲਕ ਦੇ ਜਾਣੂ। ਇਸ ਲਈ ਉਨ੍ਹਾਂ ਨੂੰ ਗੁਰੂ ਸਾਹਿਬ ਨਾਲ ਉਨ੍ਹਾਂ ਦੇ ਤੰਬੂ ਵਿੱਚ ਰਾਤ ਦੇਰ ਤਕ ਰੁਕ ਕੇ ਗੱਲਬਾਤ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਇਹ 'ਬਾਤਚੀਤ' ਜੋ ਗਈ ਰਾਤ ਦੇ 48 ਮਿੰਟ ਤੱਕ ਚੱਲਦੀ ਹੈ, ਕੋਈ ਸਾਧਾਰਨ ਬਾਤਚੀਤ ਨਹੀਂ। ਇਸ ਵੇਲੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਸਿੰਘ ਨੂੰ ਰੁਕਣ ਦੀ ਇਜਾਜ਼ਤ ਨਹੀਂ। ਸਿੰਘ ਬਾਹਰ ਪਹਿਰੇ 'ਤੇ ਹਨ। ਇਸ ਸੂਰਤੇਹਾਲ ਵਿਚ ਇਹ ਮੰਨਣਾ ਵੱਡੀ ਗੱਲ ਨਹੀਂ ਕਿ ਪਠਾਣ ਬਹਾਦਰ ਸ਼ਾਹ ਦੇ ਉੱਚ-ਅਧਿਕਾਰੀ ਹਨ ਅਤੇ ਵਜ਼ੀਰ ਖ਼ਾਨ ਦੇ ਖ਼ੁਫ਼ੀਆ ਏਜੰਟ। ਉਨ੍ਹਾਂ ਦਾ ਮਕਸਦ ਹੈ ਕਿ ਗੁਰੂ ਜੀ ਨੂੰ ਪੰਜਾਬ ਵਿੱਚ ਹਕੂਮਤ ਵਿਰੁੱਧ ਉਸ ਵੇਲੇ ਕੋਈ ਮੁਹਾਜ਼ ਖੋਲ੍ਹਣ ਤੋਂ

---

[103] ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ* (ਭਾਗ ਗਿਆਰ੍ਹਵਾਂ), ਅਜੀਤ ਸਿੰਘ ਔਲਖ (ਅਨੁ.), ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਜੂਨ 2007 (ਪਹਿਲੀ ਐਡੀਸ਼ਨ), ਪੰਨਾ 839.

[104] ਕੋਸ਼ਿਸ਼, ਸ੍ਰਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 202.

ਰੋਕਣਾ, ਜਦ ਬਹਾਦਰ ਸ਼ਾਹ ਹੈਦਰਾਬਾਦ ਵਿੱਚ ਖੁੱਭਣ ਜਾ ਰਿਹਾ ਹੈ। ਉਨ੍ਹਾਂ ਨੂੰ ਬਹਾਦਰ ਸ਼ਾਹ ਦਾ ਗੁਪਤ ਆਦੇਸ਼ ਹੈ ਕਿ ਗੁਰੂ ਸਾਹਿਬ 'ਤੇ ਅੱਖ ਰੱਖੀ ਜਾਏ ਤੇ ਵਜ਼ੀਰ ਖਾਂ ਦਾ ਆਦੇਸ਼ ਹੈ ਕਿ ਗੁਰੂ ਸਾਹਿਬ ਨੂੰ ਖ਼ਤਮ ਕੀਤਾ ਜਾਵੇ।[105]

ਗੁਰੂ ਸਾਹਿਬ ਜੀ ਦੇ ਪਾਸ ਇੱਥੇ ਨਾਂਦੇੜ ਪ੍ਰਦੇਸ਼ ਵਿਚ ਕੋਈ ਬਕਸੇ ਸੰਦੂਕਾਂ ਨਹੀਂ ਸਨ, ਜਿਨ੍ਹਾਂ ਵਿਚ ਉਹ ਆਪਣੇ ਸ਼ਸਤਰਾਂ ਨੂੰ ਬੰਦ ਰੱਖਦੇ। ਜਿਸ ਤੰਬੂ ਵਿੱਚ ਬਿਰਾਜਦੇ ਸਨ, ਸ਼ਾਹਮਣੇ ਦੇ ਤਖ਼ਤਪੋਸ਼ ਜਾਂ ਪਲੰਘ ਉੱਤੇ ਸਾਰੇ ਸ਼ਸਤਰ ਰਖਾਏ ਹੁੰਦੇ ਸਨ। ਇਨ੍ਹਾਂ ਵਿਚ ਹੀ ਕੁਝ ਦਿਨ ਪਹਿਲੇ ਆਈਆਂ ਦੋ ਨਵੀਆਂ ਕਟਾਰਾਂ ਰਖਾਈਆਂ ਹੋਈਆਂ ਸਨ। ਤਲਵਾਰਾਂ ਉੱਤੇ ਮਿਆਨਾ ਸਨ, ਪਰ ਬਿਨਾਂ ਮਿਆਨਾਂ ਦੇ ਦੋ ਕਟਾਰਾਂ ਧਰੀਆਂ ਹੋਈਆਂ ਸਨ। ਇਨ੍ਹਾਂ ਪਠਾਣ ਭਰਾਵਾਂ ਨੂੰ ਪਤਾ ਸੀ ਕਿ ਉਹ ਵੀ ਤੰਬੂ ਵਿੱਚ ਮੌਜੂਦ ਹਨ।[106] ਇਹ ਕਟਾਰਾਂ ਨਾਂਦੇੜ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਆਏ ਪਾਲੀ ਨਗਰ ਦੇ ਦੋ ਸਿੱਖਾਂ ਨੇ ਭੇਟ ਕੀਤੀਆਂ ਸਨ। ਇਹ ਕਟਾਰਾਂ ਫੁਲਾਦੀ ਲੋਹੇ ਦੀਆਂ ਬਣੀਆਂ ਹੋਈਆਂ ਸਨ ਅਤੇ ਉੱਪਰ ਲੱਗੀ ਸੋਨੇ ਦੀ ਝਾਲ ਨਾਲ ਬਹੁਤ ਸੁੰਦਰ ਚਮਕਦੀਆਂ ਸਨ।[107] ਕਵੀ ਸੈਨਾਪਤਿ ਅਨੁਸਾਰ ਪਠਾਣ ਭੇਤ ਲੈਣ ਲਈ ਕਈ ਦਿਨ ਗੁਰੂ ਜੀ ਕੋਲ ਤੰਬੂ ਵਿਚ ਆਉਂਦੇ ਰਹੇ ਅਤੇ ਇੱਕ ਦਿਨ ਸ਼ਾਮ ਨੂੰ ਮੌਕੇ ਦਾ ਲਾਭ ਉਠਾ ਕੇ ਉਨ੍ਹਾਂ ਨੇ ਗੁਰੂ ਜੀ ਉੱਪਰ ਕਟਾਰ ਨਾਲ ਵਾਰ ਕੀਤਾ। ਜਦੋਂ ਗੁਰੂ ਸਾਹਿਬ ਵਿਸ਼ਰਾਮ ਕਰਨ ਲਈ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ।[108]

ਸੈਨਾਪਤਿ ਨੇ ਸ੍ਰੀ ਗੁਰ ਸੋਭਾ ਵਿਚ ਇਨ੍ਹਾਂ ਪਠਾਣਾਂ ਦਾ ਨਾਮ ਅੰਕਿਤ ਨਹੀਂ ਕੀਤਾ। ਨਾ ਹੀ ਇਹ ਦੱਸਿਆ ਕਿ ਉਸ ਨੇ ਕਿੰਨਵੇਂ ਦਿਨ ਹਮਲਾ ਕੀਤਾ। ਸਿਰਫ਼ ਇਹ ਦੱਸਿਆ ਹੈ ਕਿ ਉਹ ਕਈ ਦਿਨ ਆਉਂਦਾ ਰਿਹਾ। ਅਸਲ ਵਿਚ ਪਠਾਣ ਨੇ ਗੁਰੂ ਜੀ ਉੱਪਰ ਤੀਜੇ ਦਿਨ ਸ਼ਾਮ ਨੂੰ ਰਹਿਰਾਸ ਦੇ ਪਾਠ ਉਪਰੰਤ ਉਦੋਂ ਵਾਰ ਕੀਤਾ ਸੀ, ਜਦੋਂ ਸਾਰੀ ਸੰਗਤ ਚਲੀ ਗਈ ਸੀ ਅਤੇ ਪਠਾਣ ਨਾਲ ਕਾ ਫ਼ੀ ਸਮੇਂ ਦੀ ਬਾਤ -ਚੀਤ ਮਗਰੋਂ ਜਦੋਂ ਗੁਰੂ ਜੀ ਆਰਾਮ ਕਰਨ ਲਈ ਖੜ੍ਹੇ ਹੋ ਕੇ ਵਾਪਿਸ ਮੁੜੇ ਤਾਂ ਪਠਾਣ ਨੇ ਇਹ ਚੰਗਾ ਮੌਕਾ ਦੇਖ ਕੇ ਘਟਨਾ ਨੂੰ

105 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 68.

106 ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-84),* ਪੰਨੇ 67-68.

107 ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਪੰਨਾ 6301.

108 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਧਿਆਉ ਅਠਾਰ੍ਹਵਾਂ, ਬੰਦ 8-14 (773-779), ਪੰਨੇ 166-67.

ਅੰਜਾਮ ਦਿੱਤਾ ਸੀ। ਉਸ ਨੇ ਗੁਰੂ ਜੀ ਉੱਪਰ ਘਾਤਕ ਵਾਰ ਕੀ ਤਾ ਜੋ ਗੁਰੂ ਜੀ ਨੂੰ ਮਾਰਨ ਵਿਚ ਨਾਕਾਮ ਰਿਹਾ ਪਰ ਗੁਰੂ ਜੀ ਨੂੰ ਗੰਭੀਰ ਰੂਪ ਵਿਚ ਜਖ਼ਮੀ ਕਰ ਦਿੱਤਾ। ਫਿਰ ਗੁਰੂ ਸਾਹਿਬ ਨੇ ਆਪਣੀ ਕਟਾਰ ਨਾਲ ਉਸ ਪਠਾਣ ਉੱਤੇ ਮੋੜਵਾਂ ਜ਼ਬਰਦਸਤ ਵਾਰ ਕੀਤਾ। ਗੁਰੂ ਜੀ ਦੇ ਵਾਰ ਨਾਲ ਉਹ ਉਸੇ ਥਾਂ ਆਪਣੇ ਪ੍ਰਾਣ ਤਿਆਗ ਗਿਆ। ਦੂਜੇ ਪਠਾਣ ਨੂੰ ਪਹਰੇ 'ਤੇ ਹਾਜ਼ਰ ਭਾਈ ਲੱਖਾ ਸਿੰਘ ਨੇ ਮਾਰ ਦਿੱਤਾ। ਡਾ. ਅਜੀਤ ਸਿੰਘ ਔਲਖ ਅਨੁਸਾਰ ਕਾਤਲ ਦੇ ਇਸ ਯਤਨ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਕਾਤਲਾਨਾ ਵਾਰ ਠੰਢੇ ਦਿਲ ਨਾਲ ਨਹੀਂ ਸਗੋਂ ਗਿਣੀ ਮਿਥੀ ਸਾਜ਼ਿਸ਼ ਨਾਲ ਹੋਇਆ ਹੈ ਅਤੇ ਸਾਜ਼ਿਸ਼ ਦਾ ਟਿਕਾਣਾ ਸਰਹਿੰਦ ਹੈ।[109]

ਗੁਰੂ ਜੀ ਉੱਪਰ ਹਮਲਾ ਕਿੰਨੀ ਤਰੀਕ ਨੂੰ ਹੋਇਆ ਇਸ ਸੰਬੰਧੀ ਵਿਦਵਾਨਾਂ ਦੀਆਂ ਵੱਖ -ਵੱਖ ਰਾਵਾਂ ਹਨ। ਨਿਰੰਜਨ ਸਿੰਘ ਸਾਥੀ ਲਿਖਦੇ ਹਨ ਦਗਾ -ਫ਼ਰੇਬ ਕਰਨਾ ਮੁਗ਼ਲਸ਼ਾਹੀ ਦਾ ਪੁਰਾਣਾ ਚਲਣ ਹੈ। ਇਸੇ ਨੀਤੀ ਅਧੀਨ ਸਤੰਬਰ, 1708 ਦੇ ਆਖਰੀ ਹਫ਼ਤੇ ਦੇ ਲਗਭਗ ਆਰੰਭ ਵਿੱਚ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਉੱਤੇ ਜਾਨਲੇਵਾ ਹਮਲਾ ਹੋਇਆ।[110] ਅਰਥਾਤ ਸਤੰਬਰ ਮਹੀਨੇ ਦੀ 26 ਜਾਂ 27 ਤਰੀਕ ਸੀ। ਭਾਈ ਸ੍ਰਰੂਪ ਸਿੰਘ ਕੌਸ਼ਿਸ਼ ਅਨੁਸਾਰ ਪਠਾਣਾਂ ਵੱਲੋਂ ਗੁਰੂ ਸਾਹਿਬ ਉੱਤੇ ਹਮਲਾ ਕੱਤਕ ਸੁਦੀ ਥਿਤ ਤੀਜ ਅਰਥਾਤ 5 ਅਕਤੂਬਰ ਦਿਨ ਮੰਗਲਵਾਰ ਦੀ ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਹੋਇਆ ਸੀ। ਜਦੋਂ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਕੂਚ ਕਰ ਚੁੱਕਾ ਸੀ।[111] ਡਾ. ਮੋਹਿੰਦਰ ਸਿੰਘ ਕਹਿੰਦੇ ਹਨ 20 ਸਤੰਬਰ, 1708 ਦੇ ਦਿਨ ਗੁਰੂ ਜੀ ਆਪਣੇ ਤੰਬੂ ਵਿਚ ਵਿਸ਼ਰਾਮ ਕਰ ਰਹੇ ਸਨ। ਤੰਬੂ ਵਿਚ ਸੰਗਤ ਤੋਂ ਇਲਾਵਾ ਹੋਰ ਦੋ ਵਿਅਕਤੀ (ਪਠਾਣ) ਵੀ ਮੌਜੂਦ ਸਨ ਜਿਹੜੇ ਕਈ ਦਿਨ ਤੋਂ ਗੁਰੂ ਜੀ ਦੇ ਦੀਵਾਨ ਵਿਚ ਸ਼ਾਮਲ ਹੋ ਰਹੇ ਸਨ ਅਤੇ ਉਨ੍ਹਾਂ ਨੂੰ ਸੰਗਤ ਦਾ ਹਿੱਸਾ ਹੀ ਮੰਨਿਆ ਜਾਂਦਾ ਸੀ। ਉਸ ਦਿਨ ਸ਼ਾਮ ਨੂੰ ਉਨ੍ਹਾਂ ਵਿਚੋਂ ਇੱਕ ਵਿਅਕਤੀ (ਪਠਾਣ) ਨੇ ਤੰਬੂ ਵਿਚ ਜਾ ਕੇ ਗੁਰੂ ਜੀ ਦੇ ਦਿਲ ਦੇ ਹੇਠਾਂ ਤਲਵਾਰ ਨਾਲ ਵਾਰ ਕਰਕੇ ਗਹਿਰਾ ਜਖ਼ਮ ਕਰ ਦਿੱਤਾ।[112] ਹਰੀ ਰਾਮ ਗੁਪਤਾ ਕਹਿੰਦੇ ਹਨ 20 ਸਤੰਬਰ, 1708 ਦੀ ਸ਼ਾਮ ਨੂੰ

---

109 ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ* (ਭਾਗ ਗਿਆਰ੍ਹਵਾਂ), ਅਜੀਤ ਸਿੰਘ ਔਲਖ (ਅਨੁ.), ਪੰਨਾ 833.

110 ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ,* ਪੰਨਾ 665.

111 ਕੋਸ਼ਿਸ਼, ਸ੍ਰਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਾਖੀ ਨੰ. 111, ਪੰਨੇ 201-02.

112 ਮੋਹਿੰਦਰ ਸਿੰਘ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਚਿਰੰਤਨ ਯਾਤਰਾ* , (ਹਿੰਦੀ ਐਡੀਸ਼ਨ), ਹਿਮਾਲਅਨ ਬੁੱਕਸ, ਨਵੀਂ ਦਿੱਲੀ, 2008 (ਪਹਿਲੀ ਵਾਰ), ਪੰਨਾ 32.

ਜਦੋਂ ਗੁਰੂ ਸਾਹਿਬ ਆਪਣੇ ਤੰਬੂ ਵਿਚ ਆਰਾਮ ਕਰ ਰਹੇ ਸਨ ਤਾਂ ਪਠਾਣ ਜਮਸ਼ੇਦ ਖ਼ਾਨ ਨੇ ਖੰਜਰ (ਜਮਧਾਰ) ਨਾਲ ਗੁਰੂ ਜੀ ਦੇ ਖੱਬੇ ਪਾਸੇ ਦਿਲ ਦੇ ਨੇੜੇ ਵਾਰ ਕੀਤਾ ਸੀ।[113] ਇਤਿਹਾਸ ਦਾ ਅਧਿਐਨ ਕਰਨ ਸਮੇਂ ਇੱਕ ਦੂਜੇ ਦੇ ਵਿਰੋਧੀ ਇਤਿਹਾਸਕ ਤੱਥਾਂ ਬਾਰੇ ਨਿਰਣੇ ਕਰਨੇ ਅਤੇ ਇਤਿਹਾਸਕ ਘਟਨਾ ਬਾਰੇ ਮਿਲਦੇ ਰਿਕਾਰਡਾਂ ਵਿਚ ਪੂਰੀ ਸਹਿਮਤੀ ਨਾ ਹੋਣਾ ਵੱਡੀ ਸਮੱਸਿਆ ਹੈ। ਇਸ ਲਈ ਕਿਸੇ ਵੀ ਇਤਿਹਾਸਕ ਘਟਨਾ ਦੇ ਅੰਤਿਮ ਨਤੀਜੇ ਉੱਤੇ ਪਹੁੰਚਣਾ ਬਹੁਤ ਮੁਸ਼ਕਿਲ ਹੁੰਦਾ ਹੈ। ਗੁਰੂ ਸਾਹਿਬ ਉੱਪਰ 20 ਸਤੰਬਰ ਨੂੰ ਹਮਲਾ ਹੋਣਾ ਜ਼ਿਆਦਾ ਠੀਕ ਜਾਪਦਾ ਹੈ ਕਿਉਂਕਿ ਗੁਰੂ ਸਾਹਿਬ ਇਸ ਹਮਲੇ ਤੋਂ ਬਾਅਦ ਸੋਲ੍ਹਾਂ -ਸਤਾਰ੍ਹਾਂ ਦਿਨ ਠੀਕ ਰਹੇ ਅਤੇ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿੰਦੇ ਰਹੇ ਸਨ। ਮਹਿਮਾ ਪ੍ਰਕਾਸ਼ ਅਨੁਸਾਰ ਇਸ ਪਠਾਣ ਦੀ ਉਮਰ 25 ਸਾਲ ਦੀ ਸੀ।[114] ਉਸ ਦੇ ਮੂੰਹ ਉੱਪਰ ਹਾਲੇ ਦਾੜ੍ਹੀ ਨਹੀਂ ਆਈ ਸੀ।[115] ਪਠਾਣ ਨੇ ਗੁਰੂ ਸਾਹਿਬ ਉੱਤੇ ਧੋਖੇ ਨਾਲ ਵਾਰ ਕੀਤਾ ਅਤੇ ਗੁਰੂ ਜੀ ਨੇ ਉਸ ਨੂੰ ਉੱਥੇ ਹੀ ਝਟਕਾ ਦਿਤਾ। ਦੋਵੇਂ ਪਠਾਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇੱਕ ਗੁਰੂ ਜੀ ਦੇ ਹੱਥੋਂ ਜਵਾਬੀ ਵਾਰ ਨਾਲ ਮਾਰਿਆ ਗਿਆ। ਦੂਜਾ ਭਾਈ ਲੱਖਾ ਸਿੰਘ ਪਹਿਰੇਦਾਰ ਦੇ ਹੱਥੋਂ ਜਾਨ ਗਵਾ ਬੈਠਾ ਸੀ। ਪ੍ਰੋਫ਼ੈਸਰ ਸਾਹਿਬ ਸਿੰਘ ਲਿਖਦੇ ਹਨ ਕਿ ਮਰਦੇ ਮਰਦੇ ਦੋਵੇਂ ਪਠਾਣ ਇਹ ਦੱਸ ਗਏ ਕਿ ਉਨ੍ਹਾਂ ਨੂੰ ਵਜ਼ੀਰ ਖ਼ਾਂ ਸੂਬਾ ਸਰਹਿੰਦ ਨੇ ਭੇਜਿਆ ਸੀ।[116] ਇਸ ਤੋਂ ਸਿੰਘਾਂ ਨੂੰ ਸੰਕੇਤ ਮਿਲ ਗਿਆ ਕਿ ਉਹ ਜ਼ਰੂਰ ਸਰਹਿੰਦ ਤੋਂ ਆਏ ਸਨ।

ਗੁਰੂ ਜੀ ਉੱਪਰ ਵਾਰ ਕਰਨ ਵਾਲੇ ਪਠਾਣ ਦਾ ਨਾਮ ਜਮਸ਼ੈਦ ਜਾਂ ਜਮਸ਼ੇਦ ਖ਼ਾਂ ਸੀ। ਮੁਗ਼ਲ ਰੀਕਾਰਡ ਜਮਸ਼ੇਦ ਖ਼ਾਨ ਦਾ ਕਤਲ ਗੁਰੂ ਸਾਹਿਬ ਦੇ ਹੱਥੋਂ ਹੋਇਆ ਹੀ ਮੰਨਦੇ ਹਨ।[117] ਉਸ ਸਮੇਂ ਦੇ 'ਅਖਬਾਰ ਏ ਦਰਬਾਰ ਏ ਮਉਲਾ' ਵਿਚ ਇਸ ਪਠਾਣ ਦਾ ਨਾਮ ਜਮਸ਼ੈਦ ਖ਼ਾਂ ਦੱਸਿਆ ਹੈ , ਜੋ ਠੀਕ ਮਾਲੂਮ

---

113 Gupta, Hari Ram, *History of the Sikhs, Vol. I (The Sikh Gurus, (1469-1708),* Munshiram Manoharlal Publishers Pvt. Ltd., New Dehli, 2008, page 324.

114 "ਏਕ ਸਰੇ ਦਿਵਾਨ ਏਕ ਪਠਾਨ ਬਚਾ ਆਇਆ। ਉਸ ਕੀ ਉਮਰ ਬਰਸ ਪਚੀਸ ਕੀ ਥੀ। " ਬਾਜਵਾ, ਕੁਲਵਿੰਦਰ ਸਿੰਘ (ਸੰਪਾ.), *ਮਹਿਮਾ ਪ੍ਰਕਾਸ਼ (ਵਾਰਤਕ),* ਸਿੰਘ ਬ੍ਰਦਰਜ਼, ਅਮ੍ਰਿਤਸਰ, ਜਨਵਰੀ 2004 (ਪਹਿਲੀ ਵਾਰ), ਪੰਨਾ 214.

115 ਪਦਮ, ਪਿਆਰਾ ਸਿੰਘ (ਸੰਪਾ.), *ਪ੍ਰਾਚੀਨ ਸੌ ਸਾਖੀ,* ਸਿੰਘ ਬ੍ਰਦਰਜ਼, ਅਮ੍ਰਿਤਸਰ, ਫਰਵਰੀ 2014 (ਸੱਤਵੀਂ ਵਾਰ), ਬੰਦ 1, ਪੰਨਾ 182.

116 ਸਾਹਿਬ ਸਿੰਘ (ਪ੍ਰੋ.), *ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੂਨ 2017 (ਪੰਦਰ੍ਹਵੀਂ ਵਾਰ), ਪੰਨਾ 210.

117 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 69.

ਹੁੰਦਾ ਹੈ। ਜਮਸ਼ੈਦ ਖ਼ਾਂ ਦੇ ਮਰਨ ਤੋਂ ਬਾਅਦ ਬਹਾਦਰ ਸ਼ਾਹ ਵੱਲੋਂ ਇਸ ਦੇ ਪੁੱਤਰ ਨੂੰ 'ਮਾਤਮੀ-ਖਿਲਅਤ' (ਮਾਤਮੀ ਪੁਸ਼ਾਕ) ਭੇਜੀ ਗਈ। ਜਿਸ ਤੋਂ ਇਹ ਮੁਗ਼ਲ ਦਰਬਾਰ ਵਿਚ ਅਹੁਦੇਦਾਰ ਜਾਪਦਾ ਹੈ। ਕਟਾਰ ਦੇ ਵਾਰ ਨਾਲ ਗੁਰੂ ਜੀ ਦੀ ਵੱਖੀ ਵਿਚ ਜ਼ਿਆਦਾ ਡੂੰਘਾ ਜ਼ਖ਼ਮ ਹੋ ਗਿਆ ਸੀ। ਕਵੀ ਸੈਨਾਪਤਿ ਅਨੁਸਾਰ ਇਸ ਘਟਨਾ ਤੋਂ ਬਾਅਦ ਤੁਰੰਤ ਕਿਰੀ ਨਾਂ ਦੇ ਜ਼ਰਾਹ ਨੂੰ ਸੱਦਿਆ ਗਿਆ। ਉਸ ਨੇ ਗੁਰੂ ਜੀ ਦੇ ਜ਼ਖਮ ਨੂੰ ਸਾਫ਼ ਕਰਕੇ ਟਾਂਕੇ ਲਗਾ ਦਿੱਤੇ। ਇਸ ਤਰ੍ਹਾਂ ਹੀ ਤਿੰਨ ਚਾਰ ਦਿਨ ਹੋਰ ਗੁਰੂ ਜੀ ਕੋਲ ਰਹਿ ਕੇ ਉਸਨੇ ਜਖ਼ਮ ਉੱਪਰ ਮੱਲ੍ਹਮ ਪੱਟੀ ਕੀਤੀ ਅਤੇ ਗੁਰੂ ਜੀ ਨੂੰ ਤੋਰ ਕੇ ਵੀ ਦੇਖਿਆ ਗਿਆ। ਇਸ ਸਮੇਂ ਬਹੁਤ ਸਿੰਘ ਦਰਸ਼ਨਾਂ ਨੂੰ ਆਏ।[118] ਗੁਰੂ ਜੀ ਦੇ ਜਖ਼ਮ ਨੂੰ ਟਾਂਕੇ ਲਾਉਣ ਬਾਰੇ ਭਾਈ ਸੁੱਖਾ ਸਿੰਘ ਲਿਖਦੇ ਹਨ:

**ਯੋ ਬਚ ਸੁਨੇ ਖਾਲਸੇ ਜਬੈ।। ਧੁਆ ਘਾਉ ਨਾਥ ਕਾ ਸਬੈ।।**

**ਸੂਈ ਧਾਗਾ ਰੇਸਮ ਮਾਹੀ।। ਸੀਤਾ ਜਖਮ ਪ੍ਰਭੂ ਕਾ ਆਹੀ।।46।।**[119]

ਭਾਈ ਸੰਤੋਖ ਸਿੰਘ, ਭਾਈ ਸੁੱਖਾ ਸਿੰਘ, ਕੇਸਰ ਸਿੰਘ ਛਿਬਰ ਆਦਿ ਵਿਦਵਾਨਾਂ ਦਾ ਕਹਿਣਾ ਹੈ ਕਿ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਲਾਜ ਲਈ ਆਪਣਾ ਖ਼ਾਸ ਜਰਾਹ (ਸ਼ਾਹੀ ਹਕੀਮ) ਭੇਜਿਆ ਸੀ। ਜਿਸਨੇ ਮੱਲ੍ਹਮ-ਪੱਟੀ ਕਰਕੇ ਘਾਵ (ਜਖ਼ਮ) ਨੂੰ ਠੀਕ ਕੀਤਾ। ਗੁਰੂ ਨੇ ਉਸ ਨੂੰ ਇਨਾਮ (ਕੀਮਤੀ ਤੋਹਫ਼ੇ) ਦੇ ਕੇ ਵਿਦਾ ਕੀਤਾ ਸੀ। ਇਤਿਹਾਸਕਾਰਾਂ ਨੇ ਗੁਰੂ ਸਾਹਿਬ ਦੇ ਜਖ਼ਮ ਨੂੰ ਟਾਂਕੇ ਲਾਉਣ ਵਾਲੇ ਜਰਾਹ ਦੇ ਵੱਖਰੇ-ਵੱਖਰੇ ਨਾਮ (ਕਾਲ, ਅਮਰ ਸਿੰਘ, ਕਿਰੀ, ਗਵਾਨੀ ਫ਼ਾਦਰ ਆਦਿ।) ਲਿਖੇ ਹਨ।

ਗੁਰੂ ਸਾਹਿਬ ਨੇ ਦੋ ਦਿਨਾਂ ਬਾਅਦ ਫਿਰ ਤੋਂ ਦੀਵਾਨ ਵਿਚ ਸ਼ਾਮ ਨੂੰ ਕੁਝ ਸਮਾਂ ਹਰ ਰੋਜ਼ ਸੰਗਤਾਂ ਨੂੰ ਦਰਸ਼ਨ ਦੇਣੇ ਸ਼ੁਰੂ ਕਰ ਦਿੱਤੇ ਅਤੇ ਸਭ ਨੂੰ ਅਸੀਸਾਂ ਬਖ਼ਸ਼ਦੇ। ਇਸ ਤਰ੍ਹਾਂ ਬਹੁਤ ਸਾਰੇ ਸਿੱਖ ਉਨ੍ਹਾਂ ਦੇ ਦਰਸ਼ਨ ਕਰਨ ਲਈ ਨਾਂਦੇੜ ਵਿਚ ਆਏ। ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਜੀ ਘਾਉ ਪੰਦਰ੍ਹਾਂ ਦਿਨਾਂ ਵਿਚ ਰਾਜੀ ਹੋ ਗਿਆ ਅਤੇ ਅੱਠਵੇਂ ਦਿਨ ਇਸ਼ਨਾਨ ਕਰਵਾ ਦਿੱਤਾ। ਸੋਲਹਾਂ ਦਿਨ ਤੱਕ ਗੁਰੂ ਸਾਹਿਬ ਖੁੱਲ੍ਹੇ ਦੀਵਾਨ ਵਿਚ ਦਰਸ਼ਨ ਦਿੰਦੇ ਰਹੇ ਸਨ।[120]

---

118 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਧਿਆਉ ਅਠਾਰ੍ਹਵਾਂ, ਬੰਦ 19-21 (784-786), ਪੰਨੇ 167-68.

119 ਸੁਖਾ ਸਿੰਘ , ਭਾਈ, *ਗੁਰਬਿਲਾਸ ਪਾਤਸਾਹੀ ਦਸਮੀ* , ਮਨਵਿੰਦਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ, 2016 (ਪਹਿਲੀ ਵਾਰ), ਪੰਨਾ 428.

120 ਬਾਜਵਾ, ਕੁਲਵਿੰਦਰ ਸਿੰਘ (ਸੰਪਾ.), *ਮਹਿਮਾ ਪ੍ਰਕਾਸ (ਵਾਰਤਕ),* ਸਾਖੀ ਨੰ. 125ਅ ਅਤੇ 129ੳ, ਪੰਨੇ 209-14.

ਇਸ ਤਰ੍ਹਾਂ ਨਾਂਦੇੜ ਵਿਖੇ ਰਹਿੰਦਿਆਂ ਦੋ ਪਠਾਣਾਂ ਵੱਲੋਂ ਗੁਰੂ ਸਾਹਿਬ ਉੱਪਰ ਕਾਤਲਾਨਾ ਹਮਲਾ ਕਰਕੇ, ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ ਸੀ। ਇਨ੍ਹਾਂ ਦਿਨਾਂ ਵਿਚ ਗੁਰੂ ਜੀ ਦੇ ਦਰਸ਼ਨਾਂ ਨੂੰ ਬਹੁਤ ਸਿੰਘ ਆਏ। ਇਸ ਸਮੇਂ ਦੌਰਾਨ ਗੁਰੂ ਜੀ ਦਰਬਾਰ ਲਗਾ ਕੇ ਸਿੱਖ ਸੰਗਤਾਂ ਨੂੰ ਦਰਸ਼ਨ ਵੀ ਦਿੰਦੇ ਸਨ। ਇਸ ਤਰ੍ਹਾਂ ਰੋਜ਼ਾਨਾ ਗੁਰੂ ਜੀ ਕੁਝ ਕੁ ਬਚਨ-ਬਿਲਾਸ ਸੰਗਤਾਂ ਨਾਲ ਕਰ ਲੈਂਦੇ ਸਨ।[121] ਗੁਰੂ ਜੀ ਨੂੰ ਤੰਦਰੁਸਤ ਵੇਖ ਕੇ ਅਤੇ ਦਰਸ਼ਨ-ਦੀਦਾਰੇ ਕਰਕੇ ਸਮੂਹ ਸੰਗਤਾਂ ਖੁਸ਼ੀ-ਖੁਸ਼ੀ ਵਿਦਾ ਹੁੰਦੀਆਂ।

**ਗੁਰੂ ਸਾਹਿਬ ਨੇ ਤਖ਼ਤ ਸਥਾਨ ਦੀ ਚੋਣ ਕਰਨੀ**

ਗੁਰੂ ਸਾਹਿਬ ਜੀ ਨੇ ਪਹਿਲਾਂ ਨਾਂਦੇੜ ਨਗਰ ਤੋਂ ਬਾਹਰ ਹੀਰਾ ਘਾਟ ਦੇ ਅਸਥਾਨ ’ਤੇ ਡੇਰੇ ਲਾਏ ਹੋਏ ਸਨ। ਉਸ ਤੋਂ ਬਾਅਦ ਨਾਂਦੇੜ ਨਗਰ ਵਿਚ ਗੋਦਾਵਰੀ ਨਦੀ ਦੇ ਕਿਨਾਰੇ ਗੁਰਦੁਆਰਾ ਸੰਗਤ ਸਾਹਿਬ ਵਾਲੇ ਅਸਥਾਨ ’ਤੇ ਆ ਕੇ ਬਿਰਾਜੇ ਸਨ। ਇੱਥੇ ਸਿੰਘਾਂ ਨੂੰ ਤਨਖਾਹਾਂ ਦਿੱਤੀਆਂ ਸਨ। ਬਾਅਦ ਵਿਚ ਗੋਦਾਵਰੀ ਕੰਢੇ ਨਗੀਨਾ ਘਾਟ ਵਾਲੇ ਅਸਥਾਨ ਉੱਪਰ ਆ ਕੇ ਪੜਾਅ ਕਰ ਲਿਆ ਅਤੇ ਇੱਥੇ ਤੰਬੂ ਲਗਾ ਲਏ ਸਨ। ਉਸ ਸਮੇਂ ਇਸ ਜਗ੍ਹਾ ਉੱਤੇ ਅਤੇ ਇਸ ਦੇ ਆਲੇ-ਦੁਆਲੇ ਜੰਗਲ ਸਨ। ਗੋਦਾਵਰੀ ਦੇ ਕੰਢੇ ਨਗੀਨਾ ਘਾਟ ਦੇ ਅਸਥਾਨ ’ਤੇ ਹਰ ਰੋਜ਼ ਸਵੇਰ-ਸ਼ਾਮ ਦੀਵਾਨ ਸਜਦੇ ਸਨ। ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਂਦੀਆਂ ਅਤੇ ਖੁਸ਼ੀਆਂ ਪ੍ਰਾਪਤ ਕਰਦੀਆਂ ਸਨ। ਇੱਥੇ ਇੱਕ ਸ਼ਰਧਾਲੂ ਸਿੱਖ ਨੇ ਗੁਰੂ ਜੀ ਨੂੰ ਸੁੰਦਰ ਨਗੀਨਾ ਭੇਟ ਕੀਤਾ ਸੀ ਜਿਸ ਕਾਰਨ ਇਸ ਘਾਟ ਦਾ ਨਾਂ ‘ਨਗੀਨਾ ਘਾਟ’ ਪ੍ਰਸਿੱਧ ਹੋਇਆ। ਜਿਸ ਥਾਂ ਉੱਤੇ ਅੱਜ ਗੁਰਦੁਆਰਾ ਲੰਗਰ ਸਾਹਿਬ ਹੈ, ਇਸ ਥਾਂ ਉੱਤੇ ਗੁਰੂ ਸਾਹਿਬ ਦੀਆਂ ਫੌਜਾਂ ਦਾ ਲੰਗਰ ਸਜਦਾ ਹੁੰਦਾ ਸੀ ਅਤੇ ਜਿਸ ਥਾਂ ਹੁਣ ਨਿਹੰਗ ਸਿੰਘਾਂ ਦੀ ਛਾਉਣੀ ਹੈ, ਇਸ ਥਾਂ ’ਤੇ ਗੁਰੂ ਜੀ ਦੇ ਸਿੰਘ ਆਪਣੇ ਘੋੜੇ ਬੰਨ੍ਹਦੇ ਹੁੰਦੇ ਸਨ।[122] ਸਥਾਨਿਕ ਸਿੱਖ ਰਵਾਇਤ ਅਨੁਸਾਰ ਗੁਰੂ ਜੀ ਨੇ ਨਗੀਨਾ ਘਾਟ ਦੇ ਅਸਥਾਨ ਤੋਂ ਤੀਰ ਚਲਾ ਕੇ ਆਪਣਾ ਅਸਥਾਨ (ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ) ਪ੍ਰਗਟ ਕੀਤਾ। ਬਾਅਦ ਵਿਚ ਉਸੇ ਅਸਥਾਨ ’ਤੇ ਜਾ ਕੇ ਗੁਰੂ ਜੀ ਨੇ ਆਪਣੇ ਤੰਬੂ ਲਗਾਏ ਅਤੇ ਉਸ ਅਸਥਾਨ ਨੂੰ ਤਖ਼ਤ ਵਜੋਂ ਸਥਾਪਿਤ ਕੀਤਾ ਸੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਜਿੱਥੇ ਇਹ ਤੀਰ ਜਾ ਕੇ ਡਿਗੇਗਾ, ਉਹ ਸਾਡਾ ਅਸਥਾਨ ਹੋਵੇਗਾ। ਉਸ ਸਮੇਂ ਜਿੱਥੇ ਇਹ

[121] ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਨਾ 169.

[122] ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਬਾਬਾ ਨਰਿੰਦਰ ਸਿੰਘ ਦੇ ਦੱਸਣ ਅਨੁਸਾਰ।

ਤੀਰ ਡਿਗਿਆ ਸੀ, ਉੱਥੇ ਇੱਕ ਮਸਜਿਦ ਸੀ। (ਕੁਝ ਇਤਿਹਾਸਕਾਰਾਂ ਅਨੁਸਾਰ ਉੱਥੇ ਕਬਰਸਤਾਨ ਸੀ ) ਉਸ ਥਾਂ ਦੀ ਮਲਕੀਅਤ ਇੱਕ ਮੁਸਲਮਾਨ ਦੇ ਨਾਮ ਸੀ। ਨਿਡਰ ਸਿੰਘ ਨਿਹੰਗ ਅਨੁਸਾਰ ਪ੍ਰਾਚੀਨ ਸਮੇਂ ਤੋਂ ਇਹ ਜਗ੍ਹਾ ਇਸਲਾਮਿਕ ਪੂਜਾ ਸਥਾਨ ਨਹੀਂ ਸੀ। ਕਿਸੇ ਸਮੇਂ ਇਹ ਇੱਕ ਪ੍ਰਾਚੀਨ ਆਸ਼ਰਮ ਦਾ ਸਥਾਨ ਸੀ ਪਰ ਕਈ ਪੀੜ੍ਹੀਆਂ ਪਹਿਲਾਂ ਮੁਸਲਮਾਨਾਂ ਨੇ ਇਸ ਥਾਂ ਉੱਪਰ ਕਬਜਾ ਕਰ ਲਿਆ ਸੀ ਅਤੇ ਇਸ ਉੱਤੇ ਇੱਕ ਮਸਜਿਦ ਬਣਵਾਈ ਸੀ।[123]

ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਵਿਖੇ ਇਸ ਅਸਥਾਨ ਉੱਪਰ ਆਗਮਨ ਵੇਲੇ ਇਸ ਥਾਂ ਦਾ ਮਾਲਕ ਇੱਕ ਮੁਸਲਮਾਨ ਸੀ। ਜਦੋਂ ਉਸ ਨੂੰ ਗੁਰੂ ਜੀ ਦੇ ਉਸ ਥਾਂ ਉੱਤੇ ਡੇਰਾ ਲਾਉਣ ਦੀ ਖ਼ਬਰ ਮਿਲੀ ਤਾਂ ਉਸਨੇ ਗੁਰੂ ਜੀ ਨਾਲ ਝਗੜਾ ਕੀਤਾ ਕਿ ਇਹ ਥਾਂ ਪੁਸਤਾਂ ਤੋਂ ਮੇਰਾ ਹੈ ਅਤੇ ਉਹ ਨਗਰ ਦੇ ਮੁੱਖੀ ਬੰਦਿਆਂ ਨੂੰ ਲੈ ਕੇ ਹਾਜ਼ਰ ਹੋਇਆ। ਜ਼ਮੀਨ ਦਾ ਮਾਮਲਾ ਬਹਾਦਰ ਸ਼ਾਹ ਤੱਕ ਪਹੁੰਚ ਗਿਆ। ਮੁਸਲਮਾਨ ਨੇ ਕਿਹਾ ਇਹ ਥਾਂ ਸਾਡੇ ਬਜ਼ੁਰਗਾਂ ਦਾ ਹੈ। ਗੁਰੂ ਜੀ ਨੇ ਕਿਹਾ ਕਿ ਇਹ ਅਸਥਾਨ ਪੁਰਾਤਨ ਸਮੇਂ ਤੋਂ ਸਾਡਾ ਹੈ। (ਕਿਉਂਕਿ ਗੁਰੂ ਨਾਨਕ ਦੇਵ ਜੀ ਪਹਿਲਾਂ ਇਸ ਨਗਰ ਵਿਚ ਆ ਚੁੱਕੇ ਸਨ। ) ਇਸ ਗੱਲ ਦੇ ਗੁਰੂ ਜੀ ਨੇ ਸਬੂਤ ਪੇਸ਼ ਕੀਤੇ। ਗੁਰੂ ਜੀ ਨੇ ਕਿਹਾ ਤੁਸੀ ਸਿਰਫ ਇਸ ਥਾਂ ਦੀ ਸੰਭਾਲ ਕੀਤੀ ਹੈ ਪਰ ਨਾਂਦੇੜ ਵਿਖੇ ਇਹ ਅਸਥਾਨ ਪਿਛਲੇ ਲੰਮੇ ਸਮੇਂ ਤੋਂ ਸਿੱਖਾਂ ਦਾ ਰਿਹਾ ਹੈ। ਹਾਲਾਂਕਿ ਇਹ ਪਵਿੱਤਰ ਅਸਥਾਨ ਸਾਡਾ ਹੈ ਪਰ ਫਿਰ ਵੀ ਅਸੀਂ ਇਸ ਥਾਂ ਨੂੰ ਖ਼ਰੀਦਣ ਲਈ ਤਿਆਰ ਹਾਂ। ਇਸ ਜਗ੍ਹਾ ਦਾ ਕਬਜ਼ਾ ਛੱਡਣ ਉਪਰੰਤ ਗਰੂ ਜੀ ਨੇ ਉਸ ਮੁਸਲਮਾਨ ਦੀ ਮਲਕੀਅਤ ਦੀ ਕੀਮਤ ਅਦਾ (ਮੋਹਰਾਂ ਭੇਟ) ਕਰਕੇ ਇਸ ਅਸਥਾਨ ਚਾਰੇ ਪਾਸੇ ਤੱਕ ਇੱਕ ਜੋਜਨ ਜ਼ਮੀਨ ਹੋਰ ਮੁੱਲ ਖ਼ਰੀਦ ਕੇ ਅਤੇ ਸਭ ਦੀ ਗਵਾਹੀ ਪਵਾ ਕੇ 'ਬੈ ਨਾਮਾ' (ਰਜਿਸ਼ਟਰੀ) ਦੇ ਕਾਗਜ ਤਿਆਰ ਕਰਵਾਏ ਤਾਂ ਕਿ ਬਾਅਦ ਵਿਚ ਮੁਗ਼ਲ ਦੀ ਵੰਸ਼ ਵਿਚੋਂ ਕੋਈ ਝਗੜਾ ਨਾ ਉਠਾਏ ਅਤੇ ਫਿਰ ਆਪਣਾ ਡੇਰਾ ਪੱਕਾ ਕੀਤਾ। [124] ਇਸ ਜਗ੍ਹਾ ਨੂੰ ਸਾ ਫ਼ ਕਰਵਾਕੇ ਗੁਰੂ ਸਾਹਿਬ ਨੇ ਨਗੀਨਾ ਘਾਟ ਤੋਂ ਆ ਕੇ ਇੱਥੇ ਤੰਬੂ ਲਗਾ ਲਏ।

---

[123] Nihang, Nidar singh & Parmjit singh, *In The Master's Presence The Sikhs of Hazioor Sahib,* Vol. I, Kashi House, London, UK, 2008 (First Published), page 3.

[124] ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਪੰਨੇ 6237-40.

ਤਵਾਰੀਖ-ਏ-ਸਿੱਖਾਂ ਅਨੁਸਾਰ 'ਗੁਰੂ ਸਾਹਿਬ ਨੇ ਇਸ ਜਗ੍ਹਾ ਦੇ ਮਾਲਕ ਸੱਯਦ ਸਾਬਿਰ ਸ਼ਾਹ ਫ਼ਕੀਰ, ਜਿਸਨੇ ਇਤਰਾਜ ਕੀਤਾ ਸੀ , ਤੋਂ ਜ਼ਮੀਨ ਦਾ ਟੁਕੜਾ ਖ਼ਰੀਦ ਕੇ ਆਪਣੀ ਧਰਤੀ 'ਤੇ ਡੇਰੇ ਲਾਏ ਅਤੇ ਇਸ ਦਾ ਨਾਂ ਅਬਿਚਲਨਗਰ ਰੱਖਿਆ ਸੀ। '[125] ਕੁਝ ਸਮਾਂ ਪਹਿਲਾਂ ਤੱਕ, ਮੌਜੂਦਾ ਗੁਰਦੁਆਰਾ ਬੋਰਡ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ, ਮਸਜਿਦ ਦੇ ਮੂਲ ਮੌਲਵੀ ਦੇ ਵੰਸ਼ਜਾਂ ਨੂੰ ਤਖ਼ਤ ਹਜ਼ੂਰ ਸਾਹਿਬ ਤੋਂ ਉਨ੍ਹਾਂ ਦੇ ਤਿਉਹਾਰਾਂ 'ਤੇ ਪੈਨਸ਼ਨ ਅਤੇ ਰਾਸ਼ਨ ਦਾ ਸਾਲਾਨਾ ਤੋਹ ਫ਼ਾ ਮਿਲਦਾ ਸੀ। ਕੁਝ ਸਾਲ ਪਹਿਲਾਂ ਉਸਦੀ ਮੌਤ ਤਕ, ਪਰਿਵਾਰ ਦਾ ਇੱਕ ਮੁਸਲਿਮ ਬਜ਼ੁਰਗ ਸਿੱਖ ਸੰਗਤਾਂ ਨੂੰ ਇਸ ਘਟਨਾ ਦਾ ਵਰਣਨ ਕਰਨ ਲਈ ਨਿਯਮਿਤ ਤੌਰ 'ਤੇ ਨਾਂਦੇੜ (ਤਖ਼ਤ ਸਾਹਿਬ) ਆਉਂਦਾ ਸੀ।[126] ਡਾ. ਸੁਖਦਿਆਲ ਸਿੰਘ ਲਿਖਦੇ ਹਨ ਗੁਰੂ ਨਾਨਕ ਦੇਵ ਜੀ ਇੱਥੇ ਪਹਿਲਾਂ ਆ ਚੁੱਕੇ ਸਨ। ਇਸ ਕਰਕੇ ਇਸ ਗੱਲ ਦੀ ਸੰਭਾਵਨਾ ਹੋ ਸਕਦੀ ਸੀ ਕਿ ਇੱਥੇ ਨਾਂਦੇੜ ਵਿਖੇ ਸਿੱਖ ਧਰਮ ਦਾ ਕੋਈ ਕੇਂਦਰ ਹੋਵੇ। ਗੁਰੂ ਸਾਹਿਬ ਵੀ ਅਕਸਰ ਉੱਥੇ ਹੀ ਆਪਣਾ ਡੇਰਾ ਲਗਾਉਂਦੇ ਰਹੇ ਸਨ ਜਿੱਥੇ ਸਿੱਖ ਸੰਗਤਾਂ ਹੁੰਦੀਆਂ ਸਨ ਅਤੇ ਜਿੱਥੇ ਪਹਿਲਾਂ ਕੋਈ ਗੁਰੂ ਆ ਚੁੱਕਿਆ ਸੀ। ਚੁਰੂ, ਪੁਸ਼ਕਰ, ਬੁਰਹਾਨਪੁਰ ਆਦਿ ਥਾਵਾਂ 'ਤੇ ਪਹਿਲਾਂ ਗੁਰੂ ਨਾਨਕ ਦੇਵ ਜੀ ਆ ਚੁੱਕੇ ਸਨ ਇਸ ਲਈ ਗੁਰੂ ਜੀ ਵੀ ਉਸੇ ਪੁਰਾਣੀ ਇਤਿਹਾਸਕ ਥਾਂ 'ਤੇ ਹੀ ਆਪਣਾ ਡੇਰਾ ਲਾਉਂਦੇ ਸਨ।[127]

ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਜੀ ਨੇ ਇੱਕ ਜੋਜਨ ਥਾਂ ਮੁੱਲ ਖ਼ਰੀਦੀ ਸੀ।[128] ਇੱਕ ਜੋਜਨ ਵਿਚ ਚਾਰ ਕੋਹ ਦੀ ਦੂਰੀ ਹੁੰਦੀ ਹੈ।[129] ਇੱਕ ਕੋਹ ਵਿਚ ਲਗਭਗ 2 ਕਿ. ਮੀ. ਜਾਂ ਸਵਾ ਮੀਲ ਦੂਰੀ ਹੁੰਦੀ ਹੈ। ਇੱਕ ਜੋਜਨ ਵਿਚ ਕੋਈ ਦਸ ਕੁ ਕਿ . ਮੀ. ਦੀ ਦੂਰੀ ਹੁੰਦੀ ਹੈ।[130] ਇਉਂ ਤਕਰੀਬਨ 10 ਕਿ. ਮੀ. ਮੁਰੱਬਾ ਜ਼ਮੀਨ ਖ਼ਰੀਦੀ ਗਈ ਸੀ। ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਬਾਬਾ ਨਰਿੰਦਰ ਸਿੰਘ ਦੇ ਦੱਸਣ ਅਨੁਸਾਰ ਗੁਰੂ

---

125 Gupta, Hari Ram, *History of the Sikhs, Vol. I (The Sikh Gurus, (1469-1708),* Munshiram Manoharlal Publishers Pvt. Ltd., New Dehli, 2008, page 320, (ਉਧਰਿਤ)

126 Nihang, Nidar singh & Parmjit singh, *In The Master's Presence The Sikhs of Hazioor Sahib,* Vol. I, page 5.

127 ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਨਾ 168.

128 ਇੱਕ ਜੋਜਨ ਲਗਿ ਗੁਰੂ ਸਥਾਨਾ। ਕੋ ਨ ਕਰੈ ਦਾਵਾ ਲਿਹੁ ਜਾਨਾ। ਸਗਰੇ ਨਗਰ ਪ੍ਰਗਟ ਭੀ ਗਾਥਾ। 'ਭੂਮਿ ਮੋਲ ਲੀਨਸਿ ਗੁਰ ਨਾਥਾ' ॥7॥ ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਪੰਨਾ 6240.

129 https://punjabipedia.org ਜੋਜਨ

130 https://punjabipedia.org ਯੋਜਨ

ਸਾਹਿਬ ਨੇ ਬਹਾਦਰ ਸ਼ਾਹ ਤੋਂ ਚਾਰ ਜੋਜਨ ਧਰਤੀ ਆਪਣੇ ਖ਼ਜ਼ਾਨੇ ਵਿਚੋਂ ਮੁੱਲ ਖ਼ਰੀਦੀ। ਚਾਰ ਜੋਜਨ (16 ਕੋਹ) ਵਿਚ ਅੱਜ ਦੇ 68 ਕਿ. ਮੀ. ਹੁੰਦੇ ਹਨ। ਇਹ 68 ਕਿ. ਮੀ. ਮੁਰੱਬਾ ਧਰਤੀ ਖ਼ਰੀਦ ਕੇ ਗੁਰੂ ਸਾਹਿਬ ਨੇ ਖਾਲਸੇ ਦੀ ਵਿਰਾਸਤ ਬਣਾਈ ਸੀ। ਇਸ ਤਰ੍ਹਾਂ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦੇ ਪੁਰਤਾਨ ਇਤਿਹਾਸਕ ਅਸਥਾਨ ਦੀ ਚੋਣ ਕਰਕੇ ਉਸ ਥਾਂ ਉੱਪਰ ਜਾ ਕੇ ਆਪਣੇ ਡੇਰੇ ਲਾਏ। ਉਹ ਅਸਥਾਨ ਅੱਜ 'ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ, ਨਾਂਦੇੜ' ਦੇ ਨਾਮ ਨਾਲ ਪ੍ਰਸਿੱਧ ਹੈ।

**ਬੰਦਾ ਸਿੰਘ ਬਹਾਦਰ ਨੂੰ ਪੰਜਾਬ ਜਾਣ ਦਾ ਹੁਕਮ ਦੇਣਾ**

ਗੁਰੂ ਸਾਹਿਬ ਦੀ ਸੰਗਤ ਵਿਚ ਰਹਿ ਕੇ ਬੰਦਾ ਸਿੰਘ ਬਹਾਦਰ ਨੇ ਸਿੱਖੀ ਦੇ ਸਿਧਾਂਤ ਸਮਝੇ ਅਤੇ ਸਿੱਖ ਇਤਿਹਾਸ ਨੂੰ ਬੜੇ ਧਿਆਨ ਨਾਲ ਸੁਣਿਆ। ਗੁਰੂ ਸਾਹਿਬ ਦੇ ਹੁਕਮ ਨਾਲ ਉਸ ਨੇ ਯੁੱਧ ਵਿਦਿਆ ਮੁਹਾਰਤ ਹਾਸਲ ਕਰ ਲਈ ਸੀ। ਨੌਵੇਂ ਗੁਰੂ ਤੇਗ ਬਹਾਦੁਰ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜਾਦੇ ਅਤੇ ਗੁਰੂ ਗੋਬਿੰਦ ਸਿੰਘ ਦੇ ਕਈ ਸਿੰਘਾਂ ਦੀਆਂ ਮੁਗ਼ਲ ਸ਼ਾਸਕਾਂ ਹੱਥੋਂ ਹੋਈਆਂ ਸ਼ਹਾਦਤਾਂ ਦੀ ਦਿਲ ਕੰਬਾਊ ਦਾਸਤਾਨ ਨੇ ਬੰਦਾ ਸਿੰਘ ਬਹਾਦਰ ਨੂੰ ਬਹੁਤ ਡੂੰਘਾ ਪ੍ਰਭਾਵਿਤ ਕੀਤਾ।[131] ਪੰਜਾਬ ਵਿਚ ਮੁਗ਼ਲਾਂ ਦੇ ਜ਼ੁਲਮ ਦੀ ਦਾਸ਼ਤਾਨ ਸੁਣ ਕੇ ਉਸ ਦਾ ਖ਼ੂਨ ਖੌਲ੍ਹਣ ਲੱਗ ਪਿਆ ਸੀ। ਚਾਰੇ ਸਾਹਿਬਜਾਦਿਆਂ ਦੀ ਸ਼ਹਾਦਤ ਨੇ ਉਸ ਦੇ ਹੌਂਸਲੇ ਵਿਚ ਹੋਰ ਵਾਧਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਖ਼ਾਲਸੇ ਦਾ ਮੁੱਖ ਸੈਨਾਪਤੀ (ਜਰਨੈਲ) ਥਾਪ ਕੇ ਪੰਜਾਬ ਵਿਚ ਜ਼ਾਲਮ ਮੁਗ਼ਲ ਸਰਕਾਰ ਨਾਲ ਟੱਕਰ ਲੈਣ ਲਈ ਤੋਰਿਆ। ਗੁਰੂ ਸਾਹਿਬ ਨੇ ਉਸ ਨੂੰ ਅਸ਼ੀਰਵਾਦ ਦਿੱਤਾ ਅਤੇ ਸਰਹਿੰਦ ਦੇ ਫ਼ੌਜਦਾਰ ਨਵਾਬ ਵਜ਼ੀਰ ਖ਼ਾਂ ਅਤੇ ਉਸ ਵਰਗੇ ਹੋਰ ਜ਼ਾਲਮ ਹਾਕਮਾਂ ਨੂੰ ਸੋਧਣ ਲਈ ਰਵਾਨਾ ਕੀਤਾ।

ਇਸ ਸਮੇਂ ਹੀ ਗੁਰੂ ਗੋਬਿੰਦ ਸਿੰਘ ਜੀ ਉੱਪਰ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਂ ਵੱਲੋਂ ਭੇਜੇ ਦੋ ਖੁਫ਼ੀਆ ਪਠਾਣਾਂ ਵੱਲੋਂ ਹਮਲਾ ਕਰਕੇ ਗੁਰੂ ਸਾਹਿਬ ਨੂੰ ਜਖ਼ਮੀ ਕਰ ਦਿੱਤਾ ਸੀ। ਠੀਕ ਅਜਿਹੇ ਸਮੇਂ ਗੁਰੂ ਸਾਹਿਬ ਨੇ ਸਮੁੱਚੇ ਖਾਲਸੇ ਪੰਥ ਦੀ ਅਗਵਾਈ ਲਈ ਸੈਨਿਕ ਜਰਨੈਲ ਵਜੋਂ ਬੰਦਾ ਸਿੰਘ ਬਹਾਦਰ ਦੀ ਨਿਯੁਕਤੀ ਕੀਤੀ ਸੀ। According to Hari Ram Gupta "The Guru then declared that he was investing

[131] Shinde, Deepak (Editor), *Historical Aspects, Importance and Present Relevance of the Teachings of Shri Guru Gobind Singh Ji,* page 109.

Banda with authority to complete his work of national struggle in Punjab."[132] John Clark Archer says that "the conference discussed some disagreement with the Mughals and reached a decision to wage war against them.[133] ਡਾ. ਸੁਖਦਿਆਲ ਸਿੰਘ ਅਨੁਸਾਰ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਹੀ ਬੰਦਾ ਬਹਾਦਰ ਨਾਂਦੇੜ ਤੋਂ ਰਵਾਨਾ ਹੋਇਆ ਸੀ। ਨਾ ਹੀ ਤਾਂ ਬੰਦਾ ਸਿੰਘ ਬਹਾਦਰ ਆਪਣੇ ਜ਼ਖ਼ਮੀ ਹੋਏ ਗੁਰੂ ਨੂੰ ਛੱਡ ਕੇ ਹੀ ਆ ਸਕਦਾ ਸੀ ਅਤੇ ਨਾ ਹੀ ਗੁਰੂ ਜੀ ਨੇ ਉਸ ਨੂੰ ਉਦੋਂ ਤੱਕ ਆਪਣੇ ਤੋਂ ਪਰੇਂ ਭੇਜਣਾ ਹੀ ਸੀ , ਜਦੋਂ ਤੱਕ ਸਰੀਰਕ ਰੂਪ ਵਿਚ ਜੀਵਤ ਸਨ। [134] ਗਿਆਨੀ ਗਰਜਾ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਜੋਤੀ ਜੋਤਿ ਸਮਾਉਣ ਤੋਂ ਦੋ ਦਿਨ ਪਹਿ ਲਾਂ (ਕੱਤਕ ਸੁਦੀ ਥਿਤ ਤੀਜ) ਬੰਦਾ ਸਿੰਘ ਨੂੰ ਅਧੂਰੇ ਕੰਮਾਂ ਨੂੰ ਸਿਰੇ ਚੜ੍ਹਾਉਣ ਲਈ ਪੰਜਾਬ ਵੱਲ ਨੂੰ ਜਾਣ ਦੀ ਆਗਿਆ ਕੀਤੀ।[135] ਗੁਰੂ ਸਾਹਿਬ ਨੇ ਗੁਰਿਆਈ ਬੰਦਾ ਸਿੰਘ ਦੀ ਮੌਜੂਦਗੀ ਵਿਚ ਹੀ ਦਿੱਤੀ ਸੀ ਅਤੇ ਇਹ ਇੱਕ ਦਿਨ ਗੁਰਿਆਈ ਤੋਂ ਪਿਛੋਂ (ਕੱਤਕ ਸੁਦੀ ਥਿਤ ਤੀਜ ਨੂੰ ) ਪੰਜਾਬ ਵੱਲ ਆਇਆ ਸੀ। [136] ਭਾਈ ਸਵਰੂਪ ਸਿੰਘ ਕੌਸ਼ਿਸ਼ ਅਨੁਸਾਰ ਗੁਰੂ ਸਾਹਿਬ ਨੇ ਕੱਤਕ ਸੁਦੀ ਥਿਤ ਤੀਜ (5 ਅਕਤੂਬਰ 1765 ਈ.) ਦੇ ਦਿਨ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਰਵਾਨਾ ਹੋਣ ਦਾ ਹੁਕਮ ਕੀਤਾ ਸੀ।[137]

ਪੰਜਾਬ ਨੂੰ ਤੋਰਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਨੂੰ ਆਪਣੇ ਪਾਸ ਬੁਲਾ ਕੇ 'ਬਹਾਦਰੀ' ਦਾ ਥਾਪੜਾ ਦਿੱਤਾ, ਪੰਜ ਤੀਰ ਆਪਣੇ ਭੱਥੇ ਵਿਚੋਂ ਬਖ਼ਸ਼ੇ ਅਤੇ ਉਸ ਦੀ ਸਹਾਇਤਾ ਨਾਲ ਭਾਈ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਦਇਆ ਸਿੰਘ ਅਤੇ ਰਣ ਸਿੰਘ ਪੰਜ ਪਿਆਰੇ ਥਾਪੇ ਅਤੇ ਵੀਹ ਕੁ ਹੋਰ ਸੂਰਬੀਰ ਸਿੰਘ ਨਾਲ ਦਿੱਤੇ ਇੱਕ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਬਖ਼ਸ਼ਿਆ ਜੋ ਉਸ ਦੀ ਸੰਸਾਰਕ ਸੱਤਾ ਦੀਆਂ ਬਾਹਰਮੁਖੀ ਨਿਸ਼ਾਨੀਆਂ ਸਨ।[138] 'ਅਮਰਨਾਮਾ' ਅਨੁਸਾਰ ਜਿਹੜਾ ਜੱਥਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਪੰਜਾਬ ਨੂੰ ਰਵਾਨਾ ਹੋਣਾ ਸੀ , ਉਸ ਦੇ ਵਿਚ ਗੁਰੂ ਪੰਥ ਦੀ ਸਦੀਵੀ ਹੋਂਦ ਨੂੰ ਕਾਇਮ

---

132 Gupta, Hari Ram, *History of the Sikhs, Vol. I (The Sikh Gurus, (1469-1708),* page 323.

133 Archer, John Clark, *The Sikhs,* Princeton University Press, London, 1946, page 208.

134 ਸੁਖਦਿਆਲ ਸਿੰਘ, *ਬੰਦਾ ਸਿੰਘ ਬਹਾਦਰ ਇਤਿਹਾਸਕ ਅਧਿਐਨ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ 66.

135 ਗੁਰਮੁਖ ਸਿੰਘ (ਸੰਪਾ.), *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ* , ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਿਤੀਹੀਣ, ਪੰਨਾ 168.

136 ਉਕਤ, ਪੰਨਾ 167.

137 ਕੌਸ਼ਿਸ਼, ਸ੍ਰਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਾਖੀ ਨੰ. 111, ਪੰਨੇ 201-02.

138 ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 12.

ਰੱਖਣ ਲਈ ਪੰਜ ਸੁਤੰਤਰ ਸਿੰਘਾਂ ਨੂੰ ਚੁਣ ਕੇ ਗੁਰੂ ਰੂਪ ਵਿਚ ਨਾਲ ਦਿੱਤਾ।[139] ਇਸ ਤੋਂ ਬਾਅਦ ਗੁਰੂ ਜੀ ਨੇ ਉਸ ਨੂੰ ਪੰਜਾਬ ਜਾਣ ਦੀ ਆਗਿਆ ਕੀਤੀ। ਭਾਈ ਸ੍ਰੂਪ ਸਿੰਘ ਕੌਸ਼ਿਸ਼ ਅਨੁਸਾਰ ਇਸੀ ਸਮੇਂ ਨਾਇਕ ਭਗਵੰਤ ਸਿੰਘ ਬੰਗਸ਼ੇਰੀ ਜਿਸ ਦਾ ਮਨਸਬ ਪਾਂਚ ਹਜ਼ਾਰੀ ਤੇ ਸੋਲਾਂ ਟਾਂਡੋਂ ਮੇਂ ਸੇ ਮੁਖ ਟਾਂਡੇ ਕਾ ਮਾਲਕ ਸੀ, ਅਪਨੇ ਨਾਇੱਕ ਭਾਈ ਕੁਇਰ ਸਿੰਘ, ਬਾਜ ਸਿੰਘ ਆਦਿ ਸਾਥੀਆਂ ਕੇ ਗੈਲ ਨਦੇੜ ਆਇ ਗੁਰੂ ਜੀ ਕਾ ਦਰਸ਼ਨ ਪਾਇਆ। ਸਤਿਗੁਰਾਂ ਇਸ ਕੇ ਆਏ ਕਾ ਬੜਾ ਆਉ -ਭਗਤ ਕੀਆ। ਠਹਿਰਨੇ ਕੇ ਲੀਏ ਨਦੇੜ ਮੇਂ ਨਿਵਾਸ ਦੀਆ। ਸੰਮਤ ਸਤ੍ਰਾਂ ਸੈ ਪੈਂਸਠ ਕਾਰਤਕ ਮਾਸੇ ਸੁਦੀ ਥਿਤ ਤੀਜ ਕੇ ਦਿਹੁੰ ਬੰਦਾ ਸਿੰਘ ਕੋ ਪੰਥ ਕਾ ਜਥੇਦਾਰ ਥਾਪ ਬੰਗਸ਼ੇਰੀ ਕੇ ਟਾਂਡੇ ਮੇਂ ਮਦਰ ਦੇਸ ਜਾਨੇ ਕਾ ਬਚਨ ਕੀਆ।... ਸਤਿਗੁਰਾਂ ਇਸੇ ਗਾਤ੍ਰੇ ਕੀ ਸ੍ਰੀ ਸਾਹਿਬ, ਏਕ ਮੋਹਰ, ਪਾਂਚ ਤੀਰ ਤੇ ਏਕ ਨਿਸ਼ਾਨ ਸਾਹਿਬ ਦੇ ਕੇ ਪੰਜਾਬ ਕੀ ਤਰਫ਼ ਵਿਦਾ ਕੀਆ।[140]

ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਲੈ ਕੇ ਅਤੇ ਪੰਚੀ ਸਿੰਘਾਂ ਸਹਿਤ ਬੰਦਾ ਸਿੰਘ ਬਹਾਦਰ ਨੇ ਤੇਜੀ ਨਾਲ ਨਾਂਦੇੜ ਤੋਂ ਪੰਜਾਬ ਨੂੰ ਕੂਚ ਕੀਤਾ। ਡਾ. ਗੋਪਾਲ ਸਿੰਘ ਅਨੁਸਾਰ ਬੰਦਾ ਬਹਾਦਰ ਨੂੰ ਪੰਜਾਬ ਪਹੁੰਚਣ ਲਈ ਲਗਭਗ ਇੱਕ ਸਾਲ ਦਾ ਸਮਾਂ ਲੱਗਿਆ।[141] ਪੰਜਾਬ ਵਿਚ ਵਿਸ਼ੇਸ਼ ਤੌਰ 'ਤੇ ਲਾਹੌਰ ਤੋਂ ਦਿੱਲੀ ਤੱਕ ਦਾ ਇਲਾਕਾ ਬੰਦਾ ਬਹਾਦਰ ਦੀ ਬਗ਼ਾਵਤ ਦਾ ਸ਼ਿਕਾਰ ਸੀ ਅਤੇ ਨਾਲ ਲਗਦੇ ਇਲਾਕਿਆ ਵਿਚ ਤੇਜੀ ਬਦਅਮਨੀ ਫੈਲ ਰਹੀ ਸੀ।[142] ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਨਾਂਦੇੜ ਤੋਂ ਗੁਰੂ ਸਾਹਿਬ ਦਾ ਥਾਪੜਾ ਲੈ ਕੇ ਪੰਜਾਬ ਵਿਚ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਅਤੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰਿਆ। ਉਸ ਨੇ ਪੰਜਾਬ ਵਿਚ ਖਾਲਸਾ ਰਾਜ ਦੀ ਨੀਂਹ ਰੱਖੀ ਅਤੇ ਸਿੱਖਾਂ ਨੂੰ ਰਾਜ -ਸੱਤਾ ਦੀ ਗੁੜ੍ਹਤੀ ਦਿੱਤੀ। ਉਸ ਨੇ ਇਸ ਖਾਲਸਾ ਰਾਜ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦੇ ਸਿੱਕੇ ਜਾਰੀ ਕੀਤੇ। ਪਹਿਲੇ ਸਮਿਆਂ ਵਿਚ ਜਦੋਂ ਵੀ ਕੋਈ ਨਵਾਂ ਰਾਜ ਸਥਾਪਿਤ ਕੀਤਾ ਜਾਂਦਾ ਸੀ , ਉਸ ਦੇ

---

139 "ਫ਼ਰਿਸਤਾਦਨਸ਼ ਸੂਇ ਪੰਜਾਬ ਕਰਦ।
ਮਏ ਪੰਜ ਸਿੰਘਾਨਿ ਆਜ਼ਾਦ ਮਰਦ। 57।" ਗੰਡਾ ਸਿੰਘ (ਸੰਪਾ.), *ਅਮਰਨਾਮਾ (ਫ਼ਾਰਸੀ ਮੂਲ, ਪੰਜਾਬੀ ਉਤਾਰਾ ਤੇ ਅਰਥ)*, ਪੰਨਾ 26.

140 ਕੌਸ਼ਿਸ਼, ਸ੍ਰੂਪ ਸਿੰਘ, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨੇ 201-02.

141 Gopal Singh (Dr.), *A History of The People 1469-1978,* World Book Centre, New Dehli, 1939 (First Edition), page 334.

142 ਨਈਅਰ, ਗੁਰਬਚਨ ਸਿੰਘ , *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ* , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 74.

ਸੁਤੰਤਰ ਰੁਤਬੇ ਜਾਂ ਉਸ ਦੀ ਪ੍ਰਭੂਸੱਤਾ ਦੀ ਅਸਲ ਪਛਾਣ ਉਸ ਦੇ ਸਿੱਕੇ ਅਤੇ ਮੋਹਰਾਂ ਹੀ ਹੁੰਦੇ ਹਨ।[143] ਖਾਲਸਾ ਰਾਜ ਨੂੰ ਬੰਦਾ ਸਿੰਘ ਬਹਾਦਰ ਨੇ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਕੀਤੇ ਸਿਧਾਂਤਾਂ ਅਨੁਸਾਰ ਅਗਵਾਈ ਦਿੱਤੀ ਸੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦੇਣੀ

ਪਠਾਣ ਵੱਲੋਂ ਗੁਰੂ ਸਾਹਿਬ ਦੀ ਵੱਖੀ (ਦਿਲ ਤੋਂ ਹੇਠਾਂ) ਵਿਚ ਕੀਤਾ ਗਿਆ ਗਹਿਰਾ ਜਖ਼ਮ ਕੁਝ ਦਿਨਾਂ ਦੇ ਵਿਚ ਠੀਕ ਹੋ ਗਿਆ ਸੀ ਪਰ ਅੰਦਰੋਂ ਅੱਲਾ (ਕੱਚਾ) ਸੀ। ਅਗਲੇ ਸੋਲ੍ਹਾਂ ਦਿਨ ਤੱਕ ਗੁਰੂ ਸਾਹਿਬ ਸਰੀਰਕ ਤੌਰ 'ਤੇ ਠੀਕ ਰ ਹੇ।[144] ਮੈਕਾਲਿਫ਼ ਵੀ ਲਿਖਦਾ ਹੈ ਕਿ "ਗੁਰੂ ਜੀ ਦੇ ਜ ਖ਼ਮ 15 ਦਿਨਾਂ ਵਿਚ ਲਗਭਗ ਠੀਕ ਹੋ ਗਏ।"[145] ਇਹ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਗੁਰੂ ਸਾਹਿਬ ਨਾਂਦੇੜ ਵਿਖੇ ਅੰਤਿਮ ਦਿਨ ਬਿਤਾ ਰਹੇ ਹਨ ਕਿਉਂਕਿ ਗੁਰੂ ਸਾਹਿਬ ਜੀ ਨਗੀਨਾ ਘਾਟ ਦੇ ਅਸਥਾਨ 'ਤੇ ਖੁੱਲ੍ਹੇ ਦੀਵਾਨਾਂ ਵਿਚ ਫਿਰ ਤੋਂ ਸੰਗਤਾਂ ਨੂੰ ਦਰਸ਼ਨ ਦੇਣ ਲੱਗ ਪਏ ਸ ਨ। ਭਾਈ ਸੁਖਾ ਸਿੰਘ ਅਨੁਸਾਰ ਇੱਕ ਦਿਨ ਭਾਰੀ ਕਮਾਨ ਦਾ ਚਿਲ੍ਹਾ ਚੜ੍ਹਾਉਣ ਸਮੇਂ ਜਖ਼ਮ ਮੁੜ ਪਹਿਲਾਂ ਤੋਂ ਵੀ ਜ਼ਿਆਦਾ ਖੁੱਲ੍ਹ ਗਿਆ।[146] ਦੁਬਾਰਾ ਟਾਂਕੇ ਲਾਉਣ ਤੋਂ ਗੁਰੂ ਜੀ ਨੇ ਸਿੰਘਾਂ ਨੂੰ ਮਨ੍ਹਾ ਕਰ ਦਿੱਤਾ ਅਤੇ ਜਖ਼ਮ ਉੱਤੇ ਘੁੱਟ ਕੇ ਕਮਰਕੱਸਾ ਬੰਨ੍ਹ ਲਿਆ। ਇਸ ਦਿਨ ਗੁਰੂ ਜੀ ਨੇ ਸਿੰਘਾਂ ਨੂੰ ਆਪਣੇ ਸੱਚਖੰਡ ਗਮਨ ਕਰਨ ਬਾਰੇ ਦੱਸ ਦਿੱਤਾ ਕਿ ਪੰਚਮੀ ਦੇ ਦਿਨ ਅਸੀਂ ਅਸਵਾਰੀ ਕਰਾਂਗੇ। ਸਿੰਘਾਂ ਨੂੰ ਗੁਰਤਾਗੱਦੀ ਗੁਰਪੁਰਬ ਮਨਾਉਣ, ਲੰਗਰ ਦੇ ਪ੍ਰਬੰਧ ਕਰਨ ਅਤੇ ਚਿਖਾ ਲਈ ਸੰਦਲ (ਚੰਦਨ) ਦੀ ਲੱਕੜ ਮੰਗਾਉਣ ਲਈ ਆਦੇਸ਼ ਦਿੱਤਾ। ਗੁਰੂ ਸਾਹਿਬ ਦਾ ਅਚਾਨਕ ਗੁਰਤਾਗੱਦੀ ਗੁਰਪੁਰਬ ਕਰਨ ਅਤੇ ਸੱਚਖੰਡ ਗਮਨ ਕਰਨ ਲਈ ਕਹਿਣਾ ਸਿੰਘਾਂ ਦੀਆਂ ਅੱਖਾਂ ਨਮ ਕਰ ਦਿੰਦਾ ਹੈ। ਗੁਰੂ ਜੀ ਨੇ ਸੰਗਤਾਂ ਵੱਲ ਵੇਖ ਕੇ ਕਿਹਾ ਖਾਲਸਾ ਜੀ ਸਾਡਾ ਅੰਤਿਮ ਸਮਾਂ ਨੇੜੇ ਆ ਗਿਆ ਹੈ। ਹੁਣ ਅਸੀਂ ਸੱਚਖੰਡ ਗਮਨ ਕਰਨਾ ਹੈ।

---

143 ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ* (ਬਾਬਾ ਬੰਦਾ ਸਿੰਘ ਬਹਾਦਰ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2016 (ਅੰਕ ਪਹਿਲਾ), ਪੰਨਾ 68.

144 "ਸੋਲਾਂ ਦਿਨ ਫਿਰ ਪਾਛੇ ਸਰੀਰ ਰਹਿਆ। " ਕੇਸਰ ਸਿੰਘ , ਭਾਈ, *ਗੁਰ ਪ੍ਰਣਾਲੀਆਂ*, ਗੰਡਾ ਸਿੰਘ (ਉਤਾਰਾਕਾਰ), ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਸੰਮਤ 483 ਨਾਨਕਸ਼ਾਹੀ, ਪੰਨਾ 120.

145 ਮੈਕਾਲਿਫ਼, ਮੈਕਸ ਆਰਥਰ, *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਪੰਜਵੀਂ ਜਿਲਦ),* ਧਰਮ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 (ਪਹਿਲੀ ਵਾਰ), ਪੰਨਾ 228.

146 "ਖੈਚ ਕਮਾਨ ਸੁ ਕ੍ਰਿਪਾਨਿਧਾਨਾ।। ਛੋਰੇ ਬਾਨ ਸੁ ਤੜਤ ਪ੍ਰਮਾਨਾ।।54।।..
ਟੂਟ ਜਖਮ ਜਬਹੀ ਵਹ ਗਯੋ।। ਅਗਲੇ ਤੇ ਜਾਦਾ ਜਨ ਭਯੋ।।" ਸੁਖਾ ਸਿੰਘ, ਭਾਈ, ਗੁਰਬਿਲਾਸ ਪਾਤਸਾਹੀ ਦਸਮੀ , ਮਨਵਿੰਦਰ ਸਿੰਘ (ਸੰਪਾ.), ਪੰਨਾ 428.

ਇਸ ਸਮੇਂ ਬੇਬਸ ਹੋਏ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ ਮਹਾਰਾਜ ਸਾਨੂੰ ਕਿਸ ਦੇ ਲੜ ਲਾ ਕੇ ਜਾ ਰਹੇ ਹੋਂ, ਗੁਰੂ ਸਾਹਿਬ ਨੇ ਕਿਹਾ ਸਿੰਘੋ ! ਇਹ ਖਾਲਸਾ ਪੰਥ ਮੈਂ ਅਕਾਲ ਪੁਰਖ ਦੀ ਆਗਿਆ ਨਾਲ ਸਾਜਿਆ ਹੈ ਅਤੇ ਅੱਜ ਤੋਂ ਇਸ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਜੀ ਦੇ ਲੜ ਲਾ ਰਹੇ ਹਾਂ। ਸਰੂਪ ਦਾਸ ਭੱਲਾ ਲਿਖਦੇ ਹਨ ਤਬ ਸਿੱਖਾਂ ਨੇ ਪੂਛਾ ਜੋ ਅਬ ਦਰਸ਼ਨ ਕਹਾ ਕਰਹਿ। ਸਤਿਗੁਰ ਦੀਨ ਦਿਆਲ ਬਚਨ ਕੀਆ। ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਾਹਗਾ ਗੁਰੂ ਗ੍ਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਆਦਿ ਗ੍ਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੇ ਬਾਤ ਹੋਵੇਗੀ।[147] ਮੇਰਾ ਆਤਮਿਕ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਸਰੀਰਕ ਰੂਪ ਖਾਲਸੇ ਵਿਚ ਹੋਵੇਗਾ। ਗੁਰੂ ਕੀਆਂ ਸਾਖੀਆਂ ਅਨੁਸਾਰ ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਧੀਮੀ ਆਵਾਜ ਵਿਚ ਆਪਣੀ ਪਵਿੱਤਰ ਰਸਨਾ ਤੋਂ ਇਸ ਸ਼ਬਦ ਦਾ ਉਚਾਰਨ (ਗਾਇਨ) ਕੀਤਾ:

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨ ਹਰਿ ਹਰਿ ਗਾਈ।।**

**ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ।।1।।**

**ਅਬ ਮੋਹਿ ਜੀਵਨ ਪਦਵੀ ਪਾਈ।।**

**ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ।।1।।ਰਹਾਉ।। (ਮਾਰੂ ਮ: 5)**[148]

ਗੁਰੂ ਜੀ ਦੇ ਹੁਕਮ ਨਾਲ ਮੌਜੂਦਾ ਤਖ਼ਤ ਸੱਚਖੰਡ ਸਾਹਿਬ ਵਾਲੇ ਪਵਿੱਤਰ ਅਸਥਾਨ ਉੱਤੇ ਸੁੰਦਰ ਤਖ਼ਤ ਸਜਾਇਆ ਗਿਆ ਅਤੇ ਸਿੰਘਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ (ਦਮਦਮੀ ਬੀੜ) ਨੂੰ ਇਸ ਤਖ਼ਤ ਉੱਤੇ ਲਿਆ ਕੇ ਪ੍ਰਕਾਸ਼ ਕੀਤਾ। 4 ਅਕਤੂਬਰ, 1708 ਈ. (ਕੱਤਕ ਸੁਦੀ ਦੂਜ , ਸੰਮਤ 1765 ਬਿ.) ਨੂੰ ਸੱਚਖੰਡ ਗਮਨ ਤੋਂ ਤਿੰਨ ਦਿਨ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾਂਦੇੜ ਦੀ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰਤਾਗੱਦੀ ਪ੍ਰਦਾਨ ਕੀਤੀ ।[149] ਦਸਮ ਪਤਾਸ਼ਾਹ ਜੀ ਨੇ ਮਰਿਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ , ਪ੍ਰਕਰਮਾ ਕੀਤੀ ਅਤੇ ਸਮੂਹ ਖਾਲਸਾ

---

147 ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼,* ਭਾਗ ਦੂਜਾ (ਖੰਡ-2), ਉਤਮ ਸਿੰਘ ਭਾਟੀਆ (ਸੰਪਾ), ਪੰਨਾ 862.

148 ਕੋਸ਼ਿਸ਼, ਸ੍ਰਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 203.

149 ਪਸਰੀਚਾ, ਪੀ . ਐਸ, *ਨਾਂਦੇੜ ਪਰਿਵਰਤਨ ਦਾ ਸਫ਼ਰ ,* ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, 2011 (ਪਹਿਲੀ ਵਾਰ), ਪੰਨਾ 7.

ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸ਼ਬਦ-ਗੁਰੂ' ਮੰਨਣ ਦਾ ਹੁਕਮ ਦਿੱਤਾ। ਖਾਲਸੇ ਨੂੰ ਫੁਰਮਾਇਆ ਕਿ ਸਾਡੇ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ 'ਗੁਰੂ' ਦੇ ਰੂਪ ਵਿਚ ਖਾਲਸਾ ਪੰਥ ਦੀ ਅਗਵਾਈ ਕਰਨਗੇ:

**ਪੈਸੇ ਪਾਂਚ ਨਲੇਰ ਲੈ ਤਿਸ ਅਗਰ ਟਿਕਾਯੋ। ਕਰ ਪ੍ਰਕਰਮਾਂ ਗੁਰੂ ਜੀ ਨਿਜ ਮਾਥ ਝੁਕਾਯੋ।**

**ਗੁਰੂ ਗ੍ਰੰਥ ਕੋ ਗੁਰੁ ਥਪਿਓ ਕੁਣਕਾ ਬਟਵਾਯੋ। ਸ੍ਰੀ ਮੁਖ ਤੈ ਸਭ ਸਿਖਨ ਕੋ ਇਮ ਹੁਕਮ ਸੁਨਾਯੋ।**

**ਤਥਾ ਹੀ ਸ੍ਰੀ ਮੁਖਵਾਕ ਦੋਹਿਰਾ**

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।**

**ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ।**[150]

ਇਸ ਸ਼ੁਭ ਅਵਸਰ ਉੱਤੇ ਸੁੰਦਰ ਦੀਵਾਨ ਸਜੇ ਅਤੇ ਕੀਰਤਨ ਹੋਇਆ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿੱਤਾ। ਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਖਾਲਸੇ ਨੇ ਪੰਜ ਸੋ ਰੁਪਏ ਦਾ ਗੁਰਤਾਗੱਦੀ ਗੁਰਪੁਰਬ ਮਨਾਇਆ ਅਤੇ ਸਰਬੱਤ ਖਾਲਸੇ ਵਿਚ ਖੁੱਲ੍ਹਾ ਲੰਗਰ ਵਰਤਾਇਆ ਗਿਆ। [151] ਗਿਆਨੀ ਮੋਹਨ ਸਿੰਘ ਅਨੁਸਾਰ ਤੀਜ, ਚੌਥ, ਅਤੇ ਪੰਚਮੀ ਤੱਕ ਪੱਕੀ ਰਸੋਈ (ਲੱਡੂ, ਜਲੇਬੀ, ਪੂਰੀਆਂ) ਦਾ ਅਤੁੱਟ ਲੰਗਰ ਵਰਤਿਆ। ਸਾਰੇ ਨਾਂਦੇੜ ਦੇ ਚਾਰ -ਚੁਫੇਰਿਉਂ ਗ੍ਰਾਮਾਂ ਦੇ ਲੋਕ ਪ੍ਰਸ਼ਾਦ ਛਕਣ ਆਏ। [152] ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1765 ਬਿ. ਕੱਤਕ ਸੁਦੀ ਦੂਜ (4 ਅਕਤੂਬਰ, 1708 ਈ.) ਦੇ ਦਿਨ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰਤਾਗੱਦੀ ਬਖ਼ਸ਼ੀ। ਇਥੋਂ ਹੀ 'ਗੁਰੂ-ਗ੍ਰੰਥ' ਅਤੇ 'ਗੁਰੂ-ਪੰਥ' ਦਾ ਸਿਧਾਂਤ ਅਮਲੀ ਰੂਪ ਵਿਚ ਹੋਂਦ ਵਿਚ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਸੰਬੰਧੀ ਭਾਈ ਨੰਦ ਲਾਲ ਜੀ ਲਿਖਦੇ ਹਨ:

**ਸ਼ਬਦ ਸੁਣੇ ਗੁਰ ਹਿਤ ਚਿਤ ਲਾਇ ਗਿਆਨ ਸ਼ਬਦ ਗੁਰ ਸੁਣੇ ਸੁਣਾਇ॥17॥**

**ਜੋ ਮਮ ਸਾਥ ਚਾਹੇ ਕਰ ਬਾਤ ਗ੍ਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ॥18॥**

**ਜੋ ਮੁਝ ਬਚਨ ਸੁਣਨ ਕੀ ਚਾਇ ਗ੍ਰੰਥ ਪੜ੍ਹੇ ਸੁਣੇ ਚਿਤ ਲਾਇ॥19॥**

**ਮੇਰਾ ਰੂਪ ਗ੍ਰੰਥ ਜੀ ਜਾਣ ਇਸ ਮੇਂ ਭੇਦ ਨਹੀਂ ਕੁਝ ਮਾਨ॥20॥**[153]

---

150 ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 353.

151 ਬਾਜਵਾ, ਕੁਲਵਿੰਦਰ ਸਿੰਘ (ਸੰਪਾ.), *ਮਹਿਮਾ ਪ੍ਰਕਾਸ਼ (ਵਾਰਤਕ), ਸਾਖੀ 129ੳ, ਪੰਨਾ 214.*

152 ਮੋਹਨ ਸਿੰਘ, ਗਿਆਨੀ, *ਤਵਾਰੀਖ ਸੱਚਖੰਡ,* ਪੰਨਾ 97.

153 ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009 (ਚੌਥੀ ਵਾਰ), ਪੰਨਾ 187.

ਪ੍ਰਚੱਲਿਤ ਸਿੱਖ ਰਵਾਇਤ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖ਼ਸ਼ੀ ਅਤੇ ਆਪਣੇ ਮੁਖਾਰਬਿੰਦ ਤੋਂ ਹੁਕਮਨਾਮਾ ਲਿਆ ਤਾਂ ਉਸ ਸਮੇਂ ਇਹ ਹੁਕਮਨਾਮਾ ਆਇਆ:

**ਸੂਹੀ ਮਹਲਾ 5**

**ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ॥**

**ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ॥**

**ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ॥**

**ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ॥**

**ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ॥**

**ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ॥**[154]

ਇਸ ਮਹਾਂਵਾਕ ਪਿਛੋਂ ਗੁਰੂ ਸਾਹਿਬ ਨੇ ਸਰਬੱਤ ਖਾਲਸੇ ਸਿੱਖ ਸੰਗਤ ਨੂੰ ਬਚਨ ਕੀਤਾ ਕਿ ਜੁਗਾਂ - ਜੁਗਾਂ ਦੀ ਇਸ ਪਾਵਨ ਪਵਿੱਤਰ ਹੋਈ ਧਰਤੀ ਦਾ ਨਾਮ ਸ੍ਰੀ ਅਬਿਚਲਨਗਰ ਹੋਇਆ। ਇਸ ਸੁਹਾਵਣੇ ਅਵਸਰ 'ਤੇ ਖ਼ੁਸ਼ੀ ਦੇ ਜੈਕਾਰੇ ਗਜਾਏ ਗਏ ਅਤੇ ਅਤੁੱਟ ਪ੍ਰਸ਼ਾਦਿ ਅਤੇ ਲੰਗਰ ਸਮੂਹ ਸੰਗਤ ਵਿੱਚ ਵਰਤਾਇਆ ਗਿਆ।[155] ਨਾਂਦੇੜ ਦਾ ਨਾਮ ਅਬਿਚਲਨਗਰ ਪੈਣ ਸੰਬੰਧੀ ਸਿੱਖ ਇਤਿਹਾਸ ਵਿਚ ਦੋ ਰਾਵਾਂ ਪ੍ਰਚੱਲਿਤ ਹਨ। ਇੱਕ ਰਵਾਇਤ ਅਨੁਸਾਰ ਜੁਗਾਂ-ਜੁਗਾਂ ਦੀ ਇਸ ਪਵਿੱਤਰ ਧਰਤੀ ਦਾ ਨਾਮ ਅਬਿਚਲਨਗਰ ਗੁਰੂ ਗੋਬਿੰਦ ਸਿੰਘ ਜੀ ਨੇ ਰੱਖਿਆ। ਗੁਰੂ ਜੀ ਨੇ ਫ਼ੁਰਮਾਇਆ : ਅੱਜ ਤੋਂ ਇਸ ਅਸਥਾਨ ਦਾ ਨਾਂ ਅਬਿਚਲਨਗਰ ਹੋਵੇਗਾ। ਦੂਜੇ ਮਤ ਅਨੁਸਾਰ ਇਹ ਨਾਮ ਗੁਰਸਿੱਖਾਂ ਨੇ ਰੱਖਿਆ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਬਾਅਦ ਅੰਗੀਠੇ ਵਾਲੇ ਅਸਥਾਨ 'ਤੇ ਸਿੱਖਾਂ ਨੇ ਮੰਜੀ ਸਾਹਿਬ (ਥੜ੍ਹਾ) ਬਣਾ ਦਿੱਤਾ ਅਤੇ ਇਸ ਅਸਥਾਨ ਦਾ ਨਾਂ ਸ੍ਰੀ ਅਬਿਚਲਨਗਰ ਰੱਖਿਆ।[156] ਹਜ਼ੂਰੀ ਸਿੱਖਾਂ ਵਿਚ ਅੱਜ ਮੰਜੀ ਸਾਹਿਬ ਨੂੰ ਸਿੰਘਾਸਣ

---

[154] *ਸਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (ਪੋਥੀ ਤੀਜੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ, 2016, ਪੰਨਾ 783.

[155] ਸਹੋਤਾ, ਗੁਰਪ੍ਰੀਤ ਸਿੰਘ, *ਯਾਦਾਂ ਸ੍ਰੀ ਹਜ਼ੂਰ ਸਾਹਿਬ ਦੀਆਂ (ਸਫ਼ਰਨਾਮਾ),* 2015, ਪੰਨਾ 29.

[156] ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ,* ਪੰਨਾ 648.

ਅਸਥਾਨ ਕਿਹਾ ਜਾਂਦਾ ਹੈ। ਗੁਰੁ ਗਿਰਾਰਥ ਕੋਸ਼ ਅਨੁਸਾਰ ਗੁਰ ਦਸਮ ਮਹਾਰਾਜ ਕੇ ਜੋਤੀ ਜੋਤ ਸਮਾਵਨੇ ਕੇ ਥਾਨ ਕਾ ਨਾਮ ਅਬਿਚਲਨਗਰ ਇਸੀ ਤੁਕ ਅਨੁਸਾਰ ਗੁਰ ਥਾਨ ਕੀ ਰਚਨਾ ਕਰਵਾਨੇ ਵਾਲੇ ਉਤਮ ਜਨੋਂ ਨੇ ਰੱਖਿਆ ਹੈ।[157] ਇਸ ਅਸਥਾਨ ਨੂੰ 'ਸ੍ਰੀ ਹਜ਼ੂਰ ਸਾਹਿਬ' ਵੀ ਕਿਹਾ ਜਾਂਦਾ ਹੈ। ਇਹ ਨਾਂਦੇੜ ਦੀ ਧਰਤੀ ਦਾ ਵਡਭਾਗ ਹੈ ਕਿ ਗੁਰੂ ਸਾਹਿਬ ਨੇ ਇਸ ਧਰਤੀ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ੀ ਅਤੇ 'ਸਭ ਸਿਖਨ ਕੋ ਹੁਕਮਿ ਹੈ ਗੁਰੂ ਮਾਨੀਓ ਗ੍ਰੰਥ' ਦਾ ਉਪਦੇਸ਼ ਦਿੱਤਾ।

**ਸੰਗਤਾਂ ਨੂੰ ਗੁਰਮਤਿ ਉਪਦੇਸ਼ ਦੇਣਾ**

ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਉੱਤੇ ਕਟਾਰ ਦੇ ਵਾਰ ਅਤੇ ਮੁੜ ਤੋਂ ਟਾਂਕੇ ਟੁੱਟ ਜਾਣ ਦੀ ਖ਼ਬਰ ਸੁਣ ਕੇ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਦਰਸ਼ਨ ਕਰਨ ਪਹੁੰਚਦੀਆਂ ਰਹੀਆਂ। ਸੱਚਖੰਡ ਗਮਨ ਕਰਨ ਤੋਂ ਤਿੰਨ ਦਿਨ ਪਹਿਲਾਂ ਗੁਰੂ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰਤਾਗੱਦੀ ਬਖ਼ਸ਼ੀ। ਇਸ ਸਮੇਂ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੇ ਨਾਲ-ਨਾਲ ਸੰਗਤਾਂ ਨੂੰ ਗੁਰਮਤਿ ਦਾ ਖੁੱਲ੍ਹਾ ਉਪਦੇਸ਼ ਵੀ ਦਿੱਤਾ। ਸਮੂਹ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਮੰਨਣ ਦਾ ਹੁਕਮ ਦਿੱਤਾ। ਸੰਗਤਾਂ ਨੂੰ ਹੁਕਮ ਕੀਤਾ ਕਿ ਖ਼ਾਲਸਾ ਜੀ ਸਾਡੇ ਤੋਂ ਪਿੱਛੋਂ ਵਿਰਲਾਪ ਨਹੀਂ ਕਰਨਾ। ਹਮੇਸ਼ਾ ਕੀਰਤਨ ਅਤੇ ਸਤਿਨਾਮ ਦਾ ਜਾਪ ਕਰਨਾ ਹੈ। ਪੂਰਨ ਗੁਰਮਤਿ ਰਹਿਤ ਵਿਚ ਅਤੇ ਸ਼ਸਤਰਧਾਰੀ ਹੋ ਕੇ ਰਹਿਣਾ ਹੈ। ਸ਼ਸਤਰ ਵਿੱਦਿਆ ਦਾ ਅਭਿਆਸ ਕਰਨਾ ਹੈ। ਅਸੀਂ ਸਦਾ ਤੁਹਾਡੇ ਅੰਗ ਸੰਗ ਰਹਾਂਗੇ।[158] ਸ਼ਬਦ-ਬਾਣੀ ਪੜ੍ਹਨਾ, ਕੜਾਹ-ਪ੍ਰਸ਼ਾਦਿ ਅਤੇ ਗੁਰਪੁਰਬ ਕਰਤੇ ਰਹਿਣਾ। ਜੋ ਮੇਰਾ ਸਿੱਖ ਹੋਵੇਗਾ ਉਹ ਬਾਣੀ-ਬਾਣੇ ਦਾ ਧਾਰਨੀ ਪੂਰਨ ਰਹਿਤਵਾਨ ਅਤੇ ਸ਼ਸਤਰਧਾਰੀ ਹੋਵੇਗਾ। ਸਿੱਖ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਆਖ਼ਰੀ ਉਪਦੇਸ਼ ਸੀ।

ਇਸ ਹੁਕਮ ਪਿੱਛੇ ਗੁਰੂ ਸਾਹਿਬ ਦੀ ਇਹ ਸੋਚ ਕੰਮ ਕਰਦੀ ਸੀ ਕਿ ਸਿੱਖਾਂ ਦੇ ਦੁਸ਼ਮਣ ਸਿੱਖ ਸੰਗਤਾਂ ਉੱਪਰ ਮਾਰੂ ਹਮਲੇ ਨਾ ਕਰ ਸਕਣ ਅਤੇ ਅਜਿਹੀ ਸੂਰਤ ਵਿੱਚ ਸਿੱਖ ਸੰਗਤਾਂ ਆਪਣੀ ਰੱਖਿਆ

---

157 ਨਰੋਤਮ, ਤਾਰਾ ਸਿੰਘ (ਪੰਡਿਤ), *ਗੁਰੁ ਗਿਰਾਰਥ ਕੋਸ਼ (ਪੁਨਰ ਸੰਪਾਦਿਤ: ਨਵੀਨ ਸ਼ਬਦ-ਕ੍ਰਮ ਅਨੁਸਾਰ)* (ਪਹਿਲੀ ਜਿਲਦ), ਹਰਭਜਨ ਸਿੰਘ (ਮੁੱਖ ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010 (ਪਹਿਲੀ ਵਾਰ), ਪੰਨਾ 34.

158 ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਚੌਦਵੀਂ),* ਐਨ 2 ਅੰਸੂ 23, ਬੰਦ 14, 15, 16, 18, ਪੰਨੇ 6331-32.

ਆਪ ਕਰ ਸਕਣ।[159] ਆਖ਼ਰੀ ਉਪਦੇਸ਼ ਵਿਚ ਗੁਰੂ ਜੀ ਨੇ ਸਿੱਖਾਂ ਨੂੰ ਹਦਾਇਤ ਕੀਤੀ ਕਿ ਉਹ ਹਮੇਸ਼ਾ ਦ੍ਰਿੜ ਵਿਸ਼ਵਾਸੀ, ਪੱਕੇ ਇਰਾਦੇ ਦੇ ਅਤੇ ਚੜ੍ਹਦੀ ਕਲਾ ਵਿਚ ਰਹਿਣ। ਜਿੱਥੇ ਵੀ ਪੰਜ ਸਿੱਖ ਇਕੱਤ੍ਰ ਹੋਣਗੇ , ਉੱਥੇ ਹੀ ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਖ਼ੁਦ ਮੌਜੂਦ ਹੋਣਗੇ। ਕਿਸੇ ਨੂੰ ਖ਼ਾਲਸਾ ਧਰਮ ਵਿਚ ਪ੍ਰਵੇਸ਼ ਕਰਨ ਲਈ ਪਾਹੁਲ ਦੇਣ ਦਾ ਅਧਿਕਾਰ ਕੇਵਲ ਪੰਜ ਸਿੰਘਾਂ ਨੂੰ ਹੀ ਹੋਵੇਗਾ।[160] ਤਕਰੀਬਨ ਸਾਰੇ ਇਤਿਹਾਸਕ ਸ੍ਰੋਤਾਂ ਵਿਚ ਥੋੜ੍ਹੇ ਬਹੁਤ ਫ਼ਰਕ ਨਾਲ ਨਾਂਦੇੜ ਵਿਖੇ ਗੁਰੂ ਜੀ ਵੱਲੋਂ ਇਸ ਸਮੇਂ ਸਿੱਖ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦੇਣ ਦਾ ਵਰਣਨ ਮਿਲਦਾ ਹੈ। ਗੁਰੂ ਸਾਹਿਬ ਨੇ ਭਾਈ ਸੰਤੋਖ ਸਿੰਘ (ਹਜ਼ੂਰੀ ਸਿੱਖ) ਨੂੰ ਹੁਕਮ ਕੀਤਾ ਕਿ ਸਾਡੇ ਪਿਛੋਂ ਇਸ ਅਸਥਾਨ ਦੀ ਸੇਵਾ-ਸੰਭਾਲ ਕਰਨਾ, ਸੰਗਤਾਂ ਦੀ ਆਈ ਭੇਟਾ ਨਾਲ ਦੇਗ-ਲੰਗਰ ਚਲਾਉਣਾ ਅਤੇ ਮਰਿਆਦਾ ਨੂੰ ਇਸੇ ਤਰ੍ਹਾਂ ਕਾਇਮ ਰੱਖਣਾ। ਇਸ ਅਸਥਾਨ ਦੀ ਸੇਵਾ-ਸੰਭਾਲ ਲਈ ਗੁਰੂ ਸਾਹਿਬ ਨੇ ਉਸ ਨੂੰ ਪੂਰਨ ਰਹਿਤਵਾਨ ਸਿੰਘਾਂ ਨੂੰ ਆਪਣੇ ਕੋਲ ਰੱਖਣ ਦਾ ਹੁਕਮ ਦਿੱਤਾ। ਇਸ ਬ੍ਰਿਤਾਂਤ ਬਾਰੇ ਬਾਬਾ ਸੁਮੇਰ ਸਿੰਘ ਨੇ ਇਉਂ ਜ਼ਿਕਰ ਕੀਤਾ ਹੈ:

**ਸੰਤੋਖ ਸਿੰਘ ਇਹ ਰਹਹੁ ਨਿਤ ਲੰਗਰ ਲਲਾਮ ਚਲਾਇਓ।**

**ਧਨ ਗੁਨ ਨ ਕਮਤੀ ਜਾਨ ਰਹਤ ਮਹਾਨ ਧਯਾਨ ਕਰਾਇਓ।**

**ਸੁਚਿ ਰਹਤਵਾਨ ਪ੍ਰਮਾਨ ਸਿੰਘ ਸੁਜਾਨ ਨਿਜ ਤੱਟ ਰਾਖੀਓ।**[161]

ਜਿਹੜੇ ਦਿਨ ਗੁਰੂ ਜੀ ਦੇ ਜਖ਼ਮੀ ਹੋਣ ਦੀ ਹਾਲਤ ਵਿਚ ਗੁਜ਼ਰੇ ਸਨ ਇਨ੍ਹਾਂ ਦਿਨਾਂ ਦੌਰਾਨ ਸਿੱਖ - ਸੰਗਤਾਂ ਚਿੰਤਾਵਾਨ ਹੋ ਕੇ ਗੁਰੂ ਜੀ ਤੋਂ ਪੁੱਛਦੀਆਂ ਸਨ ਕਿ 'ਹੇ ਗੁਰੂ ਜੀ ਆਪ ਜੀ ਤੋਂ ਬਾਅਦ ਅਸੀਂ ਆਪ ਜੀ ਦੇ ਦਰਸ਼ਨ ਕਿਸ ਤਰ੍ਹਾਂ ਕਰਾਂਗੇ ਅਤੇ ਸਾਡਾ ਗੁਰੂ ਕੌਣ ਹੋਵੇਗਾ ?[162] ਇਨ੍ਹਾਂ ਗੱਲਾਂ ਦੀ ਜਾਣਕਾਰੀ ਦਿੰਦੇ ਹੋਏ ਗੁਰੂ ਜੀ ਦਾ ਦਰਬਾਰੀ ਕਵੀ ਸੈਨਾਪਤਿ ਅਤੇ ਗੁਰੂ ਜੀ ਦੇ ਸਮੇਂ ਦੇ ਨੇੜੇ ਦਾ ਲੇਖਕ ਕੇਸਰ ਸਿੰਘ ਛਿਬਰ ਲਿਖਦੇ ਹਨ:

---

[159] ਹਰਿੰਦਰਪਾਲ ਕੌਰ, *ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ* , ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2020, ਪੰਨਾ 69.

[160] ਦੌਲਤ ਰਾਏ, ਲਾਲਾ, *ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ ਸਵਾਨੇ ਉਮਰੀ* , ਭਾ. ਚਤਰ ਸਿੰਘ ਜੀਵਨ ਸਿੰਘ , ਅੰਮ੍ਰਿਤਸਰ, ਅਕਤੂਬਰ 2007 (ਪਹਿਲੀ ਐਡੀਸ਼ਨ), ਪੰਨਾ 159.

[161] ਸੁਮੇਰ ਸਿੰਘ, ਬਾਬਾ, *ਸ੍ਰੀ ਗੁਰੂ-ਪਦ ਪ੍ਰੇਮ ਪ੍ਰਕਾਸ਼,* ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 522.

[162] ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਨਾ 171.

**ਤਾਹ ਸਮੇ ਗੁਰ ਬੈਨ ਸੁਨਾਯੋ। ਖ਼ਾਲਸ ਆਪਨੋ ਰੂਪ ਬਤਾਯੋ।**

**ਖਾਲਸ ਹੀ ਸੇ ਹੈ ਮਮ ਕਾਮਾ। ਬਖ਼ਸ਼ ਕੀਉ ਖਾਲਸ ਕੋ ਜਾਮਾ॥41॥806॥**

**ਦੋਹਰਾ**

**ਖ਼ਾਲਸ ਮੇਰੋ ਰੂਪ ਹੈ ਹੌਂ ਖ਼ਾਲਸ ਕੇ ਪਾਸਿ।**

**ਆਦਿ ਅੰਤਿ ਹੀ ਹੋਤ ਹੈ ਖ਼ਾਲਸ ਮੈ ਪ੍ਰਗਾਸ॥42॥807॥**[163]

**"ਗਰੀਬ ਨਿਵਾਜ਼! ਸਿੱਖ-ਸੰਗਤਿ ਹੈ ਤੇਰੀ, ਇਸ ਦਾ ਕੀ ਹਵਾਲ?"**

**ਬਚਨ ਕੀਤਾ: "ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ"।679।**

**ਗੁਰੂ ਹੈ 'ਖਾਲਸਾ' ਅਤੇ 'ਖਾਲਸਾ' ਹੈ ਗੁਰੂ।**

**ਗੋਦੀ ਸ੍ਰੀ ਸਾਹਿਬ ਦੇਵੀ ਮਾਤਾ ਦੀ ਪਾਏ, ਭਜਨ ਕਰਨਾ ਸ਼ੁਰੂ।**

**ਆਪਸ ਵਿਚਿ ਕਰਨਾ ਪਿਆਰ, ਪੰਥ ਦੇ ਵਾਧੇ ਨੂੰ ਲੋਚਣਾ।**

**ਆਗਿਆ ਗ੍ਰੰਥ ਸਾਹਿਬ ਦੀ ਕਰਨੀ, ਸ਼ਬਦ ਦੀ ਖੋਜਣਾ।680।**[164]

ਗੁਰੂ ਜੀ ਦੇ ਅੰਤਮ ਸਮੇਂ ਦਾ ਸਾਰਾ ਬਿਰਤਾਂਤ (ਧਿਆਉ ਅਠਾਰ੍ਹਵਾਂ ਦੇ ਅੰਦਰ) ਕਵੀ ਸੈਨਾਪਤਿ ਦਾ ਦਿੱਤਾ ਹੋਇਆ ਹੈ। ਇਹ ਬਿਰਤਾਂਤ ਇਤਨਾ ਸਪੱਸ਼ਟ ਹੈ ਕਿ ਇਸ ਵਿਚ ਕਿੰਤੂ -ਪਰੰਤੂ ਦੀ ਕੋਈ ਵੀ ਗੁੰਜਾਇਸ਼ ਨਹੀਂ ਹੈ।[165] ਗਿਆਨੀ ਮੋਹਨ ਸਿੰਘ ਲਿਖਦੇ ਹਨ ਇਉਂ ਗੁਰੂ ਜੀ ਆਪਣੇ ਦਾੜ੍ਹੇ ਤੇ ਹੱਥ ਫੇਰਦੇ ਸੰਗਤਾਂ ਨੂੰ ਖਿੜੇ ਮੁਖੜੇ ਦਰਸ਼ਨ ਦੇ ਰਹੇ ਸਨ। ਸੰਗਤਾਂ ਬਾਰੰਬਾਰ ਨਮਸਕਾਰ ਕਰ ਰਹੀਆਂ ਸਨ।[166]

## ਗੁਰੂ ਸਾਹਿਬ ਜੀ ਦਾ ਜੋਤੀ ਜੋਤਿ ਸਮਾਉਣਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ -ਜੋਤਿ ਸਮਾਉਣ ਦਾ ਕਾਰਨ ਲਗਭਗ ਸਮੂਹ ਇਤਿਹਾਸਕਾਰਾਂ ਨੇ ਵਜੀਰ ਖ਼ਾਂ ਵੱਲੋਂ ਭੇਜੇ ਦੋ ਪਠਾਣ ਭਰਾਵਾਂ ਵੱਲੋਂ ਗੁਰੂ ਸਾਹਿਬ 'ਤੇ ਹਮਲਾ ਕਰਨਾ ਮੰਨਿਆ ਹੈ।[167] ਨਾਂਦੇੜ

---

[163] ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 170.

[164] ਛਿੱਬਰ, ਕੇਸਰ ਸਿੰਘ , *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* , ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼ , ਅੰਮ੍ਰਿਤਸਰ, 2005 (ਦੂਜੀ ਵਾਰ), ਪੰਨੇ 189-90.

[165] ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* 2014, ਪੰਨਾ 170.

[166] ਮੋਹਨ ਸਿੰਘ, ਗਿਆਨੀ, *ਤਵਾਰੀਖ ਸੱਚਖੰਡ,* ਪੰਨਾ 102.

[167] ਭੁਪਿੰਦਰ ਪਾਲ ਸਿੰਘ, *ਜ਼ਫ਼ਰਨਾਮਾ: ਧਾਰਮਿਕ ਅਤੇ ਸਦਾਚਾਰਿਕ ਅਧਿਐਨ,* ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2020, ਪੰਨਾ 51.

ਵਿਖੇ ਗੁਰੂ ਸਾਹਿਬ ਵੱਖ-ਵੱਖ ਥਾਵਾਂ ਉੱਤੇ ਪੜਾਅ ਕਰਦੇ ਰਹੇ ਸਨ ਜਿਵੇਂ ਕਿ ਪਹਿਲਾਂ ਉਹ ਹੀਰਾ ਘਾਟ ਦੇ ਸਥਾਨ ’ਤੇ ਕਈ ਦਿਨ ਬਿਰਾਜੇ। ਬਾਅਦ ਵਿਚ ਗੁਰਦੁਆਰਾ ਸੰਗਤ ਸਾਹਿਬ ਅਤੇ ਨਗੀਨਾ ਘਾਟ ਵਾਲੇ ਸਥਾਨ ਉੱਤੇ ਪੜਾਅ ਕੀਤਾ। ਕੁਝ ਦਿਨਾਂ ਬਾਅਦ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਲੇ ਅਸਥਾਨ ਉੱਪਰ ਆ ਕੇ ਡੇਰਾ ਲਗਾ ਲਿਆ ਅਤੇ ਇਸੇ ਅਸਥਾਨ ਉੱਪਰ ਗੁਰੂ ਸਾਹਿਬ ਜੋਤੀ ਜੋਤਿ ਸਮਾਏ ਸਨ। ਇਸ ਜਗ੍ਹਾ ਤੋਂ ਗੋਦਾਵਰੀ ਨਦੀ ਦਾ ਰਮਣੀਕ ਕਿਨਾਰਾ ਅਤੇ ਬੰਦਾ ਸਿੰਘ ਬਹਾਦਰ ਦੀ ਪੁਰਾਤਨ ਕੁਟੀਆ ਨੇੜੇ ਸੀ। ਇੱਥੇ ਨਦੀ ਦੇ ਕੰਢੇ ਸਾਧੂ-ਮਹਾਤਮਾ ਵੀ ਰਹਿੰਦੇ ਸਨ।

ਗੁਰਤਾਗੱਦੀ ਵਾਲੇ ਦਿਨ ਗੁਰੂ ਸਾਹਿਬ ਨੇ ਆਪਣੇ ਸੱਚਖੰਡ ਗਮਨ ਕਰਨ ਬਾਰੇ ਦੱਸ ਦਿੱਤਾ ਸੀ। ਇਹ ਖ਼ਬਰ ਸੁਣ ਕੇ ਚਾਰੇ ਦਿਸ਼ਾਵਾਂ ਤੋਂ ਦੂਰੋਂ-ਨੇੜਿਉਂ ਸੰਗਤਾਂ ਆਪ ਜੀ ਦੇ ਆਖ਼ਰੀ ਸਮੇਂ ਦਰਸ਼ਨ ਕਰਨ ਲਈ ਪਹੁੰਚੀਆਂ। ਇਹ ਆਖ਼ਰੀ ਦੇ ਦੋ-ਤਿੰਨ ਦਿਨ ਸੰਗਤਾਂ ਲਈ ਬਹੁਤ ਗਮਗੀਨ ਸਨ। ਸੰਗਤਾਂ ਗੁਰੂ ਜੀ ਦੇ ਚਰਨਾਂ ਵਿਚ ਬੈਠੀਆਂ ਰਹਿੰਦੀਆਂ ਸਨ। ਕੱਤਕ ਸੁਦੀ ਤੀਜ ਅਤੇ ਚੌਥ ਦੇ ਦਿਨ ਗੁਰੂ ਸਾਹਿਬ ਨੇ ਬੜੇ ਪ੍ਰੇਮ-ਭਾਵ ਨਾਲ ਸੰਗਤਾ ਨੂੰ ਉਪਦੇਸ਼ ਦਿੱਤਾ। ਕੱਤਕ ਸੁਦੀ ਪੰਚਮੀ (7 ਅਕਤੂਬਰ, 1708 ਈ.) ਵਾਲੇ ਦਿਨ ਭਾਰੀ ਦੀਵਾਨ ਸਜਿਆ , ਜਿਸ ਵਿੱਚ ਰਾਗੀਆਂ ਨੇ ਅਤਿ ਪਿਆਰ ਨਾਲ ਧੁਰ ਕੀ ਬਾਣੀ ਦਾ ਵੈਰਾਗਮਈ ਕੀਰਤਨ ਕੀਤਾ। ਉਪਰੰਤ ਅਤੁੱਟ ਲੰਗਰ ਵਰਤਾਇਆ , ਦੂਰ-ਦੂਰ ਤੋਂ ਆਈਆਂ ਸੰਗਤਾਂ ਨੇ ਗੁਰੂ ਜੀ ਦੇ ਰੂਹਾਨੀ ਦਰਸ਼ਨ ਦੀਦਾਰੇ ਕਰਕੇ , ਅਮ੍ਰਿਤਮਈ ਬਚਨ ਸੁਣੇ ਤੇ ਹਿਰਦੇ ਵਸਾ ਕੇ ਆਪਣਾ ਜਨਮ ਸਾਰਥਿਕ ਕੀਤਾ।[168] ਕੱਤਕ ਸੁਦੀ ਪੰਚਮੀ ਵੀਰਵਾਰ ਦੇ ਦਿਨ ਗੁਰੂ ਜੀ ਦੇ ਹੁਕਮ ਨਾਲ ਸਿੰਘਾਂ ਨੇ ਸੋ ਰੁਪਏ ਦੀ ਖਰੀਦੀ ਗਈ ਲੱਕੜਾਂ ਦੀ ਚਿਖਾ ਤਿਆਰ ਕੀਤੀ ਅਤੇ ਆਲੇ ਦੁਆਲੇ ਕਨਾਤਾਂ ਲਗਾਈਆਂ ਗਈਆਂ।[169] ਭਾਈ ਕੁਇਰ ਸਿੰਘ ਗੁਰੂ ਸਾਹਿਬ ਦੁਆਰਾ ਇੱਕ ਲੁਬਾਣਾ ਸਿੱਖ ਤੋਂ ਪੰਜ ਹਜ਼ਾਰ ਰੁਪਏ ਦੀ ਚੰਦਨ ਦੀ ਲੱਕੜ ਮੁੱਲ ਖ਼ਰੀਦੀ ਗਈ ਦੱਸਦੇ ਹਨ।[170]

---

168 ਸਹੋਤਾ, ਗੁਰਪ੍ਰੀਤ ਸਿੰਘ, *ਯਾਦਾਂ ਸ੍ਰੀ ਹਜ਼ੂਰ ਸਾਹਿਬ ਦੀਆਂ (ਸਫ਼ਰਨਾਮਾ)*, 2015, ਪੰਨਾ 29.

169 “ਸੋ ਰੁਪਏ ਕੀ ਲਕੜੀ ਲੇ ਆਉ। ਅਸੀ ਆਜ ਅਸਵਾਰੀ ਕਰੇਗੇ। ... ਹੁਕਮ ਸੋ ਖਾਲਸੇ ਨੇ ਚਿਖਾ ਬਨਾਇਆ ਕਨਾਤ ਘੇਰਾ। ਸੰਮਤ 1765 ਮਿਤੀ ਕਤਕ ਸੁਦੀ ਪੰਚਮੀ ਦਿਨ ਵੀਰਵਾਰ।” ਬਾਜਵਾ, ਕੁਲਵਿੰਦਰ ਸਿੰਘ (ਸੰਪਾ.), *ਮਹਿਮਾ ਪ੍ਰਕਾਸ਼ (ਵਾਰਤਕ)*, ਪੰਨਾ 214.

170 ਕੁਇਰ ਸਿੰਘ , *ਗੁਰਬਿਲਾਸ ਪਾਤਸ਼ਾਹੀ ਦਸ* , ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, 1999 (ਤੀਜੀ ਵਾਰ), ਬੰਦ ।।55।[124।[], ਪੰਨਾ 267.

ਮੌਜੂਦਾ ਸਮੇਂ ਵਿਚ ਜਿੱਥੇ ਤਖ਼ਤ ਸੱਚਖੰਡ ਸਾਹਿਬ ਹੈ ਇਸ ਜਗ੍ਹਾ ਉੱਪਰ ਗੁਰੂ ਸਾਹਿਬ ਨੇ ਇਹ ਕਨਾਤਾਂ ਲਗਵਾਈਆਂ ਹੋਈਆਂ ਸਨ। ਚੰਦਨ ਦੀ ਲੱਕੜਾਂ ਦੀ ਚਿਖਾ ਤਿਆਰ ਕਰਵਾਈ ਹੋਈ ਸੀ। ਚਾਰ - ਚੁਫ਼ੇਰੇ ਪਹਿਰੇਦਾਰ ਸਿੰਘ ਖੜ੍ਹੇ ਹੋਏ ਸਨ। ਜਿੱਥੇ ਹੁਣ ਥੱਲੇ ਵਾਲਾ ਨਿਸ਼ਾਨ ਸਾਹਿਬ ਹੈ ਇਸ ਜਗ੍ਹਾ ਉੱਤੇ ਤੰਬੂ ਲੱਗੇ ਹੋਏ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਇਸ ਦਿਨ ਗੁਰੂ ਸਾਹਿਬ ਨੇ ਕੇਸ਼ੀ ਇਸ਼ਨਾਨ ਕਰਕੇ ਆਪਣੇ ਸਰੀਰ ਉੱਪਰ ਸਾਰੇ ਸ਼ਸਤਰ -ਬਸ਼ਤਰ ਸਜਾਏ ਹੋਏ ਸਨ।[171] ਇਸ ਦਿਨ ਗੁਰੂ ਸਾਹਿਬ ਨੇ ਖਾਲਸੇ ਨੂੰ ਸਾਰਾ ਲੰਗਰ ਸੰਗਤ ਵਿਚ ਵਰਤਾ ਦੇਣ ਲਈ ਹੁਕਮ ਕੀਤਾ ਅਤੇ ਬਚਨ ਕੀਤਾ ਕਿ ਅੱਜ ਅਸੀਂ ਅਸਵਾਰੀ ਕਰਾਂਗੇ। ਇਹੀ ਅਕਾਲ ਪੁਰਖ ਦਾ ਹੁਕਮ ਹੈ। ਇਕੱਤਰ ਹੋਈਆਂ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆ ਖ਼ਰੀ ਵਾਰ ਖੁੱਲ੍ਹਾ ਗੁਰਮਤਿ ਉਪਦੇਸ਼ ਦਿੱਤਾ। ਮਹਿਮਾ ਪ੍ਰਕਾਸ਼ ਅਨੁਸਾਰ ਹੁਕਮ ਹੋਆ-ਜੋ ਦਸੋ ਪਾਤਸ਼ਾਹੀ ਕੇ ਸ਼ਬਦ ਬਾਣੀ ਪੜਨਾ। ਕੜਾਹ ਗੁਰਪੁਰਬ ਕਰਤੇ ਰਹਿਣਾ। ਗੁਰੂ ਸਹਾਈ ਹੈ। ਜੋ ਕੋਈ ਖਾਲਸੇ ਕੀ ਰਹਿਤ ਬੀਚ ਰਹੇਗਾ। ਤਿਸ ਕਾ ਹਉ ਬੇਲੀ ਹਾ।[172] ਸਰਧਾ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ -ਕਰਾਉਣਾ। ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦੇਵੀ -ਦੇਵਤੇ ਵਿਚ ਵਿਸ਼ਵਾਸ ਨਹੀਂ ਕਰਨਾ ਜਿੱਥੇ ਵੀ ਗੁਰੂ ਦੀ ਸਿੱਖਿਆ ਨੂੰ ਮੰਨਣ ਵਾਲੇ ਪੰਜ ਸਿੱਖ ਇਕੱਠੇ ਹੋਣਗੇ ਤਾਂ ਮੈਂ ਉੱਥੇ ਹਾਜ਼ਰ ਹੋਵਾਂਗਾ।[173] ਗੁਰੂ ਜੀ ਨੇ ਹਜ਼ੂਰੀ ਸਿੱਖ ਭਾਈ ਸੰਤੋਖ ਸਿੰਘ ਨੂੰ ਸ਼ਰਧਾਲੂ ਸਿੱਖਾਂ ਨਾਲ ਇਸ ਅਸਥਾਨ ’ਤੇ ਰਹਿ ਕੇ ਦੇਗ ਅਤੇ ਲੰਗਰ ਚਲਾਉਣ ਦੀ ਆਗਿਆ ਦਿੱਤੀ। ਰਾਤ ਹੋ ਗਈ ਸੀ। ਇਹ ਉਪਦੇਸ਼ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਆਖ਼ਰੀ ਵਾਰ ਫਤਹਿ ਬੁਲਾਈ: ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।। ਫਤਹਿ ਬੁਲਾਉਣ ਉਪਰੰਤ ਗੁਰੂ ਸਾਹਿਬ ਦਿਨ ਵੀਰਵਾਰ ਦੀ ਰਾਤ ਨੂੰ ਜੋਤੀ ਜੋਤਿ ਸਮਾ ਗਏ। ‘ਜਿਉ ਜਲ ਮਹਿ ਜਲਿ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ ’ ਗੁਰਬਾਣੀ ਦੇ ਮਹਾਵਾਕ ਅਨੁਸਾਰ ਗੁਰੂ ਜੀ ਆਪਣੀ ਜੋਤਿ ਅਕਾਲ ਪੁਰਖ ਵਿਚ ਲੀਨ ਕਰ ਗਏ। 7 ਅਕਤੂਬਰ, 1708 ਈ. ਨੂੰ ਗੁਰੂ ਜੀ ਜੋਤੀ ਜੋਤ ਸਮਾ ਗਏ ਸਨ। ਸ੍ਰੀ ਗੁਰ ਸੋਭਾ ਵਿਚ ਇਸ ਸਮੇਂ ਦਾ ਜ਼ਿਕਰ ਇਸ ਤਰ੍ਹਾਂ ਹੈ:

---

171 ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਬਾਬਾ ਨਰਿੰਦਰ ਸਿੰਘ ਦੇ ਦੱਸਣ ਅਨੁਸਾਰ।

172 ਬਾਜਵਾ, ਕੁਲਵਿੰਦਰ ਸਿੰਘ (ਸੰਪਾ.), *ਮਹਿਮਾ ਪ੍ਰਕਾਸ਼ (ਵਾਰਤਕ)*, ਪੰਨਾ 215.

173 ਮੈਕਾਲਿਫ਼, ਮੈਕਸ ਆਰਥਰ, *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ* (ਪੰਜਵੀਂ ਜਿਲਦ), ਪੰਨਾ 230.

**ਸੰਮਤ ਸਤ੍ਰਾ ਸੈ ਭਏ ਪੈਂਸਠ ਬਰਖ ਪ੍ਰਮਾਨ।**

**ਕਾਤਕ ਸੁਦ ਭਈ ਪੰਚਮੀ ਨਿਸ ਕਾਰਨ ਕਰਿ ਜਾਨ॥37॥802॥**[174]

ਸਮਕਾਲੀਨ ਕਵੀ ਸੈਨਾਪਤਿ ਅਨੁਸਾਰ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਦਾ ਇਹ ਸਮਾਂ ਅੱਧੀ ਰਾਤ ਦਾ ਸੀ।[175] ਇੰਦੂਭੂਸ਼ਨ ਬੈਨਰਜੀ ਅਨੁਸਾਰ ਗੁਰੂ ਜੀ ਕੱਤਕ ਸੁਦੀ ਪੰਚਮੀ ਸੰਮਤ 1765 ਬ੍ਰਿ. (7 ਅਕਤੂਬਰ, 1708 ਈ.) ਨੂੰ ਜੋਤੀ ਜੋਤਿ ਸਮਾ ਗਏ ਸਨ।[176] ਪੰਜਾਂ ਪਿਆਰਿਆਂ ਨੇ ਗੁਰੂ ਸਾਹਿਬ ਦੀ ਦੇਹ ਨੂੰ ਇਸ਼ਨਾਨ ਕਰਵਾਇ ਆ। ਸ਼ਾਹੀ ਪੁਸ਼ਾਕੇ ਅਤੇ ਹਥਿਆਰਾਂ ਸਮੇਤ ਸਰੀਰ ਨੂੰ ਕਨਾਤਾਂ ਦੇ ਅੰਦਰ ਸਜਾਈ ਗਈ ਚਿਖਾ ਉੱਪਰ ਰੱਖਿਆ ਗਿਆ। ਕਨਾਤਾਂ ਅੰਦਰ ਪੰਜਾਂ ਪਿਆਰਿਆਂ ਤੋਂ ਬਿ ਨਾਂ ਹੋਰ ਕਿਸੇ ਸਿੰਘ ਨੂੰ ਜਾਣ ਦੀ ਆਗਿਆ ਨਹੀਂ ਸੀ। ਇਹ ਫ਼ੈਸਲਾ ਗੁਰੂ ਸਾਹਿਬ ਨੇ ਇਸ ਲਈ ਲਿਆ ਸੀ ਤਾਂ ਕਿ ਗੁਰੂ ਹਰਿਗੋਬਿੰਦ ਜੀ ਦੇ ਸਸਕਾਰ ਦੇ ਸਮੇਂ ਵਾਂਗ ਕੋਈ ਪਿਆਰ ਵਾਲਾ ਸਿੱਖ ਅੰਗੀਠੇ ਵਿਚ ਛਾਲ ਨਾ ਮਾਰ ਦੇਵੇ। ਪੰਜਾਂ ਪਿਆਰਿਆਂ ਨੇ ਅਰਦਾਸ ਕਰ ਕੇ ਗੁਰੂ ਸਾਹਿਬ ਦੇ ਸਰੀਰ ਨੂੰ ਅਗਨ ਭੇਟ ਕਰ ਦਿੱਤਾ। ਕਵੀ ਸੈਨਾਪਤਿ ਕਹਿੰਦਾ ਹੈ ਕਿ ਗੁਰੂ ਸਾਹਿਬ ਅੱਧੀ ਰਾਤ ਦੇ ਸਮੇਂ ਆਖ਼ਰੀ ਵਾਰ ਸਿੰਘਾਂ ਨੂੰ ਫਤਹਿ ਬੁਲਾ ਕੇ ਜੋਤੀ ਜੋਤਿ ਸਮਾ ਗਏ ਸਨ। ਉੱਥੇ ਹਾਜ਼ਰ ਸਾਰੇ ਸਿੰਘਾਂ ਨੇ ਮਿਲ ਕੇ ਵਿਚਾਰ ਕਰਕੇ ਉਸ ਹੀ ਸਮੇਂ ਗੁਰੂ ਸਾਹਿਬ ਦੇ ਸਰੀਰ ਦਾ ਸਸਕਾਰ ਕਰ ਦਿੱਤਾ।[177] ਕੁਇਰ ਸਿੰਘ ਕਹਿੰਦਾ ਹੈ ਇੱਕ ਸਿੱਖ ਨੇ ਚਿਖਾ ਨੂੰ ਅਗਨੀ ਦਿੱਤੀ।[178]

ਇਹ ਗੱਲ ਠੀਕ ਲੱਗਦੀ ਹੈ ਕਿਉਂਕਿ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਸੰਬੰਧੀ ਤਿਆਰੀਆਂ ਸਿੰਘਾਂ ਨੇ ਪਹਿਲਾਂ ਹੀ ਉਨ੍ਹਾਂ ਦੇ ਹੁਕਮ ਅਨੁਸਾਰ ਕਰ ਰੱਖੀਆਂ ਸਨ। ਭਾਈ ਸ੍ਰੂਪ ਸਿੰਘ ਕੌਸ਼ਿਸ਼ ਇਸੇ ਗੱਲ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ ਭਾਈ ਦਯਾ ਸਿੰਘ ਨੇ ਸਭ ਕੋ ਧੀਰਜ ਦਈ। ਸਤਿਗੁਰਾਂ ਕਾ ਅੰਗੀਠਾ ਤਿਆਰ ਕੀਆ ਗਿਆ। ਗੁਰੂ ਜੀ ਕੀ ਦੇਹ ਕਾ ਇਸ਼ਨਾਨ ਕਰਾਇ ਸ਼ਸਤ੍ਰ ਬਸਤ੍ਰ ਸਜਾਇ ਚਿਖਾ ਤੇ ਰੱਖ

---

174 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪੰਨਾ 169.

175 "ਗਈ ਅਰਧ ਰਾਤੰ ਘਰੀ ਚਾਰ ਅਉਰੇ। ਭਏ ਸ਼ਬਦ ਰੂਪੀ ਕਰੀ ਬਾਤ ਅਉਰੇ।" ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 169.

176 ਬੈਨਰਜੀ, ਇੰਦੂਭੂਸ਼ਨ, *ਖਾਲਸੇ ਦੀ ਉਤਪਤੀ* (ਜਿਲਦ ਦੂਜੀ), ਪ੍ਰੀਤਪਾਲ ਸਿੰਘ ਅਤੇ ਐਸ . ਐਸ. ਸੋਢੀ (ਅਨੁ.), ਪੰਨਾ 151.

177 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਧਿਆਉ ਅਠਾਰ੍ਹਵਾਂ, ਬੰਦ 33-37 (798-802), ਪੰਨਾ 169.

178 "ਸਿੰਘ ਅਚਾਰਜ ਏਕ ਗੁਰੂ ਲਖ , ਤਾਹਿ ਕੋ ਅਗਨਿ ਲਗਾਵਾ ਕਹੇਗੀ।। 64।[140।]" ਕੁਇਰ ਸਿੰਘ , *ਗੁਰਬਿਲਾਸ ਪਾਤਸ਼ਾਹੀ ਦਸ,* ਪੰਨਾ 269.

ਅਗਨੀ ਦੇਈ ਗਈ। ਸੋਹਲਾ ਕੇ ਪਾਠ ਉਪਰੰਤ ਅਰਦਾਸਾ ਸੋਧ ਕੇ ਦੇਗ ਵਰਤਾਈ ਤੇ ਦਿਹੁੰ ਚੜ੍ਹਨੇ ਸੇ ਪਹਿਲੇ ਸਾਰਾ ਕਾਰਜ ਸਮਾਪਤ ਹੋਇਆ।[179] ਕੇਸਰ ਸਿੰਘ ਛਿਬਰ ਲਿਖਦਾ ਹੈ ਗੁਰੂ ਸਾਹਿਬ ਰਾਤ ਨੂੰ ਸਿੱਖਾਂ ਨਾਲ ਦੋ ਘੜੀਆ ਜਵਾਬ-ਸਵਾਲ ਤੋਂ ਬਾਅਦ ਜੋਤੀ ਜੋਤਿ ਸਮਾ ਗਏ। ਜੋਤਿ ਅਕਾਲ ਪੁਰਖ ਵਿਚ ਸਮਾ ਗਈ। ਚੰਦਨ ਦੀ ਲੱਕੜ ਪਹਿਲਾਂ ਹੀ ਮੰਗਵਾਈ ਹੋਈ ਸੀ। ਸਿੰਘਾਂ ਨੇ ਉਸੇ ਰਾਤ ਗੁਲਾਬ ਅਤੇ ਗੰਗਾ ਦੇ ਪਾਣੀ ਵਿਚ ਸਰੀਰ ਦਾ ਇਸ਼ਨਾਨ ਕਰਾ ਕੇ ਸਸਕਾਰ ਕੀਤਾ।[180]

ਕਵੀ ਸੈਨਾਪਤਿ ਦੀ ਸ੍ਰੀ ਗੁਰ ਸੋਭਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਸਾਲ ਬਾਅਦ 1711 ਈ. ਵਿਚ ਤਿਆਰ ਹੋਈ ਸੀ। ਇਸ ਰਚਨਾ ਵਿਚ ਕਵੀ ਵੱਲੋਂ ਕਿਸੇ ਵੀ ਇਤਿਹਾਸਕ ਬ੍ਰਿਤਾਂਤ ਨੂੰ ਤੋੜਿਆ-ਮਰੋੜਿਆ ਨਹੀਂ ਗਿਆ ਅਤੇ ਨਾ ਹੀ ਆਪਣੇ ਵੱਲੋਂ ਕੋਈ ਕਾਲਪਨਿਕ ਵਾਧਾ ਜਾਂ ਮਿਲਾਵਟ ਕੀਤੀ ਗਈ ਹੈ ਸਗੋਂ ਹਰ ਬੀਤੇ ਵਾਕਿਆਤ ਨੂੰ ਇੰਨ -ਬਿੰਨ ਬਿਆਨ ਕੀਤਾ ਹੈ। ਇਸ ਸਰੋਤ ਦੇ ਆਧਾਰ 'ਤੇ ਗੁਰੂ ਸਾਹਿਬ ਦੇ ਜੀਵਨ ਦੇ ਆਖ਼ਰੀ ਸਮੇਂ ਸੰਬੰਧੀ ਕੋਈ ਵੀ ਗਲਤ ਅਨੁਮਾਨ ਲਾ ਸਕਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਉਨ੍ਹਾਂ ਦੇ ਇੱਕ ਦਰਬਾਰੀ ਕਵੀ ਅਤੇ ਲਿਖਾਰੀ ਦੀ ਲਿਖੀ ਹੋਈ ਇਹ ਪਹਿਲੀ ਭਰੋਸੇਯੋਗ ਸਮਕਾਲੀ ਲਿਖਤ ਹੈ। ਭਾਈ ਸੰਤੋਖ ਸਿੰਘ, ਭਾਈ ਸੁੱਖਾ ਸਿੰਘ, ਬਾਬਾ ਸੁਮੇਰ ਸਿੰਘ, ਗਿਆਨੀ ਗਿਆਨ ਸਿੰਘ ਆਦਿ ਵਿਦਵਾਨ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੀ ਇੱਕ ਵੱਖਰੀ ਗੱਲ ਕਰਦੇ ਹਨ। ਇਹ ਕਹਿੰਦੇ ਹਨ ਗੁਰੂ ਸਾਹਿਬ ਨੇ ਆਪ ਕਨਾਤਾਂ ਅੰਦਰ ਚਿਖਾ ਵਿਚ ਪ੍ਰਵੇਸ਼ ਕੀਤਾ ਅਤੇ ਚਿਖਾ ਉੱਪਰ ਆਸਣ ਲਾ ਕੇ ਬੈਠ ਗਏ। ਆਪਣੀ ਯੋਗ ਅਗਨੀ ਨਾਲ ਅੰਗੀਠਾ (ਚਿਖਾ) ਅਗਨ ਭੇਟ ਕੀਤਾ ਅਤੇ ਨਿਜ ਤਨ ਸੱਚਖੰਡ ਗਏ। ਇਨ੍ਹਾਂ ਵਿਦਵਾਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਸੰਬੰਧੀ ਬਹੁਤ ਉੱਚੀਆਂ ਕਾਵਿ ਉਡਾਰੀਆਂ ਮਾਰੀਆਂ ਹਨ ਪਰ ਬਹੁਤੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ।

ਗਿਆਨੀ ਗਿਆਨ ਸਿੰਘ ਲਿਖਦੇ ਹਨ ਭਾਵੇਂ ਗੁਰੂ ਜੀ ਇਹ ਹੁਕਮ ਦੇ ਗਏ ਸ ਨ ਕਿ ਸਾਡਾ ਅੰਗੀਠਾ ਨਾ ਫੋਲਣਾ ਅਤੇ ਸਮਾਧ (ਅਸਥਾਨ) ਨਾ ਬਣਾਉਣੀ ਪਰ ਸਿੰਘਾਂ ਨੇ ਪ੍ਰੇਮ ਵਿਚ ਆਕੇ ਦੋਵੇਂ ਹੀ ਕੰਮ ਕੀਤੇ।[181]

---

179 ਕੋਸ਼ਿਸ਼, ਸਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 204.

180 ਛਿੱਬਰ, ਕੇਸਰ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਬੰਦ 682, 683, ਪੰਨਾ 190.

181 ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖ਼ਾਲਸਾ* (ਭਾਗ ਪਹਿਲਾ), ਪੰਨਾ 1145.

ਜਦੋਂ ਚਿਖਾ ਠੰਢੀ ਹੋਣ ਤੇ ਫਰੋਲੀ ਗਈ ਤਾਂ ਸਿਰਫ਼ ਦਸਤਾਰ ਵਿੱਚ ਸਜਾਉਣ ਵਾਲੀ ਇੱਕ ਛੋਟੀ ਕ੍ਰਿਪਾਨ ਹੀ ਮਿਲੀ ਜਿਸ ਨੂੰ ਇਸ ਅਸਥਾਨ 'ਤੇ ਸਥਾਪਤ ਕਰ ਕੇ ਥੜ੍ਹਾ ਬਣਾਇਆ ਗਿਆ।[182] ਕੁਇਰ ਸਿੰਘ ਅਨੁਸਾਰ ਚੌਥੀ ਸਵੇਰ ਗੁਰੂ ਸਾਹਿਬ ਦਾ ਅੰਗੀਠਾ ਫਰੋਲਿਆ ਗਿਆ ਸੀ।[183] ਗੰਡਾ ਸਿੰਘ ਲਿਖਦੇ ਹਨ ਗੁਰੂ ਸਾਹਿਬ ਦੀ ਚਿਤਾ ਵਿਚੋਂ ਕੋਈ ਅਸਥੀਆਂ ਆਦਿ ਨਾ ਮਿਲਣ ਦੀ ਗੱਲ ਕੋਈ ਅਚੰਭੇ ਵਾਲੀ ਨਹੀਂ ਹੈ। ਇਹ ਅੱਜਕਲ੍ਹ ਵੀ ਕਈ ਵਾਰ ਵੇਖਿਆ ਗਿਆ ਹੈ ਕਿ ਸਾਰੀਆਂ ਅਸਥੀਆਂ ਬਿਲਕੁਲ ਹੀ ਭ ਸਮ ਹੋ ਜਾਂਦੀਆਂ ਹਨ ਤੇ ਮੁਸ਼ਕਲ ਨਾਲ ਕੋਈ ਦੰਦ ਜਾਂ ਦਾੜ੍ਹ ਹੀ ਲੱਭਦਾ ਹੈ। ਇਹ ਉਸ ਹਾਲਤ ਵਿਚ ਹੀ ਹੁੰਦਾ ਹੈ ਜਦ ਕਿ ਸਰੀਰ ਦੇ ਦਾਹ ਲਈ ਅੱਠ ਦਸ ਮਣ ਲਕੜੀਆਂ ਪਾਈਆਂ ਜਾਂਦੀਆਂ ਹਨ। ਪਰ ਗੁਰੂ ਸਾਹਿਬ ਦੇ ਸਸਕਾਰ ਲਈ ਤਾਂ ਸੌ ਮਣ ਚੰਦਨ ਦੀ ਲਕੜੀ ਪਾਈ ਗਈ ਦਾ ਜ਼ਿਕਰ ਹੈ। ਉੱਥੇ ਸਰੀਰ ਦੀ ਕਿਸੇ ਅਸਥੀ ਦੇ ਬਚ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹਾਂ , ਉਨ੍ਹਾਂ ਦੀ ਇੱਕ ਕਰਦ (ਕ੍ਰਿਪਾਨ) ਜ਼ਰੂਰ ਮਿਲ ਗਈ ਸੀ ਜੋ ਕਿ ਲੋਹੇ ਦੀ ਹੋਣ ਕਰਕੇ ਭਸਮ ਨਹੀਂ ਹੋਈ ਹੋਣੀ।[184]

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ 41 ਸਾਲ ਨੌ ਮਹੀਨੇ ਦੀ ਉਮਰ ਭੋਗ ਕੇ ਅਕਾਲ ਪੁਰਖ ਵਿਚ ਅਭੇਦ ਹੋ ਗਏ। ਅਮਨਪ੍ਰੀਤ ਸਿੰਘ ਗਿਲ ਲਿਖਦੇ ਹਨ: ਮਾਤ-ਲੋਕ ਵਿਚ ਇਸ ਵੇਲੇ ਗੋਦਾਵਰੀ ਨਦੀ ਲਗਾਤਾਰ ਵਿਰਲਾਪ ਕਰਦੀ ਹੈ। ਜੰਗਲ ਵਿਚ ਪੱਤਾ ਵੀ ਨਹੀਂ ਖੜਕਦਾ। ਹਿਰਨ ਕਾਲੀਆਂ ਅੱਖਾਂ ਵਿੱਚੋਂ ਹੰਝੂ ਕੇਰਦੇ ਹਨ ਅਤੇ ਸਿੱਖ ਲਗਾਤਾਰ ਊਂਧੀ ਪਾਈ ਬੈਠੇ ਚੁੱਪਚਾਪ ਗੁਰੂ ਸਾਹਿਬ ਦੇ ਅੰਗੀਠੇ ਨੂੰ ਅੱਥਰੂਆਂ ਨਾਲ ਧੋਂਦੇ ਹਨ।[185] ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਸੰਬੰਧੀ ਵੱਖ ਸ਼ਬਦ ਵਰਤੇ ਗਏ ਹਨ। According to Ganda Singh "the Sikh writers have used refined and polished words and phrases like *pralok gamne, Dev-lok padhare, joti jot samane, alop bhae* (went to the other word, went to the land of gods, light blended with the Light, disappeared to heaven), etc., etc.[186]

---

182 *ਸੱਚਖੰਡ ਯਾਤਰਾ*, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ, ਮਿਤੀਹੀਣ, ਪੰਨਾ 14.

183 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸ,* ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.) ਬੰਦ ॥68॥[144॥], ਪੰਨੇ 269-70.

184 *ਸੱਚਖੰਡ ਪੱਤਰ,* ਨਵੰਬਰ 1979, ਪੰਨੇ 19-20.

185 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 70.

186 Ganda Singh, *Guru Gobind Singh's Death at Nanded,* Publication Bureau, Punjabi University, Patiala, 2008. Page 33.

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦਾ ਸਦੀਵੀ ਗੁਰੂ ਥਾਪ ਕੇ ਗੁਰੂ ਗੋਬਿੰਦ ਸਿੰਘ ਨਾਂਦੇੜ ਸਾਹਿਬ ਦੀ ਧਰਤੀ 'ਤੇ 7 ਅਕਤੂਬਰ, 1708 ਈ. ਨੂੰ ਜੋਤੀ ਜੋ ਤਿ ਸਮਾ ਗਏ। ਇਤਿਹਾਸਕ ਸੰਦਰਭ ਵਿਚ ਇਹ ਬਿਲਕੁਲ ਸਹੀ ਮਿਤੀ ਹੈ। ਜੋਤੀ ਜੋਤਿ ਸਮਾਉਣ ਤੋਂ ਬਾਅਦ ਹਾਜ਼ਰ ਸਿੰਘਾਂ ਨੇ ਅੰਗੀਠੇ ਵਾਲੀ ਥਾਂ ਉੱਤੇ ਪੱਕਾ ਥ ੜ੍ਹਾ ਬਣਾਇਆ ਅਤੇ ਅੰਗੀਠੇ ਦੀ ਸੰਭਾਲ ਕੀਤੀ। ਇਸ ਥਾਂ ਉੱਤੇ ਹਾਜ਼ਰ ਰਹਿ ਕੇ ਸਿੰਘ ਹਰ ਸਮੇਂ ਸਖ਼ਤ ਪਹਿਰਾ ਦੇਣ ਲੱਗੇ। ਕੁਝ ਸਿੰਘ ਹਰ ਸਮੇਂ ਗੁਰੂ ਸਾਹਿਬ ਦੀ ਯਾਦ ਵਿਚ ਅੰਗੀਠੇ ਦੇ ਪਾਸ ਹੀ ਬੈਠੇ ਰਹਿੰਦੇ। ਇਸ ਤਰ੍ਹਾਂ ਗੁਰੂ ਸਾਹਿਬ ਦੇ ਸੱਚਖੰਡ ਗਮਨ ਤੋਂ ਬਾਅਦ ਇੱਥੇ ਹਾਜ਼ਰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਸੰਤੋਖ ਸਿੰਘ ਹੋਰ ਸਿੰਘਾਂ ਨਾਲ ਮਿਲ ਕੇ ਬੜੇ ਪ੍ਰੇਮ ਭਾਵ ਨਾਲ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ ਸਨ। ਇਸ ਤਰ੍ਹਾਂ ਗੁਰੂ ਜੀ ਨਾਂਦੇੜ ਵਿਖੇ ਤਕਰੀਬਨ ਇੱਕ ਮਹੀਨਾ ਸੱਤ-ਅੱਠ ਦਿਨ ਹੀ ਰਹੇ ਸਨ।[187] ਨਰਿੰਜਨ ਸਿੰਘ ਸਾਥੀ ਲਿਖਦੇ ਹਨ ਇਸ ਤਰ੍ਹਾਂ ਦਸਮੇਸ਼ ਪਿਤਾ ਨੂੰ ਨਾਂਦੇੜ ਵਿਖੇ ਤਕਰੀਬਨ ਮਹੀਨਾ -ਡੇਢ ਮਹੀਨਾ ਰਹਿਣ ਦਾ ਹੀ ਅਵਸਰ ਮਿਲਿਆ ਪਰ ਉਨ੍ਹਾਂ ਨੇ ਇਸ ਅਲਪ (ਥੋੜੇ) ਸਮੇਂ ਵਿਚ ਵੀ ਨਾਂਦੇੜ ਦੀ ਧਰਤੀ ਉੱਤੇ ਕਈ ਮਹੱਤਵਪੂਰਨ ਕਾਰਜ ਨੇਪਰੇ ਚਾੜ੍ਹੇ।[188]

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ

7 ਅਕਤੂਬਰ, 1708 ਈ. ਦੀ ਅੱਧੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਉੱਤੇ ਜੋਤੀ ਜੋਤਿ ਸਮਾ ਗਏ ਸਨ। ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਮਗਰੋਂ ਭਾਈ ਦਇਆ ਸਿੰਘ ਨੇ ਸੋਗ ਵਿਚ ਡੁੱਬੇ ਸਿੱਖਾਂ ਨੂੰ ਧੀਰਜ ਦਿੱਤੀ। ਦਿਨ ਚੜ੍ਹਨ ਤੋਂ ਪਹਿਲਾਂ ਸਾਰਾ ਕਾਰਜ ਸਮਾਪਤ ਹੋਇਆ। ਉਪਰੰਤ ਡੇਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੱਖਿਆ ਗਿਆ।... ਦਸ ਦਿਨਾਂ ਬਾਅਦ ਕੱਤਕ ਸੁਦੀ ਚੌਦਸ ਸਨੀਵਾਰ ਦੇ ਦਿਨ ਗੁਰੂ ਜੀ ਨਮਿੱਤ ਰੱਖੇ ਗਏ ਪਾਠ ਦਾ ਭੋਗ ਪਇਆ ਗਿਆ ਅਤੇ ਅਰਦਾਸ ਕਰ ਕੇ ਦੇਗ ਵਰਤਾਈ ਗਈ।[189] ਗੁਰੂ ਸਾਹਿਬ ਜੀ ਨਮਿਤ ਰੱਖੇ ਗਏ ਪਾਠ ਸੰਬੰਧੀ ਗਿਆਨੀ ਅਵਤਾਰ ਸਿੰਘ ਸ਼ੀਤਲ ਲਿਖਦੇ ਹਨ "ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸਹਜ ਪਾਠ ਰਖਿਆ ਗਿਆ ਜਿਸਦਾ ਦਸਵੇਂ ਦਿਨ 17 ਅਕਤੂਬਰ ਸੰਨ 1708 ਨੂੰ ਭੋਗ ਪਾਇਆ ਗਿਆ।

---

[187] ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਨਾ 168.

[188] ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ,* ਪੰਨਾ 649.

[189] ਕੋਸ਼ਿਸ਼, ਸ੍ਰਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 204.

ਪਾਠ ਭਾਈ ਦਯਾ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਵਰਗੇ ਹਜ਼ੂਰੀ ਗੁਰਸਿੱਖਾਂ ਨੇ ਮਿਲ ਕੇ ਕੀਤਾ। ਭੋਗ ਦੇ ਸਮੇਂ ਬੇਅੰਤ ਕੜ੍ਹਾਹ ਪ੍ਰਸਾਦਿ ਸਜਾਇਆ।"[190]

**ਗੁਰੂ ਸਾਹਿਬ ਦੇ ਸੱਚਖੰਡ ਗਮਨ ਤੋਂ ਬਾਅਦ ਦੇ ਹਾਲਾਤ**

ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੇ ਗਵਾਹ ਬਹੁਤ ਥੋੜ੍ਹੇ ਸਿੱਖ ਸਨ। ਗੁਰੂ ਸਾਹਿਬ ਦੇ ਵਿਛੋੜੇ ਕਾਰਨ ਉਹ ਗਹਿਰੇ ਦੁੱਖ ਵਿਚ ਸਨ। ਪੰਜਾਬ ਦੇ ਸਿੱਖਾਂ ਦਾ ਅਨੁਭਵ ਵੱਖਰਾ ਸੀ। ਉਹ ਨਾਂਦੇੜ ਵਿਖੇ ਗੁਰੂ ਸਾਹਿਬ ਦੇ ਅੰਤਿਮ ਭਾਣੇ ਦੇ ਗਵਾਹ ਨਹੀਂ ਸਨ ਅਤੇ ਗੁਰੂ ਨਾਲੋਂ ਵਿਛੜਿਆਂ ਉਨ੍ਹਾਂ ਨੂੰ ਪਹਿਲਾਂ ਹੀ ਦੋ ਸਾਲਾਂ ਤੋਂ ਵੱਧ ਸਮਾਂ ਬੀਤ ਚੁੱਕਾ ਸੀ। ਉਨ੍ਹਾਂ ਨੂੰ ਤਾਂ ਇਹ ਖ਼ਬਰਾਂ ਮਿਲੀਆਂ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਛੇਤੀ ਹੀ ਪੰਜਾਬ ਪਰਤਣਗੇ।[191] ਜਦੋਂ ਬੰਦਾ ਸਿੰਘ ਬਹਾਦਰ ਪੰਜਾਬ ਵਿਚ ਪਹੁੰਚੇ ਤਾਂ ਸਿੱਖਾਂ ਨੂੰ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਦੀ ਖ਼ਬਰ ਮਿਲੀ। ਅਜਿਹੇ ਸਮੇਂ ਭਾਈ ਮਨੀ ਸਿੰਘ, ਬੰਦਾ ਸਿੰਘ ਬਹਾਦਰ, ਮਾਤਾ ਸੁੰਦਰੀ ਜੀ ਪੰਜਾਬ ਦੇ ਸਿੱਖਾਂ ਲਈ ਵੱਡੀ ਧਰਵਾਸ ਦਾ ਸਬੱਬ ਬਣੇ।

ਅਮਨਪ੍ਰੀਤ ਸਿੰਘ ਗਿਲ ਲਿਖਦੇ ਨਾਂਦੇੜ ਵਿਚ ਜਿਨ੍ਹਾਂ ਸਿੱਖਾਂ ਨੇ ਗੁਰੂ ਸਾਹਿਬ ਦੇ ਅੰਤਿਮ ਭਾਣੇ ਨੂੰ ਆਪ ਪ੍ਰਤੱਖ ਤੱਕਿਆ ਸੀ, ਉਹ ਇਸ ਤ੍ਰਾਸਦੀ ਦੇ ਅੱਖ ਪਲਕਾਰੇ ਵਿਚ ਵਾਪਰਨ ਸਦਕਾ ਮਾਨਸਿਕ ਤੌਰ ’ਤੇ ਹਲੂਣੇ ਗਏ। ਕਈ ਗੁਰੂ ਸਾਹਿਬ ਦੇ ਅੰਗੀਠੇ ਵਿਚ ਛਾਲ ਮਾਰ ਕੇ ਜੀਵਨ ਦਾ ਅੰਤ ਕਰਨ ਲਈ ਵਿਆਕੁਲ ਹੋ ਗਏ।[192] ਕਈਆਂ ਨੂੰ ਇਹ ਵਿਚਾਰ ਬੜਾ ਵਿਆਕੁਲ ਕਰਦਾ ਸੀ ਕਿ ਗੁਰੂ ਤੋਂ ਬਿਨਾਂ ਉਹ ਦੱਖਣ ਦੀ ਧਰਤੀ ਉੱਪਰ ਕਿਵੇਂ ਰਹਿਣਗੇ? ਇਥੋਂ ਉਹ ਕਿਸ ਦੀ ਮਦਦ ਨਾਲ ਪੰਜਾਬ ਵਾਪਸ ਪਹੁੰਚਣਗੇ?[193] ਕਈਆਂ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਇਸ ਸੰਸਾਰ ਵਿਚ ਉਨ੍ਹਾਂ ਦਾ ਸੂਰਜ ਅਸਤ ਹੋ ਗਿਆ ਅਤੇ ਚਾਰੇ ਪਾਸੇ ਹਨੇਰਾ ਫ਼ੈਲ ਗਿਆ ਹੋਵੇ। ਕਈਆਂ ਨੂੰ ਸੰਸਾਰ ਅੱਗ ਦਾ ਸਾਗਰ ਲੱਗਿਆ ਜਿਸ ਨੂੰ ਪਾਰ ਕਰਨ ਲਈ ਉਨ੍ਹਾਂ ਨੂੰ ਗੁਰੂ ਤੋਂ ਬਿਨਾ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ ਸੀ। ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਮਗਰੋਂ ਸਿੰਘਾਂ ਨੇ

---

190 ਸ਼ੀਤਲ, ਅਵਤਾਰ ਸਿੰਘ, *ਸੱਚਖੰਡ ਦਰਸ਼ਨ,* ਗੁਰਮਤਿ ਗਿਆਨ ਪ੍ਰਚਾਰ ਕੇਂਦਰ, ਨਾਂਦੇੜ, 2014 (ਛੇਵੀਂ ਵਾਰ), ਪੰਨਾ 73.

191 ਗਿਲ, ਅਮਨ ਪ੍ਰੀਤ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 84.

192 ਉਕਤ, ਪੰਨਾ 85.

193 ਉਕਤ, ਪੰਨਾ ਉਹੀ।

ਅੰਗੀਠੇ ਵਾਲੇ ਅਸਥਾਨ ਨੂੰ ਪੱਕਾ ਕੀਤਾ ਅਤੇ ਇਸ ਦੀ ਸੰਭਾਲ ਲਈ ਪੂਰੇ ਯਤਨ ਕੀਤੇ। ਭਾਈ ਸੰਤੋਖ ਸਿੰਘ, ਭਾਈ ਦਇਆ, ਭਾਈ ਧਰਮ ਸਿੰਘ ਆਦਿ ਸਿੰਘਾਂ ਨੇ ਆਪਣਾ ਰਹਿੰਦਾ ਜੀਵਨ ਇੱਥੇ ਹੀ ਅਰਪਣ ਕੀਤਾ।

ਗਿਆਨੀ ਈਸ਼ਰ ਸਿੰਘ ਨਾਰਾ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ "ਬਾਦਸ਼ਾਹ ਵਲੋਂ ਖੁਦ ਆ ਕੇ ਸਿਖਾਂ ਪਾਸ ਅਫ਼ਸੋਸ ਵੀ ਨਾ ਪ੍ਰਗਟ ਕੀਤਾ ਗਿਆ ਤੇ ਨਾ ਹੀ ਜ਼ਖਮੀ ਹਾਲਤ ਵਿਚ ਗੁਰੂ ਜੀ ਦੀ ਮਿਜ਼ਾਜ਼ ਪੁਰਸੀ ਕੀਤੀ ਗਈ ਸੀ ਤਾਂ ਕੁਦਰਤੀ ਗੱਲ ਸੀ ਕਿ ਸਿੱਖਾਂ ਦੇ ਮਨ ਵਿਚ ਸਖ਼ਤ ਸ਼ੱਕ ਭਰ ਗਿਆ ਸੀ ਕਿ ਗੁਰੂ ਜੀ ਉੱਤੇ ਕਟਾਰ ਦਾ ਵਾਰ ਕਰਵਾਉਣ ਵਿਚ ਖ਼ੁਦ ਬਾਦਸ਼ਾਹ ਵੀ ਸ਼ਾਮਲ ਹੈ।"[194] ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਬਾਦਸ਼ਾਹ ਨੇ ਜਰਾਹ ਭੇਜੇ। ਇਹ ਗੱਲ ਸਪਸ਼ਟ ਕਰਦੀ ਹੈ ਕਿ ਬਾਦਸ਼ਾਹ ਵੱਲੋਂ ਕਿਸੇ ਸਾਜ਼ਿਸ਼ ਦੀ ਵਿਉਂਤਬੰਦੀ ਨਹੀਂ ਸੀ।[195] ਡਾ. ਗੰਡਾ ਸਿੰਘ ਕਹਿੰਦੇ ਹਨ ਇੱਥੇ ਇਹ ਕਹਿਣਾ ਭੀ ਨਹੀਂ ਬਣਦਾ ਕਿ ਬਾਦਸ਼ਾਹ ਨੇ ਜਰਾਹ ਇਸ ਲਈ ਭੇਜੇ ਹੋਣੇ ਹਨ ਕਿ ਉਸ ਪਰ ਕੋਈ ਸਾਜ਼ਸ਼ ਦਾ ਸ਼ੱਕ ਨਾ ਪਵੇ, ਕਿਉਂਕਿ ਜਰਾਹਾਂ ਦਾ ਕੰਮ ਇਲਾਜ ਕਰਨਾ ਸੀ ਅਤੇ ਉਨ੍ਹਾਂ ਦੇ ਇਲਾਜ ਨਾਲ ਗੁਰੂ ਸਾਹਿਬ ਨੂੰ ਭੀ ਆਰਾਮ ਆ ਰਿਹਾ ਸੀ ਅਤੇ ਜ਼ਖ਼ਮ ਬਾਹਰੋਂ ਭਰ ਗਿਆ ਸੀ, ਕੇਵਲ ਅੰਦਰੋਂ ਹੀ ਅੱਲ (ਕੱਚਾ) ਸੀ ਜੋ ਕਮਾਨ ਖਿੱਚਣ ਨਾਲ ਮੁੜ ਖੁੱਲ੍ਹ ਗਿਆ[196] ਅਤੇ ਗੁਰੂ ਜੀ ਦੇ ਸੱਚਖੰਡ ਗਮਨ ਦਾ ਕਾਰਨ ਬਣਿਆ। ਪ੍ਰੋ. ਸਾਹਿਬ ਸਿੰਘ ਅਨੁਸਾਰ ਬਹਾਦਰ ਸ਼ਾਹ ਨੇ ਸ਼ਾਹੀ ਜਰਾਹ ਭੇਜਿਆ ਪਰ ਉਸ ਵਕਤ ਤੱਕ ਸੀਤੇ ਹੋਏ ਜ਼ਖ਼ਮ ਰਾਜ਼ੀ ਹੋ ਰਹੇ ਸਨ। ਬਾਦਸ਼ਾਹ ਦੇ ਭੇਜੇ ਜਰਾਹ ਦੀ ਸੇਵਾ ਦੀ ਲੋੜ ਨਾ ਪਈ।[197] ਅਮਨਪ੍ਰੀਤ ਸਿੰਘ ਗਿਲ ਕਹਿੰਦੇ ਹਨ ਕਿ ਨੌਂ ਦਿਨ ਪਹਿਲਾਂ ਨਾਂਦੇੜ ਛੱਡ ਚੁੱਕਾ ਬਾਦਸ਼ਾਹ ਜੋ ਲਗਾਤਾਰ ਅਗੇਰੇ (ਜ਼ਫਰਾਬਾਦ ਦੇ ਮੁਕਾਮ 'ਤੇ) ਸਫ਼ਰ ਕਰ ਰਿਹਾ ਹੈ, ਜਿਸ ਨੂੰ ਜਮਸ਼ੇਦ ਖ਼ਾਨ ਦੀ ਮੌਤ ਦੀ ਖ਼ਬਰ ਹੀ 22 ਦਿਨ ਬਾਅਦ ਪਹੁੰਚਦੀ ਹੈ, ਕਿਵੇਂ ਕਿਸੇ ਸਰਜਨ ਨੂੰ ਭੇਜ ਸਕਦਾ ਹੈ?[198]

---

194 ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-84),* ਪੰਨਾ 70.

195 ਨਈਅਰ, ਗੁਰਬਚਨ ਸਿੰਘ , *ਸਿੱਖ ਇਤਿਹਾਸ ਦੇ ਚੋਣਵੇ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ* , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 188.

196 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 50.

197 ਸਾਹਿਬ ਸਿੰਘ (ਪ੍ਰੋ.), *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੂਨ 2017 (ਪੰਦਰ੍ਹਵੀਂ ਵਾਰ), ਪੰਨਾ 212

198 ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 70.

ਡਾ. ਸੁਖਦਿਆਲ ਸਿੰਘ ਅਨੁਸਾਰ ਜਿਹੜੀ ਖ਼ਬਰ (ਰਿਪੋਰਟ) ਸਰਕਾਰੀ ਤੌਰ 'ਤੇ ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਦੀ ਬਾਦਸ਼ਾਹ ਨੂੰ ਪੇਸ਼ ਕੀਤੀ ਗਈ ਸੀ ਇਹ ਜੋਤੀ-ਜੋਤਿ ਸਮਾਉਣ ਤੋਂ ਪੂਰਾ ਇੱਕ ਮਹੀਨਾ ਬਾਅਦ ਵਿਚ ਪੇਸ਼ ਕੀਤੀ ਗਈ ਸੀ। ਖ਼ਬਰ ਪੇਸ਼ ਕਰਨ ਸਮੇਂ ਇਹ ਵੀ ਕਿਹਾ ਗਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਪਾਸ ਬਹੁਤ ਜ਼ਿਆਦਾ ਮੁੱਲ ਦੀ ਜਾਇਦਾਦ ਹੈ। ਉਸ ਦਾ ਵਾਰਸ ਕੋਈ ਵੀ ਨਹੀਂ ਹੈ। ਕੀ ਇਸ ਜਾਇਦਾਦ ਨੂੰ ਜ਼ਬਤ ਕਰ ਲੈਣਾ ਚਾਹੀਦਾ ਹੈ? ਤਾਂ ਇਸ ਦੇ ਉੱਤਰ ਵਿੱਚ ਬਾਦਸ਼ਾਹ ਨੇ ਕਿਹਾ ਸੀ ਕਿ 'ਸਾਨੂੰ ਇੱਕ ਦਰਵੇਸ਼ ਦੀ ਜਾਇਦਾਦ ਨਹੀਂ ਚਾਹੀਦੀ। ਇਸ ਨਾਲ ਸਰਕਾਰੀ ਖਜ਼ਾਨਾ ਅਮੀਰ ਨਹੀਂ ਹੋਵੇਗਾ। ਇਹ ਜਾਇਦਾਦ ਉਸ ਦੇ ਜਿਹੜੇ ਵੀ ਵਾਰਸ ਹਨ ਉਨ੍ਹਾਂ ਪਾਸ ਹੀ ਰਹਿਣ ਦਿੱਤੀ ਜਾਵੇ।[199] ਅਖ਼ਬਾਰਾਤ ਦਰਬਾਰ ਮੁਅੱਲਾ ਅਨੁਸਾਰ ਇਹ ਰਿਪੋਰਟ (ਖ਼ਬਰ) 9 ਰਮਜ਼ਾਨ, ਸਾਲ 2 (11 ਨਵੰਬਰ, 1708 ਈਸਵੀ) ਨੂੰ ਪੇਸ਼ ਹੋਈ ਸੀ।[200] ਪ੍ਰੋ. ਸਾਹਿਬ ਸਿੰਘ ਅਨੁਸਾਰ ਬਹਾਦਰ ਸ਼ਾਹ ਨੂੰ ਸਤਿਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਦੀ ਖ਼ਬਰ 29 ਕੱਤਕ (30 ਅਕਤੂਬਰ) ਨੂੰ ਮਿਲੀ, ਛਨਿੱਛਵਾਰ ਜਦੋਂ ਉਹ ਬਿਦਰ ਦੇ ਮੁਕਾਮ 'ਤੇ ਸੀ।[201] ਬਹਾਦਰ ਸ਼ਾਹ ਨੇ ਮਾਤਾ ਸੁੰਦਰੀ ਜੀ ਦੇ ਪਾਲਿਤ ਪੁੱਤਰ ਅਜੀਤ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਪਿੱਛੋਂ ਮਾਤਮੀ ਖ਼ਿਲਅਤ ਦੇਣ ਦਾ ਹੁਕਮ ਦਿੱਤਾ ਸੀ। ਅਖ਼ਬਾਰਾਤ ਦਰਬਾਰ ਮੁਅੱਲਾ ਅਨੁਸਾਰ ਇਹ ਹੁਕਮ 26 ਸ਼ਅਬਾਨ ਸਾਲ 2 (30 ਅਕਤੂਬਰ 1708 ਈਸਵੀ) ਨੂੰ ਦਿੱਤਾ ਸੀ।[202] ਆਪਣੇ ਉੱਤੋਂ ਸ਼ੱਕ ਮਿਟਾਉਣ ਲਈ ਬਹਾਦਰ ਸ਼ਾਹ ਵੱਲੋਂ ਇਹ ਹੁਕਮ ਦਿੱਤਾ ਗਿਆ ਜਾਪਦਾ ਹੈ ਜਦੋਂਕਿ ਇਸ ਤੋਂ ਦੋ ਦਿਨ ਪਹਿਲਾਂ ਜਮਸ਼ੈਦ ਖ਼ਾਂ ਦੇ ਪੁੱਤਰ ਨੂੰ ਮਾਤਮੀ ਖ਼ਿਲਅਤ ਭੇਜੀ ਗਈ ਸੀ।

ਡਾ. ਗੰਡਾ ਸਿੰਘ ਕਹਿੰਦੇ ਹਨ ਜਮਸ਼ੈਦ ਖ਼ਾਂ ਜੋ ਸਰਹਿੰਦ ਵੱਲੋਂ ਖੁਫ਼ੀਆ ਭੇਜਿਆ ਹੋਇਆ ਅਹੁਦੇਦਾਰ ਮਾਲੂਮ ਹੁੰਦਾ ਹੈ, ਤਦੇ ਹੀ ਤਾਂ ਬਹਾਦੁਰ ਸ਼ਾਹ ਬਾਦਸ਼ਾਹ ਨੇ ਉਸ ਦੇ ਪੁੱਤਰ ਨੂੰ ਮਾਤਮੀ ਖਿਲਅਤ ਬਖ਼ਸ਼ੀ ਸੀ। 24 ਸ਼ਬਾਨ ਸੰਨ 2 ਬਹਾਦੁਰ ਸ਼ਾਹੀ, 1120 ਹਿਜਰੀ (28 ਅਕਤੂਬਰ ਸੰਨ 1708 ਈ.) ਦੀ ਸ਼ਾਹੀ

---

199 ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ*, ਪੰਨਾ 174.

200 ਬੇਦੀ, ਹਰਚੰਦ ਸਿੰਘ (ਸੰਪਾ.), *ਸਿੱਖ ਇਤਿਹਾਸ ਦੇ ਫ਼ਾਰਸੀ ਸਰੋਤ*, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਨਵੰਬਰ 2016, ਪੰਨਾ 184.

201 ਸਾਹਿਬ ਸਿੰਘ (ਪ੍ਰੋ.), *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ*, ਪੰਨਾ 213.

202 ਬੇਦੀ, ਹਰਚੰਦ ਸਿੰਘ (ਸੰਪਾ.), *ਸਿੱਖ ਇਤਿਹਾਸ ਦੇ ਫ਼ਾਰਸੀ ਸਰੋਤ*, ਨਵੰਬਰ 2016, ਪੰਨਾ 184.

ਖ਼ਬਰ ਵਿੱਚ ਲਿਖਿਆ ਹੋਇਆ ਹੈ ਕਿ ਬਾਦਸ਼ਾਹ ਪਾਸ ਬੇਨਤੀ ਹੋਈ ਕਿ ਗੁਰੂ ਗੋਬਿੰਦ ਸਿੰਘ ਨੇ ਜਮਸ਼ੈਦ ਖ਼ਾਨ ਅਫਗਾਨ ਨੂੰ ਜਾਨੋਂ ਮਾਰ ਦਿੱਤਾ ਸੀ। ਉਪਰੰਤ ਖ਼ਾਨ ਦੇ ਪੁੱਤਰ ਨੂੰ ਮਾਤਮੀ ਖ਼ਿਲਅਤ ਬਖ਼ਸ਼ੀ ਗਈ।[203]

ਜਮਸ਼ੇਦ ਖ਼ਾਨ ਦੇ ਪੁੱਤਰ ਨੂੰ ਵੀ ਮਾਤਮੀ ਖ਼ਿਲਅਤ ਦੇਣ ਦਾ ਜੋ ਹੁਕਮ ਕੀਤਾ ਗਿਆ। ਉਹ ਹੁਕਮ ਜਮਸ਼ੇਦ ਖ਼ਾਨ ਦਾ ਬਹਾਦਰ ਸ਼ਾਹ ਨਾਲ ਸਿੱਧੇ ਤੌਰ 'ਤੇ ਨਾਤਾ ਜੋੜਦਾ ਹੈ। ਇਸ ਤੋਂ ਸਾਫ਼ ਸਾਬਤ ਹੈ ਕਿ ਬਹਾਦਰ ਸ਼ਾਹ ਵੀ ਇਸ ਸਾਜ਼ਸ਼ ਵਿਚ ਸ਼ਾਮਲ ਸੀ। ਕਾਤਲ ਨੂੰ ਇਨਾਮ ਦਾ ਲਾਲਚ ਦੇ ਕੇ ਵਾਰ ਕਰਵਾਇਆ ਸੀ ਪਰ ਉਹ ਵਾਰ ਕਰਕੇ ਖ਼ੁਦ ਮਾਰਿਆ ਗਿਆ, ਜਿਸ ਤੇ ਉਹੀ ਇਨਾਮ ਉਸ ਦੇ ਪੁੱਤਰ ਨੂੰ ਭੇਜਿਆ ਗਿਆ ਸੀ। ਇੱਥੋਂ ਸਾਜ਼ਸ਼ ਸਾਬਤ ਹੈ।[204] ਗੁਰੂ ਗੋਬਿੰਦ ਸਿੰਘ ਜੀ ਦੇ ਪਾਲਿਤ ਪੁੱਤਰ ਅਜੀਤ ਸਿੰਘ ਦੇ ਬਰਾਬਰ ਜਮਸ਼ੈਦ ਖ਼ਾਨ ਦੇ ਪੁੱਤਰ ਨੂੰ ਵੀ ਉਸੇ ਤਰ੍ਹਾਂ ਦੀ ਸ਼ਾਹੀ ਖਿਲਅਤ ਭੇਜਣੀ, ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਬਹਾਦਰ ਸ਼ਾਹ ਵੀ ਇਸ ਸਾਜ਼ਿਸ਼ ਵਿਚ ਅੰਦਰਖਾਤੇ ਖ਼ਾਸ ਤੌਰ 'ਤੇ ਸ਼ਾਮਲ ਸੀ। ਭਾਰਤੀ ਇਤਿਹਾਸਕਾਰ ਹਰੀ ਰਾਮ ਗੁਪਤਾ ਕਹਿੰਦਾ ਹੈ ਕਿ ਬਹਾਦਰ ਸ਼ਾਹ ਨੂੰ ਇਹ ਖ਼ਬਰ ਸੀ ਕਿ ਗੁਰੂ ਜੀ ਤੇਜੀ ਨਾਲ ਠੀਕ ਹੋ ਰਹੇ ਸਨ ਇਸ ਲਈ ਉਨ੍ਹਾਂ ਨੂੰ ਅੰਦਰੂਨੀ ਸਾਜ਼ਿਸ਼ ਦੁਆਰਾ ਮਾਰਿਆ ਗਿਆ। ਉਸਨੇ ਗੁਰੂ ਜੀ ਦੀ ਮੌਤ ਨੂੰ ਇਸ ਤਰੀਕੇ ਨਾਲ ਰਚਣ ਦੀ ਯੋਜਨਾ ਬਣਾਈ ਕਿ ਬਹਾਸ਼ਾਹ ਦੀ ਮਿਲੀਭੁਗਤ ਕਦੇ ਵੀ ਸਾਹਮਣੇ ਨਾ ਆਵੇ।[205] ਵੀਹਵੀਂ ਸਦੀ ਦੇ ਲੇਖਕ ਲਾਲਾ ਦੌਲਤ ਰਾਏ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਉੱਤੇ ਬਹਾਦਰ ਸ਼ਾਹ ਨੇ ਖੁਦ ਸਾਜ਼ਸ਼ ਕਰਕੇ ਕਾਤਲਾਨਾ ਹਮਲਾ ਕਰਵਾ ਦਿੱਤਾ ਸੀ। ਬਹਾਦਰ ਸ਼ਾਹ ਨੂੰ ਗੁਰੂ ਜੀ ਦੀ ਹੋਂਦ ਸ਼ੁਰੂ ਤੋਂ ਹੀ ਕੰਡੇ ਵਾਂਗ ਚੁਭਦੀ ਸੀ ਅਤੇ ਉਸ ਨੂੰ ਗੁਰੂ ਜੀ ਦੇ ਉਦੇਸ਼ ਦਾ ਪਤਾ ਸੀ। ਉਹ ਅਜਿਹੇ ਮੌਕੇ ਦੀ ਤਲਾਸ ਵਿਚ ਸੀ ਕਿ ਗੁਰੂ ਸਾਹਿਬ ਨੂੰ ਖ਼ਤਮ ਕੀਤਾ ਜਾ ਸਕੇ। ਇਸ ਕੰਮ ਲਈ ਉਸ ਨੇ ਇੱਕ ਪਠਾਣ ਨੂੰ ਭਾਰੀ ਇਨਾਮ ਦੇਣ ਦਾ ਲਾਲਚ ਅਤੇ ਵਚਨ ਦਿਤਾ। ਅਖ਼ੀਰ ਬਹਾਦਰ ਸ਼ਾਹ ਦੀ ਇਹ ਡੂੰਘੀ ਸਾਜ਼ਸ਼ ਗੁਰੂ ਜੀ ਵਿਰੁੱਧ ਆਪਣਾ ਕੰਮ ਕਰ ਗਈ ਸੀ। [206] ਕੁਝ ਵਿਦਵਾਨਾਂ ਦਾ ਮਤ ਹੈ ਕਿ ਬਹਾਦਰ ਸ਼ਾਹ ਇਸ ਸਾਜ਼ਸ਼ ਵਿਚ ਸ਼ਾਮਿਲ ਨਹੀਂ ਸੀ ਪਰ ਉਸ ਨੇ ਗੁਰੂ ਸਾਹਿਬ ਨਾਲ ਕੀਤੀ ਆਪਣੀ ਗੱਲਬਾਤ ਨੂੰ ਪੂਰਾ

---

[203] ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 167.

[204] ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-84),* ਪੰਨਾ 71.

[205] Gupta, Hari Ram, *History of the Sikhs, Vol. I (The Sikh Gurus, (1469-1708),* pages 323-325.

[206] ਦੋਲਤ ਰਾਏ, ਲਾਲਾ, *ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ ਸਵਾਨੇ ਉਮਰੀ,* ਪੰਨੇ 156-57.

ਨਹੀਂ ਕੀਤਾ ਸੀ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਅਤੇ ਸਿੱਖਾਂ ਉੱਤੇ ਜ਼ੁਲਮ ਕਰਨ ਵਾਲਿਆਂ ਖਿਲਾਫ਼ ਉਸੇ ਸਮੇਂ ਸਖ਼ਤ ਕਾਰਵਾਈ ਕਿਉਂ ਨਹੀਂ ਕੀਤੀ ਜਦੋਂ ਉਹ ਬਾਦਸ਼ਾਹ ਬਣ ਕੇ ਰਾਜਗੱਦੀ ਉੱਤੇ ਬੈਠਿਆ ਸੀ ਅਤੇ ਕਈ ਮਹੀਨੇ ਉੱਤਰੀ ਭਾਰਤ ਵਿਚ ਸੀ। ਜੇਕਰ ਬਹਾਦਰ ਸ਼ਾਹ ਨੇ ਉਦੋਂ ਹੀ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਹੁੰਦੀ ਤਾਂ ਅਜਿਹੇ ਹਾਲਾਤ ਨਾ ਪੈਦਾ ਹੁੰਦੇ। ਇੱਥੇ ਜੇਕਰ ਇਸ ਗੱਲ ਦੀ ਵੀਚਾਰ ਕੀਤੀ ਜਾਵੇ ਕਿ ਗੁਰੂ ਗੋਬਿੰਦ ਸਿੰਘ ਜੀ ਵਰਗੀ ਮਹਾਨ ਧਾਰਮਿਕ ਸ਼ਖਸੀਅਤ ਉੱਤੇ ਚੁਪ -ਚਪੀਤੇ ਹਮਲਾ ਕਰ ਦੇਣਾ ਕੋਈ ਮਾਮੂਲੀ ਕਾਰਨਾਂ ਕਰਕੇ ਤਾਂ ਹੋ ਨਹੀਂ ਸਕਦਾ ਸੀ। ਇਸ ਦੇ ਪਿੱਛੇ ਜ਼ਰੂਰ ਕੋਈ ਡੂੰਘੀ ਸਾਜ਼ਸ਼ ਸੀ। ਜਿਸ ਦਾ ਭੇਤ ਨਹੀਂ ਖੁੱਲ੍ਹਿਆ ਅਤੇ ਇਸ ਦੀ ਕੋਈ ਪੱਕੀ ਇਤਿਹਾਸਕ ਗਵਾਹੀ ਪ੍ਰਾਪਤ ਨਹੀਂ ਹੁੰਦੀ। ਦਗਾ-ਫਰੇਬ ਕਰਨਾ ਮੁਗ਼ਲ ਸ਼ਾਸਕਾਂ ਦੀ ਨੀਤੀ ਰਹੀ ਸੀ। ਇਸੇ ਨੀਤੀ ਤਹਿਤ ਔਰੰਗਜ਼ੇਬ ਬਾਦਸ਼ਾਹ ਨੇ ਰਾਜ ਕਰਨ ਦੀ ਵਿਧੀ ਆਪਣੇ ਪੁੱਤਰ ਬਹਾਦਰ ਸ਼ਾਹ ਨੂੰ ਸਮਝਾਉਂਦਿਆਂ ਦੱਸ ਦਿੱਤਾ ਸੀ ਕਿ ਉਸਨੂੰ ਪਰਛਾਵੇਂ ਉੱਪਰ ਵੀ ਸ਼ੱਕੀ ਨਜ਼ਰ ਰੱਖਣੀ ਹੋਵੇਗੀ।

**ਗੁਰਤਾਗੱਦੀ ਵਾਲੀ ਬੀੜ**

ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ (ਦਮਦਮੀ ਬੀੜ) ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾਗੱਦੀ ਪ੍ਰਦਾਨ ਕੀਤੀ ਸੀ, ਅੱਜ ਉਹ ਬੀੜ ਕਿਥੇ ਹੈ? ਇਸ ਸੰਬੰਧੀ ਕਿੰਨੇ ਹੀ ਸੱਜਣ ਖੋਜ ਵਿਚ ਹਨ ਅਤੇ ਇਸ ਬਾਰੇ ਕਈ ਗੱਲਾਂ ਪ੍ਰਚੱਲਿਤ ਹਨ ਪਰ ਹਾਲੇ ਤਕ ਸਾਨੂੰ ਇਸ ਦਾ ਕੋਈ ਵੀ ਸਪੱਸ਼ਟ ਜਵਾਬ ਪ੍ਰਾਪਤ ਨਹੀਂ ਹੋਇਆ। ਵੱਡੇ ਘੱਲੂਘਾਰੇ (ਫਰਵਰੀ 1762 ਈ.) ਵੇਲੇ ਦੁਰਾਨੀਆਂ ਨਾਲ ਯੁੱਧ ਕਰਨ ਦੌਰਾਨ ਇਹ ਬੀੜ ਨਸ਼ਟ ਹੋ ਗਈ ਦੱਸੀ ਜਾਂਦੀ ਹੈ।[207] ਕੁਝ ਵਿਦਵਾਨ ਕਹਿੰਦੇ ਹਨ ਕਿ ਇਹ ਦਮਦਮੀ ਬੀੜ ਪਟਨੇ ਵਿਖੇ ਹੈ। ਕੁਝ ਕਹਿੰਦੇ ਹਨ ਦੂਜੇ ਘੱਲੂਘਾਰੇ ਦੇ ਸਮੇਂ ਇਹ ਬੀੜ ਅਹਿਮਦ ਸ਼ਾਹ ਅਬਦਾਲੀ ਕਾਬੁਲ ਲੈ ਗਿਆ ਸੀ ਅਤੇ ਉੱਥੇ ਦੀ ਇੱਕ ਧਰਮਸ਼ਾਲਾ ਵਿਚ ਇਹ ਪ੍ਰਕਾਸ਼ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਗੰਡਾ ਸਿੰਘ ਨੇ ਆਪਣੀ ਪੁਸਤਕ '*ਅਫ਼ਗ਼ਾਨਿਸਤਾਨ ਵਿਚ ਇੱਕ ਮਹੀਨਾ*' ਵਿਚ ਲਿਖਿਆ ਕਿ ਅਜਿਹੀ ਕੋਈ ਬੀੜ ਉੱਥੇ ਨਹੀਂ, ਜੋ ਅਬਦਾਲੀ ਲੈ ਕੇ ਆਇਆ ਤੇ ਜਿਸ ਨੂੰ ਦਮਦਮੀ ਬੀੜ ਆਖਿਆ ਜਾ ਸਕੇ।[208]

---

[207] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸਵਕੋਸ਼* (ਭਾਗ ਦੂਜਾ), ਪੰਨਾ 946.

[208] ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨਾ 75.

ਪ੍ਰਚੱਲਿਤ ਰਵਾਇਤ ਅਨੁਸਾਰ ਤਲਵੰਡੀ ਸਾਬੋ ਵਿਖੇ ਰਹਿੰਦਿਆਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਨਰ-ਸਿਰਜਨਾ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਬੀੜਾਂ ਤਿਆਰ ਕਰਵਾਈਆਂ।[209] ਇਸ ਕਾਰਜ ਨੂੰ ਅੱਗੇ ਬਾਬਾ ਦੀਪ ਸਿੰਘ ਨੇ ਉਸੇ ਤਰ੍ਹਾਂ ਹੀ ਜਾਰੀ ਰੱਖਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ। ਤਵਾਰੀਖ ਗੁਰੂ ਖਾਲਸਾ ਅਨੁਸਾਰ ਬਾਬਾ ਦੀਪ ਸਿੰਘ ਨੇ ਇਹ ਚਾਰ ਉਤਾਰੇ ਸੰਮਤ 1783 ਬਿ. (1726 ਈ.) ਵਿਚ ਕੀਤੇ।[210] ਇਹ ਚਾਰ ਉਤਾਰੇ ਚਾਰ ਤਖਤਾਂ ਉੱਪਰ ਭੇਜੇ ਗਏ। ਇਸ ਬਾਰੇ ਗਿਆਨੀ ਗਿਆਨ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ:

**ਔਰ ਚਾਰ ਤਿਸ ਪਰਤੈ ਭਾਏ। ਦੀਪ ਸਿੰਘ ਸ਼ਾਹੀਦ ਲਿਖਾਏ।**

**ਇੱਕ ਅਕਾਲ ਬੁੰਗੇ ਇੱਕ ਪਟਨੇ। ਤ੍ਰਿਤੀ ਹਜ਼ੂਰ ਦਯੋ ਹਿਤ ਪਠਨੇ।**

**ਚਤ੍ਰਥ ਰਖਯੋ ਦਮਦਮੇ ਚਾਹਿ। ਬਡ ਬਾਬੇ ਇਹ ਚਾਰ ਸਦਾਹਿ।**[211]

ਉਪਰੋਕਤ ਚਾਰ ਬੀੜਾਂ ਵਿਚੋਂ ਇੱਕ ਬੀੜ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਵੀ ਭੇਜੀ ਗਈ। ਬਾਬਾ ਦੀਪ ਸਿੰਘ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਹੋਰਨਾਂ ਤਖਤਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਭੇਜ ਕੇ ਪ੍ਰਕਾਸ਼ ਕਰਨ ਦਾ ਉਪਕਾਰ ਕੀਤਾ। ਪਹਿਲੇ-ਪਹਿਲ ਤਖਤਾਂ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ 'ਤੇ ਕੇਵਲ ਸ਼ਾਸ਼ਤਰ ਸਜੇ ਹੁੰਦੇ ਸਨ। ਜਿਵੇਂ ਹੁਣ ਵੀ ਸ੍ਰੀ ਸਚਖੰਡ ਹਜ਼ੂਰ ਸਾਹਿਬ ਅੰਦਰ ਅੰਗੀਠੇ ਵਾਲੇ ਸਥਾਨ ਤੇ ਸ਼ਸਤਰ ਸਜਾਏ ਜਾਂਦੇ ਹਨ।[212] ਤਖ਼ਤ ਹਜ਼ੂਰ ਸਾਹਿਬ ਵਿਖੇ ਹੱਥ -ਲਿਖਤ ਬੀੜਾਂ ਦਾ ਇੱਕ ਵੱਡਾ ਸੰਗ੍ਰਹਿ ਮੌਜੂਦ ਹੈ। ਪੁਰਾਤਨ ਸਮਿਆਂ ਤੋਂ ਇੱਥੇ ਹੱਥ -ਲਿਖਤ ਬੀੜਾਂ ਚੜ੍ਹਾਉਣ ਦੀ ਪਰੰਪਰਾ ਹੈ।[213] ਇਨ੍ਹਾਂ ਵਿਚੋਂ ਸਭ ਤੋਂ ਅਹਿਮ ਅਤੇ ਖ਼ਾਸ ਬੀੜ ਤਖ਼ਤ ਸਾਹਿਬ ਦੇ ਅੰਦਰ ਬਿਰਾਜਮਾਨ ਰਹਿੰਦੀ ਹੈ। ਇਸ ਦਾ ਪ੍ਰਕਾਸ਼ ਸਾਲ ਦੇ ਵਿਚ ਸਿਰ਼ਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾਗੱਦੀ ਗੁਰਪੁਰਬ ਵਾਲੇ ਦਿਨ ਕੀਤਾ ਜਾਂਦਾ

---

[209] ਹਰਿੰਦਰਪਾਲ ਕੌਰ, *ਤਲਵੰਡੀ ਸਾਬੋ ਦਮਦਮਾ ਸਾਹਿਬ ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ*, ਪੰਨਾ 65.

[210] ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖ਼ਾਲਸਾ* (ਭਾਗ ਦੂਜਾ), ਭਾਸ਼ਾ ਵਿਭਾਗ, ਪੰਜਾਬ, 1999 (ਤੀਜੀ ਵਾਰ), ਪੰਨਾ 262.

[211] ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* 1987, ਪੰਨਾ 319.

[212] ਹਰਿੰਦਰਪਾਲ ਕੌਰ, *ਤਲਵੰਡੀ ਸਾਬੋ ਦਮਦਮਾ ਸਾਹਿਬ ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ,* ਪੰਨਾ 66.

[213] ਗਿਲ, ਅਮਨਪ੍ਰੀਤ ਸਿੰਘ. *1708 ਦਸਮ ਗੁਰੂ ਦੀ ਦੱਖਣ ਫੇਰੀ,* ਪੰਨੇ 167-70.

ਹੈ। ਇਸ ਬਾਰੇ ਰਵਾਇਤ ਇਹ ਹੈ ਕਿ ਇਹ ਬਾਬਾ ਦੀਪ ਸਿੰਘ ਦੀ ਲਿਖੀ ਬੀੜ ਹੈ , ਇਸਦੇ 607 ਪੱਤਰੇ ਹਨ ਤੇ ਇਹ ਮੋਹਰ ਲੱਗੀ ਹੈ:

**'ਅਕਾਲ ਸਹਾਇ ਅਕਾਲ ਬੁੰਗਾ ਜੀ**

**1830,**[214]

**ਤਖ਼ਤ ਸਾਹਿਬ ਦੀ ਸਥਾਪਨਾ**

ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਖੇ ਤਕਰੀਬਨ ਡੇਢ ਮਹੀਨਾ ਗੋਦਾਵਰੀ ਨਦੀ ਦੇ ਸੋਹਣੇ ਰਮਣੀਕ ਇਕਾਂਤ ਥਾਂ 'ਤੇ ਨਿਵਾਸ ਕੀਤਾ ਸੀ। ਉੱਥੇ ਹੁਣ ਮੁੱਖ ਗੁਰੂ-ਧਾਮ ਭਾਵ ਤਖ਼ਤ ਸਾਹਿਬ ਬਣਿਆ ਹੋਇਆ ਹੈ। ਇਹ ਅਸਥਾਨ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਅਸਥਾਨ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਗਸਤ ਮਹੀਨੇ ਦੇ ਆਖ਼ਰੀ ਹਫ਼ਤੇ 1708 ਈ. ਵਿਚ ਨਾਂਦੇੜ ਵਿਖੇ ਉਤਾਰਾ ਕੀਤਾ। ਗੁਰੂ ਸਾਹਿਬ ਨੇ ਆਪਣੀ ਪੁਰਾਤਨ ਇਤਿਹਾਸਕ ਜਗ੍ਹਾ ਦੇਖ ਕੇ ਪੰਥ ਦਾ ਤਖ਼ਤ ਸਥਾਪਿਤ ਕਰਨ ਲਈ ਜ਼ਮੀਨ ਦਾ ਇੱਕ ਵੱਡਾ ਟੁਕੜਾ ਮੁੱਲ ਖਰੀਦ ਕੇ ਉਸ ਜਗ੍ਹਾ ਉੱਪਰ ਆਪਣੇ ਡੇਰੇ ਲਗਾ ਦਿੱਤੇ।

ਸ੍ਰੀ ਅਕਾਲ ਤਖ਼ਤ ਸਾਹਿਬ ਸਮੁੱਚੇ ਸਿੱਖ ਜਗਤ ਦੇ ਪੰਜ ਤਖ਼ਤਾਂ ਵਿਚੋਂ ਪਹਿਲਾ ਅਤੇ ਕੇਂਦਰੀ ਤਖ਼ਤ ਹੈ। 1609 ਈ. ਵਿਚ ਇਸਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ ਸੀ। ਬਾਕੀ ਦੇ ਚਾਰ ਤਖ਼ਤ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਸਥਾ ਪਿਤ ਕੀਤੇ ਗਏ ਸਨ। ਇਹ ਚਾਰੇ ਤਖ਼ਤ ਵੱਖ ਵੱਖ ਸਮਿਆਂ 'ਤੇ ਸਥਾਪਿਤ ਕੀਤੇ ਗਏ।[215] ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਕ ਪਿਛੋਕੜ ਭਾਵੇਂ ਗੁਰੂ ਨਾਨਕ ਦੇਵ ਜੀ ਨਾਲ ਜੁੜਦਾ ਹੈ, ਜਦੋਂ ਗੁਰੂ ਨਾਨਕ ਦੇਵ ਨੇ ਯਾਤਰਾਵਾਂ ਦੌਰਾਨ ਇੱਥੇ ਆ ਕੇ ਸੰਗਤ ਕਾਇਮ ਕਰਕੇ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਿਤ ਕੀਤਾ ਸੀ ਪਰ ਇਸ ਦੀ ਤਖ਼ਤ ਦੇ ਤੌਰ 'ਤੇ ਸਥਾਪਨਾ 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ , ਜਦੋਂ ਇੱਥੇ ਤਖ਼ਤ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁ ਰਿਆਈ ਦਿੱਤੀ ਗਈ ਸੀ। ਇਸ ਤਰ੍ਹਾਂ ਇਹ ਖ਼ਾਲਸਾ ਪੰਥ ਦਾ ਪੰਜਵਾਂ ਤਖ਼ਤ ਹੈ। ਡਾ . ਸੁਖਦਿਆਲ ਸਿੰਘ ਕਹਿੰਦਾ ਹੈ

---

214 ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ* (ਗੋਲਡਨ ਜੁਬਲੀ ਵਿਸ਼ੇਸ਼ ਅੰਕ ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2012 (ਅੰਕ ਦੂਜਾ), ਪੰਨਾ 161.

215 ਅਜਮੇਰ ਸਿੰਘ (ਮੁੱਖ ਸੰਪਾ.), *ਖੋਜ ਪਤ੍ਰਿਕਾ* (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ ), ਅੰਕ 48, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1998, ਪੰਨਾ 109.

ਕਿ ਨਾਂਦੇੜ ਸਾਹਿਬ ਨੂੰ ਪੰਜਵੇਂ ਤਖ਼ਤ ਦੇ ਤੌਰ 'ਤੇ ਗੁਰੂ ਜੀ ਨੇ ਆਪਣੇ ਜਿਉਂਦੇ -ਜੀਅ ਹੀ ਸਥਾਪਤ ਕਰ ਦਿੱਤਾ ਸੀ।[216] ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨੂੰ ਤਖ਼ਤ ਸਥਾਪਿਤ ਕਰਨ ਬਾਰੇ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ:

**ਇਹਿ ਬਿਧਿ ਸਭਿ ਗੁਰਦੁਆਰੇ ਥਾਪੇ॥ ਪੂਰਨ ਕਰੇ ਥਾਨ ਸਭ ਆਪੇ॥**

**ਅਬਚਲ ਨਗਰ ਧਾਮਨਿਜ ਗਾਯੋ॥ ਚਤੁਰਥ ਭਾਰੀ ਤਖ਼ਤ ਬਨਾਯੋ॥9॥ਦੋ:॥**

**ਪ੍ਰਥਮ ਅਕਾਲ ਬੁੰਗਾ ਬਨਯੋ ਪਟਨਾ ਆਨੰਦਪੁਰਾ॥**

**ਅਬਚਲ ਨਗਰ ਸੁਚਾਰਹੁ ਧਾਮ ਕਾਮਨਾ ਪੂਰਾ॥10॥**

**- - - - - - - - - - - - - - - - - - - - - - - - - - - -**

**ਇਨ ਪਾਚਹੂੰ ਸਥਾਨ ਮੈ ਮੋਕਹਿ ਮਾਨਹੁ ਨਿਤਯ॥**

**ਅਸ ਉਪਦੇਸ਼ਯੋ ਬਾਰ ਬਹੁ ਸ੍ਰੀ ਕਲਗੀਧਰ ਚਿਤਯਾ॥12॥**[217]

ਪਹਿਲਾਂ ਸਿੱਖ ਇਤਿਹਾਸ ਵਿਚ ਸ੍ਰੀ ਹਜ਼ੂਰ ਸਾਹਿਬ ਨੂੰ ਚੌਥਾ ਤਖ਼ਤ ਮੰਨਿਆ ਜਾਂਦਾ ਸੀ ਕਿਉਂਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਮਗਰੋਂ 1966 ਈ. ਵਿਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਵਜੋਂ ਮਾਨਤਾ ਦਿੱਤੀ ਗਈ ਹੈ। ਵਰਤਮਾਨ ਸਮੇਂ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸਿੱਖ ਧਰਮ ਦੇ ਇਤਿਹਾਸ ਵਿਚ ਬਹੁਤ ਮਹੱਤਤਾ ਹੈ ਕਿਉਂਕਿ ਇਹ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਪੰਜਾਬ ਤੋਂ ਬਾਹਰ ਦੱਖਣੀ ਭਾਰਤ ਦੇ ਖੇਤਰ ਵਿਚ ਸਥਿਤ ਹੈ। ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਪ੍ਰੇਮੀ ਸ਼ਰਧਾਲੂਆਂ ਨੇ ਰਾਗ ਸੂਹੀ ਛੰਦ ਮਹਲਾ 5 ਦੀ ਇੱਕ ਤੁਕ (ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ) ਵਿਚ 'ਅਬਿਚਲ ਨਗਰ' ਦੇ ਅਨੁਕਰਣ 'ਤੇ ਇਸ ਗੁਰੂ -ਧਾਮ ਦਾ ਨਾਂ 'ਅਬਿਚਲ ਨਗਰ' ਪ੍ਰਸਿੱਧ ਕੀਤਾ ਹੈ ਪਰ ਆਮ ਤੌਰ 'ਤੇ ਇਸ ਨੂੰ 'ਹਜ਼ੂਰ ਸਾਹਿਬ' ਕਿਹਾ ਜਾਂਦਾ ਹੈ। ਕਈ ਪ੍ਰੇਮੀ ਇਸ ਤੋਂ ਪਹਿਲਾਂ 'ਸੱਚਖੰਡ' ਪਦ ਵੀ ਜੋੜ ਦਿੰਦੇ ਹਨ -ਸਚਖੰਡ ਹਜ਼ੂਰ ਸਾਹਿਬ।[218] ਪੁਰਾਣੇ ਸਰਕਾਰੀ ਅਤੇ ਗੈਰ ਸਰਕਾਰੀ ਕਾਗਜਾਂ ਵਿਚ ਵੀ ਇਸ ਅਸਥਾਨ ਦਾ ਨਾਮ ਅਬਿਚਲ ਨਗਰ ਵਧੇਰੇ ਆਇਆ ਹੈ।

---

[216] ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਨਾ 175.

[217] ਸੁਮੇਰ ਸਿੰਘ, ਬਾਬਾ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼,* ਪੰਨਾ 501.

[218] ਜੱਗੀ, ਰਤਨ ਸਿੰਘ, *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 273.

ਜਦੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ -ਜੋਤਿ ਸਮਾਉਣ ਦੀ ਤਿਆਰੀ ਵਿਚ ਸਨ ਤਾਂ ਉਦਾਸ ਬੈਠੀ ਸੰਗਤ ਨੂੰ ਦੇਖ ਕੇ ਭਾਈ ਦਇਆ ਸਿੰਘ ਨੇ ਗੁਰੂ ਸਾਹਿਬ ਨੂੰ ਕਿਹਾ ਮਹਾਰਾਜ ਤੁਸੀਂ ਸਾਨੂੰ ਛੱਡ ਕੇ ਤਾਂ ਨਹੀਂ ਜਾਉਂਗੇ? ਅਸੀਂ ਤੁਹਾਡੇ ਬਗੈਰ ਕੀ ਕਰਾਂਗੇ ? ਉਸ ਵਕਤ ਮਹਾਰਾਜ ਨੇ ਫੁਰਮਾਇਆ ਸੀ ਕਿ ਅਸੀਂ ਹਮੇਸ਼ਾ ਤੁਹਾਡੇ ਹਜ਼ੂਰ (ਅੰਗ-ਸੰਗ) ਰਹਾਂਗੇ। ਇਸ ਵਾਕ ਦੇ ਆਧਾਰ 'ਤੇ ਇਸ ਅਸਥਾਨ ਦਾ ਨਾਮ ਸ੍ਰੀ ਹਜ਼ੂਰ ਸਾਹਿਬ ਪ੍ਰਚੱਲਿਤ ਹੋ ਗਿਆ। [219] ਇਸ ਤਖ਼ਤ ਦੀ ਇਮਾਰਤ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੋਂ ਚੰਗੇ ਕਾਰੀਗਰ , ਮਜ਼ਦੂਰ ਅਤੇ ਬੇਅੰਤ ਮਾਇਆ ਭੇਜਕੇ ਸੰਨ 1829-1839 ਈ. ਦੇ ਦੌਰਾਨ ਕਰਵਾਈ ਸੀ। ਅੱਜ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਖਾਲਸਾ ਪੰਥ ਦੇ ਪੰਜਾਂ ਤਖ਼ਤਾਂ ਵਿਚੋਂ ਇੱਕ ਤਖ਼ਤ ਵਜੋਂ ਦੱਖਣੀ ਭਾਰਤ ਦੀਆਂ ਸਿੱਖ ਸੰਗਤਾਂ ਦਾ ਕੇਂਦਰੀ ਅਸਥਾਨ ਹੈ। ਮੌਜੂਦਾ ਸਮੇਂ ਵਿਚ ਭਾਈ ਕੁਲਵੰਤ ਸਿੰਘ ਜੀ ਇਸ ਤਖ਼ਤ ਦੇ ਜਥੇਦਾਰ ਹਨ।

ਇਸ ਤਰ੍ਹਾਂ ਇਸ ਅਧਿਆਇ ਵਿਚ ਅਸੀ ਜ਼ਿਕਰ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਸਰੀ ਉਦਾਸੀ ਸਮੇਂ ਨਾਂਦੇੜ ਵਿਖੇ ਠਹਿਰ ਕੇ ਸੰਗਤ ਕਾਇਮ ਕੀਤੀ ਅਤੇ ਇੱਥੇ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ। ਗੁਰੂ ਨਾਨਕ ਦੇਵ ਜੀ ਇੱਥੇ ਗੁਰਦੁਆਰਾ ਨਾਨਕਸਰ ਸਾਹਿਬ ਵਾਲੇ ਸਥਾਨ 'ਤੇ ਨੌਂ ਦਿਨ ਰਹੇ ਅਤੇ ਆਲੇ ਦੁਆਲੇ ਇਲਾਕੇ ਦੇ ਲੋਕਾਂ ਨੂੰ ਗੁਰਮਤਿ ਦਾ ਉਪਦੇਸ਼ ਦੇ ਕੇ ਇੱਥੇ ਸਿੱਖੀ ਦਾ ਬੀਜ ਬੀਜਿਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਤੋਂ ਦੱਖਣ ਵੱਲ ਕੂਚ ਕੀਤਾ ਤਾਂ ਉਨ੍ਹਾਂ ਨੇ ਲੰਮਾ ਪੈਂਡਾ ਕੂਚ ਕਰਕੇ ਲਗਭਗ ਦੋ ਸਾਲ ਬਾਅਦ ਨਾਂਦੇੜ ਵਿਖੇ ਆ ਕੇ ਡੇਰਾ ਕੀਤਾ। ਨਾਂਦੇੜ ਵਿਖੇ ਗੁਰੂ ਸਾਹਿਬ ਨੇ ਪੰਥ ਦੇ ਮਹਾਨ ਕਾਰਜ ਪੂਰੇ ਕੀਤੇ। ਪਹਿਲਾ ਇੱਥੇ ਰਹਿ ਕੇ ਗੁਰੂ ਸਾਹਿਬ ਨੇ ਇਸ ਧਰਤੀ ਨੂੰ ਮੁੱਲ ਖ਼ਰੀਦ ਕੇ ਪੰਥ ਦੇ ਤਖ਼ਤ ਦੀ ਸਥਾਪਨਾ ਕੀਤੀ। ਦੂਜਾ ਕਾਰਜ ਗੁਰੂ ਸਾਹਿਬ ਨੇ ਭਾਈ ਸੰਤੋਖ ਸਿੰਘ ਨੂੰ ਲੰਗਰ ਦੀ ਸੇਵਾ ਸੌਂਪ ਕੇ ਇੱਥੇ ਹਮੇਸ਼ਾ ਸੇਵਾ ਕਰਨ ਦੀ ਤਾਕੀਦ ਕੀਤੀ। ਤੀਜਾ ਕਾਰਜ ਇੱਥੇ ਉਨ੍ਹਾਂ ਨੇ ਤਲਵੰਡੀ ਸਾਬੋ ਵਾਲੀ 'ਦਮਦਮੀ ਬੀੜ' ਨੂੰ ਗੁਰਤਾਗੱਦੀ ਪ੍ਰਦਾਨ ਕੀਤੀ। ਖ਼ਾਲਸਾ ਪੰਥ ਨੂੰ ਹੁਕਮ ਦਿੱਤਾ ਕਿ ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ 'ਸ਼ਬਦ-ਗੁਰੂ' ਹੋਣਗੇ ਅਤੇ ਪੰਥ ਦੀ ਅਗਵਾਈ ਕਰਨਗੇ। ਚੌਥਾ ਇਥੋਂ ਹੀ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤ ਛਕਾਉਣ ਮਗਰੋਂ ਖ਼ਾਲਸਾ ਪੰਥ ਦਾ ਸੈਨਿਕ ਜਰਨੈਲ ਥਾਪ ਕੇ ਪੰਜਾਬ ਵਿਚ ਜ਼ਾਲਮ ਮੁਗ਼ਲ ਹਾਕਮਾਂ ਨੂੰ ਸੋਧਣ ਲਈ ਤੋਰਿਆ ਸੀ। ਇਸ ਅਸਥਾਨ ਉੱਤੇ ਗੁਰੂ ਗੋਬਿੰਦ ਸਿੰਘ

[219] ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਕਥਾਵਾਚਕ ਵਿਜੇਂਦਰ ਸਿੰਘ ਕਪੂਰ ਦੇ ਦੱਸਣ ਅਨੁਸਾਰ।

ਨੇ ਆਪਣੇ ਸੱਚਖੰਡ ਗਮਨ ਤੋਂ ਪਹਿਲਾਂ ਆ ਖ਼ਰੀ ਵਾਰ ਸਿੱਖ ਸੰਗਤਾਂ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ। ਹੁਕਮ ਕੀਤਾ ਕਿ ਹਮੇਸ਼ਾ ਸਤਿਨਾਮ ਦਾ ਜਾਪ ਕਰਨਾ ਹੈ। ਪੂਰਨ ਗੁਰਮਤਿ ਰਹਿਤ ਵਿਚ ਅਤੇ ਸ਼ਸਤਰਧਾਰੀ ਹੋ ਕੇ ਜੀਵਨ ਬਤੀਤ ਕਰਨਾ ਹੈ। ਅਖ਼ੀਰ ਨਾਂਦੇੜ ਵਿਖੇ ਹੀ ਗੁਰੂ ਸਾਹਿਬ ਜੀ ਪੰਥ ਨੂੰ ਗੁਰੂ ਗ੍ਰੰਥ ਦੇ ਲੜ ਲਾ ਕੇ 7 ਅਕਤੂਬਰ, 1708 ਈ. ਨੂੰ ਜੋਤੀ ਜੋਤਿ ਸਮਾ ਗਏ। ਸਿੱਟੇ ਦੇ ਤੌਰ 'ਤੇ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਚਰਨ ਪਾ ਕੇ ਇਸ ਨਗਰ ਨੂੰ ਧਾਰਮਿਕ ਮਹਾਨਤਾ ਬਖ਼ਸ਼ੀ। ਅੱਜ ਇਹ ਨਗਰ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਵਜੋਂ ਵਿ ਸ਼ਵ ਭਰ ਵਿਚ ਪ੍ਰਸਿੱਧ ਹੈ।

# ਅਧਿਆਇ ਤੀਜਾ

## ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸਕ ਗੁਰਦੁਆਰੇ: ਇਕ ਅਧਿਐਨ

ਗੁਰਦੁਆਰਾ ਸਾਹਿਬ ਸਿੱਖ ਜੀਵਨ -ਜਾਚ ਦਾ ਕੇਂਦਰ ਅਤੇ ਸਿੱਖ ਧਰਮ ਦੀ ਮੂਲ ਸੰਸਥਾ ਹੈ। ਗੁਰਦੁਆਰਾ ਸਾਹਿਬ ਤੋਂ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਜਾਂਦਾ ਹੈ। ਇਹ ਗੁਰਦੁਆਰੇ ਸਾਰੀ ਮਨੁੱਖਤਾ ਲਈ ਜੀਵਨ -ਜਾਚ ਦਾ ਕੇਂਦਰ ਹਨ। ਇਸ ਧਰਤੀ 'ਤੇ ਜਿੱਥੇ ਜਿੱਥੇ ਵੀ ਗੁਰੂ ਸਾਹਿਬਾਨ ਜੀ ਨਿਵਾਸ ਕਰਦੇ ਰਹੇ ਸਨ। ਉਹ ਸਥਾਨ ਸੋਹਾਵਣੇ ਅਤੇ ਸਿੱਖ ਧਰਮ ਦੇ ਕੇਂਦਰ ਬਣੇ। ਹਰੇਕ ਗੁਰਸਿੱਖ ਇਨ੍ਹਾਂ ਧਾਰਮਿਕ ਸਥਾ ਨਾਂ ਦੀ ਧੂੜ ਨੂੰ ਮੱਥੇ 'ਤੇ ਲਾਉਣ ਦੀ ਤਾਂਘ ਰੱਖਦਾ ਹੈ। 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥ ' ਗੁਰਵਾਕ ਅਨੁਸਾਰ ਗੁਰੂ ਪਾਤਸ਼ਾਹ ਸਿੱਖੀ ਦੇ ਪ੍ਰਚਾਰ ਲਈ ਜਿੱਥੇ ਜਿੱਥੇ ਵੀ ਗਏ ਉਨ੍ਹਾਂ ਦੀ ਪਰਮ ਪਾਵਨ ਯਾਦ ਵਿੱਚ ਸਿੱਖ ਸੰਗਤਾਂ ਨੇ ਗੁਰਦੁਆਰੇ ਉਸਾਰੇ। ਗੁਰਦੁਆਰੇ ਸਿੱਖਾਂ ਨੂੰ ਆਪਣੀ ਜਿੰਦ -ਜਾਨ ਨਾਲੋਂ ਵੀ ਪਿਆਰੇ ਸਨ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਜਿੱਥੇ ਮਜ਼ਲੂਮਾਂ ਦੀ ਰਾਖੀ ਵਾਸਤੇ ਅਥਾਹ ਕੁਰਬਾਨੀਆਂ ਕੀਤੀਆਂ ਉੱਥੇ ਸਮੇਂ ਸਮੇਂ ਉਨ੍ਹਾਂ ਨੂੰ ਆਪਣੇ ਪਵਿੱਤਰ ਗੁਰੂਧਾਮਾਂ ਦੀ ਰਾਖੀ ਵਾਸਤੇ ਵੀ ਅਨੇਕਾਂ ਕੁਰਬਾਨੀਆਂ ਦੇਣੀਆਂ ਪਈਆਂ।[1] ਇਸ ਅਧਿਆਇ ਵਿਚ ਅਸੀਂ ਨਾਂਦੇੜ ਸਾਹਿਬ ਦੇ ਗੁਰਦੁਆਰਿਆਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਜਿਵੇਂ ਕਿ ਪਿਛਲੇ ਅਧਿਆਇ ਵਿਚ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਚਰਨ -ਛੋਹ ਨਾਲ ਨਾਂਦੇੜ ਨਗਰ ਦੀ ਧਰਤੀ ਨੂੰ ਪਵਿੱਤਰ ਕੀਤਾ ਹੈ। ਗੁਰੂ ਸਾਹਿਬਾਨ ਤੋਂ ਬਾਅਦ ਇਹ ਅਸਥਾਨ ਦੱਖਣ ਵਿਚ ਸਿੱਖ ਗਤੀਵਿਧੀਆਂ ਦਾ ਕੇਂਦਰ ਰਿਹਾ। ਵਰਤਮਾਨ ਸਮੇਂ ਵਿਚ ਗੁਰੂ ਸਾਹਿਬਾਨ ਦੀ ਯਾਦ ਵਿਚ ਨਾਂਦੇੜ ਵਿਖੇ ਕਈ ਇਤਿਹਾਸਕ ਗੁਰਦੁਆਰੇ ਬਣ ਚੁੱਕੇ ਹਨ। ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ (ਤਖ਼ਤ ਸ੍ਰੀ ਹਜ਼ੂਰ ਸਾਹਿਬ) ਇੱਥੇ ਸੁਸ਼ੋਭਿਤ ਹੈ।

---

[1] *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਅਕਤੂਬਰ 2001, ਪੰਨਾ 10.

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ ਇੱਕ ਵਿਸ਼ੇਸ਼ ਰੁਚੀ ਇਹ ਵੀ ਦੇਖਣ ਨੂੰ ਆਉਂਦੀ ਹੈ ਕਿ ਉਨ੍ਹਾਂ ਨੇ ਆਪਣੇ ਜੀਵਨ ਦਾ ਵਧੇਰੇ ਸਮਾਂ ਦਰਿਆਵੀ ਕਿਨਾਰਿਆਂ ਅਤੇ ਕੁਦਰਤੀ ਨਜ਼ਾਰਿਆਂ ਵਿਚ ਗੁਜਾਰਿਆ ਹੈ। ਇਸ ਲਈ ਨਾਂਦੇੜ ਵਿਖੇ ਗੁਰੂ ਸਾਹਿਬ ਦੀ ਯਾਦ ਵਿਚ ਸਥਾਪਿਤ ਸਾਰੇ ਗੁਰਦੁਆਰੇ ਗੋਦਾਵਰੀ ਨਦੀ ਦੇ ਰਮਣੀਕ ਕੰਢੇ ਉੱਤੇ ਸਥਿਤ ਹਨ। ਇਹ ਗੁਰਦੁਆਰੇ ਸਾਰੀ ਮਨੁੱਖਤਾ ਲਈ ਖ਼ਾਸ ਤੌਰ 'ਤੇ ਇਸ ਇਲਾਕੇ ਲਈ ਜੀਵਨ -ਜਾਚ ਅਤੇ ਸ਼ਰਧਾ ਦੇ ਕੇਂਦਰ ਹਨ। ਨਾਂਦੇੜ ਨਗਰ ਵਿਖੇ ਸਥਿਤ ਵੱਖ -ਵੱਖ ਗੁਰਦੁਆਰਿਆਂ ਅਤੇ ਇਤਿਹਾਸਕ ਅਸਥਾਨਾਂ ਦਾ ਵਰਣਨ ਨਿਮਨਲਿਖਤ ਅਨੁਸਾਰ ਹੈ:

**ਗੁਰਦੁਆਰਾ ਦਮਦਮਾ ਸਾਹਿਬ (ਬਸਮਤ ਨਗਰ)**

ਗੁਰਦੁਆਰਾ ਦਮਦਮਾ ਸਾਹਿਬ (ਬਸਮਤ ਨਗਰ) ਦਾ ਪ੍ਰਬੰਧ ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੇ ਅਧੀਨ ਹੈ। ਇਹ ਇਤਿਹਾਸਕ ਅਸਥਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਉੱਤਰ-ਪੱਛਮ ਦਿਸ਼ਾ ਵੱਲ ਲਗਭਗ 30 ਕਿ. ਮੀ. ਦੀ ਦੂਰੀ 'ਤੇ ਮਹਾਰਾਸ਼ਟਰ ਦੇ ਜ਼ਿਲ੍ਹਾ ਹਿੰਗੋਲੀ ਵਿਚ ਬਸਮਤ ਨਗਰ ਵਿਖੇ ਸੁਸ਼ੋਭਿਤ ਹੈ। ਬਸਮਤ ਨਗਰ ਮੌਜੂਦਾ ਸਮੇਂ ਹਿੰਗੋਲੀ ਜ਼ਿਲ੍ਹੇ ਦਾ ਇੱਕ ਸ਼ਹਿਰ ਅਤੇ ਤਹਿਸੀਲ ਹੈ। ਗੁਰੂ ਗੋਬਿੰਦ ਸਿੰਘ ਜੀ ਦੱਖਣ ਦੀ ਯਾਤਰਾ ਵੇਲੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਪੰਜਾਬ ਤੋਂ ਚੱਲ ਕੇ ਭਾਗੂ , ਕੇਵਲ, ਸਰਸਾ, ਜਸਾਨਾ, ਨੌਹਰ, ਸੁਹਾਵਾ, ਪੁਸ਼ਕਰ, ਨਾਰਾਇਣਾ, ਲਾਲੀ, ਕੁਲਾਇਤ, ਬਘੌਰ, ਆਗਰਾ, ਉਜੈਨ, ਬੁਰਹਾਨਪੁਰ, ਅਤੇ ਹਿੰਗੋਲੀ ਦੇ ਰਸਤੇ ਸੰਗਤਾਂ ਦੇ ਤਪਦੇ ਹਿਰਦਿਆਂ ਨੂੰ ਠਾਰਦੇ ਹੋਏ ਸੰਨ 1708 ਈ. ਵਿਚ ਬਸਮਤ ਨਗਰ ਵਿਚ ਪਹੁੰਚੇ ਸਨ।

ਬਸਮਤ ਨਗਰ ਵਿਚ ਗੁਰੂ ਸਾਹਿਬ ਨੇ ਇੱਕ ਖੁੱਲੀ -ਇਕਾਂਤ ਅਤੇ ਸੁੰਦਰ ਥਾਂ ਵੇਖ ਕੇ ਡੇਰਾ ਕੀਤਾ ਅਤੇ ਤੰਬੂ ਲਾ ਦਿੱਤੇ। ਇਸ ਸਥਾਨ ਉੱਪਰ ਗੁਰੂ ਸਾਹਿਬ ਨੇ ਅੱਠ ਦਿਨ ਵਿ ਸ਼ਰਾਮ ਕੀਤਾ ਸੀ। ਬਸਮਤ ਨਗਰ ਦੇ ਪੜਾਅ ਬਾਰੇ ਸੁਣ ਕੇ ਸੰਗਤਾਂ ਦੂਰੋਂ ਦੂਰੋਂ ਗੁਰੂ ਜੀ ਦੇ ਦਰ ਸ਼ਨਾਂ ਲਈ ਪਹੁੰਚੀਆਂ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਬਸਮਤ ਨਗਰ ਦੇ ਪੜਾਅ ਬਾਰੇ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

**ਬਿਸਮਤਿ ਨਗਰ ਬਿਲੋਕਿ ਬਿਸਾਲਾ। ਤਿਸ ਕੇ ਨਿਕਟ ਸਿਵਰ ਕੋ ਘਾਲਾ।**

**ਆਠ ਦਿਵਸ ਤਹਿੰ ਕੀਨ ਮੁਕਾਮੂ। ਸੰਗਤਿ ਗੁਰ ਕੋ ਪਿਖਹਿ ਤਮਾਮੂ॥17॥**

**ਅਨਿਕ ਅਕੋਰਨ ਕੋ ਅਰਪੰਤੇ। ਚਰਨ ਕਮਲ ਪਰ ਸੀਸ ਧਰੰਤੇ।**

**ਦੂਰ ਕਿ ਨੇਰ ਸੁਨਹਿਂ ਗੁਰ ਆਇ। ਸਿਖ ਜੋ ਹੁਤੇ ਆਨਿ ਦਰਸਾਏ॥18॥**[2]

ਇਸ ਅਸਥਾਨ ਦੇ ਪੜਾਅ ਤੋਂ ਬਾਅਦ ਗੁਰੂ ਸਾਹਿਬ ਨੇ ਨਾਂਦੇੜ ਲਈ ਕੂਚ ਕੀਤਾ ਸੀ। ਜਿੱਥੇ ਅੱਜ ਤਖ਼ਤ ਸ੍ਰੀ ਹਜ਼ੂਰ ਸਾਹਿਬ ਸ਼ੋਭਾ ਪਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਬਸਮਤ ਨਗਰ ਵਿਖੇ ਗੁਰਦੁਆਰਾ ਦਮਦਮਾ ਸਾਹਿਬ ਦਾ ਪਵਿੱਤਰ ਅਸਥਾਨ ਬਣਿਆ ਹੋਇਆ ਹੈ। ਇਹ ਅਸਥਾਨ ਰੇਲਵੇ ਸਟੇਸ਼ਨ ਦੇ ਨਜ਼ਦੀਕ ਰੇਲਵੇ ਰੋਡ ਉੱਤੇ ਹੈ। ਹਜ਼ੂਰ ਸਾਹਿਬ ਤੋਂ ਹਿੰਗੋਲੀ ਜ਼ਿਲ੍ਹੇ ਵਿਚ ਸਥਿਤ ਭਗਤ ਨਾਮਦੇਵ ਜੀ ਦੇ ਜਨਮ ਅਸਥਾਨ ਦੇ ਦਰਸ਼ਨਾਂ ਨੂੰ ਜਾਣ ਵਾਲੀ ਸੰਗਤ ਰਸਤੇ ਵਿਚ ਆਉਂਦੇ ਬਸਮਤ ਨਗਰ ਦੇ ਇਸ ਗੁਰਦੁਆਰੇ ਦੇ ਦਰਸ਼ਨ ਵੀ ਜ਼ਰੂਰ ਕਰਦੀ ਹੈ। ਵਰਤਮਾਨ ਸਮੇਂ ਵਿਚ ਇੱਥੇ ਸੁੰਦਰ ਦਰਬਾਰ ਸਾਹਿਬ ਬਣਿਆ ਹੋਇਆ ਹੈ। ਦਰਬਾਰ ਸਾਹਿਬ ਦੇ ਥੱਲੇ ਲੰਗਰ ਹਾਲ ਹੈ। ਇੱਥੇ ਰੋਜ਼ਾਨਾ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂ ਲੰਗਰ ਛਕਦੇ ਹਨ। ਯਾਤਰੂਆਂ ਲਈ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਇਸ ਗੁਰਦੁਆਰੇ ਦੀ ਚਾਰ ਦੀਵਾਰੀ ਲਗਭਗ 3 ਏਕੜ ਵਿਚ ਹੈ। ਇਸ ਸਮੇਂ ਗੁਰਦੁਆਰੇ ਦੇ ਨਾਮ 14 ਏਕੜ ਤੋਂ ਵੱਧ ਜ਼ਮੀਨ ਹੈ।[3]

### ਗੁਰਦੁਆਰਾ ਹੀਰਾ ਘਾਟ ਸਾਹਿਬ (ਨਾਂਦੇੜ)

ਗੁਰਦੁਆਰਾ ਹੀਰਾ ਘਾਟ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਗੁਰੂ ਗੋਬਿੰਦ ਸਿੰਘ ਨੇ ਬਸਮਤ ਨਗਰ ਤੋਂ ਆ ਕੇ ਨਾਂਦੇੜ ਸ਼ਹਿਰ ਤੋਂ ਬਾਹਰ ਬ੍ਰਾਹਮਣਵਾੜਾ ਪਿੰਡ ਵਿਚ ਗੋਦਾਵਰੀ ਨਦੀ ਦੇ ਕੰਢੇ ਉੱਪਰ ਡੇਰੇ ਲਾਏ ਅਤੇ ਨਾਮ-ਬਾਣੀ ਅਤੇ ਕੀਰਤਨ ਦਾ ਪਰਵਾਹ ਚਲਾਇਆ। ਇਹ ਅਸਥਾਨ ਤਖ਼ਤ ਸਾਹਿਬ ਤੋਂ ਪੂਰਬ ਦਿਸ਼ਾ ਵੱਲ 12 ਕਿ. ਮੀ. ਦੀ ਦੂਰੀ 'ਤੇ ਨਾਂਦੇੜ-ਮੁਗਟ ਰੋਡ ਉੱਪਰ ਗੋਦਾਵਰੀ ਨਦੀ ਦੇ ਕੰਢੇ ਗੁਰੂ ਗੋਬਿੰਦ ਸਿੰਘ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਨਾਂਦੇੜ ਵਿਖੇ ਪਹੁੰਚਣ

---

[2] ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1992, ਪੰਨਾ 6237.

[3] ਗੁਰਦੁਆਰਾ ਦਮਦਮਾ ਸਾਹਿਬ ਬਸਮਤ ਨਗਰ ਦੇ ਮੌਜੂਦਾ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਅਤੇ ਭਾਈ ਪ੍ਰਿਤਪਾਲ ਸਿੰਘ (ਸਾਬਕਾ ਗ੍ਰੰਥੀ) ਦੇ ਦੱਸਣ ਅਨੁਸਾਰ।

ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਗੋਦਾਵਰੀ ਦੇ ਕੰਢੇ ਇਸ ਅਸਥਾਨ ਉੱਤੇ ਆਪਣਾ ਡੇਰਾ ਲਾਇਆ ਸੀ। ਇੱਥੇ ਗੁਰੂ ਸਾਹਿਬ ਦੀਵਾਨ ਸਜਾਇਆ ਕਰਦੇ ਅਤੇ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿਆ ਕਰਦੇ ਸਨ। ਇੱਥੇ ਹੀ ਗੁਰੂ ਸਾਹਿਬ ਨੇ ਨਾਂਦੇੜ ਵਿਖੇ ਰਹਿੰਦਿਆਂ ਆਪਣਾ ਬਹੁਤਾ ਸਮਾਂ ਬਿਤਾਇਆ ਸੀ।

ਜਦੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਆਪਣੇ ਭਰਾ ਕਾਮ ਬਖ਼ ਸ਼ ਅਤੇ ਮਰਹੱਟਿਆਂ (ਮਰਾਠਿਆਂ) ਦੀ ਬਗ਼ਾਵਤ ਨੂੰ ਦਬਾਉਣ ਲਈ ਦੱਖਣ ਦੀ ਮੁਹਿੰਮ ਉੱਤੇ ਆਇਆ ਹੋਇਆ ਸੀ। ਉਸ ਸਮੇਂ ਉਹ ਨਾਂਦੇੜ ਵਿਖੇ ਰੁਕਿਆ ਸੀ। ਇਸ ਅਸਥਾਨ ਉੱਪਰ ਉਹ ਇੱਕ ਦਿਨ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਹਾਜ਼ਰ ਹੋਇਆ। ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਸਤਿਕਾਰ ਵਜੋਂ ਇੱਕ ਕੀਮਤੀ ਹੀਰਾ ਭੇਟ ਕੀਤਾ। ਜਦੋਂ ਹੀਰਾ ਭੇਟ ਕਰਨ ਲੱਗਿਆ ਤਾਂ ਮਨ ਵਿਚ ਹੰਕਾਰ ਆ ਗਿਆ ਕਿ ਮੈਂ ਬਾਦਸ਼ਾਹ ਹਾਂ ਅਤੇ ਬਹੁਤ ਕੀਮਤੀ ਹੀਰਾ ਭੇਟ ਕਰ ਰਿਹਾ ਹਾਂ। ਗੁਰੂ ਜੀ ਨੇ ਬਾਦਸ਼ਾਹ ਦੇ ਮਨ ਦੀ ਅਵਸਥਾ ਜਾਣ ਕੇ ਇਹ ਹੀਰਾ ਚੁੱਕ ਕੇ ਸਾਹਮਣੇ ਵਗ ਰਹੀ ਗੋਦਾਵਰੀ ਨਦੀ ਵਿਚ ਸੁੱਟ ਦਿੱਤਾ। ਇਹ ਸਾਰਾ ਕੁਝ ਵੇਖ ਕੇ ਬਹਾਦਰ ਸ਼ਾਹ ਬਹੁਤ ਹੈਰਾਨ ਹੋਇਆ ਕਿ ਮੈਂ ਤਾਂ ਕੀਮਤੀ ਹੀਰਾ ਗੁਰੂ ਸਾਹਿਬ ਨੂੰ ਭੇਟ ਕੀਤਾ ਸੀ ਪਰ ਉ ਨ੍ਹਾਂ ਨੇ ਮੇਰੇ ਹੀਰੇ ਦੀ ਕੋਈ ਕਦਰ ਨਹੀਂ ਕੀਤੀ। ਗੁਰੂ ਜੀ ਨੂੰ ਸਾਇਦ ਹੀਰਿਆਂ ਦੀ ਪਰ ਖ ਨਹੀਂ। ਅੰਤਰਜਾਮੀ ਦਸਮ ਪਾਤਸ਼ਾਹ ਨੇ ਬਹਾਦਰ ਸ਼ਾਹ ਦੀ ਪਰੇਸ਼ਾਨੀ ਜਾਣ ਕੇ ਉਸ ਨੂੰ ਕਿਹਾ ਤੁਹਾਡਾ ਹੀਰਾ ਨਦੀ ਵਿਚੋਂ ਕੱਢ ਕੇ ਲਿਆ ਓ। ਜਦੋਂ ਉਸ ਨੇ ਜਾ ਕੇ ਨਦੀ ਦੇ ਨਿਰਮਲ ਜਲ ਵਿਚ ਨਜ਼ਰ ਮਾਰੀ ਤਾਂ ਉਸ ਨੂੰ ਹੋਰ ਵੀ ਕਈ ਤਰ੍ਹਾਂ ਦੇ ਬੇਅੰਤ ਬੇਸ਼ਕੀਮਤੀ ਹੀਰੇ ਜ਼ਵਾਹਰਾਤ ਨਜਰੀਂ ਪਏ। ਇਹ ਕੋਤਕ ਵੇਖ ਕੇ ਬਹਾਦਰ ਸ਼ਾਹ ਬਹੁਤ ਹੈਰਾਨ ਹੋਇਆ ਅਤੇ ਉਸ ਦੇ ਮਨ ਦਾ ਹੰਕਾਰ ਟੁੱਟਿਆ। ਉਸ ਨੇ ਵਾਪਿਸ ਆ ਕੇ ਗੁਰੂ ਦੀ ਹਜ਼ੂਰੀ ਵਿਚ ਭੁੱਲ ਬਖ਼ਸਾਈ। ਇਸ ਤਰ੍ਹਾਂ ਇਸ ਅਸਥਾਨ ਦਾ ਨਾਮ 'ਹੀਰਾ ਘਾਟ ਸਾਹਿਬ ' ਪ੍ਰਸਿੱਧ ਹੋਇਆ ਹੈ। ਇਸ ਘਟਨਾ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ:

**ਤਬ ਗੁਰ ਢਿਗ ਸ਼ਾਹਿ ਬਹਾਦੁਰ। ਕਰ ਜੋਰ ਬੋਲਿਓ ਸਾਦਰ।**

**ਹੇ ਗੁਰ ਇਹੁ ਨੀਕੋ ਹੀਰਾ। ਕਿਸ ਕਾਰਣ ਗੇਰਯੋ ਨੀਰਾ।**

- - - - - - - - - - - - - - - - - - - - - - - - - - - - - -

**ਤਹਿ ਭਾਂਤ ਅਨੇਕ ਜਵਾਹਰ। ਆਨੰਦ ਅਮੋਲਕ ਜਾਹਰ।**

**ਹੋਯੋ ਪਿਖ ਅਧਕ ਹਿਰਾਂਨਾ। ਗੁਰ ਪਗ ਪਰ ਬੰਦਨ ਠਾਂਨਾ।**

**ਤਿਸ ਜਾਗਾ ਕਾ ਅਬ ਨਾਂਮੂ। ਕਹਿ ਹੀਰਾ ਘਾਟ ਤਮਾਮੂ।**[4]

ਇਸ ਗੁਰਦੁਆਰੇ ਦੀ ਇਮਾਰਤ ਦੀ ਸੇਵਾ ਪਹਿਲਾਂ ਬਾਬਾ ਹਰੀ ਸਿੰਘ ਜੀ ਅਤੇ ਬਾਬਾ ਚਰਨ ਸਿੰਘ ਜੀ ਨੇ ਕਰਵਾਈ ਸੀ। ਬਾਅਦ ਵਿਚ ਇਸ ਗੁਰਧਾਮ ਦੀ ਕਾਰ ਸੇਵਾ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਨੇ ਕਰਵਾਈ। ਵਰਤਮਾਨ ਦਰਬਾਰ ਸਾਹਿਬ ਦੀ ਲੰਬਾਈ -ਚੌੜਾਈ 40×35 ਫੁੱਟ ਹੈ। ਗੁੰਬਦ ਉੱਪਰ ਸੋਹਣਾ ਚਿੱਟੇ ਰੰਗ ਦਾ ਸੰਗਮਰਮਰ ਲੱਗਿਆ ਹੋਇਆ ਹੈ। ਦਰਬਾਰ ਸਾਹਿਬ ਦੇ ਅੰਦਰ ਜਾਂਦਿਆਂ ਖੱਬੇ ਪਾਸੇ ਨਿਸ਼ਾਨ ਸਾਹਿਬ ਹੈ। ਢਾਈ ਏਕੜ ਦੀ ਚਾਰ ਦੀਵਾਰੀ ਵਿਚ ਗੁਰਦੁਆਰਾ ਸਾਹਿਬ ਬਣਿਆ ਹੈ। ਇਸ ਦੇ ਵਿਹੜੇ ਵਿਚ ਦੋ ਇਮਲੀ ਦੇ ਦਰੱਖਤ ਖੜ੍ਹੇ ਹਨ।

**ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ**

ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ ਦਾ ਪ੍ਰਬੰਧ ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕਰਵਰਤੀ ਪੰਜਾਬ (ਹਿੰਦੁਸਤਾਨ) 96 ਕਰੋੜੀ ਜਥੇਦਾਰ ਬਾਬਾ ਮਾਨ ਸਿੰਘ ਜੀ ਅਕਾਲੀ ਮੁਖੀ ਬੁੱਢਾ ਦਲ ਦੇ ਅਧੀਨ ਹੈ। ਇਸ ਸਮੇਂ ਇਸ ਅਸਥਾਨ ਦੇ ਜਥੇਦਾਰ ਬਾਬਾ ਤੇਜਾ ਸਿੰਘ ਜੀ ਨਿਹੰਗ ਹਨ। ਇਹ ਪਵਿੱਤਰ ਅਸਥਾਨ ਤਖ਼ਤ ਸਾਹਿਬ ਤੋਂ ਪੂਰਬ ਦਿ ਸ਼ਾ ਵੱਲ 14 ਕਿ. ਮੀ. ਦੂਰ ਅਤੇ ਗੁਰਦੁਆਰਾ ਹੀਰਾ ਘਾਟ ਸਾਹਿਬ ਤੋਂ ਇੱਕ ਕਿ . ਮੀ. ਦੀ ਦੂਰੀ ’ਤੇ ਨਾਂਦੇੜ ਤੋਂ ਮੁਗਟ ਰੋਡ ਉੱਪਰ ਗੋਦਾਵਰੀ ਨਦੀ ਦੇ ਕੰਢੇ ’ਤੇ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਨੇ ਜਦੋਂ ਬ੍ਰਾਹਮਣਵਾੜੇ (ਹੀਰਾ ਘਾਟ) ਦੇ ਅਸਥਾਨ ’ਤੇ ਪੜਾਅ ਕੀਤਾ ਤਾਂ ਕੁਝ ਦੂਰੀ ’ਤੇ ਖਾਲਸੇ ਦੀ ਮਾਤਾ ਸਾਹਿਬ ਕੌਰ ਲਈ ਤੰਬੂ ਲਗਵਾ ਕੇ ਰਿਹਾਇਸ਼ ਦਾ ਪ੍ਰਬੰਧ ਕੀਤਾ ਸੀ। ਸਿੱਖ ਇਤਿਹਾਸ ਵਿਚ ਮਾਤਾ ਸਾਹਿਬ ਕੌਰ ਦਾ ਨਾਮ ਜ਼ਿਆਦਾ ਮਾਤਾ ਸਾਹਿਬ ਦੇਵਾਂ ਕਰਕੇ ਪ੍ਰਚੱਲਿਤ ਹੈ। ਮਾਤਾ ਜੀ ਦੇ ਹੁਕਮਨਾਮਿਆਂ ਵਿਚ ਵੀ ਉਨ੍ਹਾਂ ਦਾ ਨਾਮ ਮਾਤਾ ਸਾਹਿਬ ਦੇਵੀ ਜਾਂ ਦੇਵਾਂ ਹੀ ਲਿਖਿਆ ਮਿਲਦਾ ਹੈ। ਮਾਤਾ ਸਾਹਿਬ ਕੌਰ ਜੀ ਨੂੰ ਗੁਰੂ ਸਾਹਿਬ ਜੀ ਨੇ ਖਾਲਸੇ ਦੀ ਮਾਤਾ ਹੋਣ ਦਾ ਮਾਣ ਬ ਖ਼ਸ਼ਿਆ ਸੀ। ਗੁਰੂ

[4] ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 348.

ਸਾਹਿਬ ਨਾਲ ਦੱਖਣ ਵੱਲ ਕੂਚ ਕਰਨ ਸਮੇਂ ਮਾਤਾ ਜੀ ਵੀ ਦਿੱਲੀ ਤੋਂ ਨਾਂਦੇੜ ਆਏ ਸਨ। ਇੱਥੇ ਮਾਤਾ ਜੀ ਨੇ ਗੁਰੂ ਜੀ ਨਾਲ ਆ ਕੇ ਕੁਝ ਸਮੇਂ ਲਈ ਨਿਵਾਸ ਕੀਤਾ ਸੀ ਅਤੇ 'ਗੁਰੂ ਕਾ ਲੰਗਰ' ਦੀ ਵਿਵਸਥਾ ਕੀਤੀ ਸੀ।[5] ਇਸ ਅਸਥਾਨ 'ਤੇ ਮਾਤਾ ਜੀ ਤਪ ਕਰਦੇ ਸਨ।

ਇਸ ਅਸਥਾਨ ਉੱਪਰ ਮਾਤਾ ਜੀ ਆਪਣੇ ਹੱਥਾਂ ਨਾਲ ਗੁਰੂ ਸਾਹਿਬ ਅਤੇ ਸਿੰਘਾਂ ਲਈ ਲੰਗਰ ਤਿਆਰ ਕਰਦੇ ਸਨ। ਮਾਤਾ ਸਾਹਿਬ ਕੌਰ ਦਾ ਇਹ ਨੇਮ ਸੀ ਕਿ ਆਪ ਸਦਾ ਹੀ ਪਤੀ -ਪ੍ਰਮੇਸ਼ਰ ਦੇ ਦਰਸ਼ਨ ਕਰਕੇ ਭੋਜਨ ਛਕਦੇ ਸੀ। ਗੁਰੂ ਸਾਹਿਬ ਵੀ ਨਾਂਦੇੜ ਰਹਿੰਦੇ ਹੋਏ ਆਪ ਇੱਥੇ ਆ ਕੇ ਸਿੰਘਾਂ ਸਮੇਤ ਲੰਗਰ ਛਕਿਆ ਕਰਦੇ। ਗੁਰੂ ਸਾਹਿਬ ਨਗੀਨਾ ਘਾਟ , ਮਾਲ ਟੇਕਰੀ, ਸੰਗਤ ਸਾਹਿਬ ਅਤੇ ਸ਼ਿਕਾਰ ਘਾਟ ਸਥਾਨਾਂ 'ਤੇ ਵੀ ਰਹੇ ਹਨ ਪਰ ਮਾਤਾ ਸਾਹਿਬ ਕੌਰ ਜੀ ਪੱਕੇ ਤੌਰ 'ਤੇ ਗੋਦਾਵਰੀ ਕੰਢੇ ਹੀ ਰਹਿੰਦੇ ਰਹੇ ਜਿਸ ਨਾਲ ਲਗਦੀ ਬਸਤੀ ਬ੍ਰਾਹਮਣਵਾੜਾ ਹੈ।[6] ਬੰਦਾ ਸਿੰਘ ਬਹਾਦਰ ਪੰਜਾਬ ਵੱਲ ਰਵਾਨਾ ਹੋਣ ਤੋਂ ਪਹਿਲਾਂ ਇੱਥੇ ਆ ਕੇ ਮਾਤਾ ਜੀ ਨੂੰ ਮਿਲਿਆ ਅਤੇ ਚਰਨ ਛੋਹ ਕੇ ਉਨ੍ਹਾਂ ਤੋਂ ਅਸ਼ੀਰਵਾਦ ਲੈ ਕੇ ਚੱਲਿਆ ਸੀ।[7]

ਗੁਰੂ ਸਾਹਿਬ ਨੇ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਨਾਂਦੇੜ ਤੋਂ ਮਾਤਾ ਸਾਹਿਬ ਕੌਰ ਨੂੰ ਕੁਝ ਸਿੰਘਾਂ ਨਾਲ ਵਾਪਿਸ ਦਿੱਲੀ ਮਾਤਾ ਸੁੰਦਰੀ ਜੀ ਕੋਲ ਜਾਣ ਦਾ ਹੁਕਮ ਦਿੱਤਾ। ਮਾਤਾ ਜੀ ਨੇ ਜਾਣ ਤੋਂ ਪਹਿਲਾਂ ਦਸਮ ਪਾਤਸ਼ਾਹ ਅੱਗੇ ਬਿਹਬਲਤਾ ਸਹਿਤ ਬੇਨਤੀ ਕੀਤੀ ਕਿ ਅਸੀਂ ਆਪ ਜੀ ਦੇ ਦਰਸ਼ਨ ਕਰਨ ਤੋਂ ਬਿਨਾ ਭੋਜਨ ਨਹੀਂ ਕਰਦੇ ਸੋ ਸਾਨੂੰ ਆਪਣੇ ਚਰਨਾਂ ਦੇ ਕੋਲ ਹੀ ਰੱਖੋ ਤਾਂ ਗੁਰੂ ਸਾਹਿਬ ਨੇ ਪੰਜ ਸ਼ਸਤਰ ਦੇ ਕੇ ਕਿਹਾ ਕਿ ਆਪ ਭਜਨ ਬੰਦਗੀ ਤੋਂ ਉਪਰੰਤ ਇਹਨਾਂ ਸ਼ਸਤਰਾਂ ਦੇ ਦਰ ਸ਼ਨ ਰਾਹੀਂ ਹੀ ਮੇਰੇ ਦਰਸ਼ਨ ਕਰਿਆ ਕਰੋਗੇ। ਇਹ ਸ਼ਸਤਰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਨ।

ਮਾਤਾ ਜੀ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਸ਼ਸਤਰਾਂ ਸਮੇਤ ਦਿੱਲੀ ਆ ਗਏ ਸੀ। ਦਿੱਲੀ ਵਿਚ ਹੀ ਮਾਤਾ ਸਾਹਿਬ ਕੌਰ ਨੇ ਆਪਣਾ ਸਰੀਰ ਤਿਆਗਿਆ ਸੀ। ਨਾਂਦੇੜ ਵਿਖੇ ਇਸ ਗੁਰਦੁਆਰਾ ਸਾਹਿਬ ਵਿਚ

---

[5] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1020.

[6] ਹਰੀ ਸਿੰਘ, ਗਿਆਨੀ (ਸੰਪਾ.), *ਮਾਤਾ ਸਾਹਿਬ ਕੌਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 57.

[7] ਉਕਤ, ਪੰਨੇ 57-58.

ਲੰਗਰ ਦੀ ਪ੍ਰਥਾ ਅੱਜ ਵੀ ਉਸੇ ਤਰ੍ਹਾਂ ਚੱਲੀ ਆ ਰਹੀ ਹੈ। ਇੱਥੇ ਚੌਵੀ ਘੰਟੇ ਗੁਰੂ ਕਾ ਲੰਗਰ ਅਤੁੱਟ ਚਲਦਾ ਰਹਿੰਦਾ ਹੈ। ਸੰਨ 1922 ਈ. ਵਿਚ ਸ੍ਰੀਮਾਨ ਸੰਤ ਬਾਬਾ ਮਿੱਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ ਆਪਣੇ ਜਥੇ ਸਮੇਤ ਇੱਥੇ ਦਰਸ਼ਨਾਂ ਨੂੰ ਪੁੱਜੇ ਅਤੇ ਇਕਾਂਤ ਗੁਰੂ ਅਸਥਾਨ ਦੇਖ ਕੇ ਇੱਥੇ ਹੀ ਡੇਰੇ ਲਾ ਲਏ।[8] ਇਸ ਗੁਰਦੁਆਰੇ ਦੀ ਇਮਾਰਤ ਸੰਨ 1990 ਈ. ਵਿਚ ਮੁਕੰਮਲ ਹੋਈ। ਇਸ ਤੋਂ ਪਹਿਲਾਂ ਇੱਥੇ ਟੀਨਾਂ (ਲੋਹੇ ਦੀਆਂ ਚਾਦਰਾਂ ) ਦਾ ਦਰਬਾਰ ਸਾਹਿਬ ਸੀ। ਸੰਤ ਬਾਬਾ ਚਰਨ ਸਿੰਘ ਜੀ ਕੁਰੂਕਸ਼ੇਤਰ ਵਾਲਿਆਂ ਨੇ ਦਰਬਾਰ ਸਾਹਿਬ ਅਤੇ ਲੰਗਰ ਹਾਲ ਬਣਵਾਇਆ ਸੀ। ਫਿਰ ਬਾਬਾ ਜੱਸਾ ਸਿੰਘ ਧਨੇਠੇ ਵਾਲਿਆਂ ਨੇ ਕੁਝ ਸਮਾਂ ਇਹ ਸੇਵਾ ਸੰਭਾਲੀ ਸੀ। ਇਨ੍ਹਾਂ ਤੋਂ ਮਗਰੋਂ ਇੱਥੇ ਦੀਆਂ ਇਮਾਰਤਾਂ ਦੀ ਸੇਵਾ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ (ਕਾਰ ਸੇਵਾ ਵਾਲੇ ) ਕੋਲ ਆਈ। ਵਰਤਮਾਨ ਸਮੇਂ ਵਿਚ ਇਨ੍ਹਾਂ ਮਹਾਪੁਰਸ਼ਾਂ ਵਲੋਂ ਸੇਵਾ ਚੱਲ ਰਹੀ ਹੈ।[9]

ਵਰਤਮਾਨ ਸਮੇਂ ਦਰਬਾਰ ਸਾਹਿਬ ਦੇ ਅੰਦਰ ਸ਼ੀਸ਼ੇ ਦੇ ਦੋ ਸੈੱਕਸ਼ਨਾਂ ਵਿਚ ਪੁਰਾਤਨ ਸ਼ਸਤਰ ਸਜਾਏ ਹੋਏ ਹਨ। ਦਰਬਾਰ ਸਾਹਿਬ ਦੇ ਚਾਰੇ ਪਾਸੇ ਵੀਹ ਛੋਟੇ ਦਰਵਾਜੇ ਲੱਗੇ ਹੋਏ ਹਨ ਅਤੇ ਉੱਪਰਲੇ ਹਿੱਸੇ ਵਿਚ ਵੀਹ ਖਿੜਕੀਆਂ ਹਨ। ਦਰਬਾਰ ਸਾਹਿਬ ਦੀ ਲੰਬਾਈ ਅਤੇ ਚੌੜਾਈ 108×86 ਫੁੱਟ ਹੈ। ਬਾਹਰ ਦੋ ਨਿਸ਼ਾਨ ਸਾਹਿਬ ਝੂਲ ਰਹੇ ਹਨ। ਦਰਬਾਰ ਸਾਹਿਬ ਦੇ ਥੱਲੇ ਮਾਤਾ ਸਾਹਿਬ ਕੌਰ ਜੀ ਦਾ ਤਪ ਅਸਥਾਨ ਹੈ। ਇੱਥੇ ਸੁਸੋਭਿਤ ਸ਼ਸਤਰਾਂ ਤੋਂ ਇਲਾਵਾ ਮਾਤਾ ਸਾਹਿਬ ਕੌਰ ਜੀ ਦੀ ਇੱਕ ਪੁਰਾਤਨ ਚੱਕੀ ਵੀ ਹੈ। ਤਕਰੀਬਨ 15 ਏਕੜ ਦੇ ਰਕਬੇ ਵਿਚ ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਹੈ। ਇਸ ਵਿਚ ਲੰਗਰ ਹਾਲ , ਨਿਹੰਗ ਸਿੰਘਾਂ ਦੀ ਰਿਹਾਇਸ਼ , ਸੰਤ ਬਾਬਾ ਮਿੱਤ ਸਿੰਘ ਜੀ ਯਾਤਰੀ ਨਿਵਾਸ , ਬਾਬਾ ਧਰਮ ਸਿੰਘ ਜੀ ਯਾਤਰੀ ਨਿਵਾਸ, ਸੰਤ ਬਾਬਾ ਮਿੱਤ ਸਿੰਘ ਜੀ ਦੀਵਾਨ ਹਾਲ , ਕਾਰ ਪਾਰਕਿੰਗ ਅਤੇ ਸੁੰਦਰ ਦਰ ਸ਼ਨੀ ਡਿਉਢੀ ਬਣੀ ਹੋਈ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਮ ਲਗਭਗ 450 ਏਕੜ ਤੋਂ ਜ਼ਿਆਦਾ ਜ਼ਮੀਨ ਹੈ ਜਿਹੜੀ ਕਿ ਮੁਗਟ, ਪਟਨੂਰ, ਜੋਉਲਾ, ਗਉਮਾਰੀ, ਕਾਕੰਡੀ, ਤਿਰਕੁਟ ਆਦਿ ਸਥਾਨਾਂ 'ਤੇ ਹੈ। ਇਸ ਅਸਥਾਨ ਉੱਤੇ ਗੁਰੂ

---

[8] ਹਰਨਾਮ ਸਿੰਘ , ਬਾਬਾ ਅਤੇ ਬਲਵੰਤ ਸਿੰਘ 'ਬੰਦੀ', *ਹਜ਼ੂਰੀ ਦੀਦਾਰੇ ਅਤੇ ਰੱਬੀ ਜੋਤ* , ਗੁਰਦੁਆਰਾ ਲੰਗਰ ਸਾਹਿਬ , ਨਾਂਦੇੜ, ਮਿਤੀਹੀਣ, ਪੰਨਾ 42.

[9] ਗੁਰਦੁਆਰਾ ਮਾਤਾ ਸਾਹਿਬ ਦੇਵਾਂ ਦੇ ਕਥਾਵਾਚਕ ਗਿਆਨੀ ਗੁਰਪਿੰਦਰ ਸਿੰਘ ਨਿਹੰਗ ਦੇ ਦੱਸਣ ਅਨੁਸਾਰ।

ਸਾਹਿਬਾਨ ਦੇ ਗੁਰਪੁਰਬ, ਮਾਤਾ ਸਾਹਿਬ ਦੇਵਾਂ ਜੀ ਦਾ ਜਨਮ ਦਿਹਾੜਾ ਅਤੇ ਮਹਾਪੁਰ ਸ਼ਾਂ ਦੀ ਬਰਸੀਆਂ ਸਮੂਹ ਹਜ਼ੂਰੀ ਸੰਗਤਾਂ ਅਤੇ ਨਿਹੰਗ ਜਥੇਬੰਦੀਆਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਈਆਂ ਜਾਂਦੀਆਂ ਹਨ। ਇਸ ਮੌਕੇ ਪੰਜਾਬ ਅਤੇ ਹੋਰ ਸਥਾਨਾਂ ਤੋਂ ਸਿੰਘਾਂ ਦੇ ਅਨੇਕਾਂ ਦਲ ਪੰਥ ਪਹੁੰਚਦੇ ਹਨ।

**ਗੁਰਦੁਆਰਾ ਸ਼ਿਕਾਰ ਘਾਟ ਸਾਹਿਬ**

ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਸਮਰਪਿਤ ਇਹ ਅਸਥਾਨ ਗੁਰਦੁਆਰਾ ਹੀਰਾ ਘਾਟ ਸਾਹਿਬ ਤੋਂ ਲਗਭਗ 5 ਕਿ. ਮੀ. ਦੀ ਦੂਰੀ 'ਤੇ ਦੱਖਣ ਦਿਸ਼ਾ ਵੱਲ ਗੋਦਾਵਰੀ ਨਦੀ ਦੇ ਕੰਢੇ ਤੋਂ ਥੋ ੜ੍ਹਾ ਪਿੱਛੇ ਇੱਕ ਛੋਟੀ ਪਹਾੜੀ ਉੱਪਰ ਸਥਿਤ ਹੈ। ਇਸ ਇਤਿਹਾਸਕ ਗੁਰਦੁਆਰੇ ਦੀ ਸਾਰੀ ਵਿਵਸਥਾ ਗੁਰਦੁਆਰਾ ਸੱਚਖੰਡ ਬੋਰਡ ਦੇ ਪ੍ਰਬੰਧ ਹੇਠ ਹੈ। ਇਸ ਗੁਰਦੁਆਰੇ ਵਿਚ ਸੁਣਾਈ ਜਾਂਦੀ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਕਿਸੇ ਸਮੇਂ ਸ਼ਰਧਾਲੂ ਪਰ ਅੰਤ ਸਮੇਂ ਵਿਚ ਬੇਮੁਖ ਹੋਇਆ ਸਿਆਲਕੋਟ (ਪਾਕਿਸਤਾਨ) ਦਾ ਵਸਨੀਕ ਭਾਈ ਮੂਲਾ ਖੱਤਰੀ ਇੱਕ ਵਾਰ ਗੁਰੂ ਨਾਨਕ ਦੇਵ ਜੀ ਨਾਲ ਯਾਤਰਾ 'ਤੇ ਗਿਆ ਸੀ। ਫਿਰ ਇੱਕ ਸਮੇਂ ਜਦੋਂ ਗੁਰੂ ਨਾਨਕ ਦੇਵ ਜੀ ਭਾਈ ਮੂਲਾ ਨੂੰ ਮਿਲਣ ਉਸ ਦੇ ਘਰ ਗਏ ਤਾਂ ਮੂਲਾ ਗੁਰੂ ਸਾਹਿਬ ਤੋਂ ਬੇਮੁਖ ਹੋ ਗਿਆ ਕਿ ਗੁਰੂ ਜੀ ਉਸ ਨੂੰ ਫਿਰ ਤੋਂ ਲੰਮੀ ਯਾਤਰਾ ਉੱਤੇ ਨਾ ਲੈ ਜਾਣ। ਆਪਣੀ ਪਤਨੀ ਦੇ ਕਹੇ 'ਤੇ ਇਹ ਆਪਣੇ ਘਰ ਵਿਚ ਲੁਕ ਗਿਆ ਅਤੇ ਗੁਰੂ ਸਾਹਿਬ ਨੂੰ ਕਹਿਲਵਾ ਦਿੱਤਾ ਕਿ ਉਹ ਘਰ ਨਹੀਂ ਹੈ। ਘਰ ਵਿਚ ਜਿੱਥੇ ਇਹ ਲੁਕਿਆ ਸੀ ਉੱਥੇ ਸੱਪ ਦੇ ਡੰਗਣ ਕਾਰਨ ਮਰ ਗਿਆ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦਾ ਉਚਾਰਨ ਕੀਤਾ ਸੀ:

**ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥**

**ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥21॥**[10]

ਉਸ ਸਮੇਂ ਜਦੋਂ ਮੂਲੇ ਦੇ ਸਰੀਰ ਨੂੰ ਗੁਰੂ ਜੀ ਕੋਲ ਲੈ ਕੇ ਜਾਇਆ ਗਿਆ ਤਾਂ ਗੁਰੂ ਜੀ ਨੇ ਆਪਣੇ ਦਸਵੇਂ ਜਾਮੇ ਵਿਚ ਉਸ ਦੀ ਮੁਕਤੀ ਕਰਨ ਦਾ ਬਚਨ ਕੀਤਾ ਸੀ। ਸੰਨ 1708 ਈ. ਵਿਚ ਗੁਰੂ ਗੋਬਿੰਦ ਸਿੰਘ

---

10 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੋਥੀ ਚੌਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਸਤੰਬਰ 2010, ਪੰਨਾ 1412.

ਜੀ ਜਦੋਂ ਨਾਂਦੇੜ ਵਿਖੇ ਆਏ ਹੋਏ ਸਨ ਤਾਂ ਉਨ੍ਹਾਂ ਨੇ ਇੱਕ ਦਿਨ ਇਸ ਅਸਥਾਨ ਉੱਤੇ ਸ਼ਿਕਾਰ ਖੇਡਦੇ ਸਮੇਂ ਸਹੇ (ਖਰਗੋਸ਼) ਦੀ ਜੂਨੀ ਭੋਗ ਰਹੇ ਮੂਲੇ ਖੱਤਰੀ ਦਾ ਉਧਾਰ ਕੀਤਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਇਸ ਅਸਥਾਨ ਉੱਤੇ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਦੇ ਭਾਈ ਮੂਲੇ ਖੱਤਰੀ ਦੀ ਮੁਕਤੀ ਕਰਨ ਦੇ ਬਚਨ ਨੂੰ ਪੂਰਾ ਕੀਤਾ ਸੀ। ਸ਼ਿਕਾਰ ਕਰਨ 'ਤੇ ਇਸ ਅਸਥਾਨ ਦਾ ਨਾ ਮ ਵੀ 'ਗੁਰਦੁਆਰਾ ਸ਼ਿਕਾਰ ਘਾਟ ਸਾਹਿਬ' ਕਰਕੇ ਪ੍ਰਸਿੱਧ ਹੋਇਆ। ਗੁਰੂ ਗੋਬਿੰਦ ਸਿੰਘ ਜੀ ਅਕਸਰ ਇਸ ਅਸਥਾਨ ਉੱਪਰ ਆਰਾਮ ਕਰਿਆ ਕਰਦੇ ਸਨ।

ਇਹ ਗੁਰਧਾਮ ਇੱਕ ਛੋਟੀ ਪਹਾੜੀ ਉੱਪਰ ਸਥਿਤ ਹੈ। ਪੁਰਾਤਨ ਸਮੇਂ ਵਿਚ ਇਸ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਣ ਵਾਲੇ ਯਾਤਰੀਆਂ ਵਾਸਤੇ ਰਸਤਾ ਬਹੁਤਾ ਠੀਕ ਨਹੀਂ ਸੀ ਪਰ ਮੌਜੂਦਾ ਸਮੇਂ ਵਿਚ ਪੱਕੀ ਸੜਕ ਬਣ ਚੁੱਕੀ ਹੈ। ਪਹਿਲਾਂ ਇਸ ਗੁਰਦੁਆਰੇ ਦੀ ਇਮਾਰਤ ਛੋਟੇ ਆਕਾਰ ਦੀ ਸੀ। ਇਸ ਦੀ ਨਵੀਂ ਇਮਾਰਤ ਬਾਬਾ ਜੀਵਨ ਸਿੰਘ ਅਤੇ ਬਾਬਾ ਦਲੀਪ ਸਿੰਘ ਨੇ ਸੰਨ 1971 ਈ. ਵਿਚ ਮੁਕੰਮਲ ਕਰਵਾਈ ਸੀ।[11] ਗੁਰਦੁਆਰਾ ਸਾਹਿਬ ਦੇ ਸੁੰਦਰ ਸਰੋਵਰ ਦੀ ਸੇਵਾ, ਨਾਂਦੇੜ ਸ਼ਹਿਰ ਤੋਂ ਗੁਰਦੁਆਰਾ ਸ਼ਿਕਾਰ ਘਾਟ ਤੱਕ ਪਹੁੰਚਦੀ ਸੜਕ ਅਤੇ ਗੋਦਾਵਰੀ ਨਦੀ ਉੱਪਰ ਬਣੇ ਪੁਲ ਦੀ ਉਸਾਰੀ ਕਰਨ ਦਾ ਸਿਹਰਾ ਵੀ ਇਨ੍ਹਾਂ ਮਹਾਂਪੁਰਸ਼ਾਂ ਦੀ ਸਰਪ੍ਰਸਤੀ ਅਧੀਨ ਬਾਬਾ ਸ਼ੀਸ਼ਾ ਸਿੰਘ ਦੇ ਸਿਰ ਹੈ।

ਵਰਤਮਾਨ ਦਰਬਾਰ ਸਾਹਿਬ ਦੀ ਲੰਬਾਈ ਅਤੇ ਚੌੜਾਈ 60×40 ਫੁੱਟ ਹੈ। ਗੁਰਦੁਆਰੇ ਅੰਦਰ ਸੁੰਦਰ ਸਰੋਵਰ ਹੈ। ਇਸ ਸਰੋਵਰ ਦੀ ਪੈਮਾਇਸ਼ 122×112 ਫੁੱਟ ਹੈ। ਲਗਭਗ 3 ਏਕੜ ਦੀ ਚਾਰ ਦੀਵਾਰੀ ਅੰਦਰ ਦਰਬਾਰ ਸਾਹਿਬ, ਸਰੋਵਰ, ਪਾਰਕਿੰਗ ਅਤੇ ਫਲਦਾਰ ਬੂਟੇ ਲੱਗੇ ਹੋਏ ਹਨ। ਕਰੀਬ 26 ਏਕੜ ਜ਼ਮੀਨ ਗੁਰਦੁਆਰੇ ਦੇ ਨਾਮ ਹੈ। ਗੁਰਦੁਆਰੇ ਦੇ ਚਾਰੇ ਪਾਸੇ ਸਾਰੀ ਪਹਾੜੀ ਗੁਰਦੁਆਰੇ ਦੀ ਜ਼ਮੀਨ ਵਿਚ ਹੈ। ਇਸ ਗੁਰਦੁਆਰਾ ਸਾਹਿਬ ਦੇ ਪਾਸ ਸ਼ਿਕਾਰ ਘਾਟ ਬਸਤੀ ਵਸੀ ਹੋਈ ਹੈ। ਇੱਥੇ ਸਾਰੇ ਸਿੱਖ ਪਰਿਵਾਰ ਹੀ ਰਹਿੰਦੇ ਹਨ। ਬਿਲਕੁਲ ਨੇੜੇ ਹੀ ਪਿੰਡ ਅਮਦੁਰਾ ਸਥਿਤ ਹੈ।

### ਗੁਰਦੁਆਰਾ ਸੰਗਤ ਸਾਹਿਬ

ਇਸ ਇਤਿਹਾਸਕ ਅਸਥਾਨ ਦੀ ਵਿਵਸਥਾ ਵੀ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਇਹ ਗੁਰਦੁਆਰਾ ਤਖ਼ਤ ਹਜ਼ੂਰ ਸਾਹਿਬ ਤੋਂ ਲਗਭਗ ਦੋ ਕਿ. ਮੀ. ਦੀ ਦੂਰੀ 'ਤੇ ਪੂਰਬ-ਦੱਖਣ ਦਿਸ਼ਾ ਵੱਲ

---

[11] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1020.

ਨਾਂਦੇੜ ਸ਼ਹਿਰ ਦੇ ਬ੍ਰਹਮਪੁਰੀ ਮੁਹੱਲੇ ਵਿਚ ਗੋਦਾਵਰੀ ਨਦੀ ਦੇ ਕੰਢੇ ਉੱਤੇ ਸ਼ੋਭਾ ਪਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜਦੋਂ ਹੀਰਾ ਘਾਟ ਤੋਂ ਬਾਅਦ ਨਾਂਦੇੜ ਸ਼ਹਿਰ ਵਿਚ ਆਏ ਤਾਂ ਸਭ ਤੋਂ ਪਹਿਲਾਂ ਇਸ ਅਸਥਾਨ ਉੱਤੇ ਆ ਕੇ ਬਿਰਾਜੇ ਸਨ। ਗੁਰਦੁਆਰਾ ਸੰਗਤ ਸਾਹਿਬ ਦੀ ਮਹੱਤਤਾ ਸੰਗਤ ਦੇ ਜੁੜਨ , ਨਾਮ ਸਿਮਰਨ, ਗੁਰੂ ਜੀ ਦੀ ਕਥਾ-ਵਾਰਤਾ ਅਤੇ ਕੀਰਤਨ ਨਾਲ ਸੰਬੰਧਿਤ ਹੈ। ਇਸ ਅਸਥਾਨ ਉੱਤੇ ਗੁਰੂ ਸਾਹਿਬ ਨਾਲ ਪੰਜਾਬ ਤੋਂ ਆਈ ਫ਼ੌਜ (ਸਿੰਘਾਂ) ਨੇ ਵਾਪਿਸ ਪੰਜਾਬ ਮੁੜਨ ਤੋਂ ਪਹਿਲਾਂ ਆਪਣੀਆਂ ਤਨਖ਼ਾਹਾਂ ਦੀ ਮੰਗ ਕੀਤੀ ਸੀ। ਉਸ ਸਮੇਂ ਇੱਥੇ ਗੁਰੂ ਜੀ ਨੇ ਫ਼ੌਜਾਂ ਦੀ ਮੰਗ 'ਤੇ ਉਨ੍ਹਾਂ ਨੂੰ ਤਨਖਾਹਾਂ ਵੰਡੀਆਂ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਬਹਾਦਰ ਸ਼ਾਹ ਦੀ ਫ਼ੌਜ ਨੇ ਵੀ ਛਿਮਾਹੀ ਤਨਖ਼ਾਹਾਂ ਦੀ ਮੰਗ ਕੀਤੀ ਤਾਂ ਬਹਾਦਰ ਸ਼ਾਹ ਕੋਲ ਖ਼ਜ਼ਾਨਾ ਨਾ ਹੋਣ ਕਰਕੇ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਸੀ। ਸੱਚੇ ਪਾਤਸ਼ਾਹ ਨੇ ਉਸ ਦੀ ਬੇਨਤੀ ਪ੍ਰਵਾਨ ਕਰਕੇ ਉਸ ਦੇ ਸੈਨਿਕਾਂ ਨੂੰ ਵੀ ਤਨਖ਼ਾਹਾਂ ਦਿੱਤੀਆਂ ਸਨ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਗੁਰਦੁਆਰਾ ਮਾਲਟੇਕੜੀ ਸਾਹਿਬ ਵਾਲੇ ਅਸਥਾਨ ਤੋਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਗੁਪਤ ਖ਼ਜ਼ਾਨਾ ਪੁੱਟ ਕੇ ਸਿੰਘਾਂ ਵੱਲੋਂ ਇਸ ਅਸਥਾਨ ਉੱਪਰ ਲਿਆਇਆ ਗਿਆ ਸੀ।

ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਦਸਮ ਗੁਰੂ ਜੀ ਨੇ ਗੁਰਦੁਆਰਾ ਮਾਲਟੇਕਰੀ ਤੋਂ ਕੱਢੇ ਹੋਏ ਧਨ ਨੂੰ ਆਪਣੇ ਸਿਪਾਹੀਆਂ ਵਿਚ ਤਨਖ਼ਾਹ ਵਜੋਂ ਇੱਥੇ ਹੀ ਵੰਡਿਆ ਸੀ।[12] ਗੁਰੂ ਸਾਹਿਬ ਨੇ ਫੌਜ ਨੂੰ ਢਾਲਾਂ ਭਰ -ਭਰ ਕੇ ਖ਼ਜ਼ਾਨੇ ਵਿਚੋਂ ਮੋਹਰਾਂ ਵੰਡੀਆਂ ਸਨ ਅਤੇ ਬਾਕੀ ਬਚਿਆ ਖ਼ਜ਼ਾਨਾ ਮਾਲਟੇਕੜੀ ਵਾਲੇ ਅਸਥਾਨ ਉੱਪਰ ਹੀ ਵਾਪਸ ਗੁਪਤ ਰੱਖਣ ਦਾ ਹੁਕਮ ਕੀਤਾ ਸੀ। ਦਸਮ ਪਾਤਸ਼ਾਹ ਨੇ ਸੰਗਤਾਂ ਨੂੰ ਉਪਦੇਸ਼ ਸੁਣਾਇਆ ਸੀ ਕਿ ਸੋਨੇ ਅਤੇ ਮਿੱਟੀ ਨੂੰ ਇੱਕ ਬਰਾਬਰ ਸਮਝਣ ਅਤੇ ਸਾਰੇ ਸੁੱਖ ਧਨ ਇਕੱਠਾ ਕਰਨ ਵਿਚ ਨਹੀ ਸਗੋਂ ਲੋੜ ਪੈਂਣ 'ਤੇ ਵੰਡ ਕੇ ਵਰਤਣ ਵਿਚ ਹਨ:

**ਖਾਵਹਿ ਖਰਚਹਿ ਰਲਿ ਮਿਲਿ ਭਾਈ॥**

**ਤੋਟਿ ਨ ਆਵੈ ਵਧਦੋ ਜਾਈ॥3॥**[13]

---

12 ਉਕਤ, ਭਾਗ ਦੂਜਾ, ਪੰਨਾ 1021.

13 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੋਥੀ ਪਹਿਲੀ, ਅਕਤੂਬਰ 2009, ਪੰਨਾ 186.

ਗੁਰੂ ਸਾਹਿਬ ਦੀ ਛੋਹ ਪ੍ਰਾਪਤ ਪਾਵਨ ਇਤਿਹਾਸਕ ਢਾਲ ਅੱਜ ਵੀ ਗੁਰਦੁਆਰਾ ਸੰਗਤ ਸਾਹਿਬ ਵਿਖੇ ਸੰਭਾਲ ਕੇ ਰੱਖੀ ਹੋਈ ਹੈ ਅਤੇ ਸੰਗਤਾਂ ਨੂੰ ਹਰ ਰੋਜ਼ ਇਸ ਢਾਲ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਹ ਅਸਥਾਨ ਵੀ ਬਾਕੀ ਦੇ ਗੁਰ -ਅਸਥਾਨਾਂ ਵਾਂਗ ਮਾਮੂਲੀ ਜਿਹੇ ਥ ੜ੍ਹੇ ਦੀ ਸ਼ਕਲ ਵਿਚ ਸੀ। ਬਹੁਤ ਸਮਾਂ ਪਹਿਲਾਂ ਇੱਥੇ ਫਰੀਦ ਕੋਟ ਦੇ ਮਹਾਰਾਜਾ ਸਾਹਿਬ ਸ੍ਰ . ਵਜੀਰ ਸਿੰਘ ਜੀ ਆਏ। ਉਨ੍ਹਾਂ ਦੇ ਮਨ ਵਿਚ ਇਸ ਦਰਬਾਰ ਸਾਹਿਬ ਜੀ ਦੀ ਸੇਵਾ ਕਰਨ ਦਾ ਚਾਉ ਪੈਦਾ ਹੋਇਆ ਤਾਂ ਉਨ੍ਹਾਂ ਨੇ ਇਸ ਸੰਗਤ ਸਾਹਿਬ ਜੀ ਦੇ ਅਸਥਾਨ ਉੱਪਰ ਪੱਕਾ ਬੁੰਗਾ (ਦਰਬਾਰ ਸਾਹਿਬ) ਤਿਆਰ ਕਰਵਾਇਆ।[14]

ਤਕਰੀਬਨ 1978 ਈ. ਵਿਚ ਸ੍ਰੀ ਮਾਨ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਨੇ ਆਪਣੇ ਸਾਥੀ ਨਾਮ ਅਭਿਆਸੀ ਸਿੰਘਾਂ ਦੇ ਨਾਲ ਇਸ ਗੁਰ -ਅਸਥਾਨ ਉੱਤੇ ਸੰਗਤ ਸਾਹਿਬ ਜੀ ਦੀ ਪੁਰਾਣੀ ਇਮਾਰਤ ਜੋ ਛੋਟੀ ਸੀ। ਉਸ ਦੀ ਜਗ੍ਹਾਂ ਵਿਸ਼ਾਲ ਇਮਾਰਤ ਤਿਆਰ ਕਰਵਾਈ ਜੋ ਅੱਜ ਸ਼ੋਭਾ ਪਾ ਰਹੀ ਹੈ ਅਤੇ ਸੰਗਤਾਂ ਦਰਸ਼ਨ ਕਰਕੇ ਨਿਹਾਲ ਹੋ ਰਹੀਆਂ ਹਨ।[15] ਵਰਤਮਾਨ ਸਮੇਂ ਦਰਬਾਰ ਸਾਹਿਬ ਦੀ ਲੰਬਾਈ ਅਤੇ ਚੌੜਾਈ 35×35 ਫੁੱਟ ਹੈ। ਦਰਬਾਰ ਸਾਹਿਬ ਦੇ ਉੱਪਰ ਸੋਹਣਾ ਗੁੰਬਦ ਹੈ ਅਤੇ ਅੰਦਰ ਇੱਕ ਨਗਾਰਾ ਪਿਆ ਹੈ। ਦਰਬਾਰ ਸਾਹਿਬ ਦੇ ਅੰਦਰ ਜਾਂਦਿਆਂ ਸੱਜੇ ਪਾਸੇ ਨਿਸ਼ਾਨ ਸਾਹਿਬ ਹੈ। ਇਸ ਗੁਰਦੁਆਰਾ ਸਾਹਿਬ ਦੇ ਸਾਹਮਣੇ ਗੋਦਾਵਰੀ ਨਦੀ ਦੇ ਕੰਢੇ ਤੱਕ ਲਗਭਗ 4 ਏਕੜ ਜ਼ਮੀਨ ਗੁਰਦੁਆਰੇ ਦੇ ਨਾਮ ਹੈ। ਇਹ ਜ਼ਮੀਨ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਮੁੱਲ ਖ਼ਰੀਦੀ ਗਈ ਸੀ।[16]

**ਗੁਰਦੁਆਰਾ ਮਾਲਟੇਕੜੀ ਸਾਹਿਬ**

ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਇਹ ਅਸਥਾਨ ਤਖ਼ਤ ਸਾਹਿਬ ਤੋਂ ਉੱਤਰ -ਪੂਰਬ ਦਿਸ਼ਾ ਵੱਲ ਲਗਭਗ 5 ਕਿ. ਮੀ. ਦੂਰੀ 'ਤੇ ਮਾਲਟੇਕੜੀ ਰੋਡ ਉੱਪਰ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸੁਸ਼ੋਭਿਤ ਹੈ। ਗੁਰੂ ਨਾਨਕ ਦੇਵ ਨੇ ਆਪਣੀ ਦੂਜੀ ਉਦਾਸੀ (1506-1513 ਈ.) ਦੌਰਾਨ ਬਿਦਰ

---

[14] *ਸੱਚਖੰਡ ਪੱਤਰ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਨਵੰਬਰ 2007, ਪੰਨਾ 39.

[15] ਉਕਤ, ਪੰਨਾ 41.

[16] ਸਰਵੇਖਣ ਸਮੇਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ।

(ਕਰਨਾਟਕ) ਨੂੰ ਜਾਣ ਸਮੇਂ ਨਾਂਦੇੜ ਵਿਖੇ ਇਸ ਮਾਲਟੇਕੜੀ ਵਾਲੀ ਥਾਂ ਉੱਤੇ ਡੇਰਾ ਲਾ ਕੇ ਸੰਗਤ ਕਾਇਮ ਕੀਤੀ ਸੀ ਅਤੇ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ ਸੀ। ਇਹ ਅਸਥਾਨ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਗੁਪਤ ਖ਼ਜ਼ਾਨੇ ਦੀ ਥਾਂ ਹੈ। ਸਰਕਾਰੀ ਰਿਕਾਰਡਾਂ ਵਿਚ ਇਸ ਨੂੰ 'ਚਕਰੀ ਮਾਲ' ਅਤੇ 'ਮਾਲ ਟਿਲਾ' ਵੀ ਲਿਖਿਆ ਹੋਇਆ ਹੈ।[17] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਾਲ ਭਾਵ ਧਨ ਅਤੇ ਟੇਕੜੀ ਭਾਵ ਉਹ ਟੇਕੜੀ (ਪਹਾੜੀ) ਜਿਸ ਵਿਚ ਮਾਲ (ਧਨ) ਹੋਵੇ।[18] ਇੱਥੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਇੱਕ ਫ਼ਕੀਰ ਸਯਦ ਸ਼ਾਹ ਹੁਸੈਨ ਲੱਕੜ (ਲੱਕੜ ਸ਼ਾਹ) ਨਾਲ ਹੋਈ ਸੀ। ਮਗਰੋਂ ਉਹ ਫ਼ਕੀਰ ਇਸ ਅਸਥਾਨ ਦੀ ਸੇਵਾ -ਸੰਭਾਲ ਕਰਦਾ ਰਿਹਾ ਸੀ।

ਗੁਰੂ ਗੋਬਿੰਦ ਸਿੰਘ ਨੇ ਇਸ ਅਸਥਾਨ ਤੋਂ ਗੁਪਤ ਖ਼ਜ਼ਾਨਾ ਕੱਢਵਾ ਕੇ ਗੁਰਦੁਆਰਾ ਸੰਗਤ ਸਾਹਿਬ ਦੇ ਅਸਥਾਨ 'ਤੇ ਸਿੱਖ ਸਿਪਾਹੀਆਂ ਵਿਚ ਢਾਲਾਂ ਭਰ ਕੇ ਵੰਡਿਆ ਸੀ ਅਤੇ ਬਾਕੀ ਬਚਿਆ ਖ਼ਜ਼ਾਨਾ ਵਾਪਸ ਇਸੇ ਅਸਥਾਨ ਉੱਤੇ ਗੁਪਤ ਰਖਵਾ ਦਿਤਾ ਸੀ। ਇਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਭਵਿੱਖਤ ਬਚਨ ਕੀਤਾ ਸੀ ਕਿ ਜਦੋਂ ਧਰਤੀ ਉੱਤੇ 96 ਕਰੋੜ ਖਾਲਸਾ ਸਜੇਗਾ ਉਸ ਸਮੇਂ ਇਸ ਗੁਪਤ ਖ਼ਜ਼ਾਨੇ ਨਾਲ ਖਾਲਸੇ ਦਾ ਢਾਈ ਦਿਨ ਅਤੁੱਟ ਲੰਗਰ ਵਰਤੇਗਾ।

ਸੰਨ 1926 ਈ. ਵਿਚ ਮੁਸਲਮਾਨਾਂ ਨੇ ਇਸ ਅਸਥਾਨ ਉੱਪਰ ਇੱਕ ਮੁਰਦਾ (ਲਾਸ਼) ਦਫਨਾ ਕੇ ਇਸ ਥਾਂ ਨੂੰ ਮਸੀਤ ਵਿਚ ਬਦਲਣ ਦੀ ਕੋਸ਼ਿਸ਼ ਕੀਤੀ। ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਇਸ ਅਸਥਾਨ ਸੰਬੰਧੀ ਝਗੜਾ ਹੋਇਆ ਅਤੇ ਇਹ ਝਗੜਾ ਸਰਕਾਰ ਤੱਕ ਪਹੁੰਚਿਆ। ਇਸ ਦਾ ਮੁਕੱਦਮਾ ਅਦਾਲਤ ਵਿਚ ਚੱਲਿਆ ਸੀ। ਇਸਦੇ ਆਖਰੀ ਫ਼ੈਸਲੇ ਲਈ ਨਿਜ਼ਾਮ ਸਰਕਾਰ ਦੀ ਇੰਨਸਾਫ਼ੀਆ ਪਾਲਸੀ ਕਰਕੇ ਕਲਕੱਤੇ ਤੋਂ ਸਰ. H. Cuming (Sir A. H. Cuming) ਸਾਹਿਬ ਜੱਜ ਹਾਈ ਕੋਰਟ, ਹੈਦਰਾਬਾਦ ਪਹੁੰਚੇ। ਪੰਜਾਬ ਤੋਂ ਭਾਈ ਕਾਨ੍ਹ ਸਿੰਘ ਨਾਭਾ, ਸੰਤ ਭਾਈ ਜੁਵਾਲਾ ਸਿੰਘ ਪਟਿਆਲਾ ਅਤੇ ਅਕਾਲੀ ਕੌਰ ਸਿੰਘ ਕਸ਼ਮੀਰ ਗਵਾਹਾਂ

---

17 ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਦੂਜੀ ਵਾਰ), ਪੰਨਾ 202.

18 ਨਾਭਾ, ਕਾਨ੍ਹ ਸਿੰਘ, *ਗੁਰਸ਼ਬਦ ਰਤਨਾਕਰ ਮਹਾਨਕੋਸ਼* (ਜਿਲਦ ਪਹਿਲੀ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 158.

ਦੇ ਤੌਰ 'ਤੇ ਪੇਸ਼ ਹੋਏ।[19] 7 ਦਸੰਬਰ, 1929 ਈ. ਕਲਕੱਤਾ ਹਾਈ ਕੋਰਟ ਦੇ ਜੱਜ Sir A. H. Cuming ਨੇ ਹੈਦਰਾਬਾਦ ਦੇ ਸੱਤਵੇਂ ਨਿਜ਼ਾਮ ਮੀਰ ਉਸਮਾਨ ਅਲੀ ਖਾਂ ਨੂੰ ਆਪਣੀ ਰਿਪੋਰਟ ਸੌਂਪਦਿਆਂ ਬੇਨਤੀ ਕੀਤੀ ਕਿ ਇਹ ਥਾਂ ਸਿੱਖਾਂ ਦਾ ਹੈ। ਮੁਸਲਮਾਨ ਇਥੋਂ ਆਪਣਾ ਮੁਰਦਾ ਕੱਢ ਲੈਣ। ਆ ਖ਼ਰ ਵਿਚ ਫ਼ੈਸਲਾ ਖਾਲਸਾ ਪੰਥ ਦੇ ਹੱਕ ਵਿਚ ਆਇਆ। 8 ਜਨਵਰੀ, 1930 ਈ. ਨੂੰ ਸਰਕਾਰੀ ਹੁਕਮ ਨਾਲ ਦੱਬੀ ਹੋਈ ਲਾਸ਼ ਜ਼ਮੀਨ ਚੋਂ ਬਾਹਰ ਕੱਢੇ ਜਾਣ ਉਪ ਰੰਤ ਝਗੜਾ ਖ਼ਤਮ ਹੋਇਆ ਅਤੇ ਸਿੱਖ ਸੰਗਤਾਂ ਫਿਰ ਤੋਂ ਇਸ ਗੁਰ-ਅਸਥਾਨ ਦੇ ਦਰਸ਼ਨ ਪਰਸ਼ਨ ਕਰਨ ਲੱਗੀਆਂ।[20] 9 ਜਨਵਰੀ, 1930 ਈ. ਨੂੰ ਸਿੱਖਾਂ ਨੇ ਗੁਰਦੁਆਰਾ ਮਾਲ ਟੇਕੜੀ ਦਾ ਕਬਜ਼ਾ ਲੈ ਲਿਆ। ਮਸੀਤ ਅਤੇ ਗੁਰਦੁਆਰੇ ਦੀ ਹੱਦ ਵਿਚਕਾਰ ਜਿਹੜੀ ਤਿੰਨ ਫੁੱਟ ਚੌੜੀ ਗਲੀ ਛੱਡੀ ਹੋਈ ਸੀ ਨਿਜ਼ਾਮ ਨੇ ਕਿਹਾ ਇਸ ਤਿੰਨ ਫੁੱਟੇ ਲਾਂਘੇ ਵਿਚ ਤਿੰਨ ਫੁੱਟ ਚੌੜੀ ਮਜ਼ਬੂਤ ਕੰਧ ਬਣਾ ਦਿੱਤੀ ਜਾਵੇ। ਮਸੀਤ 1875 ਈ. ਤੋਂ ਟੁੱਟੀ ਭੱਜੀ ਹਾਲਤ ਵਿਚ ਸੀ। ਮਸੀਤ ਦੀ ਹਾਲਤ ਦਾ ਵੇਰਵਾ ਜੱਜਮੈਂਟ ਦੇ ਪੰਨਾ ਨੰ . 26, 27 ਉੱਤੇ ਦਰਜ ਕੀਤਾ ਗਿਆ ਤਾਂ ਕਿ ਕਦੇ ਇਹ ਦੋਸ਼ ਨਾ ਲੱਗੇ ਕਿ ਸਿੱਖਾਂ ਨੇ ਢਾਹੀ ਹੈ। 35 ਫੁੱਟ ਉੱਚੀ ਅਤੇ 79 ਫੁੱਟ ਲੰਮੀ ਇਹ ਦੀਵਾਰ ਉਸੇ ਤਰ੍ਹਾਂ ਖਲੋਤੀ ਹੈ। ਹੇਠੋਂ 15 ਫੁੱਟ ਦੀ ਉਚਾਈ ਤੱਕ ਚੌੜਾਈ ਤਿੰਨ ਫੁੱਟ ਹੈ। ਹੌਲ੍ਹੀ-ਹੌਲ੍ਹੀ ਉੱਪਰ ਵਲ ਚੌੜਾਈ ਘੱਟਦੀ ਜਾਂਦੀ ਹੈ ਅਤੇ ਸਿਖ਼ਰਲਾ ਸੱਤ ਫੁੱਟ ਹਿੱਸਾ ਡੇਢ ਫੁੱਟ ਚੌੜਾ ਹੈ।[21]

ਅੱਜ ਕਾਨੂੰਨੀ ਤੌਰ 'ਤੇ ਇਹ ਅਸਥਾਨ ਸਦਾ ਲਈ ਸਿੱਖਾਂ ਦਾ ਹੈ। ਇਸ ਗੁਰਦੁਆਰੇ ਦੀ ਨਵੀਂ ਉਸਾਰੀ 1980 ਦੇ ਦਹਾਕੇ ਵਿਚ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਕਰਵਾਈ ਸੀ। ਉਸ ਸਮੇਂ ਮੌਜੂਦਾ ਸੁੰਦਰ ਦਰਬਾਰ ਸਾਹਿਬ ਉਸਾਰਿਆ ਗਿਆ ਸੀ। ਇਸ ਦਰਬਾਰ ਸਾਹਿਬ ਦੀ ਲੰਬਾਈ -ਚੌੜਾਈ 35×35 ਫੁੱਟ ਪੈਮਾਇਸ਼ ਦੀ ਹੈ। ਦਰਬਾਰ ਸਾਹਿਬ ਅੰਦਰ ਛੋਟਾ ਨਗਾਰਾ ਪਿਆ ਹੈ ਅਤੇ ਬਾਹਰ ਦੋ ਨਿਸ਼ਾਨ ਸਾਹਿਬ ਹਨ। ਇਹ ਗੁਰਦੁਆਰਾ ਇੱਕ ਉੱਚੀ ਪਹਾੜੀ ਉੱਪਰ ਸਥਿਤ ਹੈ ਅਤੇ ਦੂਰੋਂ ਹੀ ਸ਼ੋਭਾ ਪਾ ਰਿਹਾ ਹੈ।

---

19 ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਥੀ,* ਅਕਾਲੀ ਪਤ੍ਰਕਾ ਪ੍ਰੈਸ, ਲਾਹੌਰ, 1934 (ਪਹਿਲੀ ਵਾਰ), ਪੰਨੇ 78-79.

20 *ਸੱਚਖੰਡ ਪੱਤਰ,* ਅਪ੍ਰੈਲ 1981 ਪੰਨਾ 35.

21 ਨਾਨਕ ਸਿੰਘ ਨਿਸ਼ਤਰ , *ਤਖ਼ਤ ਸ੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿਖ ਪੰਥ ਨੂੰ ਦੇਣ* , ਹਰਪਾਲ ਸਿੰਘ ਪੰਨੂ (ਅਨੁ.), ਇੰਟਰਨੈਸ਼ਨਲ ਸਿੱਖ ਸੈਂਟਰ ਫਾਰ ਇੰਟਰਫੇਥ ਰਿਲੇਸ਼ਨਸ, ਹੈਦਰਾਬਾਦ, 2019, (ਪਹਿਲੀ ਵਾਰ), ਪੰਨੇ 32-33.

**ਗੁਰਦੁਆਰਾ ਬੰਦਾ ਘਾਟ ਸਾਹਿਬ**

ਗੁਰਦੁਆਰਾ ਬੰਦਾ ਘਾਟ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਇਹ ਅਸਥਾਨ ਤਖ਼ਤ ਸਾਹਿਬ ਤੋਂ ਲਗਭਗ ਇੱਕ ਕਿ. ਮੀ. ਦੀ ਦੂਰੀ 'ਤੇ ਦੱਖਣ-ਪੱਛਮ ਦਿਸ਼ਾ ਵੱਲ ਗੁਰਦੁਆਰਾ ਨਗੀਨਾ ਘਾਟ ਸਾਹਿਬ ਤੋਂ ਥੋੜੀ ਦੂਰੀ 'ਤੇ ਗੋਦਾਵਰੀ ਨਦੀ ਦੇ ਕੰਢੇ ਉੱਪਰ ਸੁਸ਼ੋਭਿਤ ਹੈ। ਇਹ ਗੁਰਦੁਆਰਾ ਸਿੱਖ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਇਤਿਹਾਸਕ ਮੁਲਾਕਾਤ ਦੀ ਯਾਦ ਨੂੰ ਤਾਜਾ ਕਰਵਾ ਰਿਹਾ ਹੈ।

ਇਸ ਅਸਥਾਨ 'ਤੇ ਮਾਧੋ ਦਾਸ ਬੈਰਾਗੀ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ ਹੋਇਆ ਸੀ। ਮਾਧੋ ਦਾਸ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਵਾਵਿਤ ਹੋਇਆ। ਉਸ ਨੇ ਆਪਣੇ ਆਪ ਨੂੰ 'ਗੁਰੂ ਦਾ ਦਾਸ' (ਬੰਦਾ) ਦੱਸਿਆ। ਗੁਰੂ ਸਾਹਿਬ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦਾ ਸੈਨਿਕ ਜਰਨੈਲ ਥਾਪਿਆ। ਸਿੱਖ ਇਤਿਹਾਸ ਵਿਚ ਉਹ ਬੰਦਾ ਸਿੰਘ ਬਹਾਦਰ ਦੇ ਨਾਮ ਨਾਲ ਪ੍ਰਸਿੱਧ ਹੋਇਆ। ਗੁਰੂ ਸਾਹਿਬ ਨੇ ਉਸ ਨੂੰ 'ਬਹਾਦਰ' ਦਾ ਖਿਤਾਬ ਬਖ਼ਸ਼ਿਆ ਅਤੇ ਪੰਜਾਬ ਵਿਚ ਜ਼ਾਲਮ ਮੁਗਲ ਸ਼ਾਸਕਾਂ ਨੂੰ ਸੋਧਣ ਲਈ ਥਾਪੜਾ ਦੇ ਕੇ ਤੋਰਿਆ। ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ, ਇੱਕ ਨਗਾਰਾ, ਵੀਹ ਸਿੰਘ, ਨਿਸਾਨ ਸਾਹਿਬ ਬਖਸ਼ ਕੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੰਜਾਬ ਜਾਣ ਦੀ ਆਗਿਆ ਦਿੱਤੀ ਸੀ। ਬੰਦਾ ਸਿੰਘ ਬਹਾਦਰ ਖਾਲਸਾ ਰਾਜ ਦਾ ਮੋਢੀ ਅਤੇ ਇੱਕ ਮਹਾਨ ਯੋਧਾ ਸੀ। ਇਸ ਨੇ ਪੰਜਾਬ ਵਿਚ ਪਹਿਲਾ ਸਿੱਖ ਰਾਜ ਸਥਾਪਿਤ ਕੀਤਾ ਸੀ। ਬੰਦਾ ਸਿੰਘ ਬਹਾਦਰ ਬਾਰੇ ਵਿਸਥਾਰ ਸਹਿਤ ਜ਼ਿਕਰ ਅਸੀਂ ਦੂਜੇ ਅਧਿਆਇ ਵਿਚ ਕਰ ਚੁੱਕੇ ਹਾਂ।

ਅਕਾਲੀ ਕੌਰ ਸਿੰਘ ਅਨੁਸਾਰ ਪਹਿਲਾਂ ਇਸ ਗੁਰਧਾਮ ਵਾਲੇ ਅਸਥਾਨ ਉੱਪਰ ਕੋਈ ਪੱਕਾ ਬੁੰਗਾ ਨਹੀਂ ਸੀ। ਅਕਾਲੀ ਹਰਨਾਮ ਸਿੰਘ ਨਿਹੰਗ, ਭਾਈ ਲਿਖਾਰਾ ਸਿੰਘ ਜੀ, ਭਾਈ ਫੂਲਾ ਸਿੰਘ ਜੀ ਨੇ ਪੰਜਾਬ ਤੋਂ ਆ ਕੇ ਇੱਥੇ ਘਾਹ -ਫੂਸ ਦੇ ਆਸ਼ਰਮਾਂ ਵਿਚ ਹੀ ਗੁਰਮਤਿ ਵਿਦਿਆ ਦਾ ਪ੍ਰਚਾਰ ਕੀਤਾ ਸੀ। ਕਾ ਫ਼ੀ ਹਜ਼ੂਰੀ ਸਿੰਘ ਇਨ੍ਹਾਂ ਮਹਾਂਪੁਰਖਾਂ ਦੇ ਪਾਸ ਗੁਰਮ ਤਿ ਦੀ ਵਿੱਦਿਆ ਪ੍ਰਾਪਤ ਕਰਨ ਜਾਣ ਲੱਗੇ। ਇਨ੍ਹਾਂ ਮਹਾਂਪੁਰਖਾਂ ਪਾਸੋਂ ਬ੍ਰਹਮ ਵਿੱਦਿਆ ਪੜ੍ਹਨ ਵਾਲਿਆਂ ਵਿਚ ਅਕਾਲੀ ਬਾਬਾ ਹਜ਼ੂਰਾ ਸਿੰਘ ਜੀ ਨਿਹੰਗ , ਸ੍ਰੀਮਾਨ ਮਾਸਟਰ

ਸਦਾ ਸਿੰਘ ਜੀ , ਸ੍ਰ. ਨਾਨੂ ਸਿੰਘ ਜੀ ਵਕੀਲ ਤਖ਼ਤ ਸੱਚਖੰਡ ਸਾਹਿਬ ਜੀ ਦੇ ਨਾਮ ਪ੍ਰਮੁੱਖ ਹਨ।[22] ਇਹ ਅਸਥਾਨ ਸ਼ੁਰੂ ਤੋਂ ਹੀ ਹਜ਼ੂਰੀ ਟਕਸਾਲ ਕਰਕੇ ਪ੍ਰੱਚਲਿਤ ਰਿਹਾ ਹੈ।

ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਸੰਤ ਬਾਬਾ ਹਰੀ ਸਿੰਘ ਜੀ ਅਤੇ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਕਰਵਾਈ ਸੀ। ਦਰਬਾਰ ਸਾਹਿਬ ਉੱਪਰਲੀ ਮੰਜਿਲ ਵਿਚ ਬਣਿਆ ਹੋਇਆ ਹੈ। ਦਰਬਾਰ ਸਾਹਿਬ ਦੇ ਥੱਲੇ ਸਿੱਖ ਅਜਾਇਬ ਘਰ ਬਣਾਇਆ ਹੋਇਆ ਹੈ। ਮੌਜੂਦਾ ਸਮੇਂ ਵਿਚ ਗੁਰਦੁਆਰਾ ਸੱਚਖੰਡ ਬੋਰਡ ਵਲੋਂ ਗੁਰਦੁਆਰਾ ਬੰਦਾ ਘਾਟ ਸਾਹਿਬ ਦੇ ਅਸਥਾਨ 'ਤੇ ਸਿੱਖ ਧਰਮ ਦੇ ਪ੍ਰਚਾਰ ਲਈ ਇੱਕ ਗੁਰਮਤਿ ਸੰਗੀਤ ਧਾਰਮਿਕ ਵਿਦਿਆਲਾ ਚਲਾਇਆ ਜਾ ਰਿਹਾ ਹੈ। ਜਿਸ ਵਿੱਚ ਸੈਂਕੜੇ ਵਣਜਾਰਾ, ਲੁਬਾਣਾ, ਸਿਕਲੀਗਰ ਆਦਿ ਸਿੱਖ ਭਾਈਚਾਰੇ ਨਾਲ ਸੰਬੰਧਿਤ ਪੱਛੜੀਆਂ ਸ਼੍ਰੇਣੀਆਂ ਦੇ ਬੱਚੇ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਬੱਚਿਆਂ ਨੂੰ ਲੰਗਰ , ਰਿਹਾਇਸ਼ ਆਦਿਕ ਸਹੂਲਤਾਂ ਗੁਰਦੁਆਰਾ ਬੋਰਡ ਵੱਲੋਂ ਫ਼ਰੀ ਦਿੱਤੀਆਂ ਜਾਂਦੀਆਂ ਹਨ।

**ਗੁਰਦੁਆਰਾ ਨਗੀਨਾ ਘਾਟ ਸਾਹਿਬ**

ਗੁਰਦੁਆਰਾ ਨਗੀਨਾ ਘਾਟ ਸਾਹਿਬ ਤਖ਼ਤ ਸਾਹਿਬ ਤੋਂ ਦੱਖਣ ਵੱਲ ਗੁਰਦੁਆਰਾ ਲੰਗਰ ਸਾਹਿਬ ਦੇ ਨਜ਼ਦੀਕ ਗੋਦਾਵਰੀ ਨਦੀ ਦੇ ਕੰਢੇ ਉੱਪਰ ਸੁਭਾਇਮਾਨ ਹੈ। ਇਸ ਇਤਿਹਾਸਕ ਗੁਰਦੁਆਰੇ ਦਾ ਪ੍ਰਬੰਧ ਗੁਰਦੁਆਰਾ ਬੋਰਡ ਦੇ ਅਧੀਨ ਹੈ। ਗੁਰਦੁਆਰਾ ਹੀਰਾ ਘਾਟ ਸਾਹਿਬ ਅਤੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਦਾ ਇਤਿਹਾਸ ਕਾਫ਼ੀ ਹੱਦ ਤੱਕ ਮੇਲ ਖਾਂਦਾ ਹੈ। ਇਸ ਅਸਥਾਨ ਉੱਤੇ ਗੋਦਾਵਰੀ ਨਦੀ ਦੇ ਰਮਣੀਕ ਕੰਢੇ 'ਤੇ ਗੁਰੂ ਗੋਬਿੰਦ ਸਿੰਘ ਦੋਵੇਂ ਵਕਤ ਦੀਵਾਨ ਲਗਾਇਆ ਕਰਦੇ ਸਨ। ਇਸ ਅਸਥਾਨ ਉੱਪਰ ਵੀ ਗੁਰੂ ਜੀ ਦੇ ਇੱਕ ਅਤੀ ਸ਼ਰਧਾਲੂ ਵਣਜਾਰੇ ਸਿੱਖ ਕਾਲੂ ਨਾਇਕ ਨੇ ਗੁਰੂ ਸਾਹਿਬ ਨੂੰ ਦਰਸ਼ਨ ਕਰਨ ਵੇਲੇ ਸਤਿਕਾਰ ਵਜੋਂ ਇੱਕ ਨਗੀਨਾ ਭੇਟ ਕੀਤਾ ਸੀ। ਸਿੱਖ ਇਤਿਹਾਸ ਵਿਚ ਇਸ ਵਣਜਾਰੇ ਸਿੱਖ ਦੇ ਕਾਲੂ ਨਾਇਕ ਵਣਜਾਰਾ, ਲੱਖੀ ਵਣਜਾਰਾ ਆਦਿ ਨਾਮ ਲਿਖੇ ਮਿਲਦੇ ਹਨ।

ਦਸਮ ਪਾਤਸ਼ਾਹ ਨੇ ਇਸ ਵਣਜਾਰੇ ਸਿੱਖ ਨੂੰ ਬ੍ਰਹਮ ਗਿਆਨ ਦੀ ਬਖਸ਼ਿਸ਼ ਕਰਨ ਲਈ ਨਗੀਨਾ ਨੇੜੇ ਗੋਦਾਵਰੀ ਨਦੀ ਵਿਚ ਸੁੱਟ ਦਿੱਤਾ। ਵਣਜਾਰੇ ਸਿੱਖ ਨੇ ਸੋਚਿਆ ਕਿ ਗੁਰੂ ਜੀ ਨੇ ਮੇਰੇ ਸਤਿਕਾਰ ਦੀ

---

[22] ਸੱਚਖੰਡ ਪੱਤਰ, ਅਕਤੂਬਰ 2007, ਪੰਨਾ 40.

ਕਦਰ ਨਹੀਂ ਜਾਣੀ ਅਤੇ ਬਹੁਮੁੱਲੇ ਨਗੀਨੇ ਨੂੰ ਨਦੀ ਦੀ ਭੇਟਾ ਕਰ ਦਿਤਾ ਹੈ । ਗੁਰੂ ਜੀ ਨੂੰ ਨਗੀਨੇ ਜਿਹੇ ਪਦਾਰਥਾਂ ਦੀ ਸਾਰ ਨਹੀਂ। ਗੁਰੂ ਜੀ ਨੇ ਵਣਜਾਰੇ ਸਿੱਖ ਦੇ ਮਨ ਦੀ ਜਾਣ ਕੇ ਉਸ ਨੂੰ ਕਿਹਾ ਕਿ ਜਰਾ ਨਦੀ ਵਿਚ ਨਿਗਾਹ ਮਾਰ ਕੇ ਤਾਂ ਤੱਕੋ। ਜਦੋਂ ਉਸ ਨੇ ਨਦੀ ਵਿਚ ਆਪਣੇ ਨਗੀਨੇ ਵਰਗੇ ਅਤੇ ਉਸ ਤੋਂ ਵੱਧ ਕੀਮਤੀ ਲਾਲ ਜ਼ਵਾਹਰ ਦੇਖੇ ਤਾਂ ਉਸ ਦਾ ਸਾਰਾ ਮਾਣ ਤਾਣ ਖ਼ਤਮ ਹੋ ਗਿਆ ਅਤੇ ਗੁਰੂ ਜੀ ਦੇ ਚਰਨੀਂ ਢਹਿ ਪਿਆ।[23] ਗੁਰੂ ਸਾਹਿਬ ਨੇ ਉਸ ਨੂੰ ਗੁਰਮਤਿ ਉਪਦੇਸ਼ ਦੇ ਕੇ ਧਰਮ ਦੇ ਅਸਲ ਮਾਰਗ ਉੱਪਰ ਚੱਲਣ ਦਾ ਹੁਕਮ ਦਿੱਤਾ। ਇਸ ਅਸਥਾਨ ਦਾ ਨਾਮ 'ਗੁਰਦੁਆਰਾ ਨਗੀਨਾ ਘਾਟ ਸਾਹਿਬ' ਕਰਕੇ ਪ੍ਰਸਿੱਧ ਹੋਇਆ ਹੈ। ਅਕਾਲੀ ਕੌਰ ਸਿੰਘ ਅਨੁਸਾਰ ਇਸ ਦੀ ਯਾਦਗਾਰ ਹੁਣ ਗੁਰਦੁਆਰੇ ਨੂੰ ਜਾਂਦਿਆਂ ਰਸਤੇ ਦੇ ਖੱਬੇ ਪਾਸੇ ਮੌਜੂਦ ਹੈ। ਇੱਥੇ ਆ ਕੇ ਅੱਜ ਤੱਕ ਵਣਜਾਰੇ ਸਿੱਖ ਸੁਖਣਾਂ ਸੁਖਦੇ , ਪ੍ਰਸਾਦਿ ਚੜ੍ਹਾਉਂਦੇ ਅਤੇ ਸ਼ਰਧਾ ਭਗਤੀ ਰੱਖਦੇ ਹਨ।[24] ਵਣਜਾਰਗਾਨ ਬੁੰਗੇ ਦੇ ਮੌਜੂਦਾ ਮੁਖੀ ਪਰਸਨ ਸਿੰਘ ਮਹੰਤ ਦੇ ਦੱਸਣ ਅਨੁਸਾਰ ਕਾਲੂ ਬਾਬਾ ਲੁਬਾਣਾ ਸਿੱਖ ਸੀ ਅਤੇ ਗਾਵਾਂ ਚਰਾਉਂਦਾ ਹੁੰਦਾ ਸੀ। ਇਹ ਲੁਬਾਣੇ ਲੋਕਾਂ ਦਾ ਮੁੱਖੀ (ਨਾਇਕ) ਸੀ ਅਤੇ ਆਪਣੀ ਲੁਬਾਣਾ ਸੰਗਤ ਨਾਲ ਹਜ਼ੂਰ ਸਾਹਿਬ ਨਾਂਦੇੜ ਵਿਖੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਆਇਆ ਸੀ। ਭਾਈ ਸੰਤੋਖ ਸਿੰਘ ਨੇ ਇਸ ਸੰਬੰਧੀ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

**ਏਕ ਸਿੱਖ ਆਯੋ ਤਿਹ ਸਮੇਂ। ਭੇਟ ਨਗੀਨਾ ਧਰਿ ਕਿਯ ਨਮੋਂ।**

**ਅਵਲੋਕਯੋ ਲੇ ਕਰਿ ਨਿਜ ਹਾਥ। ਗੇਰਿ ਗੁਦਾਵਰਿ ਮੈਂ ਦਿਯ ਨਾਥ॥13॥**

**ਬਿਸਮਯੋ ਸਿਖ ਮਨ ਚਿਤਵਨਿ ਠਾਨੀ। ਕੀਮਤਿ ਨਹੀਂ ਗੁਰੂ ਇਸ ਜਾਨੀ।**

**ਹਲਕੋ ਜਾਨਿ ਗੁਦਾਵਰਿ ਗੇਰਾ। ਕਹਿਨੋ ਬਨੈ ਕਹਾਂ ਅਬਿ ਮੇਰਾ॥14॥**

**- - - - - - - - - - - - - - - - - - - - - - - - - - - - - - - - - -**

**ਬਖਸ਼ਹੁ ਭੂਲ ਸੁ ਬਖਸ਼ਨ ਹਾਰੇ। ਮੁਸਕਾਵਤਿ ਸ਼੍ਰੀ ਮੁਖਹੁੰ ਉਚਾਰੇ॥19॥**

**ਹਰਿ ਹਰਿ ਸਿਮਰੋ ਨਿਸ਼ਚਾ ਧਰਯੋ। ਨਾਮ 'ਨਗੀਨਾ ਘਾਟਾ ਸੁ ਪਰਯੋ।**[25]

---

[23] *ਸੱਚਖੰਡ ਯਾਤਰਾ,* ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਮਿਤੀਹੀਣ, ਪੰਨਾ 32.

[24] ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਖੀ,* ਪੰਨਾ 66.

[25] ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਚੌਦਵੀਂ),* ਪੰਨਾ 6287.

ਇਸ ਗੁਰਧਾਮ ਵਾਲੇ ਅਸਥਾਨ ਉੱਪਰ ਪਹਿਲਾਂ ਨਿਸ਼ਾਨੀ ਮਾਤਰ ਥੜ੍ਹਾ ਹੀ ਬਣਿਆ ਹੋਇਆ ਸੀ। ਸੰਨ 1735 ਈ. ਵਿਚ ਭਾਈ ਚੜ੍ਹਤ ਸਿੰਘ ਤਖ਼ਤ ਸਾਹਿਬ ਦੇ ਜਥੇਦਾਰ ਬਣੇ। ਇਨ੍ਹਾਂ ਨੇ ਨਗੀਨਾ ਘਾਟ ਵਾਲੇ ਅਸਥਾਨ ਉੱਪਰ ਪੱਕੇ ਬੁੰਗੇ ਦੀ ਉਸਾਰੀ ਕਰਵਾਈ ਸੀ ਪਰ ਮਗਰੋਂ ਗੁਦਾਵਰੀ ਨਦੀ ਵਿਚ ਬਹੁਤ ਹੱੜ ਆਉਣ ਕਰਕੇ ਇਹ ਬੁੰਗਾ ਚਾਲੇ ਪਾ ਗਿਆ ਸੀ। ਬਾਅਦ ਵਿਚ ਵੀ ਕਈ ਵਾਰ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਹੁੰਦੀ ਰਹੀ ਸੀ ਪਰ ਗੋਦਾਵਰੀ ਨਦੀ ਦੇ ਕੰਢੇ ਹੋਣ ਕਾਰਨ ਅਤੇ ਹੜਾਂ ਕਾਰਨ ਇਸ ਵਿਚ ਵੀ ਤਰੇੜਾਂ ਪੈ ਜਾਂਦੀਆਂ ਸ ਨ ਅਤੇ ਇਸ ਦੀ ਇਮਾਰਤ ਜ਼ਮੀਨ ਵਿਚ ਧਸ ਜਾਂਦੀ ਸੀ। ਇੱਕ ਸਮੇਂ ਇਸ ਗੁਰਦੁਆਰੇ ਦੀ ਸੇਵਾ ਅਕਾਲੀ ਗੁਪਾਲ ਸਿੰਘ ਜੀ ਨਿਹੰਗ ਨੇ ਕਰਵਾਈ ਸੀ। ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਇਸ ਗੁਰਦੁਆਰੇ ਦੀ ਉਸਾਰੀ ਰਾਜਾ ਗੁਲਾਬ ਸਿੰਘ ਸੇਠੀ ਦਿੱਲੀ ਵਾਲੇ ਨੇ ਕਰਵਾਈ ਅਤੇ ਇਹ ਸੰਨ 1968 ਈ. ਵਿਚ ਮੁਕੰਮਲ ਹੋਇਆ ਸੀ।[26]

ਦਸੰਬਰ 1988 ਈ. ਨੂੰ ਨਵੇਂ ਦਰਬਾਰ ਸਾਹਿਬ ਦੀ ਸੇਵਾ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਨੂੰ ਸੌਂਪੀ ਗਈ। ਇਨ੍ਹਾਂ ਨੇ ਥੋੜੇ ਸਮੇਂ ਵਿਚ ਹੀ ਦਸੰਬਰ 1993 ਈ. ਤੱਕ ਮਜ਼ਬੂਤ ਅਤੇ ਆਲੀਸ਼ਾਨ ਦਰਬਾਰ ਸਾਹਿਬ ਤਿਆਰ ਕਰਵਾ ਦਿੱਤਾ। ਇਸ ਵਿਚ ਸੰਗਤਾਂ ਦੇ ਇਸ਼ਨਾਨ ਕਰਨ ਲਈ ਥੱਲੇ ਸੁੰਦਰ ਸਰੋਵਰ ਅਤੇ ਸਰੋਵਰ ਦੇ ਉੱਪਰ ਮ ਜ਼ਬੂਤ ਦਰਬਾਰ ਸਾਹਿਬ ਬਣਾਇਆ ਗਿਆ। ਦਰਬਾਰ ਸਾਹਿਬ ਦੀ ਪੈਮਾਇਸ਼ 68×44 ਫੁੱਟ ਅਤੇ ਸਰੋਵਰ ਦੀ ਪੈਮਾਇਸ਼ 100×128 ਫੁੱਟ ਹੈ। ਇਸ ਗੁਰਦੁਆਰੇ ਦੇ ਨਾਲ ਲਗਦੇ ਗੋਦਾਵਰੀ ਦੇ ਘਾਟ ਦੀ ਸੇਵਾ ਨਿਜ਼ਾਮ ਹੈਦਰਾਬਾਦ ਦੇ ਵਜੀਰ ਚੰਦੂ ਲਾਲ ਨੇ ਆਪਣੇ ਸਮੇਂ ਵਿਚ ਚਾਲੀ ਹਜ਼ਾਰ ਤੋਂ ਵੱਧ ਰੁਪਏ ਖ਼ਰਚ ਕਰਕੇ ਕਰਵਾਈ ਸੀ। ਉਸ ਤੋਂ ਬਾਅਦ ਗੋਦਾਵਰੀ ਦੇ ਇਸ ਘਾਟ ਨੂੰ ਲੰਗਰ ਸਾਹਿਬ ਦੇ ਬਾਬਾ ਨਿਧਾਨ ਸਿੰਘ ਨੇ 1946 ਈ. ਵਿਚ ਬਣਵਾਇਆ ਸੀ।[27] ਸਾਲ 2006-08 ਦੌਰਾਨ ਗੋਦਾਵਰੀ ਨਦੀ ਦੇ 2 ਕਿ. ਮੀ. ਘਾਟ ਨੂੰ ਮੁੜ ਪੱਕਾ ਕੀਤਾ ਗਿਆ ਸੀ।

---

[26] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1020.

[27] Bandi, Balwant Singh, *Guru Gobind Singh ji at Nanded,* Kwality Printers, Nanded, undated, page 20.

### ਤਖ਼ਤ ਸ੍ਰੀ ਹਜ਼ੂਰ ਸਾਹਿਬ

ਮਹਾਰਾਸ਼ਟਰ ਦੇ ਨਾਂਦੇੜ ਸ਼ਹਿਰ ਵਿਚ ਸਥਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਸਮੇਂ ਦੀ ਪਵਿੱਤਰ ਯਾਦ ਨੂੰ ਤਾਜਾ ਕਰਵਾ ਰਿਹਾ ਹੈ। ਗੁਰੂ ਸਾਹਿਬ ਦਾ ਇਹ ਅੰਤਿਮ ਅਸਥਾਨ ਨਾਂਦੇੜ ਦੇ ਰੇਲਵੇ ਸਟੇਸ਼ਨ ਤੋਂ ਦੱਖਣ -ਪੂਰਬ ਵੱਲ ਡੇਢ ਕਿ . ਮੀ. ਦੀ ਦੂਰੀ 'ਤੇ ਸਥਿਤ ਹੈ। ਇੱਥੇ ਦਸਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੀ ਸੀ। ਅੱਜ ਇਹ ਪਵਿੱਤਰ ਅਸਥਾਨ ਵਿਸ਼ਵ ਭਰ ਵਿਚ ਸਿੱਖ ਧਰਮ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਵਜੋਂ ਸਥਾ ਪਿਤ ਹੈ। ਸਿੱਖ ਧਰਮ ਵਿਚ ਇਸ ਤਖ਼ਤ ਨੂੰ ਖਾਲਸਾ ਪੰਥ ਦਾ ਪੰਜਵਾਂ ਤਖ਼ਤ ਅਤੇ ਸਿੱਖਾਂ ਦੀ ਦੱਖਣ ਕਾਸ਼ੀ ਕਿਹਾ ਜਾਂਦਾ ਹੈ। ਇਸ ਅਸਥਾਨ ਬਾਰੇ ਇਹ ਰਵਾਇਤ ਪ੍ਰਚੱਲਿਤ ਹੈ ਕਿ ਇੱਥੇ ਗੁਰੂ ਸਾਹਿਬ ਹਾਜ਼ਰ ਨਾਜ਼ਰ ਹਨ ਅਤੇ ਹਰ ਗੁਰਸਿੱਖ ਦੀ ਸੱਠ ਸਾਲ ਦੀ ਉਮਰ ਤੱਕ ਉਡੀਕ ਕਰਦੇ ਹਨ।

ਸਥਾਨਿਕ ਰਵਾਇਤ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਨੇ ਨਗੀਨਾ ਘਾਟ ਸਾਹਿਬ ਵਾਲੇ ਸਥਾਨ ਉੱਪਰ ਡੇਰੇ ਲਾਏ ਹੋਏ ਸਨ ਤਾਂ ਗੁਰੂ ਜੀ ਨੇ ਨਗੀਨਾ ਘਾਟ ਸਾਹਿਬ ਤੋਂ ਤੀਰ ਚਲਾ ਕੇ ਆਪਣੇ ਇਸ ਅਸਥਾਨ ਨੂੰ ਪ੍ਰਗਟ ਕੀਤਾ ਸੀ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਦੇ ਇਸ ਅਸਥਾਨ ਉੱਪਰ ਆਗਮਨ ਵੇਲੇ ਇਸ ਥਾਂ ਦਾ ਮਾਲਕ ਇੱਕ ਮੁਸਲਮਾਨ ਸੀ। ਜਦੋਂ ਮੁਸਲਮਾਨ ਨੇ ਗੁਰੂ ਸਾਹਿਬ ਨਾਲ ਬਹੁਤ ਝਗੜਾ ਕੀਤਾ ਤਾਂ ਇਸ ਥਾਂ ਦਾ ਮਾਮਲਾ ਬਹਾਦਰ ਸ਼ਾਹ ਤੱਕ ਪਹੁੰਚ ਗਿਆ। ਗੁਰੂ ਸਾਹਿਬ ਨੇ ਸਾਰਿਆਂ ਨੂੰ ਕਿਹਾ ਕਿ ਇਹ ਥਾਂ ਪੁਰਾਤਨ ਸਮੇਂ ਤੋਂ ਸਾਡਾ ਹੈ। ਹੁਣ ਅਸੀਂ ਇਸ ਜਗ੍ਹਾ ਦਾ ਮੁੱਲ ਕੇ ਇਹ ਥਾਂ ਲੈਣ ਲਈ ਤਿਆਰ ਹਾਂ। ਅਖ਼ੀਰ ਗੁਰੂ ਸਾਹਿਬ ਨੇ ਇਸ ਥਾਂ ਦੇ ਬਦਲੇ ਉਸ ਮੁਸਲਮਾਨ ਨੂੰ ਮੋਹਰਾਂ ਬਖ਼ਸ਼ੀਆਂ। ਇਸ ਤੋਂ ਇਲਾਵਾ ਇਸ ਅਸਥਾਨ ਦੇ ਚਾਰੇ ਪਾਸੇ ਹੋਰ ਇੱਕ ਜੋਜਨ ਤੱਕ ਜ਼ਮੀਨ ਮੁੱਲ ਖ਼ਰੀਦ ਕੇ ਇਸ ਦੇ ਕਾਗਜ (ਬੈਨਾਮਾ) ਤਿਆਰ ਕਰਵਾਏ ਤਾਂ ਜੋ ਬਾਅਦ ਵਿਚ ਮੁਸਲਮਾਨ ਦੀ ਵੰਸ਼ ਵਿਚੋਂ ਕੋਈ ਝਗੜਾ ਨਾ ਉਠਾਵੇ।[28]

ਇਸ ਅਸਥਾਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਕੱਤਕ ਸੁਦੀ ਦੂਜ ਸੰਮਤ 1765 ਬਿ੍. (4 ਅਕਤੂਬਰ, 1708 ਈ.) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਬਖ਼ਸ਼ ਕੇ ਖਾਲਸਾ ਪੰਥ ਨੂੰ ਸਦੀਵ

---

[28] ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਪੰਨੇ 6235-40.

ਕਾਲ ਲਈ ਸ਼ਬਦ-ਗੁਰੂ ਦੇ ਲੜ ਲਾਇਆ। ਇੱਥੇ ਹੀ ਗੁਰੂ ਸਾਹਿਬ ਸਿੱਖ ਸੰਗਤਾਂ ਨੂੰ ਆਖ਼ਰੀ ਵਾਰ ਗੁਰਮਤਿ ਦਾ ਉਪਦੇਸ਼ ਦੇ ਕੇ ਕੱਤਕ ਸੁਦੀ ਪੰਚਮੀ ਸੰਮਤ 1765 ਬ੍ਰਿ. (7 ਅਕਤੂਬਰ, 1708 ਈ.) ਨੂੰ ਜੋਤੀ ਜੋਤਿ ਸਮਾ ਗਏ ਸਨ।[29] ਗੁਰੂ ਜੀ ਦੇ ਜੋਤੀ ਜੋਤਿ ਸਮਾਓਣ ਤੋਂ ਬਾਅਦ ਅੰਗੀਠੇ ਵਾਲੇ ਅਸਥਾਨ ਨੂੰ ਗੁਰੂ ਕੇ ਸਿੰਘਾਂ ਨੇ ਪੱਕਾ ਕਰਵਾਇਆ ਅਤੇ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਜਿਸ ਥਾਂ ਉੱਤੇ ਗੁਰੂ ਸਾਹਿਬ ਦਾ ਅੰਗੀਠਾ ਤਿਆਰ ਕੀਤਾ ਗਿਆ ਉੱਥੇ ਹੁਣ ਮੁੱਖ ਗੁਰਧਾਮ ਬਣਿਆ ਹੋਇਆ ਹੈ ਜਿਸ ਨੂੰ 'ਤਖ਼ਤ ਸਾਹਿਬ' ਕਿਹਾ ਜਾਂਦਾ ਹੈ।[30] ਇਸ ਸਥਾਨ ਦਾ ਸਭ ਤੋਂ ਪਹਿਲਾ ਜਥੇਦਾਰ ਭਾਈ ਸੰਤੋਖ ਸਿੰਘ ਨੂੰ ਥਾਪਿਆ ਗਿਆ ਸੀ।

ਸੰਨ 1829 ਈ. ਤੋਂ 1839 ਈ. ਦੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੋਂ ਮਿਸਤਰੀ ਅਤੇ ਕਾਰੀਗਰ ਭੇਜ ਕੇ ਪਹਿਲੀ ਵਾਰ ਇਸ ਤਖ਼ਤ ਸਾਹਿਬ ਦੀ ਇਮਾਰਤ ਉਸਰਵਾਈ ਸੀ। ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਹੈਦਰਾਬਾਦ ਰਿਆਸਤ ਦੇ ਨਿਜ਼ਾਮ ਨੇ 525 ਏਕੜ ਜ਼ਮੀਨ ਤਖ਼ਤ ਸਾਹਿਬ ਦੇ ਨਾਂ ਲਗਵਾਈ ਸੀ।[31] ਪੰਜਾਬ ਦੀਆਂ ਨਾਭਾ, ਪਟਿਆਲਾ, ਕਪੂਰਥਲਾ, ਜੀਂਦ ਅਤੇ ਫਰੀਦਕੋਟ ਸਿੱਖ ਰਿਆਸਤਾਂ ਦੇ ਰਾਜਿਆਂ ਵੱਲੋਂ ਵੀ ਤਖ਼ਤ ਸਾਹਿਬ ਦੇ ਪ੍ਰਬੰਧ ਅਤੇ ਲੰਗਰ ਲਈ ਭੇਟਾਵਾਂ ਭੇਜੀਆਂ ਗਈਆਂ ਸਨ। ਸੰਨ 1978 ਈ. ਤੋਂ ਬਾਅਦ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਤਖ਼ਤ ਸਾਹਿਬ ਦੀ ਇਮਾਰਤ ਨੂੰ ਸੰਗਮਰਮਰ ਲਗਵਾਇਆ ਅਤੇ ਪਰਿਕਰਮਾ ਖੁੱਲ੍ਹੀ ਕਰਵਾਈ।। ਸੰਨ 2006-08 ਦੌਰਾਨ ਤਖ਼ਤ ਸਾਹਿਬ ਦੇ ਪਰਿਸਰ ਨੂੰ ਲਗਭਗ 10 ਏਕੜ ਦੇ ਰਕਬੇ ਵਿਚ ਚੌੜਾ ਕੀਤਾ ਗਿਆ ਅਤੇ ਆਧੁਨਿਕ ਸੁੰਦਰ ਦਿੱਖ ਦਿੱਤੀ ਗਈ। ਮੌਜੂਦਾ ਸਮੇਂ ਵਿਚ ਭਾਈ ਕੁਲਵੰਤ ਸਿੰਘ ਜੀ ਇਸ ਤਖ਼ਤ 'ਤੇ ਜਥੇਦਾਰ ਵਜੋਂ ਸੇਵਾ ਨਿਭਾ ਰਹੇ ਹਨ।

**ਬੁੰਗਾ ਮਾਤਾ ਭਾਗ ਕੌਰ ਜੀ**

ਬੁੰਗਾ ਮਾਤਾ ਭਾਗ ਕੌਰ ਤਖ਼ਤ ਦੇ ਪਰਿਸਰ ਵਿਚ ਦਰਸ਼ਨੀ ਡਿਉਢੀ ਤੋਂ ਅੰਦਰ ਜਾਂਦਿਆ ਤਖ਼ਤ ਸਾਹਿਬ ਦੇ ਨਾਲ ਹੀ ਸੱਜੇ ਪਾਸੇ ਮੌਜੂਦ ਹੈ। ਇਸ ਨੂੰ ਗੁਰਦੁਆਰਾ ਮਾਤਾ ਭਾਗ ਕੌਰ ਵੀ ਕਿਹਾ ਜਾਂਦਾ ਹੈ।

---

[29] "ਸੰਮਤ ਸਤ੍ਰਾ ਸੈ ਭਏ ਪੈਂਸਠ ਬਰਖ ਪ੍ਰਮਾਨ।
ਕਾਤਕ ਸੁਦ ਭਈ ਪੰਚਮੀ ਨਿਸ ਕਾਰਨ ਕਰਿ ਜਾਨ॥ 37॥" ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017 (ਚੌਥੀ ਵਾਰ), ਪੰਨਾ 169.

[30] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 394.

[31] ਉਕਤ, ਭਾਗ ਦੂਜਾ, ਪੰਨਾ 1020.

ਨਾਂਦੇੜ ਵਿਖੇ ਰਹਿੰਦਿਆਂ ਇਸ ਅਸਥਾਨ 'ਤੇ ਮਾਤਾ ਜੀ ਨਿਵਾਸ ਅਤੇ ਤਪ ਕਰਿਆ ਕਰਦੇ ਸਨ। ਅੱਜ ਇਸ ਅਸਥਾਨ ਉੱਪਰ ਮਾਤਾ ਭਾਗ ਕੌਰ ਜੀ ਦੇ ਪੁਰਾਤਨ ਸ਼ਸਤਰ ਸੰਭਾਲੇ ਹੋਏ ਸਨ। ਜਿਨ੍ਹਾਂ ਨਾਲ ਉਹ ਜੰਗ ਕਰਦੇ ਰਹੇ ਸਨ। ਇਨ੍ਹਾਂ ਵਿਚ ਚਾਰ ਬੰਦੂਕਾਂ ਹਨ। ਸਭ ਤੋਂ ਵੱਡੀ ਬੰਦੂਕ 50 ਕਿਲੋ ਭਾਰ ਦੀ ਲਗਭਗ ਸਾਢੇ 12 ਫੁੱਟ ਲੰਮੀ ਹੈ। ਫਿਰ ਤਿੰਨ ਬੰਦੂਕਾਂ ਕ੍ਰਮਵਾਰ 27 ਕਿਲੋ ਭਾਰ, 25 ਕਿਲੋ ਭਾਰ ਅਤੇ 20 ਕਿਲੋ ਭਾਰ ਦੀਆਂ ਹਨ। ਇਨ੍ਹਾਂ ਸ਼ਸਤਰਾਂ ਵਿਚ ਮਾਤਾ ਜੀ ਦੇ ਸ੍ਰੀ ਸਾਹਿਬ ਅਤੇ ਕਮਰਕੱਸੇ ਦੇ ਸ਼ਸਤਰ ਵੀ ਹਨ। ਇੱਕ ਤੋਪ 40 ਕਿਲੋ ਭਾਰ ਦੀ ਹੈ। ਇਸਨੂੰ ਸਵਾ ਮਣੀ ਤੋਪ ਕਿਹਾ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਚਾਲੀ ਸਿੰਘਾਂ ਦੇ ਕੁਝ ਪੁਰਾਤਨ ਸ਼ਸਤਰ ਹਨ। ਜਿਹੜੇ ਮੁਕਤਸਰ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਏ ਸ ਨ। ਇਨ੍ਹਾਂ ਵਿਚ ਸ੍ਰੀ ਸਾਹਿਬ , ਚੱਕਰ, ਤੀਰ, ਕਮਾਨ, ਗੁਰਜ ਆਦਿ ਸ਼ਸਤਰ ਹਨ। ਸੰਗਤਾਂ ਦੇ ਦਰ ਸ਼ਨ ਲਈ ਇਹ ਸਾਰੇ ਸ਼ਸਤਰ ਸ਼ੀਸ਼ੇ ਦੇ ਸੈੱਕਸ਼ਨਾਂ ਵਿਚ ਰੱਖੇ ਹੋਏ ਹਨ। ਇਸ ਬੁੰਗੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ , ਸ੍ਰੀ ਸਰਬਲੋਹ ਗ੍ਰੰਥ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤੇ ਜਾਦੇ ਹਨ। ਬੁੰਗੇ ਦੀ ਸੇਵਾ -ਸੰਭਾਲ ਚਾਰ ਬੁੰਗਈ ਪਰਿਵਾਰ ਪੀੜ੍ਹੀ-ਦਰ-ਪੀੜ੍ਹੀ ਕਰਦੇ ਆ ਰਹੇ ਹਨ।

ਮਾਤਾ ਭਾਗ ਕੌਰ ਪੰਜਾਬ ਦੇ ਪਿੰਡ ਝਬਾਲ (ਜ਼ਿਲ੍ਹਾ ਤਰਨ ਤਾਰਨ) ਦੇ ਰਹਿਣ ਵਾਲੇ ਸਨ। ਇਨ੍ਹਾਂ ਨੂੰ ਸ਼ੁਰੂ ਤੋਂ ਹੀ ਗੁਰੂਘਰ ਦੀ ਸੇਵਾ ਪ੍ਰਤੀ ਲਗਨ ਸੀ। ਜਦੋਂ ਅਨੰਦਪੁਰ ਸਾਹਿਬ ਦੇ ਯੁੱਧ ਵਿਚ ਚਾਲੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਘਰ ਵਾਪਸ ਆ ਗਏ ਸਨ ਤਾਂ ਮਾਈ ਭਾਗੋ ਨੇ ਉਨ੍ਹਾਂ ਸਿੰਘਾਂ ਨੂੰ ਲਾਹਨਤਾਂ ਪਾਈਆਂ ਕਿ ਤੁਸੀਂ ਇਸ ਇਲਾਕੇ ਦੀ ਸੂਰਬੀਰਤਾ ਨੂੰ ਦਾਗ ਲਾਇਆ ਹੈ। ਮਾਤਾ ਜੀ ਨੇ ਉਨ੍ਹਾਂ ਸਿੰਘਾਂ ਨੂੰ ਗੁਰੂ ਜੀ ਕੋਲੋਂ ਭੁੱਲ ਬਖਸਾਉਣ ਲਈ ਪ੍ਰੇਰਿਆ ਸੀ। ਉਨ੍ਹਾਂ ਚਾਲੀ ਸਿੰਘਾਂ ਨੇ ਮੁਕਤਸਰ ਦੇ ਜੰਗ ਵਿਚ ਮਾਤਾ ਭਾਗ ਕੌਰ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਵਿਚ ਬੜੀ ਬਹਾਦਰੀ ਨਾਲ ਮੁਗਲ ਫੌਜ ਦਾ ਟਾਕਰਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ।

ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਉਸ ਯੁੱਧ ਵਿਚ ਮਾਈ ਭਾਗੋ ਵੀ ਬੁਰੀ ਤਰ੍ਹਾਂ ਜ ਖ਼ਮੀ ਹੋ ਗਈ ਸੀ। ਗੁਰੂ ਜੀ ਨੇ ਇਸ ਦੇ ਜਖ਼ਮਾਂ ਦਾ ਇਲਾਜ ਕਰਵਾਇਆ ਅਤੇ ਇਹ ਪੂਰੀ ਤਰ੍ਹਾਂ ਠੀਕ ਹੋ ਗਈ। ਉਸ ਯੁੱਧ ਵਿਚ ਪਤੀ ਅਤੇ ਭਰਾ ਦੇ ਸ਼ਹੀਦ ਹੋ ਜਾਣ ਕਾਰਨ ਇਸ ਨੇ ਘਰ ਪਰਤਣ ਦਾ ਖ਼ਿਆਲ ਛੱਡ ਦਿੱਤਾ ਅਤੇ ਗੁਰੂ ਜੀ

ਦੀ ਸੇਵਾ ਵਿਚ ਰਹਿਣ ਦਾ ਮਨ ਬਣਾਇਆ।[32] ਠੀਕ ਹੋ ਜਾਣ ਉਪਰੰਤ ਅੰਮ੍ਰਿਤ ਛੱਕ ਕੇ ਮਾਤਾ ਭਾਗ ਕੌਰ ਤਲਵੰਡੀ ਸਾਬੋ ਦਮਦਮਾ ਸਾਹਿਬ ਵਿਖੇ ਗੁਰੂ ਸਾਹਿਬ ਦੇ ਨਾਲ ਹੀ ਸ਼ਸਤਰ-ਬੱਧ ਰੂਪ ਵਿਚ ਸਿੰਘਾਂ ਦੇ ਨਾਲ ਰਹੇ। ਮਾਤਾ ਜੀ ਨੇ ਆਪਣੀ ਸਾਰੀ ਦੌਲਤ ਅਤੇ ਸੁੱਖ -ਸਹੂਲਤਾਂ ਨੂੰ ਤਿਆਗ ਦਿੱਤਾ ਸੀ ਅਤੇ ਮਰਦਾਵੇਂ ਬਾਣੇ ਵਿਚ ਸਿੰਘ ਸਜ ਕੇ ਰਹਿਣ ਲੱਗੀ ਸੀ।[33]

ਗੁਰੂ ਸਾਹਿਬ ਦੇ ਦੱਖਣ ਨੂੰ ਆਗਮਨ ਵੇਲੇ ਮਾਤਾ ਭਾਗ ਕੌਰ ਵੀ ਸਿੰਘਾਂ ਨਾਲ ਹੀ ਨਾਂਦੇੜ ਵਿਖੇ ਆਈ ਅਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹੀ ਰਹੀ। ਨਾਂਦੇੜ ਵਿਖੇ ਮਾਤਾ ਜੀ ਸੇਵਾ -ਸਿਮਰਨ ਵਿਚ ਲੀਨ ਰਹਿੰਦੇ ਸਨ। 7 ਅਕਤੂਬਰ, 1708 ਈ. ਨੂੰ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਮਾਤਾ ਭਾਗ ਕੌਰ ਨਾਂਦੇੜ ਤੋਂ ਬਿਦਰ ਦੇ ਇਲਾਕੇ ਵਿਚ ਜਾ ਕੇ ਜਨਵਾੜੇ ਦੇ ਆਸ-ਪਾਸ ਗੁਰੂ ਜੀ ਦੀ ਪ੍ਰੇਰਨਾ ਸਦਕਾ ਸਿੱਖ ਧਰਮ ਦਾ ਪ੍ਰਚਾਰ ਕਰਦੀ ਰਹੀ ਸੀ। ਪਿੰਡ ਜਨਵਾੜਾ (ਕਰਨਾਟਕਾ) ਵਿਚ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਮਾਤਾ ਭਾਗ ਕੌਰ ਸੁਸ਼ੋਭਿਤ ਹੈ। ਇੱਥੇ ਮਾਤਾ ਜੀ ਨੇ ਆਪਣੇ ਅੰਤਿਮ ਸਵਾਸ ਤਿਆਗੇ ਅਤੇ ਉਨ੍ਹਾਂ ਦਾ ਸਸਕਾਰ ਵੀ ਇੱਥੇ ਹੀ ਕੀਤਾ ਗਿਆ ਸੀ। ਇਹ ਅਸਥਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਲਗਭਗ 170 ਕਿ. ਮੀ. ਦੂਰੀ ’ਤੇ ਅਤੇ ਗੁਰਦੁਆਰਾ ਨਾਨਕ ਝੀਰਾ ਤੋਂ 11 ਕਿ. ਮੀ. ਦੂਰੀ ’ਤੇ ਮੌਜੂਦ ਹੈ। ਇਸ ਅਸਥਾਨ ਦਾ ਪ੍ਰਬੰਧ ਗੁਰਦੁਆਰਾ ਨਾਨਕ ਝੀਰਾ ਸਾਹਿਬ ਬਿਦਰ ਦੀ ਕਮੇਟੀ ਅਧੀਨ ਹੈ।

**ਅੰਗੀਠਾ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਜੀ**

ਤਖ਼ਤ ਸਾਹਿਬ ਦੇ ਪਰਿਸਰ ਵਿਚ ਤਖ਼ਤ ਦੇ ਸੱਜੇ ਪਾਸੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੀ ਯਾਦ ਵਿਚ ਅੰਗੀਠੇ ਸਥਾਪਿਤ ਹਨ। ਇਹ ਅੰਗੀਠੇ ਉਸ ਸਥਾਨ ’ਤੇ ਹਨ ਜਿੱਥੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦਾ ਸਸਕਾਰ ਕੀਤਾ ਗਿਆ ਸੀ। ਇਹ ਦੋਵੇਂ ਪਿਆਰੇ ਗੁਰੂ ਗੋਬਿੰਦ ਸਿੰਘ ਦੇ ਹਜ਼ੂਰੀ ਸਿੰਘਾਂ ਵਿਚੋਂ ਸਨ। ਆਨੰਦਪੁਰ ਦੀ ਧਰਤੀ ਉੱਪਰ ਸਾਜੇ ਪੰਜ ਪਿਆਰਿਆਂ ਵਿਚੋਂ ਇਹ ਦੋ ਪਿਆਰੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਜੰਗਾਂ-ਯੁੱਧਾਂ ਵਿਚ ਜੂਝਦੇ ਹੋਏ ਆਖ਼ਰੀ ਸਮੇਂ ਤੱਕ ਗੁਰੂ ਸਾਹਿਬ

---

[32] ਉਕਤ, ਭਾਗ ਦੂਜਾ, ਪੰਨਾ 1355.

[33] Sirdar, Attar Singh, *Travels of Guru Tegh Bahadar and Guru Gobind singh,* Indian Public Opinion Press, Lahore, January 1876, page 59.

ਜੀ ਨਾਲ ਨਾਂਦੇੜ ਦੀ ਧਰਤੀ 'ਤੇ ਪਹੁੰਚੇ ਸਨ। ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੇ ਗੁਰੂ ਗੋਬਿੰਦ ਸਿੰਘ ਦਾ 'ਜ਼ਫ਼ਰਨਾਮਾ' ਖ਼ਤ 1706 ਈ. ਵਿਚ ਦੱਖਣ ਵੱਲ ਅਹਿਮਦਨਗਰ (ਮਹਾਰਾਸ਼ਟਰ) ਵਿਖੇ ਜਾ ਕੇ ਮੁਗ਼ਲ ਸਮਰਾਟ ਔਰੰਗਜ਼ੇਬ ਨੂੰ ਦਿੱਤਾ ਸੀ। ਇਸ ਚਿੱਠੀ ਵਿਚ ਗੁਰੂ ਜੀ ਨੇ ਬਾਦਸ਼ਾਹ (ਔਰੰਗਜ਼ੇਬ) ਨੂੰ ਉਸ ਵਲੋਂ ਹੋਇਆ ਭੈੜਾ ਸਲੂਕ ਯਾਦ ਕਰਵਾਇਆ ਅਤੇ ਲਿਖਿਆ ਕਿ ਉਨ੍ਹਾਂ ਦੇ ਪੁੱਤਰਾਂ ਤੋਂ ਇਲਾਵਾ ਉਨ੍ਹਾਂ ਦੇ ਬਹੁਤ ਸਾਰੇ ਸਿੱਖ ਮਾਰੇ ਗਏ ਸਨ ਪਰ ਫਿਰ ਵੀ ਉਹ ਅਜਿੱਤ ਸਨ।[34]

1699 ਈ. ਵਿਚ ਅਨੰਦਪੁਰ ਵਿਖੇ ਇਨ੍ਹਾਂ ਨੇ ਦਸਮ ਪਾਤਸ਼ਾਹ ਦੇ ਹੱਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣਾ ਸਾਰਾ ਜੀਵਨ ਗੁਰੂ ਚਰਨਾਂ ਵਿਚ ਬਤੀਤ ਕੀਤਾ ਸੀ। ਚਮਕੌਰ ਦੀ ਗੜ੍ਹੀ ਛੱ ਡਣ ਸਮੇਂ ਗੁਰੂ ਗੋਬਿੰਦ ਸਿੰਘ ਤੋਂ ਵਿਛੜ ਕੇ ਇਹ ਮੁੜ ਮਾਛੀਵਾੜੇ ਦੇ ਜੰਗਲ ਵਿਚ ਗੁਰੂ ਜੀ ਨੂੰ ਮਿਲੇ ਸਨ। ਬਾਕੀ ਸਫ਼ਰ ਵਿਚ ਇਹ ਗੁਰੂ ਸਾਹਿਬ ਜੀ ਨਾਲ ਹੀ ਨਾਂਦੇੜ ਆਏ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ ਇਨ੍ਹਾਂ ਨੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਹੋਏ ਅਤੇ ਗੁਰੂ-ਅਸਥਾਨ ਦੀ ਸੇਵਾ ਕਰਦੇ ਹੋਏ ਨਾਂਦੇੜ ਵਿਚ ਹੀ ਆਪਣੀ ਸੰਸਾਰਕ ਯਾਤਰਾ ਪੂਰੀ ਕੀਤੀ।

ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦਾ ਅੰਗੀਠਾ ਅਸਥਾਨ ਮਾਤਾ ਭਾਗ ਕੌਰ ਜੀ ਦੇ ਬੁੰਗੇ ਵਿਚ ਬਣੇ ਹੋਏ ਹਨ। ਇਸ ਬੁੰਗੇ ਵਿਚ ਇੱਕ ਪਾਸੇ ਮਾਈ ਭਾਗੋ ਜੀ ਦੇ ਪੁਰਾਤਨ ਸ਼ਸਤਰ ਸਜਾਏ ਹੋਏ ਹਨ। ਦੂਸਰੇ ਪਾਸੇ ਇਨ੍ਹਾਂ ਪਿਆਰਿਆਂ ਦੇ ਅੰਗੀਠਾ ਅਸਥਾਨ ਹਨ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਹੱਥ ਲਿਖਤ ਬੀੜ ਹੈ। ਇਸਦੇ 661 ਅੰਗ ਹਨ। ਦਸਮ ਗ੍ਰੰਥ ਸਾਹਿਬ ਦੀ ਬੀੜ ਦੇ 900 ਅੰਗ ਹਨ। ਇਥੇ 'ਸਰਬ ਲੋਹ ਗ੍ਰੰਥ' ਦੇ ਇੱਕ ਭਾਗ ਦੀ ਹੱਥ ਲਿਖਤ ਕਾਪੀ ਹੈ ਜਿਸਦੇ 390 ਪੱਤਰੇ (ਅੰਗ) ਹਨ।[35] ਹਜ਼ੂਰ ਸਾਹਿਬ ਵਿਖੇ ਆਈਆਂ ਸੰਗਤਾਂ ਨੂੰ ਇਸ ਗ੍ਰੰਥ ਦੇ ਦਰ ਸ਼ਨ ਕਰਵਾਏ ਜਾਂਦੇ ਹਨ। ਮੌਜੂਦਾ ਸਮੇਂ ਵਿਚ ਇਸ ਅੰਗੀਠਾ ਅਸਥਾਨ ਦੀ ਸੇਵਾ ਹਰਪ੍ਰੀਤ ਸਿੰਘ ਸੁੱਖਈ ਕਰ ਰਹੇ ਹਨ। ਇਹ ਪਰਿਵਾਰ ਪੀੜ੍ਹੀ -ਦਰ-ਪੀੜ੍ਹੀ

---

34 ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765),* ਭਗਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 78.

35 ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ,* (ਗੋਲਡਨ ਜੁਬਲੀ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2012 (ਅੰਕ ਦੂਜਾ), ਪੰਨਾ 162.

ਇੱਥੇ ਹੀ ਸੇਵਾ ਕਰਦਾ ਆ ਰਿਹਾ ਹੈ। ਇਨ੍ਹਾਂ ਦੇ ਪਿਤਾ ਗੁਰਬਚਨ ਸਿੰਘ ਸੁੱਖਈ ਅਤੇ ਦਾਦਾ -ਪੜਦਾਦਾ ਹਜ਼ੂਰਾ ਸਿੰਘ ਸੁੱਖਈ, ਪੂਰਨ ਸਿੰਘ ਸੁੱਖਈ ਇਸ ਸਥਾਨ ਉੱਪਰ ਹੀ ਸੇਵਾ ਕਰਦੇ ਰਹੇ ਸਨ।[36]

**ਗੁਰਦੁਆਰਾ ਗੋਬਿੰਦ ਬਾਗ ਸਾਹਿਬ**

ਗੁਰਦੁਆਰਾ ਗੋਬਿੰਦ ਬਾਗ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਇਤਿਹਾਸਕ ਅਸਥਾਨ ਹੈ। ਇਹ ਅਸਥਾਨ ਤਖ਼ਤ ਸਾਹਿਬ ਦੇ 5 ਨੰਬਰ ਗੇਟ ਤੋਂ ਕੁਝ ਹੀ ਦੂਰੀ 'ਤੇ ਪੂਰਬ ਦਿ ਸ਼ਾ ਵੱਲ ਗੋਬਿੰਦ ਬਾਗ ਰੋਡ ਉੱਪਰ ਸਥਿਤ ਹੈ। ਇਸ ਅਸਥਾਨ ਦੀ ਸਾਰੀ ਵਿਵਸਥਾ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਗੋਲ ਆਕਾਰ ਦੀ ਹੈ। ਇਸ ਜਗ੍ਹਾ 'ਤੇ ਗੁਰੂ ਪਾਤਸ਼ਾਹ ਸਮੇਂ ਘਣਾ ਜੰਗਲ ਸੀ। ਅੰਮ੍ਰਿਤ ਵੇਲੇ ਦੀ ਮਰਿਆਦਾ ਤੋਂ ਬਾਅਦ ਗੁਰੂ ਪਾਤਸ਼ਾਹ ਸਵੇਰ ਦਾ ਕੁਝ ਸਮਾਂ ਇੱਥੇ ਹੀ ਗੁਜਾਰਦੇ ਸਨ। ਇਹ ਮੰਨਿਆ ਜਾਂਦਾ ਹੈ ਕਿ ਇਸ ਥਾਂ 'ਤੇ ਹਿਰਨਾਂ ਦੀਆਂ ਡਾਰਾਂ ਵੀ ਗੁਰੂ ਪਾਤਸ਼ਾਹ ਦੇ ਇਰਦ ਗਿਰਦ ਘੁੰਮਦੀਆਂ ਰਹਿੰਦੀਆਂ ਸਨ। ਸਮੇਂ ਦੇ ਨਾਲ ਇਹ ਸਥਾਨ ਬੰਜਰ ਧਰਤੀ ਦੇ ਰੂਪ ਵਿਚ ਬਦਲ ਗਿਆ।[37] ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤਿ ਸਮਾਉਣ ਸਮੇਂ ਚਿਖਾ ਦੇ ਲਈ ਚੰਦਨ ਦੀ ਲੱਕੜੀ ਇਥੋਂ ਹੀ ਲਿਆਈ ਗਈ ਸੀ ਕਿਉਂਕਿ ਉਸ ਸਮੇਂ ਇੱਥੇ ਚੰਦਨ ਦਾ ਬਹੁਤ ਸੁੰਦਰ ਬਾਗ ਸੀ। ਇਸ ਪਾਵਨ ਅਸਥਾਨ ਨੂੰ ਗੋਬਿੰਦ ਬਾਗ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਹੁਣ ਗੁਰੂ ਜੀ ਦੇ ਨਾਮ 'ਤੇ ਹੀ ਇਸ ਅਸਥਾਨ ਦਾ ਨਾਮ ਗੁਰਦੁਆਰਾ ਗੋਬਿੰਦ ਬਾਗ ਪੈ ਗਿਆ ਹੈ। ਯਾਤ ਰਾ ਨੂੰ ਆਈ ਸੰਗਤ ਵੀ ਇਸ ਅਸਥਾਨ 'ਤੇ ਜਾ ਕੇ ਠੰਡੀ ਸ਼ੀਤਲ ਹਵਾ ਅਤੇ ਬ੍ਰਿਛਾਂ ਦੀ ਸ਼ੀਤਲ ਛਾਂ ਹੇਠ ਕੁਛ ਆਰਾਮ ਕਰਕੇ ਆਪਣਾ ਥਕੇਵਾਂ ਦੂਰ ਕਰਦੀ ਹੈ।[38] ਸਾਲ 2008 ਵਿਚ ਇਸ ਜਗ੍ਹਾਂ ਉੱਪਰ ਆਧੁਨਿਕ ਢੰਗ ਨਾਲ "8 ਏਕੜ ਵਿਚ ਬਹੁਤ ਖ਼ੂਬਸੂਰਤ ਗੋਬਿੰਦ ਬਾਗ ਬਣਾਇਆ ਗਿਆ ਹੈ ਜਿਹਦੇ ਵਿਚ ਸੰਗੀਤਕ ਫੁਹਾਰਿਆਂ ਨਾਲ ਸ਼ਿੰਗਾਰਿਆ ਹੋਇਆ ਅਤੇ ਲ਼ੇਜਰ -

---

36 ਭਾਈ ਦਇਆ ਸਿੰਘ ਭਾਈ ਧਰਮ ਸਿੰਘ ਅੰਗੀਠਾ ਅਸਥਾਨ ਦੇ ਮੌਜੂਦਾ ਮੁੱਖ ਸੇਵਾਦਾਰ ਹਰਪ੍ਰੀਤ ਸਿੰਘ ਸੁੱਖਈ ਦੇ ਦੱਸਣ ਅਨੁਸਾਰ।

37 ਪਸਰੀਚਾ, ਪੀ. ਐਸ., *ਨਾਂਦੇੜ ਪਰਿਵਰਤਨ ਦਾ ਸਫ਼ਰ*, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਅਕਤੂਬਰ 2011 (ਪਹਿਲੀ ਵਾਰ), ਪੰਨਾ 74.

38 ਸ਼ੀਤਲ, ਅਵਤਾਰ ਸਿੰਘ, *ਸੱਚਖੰਡ ਦਰਸ਼ਨ,* ਗੁਰਮਤਿ ਗਿਆਨ ਪ੍ਰਚਾਰ ਕੇਂਦਰ, ਨਾਂਦੇੜ, ਸਤੰਬਰ 2014 (ਛੇਵੀਂ ਵਾਰ), ਪੰਨਾ 80.

ਵੀਡੀਓ ਟੈਕਨਾਲੋਜੀ ਦੀ ਵਰਤੋਂ ਨਾਲ ਤਿਆਰ ਕੀਤਾ ਇੱਕ ਬਹੁਤ ਖ਼ੂਬਸੂਰਤ "ਲ਼ੇਜਰ ਸ਼ੋਅ" ਆਪਣੇ ਆਪ ਵਿਚ ਕਿਸੇ ਅਜੂਬੇ ਤੋਂ ਘੱਟ ਨਹੀ ਹੈ। ਜਿਥੋਂ ਗੁਰੂ ਪਾਤਸ਼ਾਹਾਂ ਦਾ ਇੱਕ ਪਰਮਾਤਮਾ ਅਤੇ ਸਾਂਝੇ ਭਾਈਚਾਰੇ ਦਾ ਸੰਦੇਸ਼ ਦੁਨੀਆ ਨੂੰ ਦਿੱਤਾ ਜਾ ਰਿਹਾ ਹੈ।"[39]

ਇਹ ਪ੍ਰੋਗਰਾਮ ਰੋਜ਼ਾਨਾ ਰਾਤ 7.30 ਵਜੇ ਆਰੰਭ ਹੁੰਦਾ ਹੈ ਜੋ ਸੋਮਵਾਰ ਤੋਂ ਸ਼ੁਕਰਵਾਰ ਤੱਕ ਪੰਜਾਬੀ ਭਾਸ਼ਾ ਵਿਚ ਅਤੇ ਸ਼ਨੀਵਾਰ-ਐਤਵਾਰ ਨੂੰ ਹਿੰਦੀ ਭਾਸ਼ਾ ਵਿਚ ਦਿਖਾਇਆ ਜਾਂਦਾ ਹੈ।[40] ਇਸ ਲ਼ੇਜਰ ਸ਼ੋਅ ਦੀ ਪ੍ਰਦਰਸ਼ਨੀ 50 ਮਿੰਟ ਦੀ ਹੁੰਦੀ ਹੈ। ਇਹ ਲ਼ੇਜਰ ਸ਼ੋਅ ਸਾਲ 2008 ਤੋਂ ਆਰੰਭ ਕੀਤਾ ਗਿਆ ਹੈ। ਇਸ ਸ਼ੋਅ ਦਾ ਨਿਰਦੇਸ਼ਨ ਅਤੇ ਕਲਪਨਾ ਜਸਬੀਰ ਸਿੰਘ ਧਾਮ ਨੇ ਕੀਤਾ ਹੈ। ਇਸ ਦਾ ਸੰਗੀਤ ਅਤੇ ਕਮੈਂਟਰੀ ਪਦਮਭੂਸ਼ਨ ਸ੍ਰੀ ਜਗਜੀਤ ਸਿੰਘ ਦੀ ਹੈ। ਇਹ ਅਦੁੱਤੀ ਸ਼ੋਅ ਵੇਖਦਿਆਂ ਸੰਗਤਾਂ ਦੀਆਂ ਅੱਖਾਂ ਭਾਵੁਕ ਹੋਕੇ ਵੈਰਾਗ ਦੇ ਨਾਲ ਨਮ ਹੋ ਜਾਂਦੀਆਂ ਹਨ।[41] ਇਸ ਨੂੰ ਬਣਾਉਣ ਉੱਪਰ ਉਸ ਸਮੇਂ ਲਗਭਗ 5 ਕਰੋੜ 50 ਲੱਖ ਰੁਪਏ ਖ਼ਰਚਾ ਆਇਆ ਸੀ। ਵਰਤਮਾਨ ਸਮੇਂ ਇਸ ਬਾਗ ਵਿਚ ਅੰਬ, ਬੇਰੀ, ਚੀਕੂ, ਜਾਮਣ, ਇਮਲੀ, ਮੁਸੰਮੀ, ਨਿੰਬੂ, ਅਮਰੂਦ, ਅਨਾਰ ਆਦਿ ਫਲਦਾਰ ਰੁੱਖ ਹਨ। ਨਿੰਮ , ਟਾਹਲੀ, ਲਟੈਣ, ਚੰਦਨ, ਨਾਰੀਅਲ ਆਦਿ ਬਾਗਬਾਨੀ ਰੁੱਖ ਹਨ। ਇਸ ਬਾਗ ਅੰਦਰ ਦੋ ਓਪਨ ਜਿੰਮ ਸਥਾਪਿਤ ਕੀਤੇ ਹੋਏ ਹਨ। ਇਸ ਬਾਗ ਦੇ ਖੱਬੇ ਪਾਸੇ ਗੁਰਦੁਆਰਾ ਬੋਰਡ ਵੱਲੋਂ ਬੱਚਿਆਂ ਦੇ ਖੇਡਣ-ਕੁੱਦਣ ਲਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਚਿਲਡਰਨ ਪਾਰਕ ਬਣਾਇਆ ਹੋਇਆ ਹੈ। ਇਸ 4 ਫਰਵਰੀ, 2017 ਨੂੰ ਖੋਲ੍ਹਿਆ ਗਿਆ ਸੀ।

**ਗੁਰਦੁਆਰਾ ਬਾਉਲੀ ਦਮਦਮਾ ਸਾਹਿਬ**

ਗੁਰਦੁਆਰਾ ਬਾਉਲੀ ਦਮਦਮਾ ਸਾਹਿਬ ਤਖ਼ਤ ਸਾਹਿਬ ਤੋਂ ਉੱਤਰ-ਪੱਛਮ ਦਿਸ਼ਾ ਵੱਲ ਇੱਕ ਕਿ . ਮੀ. ਦੂਰੀ 'ਤੇ ਯਾਤਰੀ ਨਿਵਾਸ ਰੋਡ ਉੱਪਰ ਸਥਿਤ ਹੈ। ਗੁਰਦੁਆਰਾ ਸੱਚਖੰਡ ਬੋਰਡ ਦੇ ਪ੍ਰਬੰਧ ਅਧੀਨ ਇਸ ਅਸਥਾਨ ਦੀ ਵਰਤਮਾਨ ਸਮੇਂ ਵਿਚ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਨੇ ਕਰਵਾਈ ਹੈ। ਇਸ ਸਮੇਂ ਦਰਬਾਰ ਸਾਹਿਬ ਇੱਕ ਕਮਰੇ ਦੇ ਰੂਪ

---

[39] ਪਸਰੀਚਾ, ਪੀ. ਐਸ., *ਨਾਂਦੇੜ ਪਰਿਵਰਤਨ ਦਾ ਸਫ਼ਰ,* ਪੰਨਾ 3.

[40] *ਸੱਚਖੰਡ ਪੱਤਰ,* ਜੁਲਾਈ-ਅਗਸਤ 2021, ਪੰਨਾ 9.

[41] ਪਸਰੀਚਾ, ਪੀ. ਐਸ., *ਨਾਂਦੇੜ ਪਰਿਵਰਤਨ ਦਾ ਸਫ਼ਰ,* ਪੰਨਾ 75.

ਵਿਚ ਹੈ। ਇੱਥੇ ਅੱਜ ਵੀ ਇੱਕ ਪੁਰਾਤਨ ਵੱਡੀ ਬਾਉਲੀ ਬਣੀ ਹੋਈ ਹੈ। ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਤਖ਼ਤ ਹਜ਼ੂਰ ਸਾਹਿਬ ਦੀ ਉਸਾਰੀ ਦੀ ਸੇਵਾ ਆਰੰਭ ਕਰਵਾਈ ਸੀ ਤਾਂ ਉਸ ਸਮੇਂ ਉਨ੍ਹਾਂ ਨੇ ਇਸ ਬਾਉਲੀ ਦੇ ਨਿਰਮਾਣ ਦੀ ਸੇਵਾ ਵੀ ਸ਼ੁਰੂ ਕਰਵਾਈ ਸੀ। ਇਸ ਬਾਉਲੀ ਨੂੰ 'ਮਿੱਠੀ ਬਾਉਲੀ' ਵੀ ਕਿਹਾ ਜਾਂਦਾ ਹੈ। ਅੱਜ ਵੀ ਇਸ ਬਾਉਲੀ ਦਾ ਜਲ ਮਿੱਠਾ ਹੈ ਅਤੇ ਇਸ ਜਲ ਦੀ ਵਰਤੋਂ ਕੀਤੀ ਜਾਂਦੀ ਹੈ।

ਹਜ਼ੂਰ ਸਾਹਿਬ ਵਿਖੇ ਪੁਰਾਤਨ ਚਲੀ ਆ ਰਹੀ ਪਰੰਪਰਾ ਅਨੁਸਾਰ ਤਖ਼ਤ ਸਾਹਿਬ ਤੋਂ ਜਿਹੜੇ ਚਾਰ ਮਹੱਲੇ ਨਿੱਕਲਦੇ ਹਨ ਉਨ੍ਹਾਂ ਮਹੱਲਿਆਂ ਵਿਚ 'ਹੱਲਾ ਬੋਲ' ਖੇਡਣ ਤੋਂ ਬਾਅਦ ਸਾਰੀ ਸੰਗਤ ਗੁਰਦੁਆਰਾ ਬਾਉਲੀ ਦਮਦਮਾ ਸਾਹਿਬ ਦੇ ਅਸਥਾਨ ਉੱਪਰ ਆ ਕੇ ਵਿਸ਼ਰਾਮ ਕਰਦੀ ਹੈ। ਇੱਥੇ ਸੰਗਤਾਂ ਨੂੰ ਬਾਉਲੀ ਦਾ ਠੰਡਾ -ਮਿਠਾ ਜਲ ਅਤੇ ਲੰਗਰ ਛਕਾਇਆ ਜਾਂਦਾ ਹੈ। ਜਿਸ ਕਰਕੇ ਇਸ ਅਸਥਾਨ ਨੂੰ ਗੁਰਦੁਆਰਾ ਮਿੱਠੀ ਬਾਉਲੀ ਸਾਹਿਬ ਵੀ ਕਿਹਾ ਜਾਂਦਾ ਹੈ। ਕੀਰਤਨ ਅਤੇ ਆਨੰਦ ਸਾਹਿਬ ਦੇ ਪਾਠ ਉਪਰੰਤ ਸੰਗਤਾਂ ਵਿਚ ਕੜ੍ਹਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਂਦੀ ਹੈ। ਉਪਰੰਤ ਮਹੱਲਾ ਇਥੋਂ ਅਗਲੇ ਪੜਾਅ ਲਈ ਕੂਚ ਕਰਦਾ ਹੈ। ਇਸ ਗੁਰਦੁਆਰੇ ਦੇ ਨਾਲ ਹੀ ਗੁਰੂ ਸਾਹਿਬ ਦੇ ਘੋੜਿਆਂ ਦਾ ਅਸਤਬਲ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਿਊਜ਼ੀਅਮ ਬਣਿਆ ਹੋਇਆ ਹੈ। ਇਨ੍ਹਾਂ ਦਾ ਪ੍ਰਬੰਧ ਵੀ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ।

**ਗੁਰਦੁਆਰਾ ਭਜਨਗੜ੍ਹ ਸਾਹਿਬ**

ਇਹ ਗੁਰਦੁਆਰਾ ਗੋਦਾਵਰੀ ਨਦੀ ਦੇ ਰਮਣੀਕ ਕੰਢੇ ਉੱਤੇ ਗੁਰਦੁਆਰਾ ਲੰਗਰ ਸਾਹਿਬ ਅਤੇ ਨਗੀਨਾ ਘਾਟ ਸਾਹਿਬ ਦੇ ਨਜ਼ਦੀਕ ਹੈ। ਇਸ ਗੁਰਦੁਆਰੇ ਦੇ ਅੰਦਰ ਨਵੇਂ ਦਰਬਾਰ ਸਾਹਿਬ ਦੇ ਬਿਲਕੁਲ ਸਾਹਮਣੇ ਪੁਰਾਤਨ ਬੁੰਗਾ ਅੱਜ ਖੰਡਰ ਬਣ ਚੁੱਕਿਆ ਹੈ। ਜਿਸਦੀ ਸੰਭਾਲ ਵੱਲ ਗੁਰਦੁਆਰਾ ਸੱਚਖੰਡ ਬੋਰਡ ਨੂੰ ਧਿਆਨ ਦੇਣਾ ਚਾਹੀਦਾ ਹੈ। ਭਜਨ ਬੰਦਗੀ ਕਰਨ ਵਾਸਤੇ ਇਸਨੂੰ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਸ ਤੌਰ 'ਤੇ ਬਣਵਾਇਆ ਸੀ। ਇਸ ਨੂੰ ਬੁੰਗਾ ਪੁਜਾਰੀਆਂ ਕਿਹਾ ਜਾਂਦਾ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਇਸ ਅਸਥਾਨ 'ਤੇ ਅਨੇਕਾਂ ਨਾਮ ਰਸੀਏ, ਹਜ਼ੂਰੀ ਸਿੰਘ, ਨਿਰਮਲੇ, ਉਦਾਸੀ ਸਾਧੂ ਅਤੇ ਹੋਰ ਮਹਾਪੁਰਸ਼ ਜਨ ਗੋਦਾਵਰੀ ਨਦੀ ਦੇ ਤੱਟ 'ਤੇ ਸ਼ਾਂਤ ਵਾਤਾਵਰਨ ਵਿਚ

ਭਜਨ ਬੰਦਗੀ ਕਰਿਆ ਕਰਦੇ ਸ ਨ। ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਜਦੋਂ ਹ ਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਇਸ ਰਮਣੀਕ ਅਸਥਾਨ 'ਤੇ 1887 ਤੋਂ 1890 ਤੱਕ ਅੱਠੇ ਪਹਿਰ ਨਿਰੰਕਾਰ ਦੀ ਅਰਾਧਨਾ ਕੀਤੀ ਜਿਸਦਾ ਸਦਕਾ ਆਪ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਤੱਖ ਦਰਸ਼ਨ ਹੋਏ ਅਤੇ ਹੁਕਮ ਹੋਇਆ ਕਿ ਪੰਜਾਬ ਦੀ ਧਰਤੀ 'ਤੇ ਜਾਕੇ ਗੁਰਸਿੱਖੀ ਅਤੇ ਅੰਮ੍ਰਿਤ ਦਾ ਪ੍ਰਚਾਰ ਕਰੋ ।[42] ਇਸ ਅਸਥਾਨ ਦਾ ਨਾਮ ਭਜਨਗੜ੍ਹ ਸਾਹਿਬ ਹੈ। ਇਸ ਅਸਥਾਨ 'ਤੇ ਮਹੱਲਿਆਂ, ਗੁਰਪੁਰਬ ਆਦਿ ਸਮੇਂ ਯਾਤਰੀਆਂ ਦੇ ਰਹਿਣ ਲਈ ਯਾਤਰੀ ਨਿਵਾਸ ਬਣਿਆ ਹੋਇਆ ਹੈ।

ਇਸ ਅਸਥਾਨ 'ਤੇ ਨਾਂਦੇੜ ਦੇ ਹਜ਼ੂਰੀ ਸਿੱਖਾਂ ਵਿਚੋਂ ਹੋਏ ਤਖ਼ਤ ਸਾਹਿਬ ਦੇ ਜਥੇਦਾਰ ਸੰਤ ਬਾਬਾ ਜੋਗਿੰਦਰ ਸਿੰਘ ਜੀ ਮੋਨੀ ਦਾ ਸਸਕਾਰ ਕੀਤਾ ਗਿਆ ਸੀ। ਬਾਅਦ ਵਿਚ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਹਜ਼ੂਰਾ ਸਿੰਘ ਜੀ ਦਾ ਸਸਕਾਰ ਵੀ ਇੱਥੇ ਹੀ ਕੀਤਾ ਗਿਆ ਸੀ। ਇਨ੍ਹਾਂ ਦੋਵੇਂ ਜਥੇਦਾਰਾਂ ਦੇ ਅੰਗੀਠਾ ਸਥਾਨ ਇਸ ਗੁਰਦੁਆਰੇ ਦੀ ਚਾਰ ਦੀਵਾਰੀ ਅੰਦਰ ਬਣੇ ਹੋਏ ਹਨ।

**ਗੁਰਦੁਆਰਾ ਭਾਈ ਦਇਆ ਸਿੰਘ ਜੀ ਭਾਈ ਧਰਮ ਸਿੰਘ ਜੀ, ਔਰੰਗਾਬਾਦ**

ਔਰੰਗਾਬਾਦ ਮਹਾਰਾਸ਼ਟਰ ਰਾਜ ਦਾ ਇੱਕ ਪੁਰਾਤਨ ਨਗਰ ਹੈ। ਇਸ ਦਾ ਪਿਛੋਕੜ ਦੇਵਗਿਰੀ ਦੇ ਯਾਦਵਾਂ ਨਾਲ ਜੁੜਦਾ ਹੈ ਜਿਨ੍ਹਾਂ ਨੇ 12 ਵੀਂ ਅਤੇ 13 ਵੀਂ ਸਦੀ ਵਿਚ ਇਸ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਫਿਰ 1610 ਈ. ਵਿਚ ਮਲਕ ਅੰਬਰ ਨਾਂ ਦੇ ਇੱਕ ਹਬਸ਼ੀ ਗ਼ੁਲਾਮ ਨੇ ਇਸ ਨੂੰ ਫਤਹਿਨਗਰ ਦੇ ਨਾਂ ਨਾਲ ਵਸਾਇਆ ਪਰ ਸੰਨ 1636 ਈ. ਵਿਚ ਜਦੋਂ ਔਰੰਗਜ਼ੇਬ ਦੱਖਣ ਦਾ ਸੂਬੇਦਾਰ ਬਣ ਕੇ ਗਿਆ ਤਾਂ ਉਸ ਨੇ ਇਸ ਨਗਰ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਦਾ ਨਾਂ ਔਰੰਗਾਬਾਦ ਰੱਖਿਆ।[43] ਅੱਜ ਔਰੰਗਾਬਾਦ ਮਹਾਰਾਸ਼ਟਰ ਰਾਜ ਦਾ ਇੱਕ ਜ਼ਿਲ੍ਹਾ ਅਤੇ ਮਰਾਠਵਾੜਾ ਖੇਤਰ ਦਾ ਸਭ ਤੋਂ ਵੱਡਾ ਸ਼ਹਿਰ ਹੈ।

ਗੁਰਦੁਆਰਾ ਭਾਈ ਦਇਆ ਸਿੰਘ ਜੀ ਭਾਈ ਧਰਮ ਸਿੰਘ ਜੀ ਔਰੰਗਾਬਾਦ ਸ਼ਹਿਰ ਦੇ ਮੱਧ ਵਿਚ ਧਾਵਨੀ ਮੁਹੱਲਾ ਵਿਚ ਸਥਿਤ ਹੈ। ਇਸ ਅਸਥਾਨ ਉੱਤੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ (ਪੰਜ

---

[42] ਪਰਮਜੀਤ ਸਿੰਘ, ਭਾਈ, *ਤੇਰਾ ਏਕੁ ਨਾਮੁ ਤਾਰੇ ਸੰਸਾਰ ਯਾਤਰਾ ਸ੍ਰੀ ਹ ਜ਼ੂਰ ਸਾਹਿਬ,* ਸਾਗਰ ਟੀ-ਸ਼ਰਟ ਪ੍ਰਿੰਟਿੰਗ ਸ਼ਾਪ, ਨਾਂਦੇੜ, ਮਿਤੀਹੀਣ, ਪੰਨੇ 17-18.

[43] https://punjabipedia.org/ ਔਰੰਗਾਬਾਦ (ਨਗਰ)

ਪਿਆਰੇ) ਦੇ ਪਾਵਨ ਚਰਨ ਪਏ ਸਨ। ਸੰਨ 1706 ਈ. ਜਨਵਰੀ ਦੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਖ਼ਤ (ਵਿਜੈ-ਪੱਤਰ) ਲਿਖਿਆ ਸੀ। ਭਾਈ ਦਇਆ ਸਿੰਘ ਗੁਰੂ ਜੀ ਦੇ ਇਸ ਜ਼ਫ਼ਰਨਾਮਾ ਖ਼ਤ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਦੇਣ ਵਾਸਤੇ ਪੰਜਾਬ ਦੇ ਦੀਨਾ-ਕਾਂਗੜ ਨਗਰ (ਜ਼ਿਲ੍ਹਾ ਮੋਗਾ) ਤੋਂ ਚੱਲ ਕੇ 1706 ਈ. ਵਿਚ ਔਰੰਗਾਬਾਦ (ਦੱਖਣ) ਪਹੁੰਚੇ ਸਨ। ਔਰੰਗਾਬਾਦ ਵਿਚ ਜਿੱਥੇ ਭਾਈ ਦਇਆ ਸਿੰਘ ਠਹਿਰੇ ਸਨ ਉਹ ਇੱਕ ਸਿੱਖ ਦਾ ਘਰ , ਗੁਰੂ ਸਾਹਿਬ ਦੇ ਸੇਵਕਾਂ (ਉਦਾਸੀ ਸਾਧੂਆਂ) ਦਾ ਕੇਂਦਰ ਹੋਇਆ ਕਰਦਾ ਸੀ।[44] ਉਸ ਸਥਾਨ 'ਤੇ ਅੱਜ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਭਾਈ ਦਇਆ ਸਿੰਘ ਦੇ ਔਰੰਗਾਬਾਦ ਵਿਖੇ ਪਹੁੰਚਣ ਸਮੇਂ ਔਰੰਗਜ਼ੇਬ ਅਹਿਮਦਨਗਰ ਵਿਖੇ ਦੌਰੇ 'ਤੇ ਗਿਆ ਹੋਇਆ ਸੀ। ਇਸ ਲਈ ਭਾਈ ਦਇਆ ਸਿੰਘ ਨੇ ਔਰੰਗਜ਼ੇਬ ਨੂੰ ਜਫ਼ਰਨਾਮਾ ਅਹਿਮਦਨਗਰ ਵਿਖੇ ਜਾ ਕੇ ਦਿੱਤਾ। ਗੁਰੂ ਜੀ ਦਾ 'ਜਫਰਨਾਮਾ' ਪੜ੍ਹ ਕੇ ਔਰੰਗਜ਼ੇਬ ਆਪਣੇ ਕਾਰਨਾਮਿਆਂ ਦੇ ਪਛਤਾਵੇ ਵਿਚ ਇਸ ਦੁਨੀਆ ਤੋਂ ਕੁਝ ਮਹੀਨਿਆਂ ਬਾਅਦ ਹੀ ਕੂਚ ਕਰ ਗਿਆ ਸੀ।

ਮੌਜੂਦਾ ਸਮੇਂ ਇਸ ਗੁਰਦੁਆਰਾ ਸਾਹਿਬ ਵਿਚ ਫ਼ਾਰਸੀ ਭਾਸ਼ਾ ਵਿਚ ਲਿਖਿਆ ਇੱਕ ਹੱਥ ਲਿਖਤ ਜ਼ਫ਼ਰਨਾਮਾ ਮੌਜੂਦ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪ ਸੁਭਾਇਮਾਨ ਹਨ। ਜ਼ਫਰਨਾਮਾ ਦੀ ਕਾਪੀ ਹੱਥ ਲਿਖਤ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਰੂਪ ਵਿਚ ਲੱਗੀ ਹੋਈ ਹੈ। ਇਸ ਗੁਰਦੁਆਰਾ ਸਾਹਿਬ ਦੀ ਵਰਤਮਾਨ ਇਮਾਰਤ 1958-62 ਈ. ਦੇ ਦੌਰਾਨ ਬਣਾ ਕੇ ਤਿਆਰ ਕੀਤੀ ਗਈ ਸੀ।[45] ਇੱਥੇ ਯਾਤਰੀਆਂ ਲਈ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਸੁੰਦਰ ਦਰਬਾਰ ਸਾਹਿਬ , ਲੰਗਰ ਹਾਲ ਅਤੇ ਪਰਿਸਰ ਬਣਿਆ ਹੋਇਆ ਹੈ। ਇਸ ਗੁਰਦੁਆਰੇ ਵਿਚ ਗੁਰੂ ਗੋਬਿੰਦ ਸਿੰਘ ਜੀ , ਭਾਈ ਦਇਆ ਸਿੰਘ , ਭਾਈ ਧਰਮ ਸਿੰਘ ਅਤੇ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਸਥਾਨਿਕ ਸਿੱਖ ਸੰਗਤਾਂ ਦੁਆਰਾ ਬੜੀ ਸਰਧਾ -ਭਾਵਨਾ ਨਾਲ ਮਨਾਇਆ ਜਾਂਦਾ ਹੈ। ਮਨਮਾੜ ਤੋਂ ਇਹ

---

[44] ਸਰਨਾ, ਜਸਬੀਰ ਸਿੰਘ ਅਤੇ ਦਿਲਜੀਤ ਸਿੰਘ 'ਬੇਦੀ', *ਗੁਰਦੁਆਰਾ ਕੋਸ਼* , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅੰਮ੍ਰਿਤਸਰ, ਨਵੰਬਰ 2016, ਪੰਨਾ 35.

[45] ਗੁਰਦੁਆਰਾ ਭਾਈ ਦਇਆ ਸਿੰਘ ਜੀ ਭਾਈ ਧਰਮ ਸਿੰਘ ਜੀ ਦੀ ਕਮੇਟੀ ਦੇ ਮੌਜੂਦਾ ਖਜ਼ਾਨਚੀ ਸਰਦਾਰ ਹਰੀ ਸਿੰਘ ਦੇ ਦੱਸਣ ਅਨੁਸਾਰ।

ਅਸਥਾਨ 114 ਕਿ. ਮੀ. ਅਤੇ ਹਜ਼ੂਰ ਸਾਹਿਬ ਤੋਂ 250 ਕਿ. ਮੀ. ਦੀ ਦੂਰੀ 'ਤੇ ਹੈ। ਵਰਤਮਾਨ ਸਮੇਂ ਵਿਚ ਇਹ ਗੁਰਧਾਮ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ ਪਰ ਇਸ ਦਾ ਪ੍ਰਬੰਧ ਸ ਥਾਨਿਕ ਸਿੱਖਾਂ ਦੀ ਕਮੇਟੀ ਚਲਾਉਂਦੀ ਹੈ।

**ਗੁਰਦੁਆਰਾ ਲੰਗਰ ਸਾਹਿਬ (ਡੇਰਾ ਸੰਤ ਬਾਬਾ ਨਿਧਾਨ ਸਿੰਘ ਜੀ)**

ਇਹ ਗੁਰਦੁਆਰਾ ਤਖ਼ਤ ਸਾਹਿਬ ਤੋਂ ਅੱਧਾ ਕੁ ਕਿ . ਮੀ. ਦੀ ਦੂਰੀ 'ਤੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਦੇ ਨ ਜ਼ਦੀਕ ਸੁਸ਼ੋਭਿਤ ਹੈ। ਇਹ ਉਹ ਸਥਾਨ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੱਖਣ (ਨਾਂਦੇੜ) ਆਗਮਨ 'ਤੇ ਖਾਲਸਾਈ ਫ਼ੌਜਾਂ ਦਾ ਲੰਗਰ ਸਜਿਆ ਕਰਦਾ ਸੀ। ਇਸ ਥਾਂ ਪਹਿਲਾਂ ਜੰਗਲ ਹੁੰਦਾ ਸੀ।[46] ਸੰਤ ਬਾਬਾ ਨਿਧਾਨ ਸਿੰਘ ਦੀ ਪਵਿੱਤਰ ਯਾਦ ਨੂੰ ਤਾਜਾ ਕਰਵਾ ਰਿਹਾ ਇਹ ਅਸਥਾਨ ਅੱਜ ਵਿਸ਼ਵ ਭਰ ਵਿਚ ਗੁਰਦੁਅਰਾ ਲੰਗਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਅਸਥਾਨ ਨੂੰ ਡੇਰਾ ਸੰਤ ਬਾਬਾ ਨਿਧਾਨ ਸਿੰਘ ਵੀ ਕਿਹਾ ਜਾਂਦਾ ਹੈ।

ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਹ ਜ਼ੂਰ ਸਾਹਿਬ ਨਾਲ ਸੰਬੰਧਿਤ ਇੱਕ ਸੰਤ ਜਿਸ ਦਾ ਜਨਮ ਸੰਨ 1882 ਈ. ਵਿਚ ਭਾਈ ਉਤਮ ਸਿੰਘ ਦੇ ਘਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਡਾਲੋਂ ਪਿੰਡ ਵਿਚ ਹੋਇਆ। ਇਸ ਨੇ ਧਰਮ-ਗ੍ਰੰਥਾਂ ਦਾ ਅਧਿਐਨ ਉਸ ਇਲਾਕੇ ਦੇ ਮੰਨੇ ਪ੍ਰਮੰਨੇ ਸੰਤ ਦੀਵਾਨ ਸਿੰਘ ਪਾਸੋਂ ਕੀਤਾ। ਇਸ ਨੇ ਜਵਾਨ ਹੁੰਦਿਆਂ ਹੀ ਹਿੰਦੁਸਤਾਨੀ ਘੋੜਸਵਾਰ ਫ਼ੌਜ ਵਿਚ ਨੌਕਰੀ ਕੀਤੀ ਅਤੇ ਅਧਿਕਤਰ ਝਾਂਸੀ ਵਿਚ ਰਿਹਾ ਪਰ ਲਗਭਗ ਇੱਕ ਸਾਲ ਤੋਂ ਬਾ ਅਦ ਫ਼ੌਜ ਦੀ ਨੌਕਰੀ ਛੱਡ ਦਿੱਤੀ ਅਤੇ ਅਧਿਆਤਮਿਕਤਾ ਤੋਂ ਪ੍ਰੇਰਿਆ ਹਜ਼ੂਰ ਸਾਹਿਬ ਦੀ ਯਾਤਰਾ ਉੱਤੇ ਨਿਕਲ ਪਿਆ।[47] ਆਪ ਨੇ ਉੱਥੇ ਬੁੰਗਾ ਸਾਧੂ ਸਿੰਘ ਡੇਰੇ ਲਾ ਲਾਏ ਅਤੇ ਸੰਗਤਾਂ ਨੂੰ ਜਲ ਛਕਾਉਣ ਦੀ ਸੇਵਾ ਕਰਦੇ ਸਨ। ਆਪ ਸਰੀਰਕ ਤੌਰ 'ਤੇ ਤਕੜੇ ਹੋਣ ਕਰਕੇ ਕਈ ਗਾਗਰਾਂ ਗੋਦਾਵਰੀ ਤੋਂ ਪਾਣੀ ਦੀਆਂ ਲਿਆ ਕੇ ਹਜ਼ੂਰ ਸਾਹਿਬ ਦੀਆਂ ਸੰਗਤਾਂ ਨੂੰ ਛਕਾਉਂਦੇ। [48] ਇਸ ਤਰ੍ਹਾਂ ਬਾਬਾ ਨਿਧਾਨ ਸਿੰਘ

---

[46] ਸਰਨਾ, ਜਸਬੀਰ ਸਿੰਘ ਅਤੇ ਦਿਲਜੀਤ ਸਿੰਘ 'ਬੇਦੀ', *ਗੁਰਦੁਆਰਾ ਕੋਸ਼,* ਪੰਨਾ 27.

[47] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1076.

[48] ਅਮਰਜੀਤ ਸਿੰਘ ਅਤੇ ਪਰਮਜੀਤ ਸਿੰਘ ਸਰੋਆ (ਸੰਪਾ.), *ਬਾਬਾ ਨਿਧਾਨ ਸਿੰਘ ਜੀਵਨ ਤੇ ਯੋਗਦਾਨ ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਅਗਸਤ 2012 (ਪਹਿਲੀ ਵਾਰ), ਪੰਨਾ 35.

ਸੰਨ 1900 ਦੇ ਆਸ-ਪਾਸ ਨਾਂਦੇੜ ਪਹੁੰਚ ਕੇ ਤਖ਼ਤ ਸਾਹਿਬ ਦੇ ਦਰ ਸ਼ਨਾਂ ਨੂੰ ਆਉਣ ਵਾਲੀ ਸੰਗਤ ਦੀ ਸੇਵਾ ਵਿਚ ਜੁਟ ਗਏ। ਸ਼ੁਰੂ ਵਿਚ ਇਨ੍ਹਾਂ ਨੂੰ ਕੁਝ ਸਥਾਨਿਕ ਲੋਕਾਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ ਸੀ।

ਹਜ਼ੂਰ ਸਾਹਿਬ ਦੀ ਧਰਤੀ 'ਤੇ ਬਾਬਾ ਨਿਧਾਨ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਤੱਖ ਦਰਸ਼ਨ ਅਤੇ ਬਚਨ ਹੋਏ ਸਨ : "ਸੇਵਕ ਨਿਸ਼ਕਾਮ ਸੇਵਾ ਕਰ। ਖੀਸਾ ਮੇਰਾ ਹੱਥ ਤੇਰਾ। "[49] ਆਪ ਸਾਡੇ ਪੁਰਾਣੇ ਲੰਗਰ ਵਾਲੇ ਸਥਾਨ 'ਤੇ ਲੰਗਰ ਚਲਾਉ। ਇਸ ਘਟਨਾ ਦਾ ਸਮਾਂ 1912 ਈ. ਦਾ ਸੀ। ਜਿਸ ਜਗ੍ਹਾ 'ਤੇ ਹੁਣ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਲੰਗਰ ਚੱਲ ਰਿਹਾ ਹੈ ਅਤੇ ਗੁਰਦੁਆਰਾ ਹੈ ਇਹ ਭਿਆਨਕ ਜੰਗਲ ਸੀ , ਨੇੜੇ ਕੋਈ ਆਬਾਦੀ ਨਹੀਂ ਸੀ ।[50] ਇਸ ਸਥਾਨ ਉੱਪਰ ਗੁਰੂ ਜੀ ਦੇ ਹੁਕਮ ਨਾਲ ਬਾਬਾ ਜੀ ਨੇ ਦੁਬਾਰਾ ਲੰਗਰ (ਭੁੱਜੇ ਛੋਲਿਆਂ) ਦੀ ਸੇਵਾ ਆਰੰਭ ਕਰ ਦਿੱਤੀ। ਉਹਨਾਂ ਨੇ ਹਜ਼ੂਰ ਸਾਹਿਬ ਨੂੰ ਆਪਣੀ ਕਰਮ ਭੂਮੀ ਬਣਾ ਲਿਆ ਅਤੇ ਉਹ ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲੇ ਹੋ ਗਏ।[51] ਉਸ ਸਮੇਂ ਵਿਚ ਨਾਂਦੇੜ ਦਾ ਇਲਾਕਾ ਹੈਦਰਾਬਾਦ ਰਿਆਸਤ ਦੇ ਅਧੀਨ ਸੀ। ਤਖ਼ਤ ਹਜ਼ੂਰ ਸਾਹਿਬ ਦਾ ਪ੍ਰਬੰਧ ਹੈਦਰਾਬਾਦ ਨਿਜ਼ਾਮ ਦੇ ਅਧੀਨ ਅਤੇ ਅੰਗਰੇਜ਼ ਸਰਕਾਰ ਦੇ ਸਰਬਰਾਹ ਦੇ ਹੱਥ ਵਿਚ ਸੀ।

ਸੰਗਤਾਂ ਦੇ ਸਹਿਯੋਗ ਨਾਲ ਬਾਬਾ ਨਿਧਾਨ ਸਿੰਘ ਨੇ ਗੁਰਦੁਆਰਾ ਲੰਗਰ ਸਾਹਿਬ ਦੀ ਇਮਾਰਤ ਤਿਆਰ ਕਰਵਾਈ ਅਤੇ ਹੋਰ ਅਨੇਕਾਂ ਗੁਰਧਾਮਾਂ ਦੀ ਸੇਵਾ ਕਰਵਾਈ। ਜਿਸ ਕਰਕੇ ਇਸ ਅਸਥਾਨ ਦੀ ਸੋਭਾ ਵਧਦੀ ਗਈ। 4 ਅਗਸਤ, 1947 ਈ. ਨੂੰ ਬਾਬਾ ਨਿਧਾਨ ਸਿੰਘ ਜੀ ਨਾਂਦੇੜ ਵਿਖੇ ਸਦੀਵੀ ਵਿਛੋੜਾ ਦੇ ਕੇ ਸੱਚਖੰਡ ਪਧਾਰ ਗਏ। ਇਨ੍ਹਾਂ ਤੋਂ ਮਗਰੋਂ 13 ਅਗਸਤ, 1947 ਈ. ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ, ਨਿਹੰਗ ਸਿਘਾਂ ਅਤੇ ਨਾਂਦੇੜ ਦੀ ਹਜ਼ੂਰੀ ਸੰਗਤ ਦੀ ਇਕੱਤਰਤਾ ਵਿਚ ਦੀਵਾਨ ਸਜਾ ਕੇ ਸਰਬ-ਸੰਮਤੀ ਨਾਲ ਗੁਰਦੁਆਰਾ ਲੰਗਰ ਸਾਹਿਬ ਦਾ ਪ੍ਰਬੰਧ ਅਤੇ ਸੇਵਾ ਸੰਤ ਬਾਬਾ ਹਰਨਾਮ ਸਿੰਘ ਜੀ ਨੂੰ

---

[49] ਸਰੋਆ, ਪਰਮਜੀਤ ਸਿੰਘ (ਸੰਪਾ.), *ਸੇਵਾ-ਸਿਮਰਨ ਦੀ ਮੂਰਤਿ ਸੰਤ ਬਾਬਾ ਨਿਧਾਨ ਸਿੰਘ (ਜੀਵਨ ਅਤੇ ਸਿਧਾਂਤਕ ਪੱਖ)*, ਸੰਤ ਬਾਬਾ ਨਿਧਾਨ ਸਿੰਘ ਜੀ ਕਲਚਰਲ ਸੁਸਾਇਟੀ, ਨਿਊਯਾਰਕ, ਸਤੰਬਰ 2008 (ਪਹਿਲੀ ਵਾਰ), ਪੰਨਾ 43.

[50] ਅਮਰਜੀਤ ਸਿੰਘ ਅਤੇ ਪਰਮਜੀਤ ਸਿੰਘ ਸਰੋਆ, *ਬਾਬਾ ਨਿਧਾਨ ਸਿੰਘ ਜੀਵਨ ਤੇ ਯੋਗਦਾਨ,* ਪੰਨਾ 46.

[51] ਸਰੋਆ, ਪਰਮਜੀਤ ਸਿੰਘ (ਸੰਪਾ.), *ਸੇਵਾ-ਸਿਮਰਨ ਦੀ ਮੂਰਤਿ ਸੰਤ ਬਾਬਾ ਨਿਧਾਨ ਸਿੰਘ (ਜੀਵਨ ਅਤੇ ਸਿਧਾਂਤਕ ਪੱਖ)*, ਪੰਨਾ 59.

ਸੌਂਪੀ ਗਈ ਸੀ। ਬਾਬਾ ਹਰਨਾਮ ਸਿੰਘ ਜੀ ਨੇ ਤਨ , ਮਨ ਅਤੇ ਧਨ ਨਾਲ ਗੁਰਦੁਆਰਾ ਸਾਹਿਬ ਦੀ ਸੇਵਾ ਨੂੰ ਚਾਰ ਚੰਨ ਲਗਾਏ। ਆਪ ਜੀ ਨੇ ਗੁਰਦੁਆਰਾ ਸਾਹਿਬ ਦੀ ਲੱਖਾਂ ਰੁਪ ਏ ਦੀ ਜਾਇਦਾਦ ਦਾ ਟਰੱਸਟ (Baba Harnam singh ji of Langar sahib Gurudwara trust, Nandad) ਬਣਾ ਕੇ ਖ਼ਾਲਸਾ ਹਾਈ ਸਕੂਲ ਬਣਾਉਣ ਦਾ ਉਦਮ ਕੀਤਾ। ਸੰਤ ਬਾਬਾ ਨਿਧਾਨ ਸਿੰਘ ਜੀ ਮੈਮੋ ਰਿਅਲ ਹਸਪਤਾਲ ਕਾਇਮ ਕੀਤਾ ਅਤੇ ਹੋਰ ਬੇਅੰਤ ਗੁਰਦੁਆਰਿਆਂ ਦੀ ਸੇਵਾ ਕਰਵਾਈ।[52] ਬਾਅਦ ਵਿਚ ਸੰਤ ਬਾਬਾ ਆਤਮਾ ਸਿੰਘ ਅਤੇ ਸੰਤ ਬਾਬਾ ਸ਼ੀਸ਼ਾ ਸਿੰਘ ਸਥਾਪਿਤ ਮਰਿਯਾਦਾ ਅਨੁਸਾਰ ਗੁਰਦੁਆਰਾ ਲੰਗਰ ਸਾਹਿਬ ਦੀ ਸਮੁੱਚੀ ਸੇਵਾ ਕਰਦੇ ਰਹੇ ਸਨ।

ਸੰਤ ਬਾਬਾ ਸ਼ੀਸ਼ਾ ਸਿੰਘ ਨੇ 1963 ਈ. ਵਿਚ ਬਾਬਾ ਜੀਵਨ ਸਿੰਘ ਅਤੇ ਬਾਬਾ ਦਲੀਪ ਸਿੰਘ ਕਾਰ ਸੇਵਾ ਵਾਲਿਆਂ ਨਾਲ ਨਾਂਦੇੜ ਵਿਖੇ ਆ ਕੇ ਸਾਰੇ ਗੁਰਧਾਮਾਂ ਨੂੰ ਜਾਣ ਵਾਲੀਆਂ ਸੜਕਾਂ ਪੱਕੀਆ ਕਰਵਾਉਣ ਦੀ ਸੇਵਾ ਕਰਵਾਈ ਸੀ। ਦਸੰਬਰ 1963 ਈ. ਵਿਚ ਆਪ ਨੇ ਨਾਂਦੇੜ ਤੋਂ ਗੁਰਦੁਆਰਾ ਸ਼ਿਕਾਰ ਘਾਟ ਨੂੰ ਜਾਣ ਵਾਲੀ ਸੜਕ ਉੱਪਰ ਗੁਰੂ ਸਾਹਿਬ ਦੀ ਬਖਸ਼ਿਸ਼ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੋਦਾਵਰੀ ਨਦੀ ਦਾ ਪੁਲ ਬਣਾਉਣ ਦਾ ਕਾਰਜ ਆਰੰਭ ਕੀਤਾ। ਇਸ ਪੁਲ ਦੀ ਲੰਬਾਈ 953 ਫੁੱਟ ਹੈ। ਅਪ੍ਰੈਲ 1969 ਈ. ਵਿਚ ਪੁਲ ਦੀ ਉਸਾਰੀ ਸੰਪੂਰ ਨ ਹੋਈ।[53] ਮਗਰੋਂ ਪੰਜਾਬ ਜਾਣ ਤੋਂ ਬਾਅਦ 1977 ਈ. ਵਿਚ ਆਪ ਜੀ ਨੇ ਪੰਜਾਬ ਤੋਂ ਵਾਪਿਸ ਨਾਂਦੇੜ ਆ ਕੇ ਮੁੜ ਇਤਿਹਾਸਕ ਗੁਰਦੁਆਰਿਆਂ ਦੀ ਇਮਾਰਤੀ ਸੇਵਾ , ਤਖ਼ਤ ਸਾਹਿਬ ਦੀ ਇਮਾਰਤ ਉੱਤੇ ਸੰਗਮਰਮਰ ਲਾਉਣ ਦੀ ਸੇਵਾ ਅਤੇ ਗੁਰਦੁਆਰਾ ਲੰਗਰ ਸਾਹਿਬ ਦੀ ਇਮਾਰਤ ਦੀ ਸੇਵਾ ਆਰੰਭ ਕਰਵਾਈ। ਆਪ ਜੀ ਦੇ ਉਦਮ ਅਤੇ ਮਿਹਨਤ ਸਦਕਾ ਉਸ ਸਮੇਂ ਵਿਚ ਗੁਰਦੁਆਰਾ ਲੰਗਰ ਸਾਹਿਬ ਨੇ ਵਿਸ਼ਵ ਪੱਧਰ ’ਤੇ ਸੇਵਾ ਦਾ ਸਾਕਾਰ ਰੂਪ ਧਾਰਿਆ।

ਮੌਜੂਦਾ ਸਮੇਂ ਵਿਚ ਮਈ 2005 ਤੋਂ ਸੰਤ ਬਾਬਾ ਨਰਿੰਦਰ ਸਿੰਘ ਗੁਰਦੁਆਰਾ ਲੰਗਰ ਸਾਹਿਬ ਦੇ ਪੰਜਵੇਂ ਮੁਖੀ ਵਜੋਂ ਸੰਤ ਬਾਬਾ ਬਲਵਿੰਦਰ ਸਿੰਘ ਦੇ ਸਹਿਯੋਗ ਨਾਲ ਮਰਿਯਾਦਾ ਅਨੁਸਾਰ ਸਮੁੱਚੇ ਪ੍ਰਬੰਧ ਦੀ ਸੇਵਾ ਨਿਭਾਉਂਦੇ ਆ ਰਹੇ ਹਨ। ਇਸ ਸਮੇਂ ਇਹ ਮਹਾਂਪੁਰਸ਼ ਸੰਗਤਾਂ ਦੇ ਸਹਿਯੋਗ ਨਾਲ ਨਾਂਦੇੜ ਸ਼ਹਿਰ ,

---

52 ਹਰਨਾਮ ਸਿੰਘ, ਬਾਬਾ, *ਹਜ਼ੂਰੀ ਦੀਦਾਰੇ,* ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ, ਮਿਤੀਹੀਣ, ਪੰਨਾ 59.

53 ਗੋਦਾਵਰੀ ਨਦੀ ਉੱਤੇ ਬਣੇ ਪੁਲ (Bridge) ’ਤੇ ਲੱਗੇ ਨੀਂਹ ਪੱਥਰ ਅਨੁਸਾਰ।

ਨਾਂਦੇੜ ਦੇ ਇਲਾਕੇ ਵਿਚ ਅਤੇ ਪੰਜਾਬ ਵਿਚ ਬਹੁਤ ਸਾਰੇ ਗੁਰਦੁਆਰਿਆਂ ਦੀ ਸੇਵਾ ਕਰਵਾ ਰਹੇ ਹਨ। ਗੁਰੂ ਸਾਹਿਬ ਦੇ ਹੁਕਮ ਨਾਲ ਬਾਬਾ ਨਿਧਾਨ ਸਿੰਘ ਦੇ ਆਰੰਭ ਕੀਤੇ ਲੰਗਰ ਵਿਚ ਅੱਜ ਯਾਤਰੀਆਂ ਨੂੰ ਜਿੱਥੇ ਚੌਵੀ ਘੰਟੇ ਅਤੁੱਟ ਲੰਗਰ ਛਕਾਇਆ ਜਾਂਦਾ ਹੈ ਉੱਥੇ ਹੀ ਕਈ ਸਾਲਾਂ ਤੋਂ ਲੰਗਰ ਵਿਚ ਸਿਰਫ਼ ਦੇਸੀ ਘਿਉ ਵਰਤਿਆ ਜਾਂਦਾ ਹੈ। ਚੌਵੀ ਘੰਟੇ ਸੰਗਤਾਂ ਨੂੰ ਗਰਮ ਚਾਹ ਛਕਾਈ ਜਾਂਦੀ ਹੈ। ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਯਾਤਰੀ ਲੰਗਰ ਛਕਦੇ ਹਨ। ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਵਾਪਸੀ ਸਮੇਂ ਲੰਗਰ ਪੈਕ ਕਰਕੇ ਦਿਤਾ ਜਾਂਦਾ ਹੈ। ਸੰਗਤਾਂ ਦੇ ਠਹਿਰਣ ਲਈ ਖੁੱਲੇ , ਸਾਫ਼-ਸੁਥਰੇ, ਹਵਾਦਾਰ, ਏ. ਸੀ. ਕਮਰਿਆਂ ਅਤੇ ਐਨ. ਆਰ. ਆਈ. ਯਾਤਰੀ ਨਿਵਾਸਾਂ ਦਾ ਬਹੁਤ ਸੁਚੱਜਾ ਪ੍ਰਬੰਧ ਹੈ। ਇਸ ਸਮੇਂ ਗੁਰਦੁਆਰਾ ਸਾਹਿਬ ਦੇ ਨਾਮ 350 ਏਕੜ ਤੋਂ ਵੱਧ ਜ਼ਮੀਨ ਹੈ। ਕੁਝ ਜ਼ਮੀਨ ਗੁਰਦੁਆਰਾ ਨਾਨਕਸਰ ਸਾਹਿਬ ਅਤੇ ਗੁਰਦੁਆਰਾ ਰਤਨਗੜ ਸਾਹਿਬ ਦੇ ਪ੍ਰਬੰਧ ਹੇਠ ਹੈ।

ਅਜੋਕੇ ਸਮੇਂ ਵਿਚ ਗੁਰਦੁਆਰਾ ਲੰਗਰ ਸਾਹਿਬ ਵਲੋਂ ਮਰੀਜਾਂ ਦੇ ਇਲਾਜ ਵਾਸਤੇ ਨਾਂਦੇੜ ਵਿਖੇ ਸੰਤ ਬਾਬਾ ਨਿਧਾਨ ਸਿੰਘ ਜੀ ਮੈਮੋਰਿਅਲ ਹਸਪਤਾਲ ਚਲਾਇਆ ਜਾ ਰਿਹਾ ਹੈ। ਗੁਰਮਤਿ ਵਿਦਿਆ ਦੇ ਪ੍ਰਚਾਰ ਲਈ ਨਾਂਦੇੜ ਵਿਖੇ ਗੁਰਮਤਿ ਵਿਦਿਆਲਾ ਚਲਾਉਣ ਤੋਂ ਇਲਾਵਾ ਮਨਮਾੜ (ਜ਼ਿਲ੍ਹਾ ਨਾਸਿਕ) ਵਿਖੇ ਵਿੱਦਿਆ ਦੇ ਪ੍ਰਚਾਰ ਲਈ ਗੁਰੂ ਗੋਬਿੰਦ ਸਿੰਘ ਜੀ ਹਾਈ ਸਕੂਲ (ਦਸਵੀਂ ਤੱਕ) ਚਲਾਇਆ ਜਾ ਰਿਹਾ ਹੈ। ਗੁਰਦੁਆਰਾ ਲੰਗਰ ਸਾਹਿਬ ਜੀ ਦੀਆਂ ਆਪਣੀਆਂ ਬੱਸਾਂ ਹਨ। ਯਾਤਰੀਆਂ ਨੂੰ ਹਰ ਟਰੇਨ ਦੇ ਸਮੇਂ ਰੇਲਵੇ ਸਟੇਸ਼ਨ ਤੋਂ ਲਿਆਉਣ ਅਤੇ ਉੱਥੇ ਪਹੁੰਚਾਉਣ ਲਈ ਬੱਸਾਂ ਦੀ ਸੇਵਾ ਦਿੱਤੀ ਜਾਂਦੀ ਹੈ। ਕੁੱਝ ਛੋਟੀਆਂ ਗੱਡੀਆਂ ਵੀ ਹਨ ਜੋ ਯਾਤਰੀਆਂ ਦੁਆਰਾ ਨਾਂਦੇੜ ਦੇ ਲੋਕਲ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਜਾਣ ਲਈ ਇਸਤੇਮਾਲ ਕੀਤੀਆਂ ਜਾਂਦੀਆਂ ਹਨ। [54] ਅੱਜ ਗੁਰਦੁਆਰਾ ਲੰਗਰ ਸਾਹਿਬ ਦੇ ਸਮੁੱਚੇ ਪ੍ਰਬੰਧ ਨੂੰ ਚਲਾਉਣ ਵਾਸਤੇ ਬਾਬਾ ਹਰਨਾਮ ਸਿੰਘ ਜੀ ਆਫ਼ ਲੰਗਰ ਸਾਹਿਬ ਗੁਰਦੁਆਰਾ ਟਰੱਸਟ , ਨਾਂਦੇੜ ਬਣਿਆ ਹੋਇਆ ਹੈ। ਵਰਤਮਾਨ ਸਮੇਂ ਇਸ ਦੇ ਮੁਖੀ ਸੰਤ ਬਾਬਾ ਨਰਿੰਦਰ ਸਿੰਘ ਹਨ।

---

[54] ਹਰਨਾਮ ਸਿੰਘ , ਬਾਬਾ ਅਤੇ ਬਲਵੰਤ ਸਿੰਘ 'ਬੰਦੀ', *ਹਜ਼ੂਰੀ ਦੀਦਾਰੇ ਅਤੇ ਰੱਬੀ ਜੋਤ* , ਗੁਰਦੁਆਰਾ ਲੰਗਰ ਸਾਹਿਬ , ਨਾਂਦੇੜ, ਮਿਤੀਹੀਣ, ਪੰਨਾ 29.

**ਗੁਰਦੁਆਰਾ ਨਾਨਕਸਰ ਸਾਹਿਬ**

ਗੁਰਦੁਆਰਾ ਨਾਨਕਸਰ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਲੰਗਰ ਸਾਹਿਬ ਦੇ ਅਧੀਨ ਹੈ। ਇਹ ਇਤਿਹਾਸਕ ਗੁਰਦੁਆਰਾ ਤਖ਼ਤ ਸਾਹਿਬ ਤੋਂ ਤਕਰੀਬਨ 9 ਕਿ. ਮੀ. ਦੀ ਦੂਰੀ 'ਤੇ ਨਾਂਦੇੜ ਸ਼ਹਿਰ ਤੋਂ ਬਾਹਰ ਦੱਖਣ -ਪੱਛਮ ਦਿ ਸ਼ਾ ਵੱਲ ਸਥਿਤ ਹੈ। ਇਹ ਗੁਰਦੁਆਰਾ ਨਾਨਕਸਰ ਰੋਡ ਉੱਪਰ ਸਥਿਤ ਵਿਸ਼ਨਪੁਰੀ ਵਿਚ ਪੈਂਦਾ ਹੈ। ਇਹ ਅਸਥਾਨ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਤਾਜਾ ਕਰਵਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਬਿਦਰ (ਕਰਨਾਟਕ) ਨੂੰ ਜਾਣ ਸਮੇਂ ਗੁਰਦੁਆਰਾ ਮਾਲਟੇਕੜੀ ਸਾਹਿਬ ਵਾਲੇ ਸਥਾਨ ਤੋਂ ਬਾਅਦ ਇੱਥੇ ਇੱਕ ਬੇਰੀ ਹੇਠ ਆ ਕੇ ਨੌ ਦਿਨ ਨੌ ਘੜੀਆਂ ਰੁਕੇ ਸਨ। ਇਸ ਅਸਥਾਨ ਉੱਪਰ ਗੁਰੂ ਸਾਹਿਬ ਨੇ ਇਲਾਕੇ ਦੀ ਸੰਗਤ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ ਸੀ ਅਤੇ ਪਾਣੀ ਦੀ ਘਾਟ ਕਾਰਨ ਇੱਥੇ ਇੱਕ ਮਿਠੇ ਜਲ ਦਾ ਸੋਮਾ ਪ੍ਰਗਟ ਕੀਤਾ ਸੀ। ਨਜ਼ਦੀਕ ਇੱਕ ਕੋਹੜੀ ਰਹਿੰਦਾ ਸੀ। ਉਸ ਨੇ ਗੁਰੂ ਸਾਹਿਬ ਕੋਲ ਆ ਕੇ ਬੇਨਤੀ ਕੀਤੀ ਕਿ 'ਮਹਾਰਾਜ ਜੀ! ਮੇਰਾ ਕੋਹੜ ਦੂਰ ਕਰੋ।' ਇਸੇ ਜਲ ਦੇ ਸੋਮੇ ਤੋਂ ਗੁਰੂ ਸਾਹਿਬ ਨੇ ਕੋਹੜੀ ਨੂੰ ਇਸ਼ਨਾਨ ਕਰਵਾ ਕੇ ਉਸ ਦਾ ਕੋਹੜ ਦੂਰ ਕੀਤਾ ਸੀ ਅਤੇ ਜਲ ਦੇ ਸੋਮੇ ਨੂੰ ਸਰੋਵਰ ਦਾ ਬਚਨ ਕੀਤਾ ਸੀ। ਇਸ ਅਸਥਾਨ 'ਤੇ ਸਰੋਵਰ ਦੇ ਕੋਲ ਅਤੇ ਦਰਬਾਰ ਸਾਹਿਬ ਦੇ ਨਾਲ ਅੱਜ ਵੀ ਪੁਰਾਤਨ ਇਤਿਹਾਸਕ ਬੇਰੀ ਮੌਜੂਦ ਹੈ। ਇਸ ਦੀ ਸੰਭਾਲ ਲਈ ਆਲੇ-ਦੁਆਲੇ ਲੋਹੇ ਦਾ ਜਾਲ ਲਗਾਇਆ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਆਰੰਭ ਕਰਵਾਈ ਸੀ ਤਾਂ ਉਨ੍ਹਾਂ ਨੇ ਉਸ ਸਮੇਂ ਇੱਥੇ ਦਰਬਾਰ ਸਾਹਿਬ ਅਤੇ ਸਰੋਵਰ ਦੀ ਸੇਵਾ ਵੀ ਸ਼ੁਰੂ ਕਰਵਾਈ ਸੀ। ਸਰੋਵਰ ਦੀ ਪੈਮਾਇਸ਼ 150×85 ਫੁੱਟ ਹੈ। ਬਾਅਦ ਵਿਚ ਇਹ ਸੇਵਾ ਬਾਬਾ ਨਿਧਾਨ ਸਿੰਘ ਅਤੇ ਬਾਬਾ ਸ਼ੀਸ਼ਾ ਸਿੰਘ ਜੀ ਨੇ ਕਰਵਾਈ ਸੀ।

ਮੌਜੂਦਾ ਸਮੇਂ ਵਿਚ ਇਸ ਅਸਥਾਨ ਦੀ ਸੇਵਾ ਬਾਬਾ ਨਰਿੰਦਰ ਸਿੰਘ ਜੀ ਅਤੇ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲਿਆਂ ਦੇ ਅਧੀਨ ਹੈ। ਇਸ ਗੁਰਦੁਆਰਾ ਸਾਹਿਬ ਵਿਚ ਵਰਤਮਾਨ ਦਰਬਾਰ ਸਾਹਿਬ ਦੀ ਮੁੜ ਉਸਾਰੀ 1998 ਈ. ਵਿਚ ਸੰਪੂਰਨ ਹੋਈ ਸੀ। ਦਰਬਾਰ ਸਾਹਿਬ ਦੇ ਅੰਦਰ ਇੱਕ ਵੱਡਾ ਨਗਾਰਾ ਪਿਆ ਹੈ। ਲਗਭਗ 10 ਏਕੜ ਦੀ ਚਾਰ ਦੀਵਾਰੀ ਅੰਦਰ ਦਰਬਾਰ ਸਾਹਿਬ , ਲੰਗਰ ਹਾਲ, ਗੁਰੂ ਨਾਨਕ

ਦੇਵ ਜੀ ਯਾਤਰੀ ਨਿਵਾਸ , ਦਫ਼ਤਰ, ਸੇਵਾਦਾਰਾਂ ਲਈ ਕਮਰੇ , ਸਰੋਵਰ, ਕੋਲਡ ਸਟੋਰ, ਪਾਰਕਿੰਗ ਆਦਿ ਬਣੇ ਹੋਏ ਹਨ। 90×45 ਫੁੱਟ ਲੰਮੀ-ਚੌੜੀ ਅਤੇ 45 ਫੁੱਟ ਉੱਚੀ ਆਲੀਸ਼ਾਨ ਡਿਉਢੀ ਬਣੀ ਹੋਈ ਹੈ। ਸਾਲ 2013 ਦੇ ਵਿਚ ਗੁਰੂ ਨਾਨਕ ਦੇਵ ਜੀ ਕੋਲਡ ਸਟੋਰ ਬਣਾਇਆ ਗਿਆ ਸੀ। ਇਸ ਵਿਚ ਅਨਾਜ ਅਤੇ ਦਾਲਾਂ ਦੀ 70 ਹਜ਼ਾਰ ਬੋਰੀ ਰੱਖਣ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਇਸ ਵਿਚ ਕਈ ਕੁਇੰਟਲ ਆਲੂ ਅਤੇ ਪਿਆਜ਼ ਰੱਖਣ ਦਾ ਵੀ ਪ੍ਰਬੰਧ ਹੈ।

ਇਸ ਗੁਰਦੁਆਰਾ ਸਾਹਿਬ ਦੇ ਨਾਮ ਕਰੀਬ 125 ਏਕੜ ਜ਼ਮੀਨ ਹੈ। ਇਸ ਵਿਚੋਂ 25 ਏਕੜ ਪਾਂਗਰੀ, 37 ਏਕੜ ਵਿਸ਼ਨਪੁਰੀ, 5 ਏਕੜ ਧੰਗਰਵਾੜੀ, 33 ਏਕੜ ਖਰਬੀ, 10 ਏਕੜ ਮਾਰਕੰਡ ਆਦਿ ਥਾਵਾਂ 'ਤੇ ਹੈ। ਇਸ ਜ਼ਮੀਨ ਵਿਚ ਗੰਨਾ, ਹਲਦੀ, ਗੰਡੇ, ਅਰਹਰ, ਸੋਇਆਬੀਨ, ਮੱਕੀ, ਬਾਜਰਾ, ਛੋਲੇ, ਚਰੀ ਆਦਿ ਫ਼ਸਲਾਂ ਅਤੇ ਸਬਜੀਆਂ ਦੀ ਖੇਤੀ ਕੀਤੀ ਜਾਂਦੀ ਹੈ। ਕੁਝ ਏਕੜ ਵਿਚ ਅੰਬ , ਨਾਰੀਅਲ, ਨਿੰਬੂ ਅਤੇ ਅਮਰੂਦ ਆਦਿ ਫਲਾਂ ਦੇ ਬਾਗ ਹਨ।[55] ਇਸ ਗੁਰਦੁਆਰਾ ਸਾਹਿਬ ਵਿਚ ਸੰਤ ਬਾਬਾ ਜੀਵਨ ਸਿੰਘ , ਸੰਤ ਬਾਬਾ ਦਲੀਪ ਸਿੰਘ , ਸੰਤ ਬਾਬਾ ਹਰੀ ਸਿੰਘ ਅਤੇ ਸੰਤ ਬਾਬਾ ਸ਼ੀਸ਼ਾ ਸਿੰਘ ਦੀ ਬਰਸੀ ਹਰ ਸਾਲ 29 ਅਕਤੂਬਰ ਨੂੰ ਸਮੂਹ ਸਿੱਖ ਸੰਗਤਾਂ ਅਤੇ ਸੰਤ ਬਾਬਾ ਨਰਿੰਦਰ ਸਿੰਘ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਜੀ ਵੱਲੋਂ ਬੜੀ ਸ਼ਰਧਾ-ਭਾਵਨਾ ਨਾਲ ਮਨਾਈ ਜਾਂਦੀ ਹੈ।

**ਗੁਰਦੁਆਰਾ ਰਤਨਗੜ੍ਹ ਸਾਹਿਬ**

ਇਹ ਅਸਥਾਨ ਗੁਰਦੁਆਰਾ ਨਾਨਕਸਰ ਸਾਹਿਬ ਤੋਂ 4 ਕਿ. ਮੀ. ਦੂਰ ਹੈ। ਇਸ ਦੀ ਵਿਵਸਥਾ ਵੀ ਗੁਰਦੁਆਰਾ ਲੰਗਰ ਸਾਹਿਬ ਦੇ ਅਧੀਨ ਹੈ। ਇਹ ਗੁਰਦੁਆਰਾ ਬੜੇਪੁਰੀ ਪਿੰਡ ਵਿਚ ਪੈਂਦਾ ਹੈ। ਤਖ਼ਤ ਸਾਹਿਬ ਤੋਂ ਇਸ ਦੀ ਦੂਰੀ 14 ਕਿ. ਮੀ. ਹੈ। ਗੁਰਦੁਆਰੇ ਦੇ ਇਤਿਹਾਸ ਦੀ ਸਾਖੀ ਅਨੁਸਾਰ ਇਸ ਅਸਥਾਨ ਉੱਪਰ ਗੁਰੂ ਗੋਬਿੰਦ ਸਿੰਘ ਨੇ ਸੱਚਖੰਡ ਗਮਨ ਤੋਂ ਬਾਅਦ ਆਪਣੇ ਇੱਕ ਸ਼ਰਧਾਲੂ ਉਦਾਸੀ ਸੰਤ ਰਤਨ ਦਾਸ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਸੀ ਅਤੇ ਉਸਨੂੰ ਹੁਕਮ ਕੀਤਾ ਸੀ ਕਿ ਆਪ ਸਾਡੇ ਸੱਚਖੰਡ ਵਾਲੇ ਅਸਥਾਨ 'ਤੇ ਜਾ ਕੇ ਸੰਗਤਾਂ ਨੂੰ ਸਾਡਾ ਹੁਕਮ ਸੁਣਾਉ ਕਿ ਵਿਰਲਾਪ ਨਹੀ ਕਰਨਾ ਅਕਾਲ ਪੁਰਖ ਦੀ ਯਾਦ

[55] ਗੁਰਦੁਆਰਾ ਨਾਨਕਸਰ ਸਾਹਿਬ ਦੇ ਮੌਜੂਦਾ ਪ੍ਰਬੰਧਕ ਬਾਬਾ ਸੁਖਵਿੰਦਰ ਸਿੰਘ ਦੇ ਦੱਸਣ ਅਨੁਸਾਰ।

ਵਿਚ ਕੀਰਤਨ ਅਤੇ ਸਤਿਨਾਮ ਦਾ ਜਾਪ ਕਰਨਾ ਹੈ। ਗੁਰੂ ਸਾਹਿਬ ਸਦਾ ਤੁਹਾਡੇ ਅੰਗ ਸੰਗ ਹੈ। ਉਸ ਸਮੇਂ ਦਸਮ ਪਾਤਸ਼ਾਹ ਦਾ ਇਹ ਹੁਕਮ ਉਦਾਸੀ ਸੰਤ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਾਲੇ ਅਸਥਾਨ ਉੱਪਰ ਆ ਕੇ ਸਿੱਖ ਸੰਗਤ ਨੂੰ ਸੁਣਾਇਆ ਸੀ। ਉਦਾਸੀ ਸੰਤ ਆਖ ਰਿਹਾ ਸੀ ਕਿ ਗੁਰੂ ਸਾਹਿਬ ਨੇ ਉਸ ਨੂੰ ਦਰਸ਼ਨ ਦਿੱਤੇ ਸਨ। ਉਹ ਨੀਲੇ ਕੁਮੈਤ 'ਤੇ ਸ਼ਸਤਰਧਾਰੀ ਹੋ ਕੇ ਕਿਧਰੇ ਜਾ ਰਹੇ ਸਨ। ਉਸ ਦੀ ਇਹ ਗੱਲ ਸੁਣਦਿਆਂ ਹੀ ਇੱਕ ਸਿੰਘ ਤਬੇਲੇ ਵਿਚ ਗਿਆ ਤਾਂ ਨੀਲਾ ਕੁਮੈਤ ਘੋੜਾ ਗ਼ਾਇਬ ਸੀ। ਇਹ ਵੇਖ ਕੇ ਉਨ੍ਹਾਂ ਨੇ ਅਕਾਲ ਅਕਾਲ ਦੇ ਜੈਕਾਰੇ ਗਜਾ ਦਿੱਤੇ।[56] ਕਉਣ ਕਹੈ ਸ੍ਰੀ ਗੁਰ ਮੁਇਓ ? ਇਸ ਸੰਤ ਦੇ ਨਾਮ 'ਤੇ ਇਸ ਗੁਰਧਾਮ ਦਾ ਨਾਮ ਗੁਰਦੁਆਰਾ ਰਤਨਗੜ੍ਹ ਸਾਹਿਬ ਪਿਆ।

ਸ਼ੁਰੂ ਵਿਚ ਇਸ ਅਸਥਾਨ ਦੀ ਸੇਵਾ ਬਾਬਾ ਨਿਧਾਨ ਸਿੰਘ ਜੀ ਨੇ ਕਰਵਾਈ ਸੀ। ਮੌਜੂਦਾ ਸਮੇਂ ਵਿਚ ਇਹ ਸੇਵਾ ਬਾਬਾ ਨਰਿੰਦਰ ਸਿੰਘ ਜੀ ਅਤੇ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲੇ ਕਰਵਾ ਰਹੇ ਹਨ। ਦਰਬਾਰ ਸਾਹਿਬ ਦੀ ਸੁੰਦਰ ਆਲੀਸ਼ਾਨ ਇਮਾਰਤ ਬਣਾਉਣ ਦਾ ਕੰਮ 2019 ਤੋਂ ਚੱਲ ਰਿਹਾ ਹੈ। ਅਜੋਕੇ ਸਮੇਂ ਵਿਚ ਉਸਾਰੀ ਦਾ ਕੰਮ ਸੰਪੂਰਨ ਹੋ ਚੁੱਕਾ ਹੈ ਪਰ ਸੰਗਮਰਮਰ ਅਤੇ ਫ਼ਰਨੀਚਰ ਦਾ ਕੰਮ ਚੱਲ ਰਿਹਾ ਹੈ। ਇਸ ਇਮਾਰਤ ਵਿਚ ਇੱਟਾਂ ਨਹੀਂ ਲਗਾਈਆਂ। ਇਸ ਵਿਚ ਸਿਰਫ਼ ਬਜਰੀ , ਸਰੀਆ ਅਤੇ ਸੀਮੇਂਟ ਦਾ ਪ੍ਰਯੋਗ ਕੀਤਾ ਗਿਆ ਹੈ। ਦਰਸ਼ਨੀ ਡਿਉਢੀ ਬ ਣਾਈ ਜਾ ਰਹੀ ਹੈ। ਡਿਉਢੀ ਦੇ ਦੋਵੇਂ ਪਾਸੇ ਯਾਤਰੂਆਂ ਲਈ ਨਵੇਂ ਕਮਰੇ ਬਣਾਏ ਜਾਣਗੇ। 100×100 ਫੁੱਟ ਦਾ ਲੰਗਰ ਹਾਲ ਬਣਾਇਆ ਜਾਵੇਗਾ। ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਏ ਯਾਤਰੂਆਂ ਨੂੰ ਰੋਜ਼ਾਨਾ ਚੌਵੀ ਘੰਟੇ ਲੰਗਰ ਅਤੇ ਠੰਡੀ ਲੱਸੀ ਵਰਤਾਈ ਜਾਂਦੀ ਹੈ। ਇਸ ਅਸਥਾਨ 'ਤੇ ਲਗਭਗ 60 ਮੱਝਾਂ ਹਨ। ਇਸ ਤੋਂ ਇਲਾਵਾ ਇੱਥੇ 2 ਟਰੈਕਟਰ, 1 ਟਰੱਕ, 2 ਜੀਪਾਂ, ਮੋਟਰਸਾਇੱਕਲ ਆਦਿ ਸਾਧਨ ਹਨ। ਗੁਰਦੁਆਰੇ ਦੇ ਨਾਮ ਲਗਭਗ 100 ਏਕੜ ਜ਼ਮੀਨ ਹੈ। ਇਹ ਸਾਰੀ ਜ਼ਮੀਨ ਗੁਰਦੁਆਰੇ ਦੇ ਆਸ -ਪਾਸ ਹੈ। ਇਸ ਜ਼ਮੀਨ ਵਿਚ ਵੱਖ -ਵੱਖ ਫਸਲਾਂ ਅਤੇ ਸਬਜੀਆਂ ਦੀ ਖੇਤੀ ਕੀਤੀ ਜਾਂਦੀ ਹੈ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਕਿਲਾ ਰਾਏਪੁਰ ਦੇ ਨਿਵਾਸੀ ਜਥੇਦਾਰ ਸ੍ਰ . ਨਿਰੰਜਣ

[56] ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ* , ਸਾਤਵਿਕ ਬੁਕਸ, ਅੰਮ੍ਰਿਤਸਰ, ਮਾਰਚ 2017 (ਪਹਿਲੀ ਵਾਰ), ਪੰਨਾ 11.

ਸਿੰਘ (1892-1965) ਸਪੁੱਤਰ ਸ੍ਰ. ਹਰਨਾਮ ਸਿੰਘ, ਨੇ 2 ਮੁਰੱਬੇ (216 ਵਿਘੇ) ਜ਼ਮੀਨ ਇਸ ਗੁਰਦੁਆਰਾ ਸਾਹਿਬ ਦੇ ਨਾਮ ਦਾਨ ਕੀਤੀ ਸੀ।[57]

ਉਪਰੋਕਤ ਨਾਂਦੇੜ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਤੋਂ ਇਲਾਵਾ ਹਜ਼ੂਰ ਸਾਹਿਬ ਵਿਖੇ ਯਾਤਰਾ ਕਰਨ ਆਏ ਸ਼ਰਧਾਲੂਆਂ ਵਾਸਤੇ ਲੰਗਰ-ਪਾਣੀ ਦੇ ਪ੍ਰਬੰਧ ਲਈ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਕੋਠਾ, ਗੁਰਦੁਆਰਾ ਲੋਹ ਲੰਗਰ ਸਾਹਿਬ ਮਾਤਾ ਭਾਗ ਕੌਰ ਜੀ ਆਦਿ ਗੁਰਦੁਆਰੇ ਵੀ ਬਣੇ ਹੋਏ ਸਨ। ਹਜ਼ੂਰ ਸਾਹਿਬ ਵਿਖੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਸ਼ਹੀਦ ਗੰਜ ਜਾਂ ਸ਼ਹੀਦੀ ਯਾਦਗਾਰ ਅਸਥਾਨ ਬਣੇ ਹੋਏ ਸਨ। ਇਨ੍ਹਾਂ ਦੇ ਨਾਮ ਹੇਠ ਲਿਖੇ ਹਨ:

1) ਗੁਰਦੁਆਰਾ ਸ਼ਹੀਦ ਗੰਜ ਸਾਹਿਬ

2) ਗੁਰਦੁਆਰਾ ਬਾਬਾ ਮਹਾਕਾਲ ਸਿੰਘ ਸ਼ਹੀਦ ਗੰਜ

3) ਗੁਰਦੁਆਰਾ ਭੁਜੰਗ ਸਿੰਘ ਸ਼ਹੀਦ ਗੰਜ

4 ) ਗੁਰਦੁਆਰਾ ਬਾਬਾ ਅਰਲਾਦਾ ਸਿੰਘ ਅਤੇ ਬਾਬਾ ਪ੍ਰਹਿਲਾਦਾ ਸਿੰਘ ਸ਼ਹੀਦ ਗੰਜ

ਨਾਂਦੇੜ ਵਿਖੇ ਸਾਰੇ ਇਤਿਹਾਸਕ ਗੁਰਦੁਆਰੇ ਗੁਰਦੁਆਰਾ ਸੱਚਖੰਡ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਟਰੱਸਟ ਦੇ ਅਧੀਨ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਲਿਖਾਰੀ , ਸੇਵਾਦਾਰ, ਗ੍ਰੰਥੀ ਸਿੰਘ ਅਤੇ ਰਾਗੀ ਸਿੰਘਾਂ ਦੀਆਂ ਡਿਊਟੀਆਂ ਲਗਾਈਆਂ ਹੋਈਆਂ ਹਨ। ਹਰ ਇੱਕ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਕਾਸ਼ਮਾਨ ਕੀਤੇ ਜਾਂਦੇ ਹਨ। ਇਨ੍ਹਾਂ ਸਾਰੇ ਗੁਰਧਾਮਾਂ 'ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਹਰ ਸਾਲ ਬਸੰਤ ਪੰਚਮੀਂ ਮੇਲਾ ਅਤੇ ਸਾਲਾਨਾ ਚੌਂਕੀ ਕੱਢੀ ਜਾਂਦੀ ਹੈ। ਰੋਜ਼ਾਨਾ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਨੂੰ ਹਰੇਕ ਗੁਰਦੁਆਰੇ ਵਿਚ ਉਸ ਅਸਥਾਨ ਦਾ ਇਤਿਹਾਸ ਸੁਣਾਇਆ ਜਾਂਦਾ ਹੈ।

**ਗੁਰਦੁਆਰਾ ਬੋਰਡ ਦੀ ਸਥਾਪਨਾ ਅਤੇ ਗੁਰਦੁਆਰਿਆਂ ਦਾ ਪ੍ਰਬੰਧ**

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਕਰ ਜਾਣ ਪਿਛੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਨਾਂਦੇੜ ਦੇ ਹੋਰ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ ਅਤੇ ਸੇਵਾ ਸੰਭਾਲ ਗੁਰੂ ਸਾਹਿਬ ਨਾਲ

---

[57] ਸਰਵੇਖਣ ਸਮੇਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ।

ਪੰਜਾਬ ਤੋਂ ਆਏ ਹੋਏ ਸਿੰਘ ਹੀ ਕਰਦੇ ਰਹੇ ਸਨ। ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਇਹ ਸਿੰਘ ਇੱਥੇ ਹੀ ਵਸ ਗਏ ਸਨ। ਇਨ੍ਹਾਂ ਨੂੰ ਗੁਰੂ ਸਾਹਿਬ ਜੀ ਦੇ ਹਜੂਰੀ ਸਿੱਖ ਕਿਹਾ ਜਾਂਦਾ ਹੈ। ਇਹ ਗਿਣਤੀ ਦੇ ਵਿਚ ਥੋੜ੍ਹੇ ਹੀ ਸਨ। ਕੁਝ ਸਮੇਂ ਬਾਅਦ ਨਾਂਦੇੜ ਵਿਖੇ ਗੁਰੂ ਜੀ ਦੇ ਜੋਤੀ ਜੋਤਿ ਦੀ ਖ਼ਬਰ ਸੁਣ ਕੇ ਪੰਜਾਬ ਤੋਂ ਨਿਹੰਗ ਸਿੰਘਾਂ ਦੇ ਜੱਥੇ ਇਸ ਪਵਿੱਤਰ ਅਸਥਾਨ ਦੀ ਸੇਵਾ-ਸੰਭਾਲ ਅਤੇ ਪ੍ਰਬੰਧ ਲਈ ਪਹੁੰਚੇ। ਬਾਅਦ ਵਿਚ ਵੀ ਪੰਜਾਬ ਤੋਂ ਗੁਰੂ ਕਾ ਖ਼ਾਲਸਾ ਅਤੇ ਨਿਹੰਗ ਸਿੰਘ ਇਥੋਂ ਦੇ ਪ੍ਰਬੰਧ ਲਈ ਨਾਂਦੇੜ ਵਿਖੇ ਪਹੁੰਚਦੇ ਰਹੇ ਸਨ।

ਮਹਾਰਾਜਾ ਰਣਜੀਤ ਸਿੰਘ ਨੇ 1829 ਈ. ਵਿਚ ਮਿਸਤਰੀ ਅਤੇ ਕਾਰੀਗਰ ਭੇਜ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਆਰੰਭ ਕਰਵਾਈ ਸੀ ਅਤੇ ਹੈਦਰਾਬਾਦ ਰਿਆਸਤ ਦੇ ਨਿਜ਼ਾਮ ਦੀ ਸੈਨਿਕ ਸਹਾਇਤਾ ਲਈ ਖ਼ਾਲਸਾ ਫ਼ੌਜ ਪੰਜਾਬ ਤੋਂ ਹੈਦਰਾਬਾਦ ਭੇਜੀ ਸੀ। ਉਸ ਸਮੇਂ ਇਸ ਫ਼ੌਜ ਅਤੇ ਭੇਜੇ ਗਏ ਹੋਰ ਸਿੰਘਾਂ ਨੂੰ ਹਜ਼ੂਰ ਸਾਹਿਬ ਨਾਂਦੇੜ ਵਿਖੇ ਪੱਕੇ ਤੌਰ ਉੱਤੇ ਆਪਣਾ ਰਹਿਣ ਬਸੇਰਾ ਕਰਨ ਲਈ ਵੀ ਖੁੱ ਲ੍ਹੀ ਛੋਟ ਦਿੱਤੀ ਗਈ ਸੀ। ਕਿਸੇ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਲਗਾਈ ਗਈ ਸੀ। ਉਸ ਸਮੇਂ ਬਹੁਤ ਸਾਰੇ ਸਿੱਖ ਪੱਕੇ ਤੌਰ 'ਤੇ ਇੱਥੇ ਹੀ ਟਿਕ ਕੇ ਸੇਵਾ ਕਰਨ ਲੱਗੇ ਅਤੇ ਸਮੇਂ ਦੇ ਪਰਿਵਰਤਨ ਨਾਲ ਉਨ੍ਹਾਂ ਨੇ ਇੱਥੇ ਹੀ ਸਥਾਨਿਕ ਇਸਤਰੀਆਂ ਨਾਲ ਵਿਆਹ ਕਰਵਾਕੇ ਆਪਣੇ ਪਰਿਵਾਰ ਵਸਾਏ। ਅੱਜ ਵੀ ਹਜ਼ੂਰ ਸਾਹਿਬ ਅਤੇ ਹੈਦਰਾਬਾਦ ਵਿਖੇ ਇਨ੍ਹਾਂ ਦੀਆਂ ਪੀੜ੍ਹੀਆਂ ਮੌਜੂਦ ਹਨ। ਹੈਦਰਾਬਾਦ ਦੇ ਨਿਜ਼ਾਮ ਅਤੇ ਉਸ ਦੇ ਵਜ਼ੀਰ ਚੰਦੂ ਲਾਲ ਨੇ ਤਖ਼ਤ ਸਾਹਿਬ ਦੀ ਸੇਵਾ ਲਈ ਦਿਲ ਖੋਲ੍ਹ ਕੇ ਆਰਥਿਕ ਸਹਾਇਤਾ ਦਿੱਤੀ।

1830-32 ਈ. ਤੋਂ ਬਾਅਦ ਹੈਦਰਬਾਦ ਦੇ ਨਿਜ਼ਾਮ ਅਤੇ ਉਸਦੇ ਵਜ਼ੀਰ ਚੰਦੂ ਲਾਲ ਨੇ ਇਸ ਅਸਥਾਨ ਦੇ ਨਾਮ ਬਹੁਤ ਸਾਰੀ ਜ਼ਮੀਨ ਲਗਵਾਈ। ਫਿਰ ਇਸ ਜ਼ਮੀਨ ਉੱਪਰ ਖੇਤੀ ਕੀਤੀ ਜਾਣ ਲੱਗੀ। ਜਿਸ ਕਾਰਨ ਇਥੋਂ ਦੇ ਪ੍ਰਬੰਧ ਵਿਚ ਸੁਧਾਰ ਹੋਇਆ। ਉਦਾਸੀ ਸਾਧੂਆਂ ਨੇ ਵੀ ਬਹੁਤ ਸਮਾਂ ਤਖ਼ਤ ਸਾਹਿਬ ਦੀ ਸੇਵਾ ਕੀਤੀ ਅਤੇ ਪ੍ਰਬੰਧ ਸੰਭਾਲਿਆ ਸੀ। ਬਾਅਦ ਵਿਚ ਇਹ ਪ੍ਰਬੰਧ ਨਿਜ਼ਾਮ ਸਰਕਾਰ ਦੇ ਅਧੀਨ ਆ ਗਿਆ ਸੀ। ਨਿਜ਼ਾਮ ਹੈਦਰਾਬਾਦ ਨੇ ਉਦਾਸੀਆਂ ਨੂੰ ਅਕੋਲੇ ਪਾਸ ਜਾ ਕੇ ਰਹਿਣ ਲਈ ਜਾਗੀਰ ਦਿੱਤੀ ਅਤੇ ਇਹ ਉੱਥੇ ਜਾ ਕੇ ਰਹਿਣ ਲੱਗੇ। ਇਕ ਅਕਤੂਬਰ 1902 ਨੂੰ ਹੈਦਰਾਬਾਦ ਰਿਆਸਤ ਦੇ ਨਿਜ਼ਾਮ ਸ਼ਾਸਕ ਦੁਆਰਾ ਤਖ਼ਤ ਹਜ਼ੂਰ ਸਾਹਿਬ ਦੇ ਅਧੀਨ ਗੁਰਦੁਆਰਿਆਂ ਦੇ ਸੁਚੱਜੇ ਪ੍ਰਬੰਧ ਲਈ ਪਹਿਲਾ ਗੁਰਦੁਆਰਾ

ਵਿਧਾਨ ਬਣਾਇਆ ਗਿਆ ਸੀ ਅਤੇ ਇੱਕ ਕਾਨੂੰਨ 'ਦਸਤੂਰ ਉਲ ਅਮਲ ਗੁਰਦੁਆਰਾ ਸਿੱਖਾਂ ਨਾਂਦੇੜ' ਜਾਰੀ ਕੀਤਾ ਗਿਆ।[58] ਜਿਸ ਤਹਿਤ ਮਹਾਰਾਸ਼ਟਰ ਦੀ ਪੁਲਿਸ ਦਾ ਡਾਇਰੈਕਟਰ ਜਨਰਲ (DGP) ਗੁਰਦੁਆਰਾ ਕਮੇਟੀ ਦਾ ਪ੍ਰਧਾਨ ਅਤੇ ਜ਼ਿਲ੍ਹਾ ਕੁਲੈਕਟਰ (DC) ਚੇਅਰਮੈਨ ਹੁੰਦਾ ਸੀ। ਤਖ਼ਤ ਦਾ ਹਰੇਕ ਤਰ੍ਹਾਂ ਦਾ ਪ੍ਰਬੰਧ ਇਨ੍ਹਾਂ ਦੇ ਅਧੀਨ ਹੁੰਦਾ ਸੀ ਅਤੇ ਇਸ ਪ੍ਰਬੰਧ ਦੇ ਇਹ ਮੁੱਖੀ ਸਨ।

ਸੰਨ 1956 ਈ. ਤੱਕ ਇਹ ਪ੍ਰਬੰਧ ਹੈਦਰਾਬਾਦ ਨਿਜ਼ਾਮ ਦੁਆਰਾ ਸਰਕਾਰੀ ਹੱਥਾਂ ਵਿਚ ਚੱਲਦਾ ਰਿਹਾ। ਖਾਲਸਾ ਪੰਥ ਵਿਚ ਇਸ ਪ੍ਰਬੰਧ ਨੂੰ ਆਪਣੇ ਹੱਥਾਂ ਵਿਚ ਲੈਣ ਦੀ ਇੱਛਾ ਪ੍ਰਬਲ ਹੋ ਰਹੀ ਸੀ। ਇਸ ਸੰਬੰਧੀ ਅਕਾਲੀ ਕੌਰ ਸਿੰਘ ਇਸ ਤਰ੍ਹਾਂ ਲਿਖਦੇ ਹਨ "ਭਾਵੇਂ ਪੰਥ ਵਿਚ ਕਈਂ ਥਾਂਈਂ ਇਹ ਵਿਚਾਰ ਹੁੰਦੇ ਹਨ ਕਿ ਸ੍ਰੀ ਹਜ਼ੂਰ ਸਾਹਿਬ ਤੇ ਪੰਥਕ ਕਬਜ਼ਾ ਕਰਕੇ ਗੁਰਦੁਆਰਾ ਸੁਧਾਰ ਕੀਤਾ ਜਾਏ , ਤਦ ਮੌਜ ਹੋਵੇਗੀ, ਪ੍ਰੰਤੂ ਮੈਂ ਇਹ ਬਿਨੈ ਕਰ ਦਿਆਂ ਕਿ ਸਿਰਫ ਆਮਦਨ ਨੂੰ ਮਨ ਮਰਜ਼ੀ ਨਾਲ ਖਰਚਣ ਦੀ ਤਾਕਤ ਹਾਸਲ ਕਰਨ ਦਾ ਨਾਮ ਹੀ ਜੇ ਗੁਰਦੁਆਰਾ ਸੁਧਾਰ ਹੈ ਤਾਂ ਐਸੀ ਇਛਿਆ ਦੇ ਪੂਰਨ ਕਰਨ ਵਾਸਤੇ ਕਬਜ਼ਾ ਲੈਣਾ ਪਾਪ ਤੇ ਜ਼ੁਲਮ ਹੋਵੇਗਾ"।[59] ਬਾਅਦ ਵਿਚ ਇਹ ਪ੍ਰਬੰਧ ਮੁੜ ਸਿੱਖਾਂ ਦੇ ਹੱਥਾਂ ਵਿਚ ਆ ਗਿਆ ਅਤੇ ਸੁਧਰਦਾ ਗਿਆ। ਗੁਰਦੁਆਰਿਆਂ ਨੂੰ ਸਰਕਾਰੀ ਹੱਥਾਂ ਵਿਚੋਂ ਆਜ਼ਾਦ ਕਰਵਾਉਣ ਲਈ ਇਥੋਂ ਦੇ ਹਜ਼ੂਰੀ ਖ਼ਾਲਸਾ ਅਤੇ ਨਿਹੰਗ ਸਿੰਘਾਂ ਨੇ ਹਮੇਸਾ ਅੱਗੇ ਹੋ ਕੇ ਕੁਰਬਾਨੀਆਂ ਕੀਤੀਆਂ। ਅੰਤ ਸਰਕਾਰ ਨੂੰ ਖਾਲਸਾ ਦੇ ਯਤਨਾਂ ਅੱਗੇ ਝੁਕਣਾਂ ਪਿਆ ਅਤੇ ਹੈਦਰਾਬਾਦ ਸਰਕਾਰ ਨੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਇੱਕ 'ਗੁਰਦੁਆਰਾ ਸੱਚਖੰਡ ਬੋਰਡ' ਬਣਾ ਕੇ ਸਾਰਾ ਪ੍ਰਬੰਧ ਸਿੰਘਾਂ ਨੂੰ ਸੋਂਪ ਦਿੱਤਾ। 20 ਸਤੰਬਰ 1956 ਈ. ਨੂੰ 'ਨਾਂਦੇੜ ਸਿੱਖ ਗੁਰਦੁਆਰਾ ਐਕਟ' ਪਾਸ ਕਰਕੇ 17 ਮੈਂਬਰਾਂ ਦਾ ਇੱਕ 'ਗੁਰਦੁਆਰਾ ਬੋਰਡ' ਸਥਾਪਿਤ ਕੀਤਾ ਗਿਆ ਅਤੇ ਪੰਜ ਮੈਂਬਰਾਂ ਦੀ ਮੈਨੇਜਿੰਗ ਕਮੇਟੀ ਵੀ ਬਣਾ ਦਿਤੀ ਗਈ।[60] ਮਨੈਜਿੰਗ ਕਮੇਟੀ ਦਾ ਚੇਅਰਮੈਨ ਨਾਂਦੇੜ ਜ਼ਿਲ੍ਹੇ ਦੇ ਡੀ. ਸੀ. ਨੂੰ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਨਾਂਦੇੜ ਦੇ ਹੋਰ ਇਤਿਹਾਸਕ

---

[58] Nishter, Nanak Singh, *Takhat Shri Hazur Sahib History & Contribution,* International Sikh Centre for interfaith Relations, Hyderabad, 2018 (First Edition), page 69.

[59] ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਖੀ,* ਪੰਨਾ 37.

[60] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1020.

ਗੁਰਦੁਆਰਿਆਂ ਦਾ ਪ੍ਰਬੰਧ 'ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ' ਦੇ ਅਧੀਨ ਹੋ ਗਿਆ।

ਇਸ ਬੋਰਡ ਵਿਚ 22 ਸਤੰਬਰ, 1969 ਈ. ਨੂੰ ਕੁਝ ਤਬਦੀਲੀ ਕਰਕੇ ਨਵਾਂ ਬੋਰਡ ਬਣਾਇਆ ਗਿਆ ਸੀ। ਬਾਅਦ ਵਿਚ ਵੀ ਸਮੇਂ ਸਮੇਂ ਇਸ ਬੋਰਡ ਵਿਚ ਬਦਲਾਅ ਅਤੇ ਸੋਧਾਂ ਹੁੰਦੀਆਂ ਰਹੀਆਂ ਹਨ। ਪਿਛਲੇ ਲੰਮੇ ਸਮੇਂ ਤੋਂ ਮਹਾਰਾਸ਼ਟਰ ਸਰਕਾਰ ਕਿਸੇ ਨਾ ਕਿਸੇ ਰੂਪ ਵਿਚ ਬੋਰਡ ਦੇ ਪ੍ਰਬੰਧ ਵਿਚ ਦਖ਼ਲ ਦਿੰਦੀ ਰਹੀ ਹੈ। ਅੱਜ ਸਮੁੱਚਾ ਪ੍ਰਬੰਧ ਬੋਰਡ ਦੁਆਰਾ ਖ਼ਾਲਸਾ ਪੰਥ ਦੇ ਹੱਥਾਂ ਵਿਚ ਚਲ ਰਿਹਾ ਹੈ। ਗੁਰਦੁਆਰਾ ਬੋਰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਲੋਂ ਬੋਰਡ ਦੇ ਕਰਮਚਾਰੀਆਂ ਦੀ *'ਅਮਲਾ, ਸਰਵਿਸ, ਰੂਲ, ਸਹੂਲਤਾਂ, ਨਿਯਮਾਵਲੀ, ਸਕੇਲ ਰਿਪੋਰਟ 1998'* ਤਿਆਰ ਕੀਤੀ ਗਈ ਸੀ। ਜਿਸ ਵਿਚ ਬੋਰਡ ਦੇ ਵੱਖ-ਵੱਖ ਵਿਭਾਗਾਂ ਦੇ ਨਿਯਮ -ਅਸਾਮੀਆਂ, ਕਰਮਚਾਰੀਆਂ ਅਤੇ ਸੇਵਾਦਾਰਾਂ (ਛੋਟੇ ਕਰਮਚਾਰੀ ਤੋਂ ਲੈ ਕੇ ਮੁੱਖ ਜਥੇਦਾਰ ਤੱਕ ) ਦੇ ਅਹੁਦੇ, ਯੋਗਤਾ, ਸਹੂਲਤਾਂ, ਪ੍ਰਮੋਸ਼ਨ, ਤਨਖਾਹਾਂ ਅਤੇ ਕੰਮਾਂ ਦੀ ਜ਼ਿੰਮੇਵਾਰੀ ਬਾਰੇ ਵਿਸਥਾਰ ਸਹਿਤ ਦੱਸਿਆ ਹੈ ਤਾਂ ਕਿ ਹਰ ਕੰਮ ਨਿਯਮਾਨੁਸਾਰ ਨੇਪਰੇ ਚੜ੍ਹੇ ਅਤੇ ਹਰ ਅਹੁਦੇਦਾਰ ਜ਼ਿੰਮੇਵਾਰੀ ਨਾਲ ਕੰਮ ਕਰੇ। ਮੌਜੂਦਾ ਸਮੇਂ ਵਿਚ ਗੁਰਦੁਆਰਾ ਸੱਚਖੰਡ ਬੋਰਡ ਤਖ਼ਤ ਸਾਹਿਬ ਦੇ ਸੁਚੱਜੇ ਪ੍ਰਬੰਧ, ਸਿੱਖੀ ਦੇ ਪ੍ਰਚਾਰ-ਪ੍ਰਸਾਰ ਅਤੇ ਧਾਰਮਿਕ-ਸਮਾਜਿਕ ਕਾਰਜਾਂ ਲਈ ਹਮੇਸਾ ਸਰਗਰਮ ਰਿਹਾ ਹੈ।

ਇਸ ਅਧਿਆਇ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰਦੁਆਰਾ ਸਿੱਖ ਧਰਮ ਦੀ ਮੂਲ ਸੰਸਥਾ ਅਤੇ ਕੇਂਦਰ ਹੈ। ਮੌਜੂਦਾ ਸਮੇਂ ਵਿਚ ਨਾਂਦੇੜ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ , ਗੁਰੂ ਗੋਬਿੰਦ ਸਿੰਘ ਜੀ , ਮਾਤਾ ਸਾਹਿਬ ਦੇਵਾਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਹਨ। ਜ਼ਿਆਦਾਤਰ ਗੁਰਦੁਆਰੇ ਗੋਦਾਵਰੀ ਨਦੀ ਦੇ ਰਮਣੀਕ ਕੰਢੇ ਉੱਪਰ ਸੁਸ਼ੋਭਿਤ ਹਨ। ਇਸ ਅਧਿਆਇ ਵਿਚ ਗੁਰਦੁਆਰਿਆਂ ਵਿਚ ਸੁਸ਼ੋਭਿਤ ਇਤਿਹਾਸਕ ਚੀਜ਼ਾਂ -ਵਸਤਾਂ, ਸ਼ਸਤਰਾਂ ਦਾ ਜ਼ਿਕਰ ਕਰਨ ਦੇ ਨਾਲ -ਨਾਲ ਇਨ੍ਹਾਂ ਅਸਥਾਨਾਂ ਦੇ ਨਾਮ ਲਗਦੀਆਂ ਜ਼ਮੀਨਾਂ ਅਤੇ ਇਨ੍ਹਾਂ ਦੇ ਪ੍ਰਬੰਧ ਬਾਰੇ ਚਾਨਣਾ ਪਾਇਆ ਗਿਆ ਹੈ। ਤਖ਼ਤ ਸਾਹਿਬ ਅਤੇ ਇਤਿਹਾਸਕ ਗੁਰਦੁਆਰਿਆ ਦੇ ਪ੍ਰਬੰਧ ਲਈ ਬਣਾਏ ਗਏ ਗੁਰਦੁਆਰਾ ਸੱਚਖੰਡ ਬੋਰਡ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਸ ਅਧਿਆਇ ਨੂੰ ਲਿਖਣ ਸਮੇਂ ਗੁਰਮੁਖੀ ਸ੍ਰੋਤਾਂ, ਕੋਸ਼ਾਂ

ਅਤੇ ਪੁਸਤਕਾਂ ਵਿਚੋਂ ਪ੍ਰਾਪਤ ਹੋਈ ਜਾਣਕਾਰੀ ਦੇ ਨਾਲ -ਨਾਲ ਉਨ੍ਹਾਂ ਇਤਿਹਾਸਕ ਗੁਰਦੁਆਰਿਆਂ ਅਤੇ ਅਸਥਾਨਾਂ ਉੱਪਰ ਜਾ ਕੇ ਵੀ ਸਰਵੇਖਣ ਕੀਤਾ ਗਿਆ ਹੈ ਜਿਨ੍ਹਾਂ ਬਾਰੇ ਇਸ ਅਧਿਆਇ ਵਿਚ ਜ਼ਿਕਰ ਕੀਤਾ ਗਿਆ ਹੈ ਅਤੇ ਸਰਵੇਖਣ ਦੌਰਾਨ ਪ੍ਰਾਪਤ ਹੋਈ ਜਾਣਕਾਰੀ ਨੂੰ ਵੀ ਇਸ ਅਧਿਆਇ ਵਿਚ ਦਰ ਜ ਕੀਤਾ ਗਿਆ ਹੈ। ਨਾਂਦੇੜ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਸੰਗਤਾਂ ਨੂੰ ਨਾਂਦੇੜ ਦੇ ਸਿੱਖ ਇਤਿਹਾਸ, ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵਿਖੇ ਆਉਣ ਬਾਰੇ ਅਤੇ ਗੁਰੂ ਜੀ ਦੁਆਰਾ ਇੱਥੇ ਆ ਕੇ ਕੀਤੇ ਗਏ ਕਾਰਜਾਂ ਦੀ ਜਾਣਕਾਰੀ ਪ੍ਰਦਾਨ ਕਰਦੇ ਹਨ।

# ਅਧਿਆਇ ਚੌਥਾ

# ਸਿੱਖ ਇਤਿਹਾਸ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਯੋਗਦਾਨ ਅਤੇ ਸਥਾਨ

ਨਾਂਦੇੜ ਵਿਖੇ ਸਿੱਖਾਂ ਦਾ ਮਹਾਨ ਗੁਰਧਾਮ ਅਤੇ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਥਿਤ ਹੈ। ਸਿੱਖ ਇਤਿਹਾਸ ਵਿਚ ਇਸ ਅਸਥਾਨ ਦਾ ਬੜਾ ਮਹੱਤਵਪੂਰਨ ਯੋਗਦਾਨ ਅਤੇ ਨਿਵੇਕਲਾ ਸਥਾਨ ਹੈ। ਇਸ ਅਸਥਾਨ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨਾਲ ਵਰੋਸਾਏ ਹੋਣ ਦਾ ਮਾਣ ਪ੍ਰਾਪਤ ਹੈ। ਗੁਰੂ ਸਾਹਿਬਾਨ ਤੋਂ ਬਾਅਦ ਇਹ ਅਸਥਾਨ ਦੱਖਣੀ ਭਾਰਤ ਵਿਚ ਖਾਲਸਾ ਪੰਥ ਦਾ ਇੱਕ ਮਹੱਤਵਪੂਰਨ ਕੇਂਦਰ ਸੀ। ਹਜ਼ੂਰੀ ਖਾਲਸੇ ਅਤੇ ਨਿਹੰਗ ਸਿੰਘਾਂ ਨੇ ਇਸ ਅਸਥਾਨ ਦਾ ਪ੍ਰਬੰਧ ਸੰਭਾਲਿਆ ਸੀ। ਕੁਝ ਸਮਾਂ ਉਦਾਸੀ ਸੰਤਾਂ ਨੇ ਇੱਥੇ ਸੇਵਾ ਨਿਭਾਈ। ਫਿਰ ਕਾਫ਼ੀ ਸਮਾਂ ਇਥੋਂ ਦਾ ਪ੍ਰਬੰਧ ਹੈਦਰਾਬਾਦ ਨਿਜ਼ਾਮ ਦੇ ਅਧੀਨ ਸਰਕਾਰੀ ਹੱਥਾਂ ਵਿਚ ਰਿਹਾ। ਦੇਸ ਆਜ਼ਾਦ ਹੋਣ ਤੋਂ ਕੁਝ ਸਮੇਂ ਮਗਰੋਂ ਇਸ ਅਸਥਾਨ ਦਾ ਪ੍ਰਬੰਧ ਸਿੰਘਾਂ ਦੇ ਅਧੀਨ ਹੋ ਗਿਆ ਅਤੇ ਗੁਰਦੁਆਰਾ ਸੱਚਖੰਡ ਬੋਰਡ ਦੀ ਸਥਾਪਨਾ ਹੋਈ। ਵਰਤਮਾਨ ਸਮੇਂ ਵਿਚ ਇਹ ਅਸਥਾਨ ਸਿੱਖਾਂ ਦੇ ਇੱਕ ਪ੍ਰਸਿੱਧ ਗੁਰਧਾਮ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਸਿੱਖ ਇਤਿਹਾਸ ਦੇ ਵੱਖ-ਵੱਖ ਪੜਾਵਾਂ ਦੌਰਾਨ ਇਸ ਅਸਥਾਨ ਦੀ ਮਹੱਤਤਾ ਬਾਰੇ ਜ਼ਿਕਰ ਅਸੀਂ ਇਸ ਅਧਿਆਇ ਵਿਚ ਕਰਾਂਗੇ।

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਸਾਹਿਬ ਵਿਚ ਆਗਮਨ ਬਾਰੇ ਵਿਸਥਾਰ ਨਾਲ ਜ਼ਿਕਰ ਅਸੀਂ ਦੂਸਰੇ ਅਧਿਆਇ ਵਿਚ ਕੀਤਾ ਹੈ। ਇਸ ਲਈ ਇੱਥੇ ਇਸ ਸਮੇਂ ਦੀ ਸੰਖੇਪ ਚਰਚਾ ਤੋਂ ਬਾਅਦ 18ਵੀਂ ਸਦੀ ਤੋਂ 20ਵੀਂ ਸਦੀ ਤੱਕ ਇਸ ਅਸਥਾਨ ਦੇ ਪ੍ਰਬੰਧ ਅਤੇ ਇਸ ਦੇ ਸਿੱਖ ਇਤਿਹਾਸ ਬਾਰੇ ਜ਼ਿਕਰ ਕੀਤਾ ਜਾਵੇਗਾ।

ਗੁਰੂ ਨਾਨਕ ਦੇਵ ਜੀ ਆਪਣੀ ਦੱਖਣ ਭਾਰਤ ਦੀ ਯਾਤਰਾ ਸਮੇਂ ਸਿੱਖ ਧਰਮ ਦਾ ਪ੍ਰਚਾਰ ਕਰਦੇ ਹੋਏ ਨਾਂਦੇੜ ਨਗਰ ਵਿਚ ਪਹੁੰਚੇ ਸਨ। ਇੱਥੇ ਗੁਰੂ ਸਾਹਿਬ ਜੀ ਨੇ ਨਗਰ ਦੇ ਬਾਹਰ ਉੱਤਰ -ਪੂਰਬ ਵਾਲੇ ਪਾਸੇ ਇੱਕ ਪਹਾੜੀ ਉੱਤੇ ਆ ਕੇ ਡੇਰਾ ਲਾਇਆ। ਇਸ ਥਾਂ 'ਤੇ ਕੁਝ ਸਮਾਂ ਰੁਕ ਕੇ ਇੱਕ ਲੱਕੜ ਸ਼ਾਹ ਫ਼ਕੀਰ

ਨੂੰ ਧਰਮ ਦਾ ਉਪਦੇਸ਼ ਦਿੱਤਾ। ਇਸ ਤੋਂ ਬਾਅਦ ਨਾਂਦੇੜ ਨਗਰ ਦੇ ਦੱਖਣ -ਪੱਛਮ ਵੱਲ ਮੌਜੂਦਾ ਗੁਰਦੁਆਰਾ ਨਾਨਕਸਰ ਵਾਲੇ ਸਥਾਨ ਉੱਤੇ ਇੱਕ ਬੇਰੀ ਹੇਠ ਗੁਰੂ ਸਾਹਿਬ ਨੇ ਟਿਕਾਣਾ ਕੀਤਾ ਅਤੇ ਇਲਾਕੇ ਦੇ ਲੋਕਾਂ ਨੂੰ ਕੁਝ ਦਿਨ ਗੁਰਮਤਿ ਉਪਦੇਸ਼ ਦਿੱਤਾ। ਇਥੋਂ ਦੀ ਸੰਗਤ ਨੇ ਬਹੁਤ ਸ਼ਰਧਾ-ਭਾਵਨਾ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਚਾਰ ਦੌਰਾਨ ਇਸ ਇਲਾਕੇ ਵਿਚ ਸਿੱਖੀ ਦਾ ਬੀਜ ਕੇ ਸਿੱਖ ਧਰਮ ਦੇ ਕੇਂਦਰ ਦੀ ਨੀਂਹ ਰੱਖੀ ਸੀ।

ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਕਰੀਬ ਨੌ ਮਹੀਨੇ ਰੁਕੇ ਸਨ। ਇਸ ਸਮੇਂ ਦੌਰਾਨ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਣ ਅਤੇ ਪ੍ਰਮਾਣਿਕ ਬੀੜ ਤਿਆਰ ਕਰਵਾਈ। 30 ਅਕਤੂਬਰ, 1706 ਈ. ਨੂੰ ਗੁਰੂ ਸਾਹਿਬ ਦੱਖਣ ਵੱਲ ਚੱਲ ਪਏ। ਦਿੱਲੀ ਵਿਖੇ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ (ਸ਼ਾਹਜਾਦਾ ਮੁਅੱਜ਼ਮ) ਨੂੰ ਰਾਜਗੱਦੀ ਦਿਵਾ ਕੇ ਮੁੜ ਗੁਰੂ ਜੀ ਨੇ ਦੱਖਣ ਵੱਲ ਕੂਚ ਕੀਤਾ। ਆਗਰੇ ਤੋਂ ਚੱਲ ਕੇ ਰਾਜਸਥਾਨ , ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਅਨੇਕਾਂ ਨਗਰਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ ਨਾਂਦੇੜ ਵਿਖੇ ਪਹੁੰਚੇ। ਡਾ . ਫੌਜਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵਿਖੇ 1708 ਈ. ਵਿਚ ਅਗਸਤ ਮਹੀਨੇ ਦੇ ਅਖ਼ੀਰ ਜਾਂ ਸਤੰਬਰ ਦੇ ਸ਼ੁਰੂ ਵਿਚ ਪਹੁੰਚੇ ਸਨ।[1] ਆਧੁਨਿਕ ਇਤਿਹਾਸਕਾਰ ਗੁਰੂ ਜੀ ਦੇ ਨਾਂਦੇੜ ਪਹੁੰਚਣ ਦਾ ਸਹੀ ਸਮਾਂ ਇਹੀ ਅੰਕਿਤ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲਾਂ ਨਾਂਦੇੜ ਨਗਰ ਤੋਂ ਬਾਹਰ ਪੂਰਬ ਵੱਲ ਬ੍ਰਾਹਮਣਵਾੜਾ ਪਿੰਡ ਵਿਖੇ ਗੋਦਾਵਰੀ ਨਦੀ ਦੇ ਕਿਨਾਰੇ ਆਪਣਾ ਪੜਾਅ ਕੀਤਾ। ਜਿੱਥੇ ਹੁਣ ਗੁਰਦੁਆਰਾ ਹੀਰਾ ਘਾਟ ਸਾਹਿਬ ਸੁਸ਼ੋਭਿਤ ਹੈ। ਇੱਥੇ ਗੁਰੂ ਸਾਹਿਬ ਨੇ ਆਪਣਾ ਡੇਰਾ ਤੰਬੂਆਂ ਅਤੇ ਕਨਾਤਾਂ ਵਿਚ ਰੱਖਿਆ। ਥੋੜ੍ਹੀ ਦੂਰੀ 'ਤੇ ਗੋਦਾਵਰੀ ਦੇ ਕੰਢੇ ਹੀ ਮਾਤਾ ਸਾਹਿਬ ਕੌਰ ਜੀ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਸੀ । ਗੁਰੂ ਸਾਹਿਬ ਹੀਰਾ ਘਾਟ ਦੇ ਅਸਥਾਨ ਉੱਤੇ ਅਕਾਲ -ਪੁਰਖ ਦੀ ਉਸਤਤਿ -ਵਡਿਆਈ ਵਿਚ ਸਵੇਰੇ -ਸ਼ਾਮ ਕੀਰਤਨ ਦੀਵਾਨ ਸਜਾਉਂਦੇ ਸਨ।

ਨਾਂਦੇੜ ਵਿਖੇ ਗੁਰੂ ਸਾਹਿਬ ਦੇ ਆਗਮਨ ਬਾਰੇ ਸੁਣ ਕੇ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਨ ਲਈ ਪਹੁੰਚਣ ਲੱਗੀਆਂ। ਦੂਰੋਂ -ਨੇੜਿਉਂ ਕੁਝ ਉਦਾਸੀ ਸੰਤ ਮੰਡਲੀਆਂ ਗੁਰੂ ਜੀ ਦੇ

---

[1] ਫੌਜਾ ਸਿੰਘ (ਸੰਪਾ,), *ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ* , ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 2019 (ਤੀਜੀ ਵਾਰ), ਪੰਨਾ 24.

ਦਰਸ਼ਨਾਂ ਨੂੰ ਆਈਆਂ। ਖ਼ੁਸ਼ੀ ਵਿਚ ਨਰਸਿੰਘੇ ਘੜਿਆਲ ਵੱਜੇ ਅਤੇ ਇਥੋਂ ਦੀ ਰੌਣਕ ਵਿਚ ਬਹੁਤ ਵਾਧਾ ਹੋਇਆ। ਦੋਵੇਂ ਵਕਤ ਗੁਰੂ ਜੀ ਇੱਥੇ ਦੀਵਾਨ ਲਗਾਉਂਦੇ। ਸ਼ਬਦ-ਕੀਰਤਨ, ਸੋਦਰ ਅਤੇ ਆਸਾ ਦੀ ਵਾਰ ਦਾ ਪਾਠ ਹੁੰਦਾ। ਬਾਦਸ਼ਾਹ ਬਹਾਦਰ ਸ਼ਾਹ ਆਪਣੇ ਛੋਟੇ ਭਰਾ ਕਾਮ ਬਖ਼ਸ਼ ਦੀ ਬਗ਼ਾਵਤ ਨੂੰ ਦਵਾਉਣ ਲਈ ਦੱਖਣ ਵਿਚ ਆਇਆ ਹੋਇਆ ਸੀ। ਉਸ ਦਾ ਡੇਰਾ ਵੀ ਗੁਰੂ ਸਾਹਿਬ ਦੇ ਡੇਰੇ ਤੋਂ ਕੁਝ ਦੂਰੀ ’ਤੇ ਸੀ। ਇੱਥੇ ਇੱਕ ਦਿਨ ਬਹਾਦਰ ਸ਼ਾਹ ਗੁਰੂ ਜੀ ਦੇ ਕੋਲ ਦਰਸ਼ਨਾਂ ਲਈ ਆਇਆ ਅਤੇ ਸਤਿਕਾਰ ਵਜੋਂ ਇੱਕ ਕੀਮਤੀ ਹੀਰਾ ਗੁਰੂ ਜੀ ਨੂੰ ਭੇਟ ਕੀਤਾ ਪਰ ਉਸ ਦੇ ਮਨ ਵਿਚ ਹੰਕਾਰ ਸੀ ਕਿ ਅਜਿਹਾ ਹੀਰਾ ਗੁਰੂ ਜੀ ਨੂੰ ਪਹਿਲਾਂ ਕਿਸੇ ਨੇ ਭੇਟ ਨਹੀਂ ਕੀਤਾ ਹੋਣਾ। ਗੁਰੂ ਸਾਹਿਬ ਨੇ ਉਸ ਦੇ ਮਨ ਦਾ ਹੰਕਾਰ ਦੂਰ ਕਰਨ ਲਈ ਉਹ ਹੀਰਾ ਨੇੜੇ ਵਹਿੰਦੀ ਗੋਦਵਾਰੀ ਨਦੀ ਵਿਚ ਸੁੱਟ ਦਿੱਤਾ। ਇਹ ਦੇਖ ਕੇ ਬਹਾਦਰ ਸ਼ਾਹ ਹੈਰਾਨ ਹੋਇਆ ਅਤੇ ਇਸ ਦਾ ਕਾਰਨ ਜਾਣ ਕੇ ਗੁਰੂ ਜੀ ਕੋਲ ਭੁੱਲ ਬਖ਼ਸ਼ਾਈ। ਸਾਰੇ ਇਤਿਹਾਸਕ ਸ੍ਰੋਤਾਂ ਵਿਚ ਇਸ ਘਟਨਾ ਦਾ ਜ਼ਿਕਰ ਮਿਲਦਾ ਹੈ। ਗੁਰੂ ਸਾਹਿਬ ਨੂੰ ਹੀਰਾ ਭੇਟ ਕਰਨ ਕਰਕੇ ਇਸ ਅਸਥਾਨ ਨੂੰ ‘ਹੀਰਾ ਘਾਟ’ ਸਾਹਿਬ ਦਾ ਨਾਮ ਦਿੱਤਾ ਗਿਆ ਸੀ। ਭਾਈ ਸੰਤੋਖ ਸਿੰਘ ਅਨੁਸਾਰ ਇਕ ਦਿਨ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਵਿਚਕਾਰ ਹਿੰਦੂ ਅਤੇ ਤੁਰਕ ਮਤ ਸੰਬੰਧੀ ਖੁੱਲ੍ਹ ਕੇ ਵਿਚਾਰ-ਚਰਚਾ ਹੋਈ। ਗੁਰੂ ਜੀ ਨੇ ਨਵੇਂ ਪੈਦਾ ਕੀਤੇ ਖਾਲਸਾ ਪੰਥ ਬਾਰੇ ਉਸ ਨੂੰ ਚੰਗੀ ਤਰ੍ਹਾਂ ਸਮਝਾਇਆ।[2] ਫਿਰ ਇੱਕ ਦਿਨ ਬਾਦਸ਼ਾਹ ਨੇ ਨਾਂਦੇੜ ਤੋਂ ਹੈਦਰਾਬਾਦ ਵੱਲ ਕੂਚ ਕਰ ਦਿੱਤਾ।

ਡਾ. ਸੁਖਦਿਆਲ ਸਿੰਘ ਅਨੁਸਾਰ ਗੁਰੂ ਜੀ ਨਾਂਦੇੜ ਵਿਖੇ ਤਕਰੀਬਨ ਇੱਕ ਮਹੀਨਾ ਸੱਤ-ਅੱਠ ਦਿਨ ਹੀ ਰਹੇ ਸਨ।[3] ਬਹੁਤੇ ਇਤਿਹਾਸਕਾਰਾਂ ਦਾ ਵੀ ਇਹੀ ਕਹਿਣਾ ਹੈ ਕਿ ਨਾਂਦੇੜ ਵਿਖੇ ਗੁਰੂ ਜੀ ਕਰੀਬ ਡੇਢ ਕੁ ਮਹੀਨਾ ਰਹੇ। ਇਸ ਸਮੇਂ ਦੌਰਾਨ ਗੁਰੂ ਸਾਹਿਬ ਨੇ ਗੁਰਦੁਆਰਾ ਹੀਰਾ ਘਾਟ, ਸੰਗਤ ਸਾਹਿਬ, ਨਗੀਨਾ ਘਾਟ ਅਤੇ ਤਖ਼ਤ ਸਾਹਿਬ ਵਾਲੇ ਅਸਥਾਨਾਂ ਉੱਪਰ ਪੜਾਅ ਕੀਤਾ ਅਤੇ ਇੱਥੇ ਰਹਿ ਕੇ ਮਹਾਨ ਪੰਥਕ ਕਾਰਜ ਪੂਰੇ ਕੀਤੇ। ਇਨ੍ਹਾਂ ਕਾਰਜਾਂ ਵਿਚ ਪਹਿਲਾ ਕਾਰਜ ਮਾਧੋ ਦਾਸ ਬੈਰਾਗੀ ਨੂੰ ਮਿਲਣਾ ਅਤੇ ਉਸ ਨੂੰ ਖਾਲਸਾ ਸਜਾਉਣਾ ਸੀ। ਮਾਧੋ ਦਾਸ ਬੈਰਾਗੀ ਰਿਧੀਆਂ-ਸਿਧੀਆਂ ਦਾ ਮਾਲਕ ਸੀ। ਉਹ ਗੋਦਾਵਰੀ ਨਦੀ

---

2 ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ. 1992, (ਪ੍ਰਸੰਗ-ਹਿੰਦੂ ਤੁਰਕ ਮਤਿ ਦਾ ਮੁਕਾਬਲਾ। ਖਾਲਸਾ ਤੀਜਾ), ਪੰਨੇ 6294-98.

3 ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ*, ਸੰਗਮ ਪਬਲੀਕੇਸ਼ਨਜ਼, ਸਮਾਣਾ, 2014, ਪੰਨਾ 168.

ਦੇ ਕੰਢੇ ਸੰਘਣੇ ਜੰਗਲ ਵਿਚ ਬਣਾਏ ਆਪਣੇ ਡੇਰੇ ਵਿਚ ਕੁਝ ਚੇਲਿਆਂ ਨਾਲ ਰਹਿੰਦਾ ਸੀ। ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਗੁਰੂ ਸਾਹਿਬ 3 ਸਤੰਬਰ ਨੂੰ ਉਸ ਦੇ ਡੇਰੇ ਵਿਚ ਗਏ ਤਾਂ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਮਾਧੋ ਦਾਸ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਆਪਣੇ ਆਪ ਨੂੰ ਗੁਰੂ ਜੀ ਦਾ 'ਬੰਦਾ' (ਦਾਸ) ਕਿਹਾ।[4] ਗੁਰੂ ਕੀਆਂ ਸਾਖੀਆਂ ਅਨੁਸਾਰ ਉਸ ਦਿਨ ਗੋਦਾਵਰੀ ਨਦੀ ਦੇ ਕੰਢੇ 'ਤੇ ਸੂਰਜ ਗ੍ਰਹਿਣ ਦਾ ਮੇਲਾ ਲੱਗਿਆ ਹੋਇਆ ਸੀ।[5] ਇਸ ਸਮੇਂ ਦੀ ਮੁਲਾਕਾਤ ਬਾਰੇ ਵਿਸਥਾਰ ਸਹਿਤ ਜ਼ਿਕਰ ਅਸੀਂ ਦੂਜੇ ਅਧਿਆਇ ਵਿਚ ਕਰ ਚੁੱਕੇ ਹਾਂ। ਮਾਧੋ ਦਾਸ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਗੁਰੂ ਚਰਨਾਂ ਵਿਚ ਆਪਣਾ ਸ਼ੀਸ਼ ਝੁਕਾ ਦਿੱਤਾ ਸੀ। ਗੁਰੂ ਸਾਹਿਬ ਉਸ ਨੂੰ ਆਪਣੇ ਡੇਰੇ ਵਿਚ ਲਿਆਉਂਦੇ ਹਨ। ਡਾ. ਸੁਖਦਿਆਲ ਸਿੰਘ ਅਨੁਸਾਰ ਮਾਧੋ ਦਾਸ ਅਤੇ ਉਸ ਦੇ ਸਾਰੇ ਪੈਰੋਕਾਰਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਬਣਾਇਆ ਗਿਆ। ਅੰਮ੍ਰਿਤ ਛਕਾਉਣ ਪਿੱਛੋਂ ਮਾਧੋ ਦਾਸ ਦਾ ਨਾਂ ਬੰਦਾ ਸਿੰਘ ਬਹਾਦਰ ਰੱਖਿਆ ਗਿਆ। 'ਬਹਾਦਰ' ਦਾ ਖ਼ਿਤਾਬ ਗੁਰੂ ਜੀ ਨੇ ਉਸ ਨੂੰ ਇੱਕ ਜਰਨੈਲ ਦੀ ਵਿਸ਼ੇਸ਼ ਪਦਵੀ ਨੂੰ ਦਰਸਾਉਣ ਲਈ ਬਖ਼ਸ਼ਿਆ ਸੀ।[6] ਕਈ ਵਿਦਵਾਨਾਂ ਦਾ ਮਤ ਹੈ ਕਿ ਅੰਮ੍ਰਿਤ ਛਕਾਉਣ ਪਿਛੋਂ ਮਾਧੋ ਦਾਸ ਦਾ ਨਾਂ ਗੁਰਬਖ਼ਸ ਸਿੰਘ ਰੱਖਿਆ ਸੀ। ਖੰਡੇ ਦੀ ਪਾਹੁਲ ਲੈਣ ਮਗਰੋਂ ਬੰਦਾ ਸਿੰਘ ਬਹਾਦਰ ਨੇ ਇੱਕ ਦਿਨ ਮਾਤਾ ਸਾਹਿਬ ਜੀ ਕੋਲ ਜਾ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਤਰ੍ਹਾਂ ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਦਾ ਸੈਨਿਕ ਆਗੂ ਥਾਪ ਕੇ ਪੰਜਾਬ ਸਿੱਖਾਂ ਦੀ ਅਗਵਾਈ ਕਰਨ ਲਈ ਤਿਆਰ ਕੀਤਾ।

ਗੁਰੂ ਸਾਹਿਬ ਦੇ ਦਿੱਲੀ ਤੋਂ ਦੱਖਣ ਵੱਲ ਚੱਲਣ ਸਮੇਂ ਮਾਤਾ ਸੁੰਦਰੀ ਜੀ ਦਿੱਲੀ ਵਿਚ ਹੀ ਰਹੇ ਸਨ ਪਰ ਮਾਤਾ ਸਾਹਿਬ ਕੌਰ ਜੀ ਗੁਰੂ ਸਾਹਿਬ ਨਾਲ ਨਾਂਦੇੜ ਵਿਖੇ ਆਏ ਸਨ। ਨਾਂਦੇੜ ਵਿਖੇ ਰਹਿੰਦਿਆਂ ਮਾਤਾ ਸਾਹਿਬ ਕੌਰ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੰਘਾਂ ਵਾਸਤੇ ਲੰਗਰ ਤਿਆਰ ਕਰਿਆ ਕਰਦੇ। ਗੁਰੂ ਜੀ ਆਪ ਮਾਤਾ ਜੀ ਕੋਲ ਜਾ ਕੇ ਬੜੇ ਪ੍ਰੇਮ ਨਾਲ ਲੰਗਰ ਛਕਿਆ ਕਰਦੇ। ਕੁਝ ਸਮਾਂ ਗੁਜਰ ਜਾਣ ਬਾਅਦ ਗੁਰੂ ਜੀ ਨੇ ਮਾਤਾ ਜੀ ਨੂੰ ਵਾਪਿਸ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਕੋਲ ਜਾਣ ਦੀ ਆਗਿਆ ਦਿੱਤੀ ਸੀ। ਗੁਰੂ ਸਾਹਿਬ ਦੀ

---

4 ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1300.

5 ਕੋਸ਼ਿਸ਼, ਸਰੂਪ ਸਿੰਘ, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ, ਅੰਮ੍ਰਿਤਸਰ, 2020 (ਅੱਠਵੀਂ ਵਾਰ), ਪੰਨਾ 199.

6 ਸੁਖਦਿਆਲ ਸਿੰਘ, *ਖ਼ਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਦੂਜੀ ਵਾਰ), ਪੰਨਾ 188.

ਆਗਿਆ ਮੰਨ ਕੇ ਵਾਪਿਸ ਤੁਰਨ ਤੋਂ ਪਹਿਲਾਂ ਮਾਤਾ ਜੀ ਨੇ ਬੇਨਤੀ ਕੀਤੀ ਮਹਾਰਾਜ ਅਸੀਂ ਆਪ ਜੀ ਦੇ ਦਰਸ਼ਨ ਕਰਕੇ ਅੰਨ-ਜਲ ਛਕਦੇ ਹਾਂ ਤਾਂ ਉਸ ਸਮੇਂ ਗੁਰੂ ਸਾਹਿਬ ਨੇ ਮਾਤਾ ਸਾਹਿਬ ਕੌਰ ਨੂੰ ਪੰਜ ਸ਼ਸਤਰ ਸਨਮਾਨ ਨਾਲ ਰੱਖਣ ਲਈ ਭੇਟ ਕੀਤੇ ਅਤੇ ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਸ਼ਸਤਰਾਂ ਦੇ ਵਿਚੋਂ ਹੀ ਸਾਡੇ ਦਰਸ਼ਨ ਹੋਣਗੇ। ਗੁਰੂ ਜੀ ਦਾ ਹੁਕਮ ਮੰਨ ਕੇ ਮਾਤਾ ਸਾਹਿਬ ਕੌਰ ਜੀ ਦਿੱਲੀ ਆ ਗਏ ਸਨ।

ਹੀਰਾ ਘਾਟ ਦੇ ਅਸਥਾਨ ਤੋਂ ਬਾਅਦ ਗੁਰੂ ਸਾਹਿਬ ਜੀ ਨਾਂਦੇੜ ਨਗਰ ਵਿਚ ਆ ਗਏ ਸਨ। ਇੱਥੇ ਉਨਾਂ ਨੇ ਗੋਦਾਵਰੀ ਨਦੀ ਦੇ ਕਿਨਾਰੇ ਤੋਂ ਥੋੜ੍ਹਾ ਪਿਛੇ ਹੱਟ ਕੇ ਆਪਣਾ ਟਿਕਾਣਾ ਕੀਤਾ ਸੀ। ਜਿੱਥੇ ਅੱਜ ਗੁਰਦੁਆਰਾ ਸੰਗਤ ਸਾਹਿਬ ਸਥਿਤ ਹੈ। ਇਸ ਅਸਥਾਨ ਉੱਤੇ ਗੁਰੂ ਜੀ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿੰਦੇ ਸਨ। ਇਸ ਜਗ੍ਹਾ 'ਤੇ ਹੀ ਉਨ੍ਹਾਂ ਨੇ ਪੰਜਾਬ ਤੋਂ ਨਾਲ ਆਏ ਸਿੰਘਾਂ ਨੂੰ ਵਾਪਿਸ ਮੁੜਨ ਤੋਂ ਪਹਿਲਾਂ ਉਨ੍ਹਾਂ ਦੀ ਮੰਗ 'ਤੇ ਤਨਖਾਹਾਂ ਵੰਡੀਆਂ ਸਨ। ਇਸ ਸਮੇਂ ਗੁਰੂ ਜੀ ਦੇ ਹੁਕਮ ਅਨੁਸਾਰ ਗੁਰਦੁਆਰਾ ਮਾਲਟੇਕੜੀ ਸਾਹਿਬ ਵਾਲੇ ਸਥਾਨ ਨੂੰ ਪੁਟ ਕੇ ਗੁਪਤ ਖ਼ਜ਼ਾਨਾ (ਮੋਹਰਾਂ) ਲਿਆਇਆ ਗਿਆ ਸੀ। ਉਪਰੰਤ ਬਾਕੀ ਬਚਿਆ ਖ਼ਜ਼ਾਨਾ ਵਾਪਿਸ ਉਸੇ ਥਾਂ ਦਬਾ ਦਿੱਤਾ ਸੀ। ਇਸ ਸਮੇਂ ਜਿਹੜੇ ਸਿੰਘ ਵਾਪਿਸ ਪੰਜਾਬ ਵੱਲ ਆਪਣੇ ਘਰਾਂ ਨੂੰ ਨਹੀਂ ਮੁੜੇ ਅਤੇ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਚਰਨਾਂ ਵਿਚ ਹੀ ਰਹਿਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਸਿੰਘਾਂ ਨੂੰ ਗੁਰੂ ਜੀ ਨੇ ਆਪਣੇ 'ਹਜ਼ੂਰੀ ਸਿੰਘ' ਕਹਿ ਕੇ ਵਡਿਆਈ ਦਿੱਤੀ।[7] ਨਾਂਦੇੜ ਵਿਖੇ ਰਹਿੰਦਿਆਂ ਹੋਇਆਂ ਗੁਰੂ ਸਾਹਿਬ ਜੀ ਕਦੇ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਵਰਣਨ (ਕਥਾ) ਕਰਕੇ ਖਾਲਸੇ ਨੂੰ ਸੁਣਾਇਆ ਕਰਦੇ ਸਨ। ਦੂਰੋਂ-ਨੇੜਿਉਂ ਗੁਰੂ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਗੁਰਮਤਿ ਉਪਦੇਸ਼ ਸੁਣ ਕੇ ਨਿਹਾਲ ਹੁੰਦੀਆਂ।

ਇਸ ਸਮੇਂ ਨਾਂਦੇੜ ਵਿਖੇ ਦੋ ਪਠਾਣਾਂ ਨੇ ਗੁਰੂ ਸਾਹਿਬ ਉੱਪਰ ਕਾਤਲਾਨਾ ਹਮਲਾ ਕਰ ਦਿੱਤਾ ਸੀ। ਇਨ੍ਹਾਂ ਦੇ ਨਾਮ ਜਮਸ਼ੈਦ ਖ਼ਾ ਅਤੇ ਗੁਲ ਖ਼ਾ ਸਨ। ਇੱਕ ਦਿਨ ਸ਼ਾਮ ਦੇ ਦੀਵਾਨ ਉਪਰੰਤ ਇਨ੍ਹਾਂ ਨੇ ਚੰਗਾ ਮੌਕਾ ਦੇਖ ਕੇ ਗੁਰੂ ਜੀ ਉੱਪਰ ਕਟਾਰ ਦਾ ਵਾਰ ਕਰ ਦਿੱਤਾ। ਇਸ ਸਮੇਂ ਦੋਵੇਂ ਪਠਾਣਾਂ ਨੂੰ ਮੌਤ ਘਾਟ ਉਤਾਰ ਦਿੱਤਾ ਗਿਆ ਸੀ ਪਰ ਕਟਾਰ ਦੇ ਵਾਰ ਨਾਲ ਗੁਰੂ ਜੀ ਦੀ ਵੱਖੀ ਵਿਚ ਗਹਿਰਾ ਜਖ਼ਮ ਹੋ ਗਿਆ ਸੀ। ਇਸ ਘਟਨਾ ਬਾਰੇ ਵਿਸਥਾਰ ਸਹਿਤ ਜ਼ਿਕਰ ਅਸੀਂ ਦੂਜੇ ਅਧਿਆਇ ਵਿਚ ਕਰ ਚੁੱਕੇ ਹਾਂ। ਕਵੀ ਸੈਨਾਪਤਿ ਅਨੁਸਾਰ ਇਸ

---

[7] ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸਾਬਕਾ ਕਥਾਵਾਚਕ ਵਿਜੇਂਦਰ ਸਿੰਘ ਕਪੂਰ ਦੇ ਦੱਸਣ ਅਨੁਸਾਰ।

ਸਮੇਂ ਕਿਰੀ ਨਾਂ ਦੇ ਜ਼ਰਾਹ ਨੇ ਆ ਕੇ ਜਖ਼ਮ ਨੂੰ ਸਾ ਫ਼ ਕਰਕੇ ਮੱਲ੍ਹਮ ਲਗਾਈ ਅਤੇ ਟਾਂਕੇ ਲਗਾ ਦਿੱਤੇ।[8] ਮਹਿਮਾ ਪ੍ਰਕਾਸ਼ ਅਨੁਸਾਰ ਪੰਦਰ੍ਹਾਂ ਦਿਨਾਂ ਵਿਚ ਜਖ਼ਮ ਬਹੁਤ ਠੀਕ ਹੋ ਗਿਆ ਸੀ। ਸੋਲ੍ਹਾਂ ਦਿਨ ਗੁਰੂ ਜੀ ਪਹਿਲਾਂ ਵਾਂਗ ਦੀਵਾਨ ਵਿਚ ਖੁੱਲ੍ਹੇ ਦਰਸ਼ਨ ਦਿੰਦੇ ਰਹੇ ਸਨ।[9] ਇਸ ਦੌਰਾਨ ਬਹੁਤ ਸੰਗਤ ਦਰਸ਼ਨਾਂ ਲਈ ਆਉਂਦੀ ਅਤੇ ਸ਼ੀਸ਼ ਝੁਕਾ ਗੁਰੂ ਸਾਹਿਬ ਦਾ ਹਾਲ ਪੁਛਦੀ। ਮਹਾਰਾਜ ਸਭ ਨੂੰ ਅਸੀਸਾਂ ਅਤੇ ਖੁਸ਼ੀਆਂ ਬਖ਼ਸ਼ਦੇ। ਜਦੋਂ ਗੁਰੂ ਸਾਹਿਬ ਨੇ ਗੋਦਾਵਰੀ ਨਦੀ ਦੇ ਕੰਢੇ 'ਨਗੀਨਾ ਘਾਟ' ਵਾਲੇ ਅਸਥਾਨ ਉੱਤੇ ਪੜਾਅ ਕੀਤਾ ਹੋਇਆ ਸੀ ਤਾਂ ਇੱਥੇ ਵੀ ਦੋਵੇਂ ਵਕਤ ਮਹਾਰਾਜ ਦੀਵਾਨ ਸਜਾਉਂਦੇ ਸਨ। ਨੇੜੇ ਗੁਰੂ ਦੀਆਂ ਫੌਜਾਂ ਲਈ ਲੰਗਰ ਸਜਦਾ ਹੁੰਦਾ ਸੀ। ਇੱਥੇ ਇੱਕ ਸ਼ਰਧਾਲੂ ਸਿੱਖ ਨੇ ਗੁਰੂ ਜੀ ਨੂੰ ਇੱਕ ਸੁੰਦਰ ਨਗੀਨਾ ਭੇਟ ਕੀਤਾ ਸੀ ਜਿਸ ਕਾਰਨ ਇਸ ਅਸਥਾਨ ਦਾ ਨਾਂ 'ਨਗੀਨਾ ਘਾਟ' ਸਾਹਿਬ ਪ੍ਰਸਿੱਧ ਹੋਇਆ। ਇਸ ਅਸਥਾਨ ਉੱਤੇ ਸੰਗਤਾਂ ਨੇ ਬੜੇ ਪ੍ਰੇਮ-ਭਾਵ ਨਾਲ ਗੁਰੂ ਜੀ ਨੂੰ ਆਪਣੀਆਂ ਭੇਟਾਵਾਂ ਭੇਟ ਕੀਤੀਆਂ ਸਨ।

ਸਿੱਖ ਰਵਾਇਤ ਅਨੁਸਾਰ ਗੁਰੂ ਜੀ ਨੇ ਨਗੀਨਾ ਘਾਟ ਦੇ ਅਸਥਾਨ ਤੋਂ ਤੀਰ ਚਲਾ ਕੇ ਆਪਣਾ ਅਸਥਾਨ ਪ੍ਰਗਟ ਕੀਤਾ। ਉਸ ਸਮੇਂ ਜਿੱਥੇ ਇਹ ਤੀਰ ਡਿਗਿਆ ਸੀ ਉਸ ਸਥਾਨ 'ਤੇ ਜਾ ਕੇ ਗੁਰੂ ਜੀ ਨੇ ਆਪਣੇ ਤੰਬੂ ਲਗਾ ਦਿੱਤੇ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨਸੁਾਰ ਉਸ ਸਮੇਂ ਇਸ ਥਾਂ ਦਾ ਮਾਲਕ ਇੱਕ ਮੁਸਲਮਾਨ ਸੀ। ਇਸ ਸੰਬੰਧੀ ਉਸ ਨੇ ਗੁਰੂ ਜੀ ਨਾਲ ਝਗੜਾ ਕੀਤਾ। ਇਹ ਮਾਮਲਾ ਬਹਾਦਰ ਸ਼ਾਹ ਤੱਕ ਪਹੁੰਚਿਆਂ। ਅਖ਼ੀਰ ਗੁਰੂ ਜੀ ਨੇ ਇਸ ਥਾਂ ਬਦਲੇ ਮੁਸਲਮਾਨ ਨੂੰ ਮੋਹਰਾਂ ਬਖਸ਼ੀਆਂ। ਇਸ ਥਾਂ ਦੇ ਚਾਰੇ ਪਾਸੇ ਇੱਕ ਜੋਜਨ ਤੱਕ ਜ਼ਮੀਨ ਖ਼ਰੀਦ ਕੇ ਗੁਰੂ ਜੀ ਨੇ ਬੈਨਾਮਾ (ਰਜਿਸ਼ਟਰੀ) ਦੇ ਕਾਗਜ ਤਿਆਰ ਕਰਵਾਏ।[10] ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਮੀਨ ਦਾ ਇੱਕ ਵੱਡਾ ਹਿੱਸਾ ਮੁੱਲ ਖ਼ਰੀਦ ਕੇ ਉਸ ਜਗ੍ਹਾ 'ਤੇ ਖਾਲਸਾ ਪੰਥ ਦਾ ਤਖ਼ਤ ਸਥਾਪਿਤ ਕਰਨ ਲਈ ਉੱਥੇ ਆਪਣੇ ਤੰਬੂ ਲਾ ਦਿੱ ਤੇ। ਉਹ ਅਸਥਾਨ ਅੱਜ 'ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਨਾਂਦੇੜ' ਦੇ ਨਾਮ ਨਾਲ ਪ੍ਰਸਿੱਧ ਹੈ।

---

8 ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017 (ਚੌਥੀ ਵਾਰ), ਧਿਆਉ ਅਠਾਰ੍ਹਵਾਂ, ਬੰਦ 19 (784), ਪੰਨਾ 167.

9 ਬਾਜਵਾ, ਕੁਲਵਿੰਦਰ ਸਿੰਘ (ਸੰਪਾ.), *ਮਹਿਮਾ ਪ੍ਰਕਾਸ਼ (ਵਾਰਤਕ)*, ਸਿੰਘ, ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2004 (ਪਹਿਲੀ ਵਾਰ), ਪੰਨਾ 214.

10 ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਭਾਈ ਵੀਰ ਸਿੰਘ (ਸੰਪਾ.), ਪੰਨੇ 6237-40.

ਗੁਰੂ ਸਾਹਿਬ ਨੇ ਨਾਂਦੇੜ ਰਹਿੰਦਿਆਂ ਹੋਇਆਂ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਦਾ ਸੈਨਿਕ ਆਗੂ ਥਾਪ ਦਿੱਤਾ ਸੀ। ਸੰਗਤ ਵਿਚ ਰਹਿੰਦੇ ਹੋਏ ਬੰਦਾ ਸਿੰਘ ਬਹਾਦਰ ਨੇ ਗੁਰਮਤਿ ਦੇ ਸਿਧਾਂਤ ਸਮਝੇ। ਮੁਗ਼ਲਾਂ ਦੇ ਜ਼ੁਲਮ ਦੀ ਦਾਸ਼ਤਾਨ ਅਤੇ ਸਿੰਘਾਂ ਦੀ ਬਹਾਦਰੀ ਦੇ ਕਿੱਸੇ ਸੁਣੇ। ਜਿਸ ਕਰਕੇ ਉਸ ਨੇ ਗੁਰੂ ਸਾਹਿਬ ਤੋਂ ਪੰਜਾਬ ਜਾਣ ਲਈ ਆਗਿਆ ਮੰਗੀ। ਜ਼ਬਰ-ਜ਼ੁਲਮ ਦੇ ਖ਼ਿਲਾਫ਼ ਅਤੇ ਸਾਹਿਬਜਾਦਿਆਂ ਦੀ ਸ਼ਹਾਦਤ ਦੇ ਦੋਸ਼ੀ ਤੁਰਕਾਂ (ਮੁਗ਼ਲ ਹਾਕਮਾਂ) ਨੂੰ ਸੋਧਣ ਲਈ ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਜਾਣ ਦਾ ਆਦੇਸ਼ ਦਿੱਤਾ। ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਪੰਜ ਪਿਆਰੇ , ਵੀਹ ਸਿੰਘ ਅਤੇ ਪੰਜ ਤੀਰ ਦਿੱਤੇ। ਇਸ ਤੋਂ ਇਲਾਵਾ ਇੱਕ ਨਿਸ਼ਾਨ ਸਾਹਿਬ ਅਤੇ ਇੱਕ ਨਗਾਰਾ ਬਖ਼ਸ਼ਿਆ। ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਸਾਹਿਬ ਨੇ ਕੱਤਕ ਸੁਦੀ ਥਿਤ ਤੀਜ (5 ਅਕਤੂਬਰ 1765 ਈ.) ਦੇ ਦਿਨ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਰਵਾਨਾ ਹੋਣ ਦਾ ਹੁਕਮ ਕੀਤਾ ਸੀ।[11] ਪੰਜਾਬ ਪਹੁੰਚ ਕੇ ਬੰਦਾ ਸਿੰਘ ਬਹਾਦਰ ਨੇ ਜ਼ਾਲਮਾਂ ਨੂੰ ਸੋਧਿਆ ਅਤੇ ਖਾਲਸੇ ਦੀ ਬਾਗੀ ਮੁਗ਼ਲ ਹਕੂਮਤ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ। ਕੁਝ ਸਾਲਾਂ ਵਿਚ ਹੀ ਉਸ ਨੇ ਖਾਲਸਾ ਰਾਜ ਦੀ ਸਥਾਪਨਾ ਕੀਤੀ ਅਤੇ ਕੁਸ਼ਲ ਰਾਜ-ਪ੍ਰਬੰਧ ਚਲਾਇਆ।

ਨਾਂਦੇੜ ਦੀ ਮਹਾਨ ਧਰਤੀ ਉੱਤੇ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਪ੍ਰਦਾਨ ਕੀਤੀ। ਇੱਕ ਦਿਨ ਭਾਰੀ ਕਮਾਨ ਦਾ ਚਿਲ੍ਹਾ ਚੜ੍ਹਾਉਣ ਸਮੇਂ ਗੁਰੂ ਜੀ ਦਾ ਜਖ਼ਮ (ਟਾਂਕੇ) ਮੁੜ ਪਹਿਲਾਂ ਨਾਲੋਂ ਵੀ ਜ਼ਿਆਦਾ ਖੁੱਲ੍ਹ ਗਿਆ।[12] ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਹੁਣ ਦੁਬਾਰਾ ਟਾਂਕੇ ਨਹੀਂ ਲਾਉਣੇ। ਸਾਡਾ ਸੱਚਖੰਡ ਗਮਨ ਦਾ ਸਮਾਂ ਨੇੜੇ ਹੈ। ਇਸ ਸਮੇਂ ਗੁਰੂ ਜੀ ਨੇ ਮੌਜੂਦਾ ਤਖ਼ਤ ਸਾਹਿਬ ਵਾਲੇ ਅਸਥਾਨ ’ਤੇ ਸੁੰਦਰ ਤਖ਼ਤ ਸਜਾ ਕੇ ਤਿਆਰ ਕਰਵਾਇਆ ਅਤੇ ਉਸ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਪ੍ਰਕਾਸ਼ ਕਰਵਾਈ। ਇਸ ਸਮੇਂ ਗੁਰੂ ਸਾਹਿਬ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਅਸੀਂ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਜੀ ਦੇ ਲੜ ਲਾ ਰਹੇ ਹਾਂ। ਕੱਤਕ ਸੁਦੀ ਦੂਜ ਸੰਮਤ 1765 ਬਿ. ਮੁਤਾਬਕ 4 ਅਕਤੂਬਰ 1708 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਅਤੇ ਇੱਕ ਨਾਰੀਅਲ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਰੱਖਿਆ। ਮੱਥਾ ਟੇਕ ਕੇ ਪ੍ਰਕਰਮਾ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ

---

11 ਕੋਸ਼ਿਸ਼, ਸਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਾਖੀ ਨੰ. 111, ਪੰਨੇ 201-02.

12 ਸੁਖਾ ਸਿੰਘ , ਭਾਈ, *ਗੁਰਬਿਲਾਸ ਪਾਤਸਾਹੀ ਦਸਮੀ* , ਮਨਵਿੰਦਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ, 2016 (ਪਹਿਲੀ ਵਾਰ), ਪੰਨਾ 428.

ਗੁਰਤਾਗੱਦੀ ਬਖ਼ਸ਼ੀ। ਖਾਲਸਾ ਪੰਥ ਨੂੰ ਹੁਕਮ ਕੀਤਾ ਕਿ ਸਾਡੇ ਤੋਂ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ 'ਗੁਰੂ' ਰੂਪ ਵਿਚ ਪੰਥ ਦੀ ਅਗਵਾਈ ਕਰਨਗੇ। ਇਸ ਸ਼ੁਭ ਸਮੇਂ ਉੱਤੇ ਗੁਰੂ ਸਾਹਿਬ ਨੇ ਕੱਤਕ ਸੁ ਦੀ ਪੰਚਮੀ ਤੱਕ ਸੁੰਦਰ ਕੀਰਤਨ-ਦੀਵਾਨ ਸਜਾਏ ਅਤੇ ਅਤੁੱਟ ਲੰਗਰ ਵਰਤਾਇਆ।

ਮੁੜ ਟਾਂਕੇ ਟੁੱਟ ਜਾਣ ਦੀ ਖ਼ਬਰ ਸੁਣ ਕੇ ਇਸ ਸਮੇਂ ਦੌਰਾਨ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਨਾਂਦੇੜ ਵਿਖੇ ਗੁਰੂ ਦਰਸ਼ਨਾਂ ਲਈ ਪਹੁੰਚਦੀਆਂ ਰਹੀਆਂ । ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਪ੍ਰਦਾਨ ਕਰਨ ਉਪਰੰਤ ਗੁਰੂ ਸਾਹਿਬ ਨੇ ਆਖ਼ਰੀ ਵਾਰ ਸੰਗਤਾਂ ਨੂੰ ਖੁੱਲ੍ਹਾ ਗੁਰਮਤਿ ਉਪਦੇਸ਼ ਦਿੱਤਾ। ਹੁਕਮ ਕੀਤਾ ਕਿ ਅੱਜ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਮੰਨਣਾ ਹੈ। ਸ਼ਬਦ-ਬਾਣੀ ਪੜ੍ਹਨਾ, ਕੜਾਹ-ਪ੍ਰਸ਼ਾਦਿ ਅਤੇ ਗੁਰਪੁਰਬ ਕਰਦੇ ਰਹਿਣਾ ਹੈ। ਗੁਰੂ ਸਦਾ ਸਹਾਈ ਹੋਵੇਗਾ। ਜੋ ਮੇਰਾ ਸਿੱਖ ਹੋਵੇਗਾ , ਉਹ ਬਾਣੀ-ਬਾਣੇ ਦਾ ਧਾਰਨੀ ਪੂਰਨ ਰਹਿਤਵਾਨ ਅਤੇ ਸ਼ਸਤਰਧਾਰੀ ਹੋਵੇਗਾ। ਅਸੀਂ ਸਦਾ ਉਸ ਦੇ ਅੰਗ ਸੰਗ ਰਹਾਂਗੇ। ਇਸ ਤਰ੍ਹਾਂ ਗੁਰੂ ਜੀ ਨੇ ਖਾਲਸੇ ਨੂੰ ਇਹ ਹੁਕਮ ਦਿੱਤਾ।[13]

ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦੇਣ ਵਾਲੇ ਦਿਨ ਆਪਣੇ ਸੱਚਖੰਡ ਗਮਨ ਕਰਨ ਬਾਰੇ ਸਿੱਖ ਸੰਗਤਾਂ ਨੂੰ ਦੱਸ ਦਿੱਤਾ ਸੀ। ਕੱਤਕ ਸੁਦੀ ਪੰਚਮੀ ਸੰਮਤ 1765 ਬਿ. ( 7 ਅਕਤੂਬਰ, 1708 ਈ.) ਦੇ ਦਿਨ ਗੁਰੂ ਸਾਹਿਬ ਨੇ ਆਖ਼ਰੀ ਵਾਰ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਦਿੱਤੇ ਅਤੇ ਗੁਰਮਤਿ ਦਾ ਉਪਦੇਸ਼ ਦਿੱਤਾ। ਸੱਚਖੰਡ ਗਮਨ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਨੇ ਭਾਈ ਦਇਆ ਸਿੰਘ , ਭਾਈ ਧਰਮ ਸਿੰਘ ਅਤੇ ਭਾਈ ਸੰਤੋਖ ਸਿੰਘ ਆਦਿ ਸਿੰਘਾਂ ਨੂੰ ਇਸ ਅਸਥਾਨ ਦੀ ਸੇਵਾ -ਸੰਭਾਲ ਕਰਨ ਲਈ ਹੁਕਮ ਕੀਤਾ। ਭਾਈ ਸੰਤੋਖ ਸਿੰਘ ਨੂੰ ਇੱਥੇ ਦੇਗ -ਲੰਗਰ ਚਲਾਉਂਦੇ ਰਹਿਣ ਲਈ ਹੁਕਮ ਕੀਤਾ। ਇਹ ਹੁਕਮ ਦੇ ਕੇ ਗੁਰੂ ਸਾਹਿਬ ਆਖ਼ਰੀ ਵਾਰ ਸੰਗਤਾਂ ਨੂੰ 'ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ' ਬੁਲਾ ਕੇ 7 ਅਕਤੂਬਰ, 1708 ਈ. ਨੂੰ ਜੋਤੀ ਜੋਤਿ ਸਮਾ ਗਏ। ਕਵੀ ਸੈਨਾਪਤਿ ਅਨੁਸਾਰ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਦਾ ਇਹ ਸਮਾਂ ਅੱਧੀ ਰਾਤ ਦਾ ਸੀ।[14] ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਇੱਥੇ ਹਾਜ਼ਰ ਸਿੰਘਾਂ ਨੇ ਅੰਗੀਠੇ ਵਾਲੀ ਥਾਂ ਉੱਤੇ ਪੱਕਾ ਥ ੜ੍ਹਾ ਬਣਾਇਆ ਅਤੇ ਅੰਗੀਠੇ ਦੀ ਸੰਭਾਲ ਕੀਤੀ। ਬਾਅਦ ਵਿਚ ਵੀ ਹ ਜ਼ੂਰੀ ਸਿੰਘ ਮਿਲ ਕੇ ਬੜੇ ਪ੍ਰੇਮ ਭਾਵ ਨਾਲ ਇਸ ਅਸਥਾਨ ਦੀ ਮਰਿਯਾਦਾ

---

[13] ਬਾਜਵਾ, ਕੁਲਵਿੰਦਰ ਸਿੰਘ (ਸੰਪਾ.), *ਮਹਿਮਾ ਪ੍ਰਕਾਸ਼ (ਵਾਰਤਕ),* ਪੰਨਾ 214.

[14] "ਗਈ ਅਰਧ ਰਾਤੰ ਘਰੀ ਚਾਰ ਅਉਰੇ। ਭਏ ਸ਼ਬਦ ਰੂਪੀ ਕਰੀ ਬਾਤ ਅਉਰੇ।" ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 169.

ਅਨੁਸਾਰ ਸੇਵਾ ਅਤੇ ਪ੍ਰਬੰਧ ਸੰਭਾਲਦੇ ਰਹੇ ਸਨ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਇੱਥੇ ਪਧਾਰਣ ਨਾਲ ਨਾਂਦੇੜ ਦੱਖਣੀ ਭਾਰਤ ਵਿਚ ਸਿੱਖ ਸੰਗਤਾਂ ਦਾ ਪ੍ਰਸਿੱਧ ਕੇਂਦਰ ਬਣ ਗਿਆ ਹੈ। ਅੱਜ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਪੰਜਾਬ ਤੋਂ ਬਾਹਰ ਇੱਕ ਤਖ਼ਤ ਇੱਥੇ ਸੁਸ਼ੋਭਿਤ ਹੈ।

ਨਤੀਜੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੱਖਣੀ ਭਾਰਤ ਦੀ ਸਿੱਖ ਸੰਗਤ ਦਾ ਕੇਂਦਰੀ ਸਥਾਨ ਸੀ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਦੇ ਖੇਤਰ ਵਿਚ ਇਸ ਅਸਥਾਨ ਨੂੰ ਸਿੱਖ ਧਰਮ ਦੇ ਸ਼ਕਤੀ ਅਤੇ ਭਗਤੀ ਦੇ ਇੱਕ ਪ੍ਰਸਿੱਧ ਕੇਂਦਰ ਵਜੋਂ ਸਥਾਪਿਤ ਕਰ ਦਿੱਤਾ ਸੀ।

ਗੁਰੂ-ਕਾਲ ਨਾਲ ਸੰਬੰਧਿਤ ਨਾਂਦੇੜ ਸਾਹਿਬ ਦਾ ਸਿੱਖ ਇਤਿਹਾਸ ਸ੍ਰੀ ਗੁਰ ਸੋਭਾ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰਬਿਲਾਸ ਪਾਤਸਾਹੀ ਦਸਮੀ, ਤਵਾਰੀਖ ਗੁਰੂ ਖਾਲਸਾ, ਗੁਰੂ ਕੀਆਂ ਸਾਖੀਆਂ, ਪੰਥ ਪ੍ਰਕਾਸ਼, ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼ ਆਦਿ ਲਿਖਤਾਂ ਵਿਚ ਤਾਂ ਵਿਸਥਾਰ ਸਹਿਤ ਮਿਲਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਕਰ ਜਾਣ ਤੋਂ ਬਾਅਦ 18ਵੀਂ-19ਵੀਂ ਸਦੀ ਦਾ ਨਾਂਦੇੜ ਸਾਹਿਬ ਦਾ ਸਿੱਖ ਇਤਿਹਾਸ ਸਿੱਧੇ ਰੂਪ ਵਿਚ ਸਮਕਾਲੀ ਜਾਂ ਨਿਕਟ ਸਮਕਾਲੀ ਲਿਖਤਾਂ ਵਿਚ ਬਹੁਤ ਘੱਟ ਮਿਲਦਾ ਹੈ। ਇਸ ਤੋਂ ਬਾਅਦ ਦਾ ਨਾਂਦੇੜ ਸਾਹਿਬ ਦਾ ਸਿੱਖ ਇਤਿਹਾਸ ਨਿਹੰਗ ਸਿੰਘਾਂ, ਹਜ਼ੂਰੀ ਸਿੰਘਾਂ, ਉਦਾਸੀ ਸਾਧੂਆਂ ਅਤੇ ਨਿਜ਼ਾਮ ਹੈਦਰਾਬਾਦ ਰਿਆਸਤ ਨਾਲ ਸੰਬੰਧ ਰੱਖਦਾ ਹੈ। ਬੰਦਾ ਸਿੰਘ ਬਹਾਦਰ ਦੀ ਬੇਮਿਸਾਲ ਸ਼ਹਾਦਤ , ਦਲ ਖਾਲਸਾ ਦੀ ਉਤਪੱਤੀ , ਛੋਟਾ ਅਤੇ ਵੱਡਾ ਘੱਲੂਘਾਰਾ , ਸਿੱਖ ਮਿਸਲਾਂ ਦੀ ਉਤਪੱਤੀ , ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀ ਦਾ ਉਭਾਰ , ਪੰਜਾਬ ਉੱਤੇ ਅੰਗਰੇਜਾਂ ਦਾ ਕਬਜਾ ਆਦਿ ਇਸ ਸਮੇਂ ਦੇ ਸਿੱਖ ਇਤਿਹਾਸ ਦੀਆਂ ਮੁੱਖ ਘਟਨਾਵਾਂ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਕਰ ਜਾਣ ਮਗਰੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਅਠਾਰ੍ਹਵੀਂ-ਉਨ੍ਹੀਵੀਂ ਸਦੀ ਦਾ ਸਿੱਖ ਇਤਿਹਾਸ ਨਿਹੰਗ ਸਿੰਘਾਂ ਅਤੇ ਹਜ਼ੂਰੀ ਸਿੰਘਾਂ (ਦੱਖਣੀ ਸਿੱਖਾਂ) ਨਾਲ ਸੰਬੰਧਿਤ ਹੈ। ਉਸ ਸਮੇਂ ਇਹ ਇਲਾਕਾ ਮੁਸਲਮਾਨਾਂ ਦੀ ਸਲਤਨਤ ਦੇ ਅਧੀਨ ਸੀ। ਉਨ੍ਹੀਵੀਂ ਸਦੀ ਵਿਚ ਹਜ਼ੂਰ ਸਾਹਿਬ ਨਾਂਦੇੜ ਸੁਤੰਤਰ ਨਿਜ਼ਾਮ ਹੈਦਰਾਬਾਦ ਰਾਜ ਦਾ ਹਿੱਸਾ ਸੀ। ਅਠਾਰ੍ਹਵੀਂ ਸਦੀ ਦਾ ਸਿੱਖ ਇਤਿਹਾਸ ਦਾ ਸਮਾਂ ਬਹੁਤ ਹੀ ਸੰਕਟਮਈ ਅਤੇ ਹਥਿਆਰਬੰਦ ਸੰਘਰਸ਼ ਵਾਲਾ ਸੀ। ਭਾਵੇਂ ਇ ਹ ਅਸਥਾਨ ਪੰਜਾਬ ਤੋਂ ਬਹੁਤ ਦੂਰ ਸੀ ਪਰ ਫਿਰ ਵੀ ਸਮੇਂ ਦੀ ਹਕੂਮਤ ਅਤੇ ਤੁਰਕਾਂ ਦਾ ਇਸ ਇਲਾਕੇ ਵਿਚ ਜੋਰ ਸੀ।

ਪੰਜਾਬ ਦੇ ਗੁਰਧਾਮਾਂ ਦੀ ਤਰ੍ਹਾਂ ਇਥੋਂ ਦੇ ਹਜ਼ੂਰੀ ਸਿੰਘਾਂ ਅਤੇ ਸਮੂਹ ਖ਼ਾਲਸੇ ਨੇ ਵੀ ਇਸ ਅਸਥਾਨ ਦੀ ਦੇਖ-ਰੇਖ ਕਰਦਿਆਂ ਹਮੇਸ਼ਾ ਅੱਗੇ ਹੋ ਕੇ ਸ਼ਹੀਦੀਆਂ ਦਿੱਤੀਆਂ ਸਨ।

ਜਿਵੇਂ ਕਿ ਦੂਜੇ ਅਧਿਆਇ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾ ਗਏ ਸ ਨ ਤਾਂ ਉਸ ਤੋਂ ਬਾਅਦ ਨਾਂਦੇੜ ਵਿਖੇ ਹਾਜ਼ਰ ਗੁਰੂ ਕੇ ਸਿੰਘਾਂ ਨੇ ਅੰਗੀ ਠੇ ਵਾਲੇ ਥਾਂ ਦੀ ਸੰਭਾਲ ਕੀਤੀ ਸੀ। ਉਸ ਥਾਂ 'ਤੇ ਪੱਕਾ ਥ ੜ੍ਹਾ ਬਣਾਇਆ ਗਿਆ ਸੀ। ਸਿੰਘ ਹਰ ਸਮੇਂ ਗੁਰੂ ਜੀ ਦੇ ਅੰਗੀਠੇ ਪਾਸ ਬੈਠੇ ਰਹਿੰਦੇ ਸਨ। ਸ਼ੁਰੂ ਵਿਚ ਸਿੱਖਾਂ ਨੇ ਇਸ ਪਵਿੱਤਰ ਅੰਗੀਠੇ ਦੇ ਆਲੇ -ਦੁਆਲੇ ਝੌਂਪੜੀਆਂ ਬਣਾਈਆਂ ਅਤੇ ਉੱਥੇ ਹੀ ਵੱਸ ਗਏ।[15] ਸੰਨ 1709 ਈ. ਵਿਚ ਭਾਈ ਗੁਰਬਖ਼ਸ਼ ਸਿੰਘ ਅਤੇ ਭਾਈ ਗਜਗਾਹ ਸਿੰਘ ਨਿਹੰਗ ਆਪਣੇ ਜਥੇ ਸਮੇਤ ਇਸ ਅਸਥਾਨ 'ਤੇ ਦਰਸ਼ਨਾਂ ਲਈ ਪਹੁੰਚੇ। ਇਸ ਜਥੇ ਨੇ ਸਥਾਨ ਦੀ ਸਫ਼ਾਈ ਕਰਕੇ ਉਸ ਦੇ ਆਲੇ-ਦੁਆਲੇ ਵਾੜ ਕੀਤੀ ਅਤੇ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਬਾਉਲੀ ਦੀ ਖੁਦਾਈ ਦਾ ਕੰਮ ਆਰੰਭ ਕੀਤਾ। ਉਸ ਵੇਲੇ ਇਸ਼ਨਾਨ ਅਤੇ ਹੋਰ ਲੋੜਾਂ ਲਈ ਗੋਦਾਵਰੀ ਨਦੀ ਦਾ ਜਲ ਹੀ ਇਕੋ-ਇੱਕ ਸਾਧਨ ਸੀ ਪਰ ਤੁਰਕਾਂ ਨਾਲ ਵਿਰੋਧ ਹੋਣ ਕਾਰਨ ਰਸਤੇ ਵਿਚ ਨਿਤ ਝੜਪਾਂ ਹੁੰਦੀਆਂ ਰਹਿੰਦੀਆਂ ਸਨ।[16] ਅਕਾਲੀ ਗਜਗਾਹ ਸਿੰਘ ਨਿਹੰਗ ਇੱਕ ਅਸ਼ਟਭੁਜਾ ਸ਼ਸਤਰ 'ਗਜਗਾਹ' ਦੇ ਧਾਰਣੀ ਸਨ। ਜਿਸ ਕਾਰਨ ਇਨ੍ਹਾਂ ਦਾ ਨਾਮ ਵੀ ਗਜਗਾਹ ਸਿੰਘ ਹੀ ਮਸ਼ਹੂਰ ਹੋ ਗਿਆ ਸੀ। ਅਕਾਲੀ ਗਜਗਾਹ ਸਿੰਘ ਨਿਹੰਗ ਨੇ ਨਾਂਦੇੜ ਸਾਹਿਬ ਵਿਖੇ ਪਹੁੰਚ ਕੇ ਇਸ ਗਜਗਾਹ ਸ਼ਸਤਰ ਨੂੰ ਤਖ਼ਤ ਸਾਹਿਬ 'ਤੇ ਭੇਟ ਕੀਤਾ ਸੀ। ਉਸ ਸਮੇਂ ਤਖ਼ਤ ਦੀ ਕੋਈ ਇਮਾਰਤ ਨਹੀਂ ਉਸਾਰੀ ਹੋਈ ਸੀ। ਇਮਾਰਤ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਸ਼ਾਸਨ ਕਾਲ ਸਮੇਂ 1830 ਦੇ ਦਹਾਕੇ ਵਿਚ ਕਰਵਾਈ ਸੀ।

ਅੰਗੀਠਾ ਸਾਹਿਬ ਵਾਲੀ ਥਾਂ ਦੇ ਦੁਆਲੇ ਪਹਿਲਾਂ ਅਕਾਲੀ ਸਿੰਘਾਂ ਨੇ ਕਨਾਤਾਂ ਅਤੇ ਤੰਬੂ ਲਗਾਏ ਹੋਏ ਸਨ ਅਤੇ ਆਸ ਪਾਸ ਮੋਹੜੀਆਂ ਨਾਲ ਵਾੜ ਕਰਕੇ ਇਹ ਅਸਥਾਨ ਨੂੰ ਸੰਭਾਲਿਆ ਹੋਇਆ ਸੀ। ਸੰਮਤ 1767 ਬ੍ਰਿ. (1710 ਈ.) ਵਿਚ ਸ: ਮੇਲਾ ਸਿੰਘ ਨਾਮੀ ਇੱਕ ਸਿੱਖ 30 ਸਿੰਘਾਂ ਸਮੇਤ ਦਰਸ਼ਨਾਂ ਨੂੰ ਪੁੱਜੇ ਅਤੇ ਇਸ ਅਸਥਾਨ ਦੀ ਹਾਲਤ ਠੀਕ ਨਾ ਦੇਖ ਕੇ 1000 ਰੁ : ਨਾਲ ਅੰਗੀਠਾ ਸਾਹਿਬ ਵਾਲੀ ਥਾਂ ਥੜ੍ਹਾ ਬਣਾ

---

15 Shinde, Deepak (Editor.), *Historical Aspects, Importance and Present Relevance of the Teachings of Shri Guru Gobind Singh Ji,* Swami Ramanand Teerth Marathwada University, Nanded, August 2018 (First Published), page 125.

16 ਅਮਰਜੀਤ ਸਿੰਘ ਅਤੇ ਪਰਮਜੀਤ ਸਿੰਘ ਸਰੋਆ (ਸੰਪਾ.), *ਬਾਬਾ ਨਿਧਾਨ ਸਿੰਘ ਜੀ ਜੀਵਨ ਤੇ ਯੋਗਦਾਨ* , ਭਾ. ਚਤਰ ਸਿੰਘ ਜੀਵਨ ਸਿੰਘ,ਅਗਸਤ 2012 (ਪਹਿਲੀ ਵਾਰ), ਪੰਨਾ 69.

ਦਿੱਤਾ। ਜਿਸ ਉੱਤੇ ਸ਼ਸਤਰਾਂ ਦੀ ਪੂਜਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਪਾਠ ਕਰਨ ਦੀ ਰੀਤ (ਮਰਿਯਾਦਾ) ਚੱਲੀ।[17]

ਅਕਾਲੀ ਕੌਰ ਸਿੰਘ ਅਨੁਸਾਰ 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਵਿਖੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ ਇਸ ਅਸਥਾਨ ਦੀ ਜਥੇਦਾਰੀ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਜੀ ਦੇ ਸਪੁਰਦ ਹੋਈ ਪਰ ਦੋ ਸਾਲ ਕੁਝ ਮਹੀਨੇ ਮਗਰੋਂ ਇਨ੍ਹਾਂ ਦੋਹਾਂ ਦੇ ਚਲਾਣਾ ਕਰ ਜਾਣ ਤੋਂ ਬਾਅਦ ਸਿੰਘਾਂ ਨੇ ਭਾਈ ਸੰਤੋਖ ਸਿੰਘ (ਹਜ਼ੂਰੀ) ਨੂੰ ਜਥੇਦਾਰ ਥਾਪਿਆ।[18] ਤਖ਼ਤ ਹਜ਼ੂਰ ਸਾਹਿਬ ਵੱਲੋਂ ਪ੍ਰਕਾਸ਼ਿਤ *'ਸੱਚਖੰਡ ਯਾਤਰਾ'* ਅਨੁਸਾਰ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਭਾਈ ਸੰਤੋਖ ਸਿੰਘ ਹੋਏ ਸਨ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਸੰਤੋਖ ਸਿੰਘ ਆਦਿ ਸਿੰਘ ਮਿਲ ਕੇ ਤਖ਼ਤ ਅਸਥਾਨ ਦੀ ਸੇਵਾ ਕਰਦੇ ਰਹੇ।

ਭਾਈ ਸੰਤੋਖ ਸਿੰਘ ਸੰਨ 1714 ਈ. ਤੱਕ ਇਸ ਅਸਥਾਨ ਦੀ ਸੇਵਾ ਸੰਭਾਲ ਕਰਦੇ ਰਹੇ। ਇਹ ਗੁਰੂ ਜੀ ਦਾ ਹਜ਼ੂਰੀ ਸਿੰਘ ਸੀ। ਇਸ ਨੂੰ ਗੁਰੂ ਜੀ ਨੇ ਹੁਕਮ ਕੀਤਾ ਸੀ ਕਿ ਤੁਸੀਂ ਇੱਥੇ ਰਹਿ ਕੇ ਸਾਡੇ ਇਸ ਅਸਥਾਨ ਦੀ ਸੇਵਾ ਸੰਭਾਲ ਕਰੋ। ਸੰਗਤ ਦੀ ਆਈ ਭੇਟਾ ਨਾਲ ਦੇਗ ਲੰਗਰ ਚਲਾਉਣਾ ਹੈ। ਇਸ਼ਨਾਨ, ਦੇਗ, ਲੰਗਰ ਆਦਿ ਦੀ ਮਰਿਆਦਾ ਇਸੇ ਤਰ੍ਹਾਂ ਹੀ ਰੱਖਣੀ ਹੈ। ਇਸ ਬਾਰੇ ਕਵੀ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

**ਇਸ ਥਲ ਰਹਹੁ ਦੇਗ਼ ਬਰਤਾਵਹੁ। ਸ਼ਰਧਾ ਜੁਤਿ ਸੋ ਸਿੰਘ ਟਿਕਾਵਹੁ।**

**ਦਰਬ ਅਸੰਖ ਇਹਾਂ ਜੋ ਆਇ। ਤਿਸ ਤੇ ਨਹਿਂ ਮੰਦਿਰ ਚਿਨਵਾਇ॥11॥**

**ਸਕਲ ਦੇਗ਼ ਪਰ ਦੇਹੁ ਲਗਾਈ। ਪੰਚਾਂਮ੍ਰਿਤ ਆਦਿਕ ਕਰਿਵਾਈ।**

**- - - - - - - - - - - - - - - - - - - - - - - - - - - - - - - - -**

**ਕਰਹੁ ਪਕਾਵਨ ਦਿਹੁ ਵਰਤਾਇ। ਧਨ ਕੀ ਚਿੰਤ ਨ ਕਰਿਯਹਿ ਕਾਇ।**

**ਇਮ ਸੁਨਿ ਸਭਿਹਿਨਿ ਸੀਸ ਨਿਵਾਏ। ਦਈ ਪ੍ਰਦਛਿਨਾ ਥਿਰ ਚਹੁੰ ਘਾਏ॥15॥**[19]

---

17 *ਗੁਰਦੁਆਰਾ ਗਜ਼ਟ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅੰਮ੍ਰਿਤਸਰ, ਜਿਲਦ 35, ਅੰਕ 11, ਨਵੰਬਰ 1965, ਪੰਨਾ 62.

18 ਹਿਸਟੋਰੀਅਨ, ਕਰਮ ਸਿੰਘ (ਸੰਪਾ.), *ਬਹੁ-ਮੁੱਲੇ ਇਤਿਹਾਸਕ ਲੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2017 (ਪੰਜਵੀਂ ਵਾਰ), ਪੰਨਾ 61.

19 ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਭਾਈ ਵੀਰ ਸਿੰਘ (ਸੰਪਾ.), ਪੰਨਾ 6235.

ਇਸ ਆਗਿਆ ਉੱਤੇ ਅਮਲ ਕਰਦੇ ਹੋਏ ਜਥੇਦਾਰ ਭਾਈ ਸੰਤੋਖ ਸਿੰਘ ਗੁਰੂ ਸਾਹਿਬ ਜੀ ਦੇ ਅਸਥਾਨ ’ਤੇ ਰਹਿ ਕੇ ਦੇਗ-ਲੰਗਰ ਚਲਾਉਦੇਂ ਰਹੇ। ਇਸ ਅਸਥਾਨ ਦੀ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਇਨ੍ਹਾਂ ਨੇ ਸਿੱਖ ਧਰਮ ਦਾ ਪ੍ਰਚਾਰ ਵੀ ਕੀਤਾ। ਉਸ ਸਮੇਂ ਤੋਂ ਅੱਜ ਤੱਕ ਹਜ਼ੂਰ ਸਾਹਿਬ ਵਿਖੇ ਲੰਗਰ ਚੱਲਦਾ ਆ ਰਿਹਾ। ਤਖ਼ਤ ਸਾਹਿਬ ਦੀ ਇਮਾਰਤ ਦੀ ਉਸਾਰੀ ਪਹਿਲੀ ਵਾਰ 1829-39 ਈ. ਦੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ। ਮਗਰੋਂ ਨਿਜ਼ਾਮ ਹੈਦਰਾਬਾਦ ਨੇ ਇਸ ਗੁਰਧਾਮ ਦੇ ਨਾਮ ਪੰਜ ਪਿੰਡਾਂ ਦੀ ਜਾਗੀਰ ਲਗਾਈ ਸੀ। ਜਿਸ ਕਾਰਨ ਇਥੋਂ ਦੀ ਸਾਲਾਨਾ ਆਮਦਨ ਵਾਧਾ ਹੋਇਆ ਅਤੇ ਪ੍ਰਬੰਧ ਵਿਚ ਸੁਧਾਰ ਹੋਇਆ ਸੀ। ਇਹ ਯਾਦ ਰਹੇ ਕਿ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਬਹੁਤ ਸਾਰੇ ਸਿੰਘ ਤਨਖ਼ਾਹਾਂ ਲੈ ਕੇ ਪੰਜਾਬ ਆਪਣੇ ਘਰਾਂ ਨੂੰ ਚਾਲੇ ਪਾ ਗਏ ਸਨ ਅਤੇ ਜਿਹੜੇ ਗੁਰੂ ਸਾਹਿਬ ਦੀ ਓਟ ਲੈਕੇ ਸਦਾ ਲਈ ਹਜ਼ੂਰ ਸਾਹਿਬ ਟਿਕ ਗਏ ਸਨ ਉਹ ਹਜ਼ੂਰੀਏ ਕਹਾਏ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਪਣੇ ਹਜ਼ੂਰੀ ਸਿੱਖ ਕਹਿ ਕੇ ਵਡਿਆਈ ਦਿੱਤੀ ਸੀ। ਉਨ੍ਹਾਂ ਵਿਚੋਂ ਕੁਝ ਮੁਖੀ ਸਿੰਘਾਂ ਦੇ ਨਾਮ ਇਸ ਪ੍ਰਕਾਰ ਹਨ:

ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਮਾਈ ਭਾਗੋ ਜੀ, ਭਾਈ ਪ੍ਰਹਲਾਦ ਸਿੰਘ ਜੀ, ਭਾਈ ਦਾਨ ਸਿੰਘ ਜੀ, ਭਾਈ ਰੌਸ਼ਨ ਸਿੰਘ ਜੀ, ਭਾਈ ਰਤਨ ਸਿੰਘ ਜੀ ਅਤੇ ਭਾਈ ਸੰਤੋਖ ਸਿੰਘ ਜੀ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਸੱਚੇ ਪਾਤਸ਼ਾਹ ਦੇ ਅਸਥਾਨ ’ਤੇ ਰਹਿਕੇ ਸਫ਼ਲੀ ਕੀਤੀ।[20]

ਜਿੰਨਾ ਸਮਾਂ ਬਾਦਸ਼ਾਹ ਬਹਾਦਰ ਸ਼ਾਹ ਦੱਖਣ ਵਿਚ ਬਗ਼ਾਵਤ ਨੂੰ ਰੋਕਣ ਲਈ ਠਹਿਰਿਆ ਸੀ ਉਦੋਂ ਤੱਕ ਤਾਂ ਨਾਂਦੇੜ ਵਿਖੇ ਸਾਂਤੀ ਬਣੀ ਰਹੀ ਪਰ ਜਦੋਂ ਹੀ ਬਹਾਦਰ ਸ਼ਾਹ ਹੈਦਰਾਬਾਦ ਤੋਂ ਦਿੱਲੀ ਵਾਪਿਸ ਮੁੜਿਆ ਤਾਂ ਦੱਖਣ ਵਿਚ ਰਾਜਸੀ ਹਾਲਾਤ ਮੁੜ ਖ਼ਰਾਬ ਹੋਣ ਕਾਰਨ ਨਾਂਦੇੜ ਸਾਹਿਬ ਵਿਖੇ ਵੀ ਮਾਹੌਲ ਸੁਖਾਵਾਂ ਨਾ ਰਿਹਾ। ਜੰਗਲੀ ਇਲਾਕਾ ਹੋਣ ਕਰਕੇ ਹਮੇਸ਼ਾ ਹੀ ਦੁਸ਼ਮਣਾਂ ਦੇ ਹਮਲੇ ਦਾ ਡਰ ਲੱਗਿਆ ਹੀ ਰਹਿੰਦਾ, ਖ਼ਾਸ ਕਰਕੇ ਮੁਸਲਿਮ ਹਕੂਮਤ ਦੇ ਕਾਰਿੰਦਿਆ ਵੱਲੋਂ , ਜਿਸ ਵਿਚ ਸਥਾਨਿਕ ਮੁਸਲਮਾਨਾਂ ਦਾ ਬਹੁਤ ਵੱਡਾ ਹੱਥ ਹੁੰਦਾ ਸੀ।[21] ਇਸ ਅਸਥਾਨ ਦੀ ਸੇਵਾ ਸੰਭਾਲ ਕਰਦੇ ਹੋਏ ਕਈ ਵਾਰ ਹਜ਼ੂਰੀ ਸਿੰਘਾਂ ਅਤੇ ਨਿਹੰਗ ਸਿੰਘਾਂ ਦੀਆਂ ਸਥਾ ਨਿਕ ਮੁਸਲਮਾਨਾਂ ਨਾਲ ਝੜਪਾਂ ਹੋਈਆਂ ਅਤੇ ਜਿਸ ਵਿਚ ਕੁਝ ਸਿੰਘਾਂ ਨੇ

---

[20] ਮੋਹਨ ਸਿੰਘ, ਗਿਆਨੀ, *ਤਵਾਰੀਖ ਸੱਚਖੰਡ,* ਸ੍ਰ. ਮਹਿੰਦਰ ਪ੍ਰੀਤ ਸਿੰਘ, ਨਾਂਦੇੜ, 1975 (ਅੱਠਵੀਂ ਐਡੀਸ਼ਨ), ਪੰਨਾ 108.

[21] *ਸੱਚਖੰਡ ਪੱਤਰ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਅਗਸਤ 2010, ਪੰਨਾ 26.

ਸ਼ਹਾਦਤਾਂ ਵੀ ਪਾਈਆਂ ਸਨ। ਇੱਥੇ ਤੁਰਕਾਂ ਦਾ ਜੋਰ ਸੀ। ਇਹ ਤੁਰਕ ਖਾਲਸੇ ਦੇ ਖ਼ਿਲਾਫ਼ ਸਨ। ਉਸ ਸਮੇਂ ਇਹ ਇਲਾਕਾ ਮੁਸਲਮਾਨੀ ਵਸੋਂ ਵਾਲਾ ਸੀ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਦੀ ਖ਼ਬਰ ਜਦੋਂ ਪੰਜਾਬ ਵਿਚ ਨਿਹੰਗ ਸਿੰਘਾਂ ਨੂੰ ਮਿਲੀ ਤਾਂ ਨਾਂਦੇੜ ਵਿਖੇ ਗੁਰੂ ਜੀ ਦੇ ਅਸਥਾਨ ਦੀ ਸੇਵਾ -ਸੰਭਾਲ ਅਤੇ ਚਰਨ ਧੂੜ ਪਰ ਸ਼ਨ ਵਾਸਤੇ ਨਿਹੰਗ ਸਿੰਘਾਂ ਦੇ ਜਥੇ ਨਾਂਦੇੜ ਸਾਹਿਬ ਵਿਖੇ ਪਹੁੰਚ ਗਏ। ਪੰਜਾਬ ਦੀ ਧਰਤੀ ਵਾਗੂੰ ਇਹ ਇਲਾਕਾ ਉਪਜਾਊ ਨਹੀਂ ਸੀ ਭਾਵੇਂ ਇਸ ਇਲਾਕੇ ਵਿਚ ਗੋਦਾਵਰੀ ਨਦੀ ਵਗਦੀ ਸੀ , ਸਾਫ ਪੀਣ ਦੇ ਪਾਣੀ ਦੀ ਇਸ ਇਲਾਕੇ ਵਿੱਚ ਬਹੁਤ ਹੀ ਘਾਟ ਹੋਣ ਕਰਕੇ ਨਿਹੰਗ ਸਿੰਘਾਂ ਇੱਥੇ ਖੂਹ ਖੁਦਵਾਏ (ਸੱਚਖੰਡ ਗੁਰਦੁਆਰੇ ਦੇ ਨਵੀਂਕਰਨ ਬਾਅਦ ਵੀ ਮੁੱਖ ਦਰਵਾਜੇ ਤੋਂ ਅੰਦਰ ਵੜਦਿਆਂ ਖੱਬੇ ਪਾਸੇ ਬਾਉਲੀ ਸਾਹਿਬ , ਜਿਸ ਉੱਪਰ ਗੋਲ ਗੁੰਬਦ ਵਰਗੀ ਜਾਲੀ ਲੱਗੀ ਹੋਈ ਹੈ ) ਜਿਸ ਨਾਲ ਸਾਫ਼ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਲੱਭਿਆ ਗਿਆ।[22] ਪਥਰੀਲੀ ਧਰਤੀ ਹੋਣ ਕਾਰਨ ਮਹਾਰਾ ਸ਼ਟਰ ਦੇ ਇਸ ਇਲਾਕੇ ਵਿਚ ਖੇਤੀਬਾੜੀ ਵੀ ਕੁਝ ਖ਼ਾਸ ਨਹੀਂ ਕੀਤੀ ਜਾਂਦੀ ਸੀ , ਜ਼ਿਆਦਾਤਰ ਹਰ ਪਾਸੇ ਜੰਗਲ ਹੀ ਸਨ। ਉਸ ਸਮੇਂ ਨਾਂਦੇੜ ਦੇ ਹਾਲਾਤ ਬਹੁਤ ਖ਼ਰਾਬ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਅਸਥਾਨ ਚਾਰੇ ਪਾਸੇ ਤੋਂ ਖੁੱਲ੍ਹਾ ਸੀ। ਨਿਹੰਗ ਸਿੰਘਾਂ ਨੇ ਦੂਰ ਦੂਰ ਤੱਕ ਮੈਦਾਨ ਬਣਾ ਕੇ , ਜੰਗਲਾਂ ਵਿਚੋਂ ਕਿਕਰਾਂ , ਝਾੜੀਆਂ ਆਦਿ ਦਰੱਖਤ ਕੱਟ ਕੇ ਕੰਡਿਆਲੀ ਵਾੜ ਬਣਾ ਦਿੱਤੀ ਸੀ ਕਿਉਂਕਿ ਇੱਕ ਤਾਂ ਜੰਗਲੀ ਜਾਨਵਰਾਂ ਦਾ ਅਤੇ ਦੂਜਾ ਤੁਰਕਾਂ ਦੇ ਹਮਲੇ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਸੀ।

ਨਿਹੰਗ ਸਿੰਘ ਉਸ ਸਮੇਂ ਕੱਖ ਕਾਨਿਆਂ ਦੀਆਂ ਝੋਪੜੀਆਂ ਅਤੇ ਤੰਬੂ ਕਾਨਾਤਾਂ ਲਗਾ ਕੇ ਉਨ੍ਹਾਂ ਵਿਚ ਰਹਿੰਦੇ ਸਨ। ਇਸ ਤਰ੍ਹਾਂ ਗੁਰੂ ਕਾ ਖ਼ਾਲਸਾ ਬਰਸਾਤ , ਗਰਮੀ, ਸਰਦੀ ਆਦਿ ਤੋਂ ਸੁਖਾਲਾ ਹੋ ਕੇ ਸੁੱਖ ਨਾਲ ਗੁਰੂ ਜੀ ਦੇ ਚਰਨਾਂ ਵਿਚ ਸੇਵਾ ਕਰਦਾ ਹੋਇਆ ਸਮਾਂ ਬਤੀਤ ਕਰਨ ਲੱਗਾ। ਜ਼ਿਆਦਾਤਰ ਸਿੰਘ ਮੌਜੂਦਾ ਸਮੇਂ ਸਥਿਤ ਤਖ਼ਤ ਸਾਹਿਬ ਵਾਲੇ ਅਸਥਾਨ ਦੇ ਆਸ -ਪਾਸ ਰਿਹਾਇਸ਼ ਕਰਿਆ ਕਰਦੇ ਸਨ ਬਾਕੀ ਸਿੰਘ ਮੌਜੂਦਾ ਸਮੇਂ ਵਿਚ ਸਥਿਤ ਗੁਰਦੁਆਰਾ ਛਾਉਣੀ ਬੁੱਢਾ ਦਲ ਵਾਲੇ ਅਸਥਾਨ ਉੱਪਰ ਰਿਹਾ ਕਰਦੇ ਸਨ ਜਿਸਦਾ ਪੁਰਾਣਾ ਨਾਮ ਨਿਹੰਗ ਸਿੰਘਾਂ ਦਾ ਬੁੰਗਾ ਜਾਂ ਛਾਉਣੀ ਨਿਹੰਗ ਸਿਘਾਂ ਦੀ ਹੈ। ਇਹ ਅਸਥਾਨ

---

[22] ਉਕਤ ਪੰਨਾ ਉਹੀ।

ਗੋਦਾਵਰੀ ਨਦੀ ਦੇ ਕਿਨਾਰੇ ਉੱਤੇ ਗੁਰਦੁਆਰਾ ਨਗੀਨਾ ਘਾਟ ਦੇ ਨ ਜ਼ਦੀਕ ਸਥਿਤ ਹੈ। ਇਹ ਛਾਉਣੀ ਦਾ ਅਸਥਾਨ ਗੁਰੂ ਜੀ ਦੇ ਸਮੇਂ ਦਾ ਹੈ। ਇਸ ਅਸਥਾਨ ਉੱਪਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਘੋੜਸਵਾਰ ਫ਼ੌਜਾਂ ਸਮੇਤ ਡੇਰਾ ਲਾਇਆ ਸੀ। ਸ਼ੁਰੂ ਤੋਂ ਨਿਹੰਗ ਸਿੰਘ ਇੱਥੇ ਰਹਿ ਕੇ ਤਖ਼ਤ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਸਖ਼ਤ ਪਹਿਰੇ ਦਿੰਦੇ ਰਹੇ ਸਨ।

ਸੰਨ 1714 ਈ. ਵਿਚ ਜਥੇਦਾਰ ਭਾਈ ਸੰਤੋਖ ਸਿੰਘ ਜੀ ਕਮਰਕੱਸਾ ਕਰ ਗਏ। ਇਨ੍ਹਾਂ ਦੇ ਪਿਛੋਂ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਖੁ ਸ਼ਹਾਲ ਸਿੰਘ ਜੀ ਥਾਪੇ ਗਏ। ਜਥੇਦਾਰ ਖੁਸ਼ਹਾਲ ਸਿੰਘ ਬਹੁਤ ਪਿਆਰ ਵਾਲੇ ਉੱਦਮੀ ਅਤੇ ਦੀਦਾਰੀ ਸਿੰਘ ਸਨ। ਇਹ ਅਨੇਕਾਂ ਕਠਿਨਾਈਆਂ ਦੇ ਬਾਵਜੂਦ ਵੀ 1720 ਈ. ਤੱਕ ਛੇ ਸਾਲ ਤਖ਼ਤ ਸਾਹਿਬ ਦੀ ਸੇਵਾ ਬੜੇ ਪਿਆਰ ਨਾਲ ਕਰਦੇ ਰਹੇ । ਇਨ੍ਹਾਂ ਤੋਂ ਮਗਰੋਂ ਇਸ ਅਸਥਾਨ ਦਾ ਪ੍ਰਬੰਧ ਕਈ ਕਾਰਨਾਂ ਕਰਕੇ ਠੀਕ ਨਾ ਰਿਹਾ। ਪਹਿਲਾ ਇਹ ਕਿ ਨਾਂਦੇੜ ਵਿਖੇ ਸਿੱਖ ਆਬਾਦੀ ਬਹੁਤ ਘੱਟ ਸੀ ਅਤੇ ਸਿਰਫ਼ ਗਿਣਤੀ ਦੇ ਹੀ ਸਿੰਘ ਸਨ। ਸਥਾ ਨਿਕ ਵਸੋਂ ਸਿੱਖ ਵਿਰੋਧੀ ਸੀ। ਦੂਜਾ ਪੰਜਾਬ ਵਿਚ ਇਹ ਸਮਾਂ ਸਿੱਖਾਂ ਲਈ ਘੋਰ ਸੰਕਟ ਦਾ ਹੋਣ ਕਾਰਨ ਇਸ ਅਸਥਾਨ ਵੱਲ ਸਿੱਖ ਧਿਆਨ ਨਾ ਦੇ ਸਕੇ। ਤੀਜਾ ਰਾਜਨੀਤੀ ਦੀ ਉਥਲ ਪੁਥਲ ਨੇ ਦੱਖਣੀ ਸਿੰਘਾਂ ਨੂੰ ਕਦੇ ਵੀ ਚੈਨ ਨਾਲ ਨਹੀਂ ਬੈਠਣ ਦਿੱਤਾ ਸੀ। ਤੁਰਕਾਂ ਦਾ ਰਾਜ ਸੀ ਜੋ ਖਾਲਸੇ ਨੂੰ ਆਪਣਾ ਦੁਸ਼ਮਣ ਮੰਨਦੇ ਸ ਨ ਅਤੇ ਇਹ ਹਜ਼ੂਰੀ ਸਿੰਘਾਂ ਅਤੇ ਨਿਹੰਗ ਸਿੰਘਾਂ ਉੱਪਰ ਹਮਲੇ ਕਰਕੇ ਹਰ ਸਮੇਂ ਇਨ੍ਹਾਂ ਨੂੰ ਦਬਾਉਣ ਦੀ ਕੋਸ਼ਿ ਸ਼ ਕਰਦੇ ਰਹਿੰਦੇ ਸੀ ਪਰ ਸਿੰਘਾਂ ਨੇ ਕਦੇ ਵੀ ਆਪਣੀ ਹਾਰ ਨਹੀਂ ਮੰਨੀ ਅਤੇ ਬੜੇ ਉੱਦਮ ਨਾਲ ਗੁਰੂ ਜੀ ਦੇ ਪਵਿੱਤਰ ਅਸਥਾਨ ਦੀ ਸੇਵਾ-ਸੰਭਾਲ ਜਾਰੀ ਰੱਖਦੇ।

ਇਸ ਸਮੇਂ ਹੀ ਪੰਜਾਬ ਵਿਚ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਜ਼ਾਲਮ ਮੁਗ਼ਲ ਹਕੂਮਤ ਖ਼ਿਲਾਫ਼ ਜ਼ਬਰਦਸਤ ਸੰਘਰਸ਼ ਚੱਲ ਰਿਹਾ ਸੀ। ਜਿਸ ਕਾਰਨ ਹੁਕਮਰਾਨ ਦੇਸ਼ ਦੇ ਹਰ ਹਿੱਸੇ ਵਿਚ ਰਹਿਣ ਵਾਲੇ ਸਿੱਖਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਸਨ ਅਤੇ ਸਿੱਖਾਂ ਵਿ ਰੁੱਧ ਸ਼ਖਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਸਨ। ਪਿੰਡਾਂ ਵਿਚ ਸ਼ਾਂਤੀ ਨਾਲ ਰਹਿੰਦੇ ਅਤੇ ਖੇਤੀ ਕਰਨ ਵਾਲੇ ਸਿੱਖਾਂ ਨੂੰ ਵੀ ਨਿ ਸ਼ਾਨੇ ਥੱਲੇ ਲਿਆ ਗਿਆ ਸੀ। ਸਿੱਖਾਂ ਨੂੰ ਖ਼ਤਮ ਕਰਨ ਲਈ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ। ਸਿੱਖਾਂ ਨੂੰ ਵੇਖਦਿਆਂ ਹੀ ਕਤਲ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਸਨ। [23] ਸਿੱਟੇ ਵਜੋਂ ਬਹੁਤ ਸਾਰੇ ਸਿੱਖਾਂ ਨੂੰ ਲਾਹੌਰ ਲਿਆ ਕੇ ਸ਼ਹੀਦ ਕੀਤਾ

---

23 ਭੰਗੂ, ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼*, ਭਾਈ ਵੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ , ਨਵੀਂ ਦਿੱਲੀ, ਫਰਵਰੀ 2008 (ਅੱਠਵੀਂ ਐਡੀਸ਼ਨ), ਪੰਨੇ 184-85.

ਜਾਣ ਲੱਗਿਆ ਸੀ। ਸਿੱਖਾਂ ਉੱਪਰ ਮੁਈਨ -ਉਲ-ਮੁਲਕ (ਮੀਰ ਮੰਨੂ 1748-53 ਈ.) ਦੇ ਦਮਨ ਬਾਰੇ ਹਕੀਕਤ-ਏ-ਸਿੱਖਾਂ ਦਾ ਲੇਖਕ ਲਿਖਦਾ ਹੈ ਕਿ "ਕੋਈ ਇੱਕ ਮਹੀਨਾ ਅਜਿਹਾ ਨਹੀਂ ਸੀ ਜਦੋਂ ਸਿੱਖਾਂ ਦੇ ਵੀਹ ਸਿਰ ਕੱਟ ਕੇ ਸ਼ਹਿਰ (ਲਾਹੌਰ) ਵਿਚ ਨਾ ਲਿਆਂਦੇ ਗਏ ਹੋਣ। "[24] ਜ਼ੁਲਮੀ ਮੁਗ਼ਲ ਹਕੂਮਤ ਨੇ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੰਘਾਂ ਨੂੰ ਬੜੀ ਬੇਰਹਿਮੀ ਨਾਲ ਅਨੇਕਾਂ ਤਸੀਹੇ ਦੇ ਕੇ 9 ਜੂਨ, 1716 ਈ. ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਸੀ। ਗੋਕੁਲ ਚੰਦ ਨਾਰੰਗ ਅਨੁਸਾਰ ਬੰਦਾ ਬਹਾਦਰ ਦੀ ਹਾਰ (ਸ਼ਹਾਦਤ) ਅਤੇ ਉਸਦੀ ਫ਼ੌਜ ਦੀ ਤਬਾਹੀ ਤੋਂ ਬਾਅਦ ਪ੍ਰਤੀਕਰਮ ਅਤੇ ਅਤਿਆਚਾਰਾਂ ਦਾ ਦੌਰ ਸ਼ੁਰੂ ਹੋਇਆ ਜੋ ਕੁਝ ਸਮੇਂ ਦੇ ਲਈ ਸਿੱਖਾਂ ਲਈ ਸਭ ਤੋਂ ਵਿਨਾਸ਼ਕਾਰੀ (ਮਾਰੂ) ਸਾਬਤ ਹੋਇਆ।[25]

ਇਸ ਸਬ ਕੁਝ ਦਾ ਪ੍ਰਭਾਵ ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ’ਤੇ ਵੀ ਪਿਆ ਸੀ। ਇਸ ਅਸਥਾਨ ’ਤੇ ਸਿੱਖਾਂ ਦਾ ਆਉਣਾ ਜਾਣਾ ਬੰਦ ਹੋ ਹੀ ਗਿਆ ਸੀ ਸਗੋਂ ਇੱਥੇ ਰਹਿਣਾ ਵੀ ਔਖਾ ਹੋ ਗਿਆ ਸੀ। ਆਲਾ ਦੁਆਲਾ ਮੁਸਲਮਾਨੀ ਵਸੋਂ ਵਾਲਾ ਸੀ। ਇਹ ਮੁਸਲਮਾਨੀ ਵਸੋਂ ਵੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਉੱਪਰ ਅਕਸਰ ਹਮਲੇ ਕਰਦੀ ਰਹਿੰਦੀ ਸੀ।[26] ਹੌਲ੍ਹੀ-ਹੌਲ੍ਹੀ ਕੁਝ ਸਿੰਘ ਤਾਂ ਕਮਰਕੱਸੇ ਕਰ ਗਏ ਅਤੇ ਕੁਝ ਸਿੰਘ ਵਾਪਸ ਪੰਜਾਬ ਚਾਲੇ ਪਾ ਗਏ। ਬਾਕੀ ਰਹਿੰਦੇ ਹਜ਼ੂਰੀ ਸਿੰਘਾਂ ਨੂੰ ਸਥਾਨਿਕ ਮੁਸਲਮਾਨ ਤੰਗ ਕਰਨ ਲੱਗ ਪਏ। ਅਕਾਲੀ ਕੌਰ ਸਿੰਘ ਅਨੁਸਾਰ ਤੱਦ ਸ਼ਿਕਾਰ ਘਾਟ , ਹੀਰਾ ਘਾਟ , ਮਾਤਾ ਸਾਹਿਬ ਦੇਵਾਂ ਦਾ ਗੁਰਦੁਆਰਾ, ਮਾਲ ਟੇਕੜੀ , ਸੰਗਤ ਸਾਹਿਬ , ਨਗੀਨਾ ਘਾਟ ਅਤੇ ਬੰਦਾ ਘਾਟ ਆਦਿਕ ਸਾਰੇ ਗੁਰ - ਅਸਥਾਨਾਂ ਦੇ ਸੇਵਾਦਾਰ ਸ੍ਰੀ ਹਜ਼ੂਰ ਅਬਿਚਲ ਨਗਰ ਸਹਿਬ ਆ ਬਿਰਾਜੇ ਪਰੰਤੂ ਇਥੋਂ ਭੀ ਸੰਮਤ ਬ੍ਰਿ : 1785 (1728 ਈ.) ਤੋਂ ਪਹਿਲਾਂ-ਪਹਿਲਾਂ ਭਾਈ ਲਾਲ ਸਿੰਘ ਜੀ ਦੀ ਜਥੇਦਾਰੀ ਦੇ ਸਮੇਂ ਵਿਚ ਸਾਰੇ ਹੀ ਸਿੰਘ ਵਹੀਰਾਂ ਪਾ ਗਏ ਅਤੇ ਗੁਰ-ਦਰਬਾਰ ਦੀ (ਤਖ਼ਤ ਅਸਥਾਨ) ਦੀ ਸੇਵਾ ਕੁਝ ਉਦਾਸੀ ਸੰਤਾਂ ਨੇ ਆਪਣੇ ਜਿੰਮੇ ਲੈ ਲਈ।[27] ਇਸ ਤਰ੍ਹਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧ ਉਦਾਸੀ ਸੰਤਾਂ ਨੇ ਸੰਭਾਲ ਲਿਆ। ਇੱਥੇ

---

24 ਢਿੱਲੋਂ, ਬਲਵੰਤ ਸਿੰਘ, *ਹਕੀਕਤ-ਏ-ਸਿੱਖਾਂ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ , ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ, 2014 (ਪਹਿਲੀ ਵਾਰ), ਪੰਨਾ 16.

25 Narang, Gokul Chand, *Transformation of Sikhism,* New Book Society, Lahore, 1946 (Third Edition), page 190.

26 ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪੰਨਾ 192.

27 ਹਿਸਟੋਰੀਅਨ, ਕਰਮ ਸਿੰਘ (ਸੰਪਾ.), *ਬਹੁ-ਮੁੱਲੇ ਇਤਿਹਾਸਕ ਲੇਖ,* ਪੰਨਾ 61.

ਹਜ਼ੂਰੀ ਸਿੰਘ ਗਿਣਤੀ ਦੇ ਹੀ ਰਹਿ ਗਏ ਸ ਨ ਹਾਲਾਂਕਿ ਹਜ਼ੂਰੀ ਸਿੱਖ ਨਿਰੰਤਰ ਤਰੱਕੀ ਕਰ ਰਹੇ ਸਨ ਪਰ ਉੱਤਰ ਵੱਲ ਸੈਂਕੜੇ ਮੀਲ ਦੂਰ (ਪੰਜਾਬ ਵਿਚ) ਰਾਜਨੀਤਿਕ ਵਿਕਾਸ ਨੇ ਉਨ੍ਹਾਂ ਦੇ ਕੰਮ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਸੀ।[28]

ਖੁਸ਼ਹਾਲ ਸਿੰਘ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ 1720 ਈ. ਤੋ 1728 ਈ. ਤੱਕ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਲਾਲ ਸਿੰਘ ਰਹੇ। ਜਥੇਦਾਰ ਭਾਈ ਲਾਲ ਸਿੰਘ ਤੋਂ ਬਾਅਦ ਭਾਈ ਬਖ਼ਤਾਬਰ ਸਿੰਘ ਜੀ ਜਥੇਦਾਰ ਬਣੇ ਇਨ੍ਹਾਂ ਨੇ ਸੰਨ 1735 ਈ. ਤੱਕ ਜਥੇਦਾਰੀ ਦੀ ਸੇਵਾ ਨਿਭਾਈ। ਇਸ ਸਮੇਂ ਤੱਕ ਤਖ਼ਤ ਸਾਹਿਬ ਦਾ ਬਾਹਰੀ-ਪ੍ਰਬੰਧ ਉਦਾਸੀ ਸਾਧੂਆਂ ਨੇ ਸੰਭਾਲ ਲਿਆ ਸੀ ਪਰੰਤੂ ਭਾਈ ਲਾਲ ਸਿੰਘ ਜੀ ਦੇ ਪਿੱਛੋਂ (ਬ੍ਰਿ. 1785 ਤੋਂ ਬਾਅਦ) ਜਥੇਦਾਰ ਬਖ਼ਤਾਬਰ ਸਿੰਘ ਜੀ ਸੰਮਤ 1792 ਤੋਂ 1842 ਬ੍ਰਿ. ਤੱਕ ਆਂਦੇ ਜਾਂਦੇ ਤੇ ਖ਼ਬਰ ਲੈਂਦੇ ਦੇਂਦੇ ਰਹੇ।[29] ਇਹ ਸਮਾਂ 1735 ਈ. ਤੋਂ 1785 ਈ. ਤੱਕ ਦਾ ਬਣਦਾ ਹੈ।

ਉਦਾਸੀ ਸਾਧੂਆਂ ਨੇ ਵੀ ਅਮਨ ਸਾਂਤੀ ਬਹਾਲ ਕਰਨ ਵਿੱਚ ਬਹੁਤ ਕੁਝ ਕੀਤਾ। 1727 ਈ. ਤੋਂ ਬਾਅਦ ਉਦਾਸੀ ਸਾਧੂ ਗੋਪਾਲ ਦਾਸ ਨੇ ਪ੍ਰਬੰਧ ਸੰਭਾਲਿਆ। ਸ਼ਾਇਦ ਤਖ਼ਤ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸ ਵਿਚ ਇਹ ਇੱਕ ਤੀਹ ਸਾਲਾਂ ਦਾ ਸਮਾਂ ਜਾਪਦਾ ਹੈ ਜਿਸ ਸਮੇਂ ਅਮਨ ਬਹਾਲੀ ਰਹੀ। ਪੰਜਾਬ ਵਿੱਚ ਇਹ ਸਮਾਂ ਸਿੱਖਾਂ ਲਈ ਬੜਾ ਹੀ ਮੁਸ਼ਕਲ ਸੀ। ਨਿਹੰਗ ਸਿੰਘਾਂ ਨੇ 1728 ਈ. ਤੋਂ ਬਾਅਦ ਉਦਾਸੀ ਸਿੰਘਾਂ 'ਤੇ ਗੁਰੂ ਜੀ ਦੀ ਦੱਸੀ ਬਿ ਨਾਂ ਲਿਖਿਤ ਰਹਿਤ ਅਤੇ ਕੰਮ -ਕਾਰ ਉੱਤੇ ਆਉਣ ਵਾਲੇ ਚਾਲੀ ਵਰ੍ਹਿਆਂ ਤੱਕ ਬੜੀ ਹੀ ਕੜੀ ਨਜ਼ਰ ਰੱਖੀ। ਨਿਹੰਗ ਬਖ਼ਤਾਬਰ ਸਿੰਘ ਜੀ ਨੇ ਆਪਣੀ ਖ਼ੁਦ-ਮੁਖਤਿਆਰੀ ਸਮਝ ਇਸ ਜ਼ਿੰਮੇਵਾਰੀ ਨੂੰ ਬੜੀ ਹੀ ਸ਼ਰਧਾ ਨਾਲ ਪੰਜਾਹ ਸਾਲ (ਪੰਜ ਦਸ਼ਕ) ਤੱਕ ਨਿਭਾਇਆ। ਇਸ ਵਿਚ ਸ੍ਰ. ਚੜ੍ਹਤ ਸਿੰਘ ਦਾ ਵੀ ਬੜਾ ਯੋਗਦਾਨ ਰਿਹਾ ਜੋ ਬਾਅਦ ਵਿਚ ਹਜ਼ੂਰ ਸਾਹਿਬ ਦਾ 1735 ਈ. ਵਿਚ ਜਥੇਦਾਰ ਬਣਿਆ। ਇਹ ਪੰਜਾਹ ਸਾਲ ਦੇ ਸਮੇਂ ਨੂੰ ਨਿਹੰਗਾਂ ਅਤੇ ਉਦਾਸੀਆਂ ਦੇ ਕੰਮਕਾਰ ਅਤੇ ਤਾਲ -ਮੇਲ ਦਾ ਸੁਨਹਿਰਾ ਕਾਲ ਗਿਣਿਆ ਜਾਂਦਾ ਹੈ।[30] ਗਿਆਨੀ ਈਸ਼ਰ ਸਿੰਘ ਨਾਰਾ ਉਦਾਸੀਆਂ ਦੁਆਰਾ ਸੇਵਾ ਕਰਨ ਬਾਰੇ

---

[28] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), Kashi House, London, UK, 2008 (First Publihed), page 42.

[29] ਹਿਸਟੋਰੀਅਨ, ਕਰਮ ਸਿੰਘ (ਸੰਪਾ.), *ਬਹੁ-ਮੁੱਲੇ ਇਤਿਹਾਸਕ ਲੇਖ,* ਪੰਨਾ 61.

[30] *ਸੱਚਖੰਡ ਪੱਤਰ,* ਅਗਸਤ 2010, ਪੰਨਾ 27.

ਇਸ ਤਰ੍ਹਾਂ ਲਿਖਦੇ ਹਨ: ਪਹਿਲੇ ਐਸੀ ਸੇਵਾ ਮਹੰਤ ਈਸ਼ਰ ਦਾਸ ਨੇ ਨਾਲੋ ਨਾਲ ਸੰਮਤ 1765 ਤੋਂ 1782 ਬ੍ਰਿ. (1708-25 ਈ.) ਤੱਕ ਕੀਤੀ। ਫਿਰ ਇਹਨਾਂ ਦੇ ਚੇਲੇ ਗੁਪਾਲ ਦਾਸ ਨੇ ਤਖ਼ਤ ਸਾਹਿਬ ਦੀ ਸੇਵਾ ਨੂੰ ਸੰਮਤ 1803 ਬ੍ਰਿ. (1746 ਈ.) ਤੱਕ ਸੰਭਾਲਿਆ। ਫਿਰ ਇਹਨਾਂ ਦੇ ਚੇਲੇ ਗੁਰੂ ਸਰਣ ਦਾਸ ਨੇ ਲਗਾਤਾਰ 30 ਸਾਲ ਹੋਰ ਸੇਵਾ ਨਿਭਾਈ ਤੇ ਸੰਮਤ 1833 ਬ੍ਰਿ. ਸੰਮਤ (1776 ਈ.) ਤੱਕ ਰਹੇ। ਇਹ ਵੀ ਠੀਕ ਹੈ ਕਿ ਇਸ ਅਰਸੇ ਤੱਕ ਪੰਜਾਬ ਤੋਂ ਕੁਝ ਯਾਤਰੂ ਹੋਰ ਸਿੰਘ ਵੀ ਆਉਂਦੇ ਰਹੇ ਅਤੇ ਨਾਲੋ ਨਾਲ ਸੇਵਾ ਕਰਦੇ ਰਹੇ।[31]

ਇਸ ਤਰ੍ਹਾਂ ਤਖ਼ਤ ਸਾਹਿਬ 'ਤੇ ਸਿੰਘਾਂ ਅਤੇ ਉਦਾਸੀ ਸਾਧੂਆਂ ਨੇ ਮਿਲ ਕੇ ਸਾਂਝੇ ਰੂਪ ਵਿਚ ਸੇਵਾ ਕੀਤੀ। ਤਖ਼ਤ ਸਾਹਿਬ ਦੇ ਅੰਦਰ ਦੀ ਸੇਵਾ ਭਾਵ ਮੁੱਖ ਜਥੇਦਾਰ ਦੀ ਸੇਵਾ ਸਦਾ ਖ਼ਾਲਸੇ ਪਾਸ ਰਹੀ। ਪੰਜਾਬ ਵਾਂਗ ਦੱਖਣ ਵਿਚ ਵੀ ਸਿੱਖੀ ਦਾ ਪ੍ਰਚਾਰ -ਪ੍ਰਸਾਰ ਉਦਾਸੀਆਂ ਨੇ ਕੀਤਾ ਸੀ। 18 ਵੀਂ ਸਦੀ ਦਾ ਸਮਾਂ ਸਿੱਖਾਂ ਲਈ ਬਹੁਤ ਸੰਘਰਸ਼ ਭਰਿਆ ਸਮਾਂ ਸੀ। ਅਜਿਹੇ ਸਮੇਂ ਜਦੋਂ ਸਿੱਖ ਜੰਗਾਂ -ਯੁੱਧਾਂ ਕਾਰਨ ਜੰਗਲਾਂ ਵਿਚ ਰਹਿੰਦੇ ਸਨ ਤਾਂ ਗੁਰ-ਅਸਥਾਨਾਂ ਦੀ ਸਾਂਭ-ਸੰਭਾਲ ਉਦਾਸੀ ਸਾਧੂ ਕਰਦੇ ਸਨ। ਇਸ ਸਮੇਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਬਹੁਤ ਸਾਰੇ ਗੁਰਧਾਮਾਂ ਦਾ ਪ੍ਰਬੰਧ ਉਦਾਸੀਆਂ ਨੇ ਸੰਭਾਲ ਲਿਆ ਸੀ। ਲਗਭਗ 18 ਵੀਂ ਸਦੀ ਦੇ ਅੰਤ ਤੱਕ ਤਖ਼ਤ ਹਜ਼ੂਰ ਸਾਹਿਬ ਵਿਖੇ ਉਦਾਸੀ ਸਾਧੂਆਂ ਨੇ ਪ੍ਰਬੰਧ ਸੰਭਾਲਿਆ ਸੀ। According to Nidar Singh Nihung "In tandem with the Singh-Khalsa, the Udasis shared control of Takht Hazoor Sahib for over a century."[32]

18 ਵੀਂ ਸਦੀ ਦੇ ਅਖ਼ੀਰਲੇ ਸਮੇਂ ਤੱਕ ਪੰਜਾਬ ਵਿਚ ਸਿੱਖ ਮਿਸਲਾਂ ਦੁਆਰਾ ਖਾਲਸਾ ਰਾਜ ਸਥਾਪਿਤ ਹੋ ਗਿਆ ਸੀ। 1767 ਈ. ਤੋਂ 1799 ਈ. ਤੱਕ ਲਗਭਗ ਸਾਰੇ ਹੀ ਪੰਜਾਬ ਉੱਤੇ ਇਨ੍ਹਾਂ ਮਿਸਲਾਂ ਦਾ ਕਬਜਾ ਰਿਹਾ।[33] ਹਸ਼ਨ ਨਿਜ਼ਾਮੀ ਲਿਖਦੇ ਹਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਸਿਪਾਹੀ ਬਣਾ

---

[31] ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-84),* ਗਿਆਨੀ ਈਸ਼ਰ ਸਿੰਘ ਨਾਰਾ ਦੇਹਲੀ ਗੇਟ ਬਾਜ਼ਾਰ, ਨਵੀਂ ਦਿੱਲੀ, ਮਿਤੀਹੀਣ, ਪੰਨਾ 71.

[32] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 52.

[33] ਅਰੋੜਾ, ਏ. ਸੀ., *ਪੰਜਾਬ ਦਾ ਇਤਿਹਾਸ (1469-1799),* ਪ੍ਰਦੀਪ ਪਬਲੀਕੇਸ਼ਨ, ਜਲੰਧਰ, 2006 (ਅਠਾਰਵੀਂ ਐਡੀਸ਼ਨ), ਪੰਨਾ 220.

ਦਿੱਤਾ ਅਤੇ ਇਸਲਾਮੀ ਹਕੂਮਤ ਦੇ ਕਮਜ਼ੋਰ ਪੈਣ ’ਤੇ ਸਿੱਖਾਂ ਦੀ ਹਕੂਮਤ ਸਾਰੇ ਪੰਜਾਬ ਉੱਤੇ ਹੋ ਗਈ।[34] ਇਸ ਕਾਰਨ ਸਮਾਂ ਪਾ ਕੇ ਸਿੱਖ ਯਾਤਰੂਆਂ ਦਾ ਮੁੜ ਹਜ਼ੂਰ ਸਾਹਿਬ ਨਾਂਦੇੜ ਵਿਚ ਆਉਣਾ-ਜਾਣਾ ਸ਼ੁਰੂ ਹੋ ਗਿਆ। ਇਸ ਤਰ੍ਹਾਂ ਤਖ਼ਤ ਸਾਹਿਬ ਦੇ ਪ੍ਰਬੰਧ ਵਿਚ ਸੁਧਾਰ ਅਤੇ ਆਮਦਨ ਵਿਚ ਵੀ ਵਾਧਾ ਹੋਣ ਲੱਗ ਪਿਆ ਸੀ। ਹਜ਼ੂਰੀ ਸਿੰਘਾਂ ਦੇ ਹਾਲਾਤਾਂ ਵਿਚ ਸੁਧਾਰ ਆਇਆ। 18 ਵੀਂ ਸਦੀ ਵਿਚ ਮੁਸਲਿਮ ਆਬਾਦੀ ਦੇ ਨਾਲ ਝਗੜਿਆਂ ਕਾਰਨ ਉਨ੍ਹਾਂ ਲਈ ਇਹ ਇੱਕ ਮੁਸ਼ਕਿਲ ਸਮਾਂ ਸੀ ਹਾਲਾਂਕਿ ਅਗਲੀ ਸਦੀ ਵਿਚ ਹਾਲਾਤ ਅਨੁਕੂਲ ਹੋਣ ਕਾਰਨ ਉਨ੍ਹਾਂ ਦੀ ਆਬਾਦੀ ਵਿਚ ਹੌਲ੍ਹੀ-ਹੌਲ੍ਹੀ ਵਾਧਾ ਹੋਇਆ। ਸਮੇਂ ਦੇ ਬੀਤਣ ਨਾਲ ਇਹ ਦੱਖਣੀ ਸਿੱਖ (ਹਜ਼ੂਰੀ ਸਿੱਖ) ਵਜੋਂ ਜਾਣੇ ਜਾਣ ਲੱਗੇ।[35] ਹਜ਼ੂਰੀ ਸਿੰਘਾਂ ਨੇ ਯੋਗ ਸੰਗੀਤ ਅਤੇ ਕਸਰਤ ਕਰਨ ਦੀ ਸਿੱਖਿਆ ਲੈ ਅਗਲੀ ਪੀੜ੍ਹੀ ਨੂੰ ਵੀ ਇਸ ਵਿੱਚ ਮਾਹਿਰ ਬਣਾ ਦਿਤਾ। ਇਸ ਤਰ੍ਹਾਂ ਦੱਖਣੀ ਸਿੰਘਾਂ ਦਾ ਆਸੇ ਪਾਸੇ ਦੇ ਇਲਾਕੇ ਵਿੱਚ ਦਬ-ਦਬਾ ਬਣ ਗਿਆ।[36] ਹਜ਼ੂਰ ਸਾਹਿਬ ਦੇ ਗੁਰਸਿੱਖਾਂ ਨੇ ਸ਼ਬਦ ਕੀਰਤਨ, ਗੁਰਬਾਣੀ ਸੰਗੀਤ ਅਤੇ ਪਾਠ-ਕੰਠ ਨੂੰ ਪਹਿਲੀ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਅਤੇ ਅਗਾਹ ਦੀਆਂ ਪੀੜ੍ਹੀਆ ਤੱਕ ਸੁੱਧਤਾ ਨਾਲ ਜਾਰੀ ਰੱਖਿਆ।[37]

ਪੰਜਾਬ ਵਿਚ ਮਿਸਲਾਂ ਦਾ ਸਿੱਖ ਰਾਜ ਹੋਣ ਕਾਰਨ 1787-88 ਈ. ਦੇ ਆਸ-ਪਾਸ ਤਖ਼ਤ ਸਾਹਿਬ ਦਾ ਪ੍ਰਬੰਧ ਮੁੜ ਉਦਾਸੀ ਸਾਧੂਆਂ ਕੋਲੋਂ ਸਿੰਘ ਸੇਵਾਦਾਰਾਂ ਨੇ ਸੰਭਾਲ ਲਿਆ ਸੀ। ਸੰਨ 1735 ਈ. ਵਿਚ ਭਾਈ ਚੜ੍ਹਤ ਸਿੰਘ ਨੂੰ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ ਸੀ ਜਿਸਨੇ 1785 ਈ. ਤੱਕ ਪੰਜਾਹ ਸਾਲ ਸੇਵਾ ਨਿਭਾਈ। ਇਸ ਨੇ ਲਗਭਗ ਅਗਲੇ ਪੰਜਾਹ ਸਾਲਾਂ ਤੱਕ ਤਖ਼ਤ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਵਿਚ ਅਕਾਲੀ-ਨਿਹੰਗਾਂ ਅਤੇ ਉਦਾਸੀ ਸਾਧੂਆਂ ਵਿਚਕਾਰ ਕਾਰਜਸ਼ੀਲ ਸੰਬੰਧਾਂ ਨੂੰ ਦਿਸ਼ਾ ਅਤੇ ਹੁਲਾਰਾ ਦਿੱਤਾ।

---

[34] ਖ਼ਵਾਜਾ, ਹਜ਼ਰਤ ਮੋਲਾਨਾ ਹਸਨ ਨਿਜ਼ਾਮੀ ਸਾਹਿਬ, *ਸਿੱਖ ਕੌਮ ਅਤੇ ਉਸਦੇ ਸੰਸਥਾਪਕ ਦੇ ਸੰਬੰਧ-ਮੁਸਲਮਾਨਾਂ ਦੀ ਮੁਹੱਬਤ ਦਾ ਮੇਲਮਿਲਾਪ*, ਨਾਨਕ ਸਿੰਘ ਨਿਸ਼ਤਰ (ਸੰਪਾ.), (ਹਿੰਦੀ ਐਡੀਸ਼ਨ) ਇੰਟਰਨੈਸ਼ਨਲ ਸਿੱਖ ਸੈਂਟਰ ਫਾਰ ਇੰਟਰਫੇਥ ਰਿਲੇਸ਼ਨ, ਹੈਦਰਾਬਾਦ, ਫਰਵਰੀ 2017, ਪੰਨਾ 11.

[35] Kalra, Mohan singh (Chief Editor), *The Sikh Review,* Vol. XVI-XVII, No. 163-164, The Sikh Cultural Centre, 1, Lindsay Street, Calcutta, February-March 1967, Page 40.

[36] *ਸੱਚਖੰਡ ਪੱਤਰ,* ਅਗਸਤ 2010, ਪੰਨਾ 27.

[37] ਉਕਤ, ਪੰਨਾ ਉਹੀ।

ਇਹ ਉਹ ਸਮਾਂ ਸੀ, ਜਦੋਂ ਖ਼ਾਲਸੇ ਨੇ ਗੁਰੂ ਗੋਬਿੰਦ ਸਿੰਘ ਦੀਆਂ ਰਚਨਾਵਾਂ ਵਜੋਂ ਜਾਣੀਆਂ ਜਾਂਦੀਆਂ ਦੋ ਹੋਰ ਲਿਖਤੀ ਰਚਨਾਵਾਂ (ਦਸਮ ਗ੍ਰੰਥ ਸਾਹਿਬ ਅਤੇ ਸਰਬਲੋਹ ਗ੍ਰੰਥ ) ਨੂੰ ਪ੍ਰਸਿੱਧੀ ਦਿੱਤੀ। ਇਸ ਤਰ੍ਹਾਂ ਤਖ਼ਤ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼ਸਤਰਾਂ ਦੇ ਨਾਲ-ਨਾਲ ਦਸਮ ਗ੍ਰੰਥ ਸਾਹਿਬ ਅਤੇ ਸਰਬਲੋਹ ਗ੍ਰੰਥ ਨੂੰ ਪਵਿੱਤਰ ਮੰਨਿਆ ਜਾਂਦਾ ਹੈ।[38]

ਚੜ੍ਹਤ ਸਿੰਘ ਨੇ ਨਗੀਨਾ ਘਾਟ ਵਾਲੇ ਬੁੰਗੇ ਬਣਾਏ ਸਨ। ਇਨ੍ਹਾਂ ਨੇ ਹੀ ਅਕਾਲ ਬੁੰਗੇ ਦੀ ਨੀਂਹ ਰੱਖੀ ਅਤੇ ਉੱਪਰ ਕੱਚੀ ਛੱਤ ਪਾ ਕੇ ਸੇਵਾ ਆਰੰਭ ਕੀਤੀ ਸੀ। ਜਿਸ ਨੂੰ ਬਾਅਦ ਵਿਚ ਸ੍ਰ. ਗਾਹੂ ਸਿੰਘ ਨੇ ਪੰਜਾਹ ਹਜ਼ਾਰ ਰੁਪਏ ਖ਼ਰਚ ਕੇ ਪੱਕਾ ਕੀਤਾ ਸੀ। ਕੁਝ ਕੁ ਸਮੇਂ ਤੋਂ ਬਾਅਦ ਜਥੇਦਾਰ ਭਾਈ ਚੜ੍ਹਤ ਸਿੰਘ ਜੀ ਨਾਲ ਸ੍ਰ. ਮੋਹਰ ਸਿੰਘ ਜੀ ਪੰਜਾਬ ਤੋਂ ਆ ਕੇ ਮਿਲ ਗਏ। ਸ੍ਰ. ਮੋਹਰ ਸਿੰਘ ਜੀ ਅਰਬੀ, ਫ਼ਾਰਸੀ ਦੇ ਬਹੁਤ ਹੀ ਵਿਦਵਾਨ ਸਨ। ਆਪ ਜੀ ਜਿੱਥੇ ਚੰਗੇ ਫ਼ਿਲਾਸਫ਼ਰ ਸਨ ਉੱਥੇ ਰਾਜਨੀਤੀ ਵਿਚ ਵੀ ਬਹੁਤ ਚੰਗੀ ਮੁਹਾਰਤ ਰੱਖਦੇ ਸਨ।[39] ਭਾਈ ਮੋਹਰ ਸਿੰਘ 1785 ਈ. ਵਿਚ ਜਥੇਦਾਰ ਥਾਪੇ ਗਏ ਸ ਨ। ਸ਼ਹਿਰ ਦੇ ਨਾਇਬ ਨਾਲ ਮਿਲ ਕੇ ਭਾਈ ਮੋਹਰ ਸਿੰਘ ਜੀ ਨੇ ਇਲਾਕੇ ਦੇ ਕਾ ਫ਼ੀ ਝਗੜੇ ਖ਼ਤਮ ਕਰਵਾਏ। ਜਿਸ ਕਾਰਨ ਨਾਂਦੇੜ ਸਾਹਿਬ ਅਤੇ ਇਸ ਇਲਾਕੇ ਵਿਚ ਖਾਲਸੇ ਦਾ ਦਬ-ਦਬਾ ਵੱਧ ਗਿਆ।

ਇਸ ਸਮੇਂ ਹੀ ਨਾਂਦੇੜ ਤੋਂ 38 ਕਿ. ਮੀ. ਦੂਰ ਕੰਧਾਰ ਕਸਬੇ ਵਿਚ ਹਿੰਦੂ ਰਾਜ ਘਰਾਣੇ ਦੇ ਦੋ ਸਕੇ ਭਰਾਵਾਂ ਜੈ ਸਿੰਘ ਅਤੇ ਗੁਲਾਬ ਸਿੰਘ ਵਿਚਕਾਰ ਰਾਜ-ਭਾਗ ਨੂੰ ਲੈ ਕੇ ਹੋਏ ਝਗੜੇ ਦਾ ਫ਼ੈਸਲਾ ਮੋਹਰ ਸਿੰਘ ਨੇ ਕਰਵਾਇਆ ਸੀ। ਇਸ ਫ਼ੈਸਲੇ ਨੂੰ ਦੋਹਾਂ ਭਰਾਵਾਂ ਨੇ ਪ੍ਰਵਾਨ ਕੀਤਾ ਅਤੇ ਆਪਣੀ ਵੈਰ-ਭਾਵਨਾ ਖ਼ਤਮ ਕਰਕੇ ਖਾਲਸੇ ਦਾ ਧੰਨਵਾਦ ਕੀਤਾ। ਇਹ ਦੋਵੇਂ ਭਰਾ ਇਸ ਫ਼ੈਸਲੇ ਤੋਂ ਇੰਨੇ ਪ੍ਰਸੰਨ ਹੋਏ ਕਿ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਵਜੋਂ ਇਨ੍ਹਾਂ ਨੇ ਉਸ ਸਮੇਂ ਤਖ਼ਤ ਸਾਹਿਬ ਉੱਪਰ 17000 (ਸਤਾਰਾ ਹਜ਼ਾਰ) ਰੁਪਏ ਭੇਟਾ ਕਰਕੇ ਆਪਣੇ ਆਪ ਨੂੰ ਧੰਨਵਾਦੀ ਬਣਾਇਆ।[40] 1788 ਈ. ਵਿਚ ਜਥੇਦਾਰ ਮੋਹਰ ਸਿੰਘ ਨੇ ਹੋਰ ਪੈਸੇ ਇਕੱਠੇ ਕਰਕੇ 45000 ਖ਼ਰਚ ਕੇ ਮਾਈ ਭਾਗ ਕੌਰ ਦਾ ਬੁੰਗਾ ਬਣਵਾਇਆ।

---

[38] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 52.

[39] *ਸੱਚਖੰਡ ਪੱਤਰ,* ਅਪ੍ਰੈਲ 2006, ਪੰਨਾ 4.

[40] ਉਕਤ, ਪੰਨਾ 6.

1791 ਈ. ਵਿਚ ਹਾਲਾਤ ਕਾਫ਼ੀ ਵਿਗੜ ਗਏ। ਇਨ੍ਹਾਂ ਦਿਨਾਂ ਵਿਚ ਹੀ ਅਕਾਲੀ ਮਹਾਕਾਲ ਸਿੰਘ ਨਿਹੰਗ ਰਾਜਪੂਤਾਨੇ ਵਲੋਂ ਨਜ਼ਰਾਨੇ ਲੈ ਕੇ ਆਪਣੇ ਜਥੇ ਸਮੇਤ ਇੱਥੇ ਆ ਪੁੱਜੇ ਜਿਨ੍ਹਾਂ ਨੇ ਹੋਰ ਬੁੰਗੇ ਤਿਆਰ ਕਰਵਾਉਣ ਦੀ ਸੇਵਾ ਆਰੰਭ ਕੀਤੀ ਪ੍ਰੰਤੂ ਹਾਲਾਤ ਠੀਕ ਨਾ ਹੋਣ ਕਰਕੇ ਪੂਰੀ ਸੇਵਾ ਨਾ ਹੋ ਸਕੀ। ਸੰਨ 1791 ਈ. ਵਿਚ ਸ੍ਰ. ਮੋਹਰ ਸਿੰਘ ਦੇ ਪਿਛੋਂ ਸ੍ਰ. ਰਾਮ ਸਿੰਘ ਦੀ ਜਥੇਦਾਰੀ ਮੌਕੇ ਇਲਾਕੇ ਦੇ ਸਾਰੇ ਤੁਰਕਾਂ ਨੇ ਗੁਰਦੁਆਰੇ ਦੀ ਲੁਟ ਦੀ ਮਨਸ਼ਾ ਤਹਿਤ ਇਕੱਠੇ ਹੋ ਕੇ ਹਮਲਾ ਕੀਤਾ। ਬਾਅਦ ਵਿਚ ਵੀ ਸਮੇਂ -ਸਮੇਂ ਇਹ ਝੜਪਾਂ ਜਾਰੀ ਰਹੀਆਂ।[41] ਇਨ੍ਹਾਂ ਝੜਪਾਂ ਵਿਚ ਕਈ ਸਿੰਘ ਸ਼ਹੀਦੀਆਂ ਪਾ ਗਏ। ਸੰਨ 1803 ਈ. ਤੋਂ 1857 ਈ. ਤੱਕ ਭਾਈ ਧਰਮ ਸਿੰਘ, ਭਾਈ ਚੜ੍ਹਤ ਸਿੰਘ (ਦੂਜਾ), ਭਾਈ ਸਾਹਿਬ ਸਿੰਘ, ਭਾਈ ਆਇਆ ਸਿੰਘ, ਭਾਈ ਜੱਸਾ ਸਿੰਘ, ਭਾਈ ਈਸ਼ਰ ਸਿੰਘ, ਭਾਈ ਵਰਿਆਮ ਸਿੰਘ ਅਤੇ ਭਾਈ ਤਾਰਾ ਸਿੰਘ ਜਥੇਦਾਰ ਹੋਏ। ਇਸ ਸਮੇਂ ਦੌਰਾਨ 1823 ਈ. ਵਿਚ ਦੱਖਣ ਵਿਚ ਕਾਲ ਪੈਣ ਕਾਰਨ ਨਾਂਦੇੜ ਤੋਂ ਕਈ ਸਿੰਘ ਚਲੇ ਗਏ। ਸਿੰਘਾਂ ਅਤੇ ਨਿਜ਼ਾਮ ਹੈਦਰਾਬਾਦ ਦੇ ਵਜ਼ੀਰ ਚੰਦੂ ਲਾਲ ਦੀ ਰਜ਼ਾਮੰਦੀ ਨਾਲ ਦੋ ਸਾਲ 1823 ਈ. ਤੋਂ 1825 ਈ. ਤੱਕ ਉਦਾਸੀ ਸਾਧੂਆਂ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ ਸੇਵਾ ਸੰਭਾਲੀ ਸੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ 18 ਵੀਂ ਸਦੀ ਵਿਚ ਤਖ਼ਤ ਹਜ਼ੂਰ ਸਾਹਿਬ ਨਾਂਦੇੜ ਦਾ ਪ੍ਰਬੰਧ ਉਪਰੋਕਤ ਹਾਲਾਤਾਂ ਵਿਚ ਚੱਲਦਾ ਰਿਹਾ ਸੀ। 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਇਸ ਅਸਥਾਨ ਦੇ ਪ੍ਰਬੰਧ ਅਤੇ ਸੰਭਾਲ ਲਈ ਪੰਜਾਬ ਤੋਂ ਨਿਹੰਗ ਸਿੰਘ ਜਥਿਆਂ ਦੇ ਰੂਪ ਵਿਚ ਲਗਾਤਾਰ ਇਥੇ ਪਹੁੰਚਦੇ ਰਹੇ ਸਨ। ਨਿਹੰਗ ਸਿੰਘਾਂ ਨੇ ਇੱਥੇ ਛਾਉਣੀ ਸਥਾਪਿਤ ਕਰਕੇ ਪੱਕੇ ਡੇਰੇ ਲਾ ਲਏ ਸਨ। ਜਿਸ ਦੇ ਫਲ਼ਸਰੂਪ ਪੰਜਾਬ ਦੇ ਸਿੱਖਾਂ ਨੇ ਤਖ਼ਤ ਹਜ਼ੂਰ ਸਾਹਿਬ ਦੇ ਪ੍ਰਬੰਧ ਵਿਚ ਕੇਂਦਰੀ ਭੂਮਿਕਾ ਨਿਭਾਈ। ਇਸ ਅਸਥਾਨ ’ਤੇ ਪਹਿਲਾਂ ਜਿੰਨੇ ਵੀ ਸਿੰਘ ਸੇਵਾਦਾਰ ਅਤੇ ਉਦਾਸੀ ਸਾਧੂ ਰਹਿੰਦੇ ਰਹੇ ਸਨ ਉਹ ਸਾਰੇ ਕਾਨਿਆਂ ਦੀਆ ਬਣਾਈਆਂ ਹੋਈਆਂ ਝੌਂਪੜੀਆਂ (ਛੰਨਾਂ-ਛੱਪਰਾਂ) ਵਿਚ ਹੀ ਰਹਿੰਦੇ ਸਨ। ਸ਼ੁਰੂ -ਸ਼ੁਰੂ ਵਿਚ ਇੱਥੇ ਟਾਂਵੇ-ਟਾਂਵੇ ਸ਼ਰਧਾਲੂ ਹੀ ਯਾਤਰਾ ਕਰਨ ਪਹੁੰਚਦੇ ਸਨ ਕਿਉਂਕਿ ਉਸ ਸਮੇਂ ਨਾਂ ਤਾਂ ਇਸ ਇਲਾਕੇ ਕੋਈ ਰੇਲ ਗੱਡੀ ਪਹੁੰਚਦੀ ਅਤੇ ਨਾਂ ਹੀ ਆਵਾਜਾਈ ਦੇ ਸਾਧਨ ਸਨ ਪਰ 18 ਵੀਂ ਸਦੀ ਦੇ ਅੱਧ ਤੋਂ ਬਾਅਦ ਇੱਕ ਪਾਸੇ ਜਿੱਥੇ ਪੰਜਾਬ ਵਿਚ ਖਾਲਸੇ ਦਾ ਰਾਜ ਹੋ ਗਿਆ ਸੀ ਤਾਂ ਦੂਜੇ ਪਾਸੇ ਹਜ਼ੂਰ ਸਾਹਿਬ ਵਿਖੇ ਖਾਲਸਾ ਫ਼ੌਜਾਂ ਅਤੇ ਯਾਤਰੂਆਂ ਦੇ ਆਉਣ-ਜਾਣ ਦਾ ਸਿਲਸਿਲਾ ਆਰੰਭ ਹੋ ਗਿਆ ਸੀ।

---

[41] ਅਮਰਜੀਤ ਸਿੰਘ ਅਤੇ ਪਰਮਜੀਤ ਸਿੰਘ ਸਰੋਆ (ਸੰਪਾ.), *ਬਾਬਾ ਨਿਧਾਨ ਸਿੰਘ ਜੀ ਜੀਵਨ ਤੇ ਯੋਗਦਾਨ,* ਪੰਨਾ 70.

19 ਵੀਂ ਸਦੀ ਦੇ ਸ਼ੁਰੂ ਵਿਚ ਹਜ਼ੂਰ ਸਾਹਿਬ ਦੇ ਸਿੱਖਾਂ ਨੂੰ ਨਿਜ਼ਾਮ ਹੈਦਰਾਬਾਦ ਅਤੇ ਵਜ਼ੀਰ ਚੰਦੂ ਲਾਲ ਦਾ ਸਮਰਥਨ ਪ੍ਰਾਪਤ ਹੋਇਆ। ਦੱਖਣ ਦੇ ਇਸ ਇਲਾਕੇ ਵਿਚ ਦੋ ਕੌਮਾਂ ਬਹੁਤ ਹੀ ਸ਼ਕਤੀਸ਼ਾਲੀ ਸਨ ਇੱਕ ਸਨ ਮਰਹੱਟੇ ਅਤੇ ਦੂਸਰੇ ਮੁਸਲਮਾਨ। ਰਾਜ ਭਾਗ ਇੱਥੇ ਮੁਸਲਮਾਨਾਂ ਪਾਸ ਸੀ। ਹੈਦਰਾਬਾਦ ਸ਼ਹਿਰ ਇਸ ਦੱਖਣ ਦੇ ਇਲਾਕੇ ਦੀ ਰਾਜਧਾਨੀ ਸੀ ਅਤੇ ਨਿਜ਼ਾਮ ਇਥੋਂ ਦਾ ਬਾਦਸ਼ਾਹ ਸੀ।[42] ਪੰਜਾਬ ਵਿਚ 1829 ਈ. (19 ਵੀਂ ਸਦੀ ਦੇ ਪਹਿਲੇ ਅੱਧ ) ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਉਸ ਸਮੇਂ ਹੈਦਰਾਬਾਦ ਰਿਆਸਤ ਵਿਚ ਆਉਂਦਾ ਸੀ। ਇਸ ਰਿਆਸਤ ਵਿਚ ਉਸ ਸਮੇਂ ਬਦਅਮਨੀ ਫ਼ੈਲੀ ਹੋਈ ਸੀ। ਨਵਾਬ (ਨਿਜ਼ਾਮ) ਹੈਦਰਾਬਾਦ ਨੇ ਮਹਾਰਾਜੇ ਤੋਂ ਸੈਨਿਕ ਮਦਦ ਮੰਗੀ।[43] ਉਸਨੇ ਰਣਜੀਤ ਸਿੰਘ ਨੂੰ ਇਹ ਬੇਨਤੀ ਕੀਤੀ ਕਿ ਉਹ ਸੈਨਿਕਾਂ ਦੀ ਇੱਕ ਟੁਕੜੀ ਭੇਜੇ ਜੋ ਸਥਾਈ ਰੂਪ ਵਿਚ ਉੱਥੇ ਹੀ ਰਹੇ ਅਤੇ ਕਿਸੇ ਹੋਰ ਦੀ ਬਜਾਏ ਨਿਜ਼ਾਮ ਦੇ ਪ੍ਰਤੀ ਵਫ਼ਾਦਾਰ ਰਹੇ।[44] ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਇਸ ਸਮੇਂ ਤੱਕ ਬਹੁਤ ਮਜ਼ਬੂਤ ਹੋ ਗਈ ਸੀ। ਉਸਦੀ ਪ੍ਰਸਿੱਧੀ ਸਿੱਖਰ 'ਤੇ ਸੀ। ਦੂਰ-ਦੁਰਾਡੇ ਦੇ ਰਾਜਿਆਂ ਨੇ ਉਸ ਨਾਲ ਦੋਸਤੀ ਦੀ ਮੰਗ ਕੀਤੀ। ਨਰਿੰਦਰ ਕ੍ਰਿਸ਼ਨ ਸਿਨਹਾ ਲਿਖਦਾ ਹੈ ਕਿ ਰਣਜੀਤ ਸਿੰਘ ਵਿਚ ਇੱਕ ਬਹੁਤ ਵੱਡਾ ਗੁਣ ਸੀ। ਉਹ ਉਚ ਕੋਟੀ ਦਾ ਨੀਤੀਵਾਨ ਸੀ ਅਤੇ ਉਸ ਨੂੰ ਹਰ ਮਾਮਲੇ ਦੀਆਂ ਹੱਦਾਂ ਦਾ ਤਕੜਾ ਗਿਆਨ ਸੀ। ਇਹ ਗੁਣ ਕਿਸੇ ਵਿਰਲੇ ਕੋਲ ਹੁੰਦਾ ਹੈ।[45] ਗੁਆਂਢੀ ਰਾਜਾਂ ਦੇ ਰਾਜੇ ਉਸ ਨਾਲ ਦੋਸਤੀ ਦਾ ਹੱਥ ਮੰਗਦੇ ਸਨ। 1826 ਈ. ਵਿਚ ਹੈਦਰਾਬਾਦ ਨਿਜ਼ਾਮ ਦਾ ਦਰਵੇਸ਼ ਮੁਹੰਮਦ ਵਕੀਲ ਸਹਾਇਤਾ ਲਈ ਲਾਹੌਰ ਦਰਬਾਰ ਵਿਚ ਸੁਗਾਤਾਂ ਲੈ ਕੇ ਪੇਸ਼ ਹੋਇਆ। ਜਿਸ ਵਿਚ ਮਹਾਰਾਜੇ ਅਤੇ ਕੰਵਰ ਖੜਕ ਸਿੰਘ ਨੂੰ ਚਾਰ ਘੋੜੇ , ਇੱਕ ਤਲਵਾਰ , ਇੱਕ ਤੋਪ ਅਤੇ ਕਈ ਤੋੜੇਦਾਰ ਬੰਦੂਕਾਂ ਤੋਹਫ਼ੇ ਵਜੋਂ ਭੇਟ ਕੀਤੇ ਗਏ।[46] ਮਹਾਰਾਜਾ ਰਣਜੀਤ ਸਿੰਘ ਨੇ ਵੀ ਨਿਜ਼ਾਮ ਦੀ ਸੈਨਿਕ ਮਦਦ ਲਈ ਹੱਥ ਵਧਾਇਆ। ਡਾ. ਭਗਤ ਸਿੰਘ

---

[42] *ਸੱਚਖੰਡ ਪੱਤਰ,* ਸਤੰਬਰ 2006, ਪੰਨਾ 6.

[43] ਅਜਮੇਰ ਸਿੰਘ (ਮੁੱਖ ਸੰਪਾ.), *ਖੋਜ ਪਤ੍ਰਿਕਾ* (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ ), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 48, ਸਤੰਬਰ 1998 (ਪਹਿਲੀ ਵਾਰ), ਪੰਨਾ 108.

[44] ਮੋਹਿੰਦਰ ਸਿੰਘ , *ਤਖ਼ਤ ਸ੍ਰੀ ਹਜ਼ੂਰ ਸਾਹਿਬ ਚਿਰੰਤਨ ਯਾਤਰਾ* , (ਹਿੰਦੀ ਐਡੀਸ਼ਨ ), ਹਿਮਾਲਅਨ ਬੁੱਕਸ , ਨਵੀਂ ਦਿੱਲੀ , 2008 (ਪਹਿਲੀ ਵਾਰ), ਪੰਨਾ 44.

[45] ਸਿਨਹਾ, ਨਰਿੰਦਰ ਕ੍ਰਿਸ਼ਨ , *ਰਣਜੀਤ ਸਿੰਘ,* ਸੁਰਜੀਤ ਕੌਰ (ਅਨੁ.), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 2002, ਪੰਨਾ 94.

[46] Latif, Syad Muhammad, *History of The Punjab*, The Calcutta Central Press Co., LTD., Calcutta, 1891. Page 443.

ਲਿਖਦੇ ਹਨ 1826 ਈ. ਵਿਚ ਹੈਦਰਾਬਾਦ ਦੇ ਨਿਜ਼ਾਮ ਨੇ ਤੋਹਫ਼ੇ ਵਜੋਂ ਰਣਜੀਤ ਸਿੰਘ ਨੂੰ ਇੱਕ ਬਹੁਤ ਹੀ ਸੁੰਦਰ ਚਾਂਦਨੀ ਜਾਂ ਸ਼ਾਮਿਆਨਾ ਭੇਜਿਆ। ਮਹਾਰਾਜਾ ਨੇ ਇਹ ਕਹਿ ਕੇ ਕਿ ਉਹ ਇਸ ਸ਼ਾਮਿਆਨੇ ਦੇ ਥੱਲੇ ਬੈਠਣ ਯੋਗ ਨਹੀਂ ਹੈ ਇਹ ਹਰਿਮੰਦਰ ਸਾਹਿਬ ਨੂੰ ਭੇਜ ਦਿੱਤਾ। ਇਹ ਸ਼ਾਮਿਆਨਾ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਵਿਚ ਹਾਲੇ ਵੀ ਸੰਭਾਲਿਆ ਪਿਆ ਹੈ।[47]

ਸੰਨ 1724 ਈ. ਤੋਂ 1948 ਈ. ਤੱਕ ਦੱਖਣ ਵਿਚ ਨਿਜ਼ਾਮ ਹੈਦਰਾਬਾਦ ਰਿਆਸਤ ਦਾ ਰਾਜ ਰਿਹਾ ਸੀ। ਨਵਾਬ ਸਿਕੰਦਰ ਜਾਹ ਆਸ ਫ਼ ਜ਼ਾਹ ਤੀਜਾ 1803 ਈ. ਤੋਂ 1829 ਈ. ਤੱਕ ਹੈਦਰਾਬਾਦ ਰਿਆਸਤ ਦਾ ਤੀਜਾ ਨਿਜ਼ਾਮ ਅਤੇ 1829 ਈ. ਤੋਂ 1857 ਈ. ਤੱਕ ਨਵਾਬ ਨਾ ਸ਼ਿਰ ਉਦਦੌਲਾ ਆਸ ਫ਼ ਜ਼ਾਹ ਚੌਥਾ, ਚੌਥਾ ਨਿਜ਼ਾਮ ਸੀ। ਇਨ੍ਹਾਂ ਦਿਨਾਂ ਵਿਚ ਹੀ ਜੋਸ਼ੀਲੀ ਅਤੇ ਲੜਾਕੀ ਮਰਹੱਟਾ ਕੌਮ ਨੇ ਨਿਜ਼ਾਮ ਦੇ ਖਿਲਾਫ਼ ਬਹੁਤ ਵੱਡੀ ਬਗ਼ਾਵਤ ਸ਼ੁਰੂ ਕਰ ਦਿੱਤੀ ਸੀ। ਸੰਨ 1794 ਈ. ਵਿੱਚ ਹੈਦਰਾਬਾਦ ਦੇ ਦੂਸਰੇ ਨਿਜ਼ਾਮ ਅਲੀ ਖ਼ਾਨ ਆਲ ਫ਼ ਜ਼ਾ ਹ ਦੂਜੇ (ਮੀਰ ਨਿਜ਼ਾਮ ਅਲੀ ਖ਼ਾਨ ) (1734-1803 ਈ.) ਨੇ ਚੰਦੂ ਲਾਲ (1766-1845 ਈ.) ਨੂੰ ਆਪਣੀ ਰਿਆਸਤ ਦਾ ਦੀਵਾਨ ਬਣਾ ਲਿਆ ਅਤੇ 'ਕਰੋੜਾ' ਪਦਵੀ ਵੀ ਦਿਤੀ ਜੋ ਸਮੇਂ ਦੇ ਵੱਡੇ ਸ਼ਾਹੀ ਸਾਹੂਕਾਰ ਨੂੰ ਹੀ ਪ੍ਰਾਪਤ ਹੁੰਦੀ ਸੀ। [48] ਨਵਾਬ ਸਿਕੰਦਰ ਜ਼ਾਹ ਆਸਫ਼ ਜ਼ਾ ਹ ਤੀਜਾ (1803-1829 ਈ.) ਨੇ 29 ਸਤੰਬਰ 1820 ਨੂੰ ਰਾਜਾ (ਵਜ਼ੀਰ) ਚੰਦੂ ਲਾਲ ਨੂੰ ਛੇ ਗਹਿਣੇ, ਮਹਾਰਾਜਾ ਬਹਾਦਰ ਦੀ ਉਪਾਧੀ, ਆਲਮ, ਨਗਾਰਾ, ਝਰਨੇ ਵਾਲੀ ਪਾਲਕੀ ਅਤੇ ਨੌਬਤ ਦੇ ਵਿਸ਼ੇਸ਼ ਅਧਿਕਾਰ ਪ੍ਰਦਾਨ ਕੀਤੇ। ਇਸ ਤੋਂ ਇਲਾਵਾ ਉਸ ਨੂੰ ਚਾਰ ਹਜ਼ਾਰੀ ਸਵਾਰਾਂ ਦੇ ਨਾਲ ਪੰਜ ਹਜ਼ਾਰੀ ਮਨਸਬ ਦਿੱਤਾ।[49] ਚੰਦੂ ਲਾਲ ਨੂੰ ਦੋ ਵਾਰ ਹੈਦਰਾਬਾਦ ਰਿਆਸਤ ਦਾ ਪ੍ਰਧਾਨ ਮੰਤਰੀ ਬਣਾਇਆ ਗਿਆ ਸੀ। ਪਹਿਲਾਂ 1808 ਈ. ਵਿਚ ਫਿਰ 1832 ਈ. ਵਿਚ ਅਤੇ ਉਹ 1843 ਈ. ਤੱਕ ਇਸ ਅਹੁੱਦੇ 'ਤੇ ਰਿਹਾ।[50]

ਮਹਾਰਾਜਾ (ਚੰਦੂ ਲਾਲ) ਇੱਕ ਪੰਜਾਬੀ ਖੱਤਰੀ ਅਤੇ ਸ੍ਰੀ ਗੁਰੂ ਨਾਨਕ ਦੇਵ ਦਾ ਸ਼ਰਧਾਲੂ ਸੀ। ਉਹ ਖ਼ੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਅਤੇ ਸਿੱਖਾਂ ਦੁਆਰਾ ਪੜ੍ਹੀ ਗਈ ਗੁਰਬਾਣੀ ਦਾ ਪਾਠ ਸੁਣਨ ਦਾ

---

47 ਭਗਤ ਸਿੰਘ, *ਮਹਾਰਾਜਾ ਰਣਜੀਤ ਸਿੰਘ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਤੀਜੀ ਵਾਰ), ਪੰਨਾ 132.

48 *ਸੱਚਖੰਡ ਪੱਤਰ,* ਸਤੰਬਰ 2010, ਪੰਨਾ 34.

49 Ekbote, Gopal Rao, *The Chronology of Modern Hyderabad (1720-1890),* The Central Records office, Hydrabad Government, 1954, Page. 161.

50 https://en.m.wikipedia.org/wiki/Chandu_lal

ਸ਼ੌਕੀਨ ਸੀ। ਨਾਂਦੇੜ ਦੇ ਤਖ਼ਤ ਸਾਹਿਬ ਨਾਲ ਉਸ ਦਾ ਜਜ਼ਬਾਤੀ ਰਿਸ਼ਤਾ ਸੀ।[51] ਸਿੱਖਾਂ ਦੇ ਫ਼ੌਜੀ ਗੁਣਾਂ ਤੋਂ ਉਹ ਚੰਗਾ ਵਾਕਫ਼ ਸੀ। ਪੰਜਾਬ ਤੋਂ ਫ਼ੌਜ ਦੇ ਆਉਣ ਤੋਂ ਪਹਿਲਾਂ ਉਸ ਨੇ ਆਪਣੇ ਨਿਜੀ ਸਟਾਫ਼ ਵਿਚ ਨਾਂਦੇੜ ਦੇ ਬਹੁਤ ਸਾਰੇ ਸਿੱਖ ਭਰਤੀ ਕੀਤੇ।[52] ਜੋ ਅਨੁਸ਼ਾਸਨ, ਯੋਗਤਾ ਅਤੇ ਬਹਾਦਰੀ ਵਿਚ ਬਹੁਤ ਨਿਪੁੰਨ ਸਨ। ਇੱਕ ਵਾਰ 9 ਨਵੰਬਰ, 1817 ਈ. ਨੂੰ ਸਿੱਖ ਸੈਨਿਕ ਚੰਦੂ ਲਾਲ ਦੀ ਸੇਵਾ ਵਿਚ , ਰਾਘੋਥਾਮਾ ਰਾਉ ਰਾਜਾ ਰਾਜਿੰਦਰਾ ਬਹਾਦਰ ਨੂੰ ਬੰਦੀ ਬਣਾ ਕੇ ਚੰਦੂ ਲਾਲ ਦੀ ਬਾਰਾਂਦਰੀ ਤੱਕ ਲੈ ਆਏ ਅਤੇ ਉੱਥੇ ਨਜ਼ਰਬੰਦ ਕਰ ਦਿੱਤਾ।[53] ਇਸ ਚੰਦੂ ਦੀ ਕਮਾਂਡ ਅੰਦਰ ਸਿੱਖ ਫ਼ੌਜ 'ਜਮਾਇਤੇ ਸਿੱਖਾਂ ਫ਼ੌਜ' ਕਰਕੇ ਮਸ਼ਹੂਰ ਹੋਈ। ਨਿਜ਼ਾਮ ਦੀ ਆਪਣੀ ਫ਼ੌਜ ਵਿਚ ਅਰਬੀ, ਅਫ਼ਰੀਕਨ, ਪਠਾਨ, ਰੋਹਿਲੇ ਮੁਸਲਮਾਨ ਵੀ ਸਨ ਜਿ ਨ੍ਹਾਂ ਦੇ ਕਮਾਂਡਰ ਨੂੰ 'ਜਮਾਂਦਾਰ' ਕਰਕੇ ਆਖਿਆ ਜਾਂਦਾ ਸੀ। ਸਿੱਖ ਸਿਪਾਹੀਆਂ ਦੀਆਂ ਤਨਖਾਹਾਂ ਦਾ ਹਿਸਾਬ -ਕਿਤਾਬ ਚੰਦੂ ਕੋਲ ਹੀ ਸੀ। ਇਹ ਸਿੱਖ ਸਿਪਾਹੀ ਚੰਦੂ ਲਾਲ ਨਾਲ ਵ ਫ਼ਾਦਾਰ ਰਹੇ।[54] ਉਸ ਸਮੇਂ ਅਰਬ ਜਮਾਂਦਾਰਾਂ ਨੂੰ ਜਾਗੀਰਾਂ ਦਿੱਤੀਆਂ ਹੋਈਆਂ ਸਨ। ਹੌ ਲ੍ਹੀ-ਹੌਲ੍ਹੀ ਇਹ ਤਾਕਤ ਫੜਦੇ ਗਏ ਅਤੇ ਸਟੇਟ ਨੂੰ ਕਾਬੂ ਕਰਨ ਲਈ ਯਤਨ ਕਰਨ ਲੱਗੇ।

19 ਵੀਂ ਸਦੀ ਦੇ ਆਉਂਦਿਆਂ ਨਿਜ਼ਾਮ ਦੀ ਹੈਦਰਾਬਾਦ ਰਿਆਸਤ ਵਿਚ ਅਰਬਾਂ , ਰੁਹੇਲਿਆਂ ਦੀਆਂ ਫ਼ੌਜਾਂ ਨੇ ਬਗ਼ਾਵਤ ਕਰਨੀ ਸ਼ੁਰੂ ਕਰ ਦਿੱਤੀ ਸੀ। ਹੈਦਰਾਬਾਦ ਵਿਚ ਰਾਜਨੀਤਿਕ ਹਾਲਾਤ ਸਥਿਰ ਨਾ ਹੋਣ ਕਰਕੇ ਬਦਅਮਨੀ ਉੱਪਰ ਕਾਬੂ ਪਾਉਣ ਲਈ ਉਸ ਸਮੇਂ ਚੰਦੂ ਲਾਲ (ਵਜ਼ੀਰ) ਨੇ ਨਵਾਬ ਹੈਦਰਾਬਾਦ ਨੂੰ ਪੰਜਾਬ ਤੋਂ ਮਹਾਰਾਜਾ ਰਣਜੀਤ ਸਿੰਘ ਪਾਸੋਂ ਸੈਨਿਕ ਮਦਦ ਲੈਣ ਦੀ ਸਲਾਹ ਦਿਤੀ। ਵਜ਼ੀਰ ਚੰਦੂ ਲਾਲ ਬਹੁਤ ਹੀ ਸਿਆਣਾ, ਧਾਰਮਿਕ ਬਿਰਤੀ ਵਾਲਾ, ਰਿਆਸਤ ਦੇ ਪ੍ਰਬੰਧ ਦੀ ਸੂਝ ਬੂਝ ਵਾਲਾ ਅਤੇ ਇਨਸਾ ਫ਼ ਪਸੰਦ ਵਜ਼ੀਰ ਸੀ। ਮਹਾਰਾਜਾ ਰਣਜੀਤ ਸਿੰਘ ਨੇ 1200 ਚੋਣਵੇਂ ਸਿੱਖ ਜਵਾਨ, 12 ਜਥੇਦਾਰਾਂ ਦੀ ਕਮਾਨ ਹੇਠ ਭੇਜੇ। ਇਨ੍ਹਾਂ ਨੂੰ 12 ਬੇੜੇ ਜਾਂ ਬਟਾਲੀਅਨਾਂ ਕਿਹਾ ਜਾਂਦਾ ਹੈ। ਅਕਾਲੀ ਕੌਰ ਸਿੰਘ ਅਨੁਸਾਰ ਨਿਜ਼ਾਮ ਦੀ ਸਟੇਟ ਵਿਚ ਸੁਤੰਤਰਤਾ ਕਾਇਮ ਰੱਖਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੋਂ 12 ਬੇੜੇ ਸਿੰਘਾਂ ਦੇ

---

[51] Shinde, Deepak (Editor.), *Historical Aspects, Importance and Present Relevance of the Teachings of Shri Guru Gobind Singh Ji,* page 160.

[52] ਨਿਸ਼ਤਰ, ਨਾਨਕ ਸਿੰਘ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿਖ ਪੰਥ ਨੂੰ ਦੇਣ,* ਹਰਪਾਲ ਸਿੰਘ ਪੰਨੂ (ਅਨੁ.), ਇੰਟਰਨੈਸ਼ਨਲ ਸਿੱਖ ਸੈਂਟਰ ਫਾਰ ਇੰਟਰਫੇਥ ਰਿਲੇਸ਼ਨਸ, ਹੈਦਰਾਬਾਦ, 2019 (ਪਹਿਲੀ ਵਾਰ), ਪੰਨਾ 23.

[53] Ekbote, Gopal Rao, *The Chronology of Modern Hyderabad (1720-1890),* Page. 158.

[54] *ਸੱਚਖੰਡ ਪੱਤਰ,* ਸਤੰਬਰ 2010, ਪੰਨਾ 34.

ਭੇਜੇ।[55] ਹਰ ਬਟਾਲੀਅਨ ਵਿਚ 100 ਫ਼ੌਜੀ ਜਵਾਨ ਅਤੇ ਇੱਕ ਜਥੇਦਾਰ ਹੁੰਦਾ ਸੀ। ਹਰ ਬਟਾਲੀਅਨ ਵਿਚ ਇੱਕ ਮੁਨਸ਼ੀ, ਇੱਕ ਲੇਖਾਕਾਰ ਅਤੇ ਇੱਕ ਗ੍ਰੰਥੀ ਹੁੰਦਾ ਸੀ।[56] ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਤੋਂ ਉਨ੍ਹਾਂ ਦੀ ਰਿਆਸਤ ਵਿਚ ਸਥਿਤ ਗੁਰੂ ਗੋਬਿੰਦ ਸਿੰਘ ਜੀ ਦੇ ਅਸਥਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਉਸਾਰੀ ਅਤੇ ਸੇਵਾ ਸੰਭਾਲ ਕਰਨ ਦਾ ਬਚਨ ਲਿਆ ਸੀ।

ਚੌਥੇ ਨਿਜ਼ਾਮ ਨਵਾਬ ਨਸ਼ਿਰ-ਉਦ-ਦੌਲਾ (ਆਸਫ਼ ਜ਼ਾਹ ਚੌਥਾ) (1829-1857) ਦੇ ਸਮੇਂ 1830 ਈ. ਵਿਚ ਸਿੱਖ ਸੈਨਾ ਲਾਹੌਰ ਤੋਂ ਚੱਲ ਕੇ ਸਖ਼ਤ ਦੁਸ਼ਵਾਰੀਆਂ ਛੱਲਦੀ ਹੋਈ ਚਾਰ ਮਹੀਨਿਆਂ ਦੇ ਸਫ਼ਰ ਬਾਅਦ ਹੈਦਰਾਬਾਦ ਪੁੱਜੀ। ਵੱਡੇ-ਛੋਟੇ ਅਫ਼ਸਰ ਘੋੜਿਆਂ 'ਤੇ ਸਨ ਅਤੇ ਸਿਪਾਹੀ ਪੈਦਲ ਸਨ। ਬਹਾਦਰਪੁਰਾ ਤੋਂ ਜਾਂਦੀ ਰਾਜਿੰਦਰ ਨਗਰ ਨੂੰ ਜਾਂਦੀ ਸੜਕ ਉੱਪਰ ਮੀਰ ਆਲਮ ਤਲਾਬ ਨੇੜੇ ਹੈਦਰਾਬਾਦ ਦੀ ਦੀਵਾਰ ਦੇ ਬਾਹਰਵਾਰ ਇਨ੍ਹਾਂ ਸਭ ਦਾ ਉਤਾਰਾ ਹੋਇਆ। ਇਸ ਪ੍ਰਸਿੱਧ ਥਾਂ ਨੂੰ ਹੁਣ ਵੀ ਬ੍ਰਹਮ ਬਾਲਾ ਸਿੰਘ ਛੌਣੀ (ਬਰਮ ਬਾਲਾ ਸਿੱਖ ਛਾਉਣੀ) ਕਹਿੰਦੇ ਹਨ। ਇਸ ਫ਼ੌਜ ਨੂੰ ਜਮੀਅਤ-ਏ-ਲਾਹੌਰੀ (ਜਮਾਇਤੇ ਸਿੱਖਾਂ, ਲਾਹੌਰ ਦੀ ਫ਼ੌਜ) ਕਿਹਾ ਜਾਂਦਾ ਸੀ। ਇਨ੍ਹਾਂ ਦੀਆਂ ਤਨਖਾਹਾਂ ਅਤੇ ਬਾਕੀ ਖ਼ਰਚੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਖ਼ਜ਼ਾਨੇ ਵਿਚੋਂ ਹੁੰਦੇ ਸਨ।[57] ਬਾਅਦ ਵਿਚ ਜਮਾਇਤੇ ਸਿੱਖਾਂ (Jamait-I-Sikhan) ਫ਼ੌਜ ਦੇ 12 ਜਥਿਆਂ ਨੂੰ ਹੈਦਰਾਬਾਦ ਦੇ ਵੱਖ -ਵੱਖ ਨਗਰਾਂ ਵਿਚ 12 ਛਾਉਣੀਆਂ ਦੇ ਰੂਪ ਵਿਚ ਤੈਨਾਤ ਕੀਤਾ। ਸਾਰੇ ਬਾਰ੍ਹਾਂ ਰਿਸਾਲਦਾਰਾਂ ਦੀਆਂ ਸੀਟਾਂ ਨਿਜ਼ਾਮ ਦੇ ਦਰਬਾਰ (ਦਫ਼ਤਰ) ਵਿਚ ਪੱਕੇ ਤੌਰ 'ਤੇ ਰਾਖਵੀਆਂ ਹਨ।[58] ਅੱਜ ਵੀ ਹੈਦਰਾਬਾਦ ਵਿਖੇ ਬਰਮ ਬਾਲਾ ਸਿੱਖ ਛਾਉਣੀ ਵਿਚ ਕੇਵਲ ਸਿੱਖ ਵਸੋਂ ਹੈ। ਹੈਦਰਾਬਾਦ ਵਿਚ ਸਿੱਖਾਂ ਦੀ ਮੌਜੂਦਗੀ ਕਰਕੇ ਚੰਦੂ ਲਾਲ ਨੇ ਸਿੱਖਾਂ ਦਾ ਇੱਕ ਵਿਭਾਗ (ਮਹਿਕਮਾ-ਏ-ਸਿੱਖਾਂ) ਸਥਾਪਿਤ ਕੀਤਾ।[59]

ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਹੈਦਰਾਬਾਦ ਦੀ ਸੈਨਿਕ ਮਦਦ ਕੀਤੀ ਅਤੇ ਬਦਅਮਨੀ ਉੱਪਰ ਕਾਬੂ ਪਾਇਆ। ਨਿਜ਼ਾਮ ਹੈਦਰਾਬਾਦ ਅਤੇ ਵਜ਼ੀਰ ਚੰਦੂ ਲਾਲ ਨੇ ਇਨ੍ਹਾਂ ਸਿੱਖ ਸੈਨਿਕਾਂ ਨੂੰ

---

55 ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਖੀ,* ਅਕਾਲੀ ਪਤ੍ਰਕਾ ਪ੍ਰੈਸ, ਲਾਹੌਰ, 1934 (ਪਹਿਲੀ ਵਾਰ), ਪੰਨਾ 92.

56 Kohli, Sita Ram, *Catalogue of Khalsa Darbar Records* (Vol. 1), Punjab Government Publications, Lahore, 1919, Page 3.

57 Nishter, Nanak Singh, *Takhat Shri Hazur Sahib History & Contribution,* International Sikh Centre for interfaith Relations, Hyderabad, 2018 (First Edition), page 27.

58 ਉਕਤ, ਪੰਨਾ 57.

59 "He had also established a Department of Sikhs (Mahikma-e-Sikhan)." Ahuja, N. D., *The Great Guru Nanak and The Muslims,* Kirti Publishing House, Chandigarh, undated, page 21.

ਹੈਦਰਾਬਾਦ ਵਿਚ ਹੀ ਰੱਖਣ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਬੇਨਤੀ ਕੀਤੀ ਜਿਸਨੂੰ ਮਹਾਰਾਜੇ ਨੇ ਪ੍ਰਵਾਨ ਕੀਤਾ। ਸ਼ੁਭਕਾਮਨਾ ਦੇ ਸੰਕੇਤ ਵਜੋਂ ਨਿਜ਼ਾਮ ਨੇ ਉਨ੍ਹਾਂ ਦੀ ਵੱਖਰੀ ਫ਼ੌਜੀ ਰਜਮੈਂਟ ਜਮਾਤ-ਇ-ਸਿੱਖਾਂ ਕਾਇਮ ਕਰਕੇ ਆਪਣੀ ਦੱਖਣੀ ਫ਼ੌਜ ਤੋਂ ਵਧੀਕ ਭੱਤੇ ਦਿੱਤੇ, ਵਰਦੀ ਪਹਿਨਣ ਅਤੇ ਪਰੇਡ ਕਰਨ ਤੋਂ ਛੋਟ ਦੇ ਦਿੱਤੀ। ਉਨ੍ਹਾਂ ਦੀਆਂ ਨੌਕਰੀਆਂ ਨੂੰ ਪੁਸ਼ਤੈਨੀ ਕਰਾਰ ਦਿੱਤਾ, ਭਾਵ ਫ਼ੌਜੀਆਂ ਦੀ ਔਲਾਦ ਫ਼ੌਜੀ ਮੰਨੀ ਜਾਏਗੀ ਅਤੇ ਸਰੀਰਕ ਜਾਂ ਵਿੱਦਿਅਕ ਯੋਗਤਾ ਦੀ ਪਰਖ ਨਹੀਂ ਹੋਵੇਗੀ।[60] ਸਿੱਖ ਫ਼ੌਜੀਆਂ ਨੇ ਸਥਾਨਿਕ ਇਸਤਰੀਆਂ ਨਾਲ ਵਿਆਹ ਕਰ ਲਏ ਅਤੇ ਪੱਕੇ ਤੌਰ 'ਤੇ ਹੈਦਰਾਬਾਦ ਦੱਖਣ ਵਿਚ ਵੱਸ ਗਏ। ਇਨ੍ਹਾਂ ਸਿੱਖ ਫ਼ੌਜਾਂ ਦਾ ਮੁੱਖ ਕੰਮ ਆਕੀ ਹੋਏ ਜ਼ਿੰਮੀਦਾਰਾਂ ਤੋਂ ਮਾਲੀਆ ਇਕੱਠਾ ਕਰਨਾ ਅਤੇ ਇਲਾਕੇ ਵਿਚ ਵਿਦਰੋਹੀਆਂ ਨੂੰ ਦਬਾਉਣਾ ਸੀ।[61] ਸਥਾਨਿਕ ਤੌਰ 'ਤੇ ਇਸ ਸਿੱਖ ਫ਼ੌਜ ਨੂੰ 'ਲਾਹੌਰੀ ਫ਼ੌਜ' ਕਿਹਾ ਜਾਂਦਾ ਹੈ।

ਪੰਜਾਬ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸੈਨਾ ਹੈਦਰਾਬਾਦ ਭੇਜੀ ਸੀ। ਬਾਵਾ ਪ੍ਰੇਮ ਸਿੰਘ ਹੋਤੀ ਲਿਖਦੇ ਹਨ ਕਿ "ਇਥੇ ਭੇਜੇ ਗਏ ਸਿੱਖ ਸੈਨਿਕਾਂ ਨੂੰ ਇਹ ਵੀ ਇਕ ਸਹੂਲਤ ਦਿੱਤੀ ਸੀ ਕਿ ਉਨ੍ਹਾਂ ਵਿਚੋਂ ਜਿਹੜਾ ਵੀ ਉਥੇ ਰਹਿ ਕੇ ਤਖ਼ਤ ਸਾਹਿਬ ਦੀ ਸੇਵਾ -ਸੰਭਾਲ ਕਰਨਾ ਚਾਹੇ ਉਸਦੇ ਲਈ ਅਤੇ ਉਸ ਦੇ ਪਰਿਵਾਰ ਲਈ ਸਰਕਾਰੀ ਖਜ਼ਾਨੇ ਵਿਚੋਂ ਤਨਖ਼ਾਹ ਮਿਲਦੀ ਰਹੇਗੀ।"[62] ਪਿਛੋਂ ਇਨ੍ਹਾਂ ਦੀਆਂ ਤਨਖ਼ਾਹਾਂ ਇਨ੍ਹਾਂ ਦੇ ਪਰਿਵਾਰਾਂ ਨੂੰ ਤਿੰਨ ਸਾਲ ਲਈ ਘਰੋਂ ਘਰ ਪਹੁੰਚਦੀਆਂ ਰਹੀਆਂ ਸ ਨ। ਮਹਾਰਾਜਾ ਰਣਜੀਤ ਸਿੰਘ ਦੇ ਇਸ ਫ਼ੌਜ ਨੂੰ ਆਦੇਸ਼ ਦਿੱਤੇ ਸਨ ਕਿ ਯੁੱਧ ਵਿਚ ਪਿੱਠ ਨਹੀਂ ਦਿਖਾਉਣੀ। ਜਦੋਂ ਤੱਕ ਉਹ ਖ਼ੁਦ ਨਾ ਬੁਲਾਉਣ ਵਾਪਿਸ ਨਹੀਂ ਮੁੜਨਾ। ਸਿੱਖ ਰਹਿਤ ਵਿਚ ਰਹਿੰਦਿਆਂ ਉੱਥੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ।[63] ਨਿਡਰ ਸਿੰਘ ਨਿਹੰਗ ਅਨੁਸਾਰ ਇਨ੍ਹਾਂ ਵਿਚ ਉਹ ਸਿੰਘ ਵੀ ਸਨ ਜਿਹੜੇ ਦੱਖਣ ਵਿਚ ਵੱਸਣਾ ਚਾਹੁੰਦੇ ਸਨ। ਇਸ ਲਈ ਉਹ ਆਪਣੇ ਪਰਿਵਾਰਾਂ ਨੂੰ ਨਾਲ ਲੈ ਗਏ।[64] ਇਸ ਸਮੇਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ

---

[60] ਨਿਸ਼ਤਰ, ਨਾਨਕ ਸਿੰਘ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿਖ ਪੰਥ ਨੂੰ ਦੇਣ,* ਹਰਪਾਲ ਸਿੰਘ ਪੰਨੂ (ਅਨੁ.), ਪੰਨਾ 26.

[61] https://punjabipedia.org/ ਸਿੱਖ ਜਮੀ'ਅਤ ਜਾਂ ਜਮੀ'ਅਤ-ਇ-ਸਿੱਖਾਂ

[62] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਦੂਜੀ ਵਾਰ), ਪੰਨਾ 193, (ਉਧਰਿਤ).

[63] ਸ੍ਰ. ਮਨਮੀਤ ਸਿੰਘ ਗ੍ਰੰਥੀ ਗੁਰਦੁਆਰਾ ਨਾਨਕ ਝੀਰਾ ਸਾਹਿਬ, ਬਿਦਰ ਨਿਵਾਸੀ ਦੇ ਦੱਸਣ ਅਨੁਸਾਰ।

[64] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 118.

ਸਰਦਾਰ ਜੱਸਾ ਸਿੰਘ (1823 ਤੋਂ 1838 ਈ. ਤੱਕ) ਸਨ। ਆਪ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦੋ ਹਜ਼ਾਰ ਸਿੰਘਾਂ ਨਾਲ ਪੰਜਾਬ ਤੋਂ ਆਏ ਅਤੇ ਸੇਵਾ ਕਰਦੇ ਰਹੇ। [65] ਇਸੇ ਜਥੇਦਾਰ ਦੇ ਸਮੇਂ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰੇ ਪੰਜਾਬ ਨੇ ਜਦੋਂ ਤਰਨਤਾਰਨ ਸਾਹਿਬ ਆਦਿ ਗੁਰਦੁਆਰਿਆਂ ਦੀ ਸੇਵਾ ਲਈ ਕਮਰਕੱਸਾ ਕੀਤਾ ਉਦੋਂ ਇੱਥੇ (ਹਜ਼ੂਰ ਸਾਹਿਬ) ਵੀ ਸ੍ਰ. ਚੰਦਾ ਸਿੰਘ ਰਾਹੀਂ ਕਾਰੀਗਰ ਅਤੇ ਮਾਇਆ ਭੇਜਕੇ ਤਖ਼ਤ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਅਤੇ ਹੋਰ ਗੁਰਦੁਆਰੇ ਸਾਹਿਬਾਨ, ਬਾਰਾਂਦਰੀ ਆਦਿ ਦੀ ਸੇਵਾ ਆਰੰਭ ਕਰਵਾਈ।[66] ਸਰਦਾਰ ਚੰਦਾ ਸਿੰਘ 3 ਲੱਖ ਰੁਪਏ ਮਾਇਆ, ਉਸਾਰੀ ਦੀ ਸਮੱਗਰੀ , ਚੰਗੇ ਕੁਸ਼ਲ ਕਾਰੀਗਰ ਅਤੇ ਮਜ਼ਦੂਰ ਲੈ ਕੇ ਪੰਜਾਬ ਤੋਂ ਹਜ਼ੂਰ ਸਾਹਿਬ ਤਖ਼ਤ ਦੀ ਉਸਾਰੀ ਦਾ ਕੰਮ ਸ਼ੁਰੂ ਕਰਨ ਲਈ ਪਹੁੰਚ ਗਏ।

ਤਵਾਰੀਖ਼ ਰਾਮਗੜ੍ਹੀਆਂ ਅਨੁਸਾਰ ਉਸ ਵੇਲੇ ਕਿੰਨੇ ਕਾਰੀਗਰ ਗਏ , ਕੁਝ ਕਿਹਾ ਨਹੀਂ ਜਾ ਸਕਦਾ ਪਰ ਕਿਹਾ ਜਾਂਦਾ ਹੈ ਕਿ 150 ਕਾਰੀਗਰ ਅਤੇ 2000 ਦੇ ਕਰੀਬ ਮਜ਼ਦੂਰ ਨਾਂਦੇੜ ਪਹੁੰਚੇ ਸਨ। ਇਨ੍ਹਾਂ ਵਿਚ ਉੱਚ ਕੋਟੀ ਦੇ ਨਕਸ਼ਾ ਨਵੀਸ , ਨਕਾਸ਼, ਚਿੱਤਰਕਾਰ, ਰਾਜ, ਟੱਕ ਪੱਛ ਦਾ ਕੰਮ ਕਰਨ ਵਾਲੇ ਤਰਖਾਣ, ਲੁਹਾਰ, ਪੇਂਟਰ ਆਦਿ ਸਭ ਇੱਕ ਕਾਫ਼ਲੇ ਦੇ ਰੂਪ ਵਿਚ ਨਾਂਦੇੜ ਪੁੱਜੇ ਸਨ। ਉਨ੍ਹਾਂ ਵਿਚ ਸਭ ਰਾਮਗੜ੍ਹੀਏ ਸਨ। ਕੀਮਤੀ ਸਮਾਨ ਸੰਭਾਲਣ ਲਈ ਅਤੇ ਆਪਣੇ ਰਹਿਣ ਲਈ ਸਭ ਤੋਂ ਪਹਿਲਾਂ ਇੱਕ ਵੱਡੀ ਇਮਾਰਤ ਦੀ ਉਸਾਰੀ ਕੀਤੀ, ਜਿਸ ਦੇ ਮੱਥੇ 'ਤੇ 'ਬੁੰਗਾ ਰਾਮਗੜ੍ਹੀਆ' ਲਿਖ ਦਿੱਤਾ। ਇਹ ਬੁੰਗਾ ਉਸ ਵੇਲੇ ਦੇ ਨਕਸ਼ੇ ਦੇ ਹਿਸਾਬ ਨਾਲ ਪ ਰਿਕਰਮਾ ਵਿਚ ਬਣਾਇਆ ਗਿਆ ਤਾਂ ਕਿ ਵੇਲੇ ਕੁਵੇਲੇ ਤੱਕ ਕੰਮ ਵੀ ਕੀਤਾ ਜਾ ਸਕੇ ਅਤੇ ਕੰਮ ਦੀ ਨਿਗਰਾਨੀ ਵੀ ਰੱਖੀ ਜਾ ਸਕੇ। [67] ਅੰਦਾਜ਼ਨ ਉਸ ਸਮੇਂ ਇਹ ਕੰਮ ਲਗਭਗ 10 ਸਾਲ (1839 ਈ.) ਤੱਕ ਚੱਲਿਆ ਸੀ। ਸੇਵਾ ਕਰਨ ਆਏ ਕਾਰੀਗਰਾਂ ਅਤੇ ਮਿਸਤਰੀਆਂ ਵਿਚੋਂ ਕੁਝ ਇੱਥੇ ਹੀ ਵਸ ਗਏ। ਇਹ ਸਾਰੀ ਜਾਣਕਾਰੀ ਇੱਕ ਪੁਰਾਣੇ ਹੱਥ ਲਿਖਤ ਹਨੂੰਮਾਨ ਨਾਟਕ ਦੇ ਖਰੜੇ ਉੱਪਰ ਦਿੱਤੀ ਹੋਈ ਹੈ।

---

65 *ਸੱਚਖੰਡ ਯਾਤਰਾ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਮਿਤੀਹੀਣ, ਪੰਨਾ 42.

66 ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਖੀ,* ਪੰਨਾ 14.

67 ਬਮਰ੍ਹਾ, ਅਮਰਜੀਤ ਕੌਰ , *ਤਵਾਰੀਖ਼ ਰਾਮਗੜ੍ਹੀਆਂ (1469-1947),* (ਭਾਗ ਪਹਿ ਲਾ), ਰਾਮਗੜ੍ਹੀਆ ਐਸੋਸੀਏਸ਼ਨ , ਮੁੰਬਈ, ਪੂਨਾ (ਮਹਾਰਾਸ਼ਟਰ), ਮਾਰਚ 2010 (ਪਹਿਲਾ ਸੰਸਕਰਣ), ਪੰਨਾ 143.

ਇਹ ਖਰੜਾ ਬਾਬਾ ਨਿਧਾਨ ਸਿੰਘ ਦੇ ਗੁਰਦੁਆਰੇ ਦੇ ਇੱਕ ਮੁਨਸ਼ੀ ਕੋਲੋਂ ਮਿਲਿਆ ਸੀ।[68] ਤਖ਼ਤ ਸਾਹਿਬ ਦੀ ਨੀਂਹ ਰੱਖਣ ਬਾਰੇ ਇਸਦੇ ਅਖ਼ੀਰ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ:

'ਸੰਮਤ 1896 ਫਗਣ ਵਦੀ ਪੰਚਮੀ ਦਿਨ ਐਤਵਾਰ ਟਕ ਲਾਯਾ ਡੇਢ ਪਹਰ ਦਿਨ ਚੜੇ ਚੇਤ ਵਦੀ ਦਸਮੀਂ ਦਿਨ ਐਤਵਾਰ ਡੇਢ ਪਹਿਰ ਦਿਨ ਰਹਿਤੇ ਨੀਂਵ ਧਰੀ ਬਾਹਰਲੀ, ਪੰਜਾਹ ਹਾਥ ਲੰਮੀ ਚਾਲ੍ਹੀ ਹਾਥ ਚੌੜੀ ਬਾਈ ਹੱਥ ਡੂੰਘੀ ਚਾਰ ਹੱਥ ਚੌੜੀ। ਚੇਤ ਸੁਦੀ ਚੌਦਵੀਂ ਦਿਨ ਬੁਧਵਾਰ ਦਰਬਾਰ ਸਾਹਿਬ ਕੀ ਨੀਵ ਧਰੀ ਅਬਚਲ ਨਗਰ ਸਾਹਿਬ ਹਜੂਰ ਦੀ ਸਵਾ ਪਹਿਰ ਦਿਨ ਚੜੇ ਤੇ। ਪਚੀ ਹਾਥ ਡੂੰਘ ਪੱਥਰ ਉੱਪਰ ਨੀਂਹ ਰਖੀ ਦਰਬਾਰ ਸਾਹਿਬ ਦੀ। ਸਾਢੇ ਸਤਰਾਂ ਹਾਥ ਲੰਬੀ ਸਾਢੇ ਪੰਜ ਹੱਥ ਚੌੜੀ ਨੀਵ ਰਖੀ ਮੰਜੀ ਸਾਹਿਬ ਹਲਾਇਆ ਨਹੀਂ। ਹੋਰ ਸਬੂਤ ਪੱਕਾ ਹੋਯਾ। ਉਸ ਵਕਤ ਜੱਸਾ ਸਿੰਘ ਅੰਦਰਲਾ ਪੁਜਾਰੀ ਸੀ। ਗਾਹੂ ਸਿੰਘ ਬਾਹਰਲਾ ਪੁਜਾਰੀ ਥਾ। ਪੌੜੀਆਂ ਉੱਪਰ ਚਵਰ ਕਰਦਾ ਸੀ। ਕਰਮ ਸਿੰਘ ਧੂਪੀਆ ਧੂਪ ਧੁਖਾਉਂਦਾ ਸੀ। ਰਾਜਾ ਰਣਜੀਤ ਸਿੰਘ ਗੁਰੂ ਦਾ ਸਿੰਘ ਸੀ। ਰਣਜੀਤ ਸਿੰਘ ਨੇ ਮਾਇਆ ਭੇਜੀ ਔਰ ਚੰਦਾ ਸਿੰਘ ਕੋ ਭੇਜਿਆ ਸੀ। ਸੋ ਭੀ ਗੁਰੂ ਕਾ ਸਿੱਖ ਸੀ ਮਨ ਤਨ ਸੇ ਟਹਿਲ ਕਰਦਾ ਸੀ। ਰਾਜਾ ਰਣਜੀਤ ਸਿੰਘ ਨੇ ਅਬਚਲ ਨਗਰ ਸਾਹਿਬ ਦਰਬਾਰ ਸਾਹਿਬ ਦੀ ਟਹਿਲ ਕਰਾਈ ਸੰਮਤ 1896 ਫਗਣ ਵਦੀ ਪੰਚਮੀ ਦਿਨ ਐਤਵਾਰ ਕੇ ਦਿਨ ਟਹਿਲਾ ਸ਼ੁਰੂ ਹੋਇਆ ਥਾ।[69]

ਅਕਾਲੀ ਕੌਰ ਸਿੰਘ ਅਨੁਸਾਰ 1839 ਈ. ਦੇ ਇਸੀ ਸਾਲ ਵਿਚ ਮਹਾਰਾਜਾ ਰਣਜੀਤ ਸਿੰਘ ਜੀ (ਸ਼ੇਰੇ ਪੰਜਾਬ) ਦੇ ਕਮਰਕੱਸੇ ਦੀ ਖ਼ਬਰ ਸੁਣਕੇ ਆਏ ਹੋਏ ਕਾਰਬਾਰੀ (ਕਾਰੀਗਰ) ਚਲੇ ਗਏ ਅਤੇ ਗੁਰਦੁਆਰੇ (ਤਖ਼ਤ ਸਾਹਿਬ) ਦੀ ਦੂਜੀ ਛੱਤ ਅਧੂਰੀ ਰਹਿ ਗਈ।[70] ਇਸ ਦੂਜੀ ਮੰਜਿਲ ਨੂੰ ਬਾਅਦ ਵਿਚ ਖ਼ਾਲਸੇ ਅਤੇ ਸੰਗਤਾਂ ਨੇ ਪੂਰਾ ਕੀਤਾ। ਇੱਥੇ ਇੱਕ ਗੱਲ ਧਿਆਨ ਯੋਗ ਹੈ ਕਿ ਜਦੋਂ 1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਿਆ ਸੀ ਅਤੇ ਤਖ਼ਤ ਦੀ ਦੂਸਰੀ ਮੰਜਿਲ ਅਧੂਰੀ ਰਹਿ ਗਈ ਸੀ। ਉਸ ਸਮੇਂ ਸੰਮਤ 1896 ਬ੍ਰਿ. ਮੁਤਾਬਕ ਸੰਨ 1839 ਈ. ਵਿਚ ਤਖ਼ਤ ਸਾਹਿਬ ਦੀ ਨੀਂਹ ਰੱਖਣ

---

[68] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪੰਨਾ 194.

[69] *ਗੁਰਦੁਆਰਾ ਗਜ਼ਟ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਜਿਲਦ 35, ਅੰਕ 11, ਨਵੰਬਰ, 1965, ਪੰਨਾ 64.

[70] ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਖੀ,* ਪੰਨਾ 14.

ਦੀ ਇਹ ਲਿਖਤ ਬਹੁਤੀ ਭਰੋਸੇਯੋਗ ਨਹੀਂ ਮੰਨੀ ਜਾ ਸਕਦੀ। ਦੂਜਾ ਇਹ ਕਿ ਉਕਤ ਲਿਖਤ ਵਿਚ ਦੱਸਿਆ ਹੈ ਕਿ ਇਸ ਸਮੇਂ ਤਖ਼ਤ ਦਾ ਜਥੇਦਾਰ (ਅੰਦਰਲਾ ਪੁਜਾਰੀ) ਜੱਸਾ ਸਿੰਘ ਸੀ। ਜੱਸਾ ਸਿੰਘ 1823 ਈ. ਤੋਂ 1838 ਈ. ਤੱਕ ਤਖ਼ਤ ਦੇ ਜਥੇਦਾਰ ਰਹੇ ਸੀ ਪਰ ਇਸ ਲਿਖਤ ਵਿਚ ਦੱਸਿਆ ਗਿਆ ਹੈ ਕਿ ਸੰਮਤ 1896 ਬਿ੍. ਮੁਤਾਬਕ 1839 ਈ. ਵਿਚ ਤਖ਼ਤ ਦੀ ਨੀਂਹ ਰੱਖਣ ਸਮੇਂ ਜੱਸਾ ਸਿੰਘ ਜਥੇਦਾਰ ਸੀ ਜੋ ਕਿ ਠੀਕ ਪ੍ਰਤੀਤ ਨਹੀਂ ਹੁੰਦਾ। ਇਹ ਪ੍ਰਤੀਤ ਹੁੰਦਾ ਹੈ ਕਿ ਸੰਮਤ 1896 ਬਿ੍. ਦੀ ਜਗ੍ਹਾਂ ਸੰਮਤ 1886 ਬਿ੍. ਹੋਵੇ। ਇਹ ਹੋ ਸਕਦਾ ਹੈ ਕਿ ਅੰਕੜੇ ਲਿਖਣ ਸਮੇਂ ਲਿਖਾਰੀ ਪਾਸੋਂ 1886 ਦੀ ਜਗ੍ਹਾ 1896 ਲਿਖਿਆ ਗਿਆ ਹੋਵੇ ਜਾਂ ਫ਼ਾਰਸੀ-ਉਰਦੂ ਦੇ ਅੰਕੜੇ ਤਰਜਮੇ (ਅਨੁਵਾਦ) ਸਮੇਂ ਗਲਤ ਲਿਖਿਆ ਗਿਆ ਹੋਵੇ ਪਰ ਉਕਤ ਲਿਖਤ ਤੋਂ ਇਲਾਵਾ ਤਖ਼ਤ ਸਾਹਿਬ ਦੀ ਨੀਂਹ ਰੱਖਣ ਦਾ ਹੋਰ ਕੋਈ ਵੀ ਭਰੋਸੇਯੋਗ ਸਬੂਤ ਜਾਂ ਲਿਖਤ ਨਹੀਂ ਮਿਲਦੀ।

ਪ੍ਰਚੱਲਿਤ ਸਥਾਨਿਕ ਸਿੱਖ ਰਵਾਇਤ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਗੁਰੂ ਸਾਹਿਬਾਨ ਦੇ ਨਾਮ ’ਤੇ ਤਖ਼ਤ ਸਾਹਿਬ ਦੀ ਗਿਆਰ੍ਹਾਂ ਮੰਜਿਲੀ ਇਮਾਰਤ ਤਿਆਰ ਕਰਵਾਉਣਾ ਚਾਹੁੰਦੇ ਸ ਨ। ਸਿੱਖਾਂ ਵਿਚ ਇਹ ਵੀ ਇੱਕ ਰਵਾਇਤ ਚਲੀ ਆ ਰਹੀ ਹੈ ਕਿ ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਹਜ਼ੂਰ ਸਾਹਿਬ ਦੀ ਸੇਵਾ ਕਰਨ ਦੀ ਖਾਹਿਸ਼ ਪ੍ਰਗਟਾਈ ਤਾਂ ਪੁਜਾਰੀਆਂ ਨੇ ਕਿਹਾ ਕਿ ਦਸਮ ਪਾਤਸ਼ਾਹ ਨੇ ਸੱਚਖੰਡ ਗਮਨ ਕਰਨ ਸਮੇਂ ਕਿਹਾ ਸੀ ਕਿ ਮੇਰਾ ਅੰਤਮ ਅਸਥਾਨ ਕੋਈ ਨਾ ਬਣਾਵੇ , ਜਿਹੜਾ ਬਣਾਵੇਗਾ, ਉਸਦਾ ਸਰਵਨਾਸ਼ ਹੋ ਜਾਵੇਗਾ ਅਤੇ ਉਸ ਦੀ ਸੰਤਾਨ ਨਹੀਂ ਰਹੇਗੀ। ਕਹਿੰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਉੱਤਰ ਦਿਤਾ "ਮੇਰੀ ਸੰਤਾਨ ਰਹੇ , ਨਾ ਰਹੇ, ਮੇਰਾ ਗੁਰਸਿੱਖ ਹੋਣ ਦੇ ਨਾਤੇ ਇਹ ਫਰਜ਼ ਹੈ ਕਿ ਆਪਣੇ ਗੁਰੂ ਦੇ ਅਸਥਾਨਾਂ ਦੀ ਜਿਤਨੀ ਵੀ ਹੋ ਸਕੇ ਵੱਧ ਤੋਂ ਵੱਧ ਸੇਵਾ ਕਰਾਵਾਂ ਅਤੇ ਅਸਥਾਨਾਂ ਨੂੰ ਸ਼ੋਭਨੀਕ ਬਨਾਉਣ ਲਈ ਹਰ ਸੰਭਵ ਯਤਨ ਕਰਾਂ"।[71] ਸੋ ਮਹਾਰਾਜੇ ਨੇ ਚੰਗੇ ਕਾਰੀਗਰ ਅਤੇ ਲੱਖਾਂ ਰੁਪਏ ਭੇਜ ਕੇ ਤਖ਼ਤ ਸਾਹਿਬ ਦੀ ਇਮਾਰਤ ਦੀ ਯੋਗ ਸੇਵਾ ਕਰਵਾਈ। ਫਲ਼ਸਰੂਪ 1829 ਈ.-1839 ਈ. ਦੇ ਦੌਰਾਨ ਤਖ਼ਤ ਸਾਹਿਬ ਦੀ ਸੁੰਦਰ ਇਮਾਰਤ ਬਣ ਕੇ ਤਿਆਰ ਹੋ ਗਈ ਸੀ। ਪੰਜਾਬ ਦੀਆਂ ਸਿੱਖ ਰਿਆਸਤਾਂ (ਨਾਭਾ, ਪਟਿਆਲਾ, ਜੀਂਦ, ਫ਼ਰੀਦਕੋਟ) ਨੇ ਵੀ ਤਖ਼ਤ ਸਾਹਿਬ ਦੀ ਇਸ ਸੇਵਾ ਵਿਚ ਆਪਣਾ ਸਹਿਯੋਗ ਪਾਇਆ ਸੀ। ਇਹ ਸਰਬੰਸ

---

[71] ਸੰਘਾ, ਗੁਰਬਚਨ ਸਿੰਘ (ਸੰਪਾ.), *ਸੱਚਖੰਡ ਯਾਤਰਾ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, 1994, ਪੰਨੇ 17-18.

(ਖ਼ਾਨਦਾਨ) ਆਦਿ ਨਾਸ ਹੋਣ ਦੀ ਗੱਲ ਦਾ ਜ਼ਿਕਰ ਗਿਆਨੀ ਗਿਆਨ ਸਿੰਘ (ਤਵਾਰੀਖ ਗੁਰੂ ਖਾਲਸਾ , ਭਾਗ ਪਹਿਲਾ , ਭਾਸ਼ਾ ਵਿਭਾਗ , ਪੰਜਾਬ, 2011, ਪੰਨਾ ਨੰ . 1144.) ਕਰਦੇ ਹਨ ਪਰ ਗੁਰੂ ਸਾਹਿਬ (ਪਰਉਪਕਾਰੀ ਰੂਹ) ਨੂੰ ਅਜਿਹੀ ਸੋਚ ਦਾ ਧਾਰਣੀ ਬਣਾਉਣਾ ਠੀਕ ਨਹੀਂ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਹੈਦਰਾਬਾਦ ਰਿਆਸਤ ਦੇ ਨਿਜ਼ਾਮ ਸ਼ਾਸਕ ਦੀ ਸੈਨਿਕ ਮਦਦ ਲਈ ਹੱਥ ਅੱਗੇ ਵਧਾਇਆ ਸੀ। ਜਿਸ ਤੋਂ ਖੁਸ਼ ਹੋ ਕੇ ਨਵਾਬ (ਨਿਜ਼ਾਮ) ਹੈਦਰਾਬਾਦ ਨੇ ਇੱਕ ਕੀਮਤੀ ਚਾਨਣੀ (ਚਾਂਦਨੀ) ਮਹਾਰਾਜਾ ਰਣਜੀਤ ਸਿੰਘ ਨੂੰ ਭੇਜੀ ਜਿਸ ਦੀ ਸ਼ਾਨ ਅਤੇ ਬਹੁਮੁਲੀ ਕੀਮਤ ਜਾਚ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਚੜ੍ਹਾ ਦਿੱਤੀ ਜਿਹੜੀ ਕਿ ਹੁਣ ਤੱਕ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਿਚ ਬਿਰਾਜਮਾਨ ਹੈ।[72] ਇਸੀ ਸਮੇਂ ਨਿਜ਼ਾਮ ਨੇ ਇੱਕ ਹੋਰ ਉਸੇ ਤਰ੍ਹਾਂ ਦੀ ਚਾਂਦਨੀ ਤਖ਼ਤ ਹਜ਼ੂਰ ਸਾਹਿਬ ਨਾਂਦੇੜ ਵਿਖੇ ਵੀ ਭੇਟ ਕੀਤੀ ਸੀ। [73] ਇਹ ਚਾਂਦਨੀਆਂ ਸਿੱਖ-ਮੁਸਲਿਮ ਰਾਜਿਆਂ ਦੀ ਦੋਸਤੀ ਦੀ ਸ਼ਾਨਦਾਰ ਯਾਦਗਾਰਾਂ ਸਨ। ਨਵਾਬ ਹੈਦਰਾਬਾਦ ਅਤੇ ਉਸਦੇ ਵਜ਼ੀਰ ਚੰਦੂ ਲਾਲ ਨੇ ਵੀ ਤਖ਼ਤ ਸਾਹਿਬ ਦੀ ਉਸਾਰੀ ਦੇ ਕੰਮਾਂ ਵਿਚ ਦਿਲ ਖੋਲ੍ਹ ਕੇ ਹਰ ਤਰ੍ਹਾਂ ਦੀ ਸਹਾਇਤਾ ਕੀਤੀ। ਪੰਜ ਲੱਖ ਰੁਪਿਆ ਅਤੇ ਸੋਨਾ ਮਹਾਰਾਜੇ ਵੱਲੋਂ ਭੇਜੇ ਗਏ ਅਤੇ ਬੇਅੰਤ ਮਾਇਆ ਅਤੇ ਹੋਰ ਕੀਮਤੀ ਸਮਾਨ ਨਵਾਬ ਹੈਦਰਾਬਾਦ ਵੱਲੋਂ ਚੜ੍ਹਾਇਆ ਗਿਆ ਸੀ।[74] ਉਮਦਤ-ਉਤ-ਤਵਾਰੀਖ ਅਨੁਸਾਰ ਅਕਤੂਬਰ 1833 ਈ. ਵਿਚ ਦੁਸਹਿਰੇ ਦੇ ਤਿਉਹਾਰ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ 10,000 ਰੁਪਏ ਅਬਿਚਲਨਗਰ (ਤਖ਼ਤ ਹਜ਼ੂਰ ਸਾਹਿਬ) ਲਈ ਮਨਜ਼ੂਰ ਕੀਤੇ ਸਨ। [75] ਇਸ ਸਮੇਂ ਵਿਚ ਮਹਾਰਾਜਾ ਚੰਦੂ ਲਾਲ ਬਹਾਦਰ ਨੇ ਨਗੀਨਾ ਘਾਟ ਦੀਆਂ ਪੌੜੀਆਂ ਚਾਲੀ ਹਜ਼ਾਰ ਰੁਪਿਆ ਖ਼ਰਚ ਕੇ ਬਣਵਾਈਆਂ ਅਤੇ ਬਿਸ਼ਨ ਪੁਰੀ, ਬਾਂਸਰੀ, ਬਾੜੀ, ਏਕਲੀ ਅਤੇ ਮਸੌੜ ਆਦਿ ਪਿੰਡ ਲੰਗਰ ਲਈ (ਤਖ਼ਤ ਸਾਹਿਬ ਨੂੰ ) ਭੇਂਟ ਕੀਤੇ। ਬਾਅਦ ਵਿਚ ਕੁਝ ਪਿੰਡ ਰਾਜਾ ਨਾਨਕਚੰਦ ਸਾਹਿਬ ਵੱਲੋਂ ਅਤੇ ਸਾਲਾਨਾ ਪਟਿਆਲਾ, ਜੀਂਦ, ਨਾਭਾ, ਕਪੂਰਥਲਾ, ਫਰੀਦਕੋਟ ਅਤੇ ਹੋਰ

---

[72] *ਗੁਰਦੁਆਰਾ ਗਜਟ,* ਨਵੰਬਰ 1965, ਪੰਨਾ 63.

[73] "Had sent two costly Chandnis, with pearls and gems, worth RS. One lac each, for Nander, and Darbar sahib, Amritsar." Ahuja, N. D., *The Great Guru Nanak and the Muslims*, Kirti Publishing House, Chandigarh, undated, page 21.

[74] ਅਜਮੇਰ ਸਿੰਘ (ਮੁੱਖ ਸੰਪਾ.), *ਖੋਜ ਪਤ੍ਰਿਕਾ* (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਪੰਨਾ 108.

[75] "RS. 10,000 were sanctioned for Abchal Nagar." Suri, Lala Sohan Lal, *Umdat-Ut-Tawarikh,* Daftar III, Parts (I-V), V. S. Suri (Translated), S. Chand & Co., New Dehli, 1961, page 181.

ਸਿੱਖ ਰਾਜਿਆਂ ਵੱਲੋਂ ਲੰਗਰ ਆਦਿ ਲਈ ਲਾਏ ਗਏ।[76] ਇਸ ਤਰ੍ਹਾਂ ਤਖ਼ਤ ਹਜ਼ੂਰ ਸਾਹਿਬ ਵਿਖੇ ਸਿੱਖ ਰਿਆਸਤਾਂ ਵਲੋਂ ਵੀ ਲੰਗਰ ਲਈ ਭੇਟਾ ਭੇਜਣੀ ਸ਼ੁਰੂ ਕੀਤੀ ਗਈ। ਪੁਰਾਤਨ ਲਿਖਤਾਂ ਵਿਚ ਹਜ਼ੂਰ ਸਾਹਿਬ ਦੇ ਨਾਮ ਸੱਤ ਪਿੰਡ ਜਾਗੀਰ ਵਜੋਂ ਲਗਾਏ ਜਾਣ ਦਾ ਜ਼ਿਕਰ ਵੀ ਆਉਂਦਾ ਹੈ। ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਨਵਾਬ ਹੈਦਰਾਬਾਦ ਨੇ 525 ਏਕੜ ਜ਼ਮੀਨ ਤਖ਼ਤ ਸਾਹਿਬ ਦੇ ਨਾਂ ਲਾਗਵਾਈ ਸੀ ਪਰ ਅ ਫ਼ਸੋਸ ਕਿ ਸਮੇਂ ਦੇ ਫੇਰ ਬਦਲ ਨਾਲ ਬਹੁਤ ਸਾਰੀ ਜ਼ਮੀਨ ਖ਼ੁਰਦ-ਬੁਰਦ ਹੋ ਗਈ ਅਤੇ ਜ਼ਮੀਨ ਦੇ ਕਾ ਫ਼ੀ ਸਾਰੇ ਪਟੇ ਗੁੰਮ ਹੋ ਗਏ। ਰਾਜਿੰਦਰਾ ਪ੍ਰਸਾਦ ਅਨੁਸਾਰ ਨਿਜ਼ਾਮ ਦੁਆਰਾ ਨਾਂਦੇੜ ਵਿਖੇ ਸਿੱਖਾਂ ਦੇ ਤਖ਼ਤ ਨੂੰ ਦਿੱਤੀ ਗਈ ਜਾਗੀਰ ਦੀ ਸਾਲਾਨਾਂ ਆਮਦਨ 20 ਹਜ਼ਾਰ ਰੁਪਏ ਸੀ।[77]

ਭਾਵੇਂ ਇਤਿਹਾਸ ਅਤੇ ਪਰੰਪਰਾ ਅਨੁਸਾਰ ਤਖ਼ਤ ਸਾਹਿਬ ਦੇ ਆਲੇ -ਦੁਆਲੇ ਇੱਕ ਜੋਜਨ ਜ਼ਮੀਨ ਤਖ਼ਤ ਸਾਹਿਬ ਦੀ ਹੈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਜੋਜਨ ਜ਼ਮੀਨ ਮੁੱਲ ਖ਼ਰੀਦੀ ਸੀ ਪਰ ਜੇ ਮੌਜੂਦਾ ਸਮੇਂ ਵਿਚ ਦੇਖੀਏ ਤਾਂ ਇਸ ਸਮੇਂ ਤਖ਼ਤ ਸਾਹਿਬ ਦੇ ਨਾਮ ਲਗਭਗ 175 ਏਕੜ ਜ਼ਮੀਨ ਹੈ। ਇਹ ਜ਼ਮੀਨ ਮੱਲੀਹਸਾਪੁਰ (55 ਏਕੜ), ਦਾਬੜ (70 ਏਕੜ), ਬ੍ਰਹਾਮਣਵਾੜਾ ਹੀਰਾ ਘਾਟ (18 ਏਕੜ), ਬਾਂਸਰੀ (6 ਏਕੜ), ਪਵਉਰਾ ਦੇਵੀ (17 ਏਕੜ), ਬਿਸਨਪੁਰੀ (6 ਏਕੜ) ਆਦਿ ਸਥਾਨਾਂ ’ਤੇ ਹੈ।[78]

ਸ਼ੇਰੇ-ਪੰਜਾਬ ਵੱਲੋਂ ਹਜ਼ੂਰ ਸਾਹਿਬ ਵਿਖੇ ਭੇਜੇ ਸ੍ਰ . ਚੰਦਾ ਸਿੰਘ ਅਤੇ ਮਿਸਤਰੀਆਂ ਨੇ ਸਭ ਤੋਂ ਪਹਿਲਾਂ ਮਿਸਤਰੀਆਂ ਦੇ ਰਹਿਣ ਲਈ ਬੁੰਗਾ ਰਾਮਗੜੀਆ ਬਣਾਇਆ। ਇਸ ਤੋਂ ਬਾਅਦ ਸ੍ਰ . ਚੰਦਾ ਸਿੰਘ ਨੇ ਹਜ਼ੂਰੀ ਸਿੰਘਾਂ ਨਾਮ ਸਲਾਹ -ਮਸ਼ਵਰਾ ਕਰਕੇ ਬਾਰਾਂਦਰੀ ਦੀ ਇਮਾਰਤ ਤਿਆਰ ਕਰਵਾਈ। ਜਿਸ ਵਿਚ ਰੋਜ਼ਾਨਾਂ ਤਖ਼ਤ ਸਾਹਿਬ ਵਿਚ ਕੀਤੇ ਜਾਣ ਵਾਲੇ ਧਾਰਮਿਕ ਸਮਾਗਮ ਨਿਰਵਿਘਨ ਜਾਰੀ ਰਹਿੰਦੇ ਸੀ। ਜਦੋਂ ਕਿ ਤਖ਼ਤ ਦੀ ਉਸਾਰੀ ਦਾ ਕੰਮ ਅੱਗੇ ਵੱਧਦਾ ਸੀ। [79] ਬਾਅਦ ਵਿਚ ਵੀ ਮਹਾਰਾਜੇ ਨੇ ਹਜ਼ੂਰ ਸਾਹਿਬ ਵਿਖੇ ਤਖ਼ਤ ਦੀ ਉਸਾਰੀ ਅਤੇ ਇੱਥੇ ਭੇਜੇ ਵਿਅਕਤੀਆਂ ਦੇ ਖ਼ਰਚ ਲਈ ਲਾਹੌਰ ਦਰਬਾਰ ਦੇ ਖ਼ਜ਼ਾਨੇ ਵਿਚੋਂ ਕਈ ਵਾਰ ਮਾਇਆ ਭੇਜੀ ਸੀ। 27 ਜੂਨ, 1839 ਈ. ਨੂੰ ਮਹਾਰਾਜਾ ਰਣਜੀਤ ਸਿੰਘ ਜੀ ਚਲਾਣਾ ਕਰ ਗਏ ਸਨ

---

[76] ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਖੀ,* ਪੰਨਾ 14.

[77] Rajendra Parsad, *Indian Divided,* Hind Kitab LTD., Bombay, July 1947 (Third Edition), page 36.

[78] ਤਖ਼ਤ ਹਜ਼ੂਰ ਸਾਹਿਬ ਗੁਰਦੁਆਰਾ ਸੱਚਖੰਡ ਬੋਰਡ ਦੇ ਖੇਤੀਬਾੜੀ ਵਿਭਾਗ ਦੇ ਮੌਜੂਦਾ ਮੁੱਖੀ (H. O. D.) ਸਤਨਾਮ ਸਿੰਘ ਰਾਗੀ ਦੇ ਦੱਸਣ ਅਨੁਸਾਰ।

[79] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 122.

ਪਰ ਇਸ ਤੋਂ ਪਹਿਲਾਂ ਤਖ਼ਤ ਸਾਹਿਬ ਦੀ ਉਸਾਰੀ ਲਗਭਗ ਮੁਕੰਮਲ ਹੋ ਚੁੱਕੀ ਸੀ। ਇਸ ਤਰ੍ਹਾਂ ਨਿਜ਼ਾਮ ਹੈਦਰਾਬਾਦ ਦੇ ਸਹਿਯੋਗ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਪਹਿਲਕਦਮੀ ਨਾਲ ਸੰਨ 1829 ਈ. ਤੋਂ 1839 ਈ. ਦੇ ਦੌਰਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਬਹੁਤ ਸੁੰਦਰ-ਆਲੀਸ਼ਾਨ ਇਮਾਰਤ ਉਸਾਰੀ ਗਈ।

1840 ਵਿਚ ਕੈਪਟਨ ਫਿਟਜ਼ੇਰਾਲਡ ਗੋਦਾਵਰੀ ਨਦੀ ਪਾਰ ਕਰਕੇ ਨਾਂਦੇੜ ਪੁੱਜਿਆ। ਉਸਨੇ ਆਪਣੀ ਯਾਤਰਾ-ਕਥਾ (Report) 'ਚ ਲਿਖਿਆ ਹੈ ਕਿ ਉਦੋਂ ਗੁਰਦੁਆਰਾ ਸੱਚਖੰਡ ਦੇ ਆਲੇ-ਦੁਆਲੇ ਦੀ ਧਰਤੀ 'ਸਿੱਖ ਬਾਗ' ਦੇ ਨਾਂ ਨਾਲ ਮਸ਼ਹੂਰ ਸੀ ਅਤੇ ਇਹ 1841 ਵਿਘਿਆਂ (ਲਗਭਗ 370 ਏਕੜ) ਵਿਚ ਫੈਲੀ ਸੀ, ਜਿੱਥੇ ਕੰਡੇਦਾਰ ਕਿੱਕਰਾਂ ਹੀ ਸਨ। ਬਸਤੀ ਤੋਂ ਪਗਡੰਡੀਆਂ ਰਾਹੀਂ ਹੀ ਗੁਰਦੁਆਰੇ ਤੱਕ ਪੁੱਜਿਆ ਜਾ ਸਕਦਾ ਸੀ। ਇਸ ਤੱਥ ਤੋਂ ਸਪੱਸ਼ਟ ਹੈ ਕਿ ਨਾਂਦੇੜ ਉਸ ਉਸ ਸਮੇਂ ਕਿਲ੍ਹੇਦਾਰ ਬਸਤੀ ਸੀ।[80] ਨਾਂਦੇੜ ਸ਼ਹਿਰ ਵਿਚ ਲਗਭਗ 250 ਝੌਂਪੜੀਆਂ ਦੀ ਇੱਕ ਛੋਟੀ ਜਿਹੀ ਸਿੱਖ ਬਸਤੀ ਸਥਾਪਿਤ ਸੀ। [81] ਇਸ ਵਿਚ ਸਿੱਖ ਨਿਵਾਸ ਕਰਦੇ ਸਨ, ਇਹ ਕਿੱਕਰ (Babool Trees) ਦੇ ਦਰੱਖਤਾਂ ਨਾਲ ਘਿਰੀ ਹੋਈ ਸੀ , ਸਿੰਘਾਂ ਨੇ ਬਹੁਤ ਸਾਰੇ ਮੋਰ ਅਤੇ ਹੋਰ ਪੰਛੀਆਂ ਨੂੰ ਇੱਥੇ ਆਬਾਦ ਕੀਤਾ ਹੋਇਆ ਸੀ। [82] ਇਨ੍ਹਾਂ ਕਿੱਕਰ ਦੇ ਦਰੱਖਤਾਂ ਅਤੇ ਛੋਟੀ ਝੌਂਪੜੀਆਂ ਦੇ ਵਿਚਕਾਰ ਇੱਟਾਂ ਅਤੇ ਚੂਨੇ ਤੋਂ ਬਣੇ ਤਖ਼ਤ ਸਾਹਿਬ ਦੀ ਮ ਜ਼ਬੂਤ ਅਤੇ ਸੁੰਦਰ ਇਮਾਰਤ ਖੜ੍ਹੀ ਸੀ ਅਤੇ ਇਸ ਵਿਚ ਵਧੀਆ ਸਮੱਗਰੀ ਅਤੇ ਖ਼ੂਬਸੂਰਤ ਕਾਰੀਗਰੀ ਸੀ।[83] ਇਸ ਸਮੇਂ ਤਖ਼ਤ ਸਾਹਿਬ ਦਾ ਪ੍ਰਬੰਧ ਨਿਜ਼ਾਮ ਹੈਦਰਾਬਾਦ ਦੇ ਵ ਜ਼ੀਰ ਚੰਦੂ ਲਾਲ ਨੇ ਦੇਖਣਾ ਸ਼ੁਰੂ ਕਰ ਦਿੱਤਾ ਸੀ ਅਤੇ ਲੰਗਰ ਦੇ ਪ੍ਰਬੰਧ ਦਾ ਮੁੱਖ ਸਾਧਨ ਪੰਜ ਪਿੰਡਾਂ ਦੀ ਜਾਗੀਰ ਸੀ।

ਸੰਨ 1838 ਈ. ਵਿਚ ਭਾਈ ਈਸ਼ਰ ਸਿੰਘ ਜੀ ਤਖ਼ਤ ਸਾਹਿਬ ਦੇ ਜਥੇਦਾਰ ਥਾਪੇ ਜਾ ਚੁੱਕੇ ਸੀ। ਇਸ ਸਮੇਂ ਹੀ ਤਖ਼ਤ ਸਾਹਿਬ 'ਤੇ ਲਿਖਾਰੀ ਰਣ ਸਿੰਘ ਦੀ ਕਿਸੇ ਕਾਰਨ ਸੇਵਾਦਾਰਾਂ ਨਾਲ ਬਹਿਸ (ਵਾਦ-ਵਿਵਾਦ) ਹੋ ਗਈ ਅਤੇ ਇਹ ਬਹਿਸ ਬਹੁਤ ਵੱਧ ਗਈ ਸੀ। ਇਸ ਮੌਕੇ ਦਾ ਫ਼ਾਇਦਾ ਉਠਾ ਕੇ ਤੁਰਕਾਂ ਨੇ

---

80 *ਸੱਚਖੰਡ ਪੱਤਰ* , ਦਸੰਬਰ 1992, ਪੰਨਾ 12.

81 Kalra, Mohan singh (Chief Editor), *The Sikh Review,* Vol. XVI-XVII, No. 163-164, February-March 1967, Page 40.

82 Ali, Moulvie Syed Mahdi, *Hyderabad Affairs*, Vol I, The Times of India Steam Press, Bombay, 1883, page 264.

83 Kalra, Mohan singh (Chief Editor), *The Sikh Review,* Vol. XVI-XVII, No. 163-164, February-March 1967, Page 40.

ਤਖ਼ਤ ਸਾਹਿਬ ਉੱਪਰ ਹਮਲਾ ਕਰ ਦਿੱਤਾ ਸੀ ਜਿਸ ਵਿਚ ਰਹਿਰਾਸੀਆ ਸਿੰਘ ਭਾਈ ਕੰਚਨ ਸਿੰਘ ਸ਼ਹੀਦ ਹੋ ਗਏ ਸੀ। ਅੰਤ ਤੁਰਕਾਂ ਨੇ ਆਪਣਾ ਭਾਰੀ ਨੁਕਸਾਨ ਕਰਵਾ ਕੇ ਖਾਲਸੇ ਤੋਂ ਭਾਂਜ ਖਾਧੀ। ਸੰਨ 1840 ਈ. ਵਿਚ ਜਥੇਦਾਰ ਭਾਈ ਈਸ਼ਰ ਸਿੰਘ ਤੋਂ ਬਾਅਦ ਭਾਈ ਵਰਿਆਮ ਸਿੰਘ ਅਤੇ ਫਿਰ ਭਾਈ ਤਾਰਾ ਸਿੰਘ ਜੀ ਜਥੇਦਾਰ ਬਣੇ ਸਨ। ਇਸੇ ਸਮੇਂ ਦੌਰਾਨ ਜਥੇਦਾਰ ਭਾਈ ਤਾਰਾ ਸਿੰਘ ਨੇ ਦੂਸਰਾ ਬੁੰਗਾ ਨਗੀਨਾ ਘਾਟ ਵਿਖੇ ਪੰਦਰਾਂ ਹਜਾਰ ਰੁਪਏ ਖ਼ਰਚ ਕੇ ਬਣਵਾਇਆ ਸੀ। ਜਦੋਂ ਕਿ ਮਹਾਰਾਜਾ ਰਣਜੀਤ ਵੱਲੋਂ ਭੇਜੇ ਸਿੰਘ ਸਰਦਾਰ ਚੰਦਾ ਸਿੰਘ ਨੇ 1830 ਈ. ਵਿਚ ਪਹਿਲਾ ਰਾਮਗੜ੍ਹੀਆ ਬੁੰਗਾ ਬਣਵਾਇਆ ਸੀ।

ਇੱਥੇ ਇੱਕ ਗੱਲ ਧਿਆਨ ਦੇਣ ਯੋਗ ਹੈ ਕਿ ਤਖ਼ਤ ਸਾਹਿਬ ਵਿਖੇ ਜਿੰਨੇ ਵੀ ਸੇਵਾਦਾਰ ਸਿੰਘ ਸੇਵਾ ਕਰਦੇ ਸਨ ਉਹ ਸਾਰੇ ਪੀੜ੍ਹੀ-ਦਰ-ਪੀੜ੍ਹੀ (ਖ਼ਾਨਦਾਨੀ) ਸੇਵਾ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਨੂੰ ਉਸੇ ਸੇਵਾ ਦੇ ਨਾਮ ’ਤੇ ਜਾਣਿਆ ਜਾਂਦਾ ਹੈ। ਜਿਸ ਤਰ੍ਹਾਂ ਰਹਿਰਾਸ ਸਾਹਿਬ ਦੇ ਪਾਠ ਦੀ ਸੇਵਾ ਕਰਨ ਵਾਲੇ ਸਿੰਘ ਨੂੰ ਰਹਿਰਾਸੀਆ ਸਿੰਘ ਅਤੇ ਉਸਦੇ ਪਰਿਵਾਰ ਨੂੰ ਰਹਿਰਾਸੀਆ ਪਰਿਵਾਰ ਕਰਕੇ ਜਾਣਿਆ ਜਾਂਦਾ ਹੈ। ਬੁੰਗਿਆਂ ’ਤੇ ਸੇਵਾ ਕਰਨ ਵਾਲੇ ਪਰਿਵਾਰਾਂ ਨੂੰ ਬੁੰਗਈ ਪਰਿਵਾਰ ਜਾਂ ਬੁੰਗਈ ਸਿੰਘ ਕਰਕੇ ਜਾਣਿਆ ਜਾਂਦਾ ਹੈ। ਤਖ਼ਤ ਸਾਹਿਬ ’ਤੇ ਜੋਤਾਂ ਜਲਾਉਣ ਵਾਲੇ ਨੂੰ ਚਿਰਾਗੀਆ ਸਿੰਘ ਅਤੇ ਧੂਪ ਦੀ ਸੇਵਾ ਕਰਨ ਵਾਲੇ ਨੂੰ ਧੂਪੀਆ ਸਿੰਘ ਜਾਂ ਧੂਪੀਆ ਪਰਿਵਾਰ ਕਿਹਾ ਜਾਂਦਾ ਹੈ। ਇਸ ਤਰ੍ਹਾਂ ਤਖ਼ਤ ਸਾਹਿਬ ਵਿਖੇ ਜੋ ਸਿੰਘ ਜਿਹੜੀ -ਜਿਹੜੀ ਵੀ ਸੇਵਾ ਕਰਦੇ ਹਨ ਉਨ੍ਹਾਂ ਦੇ ਖ਼ਾਨਦਾਨ ਨੂੰ ਉਸੇ ਸੇਵਾ ਦੇ ਨਾਮ ’ਤੇ ਜਾਣਿਆ ਜਾਂਦਾ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਜਦੋਂ ਨਿਜ਼ਾਮ ਹੈਦਰਾਬਾਦ ਨੇ ਪੰਜਾਬ (ਲਾਹੌਰ) ਤੋਂ ਮਹਾਰਾਜਾ ਰਣਜੀਤ ਸਿੰਘ ਪਾਸੋਂ ਸੈਨਿਕ ਮਦਦ ਮੰਗੀ ਤਾਂ ਦੋ ਰਿਆਸਤਾਂ ਦੇ ਰਾਜਿਆਂ ਵਿਚਕਾਰ ਸੰਪਰਕ ਕਾਇਮ ਹੋਇਆ। ਪੰਜਾਬ ਅਤੇ ਹੈਦਰਾਬਾਦ ਰਿਆਸਤ ਦੇ ਦਰਮਿਆਨ ਵੱਧਦੇ ਮਿਤਰਤਾ ਦੇ ਗੂੜ੍ਹੇ ਸੰਬੰਧਾਂ ਨੇ ਤਖ਼ਤ ਹਜ਼ੂਰ ਸਾਹਿਬ ਦੇ ਇਤਿਹਾਸ ਨੂੰ ਇੱਕ ਨਵਾਂ ਰੂਪ ਦਿੱਤਾ। ਜਿਸ ਦੇ ਫ਼ਲਸਰੂਪ ਤਖ਼ਤ ਸਾਹਿਬ ਦੀ ਪਹਿਲੀ ਵਾਰ ਇੱਕ ਸੁੰਦਰ ਆਲੀਸ਼ਾਨ ਇਮਾਰਤ ਉਸਾਰੀ ਗਈ। ਤਖ਼ਤ ਦੇ ਨਾਮ ਜਾਗੀਰ -ਜਾਇਦਾਦ ਲੱਗਣ ਨਾਲ ਇਥੋਂ ਦੀ ਸਾਲਾਨਾ ਆਮਦਨ ਵਿਚ ਵਾਧਾ ਹੋਇਆ ਅਤੇ ਪ੍ਰਬੰਧ ਵਿਚ ਸੁਧਾਰ ਹੋਣ ਲੱਗਿਆ ਸੀ।

### ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਸੰਬੰਧਿਤ ਪੁਰਾਤਨ ਬੁੰਗੇ

ਸਿੱਖ ਇਤਿਹਾਸ ਵਿੱਚ ਬੁੰਗਿਆਂ ਦਾ ਬਹੁਤ ਮਹੱਤਵ ਹੈ। ਗੁਰਮਤਿ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਇਨ੍ਹਾਂ ਨੇ ਖ਼ਾਸ ਯੋਗਦਾਨ ਪਾਇਆ ਹੈ। ਸਿੱਖ ਅਰਦਾਸ ਵਿਚ ਸਵੇਰੇ-ਸ਼ਾਮ ਬੁੰਗਿਆਂ ਦੀ ਚੜ੍ਹਦੀ ਕਲਾ

ਅਤੇ ਰਹਿੰਦੀ ਦੁਨੀਆਂ ਤੱਕ ਇਨ੍ਹਾਂ ਦੇ ਕਾਇਮ ('ਚੌਕੀਆਂ ਝੰਡੇ ਬੁੰਗੇ ਜੁਗੋ ਜੁੱਗ ਅਟੱਲ') ਰਹਿਣ ਲਈ ਬੇਨਤੀ ਕੀਤੀ ਜਾਂਦੀ ਹੈ। ਬੁੰਗੇ ਤੋਂ ਭਾਵ ਰਹਿਣ ਦੀ ਜਗ੍ਹਾ, ਅਕਾਲ ਤਖ਼ਤ ਦੇ ਨੇੜੇ ਉੱਚੀ ਰਿਹਾਇਸ਼ਗਾਹ।[84] ਬੁੰਗਾ ਯਾਤਰੀਆਂ ਲਈ ਆਰਾਮ ਕਰਨ ਦਾ ਸਥਾਨ ਜਾਂ ਰਿਹਾਇਸ਼ ਸਥਾਨ ਹੁੰਦਾ ਹੈ। ਸਿੱਖ ਸਮਾਜ ਵਿਚ ਇਹ ਸ਼ਬਦ ਮਿਸਲਾਂ ਦੇ ਮੁੱਖੀਆਂ ਅਤੇ ਸਰਦਾਰਾਂ ਦੁਆਰਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਆਸ -ਪਾਸ ਬਣਾਏ ਗਏ ਨਿਵਾਸਾਂ ਲਈ ਪ੍ਰਚਲਿਤ ਹੋ ਗਿਆ ਸੀ। ਬਾਅਦ ਵਿੱਚ ਸੰਪ੍ਰਦਾਈ ਗਿਆਨੀਆਂ, ਰਾਗੀਆਂ, ਗ੍ਰੰਥੀਆਂ ਨੇ ਵੀ ਆਪਣੇ ਨਿਵਾਸਾਂ ਨੂੰ ਬੁੰਗਾ ਅਖਵਾਉਣਾ ਸ਼ੁਰੂ ਕਰ ਦਿੱਤਾ। ਇਹ ਅਸਲ ਵਿਚ ਦਰਬਾਰ ਸਾਹਿਬ ਦੇ ਨੇੜੇ ਰਹਿਣ ਦੀ ਸੁਵਿਧਾ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੇ ਬਣਾਏ ਰਿਹਾਇਸ਼ੀ ਮਕਾਨ ਸਨ, ਜਿੱਥੇ ਉਹ ਗੁਰਬਾਣੀ ਦੇ ਪਾਠ, ਵਿਆਖਿਆ, ਕੀਰਤਨ ਆਦਿ ਬਾਰੇ ਸਿੱਖਿਆ ਵੀ ਦਿੰਦੇ ਸਨ। ਇਹ ਅਸਲ ਵਿੱਚ ਟਕਸਾਲਾਂ ਜਾਂ ਪਾਠਸ਼ਾਲਾ ਸਨ।[85]

ਪੁਰਾਤਨ ਸਮੇਂ ਵਿਚ ਸਿੱਖਾਂ ਦੇ ਜਿੱਥੇ -ਜਿੱਥੇ ਤਖ਼ਤ ਸੁਸ਼ੋਭਿਤ ਹੁੰਦੇ ਸਨ ਤਾਂ ਉਸ ਥਾਂ 'ਤੇ ਤਖ਼ਤਾਂ ਦੇ ਆਲੇ-ਦੁਆਲੇ ਬੁੰਗੇ ਬਣਾਏ ਜਾਂਦੇ ਸਨ। ਇਸ ਦਾ ਇੱਕ ਕਾਰਨ ਇਹ ਸੀ ਕਿ ਤਖ਼ਤ ਆਪਣੇ -ਆਪਣੇ ਇਲਾਕੇ ਦੇ ਕੇਂਦਰ ਸਨ। ਤਖ਼ਤਾਂ ਤੋਂ ਜਾਰੀ ਹੋਣ ਵਾਲੇ ਕਿਸੇ ਵੀ ਪੰਥਕ ਫ਼ੈਸਲੇ ਅਤੇ ਇਕੱਠ ਸਮੇਂ ਸਿੱਖ ਇਨ੍ਹਾਂ ਬੁੰਗਿਆਂ ਵਿਚ ਠਹਿਰਦੇ ਸਨ। ਇਸ ਤੋਂ ਇਲਾਵਾ ਯਾਤਰਾ ਲਈ ਆਏ ਯਾਤਰੂ ਇਨ੍ਹਾਂ ਵਿਚ ਰੁਕਦੇ ਸਨ।

ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਉੱਤੇ ਸਮੇਂ ਸਮੇਂ 'ਤੇ ਮਹੰਤਾਂ, ਪੁਜਾਰੀਆਂ, ਗ੍ਰੰਥੀਆਂ ਅਤੇ ਹਜ਼ੂਰੀ ਸਿੰਘਾਂ ਨੇ ਵੱਖ ਵੱਖ ਬੁੰਗੇ ਬਣਾਏ ਸਨ। ਇਨ੍ਹਾਂ ਬੁੰਗਿਆਂ ਦੀ ਗਿਣਤੀ ਦੋ ਦਰ ਜ਼ਨ ਤੋਂ ਜ਼ਿਆਦਾ ਸੀ। ਜਿਨ੍ਹਾਂ ਵਿਚੋਂ "ਸ਼ਹੀਦਾਂ ਦਾ ਬੁੰਗਾ, ਮਲਵਈਆਂ ਦਾ ਬੁੰਗਾ, ਤਾਰਾ ਸਿੰਘ ਦਾ ਬੁੰਗਾ, ਧੰਨ ਸਿੰਘ ਦਾ ਬੁੰਗਾ, ਬੁੰਗਾ ਅਕਾਲ ਸਾਹਿਬ, ਗਾਹੂ ਸਿੰਘ ਦਾ ਬੁੰਗਾ, ਆਤਮਾ ਸਿੰਘ ਦਾ ਬੁੰਗਾ, ਜੋ ਵੀਹਵੀਂ ਸਦੀ ਦੇ ਆਉਂਦਿਆਂ ਸਮੇਂ ਦੀ ਗੋਦ ਵਿੱਚ ਲੋਪ ਹੋ ਕੇ ਰਹਿ ਗਏ।"[86] ਇਸ ਤੋਂ ਇਲਾਵਾ ਤਖ਼ਤ ਸਾਹਿਬ ਦੀ ਪਰਿਕਰਮਾ ਵਿਚ ਪੁਰਾਤਨ ਬਾਰਾਂਦਰੀ ਬਣੀ ਹੋਈ ਸੀ। ਤਿੰਨ ਸੌ ਸਾਲਾ ਗੁਰਤਾਗੱਦੀ ਦਿਵਸ (2008) ਮੌਕੇ ਮਨਾਏ ਜਾਣ ਵਾਲੇ

---

[84] https://punjabipedia.org/ ਬੁੰਗਾ

[85] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), 2005, ਪੰਨੇ 1282-83.

[86] *ਸੱਚਖੰਡ ਪੱਤਰ,* ਸਤੰਬਰ 2010, ਪੰਨਾ 36.

ਸਮਾਗਮਾਂ ਲਈ ਆਉਣ ਵਾਲੀ ਸੰਗਤ ਦੀ ਰਿਹਾਇਸ਼ ਲਈ ਅਤੇ ਤਖ਼ਤ ਦੇ ਆਲੇ -ਦੁਆਲੇ ਜਗ੍ਹਾ (ਚੌਗਿਰਦਾ) ਖੋਲ੍ਹਣ ਲਈ ਬਾਰਾਂਦਰੀ ਨੂੰ ਢਾਹ ਦਿੱਤਾ ਗਿਆ ਸੀ।[87] ਇਸ ਤੋਂ ਇਲਾਵਾ ਕੁਝ ਹੋਰ ਬੁੰਗੇ ਇਸ ਗੁਰਤਾਗੱਦੀ ਸਮਾਰੋਹ ਸਮੇਂ ਨਵੀਨੀਕਰਨ ਦੌਰਾਨ ਸਾਲ 2007 ਵਿਚ ਢਾਹ ਦਿੱਤੇ ਗਏ ਸਨ। ਜਿਵੇ ; ਰਾਮਗੜੀਆ ਬੁੰਗਾ, ਹਜ਼ੂਰਾ ਸਿੰਘ ਧੂਪੀਆ ਦਾ ਬੁੰਗਾ , ਲੰਗਰ ਹਾਲ ਆਦਿ। ਇਨ੍ਹਾਂ ਤੋਂ ਇਲਾਵਾ ਮਾਈ ਭਾਗੋ ਦਾ ਬੁੰਗਾ ਅੱਜ ਵੀ ਆਪਣੀ ਸ਼ਾਨ ਨਾਲ ਖੜ੍ਹਾ ਹੈ। ਇਸ ਬੁੰਗੇ ਨੂੰ ਉਸੇ ਜਗ੍ਹਾਂ ਉੱਪਰ ਨਵੀਨ ਰੂਪ ਦਿੱਤਾ ਗਿਆ ਸੀ। 20 ਵੀਂ ਸਦੀ ਦੇ ਅਖ਼ੀਰ ਤੱਕ ਤਖ਼ਤ ਸਾਹਿਬ ਵੱਖ-ਵੱਖ ਬੁੰਗਿਆਂ ਨਾਲ ਘਿਰਿਆ ਹੋਇਆ ਸੀ।

ਅਕਾਲੀ ਕੌਰ ਸਿੰਘ ਨੇ ਆਪਣੀ ਕਿਤਾਬ *'ਹਜ਼ੂਰੀ ਸਾਖੀ'* ਵਿਚ ਹਜ਼ੂਰ ਸਾਹਿਬ ਵਿਖੇ ਬਣੇ ਲਗਭਗ 32 ਬੁੰਗਿਆਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਵਿਚੋਂ ਕਈ ਬੁੰਗੇ ਸਮੇਂ ਦੇ ਫੇਰ ਬਦਲ ਨਾਲ ਖ਼ਤਮ ਹੋ ਗਏ। ਸਾਲ 2006-07 ਵਿਚ ਵੀ ਤਖ਼ਤ ਸਾਹਿਬ ਦੇ ਪਰਿਸਰ ਨੂੰ ਚੌੜਾ ਕਰਨ ਸਮੇਂ ਤਖ਼ਤ ਸਾਹਿਬ ਦੇ ਆਲੇ-ਦੁਆਲੇ ਸਥਿਤ ਕਈ ਪੁਰਾਤਨ ਬੁੰਗੇ ਤੋੜ ਦਿੱਤੇ ਗਏ ਸੀ। ਉਨ੍ਹਾਂ ਵਿਚੋਂ ਮਲਵਈ ਬੁੰਗਾ , ਰਾਮਗੜੀਆ ਬੁੰਗਾ, ਪ੍ਰਸੰਨ ਸਿੰਘ ਵਾਲਾ ਬੁੰਗਾ , ਭਾਈ ਥਾਨ ਸਿੰਘ ਵਾਲਾ ਬੁੰਗਾ , ਭਾਈ ਵਰਿਆਮ ਸਿੰਘ ਵਾਲਾ ਬੁੰਗਾ ਅਤੇ ਸ੍ਰੀ ਅਕਾਲ ਬੁੰਗਾ ਸਾਹਿਬ ਉਸ ਸਮੇਂ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਕਮਰਿਆਂ ਵਿਚ ਤਬਦੀਲ ਕੀਤੇ ਗਏ ਸਨ। ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਵਰਤਮਾਨ ਸਮੇਂ ਇਨ੍ਹਾਂ ਬੁੰਗਿਆਂ ਦੇ ਕੁਝ ਸੇਵਾਦਰਾਂ ਨੂੰ ਮਹੀਨਾਵਾਰ ਤਨਖਾਹ ਦਿੱਤੀ ਜਾਂਦੀ ਹੈ। ਹਜ਼ੂਰ ਸਾਹਿਬ ਵਿਖੇ ਪੁਰਾਤਨ ਸਮੇਂ ਤੋਂ ਬੁੰਗਿਆਂ ਦੀ ਸੇਵਾ ਕਰਨ ਵਾਲੇ ਪਰਿਵਾਰਾਂ ਅਤੇ ਸਿੰਘਾਂ ਨੂੰ 'ਬੁੰਗਈ ਸਿੰਘ' ਕਿਹਾ ਜਾਂਦਾ ਹੈ। ਹਜ਼ੂਰ ਸਾਹਿਬ ਵਿਖੇ ਪੁਰਾਤਨ ਬੁੰਗਿਆਂ ਵਿਚੋਂ ਮੌਜੂਦਾ ਸਮੇਂ ਵਿਚ ਸਥਿਤ ਬੁੰਗਿਆਂ ਦਾ ਵਰਣਨ ਨਿਮਨਲਿਖਿਤ ਅਨੁਸਾਰ ਹੈ:

### 1) ਨਿਰਮਲਿਆਂ ਦਾ ਬੁੰਗਾ

ਨਿਰਮਲਿਆਂ ਦਾ ਬੁੰਗਾ ਤਖ਼ਤ ਸੱਚਖੰਡ ਪਰਿਸਰ ਦੇ ਗੇਟ ਨੰ . 3 ਵੱਲ ਪਰਿਸਰ ਤੋਂ ਬਾਹਰ ਮੌਜੂਦ ਹੈ। ਇਹ ਪੁਰਾਤਨ ਬੁੰਗਾ ਹੈ। ਇਸ ਦੀ ਇਮਾਰਤ ਅੱਜ ਵੀ ਮੌਜੂਦ ਹੈ ਪਰ ਇਹ ਖੰਡਰ ਬਣਦੀ ਜਾ ਰਹੀ ਹੈ। ਇਸ ਸਮੇਂ ਬੁੰਗੇ ਦਾ ਸਿਰਫ਼ ਇੱਕ ਹੀ ਕਮਰਾ ਹੈ। ਕਮਰੇ ਦਾ ਆਕਾਰ 12×12 ਫੁੱਟ ਹੈ। ਇਸ ਬੁੰਗੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪੁਰਾਤਨ ਹੱਥ ਲਿਖਿਤ ਸਰੂਪ ਅਤੇ ਕੁਝ ਪੋਥੀਆਂ

---

[87] ਮੋਹਿੰਦਰ ਸਿੰਘ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਚਿਰੰਤਨ ਯਾਤਰਾ,* ਪੰਨਾ 19.

ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਸ ਤੋਂ ਇਲਾਵਾ ਕੁਝ ਪੁਰਾਤਨ ਸ਼ਸਤਰ ਅਤੇ ਇੱਕ ਛੋਟਾ ਨਗਾਰਾ ਪਿਆ ਹੈ। ਹਜ਼ੂਰ ਸਾਹਿਬ ਵਿਖੇ ਪੁਰਾਤਨ ਸਮੇਂ ਤੋਂ ਨਿਰਮਲੇ ਪਰਿਵਾਰ ਰਹਿੰਦੇ ਸਨ ਅਤੇ ਅੱਜ ਵੀ ਇਸ ਬੁੰਗੇ ਦੇ ਆਸ-ਪਾਸ ਨਿਵਾਸ ਕਰਦੇ ਹਨ। ਨਿਰਮਲੇ ਪਰਿਵਾਰ ਹੀ ਇਸ ਬੁੰਗੇ ਦੀ ਸੇਵਾ ਅਤੇ ਪ੍ਰਬੰਧ ਸੰਭਾਲਦੇ ਆ ਰਹੇ ਹਨ।

ਸਾਲ 2020-21 ਵਿਚ ਇਹ ਬੁੰਗਾ ਅਤੇ ਇਸ ਬੁੰਗੇ ਦੀ ਜਗ੍ਹਾਂ ਨਿਰਮਲੇ ਪਰਿਵਾਰਾਂ ਨੇ ਨਿਰਮਲ ਪੰਚਾਇਤ ਅਖਾੜੇ (ਹਰਿਦੁਆਰ) ਦੇ ਮੈਂਬਰ ਮਹੰਤ ਗਿਆਨ ਦੇਵ ਨੂੰ ਦਾਨ ਕਰ ਦਿੱਤੀ ਸੀ। ਭਵਿੱਖ ਵਿਚ ਇਸ ਜਗ੍ਹਾਂ ਉੱਪਰ ਨਿਰਮਲ ਸੰਪ੍ਰਦਾਇ ਵੱਲੋਂ ਸੰਸਕ੍ਰਿਤ ਵਿੱਦਿਆ ਦਾ ਕੇਂਦਰ ਖੋ ਲ੍ਹਿਆ ਜਾਵੇਗਾ। ਮੌਜੂਦਾ ਸਮੇਂ ਨਿਰਮਲੇ ਪਰਿਵਾਰਾਂ ਵੱਲੋਂ ਇਸ ਬੁੰਗੇ ਦੀ ਸੇਵਾ ਲਈ ਤਨ ਖ਼ਾਹ ਉੱਪਰ ਇੱਕ ਸੇਵਾਦਾਰ ਗ੍ਰੰਥੀ -ਸਿੰਘ ਨੂੰ ਨਿਯੁਕਤ ਕੀਤਾ ਹੋਇਆ ਹੈ।[88]

## 2) ਬੁੰਗਾ ਮਾਤਾ ਭਾਗ ਕੌਰ ਜੀ

ਇਹ ਬੁੰਗਾ 200 ਸਾਲ ਤੋਂ ਵੀ ਜ਼ਿਆਦਾ ਪੁਰਾਣਾ ਹੈ। ਸਾਲ 2007 ਵਿਚ ਸੱਚਖੰਡ ਪਰਿਸਰ ਦੇ ਵਿਕਾਸ ਸਮੇਂ ਇਸ ਬੁੰਗੇ ਨੂੰ ਆਪਣੀ ਪੁਰਾਣੀ ਜਗ੍ਹਾਂ ਉੱਪਰ ਹੀ ਸਥਿਤ ਰੱਖਿਆ ਗਿਆ ਸੀ ਅਤੇ ਇਸ ਨੂੰ ਨਵਾਂ ਰੂਪ ਦਿੱਤਾ ਗਿਆ ਸੀ। ਮਾਤਾ ਭਾਗ ਕੌਰ ਨਾਂਦੇੜ ਵਿਚ ਰਹਿੰਦਿਆਂ ਇਸ ਬੁੰਗੇ ਵਾਲੇ ਸਥਾਨ 'ਤੇ ਤਪ ਅਤੇ ਨਿਵਾਸ ਕਰਿਆ ਕਰਦੀ ਸੀ। ਅੱਜ ਇਸ ਬੁੰਗੇ ਵਿਚ ਮਾਤਾ ਭਾਗ ਕੌਰ ਜੀ ਦੇ ਪੁਰਾਤਨ ਸ਼ਸਤਰ ਸੰਭਾਲੇ ਹੋਏ ਹਨ। ਇਨ੍ਹਾਂ ਵਿਚ ਚਾਰ ਵੱਡੀਆਂ ਬੰਦੂਕਾਂ ਅਤੇ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਏ 40 ਸਿੰਘਾਂ ਦੇ ਕੁਝ ਪੁਰਾਤਨ ਸ਼ਸਤਰ ਹਨ। ਇਨ੍ਹਾਂ ਵਿਚ ਸ੍ਰੀ ਸਾਹਿਬ , ਚੱਕਰ, ਸੰਖ, ਤੀਰ, ਕਮਾਨ ਆਦਿ ਸਨ। ਇੱਕ ਤੋਪ 40 ਕਿਲੋ ਭਾਰ ਦੀ ਹੈ। ਇਸਨੂੰ ਸਵਾ ਮਣੀ ਤੋਪ ਕਿਹਾ ਜਾਂਦਾ ਹੈ।

ਸ਼ਸਤਰਾਂ ਤੋਂ ਇਲਾਵਾ ਇੱਥੇ ਪੁਰਾਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ ਵੀ ਹਨ। ਮੌਜੂਦਾ ਸਮੇਂ ਚਾਰ ਬੁੰਗਈ ਪਰਿਵਾਰ (ਚਾਰ ਭਰਾ) ਖੇਮ ਸਿੰਘ ਬੁੰਗਈ, ਭੋਲਾ ਸਿੰਘ ਬੁੰਗਈ, ਠਾਕੁਰ ਸਿੰਘ ਬੁੰਗਈ ਅਤੇ ਲਾਲ ਸਿੰਘ ਬੁੰਗਈ ਦੀ ਸੰਤਾਨ ਇਸ ਬੁੰਗੇ ਦੀ ਸੇਵਾ -ਸੰਭਾਲ ਕਰ ਰਹੀ ਹੈ। ਇਹ ਸਮੂਹ ਬੁੰਗਈ ਪਰਿਵਾਰ ਪੀੜ੍ਹੀ -ਦਰ-ਪੀੜ੍ਹੀ ਇਸ ਬੁੰਗੇ ਦੀ ਸੇਵਾ ਕਰਦੇ ਆ ਰਹੇ ਹਨ।। ਇਨ੍ਹਾਂ

[88] ਹਜ਼ੂਰ ਸਾਹਿਬ ਦੇ ਨਿਰਮਲੇ ਪਰਿਵਾਰਾਂ ਵਿਚੋਂ ਸ੍ਰ. ਸੁਰਜੀਤ ਸਿੰਘ ਨਿਰਮਲੇ ਦੇ ਦੱਸਣ ਅਨੁਸਾਰ।

ਚਾਰ ਪਰਿਵਾਰਾਂ ਵਿਚੋਂ ਇਸ ਬੁੰਗੇ ਦੀ ਸੇਵਾ ਇੱਕ ਪਰਿਵਾਰ ਕੋਲ ਇੱਕ ਸਾਲ ਲਈ ਰਹਿੰਦੀ ਹੈ ਅਤੇ ਤਿੰਨ ਸਾਲ ਬਾਅਦ ਇੱਕ ਪਰਿਵਾਰ ਨੂੰ ਸੇਵਾ ਆਉਂਦੀ ਹੈ।[89]

**3) ਨਿਹੰਗ ਸਿੰਘਾਂ ਦਾ ਬੁੰਗਾ (ਨਿਹੰਗ ਸਿੰਘਾਂ ਦੀ ਛਾਉਣੀ)**

ਇਹ ਪੁਰਾਤਨ ਬੁੰਗਾ ਗੋਦਾਵਰੀ ਨਦੀ ਦੇ ਰਮਣੀਕ ਕੰਢੇ ਉੱਪਰ ਗੁਰਦੁਆਰਾ ਨਗੀਨਾ ਘਾਟ ਦੇ ਸਾਹਮਣੇ ਸ਼ੋਭਾ ਪਾ ਰਿਹਾ ਹੈ। ਇਸ ਬੁੰਗੇ ਦੀ 100 ਸਾਲ ਤੋਂ ਵੀ ਜ਼ਿਆਦਾ ਪੁਰਾਣੀ ਇਮਾਰਤ ਅੱਜ ਵੀ ਖੜ੍ਹੀ ਹੈ ਪਰ ਹੁਣ ਇਹ ਖ਼ਸਤਾ ਹਾਲ ਵਿਚ ਹੈ। ਇਹ ਇਮਾਰਤ 1918 ਈ. ਦੀ ਬਣੀ ਹੈ। ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਪੰਜਾਬ ਤੋਂ ਚੱਲ ਕੇ ਨਾਂਦੇੜ ਪਹੁੰਚੇ ਸਨ ਤਾਂ ਇਸ ਸਥਾਨ ਉੱਤੇ ਗੁਰੂ ਜੀ ਦੀਆਂ ਘੋੜਸਵਾਰ ਫ਼ੌਜਾਂ ਨੇ ਡੇਰੇ ਲਾਏ ਸਨ। ਪੁਰਾਤਨ ਸਮੇਂ ਤੋਂ ਇੱਥੇ ਨਿਹੰਗ ਸਿੰਘ ਰਹਿੰਦੇ ਸਨ। ਇਸ ਲਈ ਅੱਜ ਇਸ ਸਥਾਨ ਨੂੰ ਗੁਰਦੁਆਰਾ ਛਾਉਣੀ ਬੁੱਢਾ ਦਲ ਜਾਂ ਛਾਉਣੀ ਨਿਹੰਗ ਸਿੰਘਾਂ ਦੀ ਕਿਹਾ ਜਾਂਦਾ ਹੈ।

ਸ਼ੁਰੂ ਤੋਂ ਹੀ ਨਿਹੰਗ ਸਿੰਘ ਇਸ ਬੁੰਗੇ ਵਾਲੇ ਸਥਾਨ 'ਤੇ ਰਹਿ ਕੇ ਤਖ਼ਤ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਸੇਵਾ -ਸੰਭਾਲ ਲਈ ਸਖ਼ਤ ਪਹਿਰੇ ਦਿੰਦੇ ਰਹੇ ਸਨ। ਅਕਾਲੀ ਗੁਰਬਖ਼ਸ਼ ਸਿੰਘ ਨਿਹੰਗ , ਅਕਾਲੀ ਗਜਗਾਹ ਸਿੰਘ ਨਿਹੰਗ , ਅਕਾਲੀ ਅਕਲਕਲਾ ਸਿੰਘ ਨਿਹੰਗ ਇਸੇ ਸਥਾਨ 'ਤੇ ਹੀ ਰਹਿੰਦੇ ਰਹੇ ਸਨ। ਅਕਾਲੀ ਗੁਰਬਖ਼ਸ਼ ਸਿੰਘ ਨਿਹੰਗ ਨੇ ਇਸ ਸਥਾਨ 'ਤੇ ਸਭ ਤੋਂ ਪਹਿਲਾਂ ਖੂਹ ਖੁਦਵਾਇਆ ਸੀ। ਇਸ ਖੂਹ ਨੂੰ ਬਾਅਦ ਵਿਚ ਜਥੇਦਾਰ ਅਕਾਲੀ ਭੂਪ ਸਿੰਘ ਨਿਹੰਗ ਨੇ ਪੱਕਾ ਕਰਵਾਇਆ ਸੀ। ਪਹਿਲਾਂ ਨਿਹੰਗ ਸਿੰਘ ਇੱਥੇ ਕੱਚੇ ਬੁੰਗੇ ਵਿਚ ਹੀ ਰਹਿੰਦੇ ਸਨ। ਬਾਅਦ ਵਿਚ ਬੁੰਗੇ ਨੂੰ ਪੱਕਾ ਤਿਆਰ ਕੀਤਾ ਗਿਆ ਸੀ ਪਰ ਜਲਦੀ ਟੁੱਟ ਜਾਣ ਕਰਕੇ ਹਿੰਨਕਨ ਸਾਹਿਬ ਬਹਾਦਰ ਨਾਜ਼ਮ ਨੇ ਮੁੜ ਪੱਕਾ ਤਿਆਰ ਕਰਵਾ ਦਿੱਤਾ ਸੀ। ਅਕਾਲੀ ਕੌਰ ਸਿੰਘ ਅਨੁਸਾਰ ਬਾਅਦ ਵਿਚ ਇਸ ਬੁੰਗੇ ਨੂੰ ਤਰੇੜਾਂ ਪੈ ਜਾਂਣ 'ਤੇ ਮੁੜ ਨਾਜ਼ਮ ਜੇ . ਈ. ਆਰਮਸਟ੍ਰਾਂਗ C. I. E. O. B. E. I. P. ਐਸਕੁਆਯਰ ਹੈਦਰਾਬਾਦ (ਦੱਖਣ) ਨੇ ਤਿਆਰ ਕਰਵਾ ਦਿਤਾ ਸੀ।[90]

---

[89] ਬੁੰਗਾ ਮਾਤਾ ਭਾਗ ਕੋਰ ਅਸਥਾਨ ਦੇ ਮੌਜੂਦਾ ਸੇਵਾਦਾਰ ਅਮਿਤ ਸਿੰਘ ਬੁੰਗਈ (ਪੋਤਰਾ ਠਾਕੁਰ ਸਿੰਘ ਬੁੰਗਈ ) ਤੋਂ ਪ੍ਰਾਪਤ ਜਾਣਕਾਰੀ ਅਨੁਸਾਰ।

[90] ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਖੀ,* ਪੰਨਾ 69.

ਮੌਜੂਦਾ ਸਮੇਂ ਵਿਚ ਇਸ ਬੁੰਗੇ ਦਾ ਪ੍ਰਬੰਧ ਜਥੇਦਾਰ ਬਾਬਾ ਮਾਨ ਸਿੰਘ ਨਿਹੰਗ ਮੁਖੀ 96 ਕਰੋੜੀ ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਜਥੇਦਾਰ ਬਾਬਾ ਤੇਜਾ ਸਿੰਘ ਨਿਹੰਗ ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ ਦੇ ਅਧੀਨ ਹੈ। ਇਸ ਸਮੇਂ ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਇਸ ਬੁੰਗੇ (ਛਾਉਣੀ) ਦਾ ਜਥੇਦਾਰ ਅਕਾਲੀ ਬਾਬਾ ਨਿਹਾਲ ਸਿੰਘ ਨਿਹੰਗ ਨੂੰ ਨਿਯੁਕਤ ਕੀਤਾ ਹੋਇਆ ਹੈ। ਇਸ ਛਾਉਣੀ ਵਿਚ ਸੇਵਾਦਾਰਾਂ ਦੇ ਰਹਿਣ ਵਾਸਤੇ ਤਿੰਨ ਮੰਜਿਲੀ ਨਿਵਾਸ ਬਣਾਇਆ ਹੋਇਆ ਹੈ। ਛਾਉਣੀ ਦੇ ਮੁੱਖ ਦਰਵਾਜੇ ਦੇ ਸੱਜੇ ਪਾਸੇ ਦਰਬਾਰ ਸਾਹਿਬ ਦੀ ਨਵੀਂ ਇਮਾਰਤ ਸਾਲ 2018 ਤੋਂ 2021 ਦੇ ਦੌਰਾਨ ਉਸਾਰੀ ਗਈ ਸੀ। ਦਰਬਾਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ , ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਪ੍ਰਕਾਸ਼ ਕੀਤੇ ਜਾਂਦੇ ਹਨ। ਇਹ ਛਾਉਣੀ 5 ਏਕੜ ਦੇ ਰਕਬੇ ਵਿਚ ਹੈ। ਹਜ਼ੂਰ ਸਾਹਿਬ ਵਿਖੇ ਮਨਾਏ ਜਾਣ ਵਾਲੇ ਮਹੱਲਿਆਂ ਸਮੇਂ ਖ਼ਾਸ ਕਰ ਦੁਸਹਿਰੇ ਦੇ ਮਹੱਲੇ ਸਮੇਂ ਪੰਜਾਬ ਤੋਂ ਆਉਣ ਵਾਲੇ ਨਿਹੰਗ ਸਿੰਘਾਂ ਦੇ ਦਲ ਪੰਥ ਇਸ ਛਾਉਣੀ ਵਿਚ ਆ ਕੇ ਉਤਾਰਾ ਕਰਦੇ ਹਨ।

**4) ਬੁੰਗਾ ਵਣਜਾਰਗਾਨ (ਵਣਜਾਰਿਆਂ ਵਾਲਾ ਬੁੰਗਾ)**

ਇਹ ਪੁਰਾਤਨ ਅਤੇ ਖ਼ਾਨਦਾਨੀ ਬੁੰਗਾ ਹੈ। ਇਸ ਬੁੰਗੇ ਵਿਚ ਵਣਜਾਰਾ ਅਤੇ ਲੁਭਾਣਾ ਸੰਗਤ ਆ ਕੇ ਰੁਕਦੀ ਹੈ। ਇਹ ਬੁੰਗਾ ਤਖ਼ਤ ਸਾਹਿਬ ਤੋਂ ਗੁਰਦੁਆਰਾ ਲੰਗਰ ਸਾਹਿਬ ਨੂੰ ਜਾਣ ਵਾਲੀ ਸੜਕ 'ਤੇ ਜਾਂਦਿਆਂ ਸਟੇਸ਼ਨ ਵੱਲ ਜਾਂਦੀ ਪਹਿਲੀ ਸੜਕ ਉੱਪਰ ਖੱਬੇ ਪਾਸੇ ਸਥਿਤ ਹੈ। ਮੌਜੂਦਾ ਸਮੇਂ ਵਿਚ ਇਹ ਬੁੰਗਾ ਆਪਣੀ ਪੁਰਾਣੀ ਜਗ੍ਹਾਂ ਉੱਪਰ ਹੀ ਸਥਿਤ ਹੈ। ਪਹਿਲਾਂ ਪਹਿਲ ਪੰਜਾਬ ਤੋਂ ਵੀ ਯਾਤਰੂ ਇੱਥੇ ਆ ਕੇ ਠਹਿਰਦੇ ਸਨ। ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕਾ, ਮਹਾਰਾਸ਼ਟਰ ਆਦਿ ਰਾਜਾਂ ਵਿਚੋਂ ਜਦੋਂ ਵੀ ਤਖ਼ਤ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਲਈ ਵਣਜਾਰਾ ਸੰਗਤ ਆਉਂਦੀ ਹੈ ਤਾਂ ਉਹ ਇਸ ਬੁੰਗੇ ਵਿਚ ਆ ਕੇ ਠਹਿਰਦੀ ਹੈ। ਅੱਜ ਵੀ ਵਣਜਾਰਾ ਪਰਿਵਾਰ ਜਦੋਂ ਵਿਆਹ , ਖੇਤੀ ਅਤੇ ਕੋਈ ਹੋਰ ਕਾਰਜ ਆਰੰਭ ਕਰਦੇ ਹਨ ਤਾਂ ਇਹ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਸ਼ੁਰੂ ਕਰਦੇ ਹਨ। ਆਪਣੀ ਫ਼ਸਲ ਦਾ ਦਸਵੰਧ ਕੱਢਦੇ ਹਨ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਆ ਕੇ ਮੋਦੀਖਾਨੇ ਵਿਚ ਜਮ੍ਹਾ ਕਰਵਾਉਂਦੇ ਹਨ। ਮੌਜੂਦਾ ਸਮੇਂ ਵਿਚ ਪਰਸਨ ਸਿੰਘ ਮਹੰਤ ਅਤੇ ਇਨ੍ਹਾਂ ਦਾ ਪੁੱਤਰ ਮਹਾਦੀਪ ਸਿੰਘ ਮਹੰਤ ਇਸ ਬੁੰਗੇ ਦੀ ਸੇਵਾ ਕਰ ਰਹੇ ਹਨ । ਇਸ ਬੁੰਗੇ ਵਿਚ ਅੱਜ ਵੀ ਪਰਸਨ ਸਿੰਘ ਮਹੰਤ ਅਤੇ ਉਨ੍ਹਾਂ ਦੇ ਦੋ ਭਰਾ ਰਵਿੰਦਰ ਸਿੰਘ ਅਤੇ ਯਾਦਵਿੰਦਰ ਸਿੰਘ ਆਪਣੇ

ਪਰਿਵਾਰਾਂ ਨਾਲ ਨਿਵਾਸ ਕਰਦੇ ਹਨ। ਇਨ੍ਹਾਂ ਦੇ ਬ ਜ਼ੁਰਗ ਦੇਵਿੰਦਰ ਸਿੰਘ, ਅਮਰ ਸਿੰਘ, ਸੱਦਾ ਸਿੰਘ, ਦੇਵਾ ਸਿੰਘ ਅਤੇ ਹਰੀ ਸਿੰਘ ਇਸ ਬੁੰਗੇ ਵਿਚ ਹੀ ਸੇਵਾ ਕਰਦੇ ਰਹੇ ਸਨ।[91]

ਇਸ ਪੀੜ੍ਹੀ ਵਿਚੋਂ ਮਾਸਟਰ ਸੱਦਾ ਸਿੰਘ ਮਹੰਤ ਹੋਏ ਸਨ। ਆਪ ਜੀ ਪਰਸਾ ਸਿੰਘ ਦੀ ਗੱਦੀ ਉੱਤੇ ਬਿਰਾਜਮਾਨ ਸੀ। ਜਿਨ੍ਹਾਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਦੱਖਣ , ਨਾਂਦੇੜ ਵਿਚ ਆਏ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਸਿੱਖ ਸੀ ਅਤੇ ਗੁਰੂ ਜੀ ਨੇ ਹੀ ਇਸ ਨੂੰ ਵਣਜਾਰੇ ਲੋਕਾਂ ਨੂੰ ਉਪਦੇ ਸ਼ ਦੇਣ ਅਤੇ ਸੇਵਾ ਕਰਨ ਦਾ ਹੁਕਮ ਦਿੱਤਾ ਸੀ। [92] ਪਰਸਾ ਸਿੰਘ ਦੀ ਵੰਸ਼ ਵਿਚੋਂ ਹੀ ਅੱਜ ਇਹ ਪਰਿਵਾਰ ਹੈ ਅਤੇ ਇਹ ਸੇਵਾ ਉਸੇ ਤਰ੍ਹਾਂ ਨਿਰੰਤਰ ਚਲੀ ਆ ਰਹੀ ਹੈ। ਸਾਲ 2006 ਵਿਚ ਇਸ ਬੁੰਗੇ ਦੀ ਇਮਾਰਤ ਕਾ ਫ਼ੀ ਖ਼ਸਤਾ ਹਾਲਤ ਵਿਚ ਹੋ ਗਈ ਸੀ। ਇਸ ਦੀ ਨਵੀਂ ਇਮਾਰਤ ਪਰਸਨ ਸਿੰਘ ਮਹੰਤ ਨੇ ਦੁਬਾਰਾ ਬਣਵਾਈ। ਯਾਤਰੂਆਂ ਦੇ ਰੁਕਣ ਲਈ ਦੋ ਮੰਜਿਲੀ ਸਰਾਂ ਤਿਆਰ ਕਰਵਾਈ ਗਈ। ਇਸ ਬੁੰਗੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪੁਰਾਤਨ ਹੱਥ ਲਿਖਿਤ ਸਰੂਪ , ਕੁਝ ਹੱਥ ਲਿਖਿਤ ਪੋਥੀਆਂ ਅਤੇ ਕੁਝ ਹੁਕਮਨਾਮੇ ਸੰਭਾਲ ਕੇ ਰੱਖੇ ਹੋਏ ਹਨ। ਅੱਜ ਇਸ ਬੁੰਗੇ ਦਾ ਸਾਰਾ ਪ੍ਰਬੰਧ ਪਰਸਨ ਸਿੰਘ ਮਹੰਤ ਦੁਬਾਰਾ ਕੀਤਾ ਜਾਂਦਾ ਹੈ।

ਉਕਤ ਬੁੰਗੇ ਪੁਰਾਤਨ ਸਮੇਂ ਤੋਂ ਨਿਰੰਤਰ ਸੇਵਾ ਨਿਭਾਉਂਦੇ ਆ ਰਹੇ ਹਨ। ਪੁਰਾਤਨ ਸਮੇਂ ਇਨ੍ਹਾਂ ਬੁੰਗਿਆਂ ਦੀ ਵਿਵਸਥਾ ਯਾਤਰਾ ਲਈ ਆਈ ਸੰਗਤ ਦੇ ਚੜ੍ਹਾਵੇ ਨਾਲ ਚੱਲਦੀ ਸੀ। ਪੁਰਾਤਨ ਸਮੇਂ ਅੱਜ ਵਰਗੇ ਪ੍ਰਬੰਧ ਨਾ ਹੋਣ ਕਰਕੇ ਯਾਤਰੀ ਇਨ੍ਹਾਂ ਬੁੰਗਿਆਂ ਵਿਚ ਠਹਿਰਦੇ ਸਨ। ਬਦਲੇ ਵਿਚ ਯਾਤਰੀ ਵਾਪਸ ਜਾਣ ਸਮੇਂ ਇਨਹਾਂ ਬੁੰਗਿਆਂ ਨੂੰ ਜਲ -ਪਾਣੀ, ਲੰਗਰ, ਰਿਹਾਇਸ਼ ਸੇਵਾ ਬਦਲੇ ਯਥਾਸ਼ਕਤ ਕੁਝ ਨਾ ਕੁਝ ਦਸਵੰਧ ਦੇ ਜਾਂਦੇ ਸਨ।[93]

19 ਵੀਂ ਸਦੀ ਦੇ ਮੱਧ ਤੱਕ ਪੰਜਾਬ ਵਿਚ ਖਾਲਸਾ ਰਾਜ ਕਾਇਮ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਜਿਉਂਦਾ ਸੀ। ਉਦੋਂ ਤੱਕ ਤਖ਼ਤ ਸਾਹਿਬ ਦਾ ਪ੍ਰਬੰਧ ਵੀ ਵਧੀਆ ਚੱਲਦਾ ਰਿਹਾ ਸੀ। ਮਹਾਰਾਜਾ

---

[91] ਬੁੰਗਾ ਵਣਜਾਰਗਾਨ ਦੇ ਮੌਜੂਦਾ ਸੇਵਾਦਾਰ ਮਹਾਦੀਪ ਸਿੰਘ ਮਹੰਤ (ਪਰਸਨ ਸਿੰਘ ਮਹੰਤ ਦੇ ਪੁੱਤਰ ) ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ।

[92] ਚੌਹਾਨ, ਜਗਜੀਤ ਸਿੰਘ, *ਆਦਰਸ਼ ਜੋਤੀ ਦਾ ਕੇਂਦਰ* , (ਹਿੰਦੀ ਐਡੀਸ਼ਨ), ਇੰਦਿਰਾ ਪ੍ਰਿੰਟਿੰਗ ਪ੍ਰੈਸ , ਜੂਨਾ ਮੋਂਡਾ, ਨਾਂਦੇੜ, 1959, ਪੰਨਾ 43.

[93] ਸਰੋਆ, ਪਰਮਜੀਤ ਸਿੰਘ, *ਸੇਵਾ-ਸਿਮਰਨ ਦੀ ਮੂਰਤਿ ਸੰਤ ਬਾਬਾ ਨਿਧਾਨ ਸਿੰਘ (ਜੀਵਨ ਅਤੇ ਸਿਧਾਂਤਕ ਪੱਖ)*, ਸਤੰਬਰ 2008 (ਪਹਿਲੀ ਵਾਰ), ਪੰਨਾ 54.

ਰਣਜੀਤ ਸਿੰਘ ਦੇ ਸਮੇਂ ਪੁਜਾਰੀਆਂ ਅਤੇ ਸੇਵਾਦਾਰਾਂ ਦੇ ਮਨਾਂ ਵਿਚ ਸਿੱਖ ਹਾਕਮਾਂ ਦਾ ਭੈਅ ਹੁੰਦਾ ਸੀ। ਇਸ ਲਈ ਉਹ ਲੜਦੇ ਝਗੜਦੇ ਨਹੀਂ ਸਨ ਪਰ ਜਿਉਂ ਹੀ ਪੰਜਾਬ ਵਿਚ ਸਿੱਖ ਰਾਜ ਖ਼ਤਮ ਹੋਇਆ ਤਾਂ ਗੁਰਦੁਆਰਿਆਂ ਅਤੇ ਤਖ਼ਤਾਂ ਦੇ ਪੁਜਾਰੀ ਆਪਸ ਵਿਚ ਝਗੜਨ ਲੱਗ ਪਏ।[94] ਇਸ ਸਮੇਂ ਵਿਚ ਤਖ਼ਤ ਸਾਹਿਬ ਦੇ ਕੁਝ ਸੇਵਾਦਾਰ ਮਾਇਆ ਆਦਿਕ ਹੜੱਪ ਕਰਨ ਦੀਆਂ ਚਾਲਾਂ ਚੱਲਣ ਲੱਗ ਪਏ। ਇਸ ਕਾਰਨ ਹੁਣ ਸਿੰਘਾਂ ਦੀ ਆਪਸ ਵਿਚ ਹੀ ਤੇਗ ਖੜਕਦੀ ਸੀ। ਨਿਰਮਲੇ ਸੰਤਾਂ ਅਤੇ ਹਜ਼ੂਰੀ ਖਾਲਸੇ ਵਿਚਕਾਰ ਝਗੜੇ ਸ਼ੁਰੂ ਹੋ ਗਏ। ਪੰਜਾਬ ਵਿਚ ਮਹਾਰਾਜੇ ਦੇ ਕਮਰਕੱਸਾ ਕਰ ਜਾਣ ਦੀ ਖ਼ਬਰ ਸੁਣ ਕੇ ਕੁਝ ਸਿੰਘ ਪੰਜਾਬ ਨੂੰ ਚਲੇ ਗਏ ਬਾਕੀ ਜੋ ਇਥੇ ਰਹਿ ਗਏ ਇਨ੍ਹਾਂ ਵਿਚ ਪਿਆਰ ਦੀ ਜ ਗ੍ਹਾ ਧੜੇਬੰਦੀ ਨੇ ਲੈ ਲਈ। ਸ੍ਰ . ਚੈਨ ਸਿੰਘ ਅਤੇ ਕਾਰਬਾਰੀ ਬਹਾਦਰ ਸਿੰਘ ਜੀ ਦੇ ਦੋ ਧੜੇ ਬਣ ਗਏ ਜਿਸ ਕਾਰਨ ਕੁਲ ਘਾਤੀ ਬਾਂਸ ਦੀ ਤਰ੍ਹਾਂ ਸਿੰਘਾਂ ਦਾ ਆਪਸ ਵਿਚ ਕਾ ਫ਼ੀ ਨੁਕਸਾਨ ਹੋਇਆ। ਇਸ ਦਾ ਅੰਤ ਬਹੁਤ ਦੁਖਦਾਈ ਹੋਇਆ।[95] ਭਾਵੇਂ ਧੜੇਬੰਦੀ ਕਾਰਨ ਆਪਸ ਵਿਚ ਝਗੜੇ ਹੁੰਦੇ ਰਹਿੰਦੇ ਪਰ ਜਦੋਂ ਵੀ ਹਮਲੇ ਹੁੰਦੇ ਤੱਦ ਹਾਜ਼ਰ ਨਿਹੰਗ ਸਿੰਘ, ਬਿਹੰਗਮ ਸਿੰਘ ਅਤੇ ਹਜ਼ੂਰੀਏ ਸਿੰਘ ਸਾਰੇ ਹੀ ਇੱਕ ਮੁੱਠ ਹੋ ਕੇ ਮੁਕਾਬਲਾ ਕਰਦੇ। ਗੁਰੂ ਗੋਬਿੰਦ ਸਿੰਘ ਦੇ ਜੋਤੀ -ਜੋਤਿ ਸਮਾਉਣ ਉਪਰੰਤ ਇਸ ਪ੍ਰਕਾਰ ਦੇ ਹਾਲਾਤ ਵਿਚ ਹਜ਼ੂਰ ਸਾਹਿਬ ਦਾ ਪ੍ਰਬੰਧ ਚਲਦਾ ਰਿਹਾ।[96]

ਕੇ. ਐਸ. ਤਲਵਾਰ ਅਨੁਸਾਰ ਇਸ ਸਮੇਂ ਸਿੱਖ ਯਾਤਰੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਖ਼ਤ ਦੇ ਪੁਜਾਰੀਆਂ (ਜਥੇਦਾਰਾਂ) ਦੇ ਕੋਲ ਹਮੇਸ਼ਾ ਧਨ ਜ ਮ੍ਹਾ ਹੁੰਦਾ ਸੀ। ਸ਼ਰਧਾਲੂਆਂ ਦੇ ਚ ੜ੍ਹਾਵੇ ਤੋਂ ਇਲਾਵਾ ਤਖ਼ਤ ਦੀ ਆਮਦਨ ਦੇ ਤਿੰਨ ਮੁੱਖ ਸਾਧਨ ਸਨ। ਪਹਿਲਾ- ਹੈਦਰਾਬਾਦ ਰਿਆਸਤ ਵੱਲੋਂ ਤਖ਼ਤ ਦੇ ਨਾਮ ਕੀਤੇ ਗਏ ਪੰਜ ਪਿੰਡਾਂ ਦੀ ਜਾਗੀਰ। ਇਸ ਜਾਗੀਰ ਤੋਂ 1840 ਈ. ਵਿਚ ਸਾਲਾਨਾ ਪੰਜ ਹਜ਼ਾਰ ਰੁਪਏ ਆਮਦਨ ਹੁੰਦੀ ਸੀ। ਦੂਜਾ- ਰਾਜਾ ਚੰਦੂ ਲਾਲ ਵੱਲੋਂ ਤਖ਼ਤ ਦੇ ਲੰਗਰ ਪ੍ਰਬੰਧ ਲਈ ਰੋਜ਼ਾਨਾ ਕੁਝ ਮਣ ਅਨਾਜ ਭੇਜਿਆ ਜਾਂਦਾ ਸੀ। ਤੀਜਾ- ਲਾਹੌਰ ਦਰਬਾਰ ਤੋਂ ਭੇਜੀ ਗਈ ਭੇਟਾ ਅਤੇ ਕੀਮਤੀ ਤੋਹਫ਼ੇ।[97]

---

94 ਅਜਮੇਰ ਸਿੰਘ (ਮੁੱਖ ਸੰਪਾ.), *ਖੋਜ ਪਤ੍ਰਿਕਾ* (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਪੰਨਾ 109.

95 *ਸੱਚਖੰਡ ਪੱਤਰ,* ਅਪ੍ਰੈਲ 2007, ਪੰਨਾ 6.

96 ਅਮਰਜੀਤ ਸਿੰਘ ਅਤੇ ਪਰਮਜੀਤ ਸਿੰਘ (ਸੰਪਾ.), *ਬਾਬਾ ਨਿਧਾਨ ਸਿੰਘ ਜੀ: ਜੀਵਨ ਤੇ ਯੋਗਦਾਨ,* ਪੰਨਾ 71.

97 Kalra, Mohan singh (Chief Editor), *The Sikh Review,* Vol. XVI-XVII, No. 163-164, February-March 1967, Page 42-43.

ਦੂਜੇ ਐਂਗਲੋ-ਸਿੱਖ ਯੁੱਧ ਉਪਰੰਤ 1849 ਈ. ਵਿਚ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿਚ ਸ਼ਾਮਲ ਕਰਨ ਪਿਛੋਂ ਲਾਰਡ ਡਲਹੌਜ਼ੀ ਵੱਲੋਂ ਬਣਾਏ ਪ੍ਰਸ਼ਾਸਨਿਕ ਬੋਰਡ (Board of Administration 1849-1853 ਈ.) ਨੇ ਖਾਲਸਾ ਸੈਨਾ ਅਤੇ ਆਮ ਲੋਕਾਂ ਦਾ ਨਿਸ਼ਸਤਰੀਕਰਨ (ਬੇਹਥਿਆਰ) ਕਰਨ ਦਾ ਫ਼ੈਸਲਾ ਕੀਤਾ ਸੀ। ਰਾਜ-ਮਾਤਾ ਮਹਾਰਾਣੀ ਜਿੰਦ ਕੌਰ ਜੋ ਕਿ ਸਰਦਾਰਾਂ ਨੂੰ ਇਕੱਠੇ ਅਤੇ ਇੱਕ-ਮੁੱਠ ਕਰ ਕੇ ਪੰਜਾਬ ਦੀ ਸੁਤੰਤਰਤਾ ਨੂੰ ਕਾਇਮ ਰੱਖਣ ਦੇ ਯਤਨ ਕਰਦੀ ਸੀ ਇਸ ਲਈ ਉਸ ਨੂੰ ਰੈਜ਼ੀਡੈਂਟ ਅਤੇ ਗਵਰਨਰ-ਜਨਰਲ ਦੀ ਪ੍ਰਵਾਨਗੀ ਨਾਲ ਕੈਦ ਕਰ ਕੇ ਪੰਜਾਬ ਤੋਂ ਬਾਹਰ ਕਿਲ੍ਹੇ-ਬੰਦ ਕਰ ਦਿੱਤਾ।[98] ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਮਾਤਾ ਜਿੰਦ ਕੌਰ ਤੋਂ ਵਿਛੋੜ ਕੇ ਦੂਰ ਕਰ ਦਿੱਤਾ ਸੀ। ਉਸ ਸਮੇਂ ਪੰਜਾਬ ਵਿਚ ਹਾਲਾਤ ਅਨੁਕੂਲ ਨਾ ਹੋਣ ਕਾਰਨ ਹਜ਼ੂਰ ਸਾਹਿਬ ਨਾਂਦੇੜ ਸਿੱਖਾਂ ਲਈ ਪਨਾਹ ਦਾ ਕੇਂਦਰ ਬਣ ਗਿਆ ਸੀ। ਕੁਝ ਅਕਾਲੀ ਸਿੰਘਾਂ ਅਤੇ ਸਾਬਕਾ ਸਿੱਖ ਫ਼ੌਜੀਆਂ ਨੇ ਤਖ਼ਤ ਸਾਹਿਬ ਦੀ ਕਿਲ੍ਹਾਬੰਦ ਕਲੋਨੀ ਦੀ ਸੁਰੱਖਿਆ (ਪਵਿੱਤਰਤਾ) ਲਈ ਨਾਂਦੇੜ ਵਿਖੇ ਆ ਕੇ ਪਨਾਹ ਲਈ ਸੀ। ਉਨ੍ਹਾਂ ਦੀ ਮੰਜ਼ਿਲ ਤਖ਼ਤ ਹਜ਼ੂਰ ਸਾਹਿਬ ਤੋਂ ਥੋੜ੍ਹੀ ਹੀ ਦੂਰੀ 'ਤੇ ਗੋਦਾਵਰੀ ਦੇ ਨਾਲ ਲੱਗਦੇ ਉੱਚੇ ਜੰਗਲ ਸਨ।[99] ਅਜਿਹੇ ਸਮੇਂ ਨਾਂਦੇੜ ਵਿਖੇ ਹਥਿਆਰਬੰਦ ਸਿੰਘਾਂ ਦੀ ਮੌਜੂਦਗੀ ਕਾਰਨ ਅੰਗਰੇਜਾਂ ਲਈ ਸਥਿਤੀ ਤਣਾਪੂਰਨ ਬਣੀ ਰਹੀ ਸੀ।

1853 ਤੋਂ 1888 ਈ. ਦੇ ਸਮੇਂ ਵਿਚਕਾਰ ਹਜ਼ੂਰ ਸਾਹਿਬ ਦੇ ਸੇਵਾਦਾਰਾਂ ਵਿਚ ਧੜੇਬੰਦੀ ਕਾਰਨ ਝਗੜੇ ਹੁੰਦੇ ਰਹੇ। ਨਿਰਮਲਿਆਂ ਅਤੇ ਹਜ਼ੂਰੀ ਸਿੰਘਾਂ ਵਿਚਕਾਰ ਝਗੜਾ ਇਸ ਸਮੇਂ ਦੌਰਾਨ ਹੀ ਹੋਇਆ ਸੀ। ਅਕਾਲੀ ਕੌਰ ਸਿੰਘ ਅਨੁਸਾਰ "ਕਿਉਂਕਿ ਨਿਰਮਲੇ ਸੰਤ ਅੰਮ੍ਰਿਤਧਾਰੀ ਹੋ ਕੇ ਭੀ ਪੰਜ ਕਕਾਰਾਂ ਦੀ ਪਾਬੰਦੀ ਰੱਖਣ ਦੇ ਨਿਯਮ ਨੂੰ ਪਾਲਣ ਕਰਨ ਦੇ ਪ੍ਰਣ ਤੋਂ ਬਗੈਰ ਹੀ ਲੰਗੋਟੀ, ਧੋਤੀ ਪਾ ਕੇ ਤਖ਼ਤ ਸਾਹਿਬ 'ਤੇ ਪ੍ਰਸ਼ਾਦ-ਭੇਟ ਤੇ ਦਰਸ਼ਨ-ਪਰਕਰਮਾ ਕਰਨੀ ਚਾਹੁੰਦੇ ਸਨ, ਅਰ ਹਜ਼ੂਰੀ ਖਾਲਸੇ ਦਾ ਵਿਚਾਰ ਸੀ ਕਿ ਅੰਮ੍ਰਿਤਧਾਰੀ ਸਿੰਘ ਪੰਜ ਕਕਾਰਾਂ ਵਿਚੋਂ ਕਿਸੇ ਇਕ ਤੋਂ ਭੀ ਹੀਨ ਹੋ ਕੇ ਤਨਖ਼ਾਹੀਆ ਤੇ ਕੇਸ ਹੀਨ ਹੋ ਕੇ ਪਤਿਤ ਹੁੰਦਾ ਹੈ। ਜਦ ਤਕ ਉਹ ਤਨਖ਼ਾਹ ਨਾ ਬਖ਼ਸ਼ਾਏ, ਅਭੇਦ ਨਹੀਂ ਹੋ ਸਕਦਾ।"[100] ਨਿਰਮਲੇ ਸੰਤ ਸਿੱਖ

---

[98] ਗੰਡਾ ਸਿੰਘ, *ਪੰਜਾਬ ਉੱਤੇ ਅੰਗਰੇਜਾਂ ਦਾ ਕਬਜ਼ਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਦੂਜੀ ਵਾਰ), ਪੰਨਾ 123.

[99] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 164.

[100] ਹਿਸਟੋਰੀਅਨ, ਕਰਮ ਸਿੰਘ (ਸੰਪਾ.), *ਬਹੁ-ਮੁੱਲੇ ਇਤਿਹਾਸਕ ਲੇਖ,* ਪੰਨਾ 62.

ਰਹਿਤ ਮਰਿਯਾਦਾ ਦੇ ਪੂਰੀ ਤਰਾਂ ਧਾਰਨੀ ਨਾ ਹੋਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧ ਸੰਭਾਲਣ ਲਈ ਅੜੇ ਹੋਏ ਸਨ ਪਰ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਉਘੇ ਵਿਦਵਾਨ ਗਿਆਨੀ ਗਿਆਨ ਸਿੰਘ '*ਨਿਰਮਲ ਪੰਥ ਪ੍ਰਦੀਪਕਾ'* ਵਿਚ ਲਿਖਦੇ ਹਨ ਕਿ ਝਗੜੇ ਦੀ ਅਸਲ ਗੱਲ ਇਹ ਨਹੀਂ ਸੀ, ਬਲਕਿ ਝਗੜੇ ਦੀ ਅਸਲ ਜੜ੍ਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਵਿਚ ਬਣੇ ਦੋ ਧੜੇ ਸਨ। ਇਨ੍ਹਾਂ ਧੜਿਆਂ ਦੀ ਆਪਸ ਵਿਚ ਪਹਿਲਾਂ ਹੀ ਦੁਸ਼ਮਣੀ ਸੀ। ਜਦੋਂ ਇੱਕ ਧੜੇ ਨੇ ਨਿਰਮਲੇ ਸੰਤਾਂ ਨੂੰ ਤਖ਼ਤ ਸਾਹਿਬ 'ਤੇ ਦਰਸ਼ਨ-ਅਰਦਾਸ ਲਈ ਸੱਦਿਆ ਅਤੇ ਸੱਦੇ ਅਨੁਸਾਰ ਨਿਰਮਲੇ ਸੰਤ ਤਖ਼ਤ 'ਤੇ ਪਹੁੰਚੇ ਤਾਂ ਦੂਜੇ ਧੜੇ ਵਾਲੇ 50 ਨਿਹੰਗ ਸ਼ਸਤਰ ਲੈ ਕੇ ਉੱਥੇ ਆ ਗਏ। ਇਸ ਹਥਿਆਰਬੰਦ ਝਗੜੇ ਵਿਚ ਕਈ ਜਾਨਾਂ ਗਈਆਂ। ਕੁਝ ਸਿੰਘ ਅਤੇ 11 ਨਿਰਮਲੇ ਸਾਧੂ ਪ੍ਰਲੋਕ ਸਿਧਾਰ ਗਏ। ਇਥੋਂ ਗੱਲ ਵੱਧ ਗਈ ਅਤੇ ਇਸ ਝਗੜੇ ਦਾ ਪੁਲਿਸ ਮੁਕੱਦਮਾ ਚੱਲਿਆ।[101]

ਇਸ ਲੜਾਈ ਦਾ ਸਿੱਟਾ ਤਖ਼ਤ ਸਾਹਿਬ ਤੋਂ ਨਿਰਮਲਿਆਂ ਦੇ ਖ਼ਿਲਾਫ਼ ਹੁਕਮਨਾਮੇ ਜਾਰੀ ਕਰਨ ਦੇ ਰੂਪ ਵਿਚ ਨਿਕਲਿਆ। ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਅਜਿਹਾ ਇੱਕ ਹੁਕਮਨਾਮਾ ਨਿਰਮਲਿਆਂ ਦੇ ਖ਼ਿਲਾਫ਼ ਪਾਸ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸੇਵਾਦਾਰਾਂ ਨੂੰ ਭੇਜਿਆ ਗਿਆ ਸੀ।[102] ਇਹ ਹੁਕਮਨਾਮਾ 1883 ਈ. ਵਿਚ ਲਿਖਿਆ ਗਿਆ ਸੀ। ਇਸ ਹੁਕਮਨਾਮੇ ਵਿਚ ਇੱਕ ਦਹਾਕਾ ਪਹਿਲਾਂ ਨਿਰਮਲਿਆਂ ਨਾਲ ਹੋਏ ਝਗੜੇ ਸੰਬੰਧੀ ਜ਼ਿਕਰ ਕੀਤਾ ਗਿਆ ਸੀ। ਨਿਡਰ ਸਿੰਘ ਨਿਹੰਗ ਅਨੁਸਾਰ ਅਗਲੀ ਅੱਧੀ ਸਦੀ ਤੱਕ ਨਿਰਮਲਿਆਂ ਦੇ ਤਖ਼ਤ ਉੱਤੇ ਦਾਖ਼ਲ ਹੋਣ 'ਤੇ ਪਾਬੰਦੀ ਰਹੀ ਅੰਤ ਵਿਚ ਨਾਂਦੇੜ ਦੇ ਅਧਿਕਾਰੀਆਂ ਦੇ ਦਖ਼ਲ ਦੇਣ 'ਤੇ 1932 ਈ. ਵਿਚ ਇਹ ਪਾਬੰਦੀ ਹਟਾ ਦਿੱਤੀ ਸੀ।[103]

ਤਖ਼ਤ ਹਜ਼ੂਰ ਸਾਹਿਬ ਦੇ 1883 ਈ. ਦੇ ਇਸ ਹੁਕਮਨਾਮੇ ਵਿਚ ਖ਼ਾਲਸੇ ਪੰਥ ਦੇ ਸਮੂਹ ਤਖ਼ਤਾਂ ਉੱਪਰ ਨਿਰਮਲਿਆਂ ਨੂੰ ਨਾ ਚੜ੍ਹਨ ਦੇਣ ਦਾ ਵਰਣਨ ਹੈ । ਇਸੇ ਤਰ੍ਹਾਂ ਇੱਕ ਹੁਕਮਨਾਮਾ ਤਖ਼ਤ ਸ੍ਰੀ ਹਜ਼ੂਰ

---

[101] ਗਿਆਨ ਸਿੰਘ, ਗਿਆਨੀ, *ਨਿਰਮਲ ਪੰਥ ਪ੍ਰਦੀਪਕਾ*, ਸੰਤ ਇੰਦਰ ਸਿੰਘ (ਸੰਪਾ.), ਨਿਰਮਲ ਪੰਚੈਤੀ ਅਖਾੜਾ, ਕਨਖਲ, ਮਿਤੀਹੀਣ, ਪੰਨੇ 80-85.

[102] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪੰਨਾ 195.

[103] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 233.

ਸਾਹਿਬ ਤੋਂ ਪੰਚ ਖਾਲਸਾ ਦੀਵਾਨ ਭਸੋੜ ਵੱਲੋਂ ਰਾਗ ਮਾਲਾ ਨੂੰ ਪੜ੍ਹੇ ਜਾਣ ਤੋਂ ਬੰਦ ਕਰਨ ਦੇ ਵਿਰੋਧ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਭੇਜਿਆ ਗਿਆ ਸੀ। ਇਹ ਹੁਕਮਨਾਮਾ 1917-18 ਈ. ਵਿਚ ਜਾਰੀ ਹੋਇਆ ਜਾਪਦਾ ਹੈ ਅਤੇ ਤਖ਼ਤ ਹਜ਼ੂਰ ਸਾਹਿਬ ਵੱਲੋਂ ਪੰਥ ਦੇ ਸਮੂਹ ਤਖ਼ਤਾਂ ਨੂੰ ਭੇਜਿਆ ਗਿਆ ਸੀ। ਇਹ ਪੁਜਾਰੀ ਹੀਰਾ ਸਿੰਘ ਦੇ ਦਸਤਖਤਾਂ ਹੇਠ ਜਾਰੀ ਕੀਤਾ ਹੋਇਆ ਹੈ। ਡਾ. ਸੁਖਦਿਆਲ ਸਿੰਘ ਅਨੁਸਾਰ ਇਹ ਹੁਕਮਨਾਮੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਭੇਜਣ ਦਾ ਕਾਰਨ ਇਹ ਸੀ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪ੍ਰਬੰਧਕ ਜਾਂ ਪੁਜਾਰੀ ਅਕਸਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਸਿੱਖ ਧਾਰਮਿਕ ਮਸਲਿਆਂ ਲਈ ਸਲਾਹਾਂ ਲੈਂਦੇ ਰਹਿੰਦੇ ਸਨ।[104]

ਪਿੱਛੇ ਦੱਸੇ ਅਨੁਸਾਰ 1853 ਈ. ਤੋਂ 1888 ਈ. ਤੱਕ ਹਜ਼ੂਰ ਸਾਹਿਬ ਦੇ ਸੇਵਾਦਾਰਾਂ ਵਿਚਕਾਰ ਧੜੇਬੰਦੀਆਂ ਬਣ ਗਈਆਂ ਸਨ। ਇਸ ਸਮੇਂ ਦੌਰਾਨ ਕਈ ਵਾਰ ਲੜਾਈ ਝਗੜੇ ਅਤੇ ਕਤਲ ਵੀ ਹੋਏ ਸਨ। ਅਕਾਲੀ ਕੌਰ ਸਿੰਘ ਲਿਖਦੇ ਹਨ ਕਿ ਕ੍ਰਿਸ਼ਨ ਸਿੰਘ ਰਾਜਾ ਸਿੰਘ ਨੇ ਮਨਸਾ ਸਿੰਘ ਕਾਰਬਾਰੀ (ਤਖ਼ਤ ਸਾਹਿਬ ਦੇ ਪ੍ਰਬੰਧਕ) ਦਾ ਕਤਲ ਕੀਤਾ, ਉਸਦੇ ਪੁੱਤਰ ਸਰਦਾਰ ਧੰਨਾ ਸਿੰਘ ਨੇ ਇਨ੍ਹਾਂ ਨੂੰ ਮਾਰ ਕੇ (ਕਿੱਕਰ ਦੇ ਦਰੱਖਤਾਂ ਨਾਲ ਲਟਕਾ ਕੇ) ਜਥੇਦਾਰ ਦਾ ਡੇਰਾ ਲੁੱਟ ਲਿਆ ਅਤੇ ਰੁਹੇਲਿਆਂ ਦੀ ਮਦਦ ਲੈ ਕੇ ਤਖ਼ਤ ਸਾਹਿਬ ਨੂੰ ਲੁੱਟਣ ਲਈ ਚੜ੍ਹਾਈ ਕੀਤੀ। ਇਸ ਵੇਲੇ ਜ਼ਿਲੇਦਾਰ ਹਾਕਮ "ਪਿਸਤਨ" ਜੀ ਸਨ।[105] ਇਹ ਅੰਗਰੇਜ਼ ਅਫ਼ਸਰ ਪਿਸਤਨ ਨਾਂਦੇੜ ਦਾ ਜ਼ਿਲੇਦਾਰ ਸੀ। ਜਿਸ ਪਾਸੋਂ ਵੀ ਰੁਹੇਲੇ ਨਾ ਰੁਕ ਸਕੇ। ਅੱਗੋਂ ਤਖ਼ਤ ਸਾਹਿਬ ਦਾ ਪ੍ਰਬੰਧ ਸੰਭਾਲ ਰਹੇ ਨਿਹੰਗ ਸਿੰਘਾਂ ਅਤੇ ਹਜ਼ੂਰੀ ਸਿੰਘਾਂ ਨੇ ਮਿਲ ਕੇ ਰੁਹੇਲਿਆਂ ਨੂੰ ਜ਼ਬਰਦਸਤ ਭਾਂਜ ਦਿੱਤੀ। ਇਸ ਫੁਟ ਤੇ ਧੜੇਬਾਜੀ ਵਿਚ ਸਰਕਾਰ ਵਲੋਂ ਗੁਰਦੁਆਰੇ ਸਾਹਿਬ ਅਤੇ ਜਾਗੀਰ ਦੇ ਪ੍ਰਬੰਧ ਵਿਚ ਕਾਫ਼ੀ ਦਖ਼ਲ ਦਿੱਤਾ ਗਿਆ ਅਤੇ ਰਾਇ ਹਨਵੰਤ ਪ੍ਰਸ਼ਾਦ ਜੀ ਨੂੰ ਭੇਜ ਕੇ ਗੁਰਦੁਆਰਾ ਸਾਹਿਬ ਦੇ ਮੁਲਾਜ਼ਮਾਂ ਤੇ ਹੋਰ ਜ਼ਮੀਨ-ਜਾਇਦਾਦ ਦਾ ਵੇਰਵਾ ਤਿਆਰ ਕਰਵਾਇਆ। [106] ਇਸ ਸਮੇਂ 1290 ਫਸਲੀ (1880-81 ਈ.) ਵਿਚ ਸ੍ਰ. ਗੰਡਾ ਸਿੰਘ ਮਨਸਬਦਾਰ ਨੂੰ ਤਖ਼ਤ ਸਾਹਿਬ ਦਾ ਪਹਿਲਾ ਸਰਬਰਾਹ

---

[104] ਅਜਮੇਰ ਸਿੰਘ (ਮੁੱਖ ਸੰਪਾ.), *ਖੋਜ ਪਤ੍ਰਿਕਾ* (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਸਤੰਬਰ 1998, ਪੰਨਾ 109.

[105] ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਥੀ,* ਪੰਨਾ 15.

[106] ਅਮਰਜੀਤ ਸਿੰਘ ਅਤੇ ਪਰਮਜੀਤ ਸਿੰਘ ਸਰੋਆ (ਸੰਪਾ.), *ਬਾਬਾ ਨਿਧਾਨ ਸਿੰਘ ਜੀ ਜੀਵਨ ਤੇ ਯੋਗਦਾਨ,* ਪੰਨਾ 71.

(Superdent) ਨਿਯੁਕਤ ਕੀਤਾ ਗਿਆ ਸੀ। ਇਸ ਨੇ ਤਖ਼ਤ ਸਾਹਿਬ ਦੇ ਵੱਖ -ਵੱਖ ਮਾਮਲਿਆਂ ਅਤੇ ਅਧਿਕਾਰੀਆਂ ਦੀ ਨਿਗਰਾਨੀ ਕਰਨੀ ਅਤੇ ਉਨ੍ਹਾਂ ਉੱਤੇ ਨਜ਼ਰ ਰੱਖਣੀ ਹੁੰਦੀ ਸੀ। ਇਨ੍ਹਾਂ ਦੇ ਕਾਰਜਕਾਲ ਦੌਰਾਨ ਤਖ਼ਤ ਸਾਹਿਬ ਦੀ ਦੂਸਰੀ ਮੰਜਿਲ ਸਥਾ ਨਿਕ ਸਿੱਖ ਸੰਗਤ ਦੇ ਸਹਿਯੋਗ ਨਾਲ ਮੁਕੰਮਲ ਕੀਤੀ ਗਈ, ਜਿਸ ਵਿਚ ਇੱਕ ਗੁੰਬਦ ਅਤੇ ਦੋ ਮੀਨਾਰਾਂ ਵਾਲਾ ਸ਼ਾਨਦਾਰ ਢਾਂਚਾ ਤਿਆਰ ਕੀਤਾ ਗਿਆ ਸੀ।[107]

1 ਸਤੰਬਰ, 1798 ਈ. ਵਿਚ ਹੈਦਰਾਬਾਦ ਨਿਜ਼ਾਮ ਅਤੇ ਅੰਗਰੇ ਜ਼ਾਂ ਵਿਚਕਾਰ ਸੰਧੀ ਹੋ ਚੁੱਕੀ ਸੀ।[108] ਅੰਗਰੇਜ਼ਾਂ ਦਾ ਹੈਦਰਾਬਾਦ ਰਿਆਸਤ ਉੱਤੇ ਕੰਟਰੋਲ ਸਥਾਪਿਤ ਸੀ। ਇਸ ਤਰ੍ਹਾਂ ਸਮੇਂ ਦੀ ਹਕੂਮਤ ਨੇ ਤਖ਼ਤ ਸਾਹਿਬ ਦੇ ਪ੍ਰਬੰਧ ਨੂੰ ਸਹੀ ਕਰਨ ਲਈ ਕੁਝ ਨਿਯਮ ਅਤੇ ਦਿਸ਼ਾ ਨਿਰਦੇਸ਼ (Rules and Guidelines) ਬਣਵਾਏ। ਇਨ੍ਹਾਂ ਨਿਯਮਾਂ ਤਹਿਤ ਤਖ਼ਤ ਦੇ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾਂਦੀ ਸੀ ਅਤੇ ਤਖ਼ਤ ਦਾ ਪ੍ਰਬੰਧ ਚਲਾਇਆ ਜਾਂਦਾ ਸੀ। ਇਸ ਸਮੇਂ ਸਿੱਖਾਂ ਦੀ ਖੁਸ਼ਕਿਸਮਤੀ ਨਾਲ ਹੈਦਰਾਬਾਦ ਰਾਜ ਦੇ ਪ੍ਰਧਾਨ ਮੰਤਰੀ ਸਲਾਰ ਜੰਗ ਪਹਿਲਾ (1853-1883 ਈ.) ਨੇ ਨਾਂਦੇੜ ਦੇ ਸਿੱਖਾਂ ਦਾ ਸਮਰਥਨ ਕੀਤਾ। According to M. Abdulla Chughtai "he had the five villages properly registered in the name of the takht, and their income reserved under the supervision of a government representative."[109] ਭਾਵ ਉਸ ਨੇ ਪੰਜ ਪਿੰਡ (ਤਖ਼ਤ ਦੀ ਜਾਗੀਰ ) ਸਹੀ ਢੰਗ ਨਾਲ ਤਖ਼ਤ ਦੇ ਨਾਮ ਰਜਿਸਟਰ ਕੀਤੇ ਅਤੇ ਉਨ੍ਹਾਂ ਦੀ ਆਮਦਨ ਸਰਕਾਰੀ ਅਫ਼ਸਰ ਦੀ ਨਿਗਰਾਨੀ ਹੇਠ ਰਾਖਵੀਂ ਰੱਖੀ ਗਈ ਸੀ। ਅਕਾਲੀ ਕੌਰ ਸਿੰਘ ਲਿਖਦੇ ਹਨ "ਰਾਇ ਹਨਵੰਤ ਪ੍ਰਸ਼ਾਦ ਜੀ ਨੂੰ ਭੇਜਕੇ ਮੁ ਲਾਜ਼ਮਾਨ ਗੁਰਦੁਆਰਾ ਸਾਹਿਬ ਤੇ ਹੋਰ ਇਖ਼ਰਾਜ਼ਾਤ ਦਾ ਕਾਇਦਾ ਤੇ ਤਖਤਾ ਬਣਵਾਇਆ ਗਿਆ ਤੇ ਇਸੀ ਸਮੇਂ ਇਨ੍ਹਾਂ ਤੋਂ ਆਰਤੀ ਜਗਾ ਕੇ ਕਰਨ ਦਾ ਰਵਾਜ ਚਲਿਆ, ਇਸ ਅਰਸੇ ਵਿਚ ਆਤਮਾ ਸਿੰਘ ਤੇ ਸੁਖਈ ਸਿੰਘ ਵਾਲਾ ਤੇ ਹੋਰ ਬੁੰਗੇ ਬਣੇ। ਸ:

---

[107] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 183.

[108] "On 1 September 1798, the Nizam of Hyderabad, Nizam Ali Khan (Asaf Jah 2) entered into a subsidiary alliance with the English East India Company, thus making Hyderabad the first princely state to officially became a British protectorate." https://byjus.com/free-ias-prep/this-day-in-history-sep1/

[109] Nihang, Nidar Singh & Parmjit Singh, *In The Master's Presence The Sikhs of Hazoor Sahib (vol.1),* Kashi House, London, UK, 2008 (First Publihed), page 183, (ਉਧਰਿਤ).

ਗੰਡਾ ਸਿੰਘ ਜੀ ਮੁਨਸਬਦਾਰ ਸਰਬਰਾਹ ਮੁਕੱਰਰ ਹੋਏ। ਇਸੀ ਸਮੇਂ ਤੋਂ ਸਰਦਾਰ ਯਾ ਜਥੇਦਾਰ ਦੀ ਬਜਾਏ ਜਥੇਦਾਰ ਨੂੰ ਕੇਵਲ ਪੁਜਾਰੀ ਸਿੰਘ ਜੀ ਦੇ ਨਾਮ ਪਰ ਬੋਲਣ-ਬੁਲਾਣ ਦਾ ਰਵਾਜ ਜਾਰੀ ਹੋਇਆ"।[110]

ਇਸ ਤਰ੍ਹਾਂ ਇੱਥੇ ਇੱਕ ਗੱਲ ਜੋ ਖ਼ਾਸ ਧਿਆਨ ਦੇਣ ਯੋਗ ਹੈ। ਉਹ ਇਹ ਕਿ ਵੀਹਵੀਂ ਸਦੀ ਦੇ ਸ਼ੁਰੂ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸੇਵਾਦਾਰ, ਆਪਣੀ ਪਦਵੀ ਦਾ ਵਿਸ਼ਲੇਸ਼ਣ ਜਥੇਦਾਰ ਤੋਂ ਬਦਲ ਕੇ 'ਪੁਜਾਰੀ' ਲਗਾਉਣ ਲੱਗ ਪਏ ਸਨ। ਹੋਰਨਾਂ ਕਾਰਨਾਂ ਤੋਂ ਬਿਨਾਂ ਇਸ ਦਾ ਇੱਕ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਪੰਜਾਬ ਵਿਚ ਸਿੱਖ, ਸੁਤੰਤਰ ਹਕੂਮਤ ਕਰਨ ਤੋਂ ਪਿੱਛੋਂ, ਫਿਰ ਤੋਂ ਗੁਲਾਮ ਫਿਰ ਤੋਂ ਗੁਲਾਮ ਬਣਾ ਲਏ ਗਏ ਸਨ। ਇਸ ਨਾਲ ਸਿੱਖਾਂ ਦੀ ਜਿੱਥੇ ਰਾਜਨੀਤਿਕ ਤਾਕਤ ਖ਼ਤਮ ਹੋ ਗਈ ਸੀ ਉੱਥੇ ਧਾਰਮਿਕ ਅਸਥਾਨ ਵੀ ਉਨ੍ਹਾਂ ਦੇ ਪ੍ਰਬੰਧ ਤੋਂ ਦੂਰ ਹੁੰਦੇ ਗਏ।[111] ਇਸ ਸਮੇਂ ਭਾਰਤ ਵਿਚ ਅੰਗਰੇਜ਼ਾਂ ਦਾ ਰਾਜ ਕਾਇਮ ਸੀ ਅਤੇ ਸਿੱਖਾਂ ਦੇ ਹਰੇਕ ਵੱਡੇ ਧਾਰਮਿਕ ਅਸਥਾਨ ਨੂੰ ਅੰਗਰੇਜ਼ਾਂ ਨੇ ਆਪਣੇ ਪ੍ਰਬੰਧ ਹੇਠ ਲੈ ਲਿਆ ਸੀ। ਇਨ੍ਹਾਂ ਧਾਰਮਿਕ ਅਸਥਾਨਾਂ ਵਿਚ ਬ੍ਰਿਟਿਸ਼ ਸਰਕਾਰ ਨੇ ਮਹੰਤਾਂ ਨੂੰ ਬੈਠਾ ਦਿੱਤਾ ਸੀ ਅਤੇ ਚੰਗੇ ਸਿੱਖਾਂ ਨੂੰ ਗੁਰਦੁਆਰਿਆਂ ਦੇ ਪ੍ਰਬੰਧ ਤੋਂ ਦੂਰ ਹਟਾ ਦਿੱਤਾ ਸੀ। ਦੂਸਰਾ ਇੱਕ ਮੁੱਖ ਕਾਰਨ ਇਹ ਸੀ ਕਿ ਜਥੇਦਾਰ ਦਾ ਸੰਕਲਪ ਸਿੱਖ ਸੰਗਤ ਦੀ ਪ੍ਰ ਤੀਨਿਧਤਾ ਨੂੰ ਦਰਸਾਉਂਦਾ ਹੈ ਅਤੇ 'ਪੁਜਾਰੀ' ਦੇ ਸ਼ਬਦ ਨਾਲ ਇਸ ਤਰ੍ਹਾਂ ਦਾ ਸੰਕਲਪ ਨਹੀਂ ਜੁੜਿਆ ਹੁੰਦਾ।[112]

19 ਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਤੱਕ ਸੰਨ 1857 ਈ. ਤੋਂ 1889 ਈ. ਦੇ ਸਮੇਂ ਦੌਰਾਨ ਭਾਈ ਅਤਰ ਸਿੰਘ, ਭਾਈ ਪ੍ਰੇਮ ਸਿੰਘ , ਭਾਈ ਦੇਵਾ ਸਿੰਘ , ਭਾਈ ਬ੍ਰਿਜ ਸਿੰਘ , ਭਾਈ ਜਵਾਹਰ ਸਿੰਘ ਅਤੇ ਭਾਈ ਨਾਨੂੰ ਸਿੰਘ ਵੱਡੇ ਪੁਜਾਰੀ ਵਜੋਂ ਤਖ਼ਤ ਸਾਹਿਬ 'ਤੇ ਸੇਵਾ ਨਿਭਾਉਂਦੇ ਰਹੇ ਸਨ। ਅਕਾਲੀ ਕੌਰ ਸਿੰਘ ਕਹਿੰਦਾ ਹੈ ਕਿ ਇਸ ਅਰਸੇ ਵਿਚ ਕਈ ਇੱਕ ਹੋਰ ਭੀ ਗੁਪਤ ਪਰਗਟ ਕਾਰਨਾਂ ਕਰਕੇ ਜਾਗੀਰਾਂ ਭੀ ਜ਼ਬਤ ਹੋ ਕੇ ਕੁਝ ਬਾਗੁਜ਼ਾਰ (ਦੁਬਾਰਾ ਕਬਜ਼ਾ ਮੁਕਤ) ਹੋ ਰਹੀਆਂ ਸਨ ਅਤੇ ਜਥੇਦਾਰ ਦੀ ਖ਼ਿਤਾਬ ਦੀ ਥਾਂ ਹੁਣ ਪੁਜਾਰੀ ਵੱਡਾ, ਪੁਜਾਰੀ ਛੋਟਾ ਆਦਿ ਅਹੁਦੇ ਮੁਕਰਰ ਹੋ ਗਏ ਸਨ।[113]

---

[110] ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਥੀ,* ਪੰਨੇ 15-16.

[111] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪੰਨਾ 198.

[112] ਉਕਤ, ਪੰਨਾ ਉਹੀ।

[113] ਹਿਸਟੋਰੀਅਨ, ਕਰਮ ਸਿੰਘ (ਸੰਪਾ.), *ਬਹੁ-ਮੁੱਲੇ ਇਤਿਹਾਸਕ ਲੇਖ,* ਪੰਨਾ 62.

ਬ੍ਰਿਟਿਸ਼ ਸਰਕਾਰ ਦੀ ਸ਼ੱਕੀ ਨਜ਼ਰ ਕਾਰਨ ਨਾਂਦੇੜ ਵਿਖੇ ਕਦੇ ਵੀ ਸਿੱਖਾਂ ਦੀ ਆਬਾਦੀ ਬਹੁਤੀ ਨਹੀਂ ਵੱਧ ਸਕੀ ਪਰ ਸਿੱਖਾਂ ਨੇ ਹਮੇਸ਼ਾਂ ਆਪਣੀ ਆਬਾਦੀ ਨੂੰ ਵਧਾਉਣਾ ਜਾਰੀ ਰੱਖਿਆ ਸੀ। 1845-46 ਈ. ਵਿਚ ਪਹਿਲਾ ਐਂਗਲੋ-ਸਿੱਖ ਯੁੱਧ ਹੋਇਆ ਸੀ। ਪਹਿਲੇ ਐਂਗਲੋ-ਸਿੱਖ ਯੁੱਧ ਦੇ ਸਿੱਟੇ ਵਜੋਂ ਲਾਹੌਰ ਦੀ ਸੰਧੀ (ਮਾਰਚ 1846) ਦੁਆਰਾ ਖ਼ਾਲਸਾ ਸੈਨਾ ਦੀ ਗਿਣਤੀ ਘਟਾ ਦਿੱਤੀ ਗਈ ਸੀ। ਦੂਜੇ ਐਂਗਲੋ -ਸਿੱਖ ਯੁੱਧ (1848-49 ਈ.) ਵਿਚ ਸਿੱਖਾਂ ਦੀ ਹਾਰ ਪਿਛੋਂ ਖ਼ਾਲਸਾ ਸੈਨਾ ਨੂੰ ਤੋੜ ਦਿੱਤਾ ਗਿਆ। ਸਿੱਖ ਸੈਨਿਕਾਂ ਨੂੰ ਬੇਹਥਿਆਰ ਕਰ ਦਿੱਤਾ ਗਿਆ। [114] According to Dr. N. M. Khilnani "The army that had made and unmade the sovereigns of their country and before whose power the highest dignitaries had tumbled, now tamely obeyed the behests of their foreign masters."[115] ਸਿੱਟੇ ਵਜੋਂ ਬ੍ਰਿਟਿਸ਼ ਸਰਕਾਰ ਵੱਲੋਂ ਹੈਦਰਾਬਾਦ ਵਿਖੇ ਨਿਜ਼ਾਮ ਦੀ ਫ਼ੌਜ ਵਿਚ ਸਿੱਖਾਂ ਦੀ ਗਿਣਤੀ ਵਿਚ ਕਟੌਤੀ ਕਰਨ ਲਈ ਦਬਾਅ ਪਾਇਆ ਗਿਆ। ਮਹਾਰਾਜਾ ਚੰਦੂ ਲਾਲ ਦੇ ਸਮੇਂ ਤੋਂ ਨਿਜ਼ਾਮ ਰਾਜ ਦੇ ਵਿਚ ਨੌਕਰੀ ਕਰਨ ਵਾਲੇ ਸਿੱਖਾਂ ਦੀ ਗਿਣਤੀ ਬਹੁਤ ਘੱਟ ਗਈ ਸੀ ਪਰ ਫਿਰ ਵੀ ਉਨ੍ਹਾਂ ਦੀ ਗਿਣਤੀ 1200 ਸੀ।[116]

ਨਾਂਦੇੜ ਵਿਖੇ ਸਿੱਖਾਂ ਦੁਆਰਾ ਆਪਣੀ ਬਸਤੀ ਦੇ ਆਲੇ -ਦੁਆਲੇ ਕਿੱਕਰ ਦੇ ਸੰਘਣੇ ਦਰੱਖਤਾਂ ਦੀ ਕੀਤੀ ਗਈ ਮ ਜ਼ਬੂਤ ਕਿਲ੍ਹੇਦਾਰ ਵਾੜ ਸੰਬੰਧੀ 1824 ਈ. ਵਿਚ ਸਰ ਚਾਰਲਸ ਮੈਟਕਾ ਫ਼ (Sir Charles Metcalfe) ਨੇ ਹੈਦਰਾਬਾਦ ਵਿਖੇ ਨਿਜ਼ਾਮ ਦੇ ਮੰਤਰੀ ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਸੀ ਪਰ ਉਸ ਸਮੇਂ ਇਸ ਰਿਪੋਰਟ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਫਿਰ 16 ਸਾਲ ਬਾਅਦ ਮੇਜਰ ਜਨਰਲ ਫਰੇਜ਼ਰ ਨੇ ਇਹ ਮਾਮਲਾ ਦੁਬਾਰਾ ਉਠਾਇਆ। ਉਸ ਨੂੰ ਇਹ ਚਿੰਤਾ ਸੀ ਕਿ ਸਿੱਖਾਂ ਨੇ ਕੰਡੇਦਾਰ ਕਿੱਕਰ ਦੇ ਰੁੱਖਾਂ ਨਾਲ ਆਪਣੀ ਬਸਤੀ ਨੂੰ ਮ ਜ਼ਬੂਤ ਬਣਾ ਲਿਆ। ਉਨ੍ਹਾਂ ਦੀ ਮ ਜ਼ਬੂਤ ਸਥਿਤੀ ਅੰਗਰੇਜਾਂ ਲਈ ਖ਼ਤਰੇ ਦਾ

---

114 ਅਰੋੜਾ, ਏ. ਸੀ., *ਪੰਜਾਬ ਦਾ ਇਤਿਹਾਸ (1799-1966),* ਪ੍ਰਦੀਪ ਪਬਲੀਕੇਸ਼ਨ, ਜਲੰਧਰ, 2013 (ਚੌਵੀਵੀਂ ਐਡੀਸ਼ਨ), ਪੰਨਾ 130.

115 Khilnani, N. M., *The Punjab under the Lawrences,* The Punjab Government Record Office Publications, Simla, 1951, page 109.

116 Shinde, Deepak (Editor) *Historical Aspects, Importance and Present Relevance of the Teachings of Shri Guru Gobind Singh Ji,* page 134.

ਸਾਧਨ ਸਿੱਧ ਹੋ ਸਕਦੀ ਸੀ। ਇਸ ਲਈ ਉਸ ਨੇ ਨਿਜ਼ਾਮ ਦੇ ਤੋਪਖਾਨੇ ਦੇ ਕੈਪਟਨ ਕਮਾਂਡੈਂਟ ਫਿਟਜ਼ਗੇਰਾਲਡ (Captain Commandant Fitzgerld) ਨੂੰ ਨਾਂਦੇੜ ਵਿਖੇ ਸਿੱਖ ਬਸਤੀ ਦੇ ਵਿਸ਼ੇ ਸੰਬੰਧੀ ਵਿਸ਼ੇਸ਼ ਰਿਪੋਰਟ ਦੇਣ ਲਈ ਨਿਯੁਕਤ ਕੀਤਾ। ਕੈਪਟਨ ਫਿਟਜ਼ਗੇਰਾਲਡ ਨੇ 29 ਜੁਲਾਈ 1840 ਈ. ਨੂੰ ਇਸ ਬਾਰੇ ਆਪਣੀ ਵਿਸਤ੍ਰਿਤ ਰਿਪੋਰਟ ਪੇਸ਼ ਕੀਤੀ।[117] ਕੈਪਟਨ ਫਿਟਜ਼ਗੇਰਾਲਡ ਅਨੁਸਾਰ ਤਖ਼ਤ ਸਾਹਿਬ ਦੀ ਮੁੱਖ ਇਮਾਰਤ ਇੱਕ ਖੁੱਲ੍ਹੇ ਵਿਹੜੇ ਵਿਚ ਸਥਿਤ ਸੀ , ਇਹ ਵਿਹੜਾ 207 ਫੁੱਟ ਲੰਬੀ, 195 ਫੁੱਟ ਚੌੜੀ ਅਤੇ 10 ਫੁੱਟ ਉੱਚੀ ਇੱਕ ਪੱਥਰ ਦੀ ਦੀਵਾਰ (ਕੰਧ) ਨਾਲ ਘਿਰਿਆ ਹੋਇਆ ਸੀ। ਉਸ ਸਮੇਂ ਇਸ ਵਿਹੜੇ ਦੇ ਦੋ ਦਰਵਾਜੇ ਸਨ।[118] ਸਿੱਖ ਬਸਤੀ ਨਾਂਦੇੜ ਸ਼ਹਿਰ ਤੋਂ ਵੱਖਰੀ ਜੰਗਲੀ ਰੁੱਖਾਂ ਨਾਲ ਘਿਰੀ ਹੋਈ ਸੀ ਅਤੇ ਇੱਥੇ ਆਸਾਨੀ ਨਾਲ ਨਹੀਂ ਪਹੁੰਚਿਆ ਜਾ ਸਕਦਾ ਸੀ। ਕੁਝ ਸਮੇਂ ਬਾਅਦ ਹੈਦਰਾਬਾਦ ਨਿਜ਼ਾਮ ਦੇ ਮੰਤਰੀ ਸੂਰਜ-ਉਲ-ਮੁਲਕ ਬਹਾਦਰ ਨੇ ਇਨ੍ਹਾਂ ਰੁੱਖਾਂ ਨੂੰ ਕੱਟਣ ਲਈ ਸਿੱਖਾਂ ਨੂੰ ਹੁਕਮ ਜਾਰੀ ਕਰ ਦਿੱਤਾ ਸੀ। ਇਸ ਤਰ੍ਹਾਂ ਸਿੱਖਾਂ ਦੇ ਵਿਰੋਧ ਦੇ ਬਾਵਜੂਦ ਵੀ ਕਿ ਦਰੱ ਖ਼ਤ ਉਨ੍ਹਾਂ ਦੇ ਧਾਰਮਿਕ ਸਥਾਨ ਦੇ ਹਨ , ਇਸ ਜਗ੍ਹਾ ਨੂੰ ਸਾਫ਼ ਕਰ ਦਿੱਤਾ ਗਿਆ। ਨਿਜ਼ਾਮ ਦੁਆਰਾ ਜ਼ਮੀਨ ਨੂੰ ਜ਼ਬਤ ਕਰ ਲਿਆ ਗਿਆ ਸੀ ਅਤੇ ਸਿੱਖਾਂ ਕੋਲ ਸਿਰਫ਼ ਮੌਜੂਦਾ ਗੁਰਦੁਆਰੇ ਦੀ ਹਦੂਦ (ਸੀਮਾ) ਹੀ ਰਹਿ ਗਈ ਸੀ।[119]

ਪੁਰਾਤਤਵ ਸਰਵੇਖਣ ਵਿਭਾਗ ਨਾਲ ਸੰਬੰਧਿਤ ਇੱਕ ਅੰਗਰੇਜ਼ ਫ਼ੋਟੋਗ੍ਰਾਫ਼ਰ-ਪੁਰਾਤਤਵ ਵਿਗਿਆਨੀ ਹੈਨਰੀ ਕੋਜ਼ਨਸ (Henry Cousens 1854-1933) ਨੇ ਹੈਦਰਾਬਾਦ ਰਾਜ ਵਿਚ ਆਪਣੇ ਅਹੁਦੇ 'ਤੇ ਰਹਿੰਦੇ ਸਮੇਂ 1895 ਈ. ਵਿਚ ਪਤਝੜ ਦੀ ਰੁੱਤ ਵਿਚ ਹਜ਼ੂਰ ਸਾਹਿਬ ਦੀ ਪ੍ਰਭਾਵਿਤ ਯਾਤਰਾ ਕੀਤੀ। ਉਸ ਨੇ ਇੱਕ ਸ਼ਾਮ ਤਖ਼ਤ ਸਾਹਿਬ 'ਤੇ ਨਤਮਸਤਕ ਹੋਣ ਸਮੇਂ ਜੋ ਕੁਝ ਵੀ ਦੇਖਿਆ ਉਸ ਨੂੰ ਵਿਸਥਾਰ ਸਹਿਤ ਦਰਜ ਕੀਤਾ:[120] ਇਸ ਵਿਚ ਉਸ ਨੇ ਦੱਸਿਆ ਕਿ ਤਖ਼ਤ 'ਤੇ ਮੱਥਾ ਟੇਕਣ ਲਈ ਪੌੜੀਆਂ ਚੜਨ ਤੋਂ ਪਹਿਲਾਂ ਚਰਨ ਗੰਗਾ ਬਣੀ ਹੋਈ ਸੀ। ਤਖ਼ਤ ਦੇ ਅੰਦਰ ਸਿੰਘਾਸਣ ਸਥਾਨ ਬਣਿਆ ਹੋਇਆ ਸੀ। ਇਸ ਸਥਾਨ ਦੇ

---

117 Kalra, Mohan singh (Chief Editor), *The Sikh Review,* Vol. XVI-XVII, No. 163-164, February-March 1967, Page 41.

118 ਉਕਤ, ਪੰਨਾ ਉਹੀ।

119 ਉਕਤ, ਪੰਨਾ 45.

120 Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 245.

ਚਾਰੇ ਪਾਸੇ ਚਾਂਦੀ ਦੇ ਪੱਤਰੇ ਵਾਲੇ ਚਾਰ ਦਰਵਾਜੇ ਹਨ। ਉਸ ਨੇ ਅੱਗੇ ਲਿਖਿਆ ਹੈ ਕਿ ਤਖ਼ਤ ਦੇ ਅੰਦਰ ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਸੁੰਦਰ ਰੇਸ਼ਮੀ ਰੁਮਾਲਿਆਂ ਵਿਚ ਪ੍ਰਕਾਸ਼ ਕੀਤੇ ਹੋਏ ਹਨ। ਤਿੰਨ ਜਾਂ ਚਾਰ ਰਾਗੀ ਸਿੰਘ ਕੀਰਤਨ ਕਰਦੇ ਹੋਏ ਇੱਕ ਪੰਗਤੀ ਵਿਚ ਬੈਠੇ ਸਨ। ਸ਼ਾਮ ਨੂੰ ਇਹ ਸੇਵਾ ਸਮਾਪਤ ਹੋ ਗਈ ਸੀ।[121]

ਸੰਨ 1900 ਦੇ ਲਗਭਗ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਰਾਜਿਆਂ ਅਤੇ ਮੁੱਖੀ ਸਿੰਘਾਂ ਵੱਲੋਂ ਤਖ਼ਤ ਹਜ਼ੂਰ ਸਾਹਿਬ ਅਤੇ ਨਾਂਦੇੜ ਦੇ ਹੋਰ ਇਤਿਹਾਸਕ ਗੁਰਦੁਆਰਿਆਂ ਦਾ ਸੁਚੱਜਾ ਪ੍ਰਬੰਧ ਚਲਾਉਣ ਅਤੇ ਗੁਰਦੁਆਰਾ ਕਮੇਟੀ ਬਣਾਉਣ ਲਈ ਨਿਜ਼ਾਮ ਹੈਦਰਾਬਾਦ ਉੱਤੇ ਦਬਾਅ ਪਾਇਆ ਗਿਆ। ਇੱਕ ਅਕਤੂਬਰ, 1902 ਨੂੰ ਨਿਜ਼ਾਮ ਹੈਦਰਾਬਾਦ ਨੇ ਪਹਿਲਾ ਗੁਰਦੁਆਰਾ ਪ੍ਰਬੰਧਨ ਐਕਟ ਪਾਸ ਕਰਕੇ ਲਾਗੂ ਕੀਤਾ ਜਿਸ ਦਾ ਟਾਇਟਲ ਸੀ "ਦਸਤੂਰ ਉਲ ਅਮਲ ਗੁਰਦੁਆਰਾ ਸਿੱਖਾਂ ਨਾਂਦੇੜ"। ਇਸ ਦਾ ਪਹਿਲਾ ਪ੍ਰਧਾਨ ਅਹੁਦੇ ਵਜੋਂ ਹੈਂਕਿਨ (Doctor A. C. Hankin, Director General of Police) ਅਤੇ ਚੇਅਰਮੈਨ ਡੀ. ਸੀ. (District Collector) ਸੀ, ਜੋ ਦਿਨ ਪ੍ਰਤੀਦਿਨ ਦੇ ਮਸਲੇ ਸੁਲਝਾਉਂਦੇ ਸਨ। ਸਿੱਖ ਰਿਸਾਲਦਾਰ ਨੂੰ ਇਸਦਾ ਸਰਬਰਾਹ (ਸੁਪਰਡੈਂਟ) ਨਿਯੁਕਤ ਕੀਤਾ ਜਾਂਦਾ।[122] ਹਜ਼ੂਰ ਸਾਹਿਬ ਦੇ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਅਤੇ ਨਿਯੰਤਰਣ ਇਨ੍ਹਾਂ ਦਾ ਹੁੰਦਾ ਸੀ। ਅਕਾਲੀ ਕੌਰ ਸਿੰਘ ਅਨੁਸਾਰ ਇਸ ਸਮੇਂ ਤੱਕ ਗੁਰਦੁਆਰਾ ਸਾਹਿਬ (ਤਖ਼ਤ ਸਾਹਿਬ) ਅਤੇ ਬੁੰਗਿਆਂ ਦੀਆਂ ਇਮਾਰਤਾਂ ਦਾ ਕੰਮ ਜਾਰੀ ਹੋ ਕੇ ਸੰਗਮਰਮਰ, ਸੋਨਾ ਆਦਿ ਵੀ ਸੱਚਖੰਡ ਵਿਚ ਲੱਗਣਾ ਸ਼ੁਰੂ ਹੋ ਗਿਆ ਸੀ ਅਤੇ ਰੇਲ ਵੀ ਖ਼ਾਸ ਨਾਂਦੇੜ ਵਿਖੇ ਪੁੱਜ ਚੁੱਕੀ ਸੀ ਅਤੇ ਮੁਸਲਮਾਨਾਂ ਦੇ ਹਮਲੇ ਵੀ ਬੰਦ ਹੋ ਗਏ ਸਨ।[123] ਇੱਕ ਨਵਾਂ ਲੰਗਰ ਹਾਲ, ਮੁਸਾਫ਼ਰ ਖ਼ਾਨਾ ਅਤੇ ਯਾਤਰੂਆਂ ਲਈ ਆਰਾਮ ਘਰ (ਸਰਾਂ) ਬਣਾਏ ਗਏ ਹਨ।[124] ਅਜਿਹੇ ਪ੍ਰਬੰਧ ਹੋਣ ਦਾ ਮੁੱਖ ਕਾਰਨ ਬ੍ਰਿਟਿਸ਼ ਸਰਕਾਰ

---

121 Campbell, A. Claude, *Glimpses of The Nizam's Dominions,* C. B. Burrows, Bombay, 1898, pages 401-02.

122 ਨਿਸ਼ਤਰ, ਨਾਨਕ ਸਿੰਘ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿਖ ਪੰਥ ਨੂੰ ਦੇਣ,* ਹਰਪਾਲ ਸਿੰਘ ਪੰਨੂ (ਅਨੁ.), ਪੰਨਾ 61.

123 ਹਿਸਟੋਰੀਅਨ, ਕਰਮ ਸਿੰਘ (ਸੰਪਾ.), *ਬਹੁ-ਮੁੱਲੇ ਇਤਿਹਾਸਕ ਲੇਖ,* ਪੰਨੇ 62-63.

124 *The History of The Andhra Pradesh Police,* (Centenary: 1861-1961), Inspector-General of Police Andhra Pradesh, Hyderabad, Deccan, undated, page 70.

ਵੱਲੋਂ ਹੈਦਰਾਬਾਦ ਵਿਚ ਏ. ਸੀ. ਹੈਂਕਿਨ (Mr. A.C. Hankin) ਹਰ ਤਰ੍ਹਾਂ ਦਾ ਪ੍ਰਬੰਧ ਦੇਖਣ ਲਈ ਲਈ ਡਾਰਿਰੈਕਟਰ ਜਨਰਲ ਆ ਫ਼ ਪੁਲਿਸ ਨਿਯੁਕਤ ਕੀਤਾ ਜਾ ਚੁੱਕਾ ਸੀ। ਇਸ ਨੇ 1897 ਈ. ਵਿਚ ਅਹੁੱਦਾ ਸੰਭਾਲਿਆ ਸੀ ਅਤੇ 22 ਸਾਲਾਂ ਤੋਂ ਵੱਧ ਸਮਾਂ ਅਹੁਦੇ ਉੱਤੇ ਨਿਯੁਕਤ ਰਿਹਾ। [125] Mr. Hankin retired on 2-11-1919 after a fruitful service of over 22 years characterised by useful reforms in every branch of police work. To him goes the credit of having Ipaced the Police of His Exalted Highness the Nizam's Dominions on a solid foundation.[126] ਇਸ ਨੇ ਜਿੱਥੇ ਰਿਆਸਤ ਵਿਚ ਮਾੜੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਸੁਧਾਰਿਆ ਤਾਂ ਉੱਥੇ ਹੀ ਤਖ਼ਤ ਸਾਹਿਬ ਦਾ ਪ੍ਰਬੰਧ ਵੀ ਇਨ੍ਹਾਂ ਦੇ ਸਪੁਰਦ ਸੀ। ਇਸ ਤੋਂ ਬਾਅਦ ਵੀ ਡਾਇਰੈਕਟਰ ਜਨਰਲ ਆ ਫ਼ ਪੁਲਿਸ ਅਧਿਕਾਰੀ ਨਾਂਦੇੜ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵਜੋਂ ਨਿਯੁਕਤ ਰਹੇ। Three officers Sir. F.C. Carwford (1926-1927), Mr. J.E. Armstrong (1927-1934) and Mr. Samuel Thomas Hollins (1934-1942) were particularly noteworthy.[127] ਇਸ ਸਮੇਂ ਸੰਨ 1912 ਤੋਂ 1943 ਈ. ਦੇ ਦੌਰਾਨ ਭਾਈ ਦਇਆ ਸਿੰਘ, ਭਾਈ ਹਰੀ ਸਿੰਘ, ਭਾਈ ਹੀਰਾ ਸਿੰਘ ਆਦਿ ਸਿੰਘ ਤਖ਼ਤ ਦੇ ਵੱਡੇ ਪੁਜਾਰੀ ਦੇ ਅਹੁਦੇ ਉੱਤੇ ਤਨਖ਼ਾਹਦਾਰ ਵਜੋਂ ਰਹੇ ਕਿਉਂਕਿ ਇਸ ਸਮੇਂ ਮੁੱਖ ਜਾਂ ਵੱਡੇ ਪੁਜਾਰੀਆਂ ਨੂੰ ਚੜ੍ਹਾਵੇ ਵਿਚੋਂ ਹਿੱਸਾ ਦੇਣਾਂ ਬੰਦ ਕਰਕੇ ਸਿਰਫ਼ ਮਾਸਕ ਤਨਖ਼ਾਹ ਮਿਲਣੀ ਸ਼ੁਰੂ ਹੋ ਗਈ ਸੀ। ਵੱਡੇ ਪੁਜਾਰੀ ਤੋਂ ਭਾਵ ਜਥੇਦਾਰ ਅਤੇ ਛੋਟਾ ਪੁਜਾਰੀ ਤੋਂ ਭਾਵ ਮੀਤ ਜਥੇਦਾਰ ਹੈ।

ਇਸ ਅਰਸੇ ਵਿਚ ਤਖ਼ਤ ਸਾਹਿਬ ਦੀ ਬਹੁਤੀ ਜ਼ਮੀਨ ਉੱਪਰ ਕੁਝ ਆਦਮੀਆਂ ਨੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਸੀ। ਅਜਿਹੇ ਕੰਮਾਂ ਦੀ ਜਿੰਮੇਵਾਰੀ ਲਈ 19 ਵੀਂ ਸਦੀ ਦੇ ਅਖ਼ੀਰ ਵਿਚ ਬ੍ਰਿਟਿਸ਼ ਸਰਕਾਰ ਵੱਲੋਂ, ਤਖ਼ਤ ਹਜ਼ੂਰ ਸਾਹਿਬ ਦਾ ਇੱਕ ਸਰਬਰਾਹ ਨਿਯੁਕਤ ਕੀਤਾ ਜਾਣ ਲੱਗਿਆ ਸੀ। ਇਹ ਸਰਬਰਾਹ,

---

[125] Shinde, Deepak (Editor), *Historical Aspects, Importance and Present Relevance of the Teachings of Shri Guru Gobind Singh Ji,* page 134.

[126] *The History of The Andhra Pradesh Police,* (Centenary: 1861-1961), undated, page 65.

[127] Shinde, Deepak (Editor), *Historical Aspects, Importance and Present Relevance of the Teachings of Shri Guru Gobind Singh Ji,* pages 135-36.

ਹਕੂਮਤ ਅਤੇ ਪੁਜਾਰੀਆਂ ਦੇ ਵਿਚਕਾਰ ਇੱਕ ਕੜੀ ਹੁੰਦਾ ਸੀ ਅਤੇ ਇਹ ਪ੍ਰਬੰਧ 1950 ਵਿਆਂ ਤੱਕ ਚੱਲਦਾ ਆਇਆ ਸੀ।[128] ਇਹ ਸਰਬਰਾਹ ਸਰਕਾਰੀ ਆਦਮੀ ਹੁੰਦਾ ਸੀ। ਰਾਇ ਹਨਵੰਤ ਪ੍ਰਸਾਦ ਜੀ ਨੇ ਤਖ਼ਤ ਸਾਹਿਬ ਦੇ ਅਸਥਾਨ ਉੱਪਰ ਜੋ ਜੋ ਸਿੰਘ ਸੇਵਾ ਕਰਦੇ ਸਨ ਉਨ੍ਹਾਂ ਸਭ ਨੂੰ ਮੁਲਾਜ਼ਮ ਬਣਾ ਕੇ ਜੋ ਜੋ ਵੀ ਮੁਲਾਜ਼ਮਤਾ ਦੇ ਨਿਯਮ ਸਨ, ਸਭ ਨਿਯਮ ਬਣਾ ਕੇ ਲਾਗੂ ਕਰ ਦਿੱਤੇ। ਰਾਏ ਹਨਵੰਤ ਨੇ ਸਰਦਾਰ ਗੰਡਾ ਸਿੰਘ ਮੁਨਸਬਦਾਰ ਨੂੰ ਸਰਬਰਾਹ ਨਿਯੁਕਤ ਕੀਤਾ ਸੀ। ਰਾਏ ਹਨਵੰਤ ਪ੍ਰਸਾਦ ਅਤੇ ਸ੍ਰ: ਗੰਡਾ ਸਿੰਘ ਸਰਬਰਾਹ ਨੇ ਚੰਗਾ ਪ੍ਰਬੰਧ ਚਲਾਇਆ। ਸਾਰੇ ਕਰਮਚਾਰੀਆਂ ਦਾ ਤਖ਼ਤਾ ਤਿਆਰ ਕੀਤਾ ਅਤੇ ਦਰਜੇ-ਬ-ਦਰਜੇ ਸਭ ਦੀ ਤਨਖ਼ਾਹ ਮੁਕੱਰਰ ਕੀਤੀ। ਜਿਨ੍ਹਾਂ ਨੇ ਤਨਖ਼ਾਹ ਨਾ ਲੈਣੀ ਚਾਹੀ ਉਨ੍ਹਾਂ ਨੂੰ ਲੋੜ ਮੁਤਾਬਕ ਰਸਦ ਲਗਾ ਦਿੱਤੀ ਗਈ।[129]

ਸਾਲ 1925 ਈ. ਦੇ ਆਸ-ਪਾਸ ਨਾਂਦੇੜ ਵਿਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ ਸੀ। ਸਰਕਾਰ ਨੇ ਕਸਬੇ ਦੇ ਬਾਹਰ ਮਾਲਟੇਕੜੀ ਦੇ ਆਸ -ਪਾਸ ਇੱਕ ਵਿਸ਼ਾਲ ਖੁੱਲ੍ਹੀ ਥਾਂ 'ਤੇ ਕੈਂਪਾਂ ਦਾ ਪ੍ਰਬੰਧ ਕੀਤਾ।[130] ਗੁਰਦੁਆਰਾ ਮਾਲਟੇਕੜੀ ਸਾਹਿਬ ਵਾਲਾ ਅਸਥਾਨ ਸਿੱਖਾਂ ਲਈ ਗੁਰੂ ਸਾਹਿਬਾਨ ਦੇ ਸਮੇਂ ਤੋਂ ਪਵਿੱਤਰ ਬਣ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਇੱਥੇ ਯਾਤਰਾ ਦੌਰਾਨ ਸੰਗਤ ਸਥਾਪਿਤ ਕੀਤੀ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਥੋਂ ਗੁਪਤ ਖ਼ਜ਼ਾਨਾ ਕੱਢਵਾ ਕੇ ਸਿੱਖ ਫ਼ੌਜਾਂ ਵਿਚ ਵੰਡਿਆ ਸੀ। According to Nanak Singh Nishter "Since 1773, there existed a Dargah (grave) of a saintly person Shah Hussain Lakkad. This Dargah has a number of other graves nearby. Earlier there existed a mosque also. There was a Sehri (buffer lane) of three feet width berween the mosque and the structure of Gurudwara Maal Tekdi."[131] ਸੰਨ 1926 ਈ. ਵਿਚ ਮੁਸਲਮਾਨਾਂ ਨੇ ਇਸ ਅਸਥਾਨ ਉੱਪਰ ਇੱਕ ਮੁਰਦਾ (ਲਾਸ਼) ਦਫ਼ਨਾ ਕੇ ਇਸ ਥਾਂ ਨੂੰ ਮਸੀਤ ਵਿਚ ਬਦਲਣ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਹੋਰ ਫ਼ਰਜ਼ੀ ਕਬਰਾਂ ਵੀ ਪੁੱਟੀਆਂ ਗਈਆਂ। ਹਜ਼ੂਰੀ ਸਿੱਖਾਂ ਅਤੇ

---

[128] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ*, ਪੰਨਾ 199.

[129] *ਸੱਚਖੰਡ ਪੱਤਰ,* ਸਤੰਬਰ 2007, ਪੰਨਾ 40.

[130] Shinde, Deepak (Editor), *Historical Aspects, Importance and Present Relevance of the Teachings of Shri Guru Gobind Singh Ji,* page 165.

[131] Nishter, Nanak Singh, *Takhat Shri Hazur Sahib History & Contribution,* page 29.

ਮੁਸਲਮਾਨਾਂ ਵਿਚਕਾਰ ਇਸ ਅਸਥਾਨ ਸੰਬੰਧੀ ਲੰਮਾ ਸਮਾਂ ਝਗੜਾ ਚੱਲਿਆ ਅਤੇ ਇਹ ਝਗੜਾ ਸਰਕਾਰ ਤੱਕ ਪਹੁੰਚਿਆ। ਇਸ ਦਾ ਮੁਕੱਦਮਾ ਅਦਾਲਤ ਵਿਚ ਚੱਲਿਆ। ਇਸ ਮੁਕੱਦਮੇ ਵਿਚ ਜੱਜ Sir A. H. Cuming (ਕਲਕੱਤਾ ਹਾਈ ਕੋਰਟ ਦੇ ਜੱਜ ) ਨੇ ਇਸ ਅਸਥਾਨ ਦੀ ਹੋਂਦ ਸੰਬੰਧੀ ਤਖ਼ਤ ਸਾਹਿਬ ਦੇ ਸਰਬਰਾਹ ਅਤੇ ਹਜ਼ੂਰੀ ਸਿੱਖਾਂ ਤੋਂ ਇਲਾਵਾ ਪੰਜਾਬ ਦੇ ਪ੍ਰਮੁੱਖ ਸਿੱਖਾਂ (ਭਾਈ ਕਾਨ੍ਹ ਸਿੰਘ ਨਾਭਾ, ਸੰਤ ਭਾਈ ਜਵਾਲਾ ਸਿੰਘ ਪਟਿਆਲਾ ਅਤੇ ਅਕਾਲੀ ਕੌਰ ਸਿੰਘ ਕਸ਼ਮੀਰ ) ਤੋਂ ਵੀ ਗਵਾਹੀਆਂ ਸੁਣੀਆਂ ਸਨ। ਆ ਖ਼ਰ ਵਿੱਚ ਉਸ ਨੇ ਹੈਦਰਾਬਾਦ ਦੇ ਸੱਤਵੇਂ ਨਿਜ਼ਾਮ ਮੀਰ ਉਸਮਾਨ ਅਲੀ ਖਾਂ ਨੂੰ 7 ਦਸੰਬਰ, 1929 ਨੂੰ ਆਪਣੀ ਰਿਪੋਰਟ ਸੌਂਪੀ ਅਤੇ ਫ਼ੈਸਲਾ ਖਾਲਸਾ ਪੰਥ ਦੇ ਹੱਕ ਵਿੱਚ ਦਿੱਤਾ। 8 ਜਨਵਰੀ, 1930 ਨੂੰ ਸਰਕਾਰੀ ਹੁਕਮ ਨਾਲ ਦੱਬੀ ਹੋਈ ਲਾਸ਼ ਜ਼ਮੀਨ ਚੋਂ ਬਾਹਰ ਕੱਢੇ ਜਾਣ ਉਪ ਰੰਤ ਝਗੜਾ ਖ਼ਤਮ ਹੋਇਆ ਅਤੇ ਸਿੱਖ ਸੰਗਤਾਂ ਫਿਰ ਤੋਂ ਗੁਰ-ਅਸਥਾਨ ਦੇ ਦਰਸ਼ਨ ਪਰਸ਼ਨ ਕਰਨ ਲੱਗੀਆਂ।[132]

1937 ਈ. ਦੇ ਆਉਂਦਿਆਂ ਇਹ ਸਿੱਖਾਂ ਦਾ ਧਾਰਮਿਕ ਅਸਥਾਨ ਕ੍ਰਾਂਤੀਕਾਰੀਆਂ ਲਈ ਵਿਸ਼ੇਸ਼ ਪਨਾਹ ਦਾ ਅਸਥਾਨ ਬਣ ਗਿਆ। ਦੂਸਰੀ ਵੱਡੀ ਵਿਸ਼ਵ ਜੰਗ ਦੇ ਬਾਅਦ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਜ਼ਬਰਦਸਤ ਦੌਰ ਚੱਲਿਆ। 1942 ਈ. ਦੇ ਆਉਂਦਿਆ ਅੰਗਰੇਜ਼ਾਂ ਨੂੰ ਭਾਰਤ ਛੱਡ ਕੇ ਜਾਣ ਲਈ ਚੇਤਾਵਨੀ ਦਿੱਤੀ ਗਈ। ਸਾਰਾ ਭਾਰਤ ਇੱਕ ਜੁੱਟ ਹੋ ਗਿਆ। ਕਈ ਮਹਾਨ ਕੁਰਬਾਨੀਆਂ ਬਾਅਦ ਭਾਰਤ ਨੂੰ ਆਜ਼ਾਦੀ ਮਿਲੀ। ਹੈਦਰਾਬਾਦ ਦੀ ਰਿਆਸਤ ਫਿਰ ਵੀ ਵਜੂਦ ਵਿਚ ਰਹੀ।[133] 15 ਅਗਸਤ, 1947 ਈ. ਨੂੰ ਭਾਰਤ ਦੀ ਆਜ਼ਾਦੀ ਪਰ ਪੰਜਾਬ ਦੀ ਵੰਡ ਤੋਂ ਬਾਅਦ ਮੁੱਢਲੇ ਸਾਲਾਂ ਵਿਚ ਅੰਗਰੇ ਜ਼ੀ ਨੀਤੀਆਂ ਕਾਰਨ ਸਿੱਖਾਂ ਨੇ ਕਈ ਵਾਰ ਦੱਖਣ ਵਿਚ ਹਜ਼ੂਰ ਸਾਹਿਬ ਵਿਖੇ ਜਾ ਕੇ ਸ਼ਰਨ ਲਈ। ਪੰਜਾਬ ਤੋਂ ਉਜੜੇ ਹੋਏ ਹਜ਼ਾਰਾਂ ਸਿੱਖ ਹੈਦਰਾਬਾਦ ਰਿਆਸਤ ਦੇ ਅਨੇਕ ਨਗਰਾਂ ਵਿਚ ਜਾ ਵਸੇ।[134] 1920 ਦੇ ਦਹਾਕੇ ਦੇ ਸ਼ੁਰੂ ਵਿਚ ਪੁਜਾਰੀਆਂ ਨੇ ਇੱਕ ਗਦਰੀ ਕ੍ਰਾਂਤੀਕਾਰੀ ਗੁਰਮੁਖ ਸਿੰਘ (1888-1977 ਈ.) ਨੂੰ ਪਨਾਹ ਦਿੱਤੀ, ਜਿਸਨੂੰ 1916 ਈ. ਦੇ ਲਾਹੌਰ ਕੋਨਸਪੀਰੇਸੀ ਕੇਸ ਵਿਚ ਗ੍ਰਿ ਫ਼ਤਾਰ ਕੀਤਾ ਗਿਆ ਸੀ।[135] ਸਿੱਖ ਧਰਮ ਵਿਸ਼ਵਕੋਸ਼ ਅਨੁਸਾਰ ਇਸ

---

132 *ਸੱਚਖੰਡ ਪੱਤਰ,* ਅਪ੍ਰੈਲ 1981, ਪੰਨਾ 35.

133 ਉਕਤ, ਸਤੰਬਰ 2010, ਪੰਨੇ 36-37.

134 https://punjabipedia.org/ ਦੱਖਣੀ ਸਿੱਖ

135 Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 269.

ਨੂੰ ਉਮਰ ਭਰ ਲਈ ਅੰਡੇਮਾਨ ਟਾਪੂ (ਕਾਲੇਪਾਣੀ) ਦੀ ਸਜਾ ਸੁਣਾਈ ਗਈ। ਬਾਅਦ ਵਿਚ ਰਾਸ਼ਟਰਵਾਦੀ ਤਾਕਤਾਂ ਦੇ ਦਬਾਅ ਹੇਠ 1921-22 ਈ. ਵਿਚ ਇਸ ਨੂੰ ਤਾਮਿਲਨਾਡੂ ਪ੍ਰਾਂਤ ਦੀ ਸੇਲੇਮ ਜੇਲ੍ਹ ਵਿਚ ਤਬਦੀਲ ਕਰ ਦਿੱਤਾ। ਜਿਹੜੀ ਰੇਲਗੱਡੀ ਇਸ ਨੂੰ ਅਕੋਲੇ ਲਿਜਾ ਰਹੀ ਸੀ ਉਸ ਵਿਚੋਂ ਇਹ ਰਾਤ ਦੇ ਸਮੇਂ ਜੰਗਲ ਵਿਚ ਕੁੱਦ ਕੇ ਫ਼ਰਾਰ ਹੋ ਗਿਆ। ਆ ਖ਼ਰਕਾਰ ਗੁਰਮੁਖ ਸਿੰਘ ਨਾਂਦੇੜ ਪਹੁੰਚ ਗਿਆ। ਜਿੱਥੇ ਇਸ ਨੇ ਚੁਪ -ਚਾਪ ਗੁਰਦੁਆਰਾ ਹਜ਼ੂਰ ਸਾਹਿਬ ਵਿਚ ਸ਼ਰਨ ਲਈ। ਅਖ਼ੀਰ ਗੁਰਦੁਆਰੇ ਦੇ ਭਾਈ ਜੀ ਨੇ ਇਸ ਨੂੰ ਪੰਜਾਬ ਵਾਪਸ ਆਉਣ ਵਿਚ ਸਹਾਇਤਾ ਕੀਤੀ ਜਿੱਥੇ ਇਹ ਦੋ ਸਾਲਾਂ ਤੱਕ ਹਰਿਮੰਦਰ ਸਾਹਿਬ ਦੇ ਬਾਹਰਲੇ ਪਾਸੇ ਇੱਕ ਕੇਸਧਾਰੀ ਸਾਧੂ ਦੇ ਭੇਸ ਵਿਚ ਰਿਹਾ।[136]

ਦੱਖਣੀ ਸਿੱਖ ਹਮੇਸ਼ਾ ਪੰਜਾਬ ਦੇ ਰਾਜਨੀਤਿਕ -ਧਾਰਮਿਕ ਅੰਦੋਲਨਾਂ ਤੋਂ ਪ੍ਰਭਾਵਿਤ ਹੋਏ ਅਤੇ ਇਨ੍ਹਾਂ ਵਿਚ ਭਾਗ ਵੀ ਲੈਂਦੇ ਰਹੇ। ਮਹਾਰਾਜਾ ਰਣਜੀਤ ਸਿੰਘ ਦੇ ਜੂਨ , 1839 ਈ. ਵਿਚ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਹੈਦਰਾਬਾਦ ਰਿਆਸਤ ਵਿਚ 'ਜਮਾਇਤੇ ਸਿੱਖਾਂ' ਫ਼ੌਜ ਦੀ ਤਨਖ਼ਾਹ ਨਿਜ਼ਾਮ ਵੱਲੋਂ ਦਿੱਤੀ ਜਾਂਦੀ ਸੀ। ਜਮਾਇਤੇ ਸਿੱਖਾਂ ਫ਼ੌਜ 1947 ਈ. ਵਿਚ ਭਾਰਤ ਦੇ ਆਜ਼ਾਦ ਹੋਣ ਤੋਂ ਮਗਰੋਂ ਵੀ ਹੋਂਦ ਵਿਚ ਰਹੀ ਸੀ। ਇਸ ਨੂੰ ਮਈ 1951 ਈ. ਨੂੰ ਖ਼ਤਮ ਕਰ ਦਿੱਤਾ ਗਿਆ ਅਤੇ ਹਰ ਸਿੱਖ ਸਿਪਾਹੀ ਨੂੰ ਪੰਜ ਸਾਲਾਂ ਦੀ ਤਨਖ਼ਾਹ ਦੇ ਕੇ ਬਰ ਖ਼ਾਸਤ (Dismissed) ਕਰ ਦਿੱਤਾ ਗਿਆ। ਕਾ ਫ਼ੀ ਗਿਣਤੀ ਵਿਚ ਸੈਨਿਕਾਂ ਨੂੰ ਪੁਲਿਸ ਮਹਿਕਮੇ ਵਿਚ ਭਰਤੀ ਕਰ ਲਿਆ ਗਿਆ। ਰਿਆਸਤ ਦੇ ਨਿਜ਼ਾਮ ਨੇ ਰਿਸਾਲਦਾਰ ਖੇਮ ਸਿੰਘ ਦੀ ਕਮਾਨ ਹੇਠ 100 ਸਿੱਖਾਂ ਨੂੰ ਆਪਣੇ ਨਿੱਜੀ ਗਾਰਡ ਦੇ ਤੌਰ 'ਤੇ ਰੱਖ ਲਿਆ ਪਰੰਤੂ ਹੌ ਲ੍ਹੀ ਹੌਲ੍ਹੀ ਇਹ ਗਿਣਤੀ ਘਟਾਈ ਗਈ।[137]

ਜਦੋਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਹੈਦਰਾਬਾਦ ਦੀ ਮਦਦ ਲਈ ਖਾਲਸਾ ਫ਼ੌਜ ਭੇਜੀ ਸੀ ਤਾਂ ਇਸ ਸਾਰੀ ਖਾਲਸਾ ਫ਼ੌਜ ਦੇ ਹਰ ਤਰ੍ਹਾਂ ਦੇ ਪ੍ਰਬੰਧ ਦੀ ਜਿੰਮੇਵਾਰੀ ਨਿਜ਼ਾਮ ਦੇ ਵਜ਼ੀਰ ਚੰਦੂ ਲਾਲ ਪਾਸ ਸੀ। ਨਿਜ਼ਾਮ ਵੀ ਖਾਲਸਾ ਫ਼ੌਜ ਵੱਲੋਂ ਕੀਤੀ ਸਹਾਇਤਾ ਲਈ ਦਿਲੋਂ ਰਿਣੀ ਹੋ ਕੇ ਰਹਿੰਦਾ ਸੀ।

---

[136] Harbans Singh (Editor-in-Chief), *The Encyclopaedia of Sikhism,* Vol. 2 E-L, Punjabi University, Patiala, 2011 (Third Edtion), page 185.

[137] ਉਕਤ, Vol 4, 2004 (Second Edition), page 160-61.

ਭਾਵੇਂ ਹੈਦਰਾਬਾਦ ਦੀ ਰਿਆਸਤ ਦਾ ਨਿਜ਼ਾਮ ਸਿੱਖਾਂ ਨਾਲ ਆਪਣੇ ਵੱਲੋਂ ਕਦੇ ਕੋਈ ਸਖ਼ਤ ਕਾਰਵਾਈ ਨਹੀਂ ਸੀ ਹੋਣ ਦਿੰਦਾ ਫਿਰ ਵੀ ਫਿਰੌਤੀ ਵਸੂਲਣ ਵਾਲੇ ਬਾਹਰੋਂ ਆਏ ਮੁਸਲਮਾਨ, ਸਿੱਖਾਂ ਲਈ ਹਮੇਸ਼ਾ ਹੀ ਸਿਰਦਰਦੀ ਬਣੇ ਰਹੇ ਜਿਸ ਵਿਚ ਸਥਾਨਿਕ ਮੁਸਲਮਾਨਾਂ ਦਾ ਵੀ ਬਹੁਤ ਵੱਡਾ ਹੱਥ ਰਿਹਾ ਪਰ ਹਜ਼ੂਰੀ ਸਿੰਘ ਆਪਣੀ ਹਿਫ਼ਾਜ਼ਤ ਲਈ ਇਨ੍ਹਾਂ ਦਾ ਡਟ ਕੇ ਮੁਕਾਬਲਾ ਕਰਦੇ ਰਹੇ[138] ਅਤੇ ਗੁਰ ਅਸਥਾਨਾਂ ਦੀ ਸੇਵਾ ਸੰਭਾਲ ਕਰਦੇ ਰਹੇ। ਨਾਨਕ ਸਿੰਘ ਨਿਸ਼ਤਰ ਲਿਖਦੇ ਹਨ ਦੱਖਣੀ ਸਿੱਖਾਂ ਦੀ ਪ੍ਰਸ਼ੰਸਾ ਵਿਚ ਨਿਜ਼ਾਮ ਨੇ ਇਕ ਫ਼ਰਮਾਨ (ਆਰਡੀਨੈਂਸ) ਜਾਰੀ ਕਰਕੇ ਉਨ੍ਹਾਂ ਨੂੰ ਨਿਰਮਲ ਪਿੰਡ ਦੀ ਜਾਗੀਰ ਪ੍ਰਦਾਨ ਕੀਤੀ , ਜੋ ਅੱਜ ਤੇਲੰਗਾਨਾ ਰਾਜ ਦੇ ਆਦਿਲਾਬਾਦ ਜ਼ਿਲ੍ਹੇ ਵਿਚ ਹੈ। ਸਿੱਖਾਂ ਨੂੰ ਲੱਗਿਆ ਕਿ ਨਿਜ਼ਾਮ ਉਨ੍ਹਾਂ ਨੂੰ ਸਦਾ ਲਈ ਇੱਥੇ ਬੰਨ੍ਹਣਾ ਚਾਹੁੰਦਾ ਹੈ। ਖੁੱਲ੍ਹੇ ਦਰਬਾਰ ਵਿਚ ਉਨ੍ਹਾਂ ਨੇ ਇਸ ਫ਼ਰਮਾਨ ਨੂੰ ਲੋਡਿੰਗ ਗੰਨ ਦੀ ਨਾਲੀ ਵਿਚ ਪਾ ਕੇ ਉੱਡਾ (ਫਾਇਰ) ਦਿੱਤਾ ਸੀ।[139]

ਇਸ ਤਰ੍ਹਾਂ ਪਿੱਛੇ ਦੱਸੇ ਅਨੁਸਾਰ ਭਾਵੇਂ ਤਖ਼ਤ ਹਜ਼ੂਰ ਸਾਹਿਬ ਦਾ ਪ੍ਰਬੰਧ ਹੈਦਰਾਬਾਦ ਨਿਜ਼ਾਮ ਸਰਕਾਰ ਦੇ ਹੱਥਾਂ ਵਿਚ ਸੀ ਪਰ ਫਿਰ ਵੀ ਇਹ ਅਸਥਾਨ ਦੱਖਣੀ ਭਾਰਤ ਵਿਚ ਸਿੱਖ ਸੰਗਤਾਂ ਦਾ ਕੇਂਦਰ ਬਣਿਆ ਰਿਹਾ ਅਤੇ ਇਸ ਇਲਾਕੇ ਵਿਚ ਗੁਰਮਤਿ ਸਿਧਾਤਾਂ ਬਾਰੇ ਸਹੀ ਸੇਧ ਦਿੰਦਾ ਰਿਹਾ। ਨਿਜ਼ਾਮ ਹੈਦਰਾਬਾਦ ਰਾਜ ਦੇ ਮਹਾਨ ਸ਼ਾਸਨ ਕਾਲ ਦੌਰਾਨ ਦੱਖਣੀ ਸਿੱਖਾਂ ਨੇ ਇੱਕ ਸੰਤੁ ਸ਼ਟ ਜਨਕ ਜੀਵਨ ਬਤੀਤ ਕੀਤਾ। ਜਮਾਇਤ-ਏ-ਸਿੱਖਾਂ ਵਿਚ ਪੁਲਿਸ ਬਲ ਅਤੇ ਫ਼ੌਜ ਵਿਚ ਸੇਵਾ ਕਰਨ ਵਾਲਿਆਂ ਨੇ ਆਪਣੇ ਬੱਚਿਆਂ ਲਈ ਗਾਰੰਟੀਸ਼ੁਦਾ ਰੁ ਜ਼ਗਾਰ ਸਮੇਤ ਮਹੱਤਵਪੂਰਨ ਲਾਭ ਪ੍ਰਾਪਤ ਕੀਤੇ। [140] ਇਸ ਤੋਂ ਇਲਾਵਾ ਨਿਜ਼ਾਮ ਸਰਕਾਰ ਨੇ ਤਖ਼ਤ ਸਾਹਿਬ ਨੂੰ ਪੰਜ ਪਿੰਡਾ ਦੀ ਜਾਗੀਰ ਦਿੱਤੀ ਅਤੇ ਕਈ ਵਾਰ ਨਕਦ ਗ੍ਰਾਂਟਾਂ ਅਤੇ ਕੀਮਤੀ ਤੋਹਫ਼ੇ ਭੇਟ ਕੀਤੇ। ਹਜ਼ੂਰ ਸਾਹਿਬ ਦੀ ਬਦੌਲਤ ਵੱਖ -ਵੱਖ ਸਮੇਂ-ਸਮੇਂ ਇਸ ਇਲਾਕੇ ਦੇ ਕਈ ਵੱਡੇ ਸ਼ਹਿਰਾਂ ਵਿਚ ਸਿੱਖ ਆਬਾਦ ਹੋਏ ਹਨ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ

---

138 *ਸੱਚਖੰਡ ਪੱਤਰ,* ਸਤੰਬਰ 2010, ਪੰਨਾ 36.

139 Nishter, Nanak Singh, *Takhat Shri Hazur Sahib History & Contribution,* page 57.

140 Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 273.

ਸੇਵਾ ਕਰਵਾਉਣ ਤੋਂ ਬਾਅਦ ਇਸ ਅਸਥਾਨ ਦੀ ਪ੍ਰਸਿੱਧੀ ਜ਼ਿਆਦਾ ਵਧੀ ਹੈ ਅਤੇ ਜ਼ਿਆਦਾਤਰ ਸਿੱਖ ਇਸ ਸਮੇਂ ਤੋਂ ਬਾਅਦ ਹੀ ਇੱਥੇ ਆਬਾਦ ਹੋਏ।

ਸੰਨ 1956 ਈ. ਤੋਂ ਪਹਿਲਾਂ ਨਾਂਦੇੜ ਸਾਹਿਬ ਹੈਦਰਾਬਾਦ ਰਿਆਸਤ ਵਿਚ ਆਉਂਦਾ ਸੀ। ਜਦੋਂ ਗੁਰੂ ਸਾਹਿਬ (ਗੁਰੂ ਗੋਬਿੰਦ ਸਿੰਘ ਜੀ ) ਇਸ ਸਥਾਨ 'ਤੇ ਪਹੁੰਚੇ ਤਾਂ ਉਸ ਸਮੇਂ ਇਹ ਇਲਾਕਾ ਦਿੱਲੀ ਸਲਤਨਤ ਦਾ ਹਿੱਸਾ ਸੀ ਪਰ 1721 ਈ. ਵਿਚ ਮੁਹੰਮਦ ਸ਼ਾਹ ਵਜ਼ੀਰ ਚਿਨਕਲਿਚ ਖ਼ਾਨ (ਨਿਜ਼ਾਮ ਉਲ ਮੁਲਕ ਆਸਫ਼ ਜ਼ਾਹ ਪਹਿਲਾ) ਨੇ ਹੈਦਰਾਬਾਦ ਦੀ ਸੁਤੰਤਰ ਰਿਆਸਤ ਕਾਇਮ ਕਰ ਲਈ। ਕਹਿਣ ਤੋਂ ਭਾਵ ਹੈ ਕਿ ਹੈਦਰਾਬਾਦ ਰਿਆਸਤ ਗੁਰੂ ਸਾਹਿਬ ਦੇ ਜੋਤੀ -ਜੋਤਿ ਸਮਾਉਣ ਤੋਂ 12-13 ਸਾਲ ਬਾਅਦ ਹੋਂਦ ਵਿਚ ਆਈ। ਉਸ ਸਮੇਂ ਤੋਂ ਲੈ ਕੇ ਇਹ ਸਥਾਨ 1947 ਈ. ਨੂੰ ਦੇਸ਼ ਦੇ ਆਜ਼ਾਦ ਹੋਣ 'ਤੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਤੱਕ ਹੈਦਰਾਬਾਦ ਰਿਆਸਤ ਦਾ ਹਿੱਸਾ ਰਿਹਾ।[141] ਇਸ ਸਮੇਂ ਹੈਦਰਾਬਾਦ ਨਿਜ਼ਾਮ ਨੇ ਭਾਰਤ ਦੀਆਂ ਕਈ ਹੋਰ ਰਿਆਸਤਾਂ ਦੇ ਉਲਟ ਭਾਰਤੀ ਸੰਘ ਵਿਚ ਸ਼ਾਮਲ ਹੋਣ ਦੀ ਬੇਨਤੀ ਨੂੰ ਅਸਵੀਕਾਰ ਕਰ ਦਿੱਤਾ ਸੀ। 13 ਸਤੰਬਰ, 1948 ਈ. ਨੂੰ ਭਾਰਤ ਨੇ ਹੈਦਰਾਬਾਦ 'ਤੇ ਹਮਲਾ ਕਰ ਦਿੱਤਾ ਅਤੇ ਚਾਰ ਦਿਨਾਂ ਦੇ ਅੰਦਰ ਅੰਦਰ ਹੈਦਰਾਬਾਦ ਭਾਰਤ ਵਿਚ ਸ਼ਾਮਲ ਕਰ ਲਿਆ ਗਿਆ।[142] In 1956, the territory of Hyderabad State was trifucated and attached to telugu-speaking Andhra Pradesh, Kannada-speaking Mysore and bilingual Bombay State.[143]

ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਪਿਛੋਂ ਸੰਨ 1956 ਈ. ਵਿਚ ਪ੍ਰਾਂਤਾਂ ਦੀ ਹੋਈ ਨਵੀਂ ਹੱਦ -ਬੰਦੀ ਸਮੇਂ ਨਾਂਦੇੜ ਨੂੰ ਦੋਭਾਸ਼ੀ ਬੰਬਈ ਰਾਜ (Bombay State) ਵਿੱਚ ਸ਼ਾਮਲ ਕਰ ਦਿੱਤਾ ਸੀ। ਬਾਅਦ ਵਿਚ 1960 ਈ. ਵਿਚ ਇਸ ਦੋਭਾਸ਼ੀ ਬੰਬਈ ਰਾਜ ਦੇ ਦੋ ਹਿੱਸੇ ਕਰ ਦਿੱਤੇ। ਇੱਕ ਗੁਜਰਾਤ ਪ੍ਰਾਂਤ ਹੋ ਗਿਆ , ਦੂਜਾ ਮਹਾਰਾਸ਼ਟਰ। ਇਸ ਤਰ੍ਹਾਂ 1960 ਈ. ਵਿਚ ਨਾਂਦੇੜ ਮਹਾਰਾਸ਼ਟਰ ਰਾਜ ਦਾ ਹਿੱਸਾ ਅਤੇ ਇਕ ਜ਼ਿਲ੍ਹਾ ਬਣ ਗਿਆ ਸੀ।

---

141 ਅਮਰਜੀਤ ਸਿੰਘ ਅਤੇ ਪਰਮਜੀਤ ਸਿੰਘ ਸਰੋਆ (ਸੰਪਾ.), *ਬਾਬਾ ਨਿਧਾਨ ਸਿੰਘ ਜੀਵਨ ਤੇ ਯੋਗਦਾਨ,* ਪੰਨਾ 68.

142 https://punjabipedia.org/ ਹੈਦਰਾਬਾਦ

143 Shinde, Deepak (Editor), *Historical Aspects, Importance and Present Relevance of the Teachings of Shri Guru Gobind Singh Ji,* page 138.

20 ਵੀਂ ਸਦੀ ਦੇ ਆਰੰਭ ਵਿਚ ਨਿਜ਼ਾਮ ਹੈਦਰਾਬਾਦ ਨੇ ਨਾਂਦੇੜ ਦੇ ਗੁਰਦੁਆਰਿਆਂ ਦੇ ਸਹੀ ਪ੍ਰਬੰਧ ਲਈ ਪਹਿਲਾ ਗੁਰਦੁਆਰਾ ਵਿਧਾਨ ਬਣਾਇਆ ਸੀ ਅਤੇ ਇੱਕ ਐਕਟ 'ਦਸਤੂਰ ਉਲ ਅਮਲ ਗੁਰਦੁਆਰਾ ਸਿੱਖਾਂ ਨਾਂਦੇੜ' ਲਾਗੂ ਕਰਕੇ 'ਗੁਰਦੁਆਰਾ ਕਮੇਟੀ' ਬਣਾਈ ਸੀ। ਅਗਲੀ ਅੱਧੀ ਸਦੀ ਤੱਕ ਨਿਜ਼ਾਮ ਦੇ ਸ਼ਾਸਨ ਅਧੀਨ ਇਹ ਪ੍ਰਬੰਧ ਚੱਲਦਾ ਰਿਹਾ। ਭਾਵ ਕਿ 1956 ਈ. ਤੱਕ ਤਖ਼ਤ ਸਾਹਿਬ ਦਾ ਪ੍ਰਬੰਧ ਮੁੱਖ ਤੌਰ 'ਤੇ ਸਰਕਾਰੀ ਅਫਸਰਾਂ ਦੇ ਹੱਥਾਂ ਵਿਚ ਹੀ ਰਿਹਾ ਸੀ। ਮਹਾਰਾਸ਼ਟਰ ਰਾਜ ਦੀ ਪੁਲਿਸ ਦਾ ਡਾਇਰੈਕਟਰ ਜਨਰਲ (DGP) ਅਤੇ ਜ਼ਿਲੇ ਦਾ ਨਾਜ਼ਮ (ਜ਼ਿਲ੍ਹਾ ਕੁਲੈਕਟਰ DC), ਇਸ ਪ੍ਰਬੰਧ ਦੇ ਮੁੱਖੀ ਹੁੰਦੇ ਸਨ।[144] ਸਾਰਾ ਪ੍ਰਬੰਧ ਇਨ੍ਹਾਂ ਦੇ ਅਧੀਨ ਹੁੰਦਾ ਸੀ। ਬਾਅਦ ਵਿਚ ਇਹ ਪ੍ਰਬੰਧ ਮੁੜ ਸਿੱਖਾਂ ਦੇ ਹੱਥਾਂ ਵਿਚ ਆਉਂਦਾ ਗਿਆ ਅਤੇ ਸੁਧਰਦਾ ਗਿਆ। ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਨੂੰ ਸਰਕਾਰੀ ਹੱਥਾਂ ਵਿਚੋਂ ਆਜ਼ਾਦ ਕਰਵਾਉਣ ਲਈ ਇੱਥੇ ਦੇ ਹਜ਼ੂਰੀ ਖਾਲਸਾ ਅਤੇ ਨਿਹੰਗ ਸਿੰਘਾਂ ਨੇ ਹਮੇਸ਼ਾ ਅੱਗੇ ਹੋ ਕੇ ਸੰਘਰਸ਼ ਕੀਤਾ। ਅੰਤ ਸਰਕਾਰ ਨੂੰ ਖਾਲਸੇ ਦੇ ਯਤਨਾਂ ਅੱਗੇ ਝੁਕਣਾਂ ਪਿਆ ਅਤੇ ਹੈਦਰਾਬਾਦ ਸਰਕਾਰ ਦੇ ਗਜ਼ਟ ਅਨੁਸਾਰ ਗੁਰਦੁਆਰਿਆਂ ਦੇ ਪ੍ਰਬੰਧ ਲਈ ਇੱਕ 'ਗੁਰਦੁਆਰਾ ਸੱਚਖੰਡ ਬੋਰਡ' ਬਣਾ ਕੇ ਤਖ਼ਤ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਖਾਲਸੇ ਦੇ ਹੱਥਾਂ ਵਿਚ ਦੇ ਦਿੱਤਾ ਸੀ। 20 ਸਤੰਬਰ, 1956 ਈ. ਨੂੰ 'ਨਾਂਦੇੜ ਸਿੱਖ ਗੁਰਦੁਆਰਾ ਐਕਟ' ਪਾਸ ਕਰਕੇ 17 ਮੈਂਬਰਾਂ ਦਾ ਇੱਕ ਗੁਰਦੁਆਰਾ ਬੋਰਡ ਸਥਾਪਿਤ ਕੀਤਾ ਗਿਆ ਅਤੇ ਪੰਜ ਮੈਂਬਰਾਂ ਦੀ ਮੈਨੇਜਿੰਗ ਕਮੇਟੀ ਵੀ ਬਣਾ ਦਿਤੀ ਗਈ।[145] ਗੁਰਦੁਆਰਾ ਬੋਰਡ ਦੇ ਦਿਸਾ-ਨਿਰਦੇਸਾਂ ਅਨੁਸਾਰ ਇਸ ਕਮੇਟੀ ਨੇ ਤਖ਼ਤ ਸਾਹਿਬ ਦੇ ਰੋਜ਼ਾਨਾ ਦੇ ਪ੍ਰਬੰਧ ਨੂੰ ਚਲਾਉਣਾ ਸੀ। ਇਸ ਤਰ੍ਹਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਇਹ ਬੋਰਡ ਜ਼ਿੰਮੇਵਾਰ ਸੀ। ਇਹ ਬੋਰਡ ਹੁਣ ਤੱਕ ਕੰਮ ਕਰਦਾ ਆ ਰਿਹਾ ਹੈ।

22 ਸਤੰਬਰ, 1969 ਈ. ਨੂੰ ਬੋਰਡ ਦੀ ਬਣਤਰ ਵਿਚ ਕੁਝ ਨਵੇਂ ਸੁਧਾਰ ਕਰਕੇ ਨਵਾਂ ਗੁਰਦੁਆਰਾ ਬੋਰਡ ਬਣਾਇਆ ਗਿਆ। ਬਾਅਦ ਵਿਚ ਵੀ ਵੱਖ-ਵੱਖ ਸਮੇਂ ਵਿਚ ਇਸ ਬੋਰਡ ਵਿਚ ਸੋਧ ਕੀਤੀ

---

[144] ਸੁਖਦਿਆਲ ਸਿੰਘ, ਖਾਲਸਾ *ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ*, ਪੰਨਾ 201.

[145] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1020.

ਜਾਂਦੀ ਰਹੀ। ਮਹਾਰਾਸ਼ਟਰ ਸਰਕਾਰ ਵੱਲੋਂ ਇਸ ਵਿਚ ਦਖ਼ਲ ਦਿੱਤਾ ਜਾਂਦਾ ਰਿਹਾ ਅਤੇ ਐਕਟ ਵਿਚ ਦਰਜ ਸ਼ਕਤੀਆਂ ਦੇ ਤਹਿਤ ਇਸ ਨੂੰ ਭੰਗ ਵੀ ਕੀਤਾ ਜਾਂਦਾ ਰਿਹਾ। ਸਾਲ 2000 ਤੋਂ ਬਾਅਦ ਮਹਾਰਾਸ਼ਟਰ ਸਰਕਾਰ ਕਿਸੇ ਨਾ ਕਿਸੇ ਰੂਪ ਵਿਚ ਗੁਰਦੁਆਰਾ ਪ੍ਰਬੰਧ ਦੇ ਵਿਚ ਦਖ਼ਲ ਦਿੰਦੀ ਰਹੀ। ਕਦੇ ਨਾਂਦੇੜ ਜ਼ਿਲ੍ਹਾ ਕੁਲੈਕਟਰ ਅਤੇ ਕਦੇ ਕੋਈ ਹੋਰ ਸਰਕਾਰੀ ਨੁਮਾਇੰਦਾ ਗੁਰਦੁਆਰੇ (ਤਖ਼ਤ) ਦਾ ਪ੍ਰਬੰਧ ਦੇਖਦਾ ਰਿਹਾ। ਸਾਲ 2002 ਵਿਚ ਅੰਦਰੂਨੀ ਝਗੜੇ ਦੇ ਕਾਰਨ ਮਹਾਰਾਸ਼ਟਰ ਰਾਜ ਸਰਕਾਰ ਨੇ 1956 ਦੇ ਐਕਟ ਵਿਚ ਦਰਜ ਸ਼ਕਤੀਆਂ ਦੇ ਤਹਿਤ ਬੋਰਡ ਨੂੰ ਭੰਗ ਕਰ ਦਿੱਤਾ।[146] ਇਸ ਦੇ ਮਾਮਲਿਆਂ ਦੀ ਦੇਖ-ਰੇਖ ਲਈ ਇਸ ਦੀ ਥਾਂ ਬਾਰ੍ਹਾਂ ਮੈਂਬਰੀ ਬੋਰਡ (ਕਮੇਟੀ) ਦਾ ਗਠਨ ਕੀਤਾ ਗਿਆ ਸੀ।[147] ਸਾਲ 2003 ਵਿਚ ਨਾਂਦੇੜ ਦੇ ਕੁਲੈਕਟਰ ਸ੍ਰ. ਯੂ. ਪੀ. ਐਸ. ਮਦਾਨ ਨੂੰ ਚਾਰਜ ਸੌਂਪਿਆ ਗਿਆ ਸੀ। ਸਾਲ 2004 ਵਿਚ ਸ੍ਰ. ਬੂਟਾ ਸਿੰਘ, ਜੋ ਉਸ ਸਮੇਂ ਬਿਹਾਰ ਦੇ ਗਵਰਨਰ ਵੀ ਸਨ, ਨੂੰ ਪ੍ਰਸ਼ਾਸਕ ਲਗਾਇਆ ਗਿਆ। ਨਵੰਬਰ 2005 ਤੋਂ ਡਾ. ਪਰਵਿੰਦਰ ਸਿੰਘ ਪਸਰੀਚਾ ਇਥੋਂ ਦੇ ਚੇਅਰਮੈਨ ਬਣੇ। ਉਸ ਸਮੇਂ ਇਹ ਮਹਾਰਾਸ਼ਟਰ ਦੇ ਡੀ. ਜੀ. ਪੀ. (DGP.) ਸਨ। ਸਾਲ 2013 ਵਿਚ ਨਾਂਦੇੜ ਦੇ ਤਤਕਾਲੀਨ ਕੁਲੈਕਟਰ ਨੂੰ ਗੁਰਦੁਆਰਾ ਬੋਰਡ ਦਾ ਪ੍ਰਬੰਧ ਸੌਂਪ ਦਿਤਾ। ਫਿਰ ਸਾਲ 2015 ਦੇ ਆਰੰਭ ਵਿਚ ਇਸ 1956 ਵਾਲੇ ਗੁਰਦੁਆਰਾ ਬੋਰਡ ਐਕਟ ਵਿਚ ਮਹਾਰਾਸ਼ਟਰ ਸਰਕਾਰ ਨੇ ਮਾਮੂਲੀ ਸੋਧ ਕਰਕੇ ਗੁਰਦੁਆਰਾ ਬੋਰਡ ਦਾ ਪ੍ਰਧਾਨ ਖ਼ੁਦ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਫਲ਼ਸਰੂਪ ਸ੍ਰ. ਤਾਰਾ ਸਿੰਘ (BJP MLA) ਨੂੰ ਸਰਕਾਰੀ ਪ੍ਰਧਾਨ ਵਜੋਂ 16 ਹੋਰ ਮੈਂਬਰਾਂ ਸਮੇਤ ਨਿਯੁਕਤ ਕੀਤਾ ਗਿਆ। ਪ੍ਰਧਾਨ ਨੂੰ ਛੱਡ ਕੇ ਬਾਕੀ ਦੇ 16 ਮੈਂਬਰ 1956 ਐਕਟ ਦੇ ਵਿਧੀ-ਵਿਧਾਨ ਅਨੁਸਾਰ ਸ਼ਾਮਿਲ ਕੀਤੇ ਗਏ। ਫਿਰ ਮਾਰਚ 2018 ਤੋਂ ਸਰਕਾਰ ਵੱਲੋਂ ਸ੍ਰ. ਤਾਰਾ ਸਿੰਘ ਐੱਮ. ਐੱਲ. ਏ. ਨੂੰ ਹਟਾ ਕੇ ਉਨ੍ਹਾਂ ਦੀ ਜਗ੍ਹਾ ਸ੍ਰ. ਭੁਪਿੰਦਰ ਸਿੰਘ ਮਿਨਹਾਸ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਗੁਰਦੁਆਰਾ ਬੋਰਡ ਦੇ ਪ੍ਰਧਾਨ ਦਾ ਕਾਰਜਕਾਲ ਤਿੰਨ ਸਾਲ ਦਾ ਹੁੰਦਾ ਹੈ।[148] ਸ੍ਰ. ਭੁਪਿੰਦਰ ਸਿੰਘ ਮਿਨਹਾਸ ਸਾਲ 2022 ਤੱਕ ਪ੍ਰਧਾਨਗੀ ਦੇ ਪਦ 'ਤੇ ਸਰਕਾਰੀ ਅਹੁਦੇਦਾਰ ਰਹੇ। 29 ਜੂਨ, 2022 ਨੂੰ ਸ੍ਰ. ਭੁਪਿੰਦਰ ਸਿੰਘ ਮਿਨਹਾਸ ਨੂੰ ਹਟਾ ਕੇ ਅਤੇ ਉਨ੍ਹਾਂ ਦੇ ਅਧੀਨ ਕਮੇਟੀ ਨੂੰ ਭੰਗ ਕਰਕੇ ਮੌਜੂਦਾ ਸਮੇਂ ਵਿਚ ਇੱਕ ਵਾਰ ਫਿਰ ਡਾ. ਪਰਵਿੰਦਰ ਸਿੰਘ

---

[146] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 278.

[147] "New board for Takht Hazoor Sahib" The Tribune, Chandigarh (online Edition, 16 April 2002)

[148] ਤਖ਼ਤ ਹਜ਼ੂਰ ਸਾਹਿਬ ਦੀ ਦੁਸ਼ਟ ਦਮਨ ਪ੍ਰਿੰਟਿੰਗ ਪ੍ਰੈੱਸ ਦੇ ਸੰਪਾਦਕ (ਸਾਬਕਾ), ਸ੍ਰ. ਰਾਜਦਵਿੰਦਰ ਸਿੰਘ ਕੱਲ੍ਹਾ ਦੇ ਦੱਸਣ ਅਨੁਸਾਰ।

ਪਸਰੀਚਾ ਨੂੰ ਗੁਰਦੁਆਰਾ ਬੋਰਡ ਦਾ ਪ੍ਰਸ਼ਾਸਕ (Administrator) ਨਿਯੁਕਤ ਕੀਤਾ ਗਿਆ ਹੈ। ਅੱਜ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਸਮੁੱਚਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੁਆਰਾ ਚਲਾਇਆ ਜਾ ਰਿਹਾ ਹੈ।

**ਗੁਰਦੁਆਰਾ ਸੱਚਖੰਡ ਬੋਰਡ ਦੀ ਬਣਤਰ**[149]

1) ਮਹਾਰਾਸ਼ਟਰ ਸਰਕਾਰ ਦੁਆਰਾ ਨਾਮਜ਼ਦ - 2 ਮੈਂਬਰ

2) ਪ੍ਰਦੇਸ਼ ਦੇ ਸਿੱਖਾਂ ਵਿਚੋਂ ਚੁਣੇ ਗਏ

(ਕੇਵਲ ਉਹ ਇਲਾਕੇ ਜੋ ਹੈਦਰਾਬਾਦ ਸਟੇਟ ਤੋਂ ਮਹਾਰਾਸ਼ਟਰ ਵਿਚ ਸ਼ਾਮਿਲ ਕੀਤੇ ਗਏ-3 ਮੈਂਬਰ

3) ਹੈਦਰਾਬਾਦ ਤੇ ਸਿਕੰਦਰਾਬਾਦ ਦੇ (ਸਿੱਖਾਂ ਵਿਚੋਂ) ਨਾਮਜ਼ਦ - 1 ਮੈਂਬਰ

4) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੱਧ ਪ੍ਰਦੇਸ਼ ਦੇ ਸਿੱਖਾਂ ਵਿਚੋਂ ਨਾਮਜ਼ਦ - 1 ਮੈਂਬਰ

5) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਨਾਮਜ਼ਦ - 3 ਮੈਂਬਰ

6) ਪਾਰਲੀਮੈਂਟ ਦੇ ਸਿੱਖ ਸੰਸਦ ਮੈਂਬਰਾਂ ਵਿਚੋਂ ਚੁਣ ਕੇ ਆਏ - 2 ਮੈਂਬਰ

7) ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਨਾਮਜ਼ਦ - 1 ਮੈਂਬਰ

8) ਸਥਾਨਕ ਸੱਚਖੰਡ ਹਜ਼ੂਰੀ ਖਾਲਸਾ ਦੀਵਾਨ, ਨਾਂਦੇੜ ਵੱਲੋਂ ਨਾਮਜ਼ਦ - 4 ਮੈਂਬਰ

**ਮੈਨੇਜਿੰਗ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ**

1) ਨਾਂਦੇੜ ਜ਼ਿਲ੍ਹੇ ਦਾ ਕੁਲੈਕਟਰ ਜਾਂ ਸਰਕਾਰ ਵੱਲੋਂ ਨਿਯੁਕਤ ਹੋਰ ਅ ਫ਼ਸਰ ਮੈਨੇਜਿੰਗ ਕਮੇਟੀ ਦਾ ਚੇਅਰਮੈਨ ਹੁੰਦਾ ਹੈ।

2) ਗੁਰਦੁਆਰਾ ਸਾਹਿਬ ਦਾ ਸੁਪਰਡੈਂਟ ਮੈਨੇਜਿੰਗ ਕਮੇਟੀ ਦਾ ਸਕੱਤਰ ਹੁੰਦਾ ਹੈ।

3) ਤਿੰਨ ਮੈਂਬਰ ਗੁਰਦੁਆਰਾ ਬੋਰਡ ਵੱਲੋਂ ਨਾਂਦੇੜ ਦੇ ਸਿੱਖਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਹਨ।

ਜੂਨ, 1984 ਈ. ਵਿਚ ਤਤਕਾਲੀ ਭਾਰਤ ਸਰਕਾਰ ਦੇ ਹੁਕਮ ਨਾਲ ਭਾਰਤੀ ਫ਼ੌਜ ਨੇ ਸਿੱਖਾਂ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਟੈਂਕਾਂ -ਤੋਪਾਂ ਨਾਲ ਹਮਲਾ ਕਰਕੇ ਸੈਂਕੜੇ ਨਿਰਦੋਸ਼ ਸਿੱਖਾਂ , ਬੱਚਿਆਂ ਅਤੇ ਬਜੁਰਗਾਂ ਨੂੰ ਸ਼ਹੀਦ ਕਰ ਦਿੱਤਾ ਸੀ। ਫਿਰ ਨਵੰਬਰ 1984 ਵਿਚ ਦਿੱਲੀ ਅਤੇ ਦੇਸ਼ ਦੇ ਹੋਰ ਕਈ ਹਿੱਸਿਆਂ ਵਿਚ ਸਿੱਖਾਂ ਦਾ ਕਤਲੇਆਮ ਹੋਇਆ ਸੀ। ਨਿਡਰ

[149] *ਸੱਚਖੰਡ ਯਾਤਰਾ,* ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ, ਮਿਤੀਹੀਣ, ਪੰਨਾ 41.

ਸਿੰਘ ਨਿਹੰਗ ਅਨੁਸਾਰ ਵੀਹਵੀਂ ਸਦੀ ਦਾ ਆਖ਼ਰੀ ਦਹਾਕਾ ਹਜ਼ੂਰ ਸਾਹਿਬ ਦੇ ਸਿੱਖਾਂ ਲਈ ਕੋਈ ਘੱਟ ਘਟਨਾਕ੍ਰਮ ਸਾਬਿਤ ਨਹੀਂ ਹੋਇਆ , 1980 ਦੇ ਦਹਾਕੇ ਵਿਚ ਪੰਜਾਬ ਵਿਚ ਹਾਲਾਤ ਖ਼ਰਾਬ ਹੋਣ ਕਾਰਨ ਅਨੇਕਾਂ ਸਿੱਖ ਸ਼ਰਧਾਲੂ ਦੱਖਣ (ਹਜ਼ੂਰ ਸਾਹਿਬ) ਵਿਚ ਚੱਲੇ ਗਏ, ਜਿਸ ਕਾਰਨ ਇਸ ਖੇਤਰ ਵਿਚ ਬਹੁਤ ਧੰਨ (ਦੌਲਤ) ਵੀ ਆ ਗਿਆ। ਵਿਦੇਸ਼ੀ ਮੁਦਰਾ ਦੀ ਇਸ ਆਮਦ ਦਾ ਮੁੱਖ ਪ੍ਰਾਪਤਕਰਤਾ ਤਖ਼ਤ ਹਜ਼ੂਰ ਸਾਹਿਬ ਸੀ ਜੋ ਉਸ ਸਮੇਂ ਗੁਰਦੁਆਰਾ ਬੋਰਡ ਦੇ ਨਿਯੰਤਰਣ ਅਧੀਨ ਸੀ। [150] ਇਸ ਤਰ੍ਹਾਂ 19 ਵੀਂ-20 ਵੀਂ ਸਦੀ ਵਿਚ ਵੱਖ ਵੱਖ ਸਮੇਂ ਦੱਖਣੀ ਭਾਰਤ ਵਿਚ ਸਥਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਪੰਜਾਬ ਤੋਂ ਆਏ ਸਿੱਖਾਂ ਦਾ ਕੇਂਦਰੀ ਸਥਾਨ ਰਿਹਾ ਸੀ। ਪੰਜਾਬ ਦੀ ਵੰਡ (1947 ਈ.) ਸਮੇਂ ਪੰਜਾਬ ਤੋਂ ਆਏ ਅਨੇਕਾਂ ਲੋਕ ਦੱਖਣ ਦੇ ਇਸ ਖੇਤਰ ਵਿਚ ਅਤੇ ਰਿਆਸਤ ਹੈਦਰਾਬਾਦ ਦੇ ਅਨੇਕਾਂ ਪਿੰਡਾਂ -ਸ਼ਹਿਰਾਂ ਵਿਚ ਵੱਸ ਗਏ। ਇਨ੍ਹਾਂ ਵਿਚ ਵਪਾਰੀ, ਕਾਰੋਬਾਰੀ, ਵਕੀਲ, ਸਿੱਖਿਆ ਸਾਸ ਤਰੀ, ਕਿਸਾਨ ਆਦਿ ਸਨ , ਜਿਨ੍ਹਾਂ ਨੇ ਇਸ ਖੇਤਰ ਵਿਚ ਆਪਣੇ ਕਾਰੋਬਾਰ ਨੂੰ ਖ਼ੂਬ ਚਮਕਾਇਆ। ਇਨਾਂ ਨੇ ਆਪਣੀ ਪੰਜਾਬੀ -ਸਿੱਖ ਪਹਿਚਾਣ ਨੂੰ ਸਦਾ ਬਰਕਰਾਰ ਰੱਖਿਆ ਅਤੇ ਗੁਰਮਤਿ ਮਰਿਯਾਦਾ ਅਨੁਸਾਰ ਜੀਵਨ ਬਤੀਤ ਕੀਤਾ।

ਪੁਰਾਤਨ ਸਮੇਂ ਤੋਂ ਹੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਪੰਥਕ ਫ਼ੈਸਲੇ ਕੀਤੇ ਜਾਂਦੇ ਰਹੇ ਹਨ। ਇੱਥੋਂ ਦੇ ਜਥੇਦਾਰ, ਗਿਆਨੀ ਅਤੇ ਹਜ਼ੂਰੀ ਸਿੰਘ ਸਿੱਖ ਸਿਧਾਂਤਾਂ ਨੂੰ ਮੰਨਣ ਵਾਲੇ ਅਤੇ ਗੁਰਬਾਣੀ ਨੂੰ ਜੀਵਨ ਵਿਚ ਅਮਲ ਕਰਨ ਵਾਲੇ ਮੰਨੇ ਜਾਂਦੇ ਹਨ। ਹਰ ਫ਼ੈਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਹਜ਼ੂਰੀ ਵਿਚ ਗੁਰਮਤਿ ਸਿਧਾਂਤਾਂ ਅਨੁਸਾਰ ਕੀਤਾ ਜਾਂਦਾ ਸੀ। ਭਾਵੇਂ ਕਿ ਕੁਝ ਸਮਾਂ ਤਖ਼ਤ ਸਾਹਿਬ ਦਾ ਪ੍ਰਬੰਧ ਉਦਾਸੀ ਸੰਤਾਂ ਨੇ ਸੰਭਾਲਿਆ ਸੀ ਪਰ ਫਿਰ ਵੀ ਖ਼ਾਲਸਾ ਪੰਥ ਵਿਚ ਇਸ ਤਖ਼ਤ ਸਾਹਿਬ ਤੋਂ ਪੰਥ ਦੇ ਹਰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਮਸਲੇ ਵਿਚ ਅਗਵਾਈ ਹੁੰਦੀ ਰਹੀ ਹੈ। ਮਹੱਲਿਆਂ ਅਤੇ ਹੋਰ ਸਮਾਗਮਾਂ ਸਮੇਂ ਤਖ਼ਤ ਸਾਹਿਬ ਤੋਂ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ। ਇਸ ਮੌਕੇ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਬੁੰਗਿਆਂ ਦੇ ਮਹੰਤ, ਲਿਖਾਰੀ, ਗ੍ਰੰਥੀ, ਗਿਆਨੀ ਅਤੇ ਸਮੂਹ ਹਜ਼ੂਰੀ ਖਾਲਸਾ ਹਾਜ਼ਰ ਹੁੰਦਾ ਹੈ।

---

[150] Nihang, Nidar Singh & Parmjit Singh, *In The Master's Presence The Sikhs of Hazoor Sahib* (Vol. I), page 278.

ਤਖ਼ਤ ਸ੍ਰੀ ਹਜ਼ੂਰ ਸਾਹਿਬ 'ਤੇ ਪੁਰਾਤਨ ਮੋਹਰ ਦਫ਼ਤਰ ਦੀ ਅਦਲਾ-ਬਦਲੀ ਸਮੇਂ ਗੁੰਮ ਹੋ ਗਈ। ਇਹ ਮੋਹਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਲਿਖੇ ਜਾਂਦੇ ਹੁਕਮਨਾਮਿਆਂ, ਮੇਜਰਨਾਮਿਆਂ, ਚਿਠੀਆਂ ਆਦਿ ਉੱਤੇ ਸ਼ੁਰੂ ਤੋਂ ਹੀ ਲਗਾਈ ਜਾਂਦੀ ਸੀ। ਮੌਜੂਦਾ ਮੋਹਰ ਲੱਕੜੀ ਦੇ ਮੁੱਠੇ ਵਾਲੀ ਅਤੇ ਗੋਲ ਆਕਾਰ ਦੀ ਹੈ।[151] ਇਸ ਵਿਚ ਇਹ ਅੱਖਰ ਖੁਦੇ ਹੋਏ ਹਨ:

**ਸ੍ਰੀ ਅਕਾਲ ਜੀ ਸਹਾਇ**

**ਤਖ਼ਤ ਸੱਚਖੰਡ**

**ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਨਾਂਦੇੜ**

ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਪੁਰਾਤਨ ਸਮੇਂ ਤੋਂ ਵੱਖ -ਵੱਖ ਮਸਲਿਆਂ ਉੱਤੇ ਅਤੇ ਸਿੱਖੀ ਦੇ ਪ੍ਰਚਾਰ ਹਿਤ ਹੁਕਮਨਾਮੇ ਜਾਰੀ ਹੁੰਦੇ ਰਹੇ ਹਨ। ਇਸ ਤਖ਼ਤ ਸਾਹਿਬ ਤੋਂ ਵੱਖ -ਵੱਖ ਸਮੇਂ ਵਿਚ ਜਾਰੀ ਹੋਏ ਕੁਝ ਹੁਕਮਨਾਮੇ ਮਿਲਦੇ ਹਨ ਪਰ 1883 ਈ. ਵਿਚ ਨਿਰਮਲਿਆਂ ਬਾਰੇ ਲਏ ਫ਼ੈਸਲੇ ਤੋਂ ਪਹਿਲਾਂ ਇਸ ਤਖ਼ਤ ਦਾ ਕੋਈ ਵੀ ਹੁਕਮਨਾਮਾ ਸਾਨੂੰ ਪ੍ਰਾਪਤ ਨਹੀਂ ਹੋਇਆ। ਹੁਣ ਤੱਕ ਪ੍ਰਾਪਤ ਹੋਏ ਇਨ੍ਹਾਂ ਹੁਕਮਨਾਮਿਆਂ 'ਤੇ ਤਖ਼ਤ ਦੀ ਮੋਹਰ ਲੱਗੀ ਹੋਈ ਹੈ ਪਰ ਹੇਠਾਂ ਲਿਖੇ ਹੁਕਮਨਾਮਿਆਂ ਵਿਚ ਪਹਿਲੇ ਦੋ ਹੁਕਮਨਾਮੇ ਬਿਨਾਂ ਮੋਹਰ ਤੋਂ ਹਨ। ਵੱਖ-ਵੱਖ ਸਮੇਂ 'ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਹੇਠ ਲਿਖੇ ਹਨ:

- ਸੰਨ 1883 ਈ. (ਸੰਮਤ 1940 ਬ੍ਰਿ.) ਵਿਚ ਤਖ਼ਤ ਹਜ਼ੂਰ ਸਾਹਿਬ ਤੋਂ ਨਿਰਮਲਿਆਂ ਦੇ ਖਿਲਾ ਫ਼ ਹੁਕਮਨਾਮਾ ਜਾਰੀ ਹੋਇਆ ਸੀ। ਇਸ ਹੁਕਮਨਾਮੇ ਦੇ ਸ਼ੁਰੂ ਵਿਚ ਤਖ਼ਤ ਸਾਹਿਬ ਦੇ ਪੁਜਾਰੀਆਂ ਨੇ ਨਾਮ ਹਨ ਜਿਨ੍ਹਾਂ ਨੇ ਹੁਕਮਨਾਮਾ ਲਿਖਿਆ ਹੈ।
- ਇਹ ਹੁਕਮਨਾਮਾ ਸੰਨ 1917-18 ਈ. ਵਿਚ ਜਾਰੀ ਹੋਇਆ ਪ੍ਰਤੀਤ ਹੁੰਦਾ ਹੈ ਜਦੋਂ ਪੰਜਾਬ ਵਿੱਚ ਪੰਚ ਖਾਲਸਾ ਦੀਵਾਨ ਭਸੋੜ (ਬਾਬੂ ਤੇਜਾ ਸਿੰਘ ਭਸੋੜ ), ਮਾਝਾ ਸੈਂਟਰਲ ਦੀਵਾਨ ਆਦਿਕ ਸੁਧਾਰਕ ਜਥਿਆਂ ਵੱਲੋਂ 1916-17 ਈ. ਰਾਗ ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਦੀ ਲਹਿਰ ਜੋਰਾਂ 'ਤੇ ਚਲਾਈ ਗਈ ਸੀ। ਇਸ ਪ੍ਰਤੀਕਰਮ ਵਜੋਂ ਪੈਦਾ ਹੋਏ ਭਾਈ ਵਿਰੋਧ ਨੂੰ ਦੇਖਦੇ

[151] ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰੇ ਭਾਈ ਰਾਮ ਸਿੰਘ ਧੂਪੀਆ ਦੇ ਦੱਸਣ ਅਨੁਸਾਰ।

ਹੋਏ ਪੰਥ ਦੇ ਬਾਕੀ ਤਖ਼ਤਾਂ ਦੀ ਤਰ੍ਹਾਂ ਤਖ਼ਤ ਹਜ਼ੂਰ ਸਾਹਿਬ ਤੋਂ ਵੀ ਇਹ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਇਸ ਹੁਕਮਨਾਮੇ ਉੱਪਰ ਕੋਈ ਮਿਤੀ ਨਹੀਂ ਦਿਤੀ ਹੋਈ।

- 21 ਜਨਵਰੀ, 1957 ਈ. ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਮਦਮੀ ਬੀੜ ਨੂੰ ਛੱਡ ਕੇ ਕਿਸੇ ਹੋਰ ਬੀੜ ਦੀ ਛਪਵਾਈ ਸ਼ੁਰੂ ਕਰਵਾਉਣ ਦੇ ਵਿਰੋਧ ਵਿਚ ਅਤੇ ਇਸ ਛਪਵਾਈ ਨੂੰ ਰੋਕਣ ਲਈ ਹੁਕਮਨਾਮਾ ਜਾਰੀ ਕੀਤਾ ਗਿਆ ਸੀ।
- ਅਕਤੂਬਰ, 1976 ਈ. ਵਿਚ ਸ੍ਰ. ਰਲਾ ਸਿੰਘ ਨੂੰ ਸਿੰਘਾਸਣ ਸਾਹਿਬ (ਅਸਥਾਨ) ਦੇ ਸਤਿਕਾਰ ਖਿਲਾਫ਼ ਬੋਲੇ ਲ ਫ਼ਜ਼ ਅਤੇ ਅਕਾਲੀ ਬੁੱਢਾ ਦਲ ਦੇ ਜਥੇਦਾਰ (96 ਕਰੋੜੀ ਸੰਤਾ ਸਿੰਘ ) ਤੋਂ ਹੁਕਮਨਾਮਾ ਜਾਰੀ ਕਰਵਾਕੇ ਪੰਥ ਵਿਚ ਪੈਦਾ ਕੀਤੇ ਵਾਦ -ਵਿਵਾਦ ਦੇ ਸੰਬੰਧ ਵਿਚ 27 ਅਕਤੂਬਰ, 1976 ਈ. ਨੂੰ ਇਹ ਹੁਕਮਨਾਮਾ ਜਾਰੀ ਕੀਤਾ ਗਿਆ ਸੀ।
- ਜੂਨ, 1984 ਈ. ਵਿਚ ਜਦੋਂ ਭਾਰਤ ਸਰਕਾਰ ਨੇ ਸ੍ਰੀ ਅਕਾਲ ਸਾਹਿਬ ਅੰਮ੍ਰਿਤਸਰ ਉੱਪਰ ਫ਼ੌਜੀ ਹਮਲਾ ਕੀਤਾ ਸੀ ਤਾਂ ਉਸ ਸਮੇਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ 17 ਜੂਨ, 1984 ਈ. ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਇਸ ਹੁਕਮਨਾਮੇ ਵਿਚ ਅੰਮ੍ਰਿਤਸਰ ਵਿਖੇ ਹੋਈ ਘੋਰ ਬੇਅਦਬੀ ਅਤੇ ਸਿੱਖਾਂ ਦੀਆਂ ਸ਼ਹਾਦਤਾਂ ਦੇ ਦੋਸ਼ ਵਿਚ ਗਿਆਨੀ ਜੈਲ ਸਿੰਘ ਭਾਰਤ ਦੇ ਰਾਸ਼ਟਰਪਤੀ, ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ 'ਤਨਖਾਹੀਆ' ਕਰਾਰ ਦਿੱਤਾ ਗਿਆ ਸੀ।
- ਦੇਸ਼ਾਂ-ਵਿਦੇਸ਼ਾਂ ਵਿਚ ਤਖ਼ਤ ਹਜ਼ੂਰ ਸਾਹਿਬ ਦੇ ਨਾਮ 'ਤੇ ਮਾਇਆ ਇਕੱਠੀ ਕਰਨ ਅਤੇ ਨਾਂਦੇੜ ਵਿਖੇ ਤਖ਼ਤ ਸਾਹਿਬ ਦੇ ਆਸ -ਪਾਸ ਗੁਰੂ ਸਾਹਿਬਾਨ ਜਾਂ ਸਾਹਿਬਜਾਦਿਆਂ ਦੇ ਨਾਮ 'ਤੇ ਅਸਥਾਨ ਬਣਾਉਣ ਅਤੇ ਮਰਿਯਾਦਾ ਦੇ ਸੰਬੰਧ ਵਿਚ ਤਖ਼ਤ ਸਾਹਿਬ ਤੋਂ ਇਹ ਹੁਕਮਨਾਮਾ 3 ਨਵੰਬਰ, 2005 ਨੂੰ ਜਾਰੀ ਕੀਤਾ ਗਿਆ ਸੀ।

ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਤਖ਼ਤ ਸਾਹਿਬ ਅਤੇ ਨਾਂਦੇੜ ਦੇ ਇਤਿਹਾਸਕ ਗੁਰਦੁਆਰਿਆਂ ਦੀ ਕਾਇਆ ਕਲਪ ਸ਼ੁਰੂ ਕੀਤੀ ਗਈ। ਤਖ਼ਤ ਸਾਹਿਬ ਦੀ ਇਮਾਰਤ ਅਤੇ ਬਾਹਰ ਆਲੇ

ਦੁਆਲੇ ਦੀ ਪਰਿਕਰਮਾ ਵਿਚ ਸੰਗਮਰਮਰ ਲਗਾਇਆ ਗਿਆ ਜਿਸਦੇ ਸੰਗਤਾਂ ਅੱਜ ਵੀ ਦਰਸ਼ਨ ਕਰਦੀਆਂ ਹਨ। ਸੰਨ 1978 ਈ. ਨੂੰ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਨੇ ਜਿੰਨੇ ਵੀ ਇਤਿਹਾਸਕ ਗੁਰ-ਅਸਥਾਨ ਸਨ ਉਨ੍ਹਾਂ ਨੂੰ ਸਮੇਂ ਮੁਤਾਬਿਕ ਖੁੱਲ੍ਹੇ ਬਣਾਉਣ ਦਾ ਵਿਚਾਰ ਕੀਤਾ ਤਾਂ ਇਹ ਸੇਵਾ ਸਤਿਕਾਰ ਯੋਗ ਸ੍ਰੀ ਮਾਨ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਸੌਂਪੀ ਗਈ।[152] ਇਨ੍ਹਾਂ ਮਹਾਂਪੁਰਖਾਂ ਨੇ ਹੀ ਤਖ਼ਤ ਸਾਹਿਬ ਉੱਪਰ ਸੰਗਮਰਮਰ ਲਾਉਣ ਅਤੇ ਬਾਕੀ ਦੇ ਗੁਰਧਾਮਾਂ ਦੀਆਂ ਨਵੀਆਂ ਇਮਾਰਤਾਂ ਬਣਾਉਣ ਦੀ ਸੇਵਾ ਕਰਵਾਈ ਸੀ।

1944 ਈ. ਤੋਂ 2000 ਤੱਕ ਜਥੇਦਾਰ ਭਾਈ ਬਹਾਦਰ ਸਿੰਘ, ਭਾਈ ਹੀਰਾ ਸਿੰਘ ਦੂਜਾ, ਭਾਈ ਹਰਨਾਮ ਸਿੰਘ, ਭਾਈ ਜੋਗਿੰਦਰ ਸਿੰਘ ਅਤੇ ਭਾਈ ਹਜ਼ੂਰਾ ਸਿੰਘ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਜਥੇਦਾਰੀ ਵਜੋਂ ਸੇਵਾ ਨਿਭਾਉਂਦੇ ਰਹੇ ਸਨ। ਰਾਇ ਹਨਵੰਤ ਪ੍ਰਸਾਦ ਦੇ ਸਮੇਂ ਤਖ਼ਤ ਦੇ ਜਥੇਦਾਰ ਨੂੰ ਪੁਜਾਰੀ ਕਹਿਣ ਦਾ ਰਿਵਾਜ ਪ੍ਰਚੱਲਿਤ ਹੋਇਆ ਸੀ ਪਰ ਇਸ ਅਰਸੇ ਵਿਚ ਹੀ ਕੁਝ ਕੁ ਸਮੇਂ ਤੋਂ ਦੁਬਾਰਾ ਜਥੇਦਾਰ ਜੀ ਨੂੰ ਪੁਜਾਰੀ ਦੀ ਥਾਂ ਸਿੱਖ ਸੰਗਤਾਂ ਵਿੱਚ ਜਥੇਦਾਰ ਜੀ ਕਹਿਕੇ ਬੁਲਾਇਆ ਜਾਣ ਲੱਗ ਪਿਆ। 1956 ਈ. ਤੋਂ ਪਹਿਲਾਂ ਤਖ਼ਤ ਸਾਹਿਬ ਵਿਖੇ ਜਥੇਦਾਰ ਦੀ ਸੇਵਾ ਨਿਭਾਉਣ ਵਾਲੇ ਸਾਰੇ ਸਿੰਘ ਸੱਜਣ ਪੰਜਾਬ ਨਾਲ ਸੰਬੰਧਿਤ ਰਹੇ ਸਨ। 1956 ਈ. ਤੋਂ ਬਾਅਦ ਦੇ ਤਖ਼ਤ ਸਾਹਿਬ ਦੇ ਜਥੇਦਾਰ ਹਜ਼ੂਰੀ ਸਿੱਖਾਂ ਵਿਚੋਂ ਹੋਏ ਹਨ।

ਇਕੀਵੀਂ ਸਦੀ ਦੇ ਆਰੰਭ ਵਿੱਚ 300 ਸਾਲਾ ਗੁਰਤਾਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਨ 2008 ਵਿੱਚ ਮਨਾਏ ਗਏ ਵਿਸ਼ਵ ਪੱਧਰੀ ਸਮਾਗਮਾਂ ਸਮੇਂ ਸੱਚਖੰਡ ਗੁਰਦੁਆਰੇ ਦੇ ਪਰਿਸਰ ਅਤੇ ਨਾਂਦੇੜ ਸ਼ਹਿਰ ਦੀ ਕਾਇਆ ਕਲਪ (ਨਵੀਨੀਕਰਨ) ਕੀਤੀ ਗਈ। ਜਿਸ ਵਿੱਚ ਮਹਾਰਾਸ਼ਟਰ ਅਤੇ ਭਾਰਤ ਸਰਕਾਰ ਵਲੋਂ ਕਰੋੜਾਂ ਰੁਪਏ ਦਾ ਅਨੁਦਾਨ ਦਿੱਤਾ ਗਿਆ। ਸ਼ਹਿਰ ਵਿੱਚ ਨਵੇਂ ਫ਼ਲਾਈ ਓਵਰ ਬ੍ਰਿਜ, ਏਅਰਪੋਰਟ, ਨਵੀਆਂ ਵੱਡੀਆਂ-ਚੌੜੀਆਂ ਸੜਕਾਂ ਬਣਾਉਣ ਦੇ ਨਾਲ ਨਾਲ ਰੇਲਵੇ ਸਟੇਸ਼ਨ ਦਾ ਨਵੀਨੀਕਰਨ ਆਦਿ ਦੇ ਕੰਮ ਵੱਡੇ ਪੱਧਰ 'ਤੇ ਕੀਤੇ ਗਏ। ਇਸੇ ਤਰ੍ਹਾਂ ਗੁਰਦੁਆਰਾ ਸੱਚਖੰਡ ਸਾਹਿਬ ਦੇ ਪ੍ਰਬੰਧਕਾਂ ਵਲੋਂ ਸਰਕਾਰ ਅਤੇ ਸੰਗਤਾਂ ਦੇ ਸਹਿਯੋਗ ਨਾਲ ਯਾਤਰੂਆਂ ਲਈ ਸ਼ਾਨਦਾਰ ਰਿਹਾਇਸ਼ੀ ਇਮਾਰਤਾਂ ਦੀ ਉਸਾਰੀ ਕਰਵਾਈ ਗਈ।[153] ਜਿਨ੍ਹਾਂ ਵਿਚ ਗੁਰਦੁਆਰਾ ਸੱਚਖੰਡ ਪਰਿਸਰ ਦਾ ਵਿਕਾਸ ਅਤੇ ਉਸਾਰੀ, ਪੰਜਾਬ ਭਵਨ, ਸ੍ਰੀ ਗੁਰੂ

---

152 *ਸੱਚਖੰਡ ਪੱਤਰ,* ਅਕਤੂਬਰ 2007, ਪੰਨਾ 42.

153 ਉਕਤ, ਸਤੰਬਰ 2010, ਪੰਨਾ 37.

ਗੋਬਿੰਦ ਸਿੰਘ ਜੀ ਐਨ. ਆਰ. ਆਈ. ਯਾਤਰੀ ਨਿਵਾਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ, ਸ੍ਰੀ ਗੁਰੂ ਅਮਰਦਾਸ ਜੀ ਯਾਤਰੀ ਨਿਵਾਸ, ਭਾਈ ਜੋਗਾ ਸਿੰਘ ਜੀ (ਐਸ. ਜੀ. ਪੀ. ਸੀ.) ਯਾਤਰੀ ਨਿਵਾਸ ਆਦਿ ਪ੍ਰਮੁੱਖ ਉਸਾਰੀਆਂ ਹਨ। ਤਖ਼ਤ ਸਾਹਿਬ ਦੇ ਆਲੇ -ਦੁਆਲੇ ਨੂੰ ਸੁੰਦਰ ਅਤੇ ਆਧੁਨਿਕ ਬਣਾਇਆ ਗਿਆ। ਇਸ ਦੇ ਲਈ ਤਖ਼ਤ ਦੇ ਨਜ਼ਦੀਕ ਕੁਝ ਪੁਰਾਤਨ ਬੁੰਗਿਆਂ , ਬਾਰਾਂਦਰੀ ਅਤੇ ਆਸ -ਪਾਸ ਦੇ ਘਰਾਂ ਨੂੰ ਯੋਜਨਾਬੱਧ ਢੰਗ ਨਾਲ ਢਾਹ ਦਿੱਤਾ ਗਿਆ ਸੀ। It began with the demolition of the 174-year-old Baba Wassan Singh Bunga in October 2006. Winthin months, other structures met the same fate.[154]

ਇਨ੍ਹਾਂ ਸ਼ਤਾਬਦੀ ਸਮਾਰੋਹਾਂ ਦੀ ਮਹੱਤਤਾ ਨੂੰ ਦੇਖਦੇ ਹੋਏ ਕੇਂਦਰ ਅਤੇ ਮਹਾਰਾਸ਼ਟਰ ਸਰਕਾਰ ਵੱਲੋਂ ਮਹਾਰਾਸ਼ਟਰ ਦੇ ਤਤਕਾਲੀਨ ਪੁਲਿਸ ਮੁਖੀ (ਡੀ. ਜੀ. ਪੀ.) ਡਾ. ਪਰਵਿੰਦਰ ਸਿੰਘ ਪਸਰੀਚਾ ਜੀ ਨੂੰ ਗੁਰਦੁਆਰਾ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਉਸ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਨ੍ਹਾਂ ਸ਼ਤਾਬਦੀ ਸਮਾਰੋਹਾਂ ਪ੍ਰਤੀ ਨਿੱਜੀ ਦਿਲਚਸਪੀ ਦਿਖਾਈ ਅਤੇ ਕਰੋੜਾਂ ਰੁਪਏ ਦੇ ਫੰਡ ਜਾਰੀ ਕੀਤੇ। ਕੇਂਦਰ ਅਤੇ ਮਹਾਰਾਸ਼ਟਰ ਸਰਕਾਰ ਨੇ ਸਮਾਗਮ ਤੋਂ ਪਹਿਲਾਂ ਨਾਂਦੇੜ ਨਗਰੀ ਦੇ ਵਿਕਾਸ ਕਾਰਜਾਂ ਲਈ 1500 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਕਸਬੇ ਲਈ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਤਹਿਤ ਰਾਜ ਸਰਕਾਰ ਨੇ 733 ਕਰੋੜ ਰੁਪਏ ਅਤੇ ਕੇਂਦਰ ਸਰਕਾਰ ਨੇ 774 ਕਰੋੜ ਰੁਪਏ ਦਿੱਤੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਮੇਟੀ ਨੂੰ 8 ਕਰੋੜ ਰੁਪਏ ਦਿੱਤੇ ਹਨ। [155] ਇਸ ਤੋਂ ਇਲਾਵਾ ਬੋਰਡ ਵੱਲੋਂ ਗੁਰਦੁਆਰਾ ਪ੍ਰੋਜੈਕਟ 'ਤੇ 125 ਕਰੋੜ ਰੁਪਏ ਖ਼ਰਚ ਕਰਨ ਲਈ ਨਿਰਧਾਰਿਤ ਰੱਖੇ ਗਏ।[156]

ਉਕਤ ਵਿਕਾਸ ਕਾਰਜਾਂ ਤੋਂ ਇਲਾਵਾ ਇਸ ਸਮੇਂ ਹੀ 8 ਏਕੜ ਜ਼ਮੀਨ ਵਿਚ ਬਹੁਤ ਖ਼ੂਬਸੂਰਤ ਆਧੁਨਿਕ ਢੰਗ ਨਾਲ 'ਗੋਬਿੰਦ ਬਾਗ' ਅਤੇ ਇਸ ਬਾਗ ਵਿਚ ਗੁਰਦੁਆਰਾ ਗੋਬਿੰਦ ਬਾਗ ਸਾਹਿਬ

---

[154] Nihang, Nidar Singh & Parmjit Singh, *In The Master's Presence The Sikhs of Hazoor Sahib* (Vol.I), page 281.

[155] Girish Kuber, "Big money flows into Nanded", The Economic Times (7 November 2007).

[156] https://www.sikhnet.com/news/have-you-eyes-it

ਬਣਾਇਆ ਗਿਆ। ਇਸ ਬਾਗ ਵਿਚ ਲਗਾਇਆ 'ਲੇਜ਼ਰ ਸੋਅ' ਆਪਣੇ ਆਪ ਵਿਚ ਕਿਸੇ ਅਜੂਬੇ ਤੋਂ ਘੱਟ ਨਹੀਂ ਅਤੇ ਇਹ ਵਿਸੇਸ਼ ਖਿੱਚ ਦਾ ਕੇਂਦਰ ਹੈ। ਨਾਂਦੇੜ ਸਾਹਿਬ ਦੇ ਹਵਾਈ ਅੱਡੇ ਦਾ ਨਾਂ 'ਸ੍ਰੀ ਗੁਰੂ ਗੋਬਿੰਦ ਸਿੰਘ ਹਵਾਈ ਅੱਡਾ' ਅਤੇ ਰੇਲਵੇ ਸਟੇਸ਼ਨ ਦਾ ਨਾਂ 'ਹਜ਼ੂਰ ਸਾਹਿਬ ਨਾਂਦੇੜ' ਰੱਖਿਆ ਗਿਆ। ਤਖ਼ਤ ਸਾਹਿਬ ਦੇ ਚਾਰੇ ਪਾਸੇ ਤਿੰਨ ਮੰਜਲੀ ਸਰ੍ਹਾਂ ਬਣਾਈ ਗਈ ਜਿਸ ਵਿੱਚ 190 ਏ. ਸੀ. ਕਮਰੇ, 10 ਹਾਲ, ਸੁੰਦਰ ਲੰਗਰ ਹਾਲ ਅਤੇ ਦਫ਼ਤਰ ਬਣਾਏ ਗਏ। ਤਖ਼ਤ ਸਾਹਿਬ ਦੇ ਪਰਿਸਰ ਨੂੰ ਖੁੱਲ੍ਹਾ ਕਰਨ ਸਮੇਂ ਤਖ਼ਤ ਸਾਹਿਬ ਦੇ ਆਸ-ਪਾਸ ਵਸਦੇ 791 ਪਰਿਵਾਰਾਂ ਦੇ ਪੁਨਰਵਾਸ ਲਈ ਤਖ਼ਤ ਸਾਹਿਬ ਤੋਂ 300 ਮੀਟਰ ਦੂਰ ਪ੍ਰਬੰਧ ਕਰਕੇ ਦਿੱਤਾ ਗਿਆ। "ਉਨ੍ਹਾਂ ਦੇ ਪੁਨਰਵਾਸ ਲਈ 19 ਏਕੜ ਜਮੀਨ 'ਚ 12 ਮਹੀਨਿਆਂ ਵਿਚ ਅਬਚਲਨਗਰ ਕਲੋਨੀ ਬਣਾ ਕੇ ਦਿੱਤੀ ਗਈ।"[157] ਜਿਸਦਾ ਨੀਂਹ ਪੱਥਰ 1 ਮਾਰਚ, 2007 ਨੂੰ ਰੱਖਿਆ ਗਿਆ ਸੀ। ਇਸ ਤੋਂ ਇਲਾਵਾ ਤਖ਼ਤ ਸਾਹਿਬ ਦੀ ਪਰਿਕਰਮਾ ਅਤੇ ਪਰਿਸਰ ਨੂੰ ਖੁੱਲ੍ਹਾ ਕਰਨ ਦੇ ਨਾਲ ਨਾਲ ਗੋਦਾਵਰੀ ਨਦੀ ਦੇ 2 ਕਿ. ਮੀ. ਦੇ ਘਾਟ ਨੂੰ ਪੱਕਾ ਕੀਤਾ ਗਿਆ।

The entire Sachkhand Sri Hazur Sahib Complex has been redesigned on modern lines. A marbled courtyard of about 2,50,000 sq.ft, surrounded by rich plantation, lush green landscaping and parking spaces has been developed. The roads surrounding the Sachkhand Sri Hazur Sahib Complex have also been widened and beautified. The Langar Hall can accommodate nearly 1200 at a time. A Facilitation Centre has been constructed outside the main entrance (Gate-I) to guide and assist the sangat. Accommodation is being allotted from this centre. A number of facilities such as Railway and air reservation, Cyber cafe, PCO, ATM Centre, Police assistance, Souvenir shop, etc. have been introduced. The Latest technology in sound systems has been employed to relay the shabad kirtan all over

---

157 ਪਸਰੀਚਾ, ਪੀ . ਐਸ., *ਨਾਂਦੇੜ ਪਰਿਵਰਤਨ ਦਾ ਸਫ਼ਰ* , ਸਰਬਜਿੰਦਰ ਸਿੰਘ (ਅਨੁ.), ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਅਕਤੂਬਰ 2011 (ਪਹਿਲੀ ਵਾਰ), ਪੰਨਾ 3.

the parikarma and its vicinity.[158] ਇਨ੍ਹਾਂ ਤੋਂ ਇਲਾਵਾ ਨਾਂਦੇੜ ਸ਼ਹਿਰ ਦੇ ਨਵੀਨੀਕਰ ਨ ਵਿਚ ਕਈ ਹੋਰ ਕਾਰਜ ਵੀ ਸ਼ਾਮਲ ਸਨ ਜਿਵੇਂ ਕਿ ਜਨ -ਸਧਾਰਨ ਨੂੰ ਸਾਫ਼ ਅਤੇ ਨਿਰੰਤਰ ਪਾਣੀ ਦੀ ਸਪਲਾਈ , ਸੀਵਰੇਜ ਪ੍ਰਬੰਧ, ਸੁੰਦਰ ਅਤੇ ਸਾਫ਼ ਸੁਥਰੀਆਂ ਸੜਕਾਂ, ਸ਼ਹਿਰ ਦੀ ਆਧੁਨਿਕ ਦਿੱਖ ਆਦਿ।

ਅੱਜ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਬਾਬਾ ਕੁਲਵੰਤ ਸਿੰਘ ਜੀ 12 ਜਨਵਰੀ, 2000 ਤੋਂ ਜਥੇਦਾਰ ਵਜੋਂ ਸੇਵਾ ਨਿਭਾਉਂਦੇ ਆ ਰਹੇ ਹਨ। ਜੋ ਬੜੇ ਉੱਦਮੀ ਅਤੇ ਦੀਦਾਰੀ ਸਿੰਘ ਹਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਹਰ ਸਾਲ ਦੇਸਾਂ-ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤ ਪਹੁੰਚਦੀ ਹੈ ਅਤੇ ਦਰਸ਼ਨ ਕਰ ਕੇ ਆਪਣਾ ਜੀਵਨ ਸਫ਼ਲਾ ਕਰਦੀ ਹੈ। ਗੁਰੂ ਕਾ ਲੰਗਰ ਚੌਵੀ ਘੰਟੇ ਅਤੁੱਟ ਵਰਤਾਇਆ ਜਾਂਦਾ ਹੈ। ਤਖ਼ਤ ਸਾਹਿਬ ਦੀ ਸੇਵਾ ਸੰਭਾਲ ਅਤੇ ਆਉਣ ਵਾਲੀ ਸੰਗਤ ਦਾ ਸਮੁੱਚਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਸ੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰੂ ਗੋਬਿੰਦ ਸਿੰਘ ਜੀ ਦਾ ਅੰਤਿਮ ਅਸਥਾਨ ਹੈ ਅਤੇ ਵਰਤਮਾਨ ਸਮੇਂ ਵਿਚ ਇਹ ਅਸਥਾਨ ਗੁਰੂ ਸਾਹਿਬ ਜੀ ਦੀ ਯਾਦ ਵਿਚ ਇੱਕ ਅਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਹੈ। ਤਖ਼ਤ ਸਾਹਿਬ ਦਾ ਨਵਾਂ ਸ਼ਾਨਦਾਰ ਕੰਪਲੈਕਸ ਯਾਤਰੂਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਗਿਆ ਹੈ।

ਸਿੱਖ ਗੁਰੂ ਸਾਹਿਬਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵੱਖ-ਵੱਖ ਸਮੇਂ ਵਿਚ ਖ਼ਾਲਸਾ ਪੰਥ ਦੇ ਪੰਜ ਤਖ਼ਤਾਂ ਦੀ ਸਥਾਪਨਾ ਕੀਤੀ ਗਈ ਸੀ। ਗੁਰੂ ਸਾਹਿਬਾਨ ਨੇ ਪੰਜੇ ਹੀ ਤਖ਼ਤਾਂ ਦੀ ਆਪਣੇ -ਆਪਣੇ ਇਲਾਕੇ ਵਿਚ ਮਹਾਨਤਾ ਕਾਇਮ ਕੀਤੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ , ਅੰਮ੍ਰਿਤਸਰ ਖ਼ਾਲਸਾ ਪੰਥ ਦਾ ਕੇਂਦਰੀ ਅਤੇ ਪਹਿਲਾ ਤਖ਼ਤ ਹੈ। ਬਾਕੀ ਦੇ ਚਾਰੇ ਤਖ਼ਤ ਖੇਤਰੀ ਤਖ਼ਤ ਹਨ ਅਤੇ ਆਪਣੇ-ਆਪਣੇ ਖੇਤਰ ਵਿਚ ਪੰਥਕ ਮਸਲਿਆਂ ਸੰਬੰਧੀ ਫ਼ੈਸਲੇ ਲੈਣ ਵਿਚ ਸੁਤੰਤਰ ਹਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਪੰਥ ਦੇ ਮਸਲਿਆਂ ਸੰਬੰਧੀ ਅਤੇ ਗੁਰਮਤਿ ਪ੍ਰਚਾਰ ਲਈ ਸ਼ੁਰੂ ਤੋਂ ਹੀ ਫ਼ੈਸਲੇ ਲਏ ਜਾਂਦੇ ਰਹੇ ਹਨ ਅਤੇ ਹੁਕਮਨਾਮੇ ਜਾਰੀ ਕੀਤੇ ਜਾਂਦੇ ਰਹੇ ਹਨ। ਉਕਤ ਇਤਿਹਾਸਕ ਘਟਨਾਕ੍ਰਮ ਅਨੁਸਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਖ਼ਾਲਸਾ ਪੰਥ ਦਾ ਪੰਜਵਾਂ ਹੈ ਅਤੇ ਸਿੱਖ ਇਤਿਹਾਸ ਵਿਚ ਇਸ ਦਾ ਮਹੱਤਵਪੂਰਨ

---

[158] Pasricha, P. S., *Nanded a Journey of transformation,* Takhat Sachkhand Sri Hazur Abchalnagar Sahib, Nanded, 2011, page 69.

ਯੋਗਦਾਨ ਅਤੇ ਸਥਾਨ ਹੈ। ਵਰਤਮਾਨ ਸਮੇਂ ਵਿਚ ਪੰਜਾਬ ਤੋਂ ਸੈਂਕੜੇ ਮੀਲ ਦੂਰ ਹੋਣ ਦੇ ਬਾਵਜੂਦ ਵੀ ਇੱਥੇ ਹਰ-ਰੋਜ਼ ਹਜ਼ਾਰਾਂ ਯਾਤਰੀ ਪਹੁੰਚਦੇ ਹਨ ਅਤੇ ਇਹ ਤਖ਼ਤ ਦੱਖਣੀ ਭਾਰਤ ਵਿਚ ਸਿੱਖਾਂ ਦਾ ਇੱਕ ਮਹਾਨ ਕੇਂਦਰ ਬਣ ਗਿਆ ਹੈ। ਦੂਰ ਦੱਖਣ ਵਿਚ ਸਥਿਤ ਇਸ ਤਖ਼ਤ ਨੇ ਸਿੱਖ ਇਤਿਹਾਸ ਵਿਚ ਅਹਿਮ ਯੋਗਦਾਨ ਪਾਇਆ ਹੈ।

**ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਕਮਰਕੱਸੇ**

ਤਖ਼ਤ ਸਾਹਿਬ ਦੇ ਅੰਦਰਲੇ ਥੜ੍ਹੇ 'ਤੇ ਅਨੇਕਾਂ ਪੁਰਾਤਨ ਸ਼ਸਤਰ ਸੁਸ਼ੋਭਿਤ ਹਨ। ਇਨ੍ਹਾਂ ਤੋਂ ਇਲਾਵਾ ਇੱਥੇ ਅਨੇਕਾਂ ਹੀ ਸਿੱਖ ਜਰਨੈਲਾਂ ਅਤੇ ਸਿੱਖ ਰਾਜਿਆਂ ਮਹਾਰਾਜਿਆਂ ਦੇ ਕਮਰਕੱਸੇ ਪਏ ਹਨ। ਪਹਿਲੇ ਸਮਿਆਂ ਵਿਚ ਸਿੱਖ ਆਗੂਆਂ ਵਿਚ ਇਹ ਰਵਾਇਤ ਸੀ ਕਿ ਜਦੋਂ ਵੀ ਕਿਸੇ ਸਿੱਖ ਜਰਨੈਲ ਜਾਂ ਰਾਜੇ ਮਹਾਰਾਜੇ ਦਾ ਦਿਹਾਂਤ ਹੁੰਦਾ ਤਾਂ ਉਸ ਦਾ ਕਮਰਕੱਸਾ ਇੱਥੇ ਭੇਜਿਆ ਜਾਂਦਾ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਪਿਛੋਂ ਦੇ ਮਹਾਰਾਜਿਆਂ ਦੇ ਕਮਰਕੱਸੇ ਇੱਥੇ ਭੇਜੇ ਗਏ ਸਨ। ਇਹ ਕਮਰਕੱਸੇ ਬਹੁਤ ਕੀਮਤੀ ਹੁੰਦੇ ਸਨ।[159] ਕਾਫ਼ੀ ਕਮਰਕੱਸੇ ਅਤੇ ਇਨ੍ਹਾਂ ਦੀਆਂ ਕੀਮਤੀ ਚੀਜ਼ਾਂ ਸਮੇਂ ਦੇ ਨਾਲ ਨਾਲ ਹੜੱਪ ਹੋ ਗਈਆ ਜਾਂ ਕਰ ਲਈਆਂ ਗਈਆ ਅਤੇ ਅੱਜ ਸਿਰਫ਼ ਬਹੁਤ ਹੀ ਥੋੜੇ ਕਮਰਕੱਸੇ ਇੱਥੇ ਰਹਿ ਗਏ ਹਨ। ਇਸ ਸਮੇਂ ਇਨ੍ਹਾਂ ਦੀ ਗਿਣਤੀ ਸਿਰਫ਼ 25-30 ਕੁ ਦੀ ਹੀ ਹੈ ਪਰ ਪਹਿਲਾਂ ਇਹ ਸੈਂਕੜਿਆਂ ਦੀ ਗਿਣਤੀ ਵਿਚ ਸਨ। ਹਰ ਕਮਰਕੱਸਾ ਲੱਖਾਂ ਅਤੇ ਹਜ਼ਾਰਾਂ ਰੁਪਏ ਦੀ ਕੀਮਤ ਦਾ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਖੜਕ ਸਿੰਘ ਦੇ ਕਮਰਕੱਸੇ ਪੰਜ ਲੱਖ ਰੁਪਏ ਦੇ ਸਨ।[160]

ਇਸੇ ਤਰ੍ਹਾਂ ਦੇ ਹੋਰ ਵੀ ਸੈਂਕੜੇ ਕਮਰਕੱਸੇ ਸਿੱਖ ਰਾਜਿਆਂ ਦੇ ਇੱਥੇ ਪਹੁੰਚਦੇ ਰਹੇ ਸੀ ਜਿਨ੍ਹਾਂ ਦੀ ਕੀਮਤ ਦੋ ਕਰੋੜ ਤੋਂ ਉੱਪਰ ਬਣਦੀ ਸੀ। ਇਨ੍ਹਾਂ ਵਿਚ ਹਥਿਆਰ ਵੀ ਅਜਿਹੇ ਸਨ ਜੋ ਸਿਰਫ਼ ਰਾਜਿਆਂ ਮਹਾਰਾਜਿਆਂ ਕੋਲ ਹੀ ਹੋ ਸਕਦੇ ਸਨ।[161] ਇੱਕ ਚਾਂਦਨੀ ਰਾਜੇ ਚੰਦੂ ਲਾਲ ਨੇ ਸਵਾ ਲੱਖ ਰੁਪਏ ਦੀ ਚੜ੍ਹਾਈ ਹਜ਼ੂਰ ਸਾਹਿਬ, ਦੂਜੀ ਸਵਾ ਲੱਖ ਦੀ ਸ੍ਰੀ ਅੰਮ੍ਰਿਤਸਰ ਮਹਾਰਾਜੇ ਰਣਜੀਤ ਸਿੰਘ ਰਾਹੀਂ ਚੜ੍ਹਾਈ , ਇਨ੍ਹਾਂ ਦੋਹਾਂ

---

[159] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪੰਨਾ 205.

[160] ਅਜਮੇਰ ਸਿੰਘ (ਮੁੱਖ ਸੰਪਾ,), *ਖੋਜ ਪਤ੍ਰਿਕਾ* (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਪੰਨਾ 109.

[161] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪੰਨਾ 206.

ਮਖਮਲੀ ਚਾਂਦਨੀਆਂ ਦੀਆਂ ਝਾਲਰਾਂ ਨਾਲ ਤਿਰਵੰਜਾ ਹ ਜ਼ਾਰ ਸੁੱਚਾ ਮੋਤੀ ਚਣੇ ਦੇ ਦਾਣੇ ਤੋਂ ਕੁਝ ਹੀ ਛੋਟਾ ਲੱਗਿਆ ਹੋਇਆ ਸੀ, ਦੋਹਾਂ ਨੂੰ ਅੱਠ ਅੱਠ ਚੋਬਾਂ ਸੁਨਹਿਰੀ ਸਨ।[162] ਸਮੇਂ ਅਤੇ ਪ੍ਰਬੰਧ ਦੇ ਬਦਲਣ ਨਾਲ ਹੁਣ ਇਹ ਕਈ ਕੀਮਤੀ ਚੀਜਾਂ ਇਧਰ-ਉਧਰ ਹੋ ਗਈਆਂ ਹਨ।

ਇਸ ਪ੍ਰਕਾਰ ਮੌਜੂਦਾ ਅਧਿਆਇ ਵਿਚ ਅਸੀਂ ਦੇਖਿਆ ਹੈ ਕਿ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਸਿੱਖ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਅਤੇ ਸਥਾਨ ਰਿਹਾ ਹੈ। ਸਿੱਖ ਇਤਿਹਾਸ ਵਿਚ ਇਸ ਅਸਥਾਨ ਨੇ ਬਹੁਪੱਖੀ ਯੋਗਦਾਨ ਪਾਇਆ ਹੈ। ਵਰਤਮਾਨ ਸਮੇਂ ਵਿਚ ਵੀ ਇਹ ਅਸਥਾਨ ਸਿੱਖ ਇਤਿਹਾਸ , ਗੁਰਮਤਿ ਮਰਿਯਾਦਾ ਅਤੇ ਸਿਧਾਂਤ ਆਦਿ ਪੱਖਾਂ ਤੋਂ ਅਹਿਮ ਭੂ ਮਿਕਾ ਨਿਭਾਉਂਦਾ ਆ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਇੱਥੇ ਪਹੁੰਚ ਕੇ ਸੰਗਤ ਸਥਾਪਿਤ ਕੀਤੀ ਸੀ। ਉਸ ਸਮੇਂ ਤੋਂ ਹੀ ਇਹ ਅਸਥਾਨ ਸਿੱਖ ਧਰਮ ਨਾਲ ਜੁੜ ਗਿਆ ਸੀ। ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਪੰਥਕ ਕਾਰਜ ਪੂਰੇ ਕੀਤੇ। ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ ਇਸ ਅਸਥਾਨ ਨੂੰ ਖਾਲਸਾ ਪੰਥ ਦੇ ਇੱਕ ਤਖ਼ਤ ਵਜੋਂ ਸਥਾਪਿਤ ਕੀਤਾ ਸੀ। ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਗਮਨ ਤੋਂ ਬਾਅਦ ਦੱਖਣ ਵਿਚ ਇਹ ਅਸਥਾਨ ਸਿੱਖਾਂ ਦਾ ਕੇਂਦਰ ਬਿੰਦੂ ਰਿਹਾ ਹੈ। ਗੁਰੂ ਸਾਹਿਬ ਤੋਂ ਮਗਰੋਂ ਹਜ਼ੂਰੀ ਸਿੰਘਾਂ ਅਤੇ ਨਿਹੰਗ ਸਿੰਘਾਂ ਨੇ ਇਸ ਅਸਥਾਨ ਦੀ ਸੇਵਾ-ਸੰਭਾਲ ਕੀਤੀ ਅਤੇ ਪ੍ਰਬੰਧ ਚਲਾਇਆ। ਮਹਾਰਾਜਾ ਰਣਜੀਤ ਸਿੰਘ ਨੇ ਪਹਿਲੀ ਵਾਰ 1830 ਦੇ ਦਹਾਕੇ ਵਿਚ ਤਖ਼ਤ ਸਾਹਿਬ ਦੀ ਇਮਾਰਤ ਦੀ ਉਸਾਰੀ ਕਰਵਾਈ। 1830-32 ਈ. ਤੋਂ ਬਾਅਦ ਹੈਦਰਬਾਦ ਦੇ ਨਿਜ਼ਾਮ ਅਤੇ ਉਸਦੇ ਵਜ਼ੀਰ ਚੰਦੂ ਲਾਲ ਨੇ ਇਸ ਅਸਥਾਨ ਦੇ ਨਾਮ ਬਹੁਤ ਸਾਰੀ ਜ਼ਮੀਨ ਲਗਵਾਈ ਜਿਸ ਕਾਰਨ ਇਥੋਂ ਦਾ ਪ੍ਰਬੰਧ ਵਧੀਆ ਚੱਲਣਾ ਸ਼ੁਰੂ ਹੋਇਆ। ਬ੍ਰਿਟਿਸ਼ ਸਰਕਾਰ ਨੇ ਵੀ ਇਥੋਂ ਦੇ ਪ੍ਰਬੰਧ ਵਿਚ ਆਪਣੀ ਦਿਲਚਸਪੀ ਦਿਖਾਈ। ਵੱਖ-ਵੱਖ ਸਮੇਂ 'ਤੇ ਸਿੰਘਾਂ ਵੱਲੋਂ ਹਜ਼ੂਰ ਸਾਹਿਬ ਵਿਖੇ ਬੁੰਗੇ ਬਣਾਏ ਗਏ ਅਤੇ ਸਮੇਂ ਦੇ ਵੱਖ-ਵੱਖ ਪੜਾਵਾਂ ਵਿਚ ਪੰਜਾਬ ਤੋਂ ਅਨੇਕਾਂ ਸਿੱਖ ਹਜ਼ੂਰ ਸਾਹਿਬ ਵਿਖੇ ਆ ਕੇ ਵਸ ਗਏ। ਇਸ ਤੋਂ ਇਲਾਵਾ ਇਹ ਤਖ਼ਤ ਹਰੇਕ ਪੰਥਕ ਮਸਲਿਆਂ ਵਿਚ ਗੁਰਮਤਿ ਸਿਧਾਂਤਾਂ ਅਨੁਸਾਰ ਪੰਥ ਦੀ ਅਗਵਾਈ

---

[162] *ਗੁਰਦੁਆਰਾ ਗਜਟ,* ਸ਼੍ਰੋਮਣੀ ਗੁਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਨਵੰਬਰ 1965, ਪੰਨਾ 68.

ਕਰਦਾ ਰਿਹਾ ਹੈ। 1956 ਈ. ਵਿਚ ਗੁਰਦੁਆਰਾ ਸੱਚਖੰਡ ਬੋਰਡ ਬਣਨ ਉਪਰੰਤ ਇਥੋਂ ਦਾ ਪ੍ਰਬੰਧ ਖਾਲਸੇ ਦੇ ਅਧੀਨ ਹੋ ਗਿਆ ਸੀ। ਵਰਤਮਾਨ ਸਮੇਂ ਵਿਚ ਇਹ ਅਸਥਾਨ ਸਿੱਖਾਂ ਦੇ ਪੰਜ ਤਖਤਾਂ ਵਿਚੋਂ ਇੱਕ ਤਖ਼ਤ ਵਜੋਂ ਪ੍ਰਸਿੱਧ ਹੈ। ਇਹ ਅਸਥਾਨ ਦੱਖਣੀ ਭਾਰਤ ਵਿਚ ਪੰਥਕ ਗਤੀਵਿਧੀਆਂ ਦੇ ਗੜ੍ਹ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ ਅਤੇ ਹਰ ਖੇਤਰ ਵਿਚ ਤਰੱਕੀ ਕਰ ਰਿਹਾ ਹੈ।

# ਅਧਿਆਇ ਪੰਜਵਾ

# ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਵਰਤਮਾਨ ਪ੍ਰਸੰਗਿਕਤਾ

ਪਹਿਲੇ ਅਧਿਆਇਆਂ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਕ ਪਿਛੋਕੜ, ਧਾਰਮਿਕ ਮਹੱਤਵ, ਨਾਂਦੇੜ ਸਾਹਿਬ ਦੇ ਇਤਿਹਾਸਕ ਗੁਰਦੁਆ ਰਿਆਂ ਬਾਰੇ ਅਤੇ ਸਿੱਖ ਇਤਿਹਾਸ ਵਿਚ ਨਾਂਦੇੜ ਸਾਹਿਬ ਦਾ ਯੋਗਦਾਨ ਅਤੇ ਸਥਾਨ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਅਜੋਕੇ ਸਮੇਂ ਵਿਚ ਪ੍ਰਸੰਗਿਕਤਾ ਨੂੰ ਇਸ ਅਧਿਆਇ ਦਾ ਹਿੱਸਾ ਬਣਾਇਆ ਗਿਆ ਹੈ। ਇਸ ਅਧਿਆਇ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਵਰਤਮਾਨ ਪ੍ਰਸੰਗਿਕਤਾ ਨੂੰ ਵਿਚਾਰਿਆ ਗਿਆ ਹੈ।

ਵਰਤਮਾਨ ਸਮੇਂ ਨਾਂਦੇੜ ਸ਼ਹਿਰ ਮਹਾਰਾਸ਼ਟਰ ਦੇ ਮਰਾਠਵਾੜਾ ਖੇਤਰ ਦੇ ਪ੍ਰਮੁੱਖ ਸ਼ਹਿਰਾਂ ਵਿਚੋਂ ਇੱਕ ਅਤੇ ਖ਼ੂਬਸੂਰਤ ਸ਼ਹਿਰ ਹੈ। ਇਹ ਮਹਾਰਾਸ਼ਟਰ ਰਾਜ ਦਾ ਦਸਵਾਂ ਅਤੇ ਮਰਾਠਵਾ ੜਾ ਖੇਤਰ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ। ਨਾਂਦੇੜ ਮਹਾਰਾਸ਼ਟਰ ਰਾਜ ਦਾ ਇੱਕ ਜ਼ਿਲ੍ਹਾ ਅਤੇ ਜ਼ਿਲ੍ਹਾ ਹੈੱਡਕੁਆਰਟਰ ਹੈ। ਇਸ ਸਮੇਂ ਨਾਂਦੇੜ ਜ਼ਿਲ੍ਹੇ ਵਿਚ 16 ਤਹਿਸੀਲਾਂ (ਤਾਲੁਕੇ) ਹਨ। ਨਾਂਦੇੜ ਤਹਿਸੀਲ ਵਿਚ 4 ਕਸਬੇ ਅਤੇ 85 ਪਿੰਡ ਹਨ।[1] ਜ਼ਿਲ੍ਹੇ ਦੀਆਂ ਨਦੀਆਂ ਗੋਦਾਵਰੀ , ਮਾਂਜਰਾ, ਮਨਿਆਦ, ਸਰਸਵਤੀ, ਪੈਨਗੰਗਾ ਆਸਨਾ, ਸੀਤਾ ਅਤੇ ਲੇਂਡੀ ਹਨ। ਜ਼ਿਲ੍ਹੇ ਵਿਚ ਜੂਨ ਤੋਂ ਨਵੰਬਰ ਤੱਕ ਬਾਰਿਸ਼ ਹੁੰਦੀ ਹੈ। [2] ਨਵੰਬਰ ਤੋਂ ਮਾਰਚ ਦੇ ਮੱਧ ਤੱਕ ਹਵਾ ਖੁਸ਼ਕ ਅਤੇ ਮੌਸਮ ਠੰਡਾ ਹੁੰਦਾ ਹੈ। ਜ਼ਿਲ੍ਹੇ ਦੇ ਕੁਝ ਹਿੱਸੇ ਅਜਿਹੇ ਹਨ ਜਿੱਥੇ ਜੰਗਲੀ ਖੇਤਰ ਮੌਜੂਦ ਹੈ। ਜੰਗਲਾਂ ਹੇਠ ਕੁਲ ਰਕਬਾ ਲਗਭਗ 86000 ਹੈਕਟੇਅਰ ਹੈ ਜੋ ਕਿ ਜ਼ਿਲ੍ਹੇ ਦੇ ਭੂਗੋਲਿਕ ਖੇਤਰ ਦਾ ਲਗਭਗ 8.30% ਹੈ।[3] ਜ਼ਿਲ੍ਹੇ ਵਿਚ ਕਾਲੀ ਕਪਾਹ ਦੀ ਮਿੱਟੀ ਹੈ ਜੋ ਬਹੁਤ ਉਪਜਾਊ ਹੈ। ਜ਼ਿਲ੍ਹੇ ਦੀਆਂ ਸਾਰੀਆਂ

---

1 *District Census Handbook Nanded,* Series-28, Part XII-B, Census of India 2011, Maharashtra, Directorate of Census Operations, Maharashtra, 2011, page 9.

2 Shri Rathod Shivaji Lachchiram, *Urban Development Administration and Nehru Urban Renewal Programme: An Administrative study with Special Reference to Nanded City,* Department of Public Administration, Swami Ramanand Teerth Marathwada University, Nanded, January 2013, page 51.

3 https://dcmsme.gov.in/publications/traderep/nanded.htm

ਤਹਿਸੀਲਾਂ ਵਿਚ ਵਿਚ ਕਾਲੀ ਮਿਟੀ ਹੈ , ਜਿਸ ਵਿਚ ਕੈਲਸ਼ੀਅਮ , ਮੈਗਨੀਸ਼ੀਅਮ ਅਤੇ ਕਾਰਬੋਨੇਟਸ ਦੀ ਵਧੇਰੇ ਮਾਤਰਾ ਹੈ।[4]

ਗੋਦਾਵਰੀ ਨਦੀ ਨਾਂਦੇੜ ਸ਼ਹਿਰ ਦੇ ਵਿਚਕਾਰ ਦੀ ਲੰਘਦੀ ਹੈ ਅਤੇ ਸ਼ਹਿਰ ਨੂੰ ਉੱਤਰੀ ਅਤੇ ਦੱਖਣੀ ਦੋ ਭਾਗਾਂ ਵਿਚ ਵੰਡਦੀ ਹੈ। ਇਹ ਨਗਰ ਔਰੰਗਾਬਾਦ ਤੋਂ 280 ਕਿ. ਮੀ. ਦੱਖਣ-ਪੂਰਬ ਵੱਲ, ਹੈਦਰਾਬਾਦ ਤੋਂ 284 ਕਿ. ਮੀ. ਉੱਤਰ ਵੱਲ ਅਤੇ ਦਿੱਲੀ ਤੋਂ 1390 ਕਿ. ਮੀ. ਦੂਰੀ 'ਤੇ ਦੱਖਣ ਵੱਲ ਸਥਿਤ ਹੈ। ਨਾਂਦੇੜ ਸ਼ਹਿਰ, ਹਿੰਗੋਲੀ ਤੋਂ ਹੈਦਰਾਬਾਦ ਦੇ ਰਾਸ਼ਟਰੀ ਮਾਰਗ (NH 161) ਉੱਪਰ ਸਥਿਤ ਹੈ। ਇਸ ਸ਼ਹਿਰ ਵਿਚ ਪੱਥਰ ਦਾ ਇੱਕ ਪੁਰਾਤਨ ਕਿਲ੍ਹਾ ਹੈ। ਇਸ ਕਿਲ੍ਹੇ ਦੀਆਂ ਦੀਵਾਰਾਂ ਹੁਣ ਖੰਡਰ ਹਾਲਤ ਵਿਚ ਹਨ। ਸ਼ਹਿਰ ਦੀਆਂ ਸੜਕਾਂ ਸਾਫ਼ -ਸੁਥਰੀਆਂ ਅਤੇ ਚੌੜੀਆਂ ਹਨ। ਇਹ ਇੱਕ ਦੂਜੇ ਨੂੰ ਸਹੀ ਕੋਣਾਂ (Angles) 'ਤੇ ਪਾਰ ਕਰਦੀਆਂ ਹਨ।[5] ਭਾਰਤ ਦੀ ਮਰਦਮਸ਼ੁਮਾਰੀ ਦੀਆਂ ਅਨੁਮਾਨਿਤ ਰਿਪੋਰਟਾਂ ਅਨੁਸਾਰ ਸਾਲ 2011 ਵਿਚ ਨਾਂਦੇੜ ਦੀ ਆਬਾਦੀ 550,439 ਹੈ। ਜਿਨ੍ਹਾਂ ਵਿਚੋਂ ਮਰਦ ਅਤੇ ਔਰਤਾਂ ਕ੍ਰਮਵਾਰ 285,433 ਅਤੇ 265,006 ਹਨ।[6] ਸਾਲ 2022-23 ਵਿਚ ਨਾਂਦੇੜ ਦੀ ਮੌਜੂਦਾ ਅਨੁਮਾਨਿਤ ਆਬਾਦੀ 758,000 ਹੈ। 2021 ਵਿਚ ਕੋਵਿਡ (ਕਰੋਨਾ ਵਾਇਰਸ) ਕਾਰਨ ਨਾਂਦੇੜ ਸ਼ਹਿਰ ਦੀ ਨਿਰਧਾਰਿਤ ਜਨਗਣਤਾ ਮੁਲਤਵੀ ਕਰ ਦਿੱਤੀ ਗਈ ਸੀ। ਲਗਭਗ 70% ਆਬਾਦੀ ਹਿੰਦੂ ਅਤੇ 12% ਮੁਸਲਮਾਨ ਹੈ। ਹੋਰ 17% ਪੰਜਾਬੀ/ਹਿੰਦੀ ਬੋਲਣ ਵਾਲੇ ਸਿੱਖ ਹਨ ਅਤੇ ਬਾਕੀ 1% ਭਾਰਤ ਦੇ ਹੋਰ ਹਿੱਸਿਆਂ ਤੋਂ ਹਨ।[7] ਨਾਂਦੇੜ ਵਿਚ ਮੁੱਖ ਭਾਸ਼ਾ ਮਰਾਠੀ ਦੇ ਨਾਲ ਨਾਲ ਹਿੰਦੀ , ਉਰਦੂ, ਤੇਲਗੂ, ਕੰਨੜ ਆਦਿ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ। ਇਥੇ ਰਹਿਣ ਵਾਲੇ ਸਿੱਖ ਪੰਜਾਬੀ ਵੀ ਬੋਲਦੇ ਹਨ। ਸਰਦੀਆਂ ਵਿਚ ਇਥੋਂ ਦਾ ਘੱਟੋ -ਘੱਟ ਤਾਪਮਾਨ ਲਗਭਗ 14 ਡਿਗਰੀ ਸ਼ੈਲਸੀਅਸ ਅਤੇ ਗਰਮੀਆਂ ਵਿਚ ਵੱਧ ਤੋਂ ਵੱਧ 45 ਡਿਗਰੀ ਸ਼ੈਲਸੀਅਸ ਹੁੰਦਾ ਹੈ।

---

4 Roshan Singh s/o Babu Singh, *Financial Management of the Sikh Gurudwara Sachkhand Shri Hazur Abachalnagar Sahib in the Last Decade Nanded,* Department of Commerce, Swami Ramanand Teerth Marathwada University, Nanded, August 2008, page 26.

5 Ali, Moulvie Syed Mahdi, *Hyderabad Affairs,* Vol 1, The Times of India Steam Press, Bombay, 1883, page 264.

6 https://www.census2011.co.in/census/city/357-nanded-waghala.html

7 Pranita M. Wange, *Material Use and Recycle: Comparative Study of Waste Management in Nanded City,* Department of Geography, Swami Ramanand Teerth Marathwda University, Nanded, October 2016, Page 55.

ਜਿਵੇਂ ਕਿ ਪਹਿਲੇ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਂਦੇੜ ਵਿਚ ਆਉਣ ਸਮੇਂ ਇਹ ਨਗਰ ਕਈ ਛੋਟੇ-ਛੋਟੇ ਕਸਬਿਆਂ ਵਿਚ ਵੰਡਿਆ ਹੋਇਆ ਸੀ। ਇਸ ਇਲਾਕੇ ਵਿਚ ਪਹਿਲਾਂ ਪਾਣੀ, ਵਰਖਾ ਅਤੇ ਸਾਧਨਾਂ ਦੀ ਘਾਟ ਕਾਰਨ ਫਸਲਾਂ ਦੀ ਪੈਦਾਵਾਰ ਬਹੁਤ ਘੱਟ ਹੁੰਦੀ ਸੀ। ਜ਼ਿਆਦਾਤਰ ਖੇਤਰ ਵਿਚ ਜੰਗਲ ਸਨ। ਜੰਗਲੀ ਇਲਾਕਾ ਹੋਣ ਕਰਕੇ ਇਥੇ ਜੰਗਲੀ ਜੀਵ -ਜੰਤੂ ਰਹਿੰਦੇ ਸਨ। ਕਿਸਾਨ ਅਤੇ ਆਮ ਲੋਕ ਜ਼ਿਆਦਾਤਰ ਪਸ਼ੂ ਪਾਲਣ ਦਾ ਧੰਦਾ ਕਰਦੇ ਸਨ। ਉਨ੍ਹਾਂ ਦੀਆਂ ਲੋੜਾਂ ਘੱਟ ਹੋਣ ਕਾਰਨ ਕੰਮਕਾਜ ਦਾ ਖੇਤਰ ਬਹੁਤ ਛੋਟਾ ਸੀ। ਪੁਰਾਣੇ ਸਮੇਂ ਵਿਚ ਇਸ ਨਗਰ ਨੇ ਜ਼ਿਆਦਾ ਵਿਕਾਸ ਨਹੀਂ ਕੀਤਾ ਸੀ। ਸੋ ਉਨੀਵੀਂ ਸਦੀ ਦੇ ਅੰਤ ਤੱਕ ਇਥੇ ਆਵਾਜਾਈ, ਖੇਤੀ, ਸਿੰਚਾਈ ਅਤੇ ਹੋਰ ਸਾਧਨਾਂ ਦੀ ਘਾਟ ਸੀ।

ਵੀਹਵੀਂ ਸਦੀ ਦੇ ਆਉਂਦਿਆਂ ਨਾਂਦੇੜ ਹਰ ਖੇਤਰ ਵਿਚ ਵਿਕਾਸ ਕਰਨ ਲੱਗਿਆ। ਆਵਾਜਾਈ ਦੇ ਸਾਧਨ ਵਿਕਸਤ ਹੋਣ ਲੱਗੇ। ਫਸਲਾਂ ਦੀ ਪੈਦਾਵਾਰ ਵਿਚ ਵਾਧਾ ਹੋਣ ਲੱਗਿਆ। ਆਮ ਲੋਕਾਂ ਦੇ ਰਹਿਣ - ਸਹਿਣ ਵਿਚ ਸੁਧਾਰ ਹੋਣ ਲੱਗਾ। ਇਸ ਇਲਾਕੇ ਦੀ ਕਾਲੀ ਉਪਜਾਊ ਅਤੇ ਚਿਕਣੀ ਮਿੱਟੀ ਵਿਚ ਫਲ , ਸਬਜ਼ੀਆਂ ਅਤੇ ਫਸਲਾਂ ਆਦਿ ਪੈਦਾ ਹੋਣੇ ਸ਼ੁਰੂ ਹੋ ਗਏ। ਅਜੋਕੇ ਸਮੇਂ ਨਾਂਦੇੜ ਦੇ ਇਸ ਇਲਾਕੇ ਵਿਚ ਗੰਨਾ , ਕਪਾਹ, ਸੋਇਆਬੀਨ, ਜਵਾਰ, ਬਾਜਰਾ, ਕਣਕ, ਚੌਲ, ਮੱਕੀ, ਨਾਰੀਅਲ, ਮੂੰਗਫਲੀ, ਤਿਲ ਆਦਿ ਫ਼ਸਲਾਂ, ਅੰਬ, ਨਿੰਬੂ, ਕਿੰਨੂ, ਪਪੀਤਾ, ਚੀਕੂ, ਸੀਤਾਫਲ, ਕੇਲਾ ਆਦਿ ਫਲ ਅਤੇ ਹਲਦੀ , ਅਰਹਰ, ਮਿਰਚ, ਮੂੰਗੀ, ਗਾਜਰ, ਛੋਲੇ, ਭਿੰਡੀ, ਬੈਂਗਣ, ਤੋਰੀ, ਕੱਦੂ, ਪੇਠਾ, ਆਲੂ, ਟਮਾਟਰ, ਆਦਿ ਸਬਜ਼ੀਆਂ -ਦਾਲਾਂ ਭਰਪੂਰ ਮਾਤਰਾ ਵਿਚ ਪੈਦਾ ਹੁੰਦੇ ਹਨ। ਖੇਤੀਬਾੜੀ ਵਿਚ ਫਸਲਾਂ ਦੀ ਸਿੰਚਾਈ ਖੂਹਾਂ, ਫੁਹਾਰਾ ਅਤੇ ਡਰਿਪ (ਤੁਪਕਾ) ਸਾਧਨਾਂ ਰਾਹੀਂ ਕੀਤੀ ਜਾਂਦੀ ਹੈ। ਵਰਤਮਾਨ ਸਮੇਂ ਫ਼ਸਲਾਂ ਅਤੇ ਬਾਗਬਾਨੀ ਹੇਠਲਾ ਰਕਬਾ ਵਧਣ ਕਾਰਨ ਪੈਦਾਵਾਰ ਅਤੇ ਆਮਦਨ ਵਿਚ ਵਾਧਾ ਹੋਇਆ , ਜਿਸ ਕਾਰਨ ਲੋਕਾਂ ਦੀ ਆਰਥਿਕ ਹਾਲਤ ਪਹਿਲਾਂ ਨਾਲੋਂ ਮਜ਼ਬੂਤ ਹੋਈ ਹੈ। ਅੱਜ ਨਾਂਦੇੜ ਹਰ ਖੇਤਰ ਵਿਚ ਵਿਕਾਸ ਕਰ ਰਿਹਾ ਸ਼ਹਿਰ ਹੈ। ਜਿਸਦੀ ਆਰਥਿਕਤਾ ਕੱਪੜਾ, ਖੰਡ ਅਤੇ ਦਵਾਈ ਆਦਿ ਉਦਯੋਗਾਂ ਉੱਤੇ ਨਿਰਭਰ ਹੈ। ਇਥੇ ਬੀਮਾ ਅਤੇ ਬੈਂਕਿੰਗ ਖੇਤਰ ਵੀ ਤੇਜ਼ੀ ਨਾਲ ਵਿਕਾਸ ਕਰ ਰਹੇ ਹਨ।[8]

---

[8] https://www.timothytye.com/asia/india/nanded.htm

ਹੁਣ ਇਹ ਨਾਂਦੇੜ ਨਗਰ ਛੋਟੀ -ਛੋਟੀ ਬਸਤੀਆਂ ਤੋਂ ਵਿਕਾਸ ਕਰਕੇ ਇੱਕ ਵੱਡਾ ਸ਼ਹਿਰ ਬਣ ਚੁੱਕਿਆ ਹੈ। ਸ਼ਹਿਰ ਵਿਚ ਅਨੇਕਾਂ ਬਾਜ਼ਾਰ ਅਤੇ ਅਨੇਕਾਂ ਸਰਕਾਰੀ ਅਤੇ ਗੈਰ ਸਰਕਾਰੀ ਦ ਫ਼ਤਰ ਖੁੱਲ੍ਹ ਚੁੱਕੇ ਹਨ। ਉਦਯੋਗ ਅਤੇ ਵਾਪਾਰਿਕ ਕਾਰਖਾਨੇ ਵਿਕਸਿਤ ਹੋ ਰਹੇ ਹਨ ਜਿਨ੍ਹਾਂ ਕਰਕੇ ਨਗਰ ਦੀ ਆਰਥਿਕਤਾ ਮਜ਼ਬੂਤ ਹੋ ਰਹੀ ਹੈ। ਰਾਜਨੀ ਤਿਕ, ਧਾਰਮਿਕ ਅਤੇ ਸਿੱਖਿਆ ਦੇ ਖੇਤਰ ਵਿਚ ਇਹ ਨਗਰ ਮਰਾਠਵਾੜਾ ਖੇਤਰ ਦੀ ਅਗਵਾਈ ਕਰ ਰਿਹਾ ਹੈ। ਇਲਾਕੇ ਵਿਚ ਗੁਰਮਤਿ (ਧਾਰਮਿਕ) ਅਤੇ ਕਿੱਤਾਮੁਖੀ ਸਿੱਖਿਆ ਪ੍ਰਦਾਨ ਕਰਨ ਲਈ ਇਥੇ ਅਨੇਕਾਂ ਵਿੱਦਿਅਕ ਸੰਸਥਾਵਾਂ ਖੁੱਲ੍ਹ ਚੁੱਕੀਆਂ ਹਨ। ਨਾਂਦੇੜ ਜ਼ਿਲ੍ਹੇ ਅ ਤੇ ਸ਼ਹਿਰ ਵਿਚ ਸੜਕਾਂ ਦਾ ਜਾਲ ਵਿੱਛ ਚੁੱਕਾ ਹੈ। ਸਾਲ 2006-08 ਵਿਚ ਨਾਂਦੇੜ ਸ਼ਹਿਰ ਦਾ ਨਵੀਨੀਕਰ ਨ ਕੀਤਾ ਗਿਆ। ਸ਼ਹਿਰ ਵਿਚ ਨਵੀਆਂ ਅਤੇ ਚੌੜੀਆਂ ਸੜਕਾਂ ਦਾ ਨਿਰਮਾਣ , ਪੁਲਾਂ ਦੀ ਉਸਾਰੀ , ਸਰਕਾਰੀ ਇਮਾਰਤਾਂ ਦੀ ਉਸਾਰੀ ਅਤੇ ਸਾਂਭ ਸੰਭਾਲ ਆਦਿ ਕਾਰਜ ਕੀਤੇ ਗਏ। ਵਰਤਮਾਨ ਸਮੇਂ ਵਿਚ ਤਖ਼ਤ ਸਾਹਿਬ ਦੇ ਗੇਟ ਨੰ . 1 ਤੋਂ ਗੁਰਦੁਆਰਾ ਲੰਗਰ ਸਾਹਿਬ ਨੂੰ ਆਉਣ ਵਾਲੀ ਸੜਕ ਉੱਪਰ ਬਹੁਤ ਵੱਡਾ ਬਾਜ਼ਾਰ ਵਿਕਸਿਤ ਹੋ ਚੁੱਕਾ ਹੈ। ਸਥਾ ਨਿਕ ਲੋਕਾਂ ਤੋਂ ਇਲਾਵਾ ਪੰਜਾਬ ਤੋਂ ਆਏ ਯਾਤਰੀ ਆਪਣੀ ਖ਼ਰੀਦੋ-ਫ਼ਰੋਖ਼ਤ ਇਸ ਬਾਜ਼ਾਰ ਵਿਚੋਂ ਹੀ ਕਰਦੇ ਹਨ। ਹੁਣ ਇਥੇ ਦੀ ਰੌਣਕ ਪਹਿਲਾਂ ਨਾਲੋਂ ਬਹੁਤ ਵੱਧ ਗਈ ਹੈ।

ਜਿਸ ਤਰ੍ਹਾਂ ਕਿ ਪਿਛਲੇ ਅਧਿਆਇਆਂ ਵਿਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਨਾਂਦੇੜ ਸਾਹਿਬ ਦੀ ਧਰਤੀ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਚਰਨ -ਛੋਹ ਨਾਲ ਪਵਿੱਤਰ ਕੀਤਾ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਬ ਖ਼ਸ਼ੀ ਸੀ। ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਦਾ ਜਰ ਨੈਲ ਥਾਪ ਕੇ ਪੰਜਾਬ ਵਿਚ ਭੇਜਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਇਸ ਸਥਾਨ ਦਾ ਪ੍ਰਬੰਧ ਹਜ਼ੂਰੀ ਸਿੱਖਾਂ ਨੇ ਚਲਾਇਆ। ਮਹਾਰਾਜਾ ਰਣਜੀਤ ਸਿੰਘ ਨੇ 1829-39 ਈ. ਦੇ ਵਿਚਕਾਰ ਤਖ਼ਤ ਸਾਹਿਬ ਦੀ ਸੁੰਦਰ ਇਮਾਰਤ ਦੀ ਉਸਾਰੀ ਕਰਵਾਈ। ਵਰਤਮਾਨ ਸਮੇਂ ਵਿਚ ਨਾਂਦੇੜ ਨਗਰ ਵਿਚ ਗੁਰੂ ਸਾਹਿਬਾਨ ਦੀ ਯਾਦ ਵਿਚ ਸਮਰਪਿਤ ਕਈ ਸੁੰਦਰ ਗੁਰਦੁਆਰੇ ਬਣ ਚੁੱਕੇ ਹਨ। ਇਨ੍ਹਾਂ ਦਾ ਵਿਸਥਾਰ ਨਾਲ ਜ਼ਿਕਰ ਅਸੀਂ ਤੀਜੇ ਅਧਿਆਇ ਵਿਚ ਕਰ ਚੁੱਕੇ ਹਾਂ।

ਦੇਸ਼-ਵਿਦੇਸ਼ ਤੋਂ ਹਰ ਸਾਲ ਲੱਖਾਂ ਸ਼ਰਧਾਲੂ ਨਾਂਦੇੜ ਵਿਖੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਪਹੁੰਚਦੇ ਹਨ। ਹਰੇਕ ਗੁਰਸਿੱਖ ਇਸ ਅਸਥਾਨ ਦੇ ਦਰਸ਼ਨ ਕਰਨ ਨੂੰ ਆਪਣਾ ਸੁਭਾਗ ਸਮਝਦਾ ਹੈ। ਗੁਰਦੁਆਰਾ ਸੱਚਖੰਡ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਦੀਆਂ ਆਪਣੀਆਂ ਬੱਸਾਂ ਹਨ। ਹਜ਼ੂਰ ਸਾਹਿਬ ਦੇ ਰੇਲਵੇ ਸਟੇਸ਼ਨ ਤੋਂ ਯਾਤਰੀਆਂ ਨੂੰ ਲਿਆਉਣ ਅਤੇ ਉੱਥੇ ਵਾਪਿਸ ਛੱਡ ਕੇ ਆਉਣ ਲਈ ਬੱਸ ਸੇਵਾਵਾਂ ਫ਼ਰੀ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਵਾਈ ਅੱਡੇ ਤੋਂ ਸਰਾਵਾਂ ਤੱਕ ਲਿਆਉਣ ਅਤੇ ਵਾਪਸ ਛੱਡ ਕੇ ਆਉਣ ਲਈ ਵੀ ਫ਼ਰੀ ਬੱਸ ਸੇਵਾਵਾਂ ਦਾ ਪ੍ਰਬੰਧ ਹੈ। ਸੰਗਤਾਂ ਨੂੰ ਸਥਾਨਿਕ ਅਤੇ ਦੂਰ-ਨੇੜੇ ਦੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਵਾਉਣ ਲਈ ਖ਼ਾਸ ਤੌਰ 'ਤੇ ਪ੍ਰਾਈਵੇਟ ਬੱਸਾਂ -ਗੱਡੀਆਂ ਚਲਦੀਆਂ ਹਨ। ਯਾਤਰੀ ਹਜ਼ੂਰ ਸਾਹਿਬ ਅਤੇ ਆਸ-ਪਾਸ ਦੇ ਗੁਰਦੁਆਰਿਆਂ ਦੀ ਯਾਤਰਾ ਚਾਰ ਦਿਨਾਂ ਵਿਚ ਕਰਦੇ ਹਨ।

**ਤਖ਼ਤ ਸ੍ਰੀ ਹਜ਼ੂਰ ਸਾਹਿਬ**

ਤਖ਼ਤ ਸ੍ਰੀ ਹਜ਼ੂਰ ਸਾਹਿਬ ਨੂੰ ਸਿੱਖਾਂ ਦੀ ਦੱਖਣ ਕਾਸ਼ੀ ਕਿਹਾ ਜਾਂਦਾ ਹੈ। ਸਿੱਖ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਵਜੋਂ ਇਹ ਅਸਥਾਨ ਖ਼ਾਸ ਮਹੱਤਤਾ ਰੱਖਦਾ ਹੈ। ਇਸ ਪਵਿੱਤਰ ਅਸਥਾਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸਜਾ ਕੇ 'ਦਮਦਮੀ ਬੀੜ' ਨੂੰ ਪ੍ਰਕਾਸ਼ ਕੀਤਾ ਸੀ ਅਤੇ ਇਸ ਬੀੜ ਨੂੰ ਗੁਰਤਾਗੱਦੀ ਪ੍ਰਦਾਨ ਕੀਤੀ ਸੀ। ਇਸ ਅਸਥਾਨ ਉੱਪਰ ਹੀ ਗੁਰੂ ਸਾਹਿਬ ਜੀ ਜੋਤੀ ਜੋਤਿ ਸਮਾਏ ਸਨ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਭਾਈ ਦਇਆ ਸਿੰਘ ਅਤੇ ਹੋਰ ਸਿੰਘਾਂ ਦੇ ਪੁੱਛਣ 'ਤੇ ਗੁਰੂ ਜੀ ਨੇ ਫੁਰਮਾਇਆ ਸੀ ਕਿ ਅਸੀਂ ਤੁਹਾਡੇ ਤੋਂ ਦੂਰ ਨਹੀਂ , ਹਮੇਸ਼ਾ ਤੁਹਾਡੇ ਹਜ਼ੂਰ (ਅੰਗ-ਸੰਗ) ਰਹਾਂਗੇ। ਇਸ ਵਾਕ ਦੇ ਆਧਾਰ 'ਤੇ ਇਸ ਅਸਥਾਨ ਦਾ ਨਾਮ ਸ੍ਰੀ ਹਜ਼ੂਰ ਸਾਹਿਬ ਪ੍ਰਚੱਲਿਤ ਹੋ ਗਿਆ ਸੀ। ਇਸ ਪਵਿੱਤਰ ਧਰਤੀ ਨੂੰ ਸ੍ਰੀ ਅਬਿਚਲਨਗਰ ਸਾਹਿਬ ਵੀ ਕਿਹਾ ਜਾਂਦਾ ਹੈ। ਜੋਤੀ ਜੋਤਿ ਸਮਾਉਣ ਮਗਰੋਂ ਗੁਰੂ ਕੇ ਸਿੰਘਾਂ ਨੇ ਇਥੇ ਅੰਗੀਠਾ ਅਸਥਾਨ 'ਤੇ ਪੱਕਾ ਥੜ੍ਹਾ ਬਣਾ ਕੇ ਸ਼ਸਤਰ ਸਜਾਏ ਅਤੇ ਨੇੜੇ ਤੰਬੂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਸੀ। ਇਸ ਅਸਥਾਨ ਉੱਪਰ ਤਖ਼ਤ ਸਾਹਿਬ ਦੀ ਇਮਾਰਤ ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ 1829-39 ਈ. ਦੇ ਦੌਰਾਨ ਤਿਆਰ ਕਰਵਾਈ ਸੀ। ਬਾਅਦ ਵਿਚ ਕਾਰ ਸੇਵਾ ਸੰਪ੍ਰਦਾਇ

ਦੇ ਮਹਾਪੁਰਖ਼ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਨੇ 1979-80 ਈ. ਦੇ ਵਿਚ ਤਖ਼ਤ ਸਾਹਿਬ ਦੀ ਇਮਾਰਤ ਨੂੰ ਸੰਗਮਰਮਰ ਲਵਾਇਆ ਅਤੇ ਤਖ਼ਤ ਸਾਹਿਬ ਦੀ ਪਰਿਕਰਮਾ ਚੌੜੀ ਅਤੇ ਖੁੱਲ੍ਹੀ ਕਰਵਾਈ ਸੀ।[9]

ਮੌਜੂਦਾ ਸਮੇਂ ਤਖ਼ਤ ਸਾਹਿਬ ਦੀ ਇਮਾਰਤ ਅਤਿ ਸੁੰਦਰ ਅਤੇ ਦਰਸ਼ਨੀਯ ਹੈ। ਇਹ ਇਮਾਰਤ 76 ਫੁੱਟ ਲੰਬੀ ਅਤੇ 56 ਫੁੱਟ ਚੌੜੀ ਹੈ। ਇਸ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਝੂਲ ਰਹੇ ਹਨ। ਤਖ਼ਤ ਸਾਹਿਬ ਦੀ ਉੱਪਰਲੀ ਛੱਤ 'ਤੇ ਬਾਲਾ ਖਾਨਾ ਸਾਹਿਬ ਹੈ। ਬਾਲਾ ਖਾਨਾ ਤੋਂ ਉੱਪਰ ਤਖ਼ਤ ਸਾਹਿਬ ਦਾ ਸੁੰਦਰ ਗੁੰਬਦ ਹੈ। ਇਸ ਗੁੰਬਦ ਉੱਤੇ ਸੋਨੇ ਦਾ ਪੱਤਰਾ ਚੜ੍ਹਾਇਆ ਹੋਇਆ ਹੈ। ਜਦੋਂ ਗੁੰਬਦ ਉੱਤੇ ਸੋਨੇ ਦੀ ਸੇਵਾ ਹੋਈ ਸੀ ਤਾਂ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲਿਆਂ ਨੇ 48 ਕਿਲੋ ਸੋਨੇ ਦੀ ਸੇਵਾ ਕਰਾਈ ਸੀ। ਤਖ਼ਤ ਸੱਚਖੰਡ ਪਰਿਸਰ ਦੀਆਂ ਛੇ ਦਰਸਨੀ ਡਿਉਢੀਆਂ ਉੱਤੇ ਸੋਨੇ ਦੀ ਸੇਵਾ ਵੀ ਇਨ੍ਹਾਂ ਮਹਾਪੁਰਸ਼ਾਂ ਨੇ ਕਰਾਈ ਸੀ।[10] ਤਖ਼ਤ ਸਾਹਿਬ ਦੇ ਅੰਦਰ ਗੁਰੂ ਗੋਬਿੰਦ ਸਿੰਘ ਦੇ ਅੰਗੀਠਾ ਅਸਥਾਨ (ਥੜ੍ਹਾ ਸਾਹਿਬ) ਉੱਪਰ ਕਈ ਤਰ੍ਹਾਂ ਦੇ ਪੁਰਾ ਤਨ ਸ਼ਸਤਰ ਸਜਾਏ ਹੋਏ ਹਨ। ਸਾਹਮਣੇ ਛੋਟੇ ਜੰਗਲੇ ਦੇ ਅੰਦਰ ਦੋ ਸੋਨੇ ਦੀਆਂ ਪਾਲਕੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤੇ ਜਾਂਦੇ ਹਨ।

ਤਖ਼ਤ ਸਾਹਿਬ ਦੀ ਇਮਾਰਤ ਦੇ ਅੰਦਰ ਰੰਗ -ਬਿਰੰਗੀ ਅਤੇ ਸੋਨੇ ਦੀ ਅਤਿਅੰਤ ਪ੍ਰਭਾਵਸ਼ਾਲੀ ਮੀਨਾਕਾਰੀ ਕੀਤੀ ਹੋਈ ਹੈ। ਇਸ ਮੀਨਾਕਾਰੀ ਵਿਚ ਗੁਰੂ ਨਾਨਕ ਦੇਵ ਜੀ , ਗੁਰੂ ਹਰਿਗੋਬਿੰਦ ਸਾਹਿਬ ਜੀ , ਗੁਰੂ ਗੋਬਿੰਦ ਸਿੰਘ ਜੀ , ਚਾਰ ਸਾਹਿਬਜਾਦਿਆਂ ਅਤੇ ਸਿੱਖ ਧਰਮ ਨਾਲ ਸੰਬੰਧਿਤ ਹੋਰ ਸੁੰਦਰ ਚਿੱਤਰ ਬਣਾਏ ਹੋਏ ਹਨ। ਤਖ਼ਤ ਸਾਹਿਬ ਦੇ ਅੰਦਰ ਅੰਗੀਠਾ ਅਸਥਾਨ ਨੂੰ ਸੋਨੇ ਦੇ ਪੱਤਰੇ ਵਾਲੇ ਚਾਰ ਦਰਵਾਜੇ ਅਤੇ ਬਾਹਰ ਚਾਂਦੀ ਦੇ ਪੱਤਰੇ ਵਾਲੇ ਵੀਹ ਦਰਵਾਜੇ ਲੱਗੇ ਹੋਏ ਹਨ। ਤਖ਼ਤ ਸਾਹਿਬ ਦੇ ਅੰਦਰ ਅੰਗੀਠਾ ਅਸਥਾਨ ਦੇ ਚਾਰੇ ਪਾਸੇ ਕੰਧਾਂ ਉੱਤੇ ਅਤੇ ਬਾਹਰ ਛੋਟੇ ਜੰਗਲੇ ਦੇ ਅੰਦਰ ਆਲੇ-ਦੁਆਲੇ ਕੰਧਾਂ 'ਤੇ ਸੋਨੇ ਦਾ ਪੱਤਰਾ ਚੜ੍ਹਾਇਆ ਹੋਇਆ ਹੈ। ਸੋਨੇ ਦੇ ਪੱਤਰੇ ਵਿਚ ਗੁਰਬਾਣੀ ਦੀਆਂ ਕੁਝ ਪੰਗਤੀਆਂ , ਫੁੱਲ ਅਤੇ ਬੇਲ -ਬੂਟੀਆਂ ਹਨ। ਤਖ਼ਤ ਸਾਹਿਬ ਦੇ ਅੰਦਰ ਇੱਕ ਪਾਸੇ ਵੱਡਾ ਨਗਾਰਾ ਪਿਆ ਹੈ। ਇਸ ਨਾਲ ਤਖ਼ਤ ਸਾਹਿਬ

---

9 ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਸੰਤ ਬਾਬਾ ਬਲਵਿੰਦਰ ਸਿੰਘ ਦੇ ਦੱਸਣ ਅਨੁਸਾਰ।

10 ਗੁਰਦੁਆਰਾ ਸੱਚਖੰਡ ਬੋਰਡ ਦੇ ਬਿਲਡਿੰਗ ਸੁਪਰਵਾਈਜ਼ਰ ਦਿਲਬਾਗ ਸਿੰਘ ਦੇ ਦੱਸਣ ਅਨੁਸਾਰ।

ਦੀ ਸ਼ੋਭਾ ਵਿਚ ਹੋਰ ਵਾਧਾ ਹੋ ਰਿਹਾ ਹੈ। ਤਖ਼ਤ ਸਾਹਿਬ ਦਾ ਸੁਚੱਜੇ ਢੰਗ ਨਾਲ 10 ਏਕੜ ਦੇ ਰਕਬੇ ਵਿਚ ਬਣਾਇਆ ਗਿਆ ਨਵੀਨ ਪਰਿਸਰ ਅਤੇ ਪਰਿਕਰਮਾ ਅਤਿ ਪ੍ਰਭਾਵਸ਼ਾਲੀ ਅਤੇ ਖਿਚ ਦਾ ਕੇਂਦਰ ਹੈ। ਇਸ ਪਰਿਸਰ ਦੇ ਛੇ ਆਲੀਸ਼ਾਨ ਗੇਟ ਹਨ। ਤਖ਼ਤ ਸਾਹਿਬ 'ਤੇ ਸਾਰਾ ਦਿਨ ਮਰਿਯਾਦਾ ਅਨੁਸਾਰ ਕੀਰਤਨ ਦਰਬਾਰ ਸਜਦਾ ਹੈ।

**ਤਖ਼ਤ ਸਾਹਿਬ 'ਤੇ ਸੁਸ਼ੋਭਿਤ ਸ਼ਸਤਰ ਅਤੇ ਵਸਤਾਂ**

ਸਿੱਖ ਧਰਮ ਵਿਚ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਸੰਤ -ਸਿਪਾਹੀ ਬਣਾਇਆ ਸੀ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ ਨੂੰ ਪੰਥ ਦੇ ਪੰਜ ਕਕਾਰਾਂ ਵਿਚ ਸ਼ਾਮਲ ਕੀਤਾ ਸੀ ਅਤੇ ਸ਼ਸਤਰ ਨੂੰ ਆਪਣਾ ਪੀਰ ਕਹਿ ਕੇ ਉਪਮਾ ਕੀਤੀ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਅੰਦਰਲੇ ਥੜ੍ਹੇ 'ਤੇ ਅਣਗਿਣਤ ਪੁਰਾਤਨ ਸ਼ਸਤਰ ਸੁਸ਼ੋਭਿਤ ਹਨ। ਗੁਰੂ ਸਾਹਿਬ ਦੇ ਅੰਗੀਠੇ ਵਾਲੇ ਅਸਥਾਨ 'ਤੇ ਇਹ ਥੜ੍ਹਾ ਬਣਾਇਆ ਗਿਆ ਸੀ। ਹਜ਼ੂਰੀ ਸਿੱਖ ਇਸ ਨੂੰ 'ਸਿੰਘਾਸਣ ਅਸਥਾਨ' ਕਹਿੰਦੇ ਹਨ। ਸਿੰਘਾਸਣ ਅਸਥਾਨ ਦੇ ਉੱਪਰ ਅਤੇ ਇਰਦ -ਗਿਰਦ ਸਜੇ ਇਨ੍ਹਾਂ ਸ਼ਸਤਰਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਤੋਂ ਇਲਾਵਾ ਹੋਰ ਸਿੰਘਾਂ ਦੇ ਅਨੇਕਾਂ ਪ੍ਰਕਾਰ ਦੇ ਪੁਰਾਤਨ ਸ਼ਸਤਰ ਸੁਸ਼ੋਭਿਤ ਹਨ। ਇਨ੍ਹਾਂ ਵਿਚ ਤਲਵਾਰਾਂ, ਬਰਛੇ, ਚੱਕਰ, ਨਾਗਨੀ, ਕਿਰਚਾਂ, ਕਟਾਰਾਂ, ਖੰਡੇ, ਖੜਗ, ਕਾਤੀ, ਸਰੋਹੀ, ਸੰਖ, ਤਮੰਚੇ, ਪੇਸਕਬਜ, ਤੁਪਕ, ਤਬਰ, ਤੀਰ, ਕਮਾਨ (ਧਨੁਸ਼), ਢਾਲਾਂ, ਗੁਰਜ, ਤੇਗਾ, ਪਿਸਤੌਲਾਂ, ਬੰਦੂਕਾਂ ਅਤੇ ਸਫਾਜੰਗ ਆਦਿ ਮੌਜੂਦ ਹਨ। ਇਸ ਤੋਂ ਇਲਾਵਾ ਛੋਟੇ ਆਕਾਰ ਦੀ ਸੋਨੇ ਦੀ ਪਾਲਕੀ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਛੋਟੇ ਆਕਾਰ ਦਾ ਸਰੂਪ, ਸੁਨਹਿਰੀ ਕਲਗ਼ੀ, ਸੁਨਹਿਰੀ ਚੱਕਰ, ਕੰਘਾ ਗੁਰੂ ਗੋਬਿੰਦ ਸਿੰਘ ਜੀ ਦਾ ਆਦਿ ਹਨ। ਅੱਗੇ ਲਿਖੇ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਹਰ ਰੋਜ਼ ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਆਰਤੀ ਤੋਂ ਬਾਅਦ ਕਰਵਾਏ ਜਾਂਦੇ ਹਨ:

**1) ਸੁਨਹਿਰੀ ਛੋਟੀ ਕ੍ਰਿਪਾਨ**

ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੀ ਦਸਤਾਰ (ਸ਼ੀਸ਼) ਵਿਚ ਸਜਾਇਆ ਕਰਦੇ ਸਨ। ਇਸ ਨੂੰ ਦਸਤਾਰ ਵਿਚ ਸਜਾਉਣ ਵਾਲੀ ਛੋਟੀ ਕ੍ਰਿਪਾਨ ਵੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਮਗਰੋਂ ਸਿਰਫ਼ ਇਹ ਕ੍ਰਿਪਾਨ ਗੁਰੂ ਜੀ ਦੇ ਅੰਗੀਠੇ ਵਿਚੋਂ ਮਿਲੀ ਸੀ।

**2) ਤੀਰ**

ਇਹ ਤੀਰ ਗੁਰੂ ਗੋਬਿੰਦ ਸਿੰਘ ਜੀ ਦਾ ਹੈ। ਇਸ ਨੂੰ ਖਪਰਾ ਵੀ ਕਿਹਾ ਜਾਂਦਾ ਹੈ। ਜਿਸ ਸਮੇਂ ਗੁਰੂ ਸਾਹਿਬ ਗੁਰਦੁਆਰਾ ਨਗੀਨਾ ਘਾਟ ਸਾਹਿਬ ਵਾਲੇ ਅਸਥਾਨ 'ਤੇ ਦੀਵਾਨ ਸਜਾਇਆ ਕਰਦੇ ਸਨ। ਉਸ ਸਮੇਂ ਗੁਰੂ ਜੀ ਦੇ ਇੱਕ ਸ਼ਰਧਾਲੂ ਸਿੱਖ ਨੇ ਸਜੇ ਦੀਵਾਨ ਵਿਚ ਇਹ ਤੀਰ ਉਨ੍ਹਾਂ ਨੂੰ ਭੇਟ ਕੀਤਾ ਸੀ।

**3) ਦੋ ਤਲਵਾਰਾਂ (ਸ੍ਰੀ ਸਾਹਿਬਾਂ)**

ਇਹ ਤਲਵਾਰਾਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਹਨ। ਇਨ੍ਹਾਂ ਦੇ ਮੁੱਠੇ ਬਹੁਤ ਸੁੰਦਰ ਅਤੇ ਸੁਨਹਿਰੀ ਹਨ। ਇਹ ਤਲਵਾਰਾਂ ਮਹਾਰਾਜਾ ਰਣਜੀਤ ਸਿੰਘ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੂੰ ਭੇਟ ਕੀਤੀਆਂ ਸਨ। ਜਿਸ ਵਕਤ ਮਹਾਰਾਜਾ ਰਣਜੀਤ ਸਿੰਘ ਜੀ ਨੇ ਤਖ਼ਤ ਸਾਹਿਬ ਦੀ ਉਸਾਰੀ ਆਰੰਭ ਕਰਵਾਈ ਸੀ। ਉਸ ਸਮੇਂ ਭਾਈ ਚੰਦਾ ਸਿੰਘ ਜੀ ਨੂੰ ਮਹਾਰਾਜੇ ਨੇ ਆਪਣੀਆਂ ਇਹ ਦੋ ਕ੍ਰਿਪਾਨਾਂ ਦੇ ਕੇ ਭੇਜਿਆ ਸੀ।

**4) ਤੇਗਾ**

ਇਹ ਤੇਗਾ ਪੰਥ ਦੇ ਸਿਰਮੌਰ ਸ਼ਹੀਦ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਨਿਹੰਗ ਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅਕਾਲੀ ਬਾਬਾ ਫੂਲਾ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਛੇਵੇਂ ਜਥੇਦਾਰ ਸਨ ਅਤੇ ਮਹਾਰਾਜੇ ਦੀ ਅਕਾਲੀ ਫ਼ੌਜ ਦੇ ਮੁਖੀ ਸਨ। ਇਸ ਤੇਗੇ ਨੂੰ ਅਕਾਲੀ ਬਾਬਾ ਫੂਲਾ ਸਿੰਘ ਜੀ ਆਪਣੇ ਕਮਰਕੱਸੇ ਵਿਚ ਸਜਾਇਆ ਕਰਦੇ ਸਨ। ਇਹ 10 ਸੇਰ ਪੱਕੇ ਦਾ ਤੇਗਾ ਦਾ ਹੈ।

**ਮਹੱਲਿਆਂ ਸਮੇਂ ਦਰਸ਼ਨ ਕਰਵਾਏ ਜਾਣ ਵਾਲੇ ਸ਼ਸਤਰ**

ਤਖ਼ਤ ਸਾਹਿਬ ਵਿਖੇ ਹਰ ਸਾਲ ਚਾਰ ਮਹੱਲੇ (ਵਿਸਾਖੀ, ਹੋਲਾ ਮਹੱਲਾ, ਦੁਸਹਿਰਾ, ਦਿਵਾਲੀ) ਅਤੇ ਗੁਰਪੁਰਬ ਮਨਾਏ ਜਾਂਦੇ ਹਨ। ਇਨ੍ਹਾਂ ਮਹੱਲਿਆਂ ਸਮੇਂ ਸ੍ਰੀ ਹਜ਼ੂਰ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਦੇਸ਼-ਵਿਦੇਸ਼ ਤੋਂ ਸਿੱਖ ਸੰਗਤਾਂ ਪਹੁੰਚਦੀਆਂ ਹਨ। ਤਖ਼ਤ ਸਾਹਿਬ ਦੇ ਅੰਦਰ ਸਿੰਘਾਸਣ ਅਸਥਾਨ 'ਤੇ ਸਜਾਏ ਜਾਣ ਵਾਲੇ ਸ਼ਸਤਰਾਂ ਨੂੰ ਇਨ੍ਹਾਂ ਮਹੱਲਿਆਂ ਅਤੇ ਗੁਰਪੁਰਬਾਂ ਦੇ ਸਮੇਂ ਬਾਹਰ ਕੱਢ ਕੇ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਦਿਵਾਲੀ ਸਮੇਂ ਜਿਸ ਦਿਨ ਤਖ਼ਤ ਇਸ਼ਨਾਨ ਕਰਵਾਇਆ ਜਾਂਦਾ ਹੈ ਉਸ ਦਿਨ

ਅੰਦਰਲੇ ਸਾਰੇ ਸ਼ਸਤਰ ਤਖ਼ਤ ਦੇ ਨਜ਼ਦੀਕ ਤਿਆਰ ਕੀਤੇ ਜਾਂਦੇ ਖੁੱਲ੍ਹੇ ਪੰਡਾਲ ਵਿਚ ਸਜਾਏ ਜਾਂਦੇ ਹਨ। ਤਖ਼ਤ ਸਾਹਿਬ ਦੇ ਬਾਲਾ ਖਾਨਾ ਸਾਹਿਬ ਦੇ ਸ਼ਸਤਰ ਵੀ ਬਾਹਰ ਕੱਢੇ ਜਾਂਦੇ ਹਨ। ਇਸ ਤੋਂ ਇਲਾਵਾ ਤਖ਼ਤ ਸਾਹਿਬ ਦੇ ਅੰਦਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਗ੍ਰੰਥ ਸਾਹਿਬ ਜੀ ਦੇ ਸਾਰੇ ਸਰੂਪ ਵੀ ਇਸ ਪੰਡਾਲ ਵਿਚ ਪ੍ਰਕਾਸ਼ ਕੀਤੇ ਜਾਂਦੇ ਹਨ। ਸਿੰਘਾਂ ਦੁਆਰਾ ਚੌਰ ਸਾਹਿਬ ਦੀ ਸੇਵਾ ਕੀਤੀ ਜਾਂਦੀ ਹੈ। ਪੁਰਾਤਨ ਸਾਰੇ ਸ਼ਸਤਰਾਂ ਨੂੰ ਸਾਫ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਪਾਲਿਸ਼ ਕੀਤੀ ਜਾਂਦੀ ਹੈ। ਉਸ ਦਿਨ ਸੰਗਤਾਂ ਗੋਦਾਵਰੀ ਨਦੀ ਤੋਂ ਜਲ ਦੀਆਂ ਗਾਗਰਾਂ ਲਿਆ ਕੇ ਸਾਰੇ ਤਖ਼ਤ ਦਾ ਇਸ਼ਨਾਨ ਕਰਵਾਉਂਦੀਆਂ ਹਨ। ਸ਼ਾਮ ਨੂੰ ਪੰਜ ਵਜੇ ਅਰਦਾਸ ਕਰਨ ਉਪਰੰਤ ਸਾਰੇ ਸ਼ਸਤਰ ਵਾਪਿਸ ਸਿੰਘਾਸਣ ਅਸਥਾਨ ’ਤੇ ਬੜੇ ਅਦਬ-ਸਤਿਕਾਰ ਨਾਲ ਸਜਾਏ ਜਾਂਦੇ ਹਨ। ਇਸ ਦਿਨ ਉਕਤ ਚਾਰ ਸ਼ਸਤਰਾਂ ਦੇ ਨਾਲ-ਨਾਲ ਹੇਠਾਂ ਲਿਖੇ ਸ਼ਸਤਰਾਂ ਦੇ ਵੀ ਖੁੱਲ੍ਹੇ ਦਰਸ਼ਨ ਸੰਗਤਾਂ ਨੂੰ ਕਰਵਾਏ ਜਾਂਦੇ ਹਨ:

**1) ਕਟਾਰ**

ਇਸ ਸ਼ਸਤਰ ਨੂੰ ਤਿੰਨ ਮੁਖੀ ਕਟਾਰ ਵੀ ਕਿਹਾ ਜਾਂਦਾ ਹੈ। ਇਸ ਕਟਾਰ ਦੇ ਤਿੰਨ ਆਕਾਰ ਹਨ। ਇਸ ਦੇ ਦੋ ਆਕਾਰਾਂ ਨਾਲ ਅੱਖਾਂ ਅਤੇ ਇੱਕ ਆਕਾਰ ਨਾਲ ਨੱਕ ਵੱਡੀ ਜਾਂਦੀ ਹੈ। ਇਸ ਲਈ ਇਸ ਨੂੰ ਅੱਖ -ਨੱਕ ਵੱਡੀ ਕਟਾਰ ਵੀ ਕਿਹਾ ਜਾਂਦਾ ਹੈ। ਸਿੰਘ ਸੂਰਮੇ ਇਸ ਤਰ੍ਹਾਂ ਦੇ ਸ਼ਸਤਰਾਂ ਨੂੰ ਆਪਣੇ ਕਮਰ ਕੱਸੇ ਵਿਚ ਸਜਾਇਆ ਕਰਦੇ ਸਨ। ਇਹ ਕਮਰਕੱਸੇ ਵਿਚ ਸਜਾਉਣ ਵਾਲਾ ਸ਼ਸਤਰ ਹੈ।

**2) ਗਜਗਾਹ (ਅਸ਼ਟਭੁਜਾ ਸ਼ਸਤਰ)**

ਇਸ ਸ਼ਸਤਰ ਨੂੰ ‘ਗਜਗਾਹ’ ਕਿਹਾ ਜਾਂਦਾ ਹੈ। ਇਸ ਸ਼ਸਤਰ ਦੇ ਅੱਠ ਆਕਾਰ ਜਾਂ ਅੱਠ ਭੁਜਾਵਾਂ ਹਨ। ਇਸ ਲਈ ਇਸ ਨੂੰ ਅ ਸ਼ਟਭੁਜੀ ਸ਼ਸਤਰ ਵੀ ਕਿਹਾ ਜਾਂਦਾ ਹੈ। ਅਕਾਲ ਪੁਰਖ ਦੀ ਸ਼ਕਤੀ ਅਤੇ ਸੱਤਾ ਦਾ ਪ੍ਰਤੀਕ ਇਹ ਪਾਵਨ ਸ਼ਸਤਰ ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਨਿਸ਼ਾਨ ਹੈ। ਇਸ ਸ਼ਸਤਰ ਨਾਲ ਗੁਰੂ ਸਾਹਿਬ ਦੇ ਹ ਜ਼ੂਰੀ ਨਿਸ਼ਾਨ ਸਾਹਿਬ ਝੂਲਾਏ ਜਾਂਦੇ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਅਕਾਲੀ ਗੁਰਬਖਸ਼ ਸਿੰਘ ਨਿਹੰਗ ਨੇ ਨਾਂਦੇੜ ਸਾਹਿਬ ਵਿਖੇ ਪਹੁੰਚ ਕੇ ਇਸ ਗਜਗਾਹ ਸ਼ਸਤਰ ਨੂੰ ਤਖ਼ਤ ਸਾਹਿਬ ’ਤੇ ਭੇਟ ਕੀਤਾ ਸੀ। ਤਖ਼ਤ ਸਾਹਿਬ ’ਤੇ ਸਿੰਘਾਸਣ ਅਸਥਾਨ ਉੱਪਰ ਜੋ ਸ਼ਸਤਰ ਸਜਾਏ

ਜਾਂਦੇ ਹਨ ਉਨ੍ਹਾਂ ਵਿਚ ਇ ਹ ਸ਼ਸਤਰ ਵੀ ਹੁੰਦਾ ਹੈ। ਤਖ਼ਤ 'ਤੇ ਸਜਾਏ ਸਾਰੇ ਸ਼ਸਤਰਾਂ ਵਿਚੋਂ ਸਰੋਮਣੀ ਸਥਾਨ ਇਸ ਸ਼ਸਤਰ ਦਾ ਹੈ। ਇਸ ਨੂੰ ਸਭ ਤੋਂ ਉਚੇ ਸਥਾਨ ਉੱਪਰ ਸਜਾਇਆ ਜਾਂਦਾ ਹੈ।

**3) ਕ੍ਰਿਪਾਨ (ਕਰਾਮਾਤੀ ਸ਼ਸਤਰ)**

ਇਹ ਕ੍ਰਿਪਾਨ ਸੰਸਾਰ ਦੀ ਸਭ ਤੋਂ ਅਲੌਕਿਕ ਅਤੇ ਦੁਰ ਲੱਭ ਕ੍ਰਿਪਾਨ ਹੈ। ਇਸ ਸ਼ਸਤਰ ਦਾ ਨਾਮ ਕਰਾਮਾਤੀ ਸ਼ਸਤਰ ਹੈ। ਇਸ ਨੂੰ ਹੁਸੈਨੀ ਗੋਲੀਆ ਸ਼ਸਤਰ ਵੀ ਕਿਹਾ ਜਾਂਦਾ ਹੈ। ਇਹ ਸ਼ਸਤਰ ਕਿਸੇ ਵੀ ਸ਼ਸਤਰ ਦੇ ਥੱਲੇ ਨਹੀਂ ਰਹਿ ਸਕਦਾ ਅਤੇ ਇਹ ਸਾਰੇ ਸ਼ਸਤਰਾਂ ਤੋਂ ਉੱਪਰ ਆ ਕੇ ਪ੍ਰਗਟ ਹੋ ਜਾਂਦਾ ਹੈ। ਇਸ ਲਈ ਇਸ ਦਾ ਨਾਮ ਕਰਾਮਾਤੀ ਸ਼ਸਤਰ ਹੈ।

**4) ਗੁਰਜ**

ਇਹ ਲੋਹੇ ਦਾ ਸ਼ਸਤਰ ਹੁੰਦਾ ਹੈ ਅਤੇ ਇਸ ਦਾ ਆਕਾਰ ਗਦਾ ਵਰਗਾ ਹੁੰਦਾ ਹੈ।[11] ਇਸ ਸ਼ਸਤਰ ਨੂੰ ਤਿੰਨ ਮੁਖੀ ਗੁਰਜ ਕਿਹਾ ਜਾਂਦਾ ਹੈ। ਇਸ ਨੂੰ ਤਿੰਨ ਸ਼ਸਤਰਾਂ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਤਿੰਨ ਆਕਾਰ ਹਨ। ਇਸ ਦਾ ਇੱਕ ਹਿੱਸਾ ਗੁਰਜ ਦੇ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇੱਕ ਹਿੱਸੇ ਵਿਚ ਦੋ ਤਬਰ ਲੱਗੇ ਹੋਏ ਹਨ ਅਤੇ ਇੱਕ ਹਿੱਸੇ ਵਿਚ ਸਭ ਤੋਂ ਉੱਪਰ ਤੀਰ ਲੱਗੀ ਹੋਈ ਹੈ। ਇੱਕ ਹੋਰ ਗੁਰਜ ਦੇ ਵੀ ਇਨ੍ਹਾਂ ਸ਼ਸਤਰਾਂ ਨਾਲ ਦਰਸ਼ਨ ਕਰਵਾਏ ਜਾਂਦੇ ਹਨ। ਪੁਰਾਤਨ ਸਮੇਂ ਵਿਚ ਹਾਥੀ ਨੂੰ ਫਤਹਿ ਕਰਨ ਵਾਸਤੇ ਇਸ ਸ਼ਸਤਰ ਨੂੰ ਵਰਤਿਆ ਜਾਂਦਾ ਸੀ।

**5) ਚੌੜੇ ਫਲ ਦਾ ਤੇਗਾ**

ਇਸ ਪਾਵਨ ਸ਼ਸਤਰ ਨੂੰ ਤੇਗਾ ਕਿਹਾ ਜਾਂਦਾ ਹੈ। ਇਹ ਚੌੜੇ ਫਲ ਦਾ ਸੰਪੂਰਨ ਆਕਾਰ ਦਾ ਤੇਗਾ ਹੈ। ਪੁਰਾਤਨ ਸਮੇਂ ਜੰਗਾਂ ਯੁੱਧਾਂ ਵਿਚ ਵੱਡੇ -ਵੱਡੇ ਸੂਰਬੀਰ -ਯੋਧੇ ਆਪਣੇ ਕਮਰ ਕੱਸੇ ਵਿਚ ਇਸ ਤਰ੍ਹਾਂ ਦੇ ਸ਼ਸਤਰ ਰੱਖਿਆ ਕਰਦੇ ਅਤੇ ਜੰਗ ਕਰਿਆ ਕਰਦੇ ਸਨ।

**6) ਨਾਗਫ਼ਨੀ**

ਇਹ ਲੋਹੇ ਦਾ ਸ਼ਸਤਰ ਹੈ। ਇਸ ਸ਼ਸਤਰ ਦਾ ਆਕਾਰ ਨਾਗ (ਸੱਪ) ਦੇ ਫ਼ਨ ਵਰਗਾ ਹੈ। ਇਸ ਲਈ ਇਸ ਸ਼ਸਤਰ ਦਾ ਨਾਮ ਨਾਗਫ਼ਨੀ ਹੈ।

---

[11] 'ਗਦਾ ਜੇਹਾ ਲੋਹੇ ਦਾ ਸ਼ਸਤ੍ਰ।' https://punjabipedia.org/ ਗੁਰਜ

**7) ਨਾਗਣੀ**

ਜਿਸ ਤਰ੍ਹਾਂ ਸੱਪ ਜ਼ਮੀਨ ਉੱਤੇ ਰੇਂਗਦਾ ਹੋਇਆ ਚਲਦਾ ਹੈ। ਉਸੇ ਆਕਾਰ ਇਹ ਸ਼ਸਤਰ ਹੈ। ਇਸ ਕਾਰਨ ਇਸ ਸ਼ਸਤਰ ਨੂੰ ਨਾਗਣੀ ਕਿਹਾ ਜਾਂਦਾ ਹੈ।

**8) ਸੁਦਰਸ਼ਨ ਚੱਕਰ**

ਚੱਕਰ ਵਿਚੋਂ ਸਭ ਤੋਂ ਸ੍ਰੇ ਸ਼ਟ ਸੁਦਰਸ਼ਨ ਚੱਕਰ ਹੈ। ਜਿਸ ਆਕਾਰ ਦਾ ਸੂਰਜ ਅਤੇ ਉਸ ਦੀਆਂ ਕਿਰਨਾਂ ਹੁੰਦੀਆ ਹਨ। ਉਸ ਆਕਾਰ ਦਾ ਇਹ ਸ਼ਸਤਰ ਹੈ। ਇਸ ਸ਼ਸਤਰ ਨੂੰ ਅਸ਼ਤਰ ਅਤੇ ਸ਼ਸਤਰ ਦੋਹਾਂ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਖਾਲਸਾ ਪੰਥ ਵਿਚ ਇਸ ਤਰ੍ਹਾਂ ਦੇ ਚੱਕਰ ਨਿਹੰਗ ਸਿੰਘ ਆਪਣੀ ਦਸਤਾਰ ਉੱਪਰ ਸਜਾਉਂਦੇ ਹਨ।

**9) ਬਾਗ ਨੱਥਾ**

ਸ਼ੇਰ ਦੇ ਨਾਖ਼ੂਨ ਵਾਂਗ ਇਹ ਸ਼ਸਤਰ ਨੁਕੀਲੇ ਆਕਾਰ ਦਾ ਹੈ। ਇਸ ਲਈ ਇਸ ਨੂੰ ਬਾਗ ਨੱਥਾ ਸ਼ਸਤਰ ਕਿਹਾ ਜਾਂਦਾ ਹੈ।

**10) ਬਿਛੂਆ**

ਇਸ ਸ਼ਸਤਰ ਦੇ ਦੋ ਆਕਾਰ ਹਨ। ਇਸ ਨੂੰ ਬਿਛੂਆ ਸ਼ਸਤਰ ਵੀ ਕਿਹਾ ਜਾਂਦਾ ਹੈ ਅਤੇ ਇਸ ਨੂੰ ਸਰੋਤਾ ਸ਼ਸਤਰ ਵੀ ਕਿਹਾ ਜਾਂਦਾ ਹੈ। ਬਿਛੂ ਦੇ ਆਕਾਰ ਵਰਗਾ ਇਸ ਸ਼ਸਤਰ ਦਾ ਆਕਾਰ ਬਣਿਆ ਹੋਇਆ ਹੈ।

**11) ਖੰਡੇ**

ਇਹ ਦੋ ਖੰਡੇ ਕਰੀਬ ਤਿੰਨ ਫੁੱਟ ਲੰਬੇ ਹਨ। ਇਨ੍ਹਾਂ ਖੰਡਿਆਂ ਦੇ ਮੁੱਠੇ ਸੁਨਹਿਰੀ ਹਨ। ਇਨ੍ਹਾਂ ਨੂੰ ਵੀ ਹੋਰ ਸ਼ਸਤਰਾਂ ਸਮੇਤ ਤਖ਼ਤ ਸਾਹਿਬ ਦੇ ਅੰਦਰ ਸਜਾਇਆ ਜਾਂਦਾ ਹੈ।

**12) ਦਾਨ ਪਟਾ**

ਪੁਰਾਤਨ ਸਮੇਂ ਇਸ ਸ਼ਸਤਰ ਨੂੰ ਘੋੜ ਸਵਾਰ ਘੋੜੇ ਦੇ ਉੱਪਰ ਸਵਾਰ ਹੋ ਕੇ ਬਾਂਹ ਵਿਚ ਇੱਕ ਕਬਚ ਵਜੋਂ ਪਾਉਂਦੇ ਸਨ। ਇਹ ਸ਼ਸਤਰ ਉਨ੍ਹਾਂ ਦੇ ਹੱਥ ਜਾਂ ਬਾਂਹ ਨੂੰ ਦੁ ਸ਼ਮਣ ਦੇ ਵਾਰ ਤੋਂ ਬਚਾਉਂਦਾ ਸੀ। ਇਸ ਕਾਰਨ ਇਸ ਸ਼ਸਤਰ ਦਾ ਨਾਮ ਦਾਨ ਪਟਾ ਹੈ।

**13) ਅਰਧ ਚੰਦਰ ਮੁਖੀ ਤੀਰ**

ਜਿਸ ਸਮੇਂ ਚੰਦਰਮਾ ਦਾ ਆਕਾਰ ਅੱਧਾ ਹੋ ਜਾਂਦਾ ਹੈ। ਉਸ ਆਕਾਰ ਦੇ ਇਹ ਤੀਰ ਬਣੇ ਹੋਏ ਹਨ। ਜੰਗ ਦੇ ਮੈਦਾਨ ਵਿਚ ਇਸ ਤੀਰ ਦਾ ਵਾਰ ਦੁ ਸ਼ਮਣ ਦੀ ਧੌਣ ਆਸਾਨੀ ਨਾਲ ਲਾਹ ਕੇ ਚੱਲਿਆ ਜਾਂਦਾ ਹੈ। ਇਨ੍ਹਾਂ ਤੀਰਾਂ ਦਾ ਨਾਂ ਅਰਧ ਚੰਦਰ ਮੁਖੀ ਤੀਰ ਹੈ। ਇਨ੍ਹਾਂ ਨੂੰ ਸ਼ਸਤਰ ਅਤੇ ਅਸ਼ਤਰ ਦੋਹਾਂ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ।

**14) ਸ੍ਰੀ ਸਾਹਿਬ**

ਇਹ ਗੋਲੀਆ ਆਕਾਰ ਦੀ ਸੰਪੂਰਨ ਸ੍ਰੀ ਸਾਹਿਬ (ਕ੍ਰਿਪਾਨ) ਹੈ। ਸੁੰਦਰ ਮੁੱਠੇ ਵਾਲੀ ਇਸ ਸ੍ਰੀ ਸਾਹਿਬ ਦੀ ਲੰਬਾਈ ਤਿੰਨ ਫੁੱਟ ਹੈ।

**15) ਕਿਰਚ ਸ਼ਸਤਰ**

ਇਹ ਕ੍ਰਿਪਾਨ ਦੇ ਆਕਾਰ ਵਰਗਾ ਸ਼ਸਤਰ ਹੈ। ਇਸ ਨੂੰ ਕਮਰਕੱਸੇ ਵਿਚ ਸਜਾਇਆ ਜਾਂਦਾ ਹੈ।

**16) ਢਾਲ**

ਇਹ ਢਾਲ ਸਰਬਲੋਹੇ ਦੀ ਗੈਂਡੇ ਦੇ ਚਮੜੇ ਦੀ ਬਣੀ ਮੰਨੀ ਜਾਂਦੀ ਹੈ। ਇਸ ਢਾਲ ਨੂੰ ਪਿੱਠ 'ਤੇ ਲਾਇਆ ਜਾਂਦਾ ਹੈ ਤਾਂਕਿ ਦੁ ਸ਼ਮਣ ਵੱਲੋਂ ਪਿਛੋਂ ਪਿੱਠ ਉੱਪਰ ਵਾਰ ਕਰਨ ਵੇਲੇ ਇਸ ਨਾਲ ਬਚਾਵ ਹੋ ਸਕੇ। ਜੰਗ ਦੇ ਮੈਦਾਨ ਵਿਚ ਇਸ ਨੂੰ ਖੱਬੇ ਹੱਥ ਵਿਚ ਫੜ ਕੇ ਸਾਹਮਣੇ ਤੋਂ ਵੀ ਦੁ ਸ਼ਮਣ ਦਾ ਵਾਰ ਰੋਕਿਆ ਜਾਂਦਾ ਹੈ।

**17) ਬੰਦੂਕ**

ਇਸ ਬੰਦੂਕ ਨੂੰ ਕਰਾਬੀਨ ਕਿਹਾ ਜਾਂਦਾ ਹੈ। ਜਦੋਂ ਇਸ ਸ਼ਸਤਰ ਵਿਚ ਬਾਰੂਦ (ਕਾਰਤੂਸ) ਪਾ ਕੇ ਵਾਰ ਕੀਤਾ ਜਾਂਦਾ ਹੈ ਤਾਂ ਇਹ ਸ਼ਸਤਰ ਦੋ ਮੀਲ ਦੀ ਦੂਰੀ ਤੱਕ ਵਾਰ ਕਰਦਾ ਹੈ। ਇਸ ਨੂੰ ਛੋਟੇ ਆਕਾਰ ਦੀ ਤੋਪ ਵੀ ਕਿਹਾ ਜਾਂਦਾ ਹੈ।

**18) ਤਮੰਚੇ (ਪਿਸਤੌਲਾਂ)**

ਇਹ ਦੋ ਤਮੰਚੇ ਹਨ। ਇਹ ਤਮੰਚੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਕਮਰ ਕੱਸੇ ਦੇ ਤਮੰਚੇ ਹਨ। ਇਨ੍ਹਾਂ ਨੂੰ ਮਹਾਰਾਜਾ ਸੱਜੇ ਅਤੇ ਖੱਬੇ ਪਾਸੇ ਸਜਾਉਂਦੇ ਹੁੰਦੇ ਸ ਨ। ਇਨ੍ਹਾਂ ਉੱਪਰ ਸੋਨੇ ਦੀ ਮੀਨਾਕਾਰੀ ਕੀਤੀ ਹੋਈ ਹੈ ਅਤੇ ਹੀਰੇ ਜੜਤ ਹਨ। ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ

ਦੀ ਉਸਾਰੀ ਆਰੰਭ ਕਰਵਾਈ ਸੀ। ਉਸ ਸਮੇਂ ਭਾਈ ਚੰਦਾ ਸਿੰਘ ਜੀ ਨੂੰ ਮਹਾਰਾਜੇ ਨੇ ਆਪਣੇ ਕਮਰ ਕੱਸੇ ਦੇ ਇਹ ਦੋ ਤਮੰਚੇ ਦੇ ਕੇ ਭੇਜਿਆ ਸੀ। ਤਖ਼ਤ ਸਾਹਿਬ ਦੇ ਅੰਦਰਲੇ ਅਸਥਾਨ 'ਤੇ ਹੋਰ ਸ਼ਸਤਰਾਂ ਸਮੇਤ ਇਹ ਦੋਵੇਂ ਤਮੰਚੇ ਵੀ ਸੁਸ਼ੋਭਿਤ ਕੀਤੇ ਜਾਂਦੇ ਹਨ।

**19) ਛੋਟੇ ਤਮੰਚੇ (ਛੋਟੀਆਂ ਪਿਸਤੌਲਾਂ)**

ਇਹ ਦੋ ਤਮੰਚੇ ਛੋਟੇ ਆਕਾਰ ਦੇ ਹਨ। ਇਨ੍ਹਾਂ ਦੇ ਅੱਗੇ ਛੋਟੇ ਤੀਰ ਲੱਗੇ ਹੋਏ ਹਨ। ਜਿਸ ਸਮੇਂ ਇਨ੍ਹਾਂ ਤਮੰਚਿਆਂ ਵਿਚੋਂ ਬਾਰੂਦ ਜਾਂ ਕਾਰਤੂਸ ਖ਼ਤਮ ਹੋ ਜਾਂਦਾ ਸੀ। ਉਸ ਸਮੇਂ ਇਨ੍ਹਾਂ ਅੱਗੇ ਲੱਗੇ ਤੀਰਾਂ ਨੂੰ ਦੁਸ਼ਮਣ ਉੱਤੇ ਵਾਰ ਕਰਨ ਲਈ ਪ੍ਰਯੋਗ ਕੀਤਾ ਜਾਂਦਾ ਸੀ।

**20) ਤੌੜੇਦਾਰ ਬੰਦੂਕ**

ਇਹ ਬੰਦੂਕ ਮਹਾਰਾਜਾ ਰਣਜੀਤ ਸਿੰਘ ਦੀ ਆਪਣੀ ਬੰਦੂਕ ਹੈ। ਇਹ ਤੌੜੇਦਾਰ ਬੰਦੂਕ ਹੈ। ਇੱਕ ਹੋਰ ਬੰਦੂਕ ਜਿਸ ਦੇ ਦਰਸ਼ਨ ਸੰਗਤਾਂ ਨੂੰ ਇਸ ਸਮੇਂ ਕਰਵਾਏ ਜਾਂਦੇ ਹਨ। ਉਸ ਨੂੰ ਪਰਮਾਰ ਬੰਦੂਕ ਕਹਿੰਦੇ ਹਨ।

**21) ਛੋਟੇ ਆਕਾਰ ਦੀ ਬੀੜ (ਸਰੂਪ)**

ਇਹ ਛੋਟੇ ਆਕਾਰ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬੀੜ ਹੈ। ਇਸ ਦੇ 1430 ਅੰਗ ਹਨ। ਇਸ ਬੀੜ ਦਾ ਸਾਇਜ ਇੱਕ ਇੰਚ × ਢੇਡ ਇੰਚ ਹੈ। ਇਹ ਛੋਟੇ ਆਕਾਰ ਦੀ ਬੀੜ ਸੋਨੇ ਦੀ ਛੋਟੀ ਪਾਲਕੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸੁਨਹਿਰੀ ਜਵਾਹਰਾਤ ਜੜੀ ਕਲਗ਼ੀ ਦੇ ਸਨਮੁਖ ਸੁਭਾਇਮਾਨ ਕੀਤੀ ਜਾਂਦੀ ਹੈ।

ਉਪਰੋਕਤ ਸ਼ਸਤਰਾਂ ਤੋ ਇਲਾਵਾ ਇਸ ਸਮੇਂ ਸੰਗਤਾਂ ਨੂੰ ਸ਼ਿਕਾਰੀ ਕਟਾਰ ਅਤੇ ਸੁਦਰਸ਼ਨ ਕਟਾਰ, ਜਮਧਾੜ ਸ਼ਸਤਰ, ਅਰਬੀ ਖੰਜਰ, ਬਿਛੂਆ ਖੰਜਰ, ਕਮਾਨ, ਸੈਫ਼, ਸਰੋਹੀ ਆਦਿ ਸ਼ਸਤਰਾਂ ਦੇ ਦਰਸ਼ਨ ਵੀ ਕਰਵਾਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਤਖ਼ਤ ਸਾਹਿਬ 'ਤੇ ਸਿੰਘਾਂ ਦੇ 99 ਪੁਰਾਤਨ ਤਮੰਚੇ ਅਤੇ ਬੰਦੂਕਾਂ ਮੌਜੂਦ ਹਨ। ਸੋਹਣੇ ਪਲੰਘ ਉੱਤੇ ਸਜਾ ਕੇ ਇਨ੍ਹਾਂ ਦੇ ਦਰਸ਼ਨ ਵੀ ਸ਼ਸਤਰਾਂ ਨਾਲ ਹੀ ਕਰਵਾਏ ਜਾਂਦੇ ਹਨ। ਉਕਤ ਸਾਰੇ ਸ਼ਸਤਰ ਤਖ਼ਤ ਦੇ ਅੰਦਰਲੇ ਥੜ੍ਹੇ ਉੱਪਰ ਸਜਾਏ ਜਾਣ ਵਾਲੇ ਸ਼ਸਤਰ ਹਨ।[12]

---

12 ਸਰਵੇਖਣ ਦੌਰਾਨ ਇਕੱਤਰ ਕੀਤੀ ਜਾਣਕਾਰੀ ਅਨੁਸਾਰ।

## 23) ਤਖ਼ਤ ਸਾਹਿਬ ’ਤੇ ਨਗਾਰਾ

ਤਖ਼ਤ ਸਾਹਿਬ ’ਤੇ ਇੱਕ ਵੱਡੇ ਆਕਾਰ ਦਾ ਨਗਾਰਾ ਪਿਆ ਹੈ। ਇਹ ਨਗਾਰਾ ਤਖ਼ਤ ਦੇ ਅੰਦਰ ਪਿਛੇ ਸੱਜੇ ਕੋਨੇ ਵਿਚ ਰੱਖਿਆ ਹੋਇਆ ਹੈ। ਤਖ਼ਤ ਸਾਹਿਬ ’ਤੇ ਜਦੋਂ ਵੀ ਅਰਦਾਸ ਹੁੰਦੀ ਹੈ ਤਾਂ ਇਸ ਨਗਾਰੇ ਨੂੰ ਵਜਾਇਆ ਜਾਂਦਾ ਹੈ। ਨਗਾਰੇ ਲਈ ਧੌਂਸਾ ਸ਼ਬਦ ਵੀ ਵਰਤਿਆ ਜਾਂਦਾ ਹੈ।

## ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਵਿੱਦਿਅਕ ਆਦਾਰੇ

ਹਜ਼ੂਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਬਖ਼ਸ਼ ਕੇ ਸਿੱਖਾਂ ਨੂੰ ਸ਼ਬਦ ਗੁਰੂ ਦੇ ਸਿਧਾਂਤ ਨਾਲ ਜੋੜਿਆ ਸੀ। ਅਜੋਕੇ ਸਮੇਂ ਵਿਚ ਹਜ਼ੂਰ ਸਾਹਿਬ ਨਾਂਦੇੜ ਸੰਸਾਰ ਭਰ ਵਿਚ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਵਜੋਂ ਪ੍ਰਸਿੱਧ ਹੈ ਅਤੇ ਇਸ ਨੂੰ ਸਿੱਖਾਂ ਦੀ ਦੱਖਣ ਕਾਸ਼ੀ ਵੀ ਕਿਹਾ ਜਾਂਦਾ ਹੈ। ਅੱਜ ਇਸ ਪਵਿੱਤਰ ਧਰਤੀ ਉੱਤੇ ਅਨੇਕਾਂ ਵਿੱਦਿਅਕ ਸੰਸਥਾਵਾਂ ਖੁੱਲ੍ਹ ਚੁੱਕੀਆਂ ਹਨ ਜਿਹੜੀਆਂ ਵੱਖ-ਵੱਖ ਖੇਤਰਾਂ ਵਿਚ ਸਿੱਖਿਆ ਪ੍ਰਦਾਨ ਕਰ ਰਹੀਆਂ ਹਨ। ਇਨ੍ਹਾਂ ਵਿਚ ਹਜ਼ਾਰਾਂ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਨਾਂਦੇੜ ਮਹਾਰਾਸ਼ਟਰ ਦੇ ਪ੍ਰਸਿੱਧ ਵਿੱਦਿਅਕ ਕੇਂਦਰਾਂ ਵਿਚੋਂ ਇੱਕ ਹੈ। ਪ੍ਰਚੀਨ ਲਿਖਤਾਂ ਅਨੁਸਾਰ ਨਾਂਦੇੜ ਨੂੰ ਸੰਸਕ੍ਰਿਤ ਸਿੱਖਣ ਦੇ ਕੇਂਦਰ ਵਜੋਂ ਜਾਣਿਆ ਜਾਂਦਾ ਸੀ। ਵਿਦਿਆਰਥੀ ਗੁਆਂਢੀ ਰਾਜ ਆਂਧਰਾ ਪ੍ਰਦੇਸ਼ (ਹੁਣ ਤੇਲੰਗਾਨਾ) ਦੇ ਜ਼ਿਲ੍ਹਾ ਨਿਜ਼ਾਮਾਬਾਦ ਅਤੇ ਆਦਿਲਾਬਾਦ ਤੋਂ ਸਿੱਖਿਆ ਪ੍ਰਾਪਤ ਕਰਨ ਲਈ ਨਾਂਦੇੜ ਆਉਂਦੇ ਹਨ।[13] ਮੌਜੂਦਾ ਸਮੇਂ ਵਿਚ ਨਾਂਦੇੜ ਸਾਹਿਬ ਵਿਖੇ ਚੱਲ ਰਹੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ ਦੀ ਮੁੱਢਲੀ ਜਾਣਕਾਰੀ ਨਿਮਨ ਅਨੁਸਾਰ ਹੈ:

### 1) ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ, ਨਾਂਦੇੜ

ਇਹ ਯੂਨੀਵਰਸਿਟੀ ਮਹਾਰਾਸ਼ਟਰ ਦੇ ਮਰਾਠਵਾੜਾ ਖੇਤਰ ਵਿਚ ਆਪਣੇ ਵਿੱਦਿਆ ਦੇ ਯੋਗਦਾਨ ਵਜੋਂ ਜਾਣੀ ਜਾਂਦੀ ਹੈ। ਇਹ ਯੂਨੀਵਰਸਿਟੀ ਮਹਾਰਾਸ਼ਟਰ ਸਰਕਾਰ ਦੁਬਾਰਾ ਸਥਾਪਿਤ ਕੀਤੀ ਸੀ। ਇਸ ਨੂੰ ਯੂਨੀਵਰਸਿਟੀ ਗਰਾਂਟ ਕਮਿਸ਼ਨ ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ ਹੈ। ਸਵਾਮੀ ਰਾਮਾਨੰਦ ਤੀਰਥ ਦੇ ਨਾਮ

---

[13] Pranita M. Wange, *Material Use and Recycle: Comparative Study of Waste Management in Nanded City,* Page 93.

'ਤੇ ਨਾਂਦੇੜ ਵਿਖੇ ਸੰਨ 1994 ਈ. ਵਿਚ ਇਸ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਨਾਂਦੇੜ ਸ਼ਹਿਰ ਤੋਂ ਬਾਹਰ ਲਾਤੂਰ-ਨਾਂਦੇੜ ਰੋਡ ਉੱਪਰ ਸਥਿਤ ਇਹ ਯੂਨੀਵਰਸਿਟੀ ਮਹਾਰਾਸ਼ਟਰ ਰਾਜ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਵਿਚੋਂ ਇੱਕ ਹੈ। ਮਹਾਰਾਸ਼ਟਰ ਰਾਜ ਦੇ ਮਰਾਠਵਾੜਾ ਖੇਤਰ ਦੇ ਦੱਖਣੀ ਭਾਗ ਖ਼ਾਸ ਕਰਕੇ ਨਾਂਦੇੜ, ਹਿੰਗੋਲੀ, ਲਾਤੂਰ, ਪਰਭਨੀ ਜ਼ਿਲ੍ਹਿਆਂ ਅਤੇ ਪੇਂਡੂ ਖੇਤਰਾਂ ਵਿਚ ਇਹ ਯੂਨੀਵਰਸਿਟੀ ਸਿੱਖਿਆ ਦਾ ਵੱਡੇ ਪੱਧਰ 'ਤੇ ਪ੍ਰਚਾਰ ਅਤੇ ਪ੍ਰਸਾਰ ਕਰ ਰਹੀ ਹੈ। ਇਸ ਯੂਨੀਵਰਸਿਟੀ ਵੱਲੋਂ ਸਾਇੰਸ, ਮੈਨੇਜਮੈਂਟ, ਆਰਟਸ, ਸਿੱਖਿਆ, ਟੈਕਨੋਲੋਜੀ ਆਦਿ ਵੱਖ-ਵੱਖ ਖੇਤਰਾਂ ਵਿਚ ਡਾਕਟਰੇਟ, ਪੋਸਟ ਗ੍ਰੈਜੂਏਟ, ਗ੍ਰੈਜੂਏਟ ਅਤੇ ਡਿਪਲੋਮਾ ਤੋਂ ਇਲਾਵਾ ਹੋਰ ਬਹੁਤ ਸਾਰੇ ਕੋਰਸ ਕਰਵਾਏ ਜਾਂਦੇ ਹਨ।

ਇਸ ਸਮੇਂ ਲਗਭਗ 25000 ਤੋਂ ਜ਼ਿਆਦਾ ਵਿਦਿਆਰਥੀ ਇੱਥੇ ਸਿੱਖਿਆ ਹਾਸਲ ਕਰ ਰਹੇ ਹਨ। ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀ ਇੱਥੇ ਆਪਣੀ ਸਿੱਖਿਆ ਪ੍ਰਾਪਤ ਕਰਨ ਲਈ ਆਉਂਦੇ ਹਨ। ਯੂਨੀਵਰਸਿਟੀ ਕੈਂਪਸ ਲਗਭਗ 600 ਏਕੜ ਦੇ ਸਾਫ਼-ਸੁਥਰੇ ਹਰੇ-ਭਰੇ ਖੇਤਰ ਵਿਚ ਫੈਲਿਆ ਹੋਇਆ ਹੈ। ਯੂਨੀਵਰਸਿਟੀ ਦੀ ਸ਼ਾਨਦਾਰ ਇਮਾਰਤ, ਵਿਸ਼ਾਲ ਖੇਡ ਮੈਦਾਨ, ਬਾਗ, ਪਾਰਕ ਅਤੇ ਵਿਦਿਆਰਥੀਆਂ ਲਈ ਹੋਸਟਲ ਹਨ। ਯੂਨੀਵਰਸਿਟੀ ਦੇ ਟੀ ਪੋਆਇੰਟ (T Point) ਉੱਪਰ ਨਾਲੰਦਾ ਗੇਟ ਬਣਿਆ ਹੋਇਆ ਹੈ। ਮਹਾਰਾਸ਼ਟਰ ਪ੍ਰਾਂਤ ਵਿਚ ਔਰੰਗਾਬਾਦ ਡਵੀਜ਼ਨ ਦੇ ਹਿੰਗੋਲੀ, ਲਾਤੂਰ, ਨਾਂਦੇੜ, ਪਾਰਭਨੀ ਇਨ੍ਹਾਂ ਚਾਰ ਜ਼ਿਲ੍ਹਿਆਂ ਦੇ ਲਗਪਗ ਸਾਰੇ ਸੀਨੀਅਰ ਕਾਲਜ ਇਸ ਯੂਨੀਵਰਸਿਟੀ ਵਿਚ ਸ਼ਾਮਲ ਹਨ। ਲਗਪਗ 300 ਕਾਲਜ ਇਸ ਨਾਲ ਸੰਬੰਧਿਤ ਹਨ।[14] ਇਸ ਸਮੇਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਉਧਵ ਵੀ. ਭੋਸਲੇ ਹਨ।

## 2) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਧਿਐਨ ਸੰਕੁਲ ਅਤੇ ਖੋਜ ਕੇਂਦਰ

ਨਾਂਦੇੜ ਸ਼ਹਿਰ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਪੁਰਾਤਨ ਸਮੇਂ ਤੋਂ ਬਹੁਤ ਗੂੜ੍ਹਾ ਸੰਬੰਧ ਰਿਹਾ ਹੈ। ਅਕਤੂਬਰ, 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵਿਖੇ ਜੋਤੀ ਜੋਤਿ ਸਮਾਏ ਸਨ। 1994 ਈ. ਵਿਚ ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ ਦੀ ਸਥਾਪਨਾ ਤੋਂ ਬਾਅਦ ਹੀ ਇਸ

---

[14] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਧਿਐਨ ਸੰਕੁਲ ਅਤੇ ਖੋਜ ਕੇਂਦਰ ਦੇ ਮੌਜੂਦਾ ਡਾਇਰੈਕਟਰ ਡਾ . ਦੀਪਕ ਸ਼ਿੰਦੇ ਦੇ ਦੱਸਣ ਅਨੁਸਾਰ।

ਯੂਨੀਵਰਸਿਟੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਚੇਅਰ ਸਥਾਪਤ ਕਰਨ ਦੀ ਮੰਗ ਕੀਤੀ ਜਾ ਰਹੀ ਸੀ।[15] ਸਿੱਟੇ ਵਜੋਂ ਇਸ ਚੇਅਰ ਦੀ ਸਥਾਪਨਾ ਹੋਈ। ਬਾਅਦ ਵਿਚ ਯੂਨੀਵਰਸਿਟੀ ਨੇ ਇਸ ਚੇਅਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਧਿਐਨ ਸੰਕੁਲ ਅਤੇ ਖੋਜ ਕੇਂਦਰ ਵਿਚ ਤਬਦੀਲ ਕਰਨ ਦੀ ਯੋਜਨਾ ਬਣਾਈ।[16] ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਕਾਰਜਾਂ ਉੱਤੇ ਅਧਿਐਨ ਅਤੇ ਖੋਜ ਕਰਨ ਅਤੇ ਪੰਜਾਬੀ ਭਾਸ਼ਾ ਦਾ ਗਿਆਨ ਪ੍ਰਦਾਨ ਕਰਨ ਦੇ ਉਦੇਸ਼ ਨੂੰ ਲੈ ਕੇ ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉੱਪਰ ਇਹ ਚੇਅਰ ਸਥਾਪਿਤ ਕੀਤੀ ਗਈ। ਯੂਨੀਵਰਸਿਟੀ ਗਰਾਂਟ ਕਮਿਸ਼ਨ ਨਵੀਂ ਦਿੱਲੀ ਵੱਲੋਂ ਆਗਿਆ ਮਿਲਣ ਤੋਂ ਬਾਅਦ 2016-17 ਵਿਚ ਇਹ ਚੇਅਰ ਦੀ ਸਥਾਪਨਾ ਕੀਤੀ ਗਈ ਸੀ। ਵਰਤਮਾਨ ਸਮੇਂ ਵਿਚ ਇਸ ਕੇਂਦਰ ਨੂੰ ਯੂ . ਜੀ. ਸੀ. ਵੱਲੋਂ ਮਾਨਤਾ ਪ੍ਰਾਪਤ ਹੈ ਅਤੇ ਇਸ ਕੇਂਦਰ ਵਿਚ ਤਿੰਨ ਮਹੀਨੇ ਦਾ ਬੇਸਿਕ ਪੰਜਾਬੀ ਭਾਸ਼ਾ ਸਰਟੀਫਿਕੇਟ ਕੋਰਸ ਕਰਵਾਇਆ ਜਾਂਦਾ ਹੈ। ਕੋਰਸ ਦੀਆਂ 20 ਸੀਟਾਂ ਹਨ। ਵਿੱਦਿਅਕ ਯੋਗਤਾ ਬਾਰ੍ਹਵੀਂ ਜਮਾਤ ਪਾਸ ਹੋਣਾ ਜ਼ਰੂਰੀ ਹੈ। ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਕੋਰਸ ਨਾਲ ਸਬੰਧਿਤ ਕਿਤਾਬਾਂ ਫ਼ਰੀ ਦਿੱਤੀਆਂ ਜਾਂਦੀਆਂ ਹਨ। ਮਹਾਰਾਸ਼ਟਰ ਸੂਬੇ ਦੀ ਮਰਾਠੀ ਭਾਸ਼ਾ ਹੋਣ ਕਾਰਨ ਨਾਂਦੇੜ ਵਿਖੇ ਵੀ ਮਰਾਠੀ ਬੋਲੀ ਜਾਂਦੀ ਹੈ। ਇੱਥੇ ਪੰਜਾਬੀ ਬਹੁਤ ਘੱਟ ਪੜ੍ਹਾਈ ਜਾਂਦੀ ਹੈ। ਇਸ ਕਾਰਨ ਯੂਨੀਵਰਸਿਟੀ ਵੱਲੋਂ ਇਸ ਕੇਂਦਰ ਵਿਚ ਇਹ ਕੋਰਸ ਸ਼ੁਰੂ ਕੀਤਾ ਗਿਆ ਸੀ। ਇਹ ਕੋਰਸ ਵਿਚ ਸਭ ਧਰਮਾਂ ਦੇ ਸਥਾਨਿਕ ਵਿਦਿਆਰਥੀ ਦਾਖਲਾ ਲੈਂਦੇ ਹਨ। ਗਿਆਰ੍ਹਾਂ ਮੈਂਬਰਾਂ ਦੀ ਇੱਕ ਸਲਾਹਕਾਰ ਕਮੇਟੀ ਬਣੀ ਹੋਈ ਹੈ। ਮੌਜੂਦਾ ਸਮੇਂ ਵਿਚ ਇਸ ਕੇਂਦਰ ਦੀ ਇੱਕ ਵਿਲੱਖਣ ਢੰਗ ਨਾਲ ਸ਼ਾਨਦਾਰ ਇਮਾਰਤ ਬਣਾਉਣ ਦਾ ਕਾਰਜ ਚੱਲ ਰਿਹਾ ਹੈ। ਡਾ. ਦੀਪਕ ਸ਼ਿੰਦੇ ਇਸ ਕੇਂਦਰ ਦੇ ਪਹਿਲੇ ਅਤੇ ਮੌਜੂਦਾ ਡਾਇਰੈਕਟਰ (ਮੁਖੀ) ਹਨ।[17]

### 3) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸੰਸਥਾ

ਮਹਾਰਾਸ਼ਟਰ ਵਿਚ ਮਰਾਠਵਾੜਾ ਖੇਤਰ ਦੇ ਤਕਨੀਕੀ ਵਿਕਾਸ ਲਈ ਦਸੰਬਰ 1981 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੀ ਸਥਾਪਨਾ ਕੀਤੀ

---

15 https://www.srtmun.ac.in/ SGGS Adhyasan Sankul

16 ਉਕਤ।

17 ਸਰਵੇਖਣ ਦੌਰਾਨ ਇਕੱਠੀ ਕੀਤੀ ਜਾਣਕਾਰੀ ਅਨੁਸਾਰ।

ਗਈ। ਇਸ ਕਾਲਜ ਨੂੰ ਸ਼ੁਰੂ ਤੋਂ ਹੀ ਟੈਕਨੀਕਲ ਸਿੱਖਿਆ (Technical Education) ਲਈ ਖੋਲ੍ਹਿਆ ਗਿਆ ਸੀ। ਇਹ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਕਾਲਜ ਮਹਾਰਾਸ਼ਟਰ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਦੇ ਵਿਦਿਆਰਥੀਆਂ ਲਈ ਖੋਲ੍ਹਿਆ ਗਿਆ ਸੀ। ਇਹ ਕਾਲਜ ਨਾਂਦੇੜ ਸ਼ਹਿਰ ਤੋਂ ਬਾਹਰ ਲਾਤੂਰ-ਨਾਂਦੇੜ ਰੋਡ ਉੱਪਰ ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ ਤੋਂ ਦੋ ਕਿ. ਮੀ. ਦੂਰੀ 'ਤੇ ਵਿਸ਼ਨਪੁਰੀ ਵਿਚ ਸਥਿਤ ਹੈ। ਇਸ ਕਾਲਜ ਨੂੰ ਬਣਾਉਣ ਲਈ ਸੰਤ ਬਾਬਾ ਹਰਨਾਮ ਸਿੰਘ ਗੁਰਦੁਆਰਾ ਲੰਗਰ ਸਾਹਿਬ ਟਰੱਸਟ ਵੱਲੋਂ 46 ਏਕੜ ਜ਼ਮੀਨ ਸਰਕਾਰ ਨੂੰ ਦਾਨ ਦਿੱਤੀ ਗਈ ਸੀ। ਇਸ ਕਾਲਜ ਦਾ ਨਾਮ ਵੀ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਰੱਖਿਆ ਗਿਆ। 2% ਦੇ ਹਿਸਾਬ ਨਾਲ ਇਥੇ 20 ਸੀਟਾਂ ਗੁਰਦੁਆਰਾ ਲੰਗਰ ਸਾਹਿਬ ਦੀਆਂ ਰਾਖਵੀਆਂ ਰੱਖੀਆਂ ਜਾਂਦੀਆਂ ਹਨ। ਗੁਰਦੁਆਰਾ ਲੰਗਰ ਸਾਹਿਬ ਟਰੱਸਟ ਦਾ ਇੱਕ ਮੈਂਬਰ ਇਸ ਕਾਲਜ ਦੀ ਕਮੇਟੀ ਵਿਚ ਸ਼ਾਮਲ ਹੈ।[18]

ਇਸ ਕਾਲਜ ਵਿਚ ਐੱਮ. ਟੈੱਕ (ਦੋ ਸਾਲਾ ਰੈਗੂਲਰ) ਬੀ. ਟੈੱਕ (ਚਾਰ ਸਾਲਾ ਰੈਗੂਲਰ) ਅਤੇ ਡਾਕਟਰੇਟ ਕਰਵਾਈ ਜਾਂਦੀ ਹੈ। ਸਰਕਾਰ ਵੱਲੋਂ ਅਧਿਆਪਕਾਂ ਦੀਆਂ 140 ਸੀਟਾਂ ਹਨ ਪਰ ਮੌਜੂਦਾ ਸਮੇਂ ਇਥੇ 87 ਅਧਿਆਪਕ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰ ਰਹੇ ਹਨ। ਇਹ ਸੰਸਥਾ ਇੱਕ ਵਿਲੱਖਣ ਅਤੇ ਨਿਵੇਕਲੀ ਸੋਚ ਦਾ ਨਤੀਜਾ ਹੈ। ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਸਰਕਾਰ ਤੋਂ ਸਕਾਲਰਸ਼ਿਪ ਮਿਲਦੀ ਹੈ। ਇਸ ਕਾਲਜ ਦੀ ਤਿੰਨ ਮੰਜ਼ਿਲੀ ਆਲੀਸ਼ਾਨ ਇਮਾਰਤ, 400 ਮੀਟਰ ਦਾ ਐਥਲੈਟਿਕ ਟਰੈਕ ਅਤੇ ਵਿਸ਼ਾਲ ਖੇਡ ਮੈਦਾਨ ਹੈ। ਲੜਕੇ ਅਤੇ ਲੜਕੀਆਂ ਦੇ ਰਹਿਣ ਲਈ ਵੱਖਰੇ-ਵੱਖਰੇ ਹੋਸਟਲ ਹਨ। ਇਸ ਖੇਤਰ ਵਿਚ ਤਕਨੀਕੀ ਵਿੱਦਿਆ ਦੇ ਪਛੜੇਪਣ ਨੂੰ ਦੂਰ ਕਰਨ ਲਈ ਇਹ ਕਾਲਜ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਸੰਸਥਾ ਨੂੰ 2004 ਤੋਂ ਯੂਨੀਵਰਸਿਟੀ ਗਰਾਂਟ ਕਮਿਸ਼ਨ ਨਵੀਂ ਦਿੱਲੀ ਦੁਆਰਾ ਅਕਾਦਮਿਕ, ਵਿੱਤੀ ਅਤੇ ਪ੍ਰਬੰਧਕੀ ਆਦਿ ਮਾਮਲਿਆਂ ਵਿਚ ਖ਼ੁਦਮੁਖਤਿਆਰੀ ਦਾ ਦਰਜਾ ਪ੍ਰਾਪਤ ਹੈ। ਡਾ. ਯਸਵੰਤ ਜੋਸ਼ੀ ਇਸ ਕਾਲਜ ਦੇ ਮੌਜੂਦਾ ਡਾਇਰੈਕਟਰ ਹਨ।

---

18 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸੰਸਥਾ ਦੇ ਮੌਜੂਦਾ ਡਾਇਰੈਕਟਰ ਡਾ. ਯਸਵੰਤ ਜੋਸ਼ੀ ਦੇ ਦੱਸਣ ਅਨੁਸਾਰ।

## 4) ਖ਼ਾਲਸਾ ਹਾਈ ਸਕੂਲ

ਨਾਂਦੇੜ ਵਿਖੇ ਖ਼ਾਲਸਾ ਹਾਈ ਸਕੂਲ ਇੱਕ ਪੁਰਾਣੀ ਵਿੱਦਿਅਕ ਸੰਸਥਾ ਹੈ। ਇਹ ਸੰਸਥਾ 1892 ਈ. ਵਿਚ ਆਰੰਭ ਕੀਤੀ ਗਈ ਸੀ। ਮਹਾਰਾਸ਼ਟਰ ਸਟੇਟ ਬੋਰਡ (MSBSHSE) ਵੱਲੋਂ ਇਸ ਸਕੂਲ ਨੂੰ ਮਾਨਤਾ ਪ੍ਰਾਪਤ ਹੈ। ਸਕੂਲ ਵਿਚ ਵਿਦਿਆਰਥੀਆਂ ਨੂੰ ਸਟੇਟ ਬੋਰਡ ਵੱਲੋਂ ਨਿਰਧਾਰਤ ਪਾਠਕ੍ਰਮ ਪੜ੍ਹਾਇਆ ਜਾਂਦਾ ਹੈ। 125 ਸਾਲ ਤੋਂ ਵੀ ਵੱਧ ਪੁਰਾਣੀ ਇਹ ਵਿੱਦਿਅਕ ਸੰਸਥਾ ਹਿੰਦੀ, ਮਰਾਠੀ ਅਤੇ ਅਰਧ ਇੰਗਲਿਸ਼ ਮੀਡੀਅਮ ਵਿਚ ਚੱਲ ਰਹੀ ਹੈ। ਸ਼ੁਰੂ ਵਿਚ ਇਸ ਨੂੰ ਹਿੰਦੀ ਮੀਡੀਅਮ ਵਿਚ ਹੀ ਖੋ ਲ੍ਹਿਆ ਗਿਆ ਸੀ। ਉਸ ਸਮੇਂ ਇਹ ਸਕੂਲ ਖ਼ਾਲਸਾ ਪ੍ਰਾਇਮਰੀ ਸਕੂਲ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਲਗਭਗ 1962 ਈ. ਵਿਚ ਇਸ ਨੂੰ ਹਾਈ ਸਕੂਲ ਦਾ ਦਰਜਾ ਦਿੱਤਾ ਗਿਆ ਸੀ ਅਤੇ ਇਥੇ ਦਸਵੀਂ ਤੱਕ ਪੜਾਈ ਆਰੰਭ ਕੀਤੀ ਗਈ ਸੀ।[19] ਇਸ ਸਕੂਲ ਦੀ ਤਿੰਨ ਮੰਜ਼ਿਲੀ ਸ਼ਾਨਦਾਰ ਇਮਾਰਤ, ਵੱਡਾ ਖੇਡ ਮੈਦਾਨ ਅਤੇ ਸਟੇਡੀਅਮ ਹੈ। ਇਸ ਸਕੂਲ ਦਾ ਸਮੁੱਚਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਪ੍ਰਬੰਧ ਅਧੀਨ ਹੈ।

ਇਥੇ ਪੰਜਵੀਂ ਤੋਂ ਦਸਵੀਂ ਤੱਕ ਪੜ੍ਹਾਈ ਕਰਵਾਈ ਜਾਂਦੀ ਹੈ। ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਵਿਦਿਆਰਥੀਆਂ ਨੂੰ ਫ਼ਰੀ ਵਰਦੀਆਂ ਅਤੇ ਕਿਤਾਬਾਂ ਦੇਣ ਦੇ ਨਾਲ ਨਾਲ ਸਕੂਲ ਵੈਨ ਦੀ ਸਹੂਲਤ ਵੀ ਫ਼ਰੀ ਹੈ। ਘੱਟ ਗਿਣਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਵਜ਼ੀਫਾ ਦਿੱਤਾ ਜਾਂਦਾ ਹੈ। ਹਰੇਕ ਸਾਲ ਰਾਜ ਪੱਧਰ 'ਤੇ ਹੋਣ ਵਾਲੇ ਹਾਕੀ ਮੁਕਾਬਲਿਆਂ ਵਿਚ ਭਾਗ ਲੈਣ ਵਾਲਾ ਇਹ ਨਾਂਦੇੜ ਸ਼ਹਿਰ ਦਾ ਇਕੋ ਇੱਕ ਸਕੂਲ ਹੈ। ਇਸ ਸਕੂਲ ਦੀ ਹਾਕੀ ਟੀਮ ਦੇ ਚਾਰ-ਪੰਜ ਖਿਡਾਰੀ ਹਰ ਸਾਲ ਨੈਸ਼ਨਲ ਪੱਧਰ ਲਈ ਚੁਣੇ ਜਾਂਦੇ ਹਨ। ਇਸ ਸਕੂਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਤਖ਼ਤ ਸੱਚਖੰਡ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨੇ ਮਿਤੀ 19.7.1984 ਨੂੰ ਹੋਏ ਇੱਕ ਸ਼ਾਨਦਾਰ ਸਮਾਗਮ ਵਿਚ ਰੱਖਿਆ ਸੀ।[20] ਇਹ ਨਵੀਂ ਇਮਾਰਤ ਸੰਨ 1987-88 ਈ. ਵਿਚ ਬਣ ਕੇ ਤਿਆਰ ਹੋ ਗਈ ਸੀ। ਇਸ ਸਮੇਂ ਸਕੂਲ ਵਿਚ 22 ਅਧਿਆਪਕ ਹਨ ਅਤੇ 820 ਤੋਂ ਜ਼ਿਆਦਾ ਵਿਦਿਆਰਥੀ ਵਿੱਦਿਆ ਹਾਸਲ ਕਰ ਰਹੇ ਹਨ। ਸ੍ਰ. ਚਾਂਦ ਸਿੰਘ ਪਿਛਲੇ ਅੱਠ ਸਾਲ ਤੋਂ ਪ੍ਰਿੰਸੀਪਲ ਵਜੋਂ ਸੇਵਾ ਨਿਭਾਅ ਰਹੇ ਹਨ।

---

19 ਖ਼ਾਲਸਾ ਹਾਈ ਸਕੂਲ ਦੇ ਸਹਾਇਕ ਅਧਿਆਪਕ ਸਤਪਾਲ ਸਿੰਘ ਸੀਲੇਦਾਰ ਦੇ ਦੱਸਣ ਅਨੁਸਾਰ।

20 *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਅਗਸਤ 1984 ਪੰਨਾ 18.

5) **ਸ੍ਰੀ ਹਜ਼ੂਰ ਸਾਹਿਬ ਆਈ. ਟੀ. ਆਈ. (I.T.I.)**

ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਮਰਾਠਵਾੜਾ ਖੇਤਰ ਵਿਚ ਕਿੱਤਾਮੁੱਖੀ ਸਿੱਖਿਆ ਪ੍ਰਦਾਨ ਕਰਨ ਲਈ ਸੰਨ 1984 ਈ. ਵਿਚ ਨਾਂਦੇੜ ਵਿਖੇ ਸ੍ਰੀ ਹਜ਼ੂਰ ਸਾਹਿਬ ਆਈ. ਟੀ. ਆਈ. (I.T.I.) ਸਥਾਪਿਤ ਕੀਤੀ ਗਈ। ਇਹ ਆਈ. ਟੀ. ਆਈ ਖ਼ਾਲਸਾ ਐਜੂਕੇਸ਼ਨ ਕੈਂਪਸ ਦੇ ਅੰਦਰ ਹੈ। ਇਸ ਕੈਂਪਸ ਵਿਚ ਹੀ ਖ਼ਾਲਸਾ ਹਾਈ ਸਕੂਲ ਅਤੇ ਖ਼ਾਲਸਾ ਪ੍ਰਾਇਮਰੀ ਸਕੂਲ ਅਤੇ ਦਸਮੇਸ਼ ਬਾਲਕ ਮੰਦਿਰ ਸਕੂਲ ਹੈ। ਇਹ ਆਈ. ਟੀ. ਆਈ. ਭਾਰਤ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਹੈ। ਮੌਜੂਦਾ ਸਮੇਂ ਇਹ ਹੈਦਰ ਬਾਗ ਦਸਮੇਸ਼ ਨਗਰ ਵਿਚ ਬਾਫ਼ਨਾ ਚੌਂਕ (Bafana Square) 'ਤੇ ਸਥਿਤ ਹੈ। ਸੰਨ 1984 ਈ. ਵਿਚ ਇਸ ਆਈ. ਟੀ. ਆਈ. ਨੂੰ ਚਾਰ ਟਰੇਡ ਦੇ ਨਾਲ ਆਰੰਭ ਕੀਤਾ ਗਿਆ ਸੀ। ਅੱਜ ਇਸ ਵਿਚ ਗਿਆਰਾਂ ਟਰੇਡ ਦੇ ਕੋਰਸ ਕਰਵਾਏ ਜਾਂਦੇ ਹਨ। ਡਰਾਫ਼ਟਸਮੈਨ ਸਿਵਲ, ਇਲੈਕਟ੍ਰੀਸ਼ੀਅਨ, ਇਲੈਕਟ੍ਰਾਨਿਕਸ, ਫਿਟਰ, ਵਾਇਰਮੈਨ, ਮਕੈਨਿਕ ਮੋਟਰ ਵਾਹੀਕਲ, ਮਕੈਨਿਕ ਰੇਫ੍ਰੀਜਰੇਸ਼ਨ ਅਤੇ ਏਅਰ ਕੰਡੀਸ਼ਨਰ, ਟਰਨਰ ਦੋ ਸਾਲ ਦੇ ਕੋਰਸ ਅਤੇ ਕੰਪਿਊਟਰ ਆਪਰੇਟਰ ਅਤੇ ਪ੍ਰੋਗਰਾਮਿੰਗ ਅਸਿਸਟੈਂਟ, ਵੈਲਡਰ, ਆਰਕੀਟੈਕਚਰਲ ਅਸਿਸਟੈਂਟ ਇੱਕ ਸਾਲ ਦੇ ਕੋਰਸ ਹਨ। ਇਨ੍ਹਾਂ ਕੋਰਸਾਂ ਵਿਚ ਲੜਕੇ ਅਤੇ ਲੜਕੀਆਂ ਦੋਵੇਂ ਦਾਖ਼ਲਾ ਲੈ ਸਕਦੇ ਹਨ। ਸਿਖਿਆਰਥੀਆਂ ਲਈ ਆਧੁਨਿਕ ਸਹੂਲਤਾਂ ਵਾਲੀ ਵੱਡੀ ਵਰਕਸ਼ਾਪ ਸਥਾਪਿਤ ਕੀਤੀ ਹੋਈ ਹੈ। ਜਿਸ ਵਿਚ ਲੱਖਾਂ ਰੁਪਏ ਦੀਆਂ ਮਸ਼ੀਨਾਂ ਲਗਾਈਆਂ ਹੋਈਆਂ ਹਨ। ਇਸ ਵਰਕਸ਼ਾਪ ਦਾ ਹਾਲ 50×100 ਫ਼ੁੱਟ ਦਾ ਹੈ।[21] ਮਹਾਰਾਸ਼ਟਰ ਸਰਕਾਰ ਦੁਆਰਾ ਸਿਖਿਆਰਥੀਆਂ ਨੂੰ ਵਜੀਫ਼ਾ ਸਹੂਲਤ ਦਿੱਤੀ ਜਾਂਦੀ ਹੈ। ਆਈ. ਟੀ. ਆਈ. ਵਿਚੋਂ ਪਾਸ ਹੋਣ ਵਾਲੇ ਬੱਚਿਆਂ ਨੂੰ ਆਈ. ਟੀ. ਆਈ. ਕੈਂਪਸ ਵਿਚ ਹੀ ਵੱਖ ਵੱਖ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਬੁਲਾ ਕੇ ਸਿਖਿਆਰਥੀਆਂ ਨੂੰ ਨੌਕਰੀਆਂ ਦਿਵਾਈਆਂ ਜਾਂਦੀਆਂ ਹਨ।[22] ਮਰਾਠਵਾੜਾ ਖੇਤਰ ਵਿਚ ਉਦਯੋਗਿਕ ਸਿੱਖਿਆ ਦੇ ਪਛੜੇਪਣ ਨੂੰ ਦੂਰ ਕਰਨ ਲਈ ਇਹ ਆਈ. ਟੀ. ਆਈ. ਅਹਿਮ ਭੂਮਿਕਾ ਨਿਭਾ ਰਹੀ ਹੈ ਅਤੇ ਵੱਡੀ ਪੱਧਰ 'ਤੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਰਹੀ ਹੈ। ਵਰਤਮਾਨ ਸਮੇਂ ਇਸ ਆਈ. ਟੀ. ਆਈ ਵਿਚ 430 ਵਿਦਿਆਰਥੀ ਅਤੇ 27 ਅਧਿਆਪਕ ਹਨ। ਸ੍ਰ. ਗੁਰਬਚਨ ਸਿੰਘ ਸੀਲੇਦਾਰ ਸੰਨ 1997 ਈ. ਤੋਂ ਇਸ ਆਈ. ਟੀ. ਆਈ. ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾਉਂਦੇ ਆ ਰਹੇ ਹਨ।.

---

[21] ਉਕਤ, ਪੰਨਾ 19

[22] *ਸੱਚਖੰਡ ਯਾਤਰਾ,* ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਮਿਤੀਹੀਣ, ਪੰਨਾ 5.

**6) ਸੱਚਖੰਡ ਪਬਲਿਕ ਸਕੂਲ (ਇੰਗਲਿਸ਼ ਮੀਡੀਅਮ)**

ਸੱਚਖੰਡ ਪਬਲਿਕ ਸਕੂਲ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਚਲਾਇਆ ਜਾ ਰਿਹਾ ਹੈ। ਨਾਂਦੇੜ ਵਿਖੇ ਆਧੁਨਿਕ ਵਿੱਦਿਆ ਦੇ ਸਕੂਲ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਸੰਨ 2016 ਵਿਚ ਇਹ ਸਕੂਲ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ। ਸੰਨ 2018 ਵਿਚ ਇਹ ਆਰੰਭ ਹੋ ਗਿਆ ਸੀ। ਪਲੇਅ ਗਰੁੱਪ (Play Group) ਤੋਂ ਦਸਵੀਂ ਤੱਕ ਇਥੇ ਸੀ. ਬੀ. ਐਸ. ਈ. ਪੈਟਰਨ (CBSE Pattern) ਰਾਹੀਂ ਪੜ੍ਹਾਈ ਕਰਵਾਈ ਜਾਂਦੀ ਹੈ। ਮੌਜੂਦਾ ਸਮੇਂ ਵਿਚ ਇਹ ਸਕੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਅੰਦਰ ਚਲਾਇਆ ਜਾ ਰਿਹਾ ਹੈ। ਇਸ ਸਕੂਲ ਵਿਚ ਘੱਟ ਫੀਸਾਂ ਨਾਲ ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਸਕੂਲ ਵਿਚ ਸਥਾਪਿਤ ਸਾਇੰਸ ਲੈਬ ਅਤੇ ਕੰਪਿਊਟਰ ਲੈਬ ਰਾਹੀਂ ਬੱਚਿਆਂ ਨੂੰ ਵਿਹਾਰਕ ਗਿਆਨ ਪ੍ਰਦਾਨ ਕੀਤਾ ਜਾਂਦਾ ਹੈ।

ਇਸ ਸਮੇਂ ਸਕੂਲ ਵਿਚ 1400 ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ 39 ਤਜੁਰਬੇਕਾਰ ਅਧਿਆਪਕ ਸਿੱਖਿਆ ਪ੍ਰਦਾਨ ਕਰ ਰਹੇ ਹਨ। ਸਕੂਲ ਵਿਚ ਚੌਥੀ ਤੋਂ ਅੱਠਵੀਂ ਤੱਕ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦਾ ਵਿਸ਼ਾ ਪੜ੍ਹਾਇਆ ਜਾਂਦਾ ਹੈ। ਮੌਜੂਦਾ ਸਮੇਂ ਵਿਚ ਸਕੂਲ ਦੇ ਪ੍ਰਿੰਸੀਪਲ ਅਨਿਲ ਕੌਰ ਖ਼ਾਲਸਾ ਹਨ। ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਇਸ ਸਕੂਲ ਦੇ ਪ੍ਰਬੰਧ ਨੂੰ ਚਲਾਉਣ ਵਾਲੀ ਸੱਤ ਮੈਂਬਰਾਂ ਦੀ ਐਜੂਕੇਸ਼ਨ ਕਮੇਟੀ ਬਣਾਈ ਹੋਈ ਹੈ।[23]

**7) ਖ਼ਾਲਸਾ ਪ੍ਰਾਇਮਰੀ ਸਕੂਲ (ਹਿੰਦੀ ਮੀਡੀਅਮ )**

ਨਾਂਦੇੜ ਦੇ ਸਰਕਾਰੀ ਸਕੂਲ ਤੋਂ ਬਾਅਦ ਖ਼ਾਲਸਾ ਪ੍ਰਾਇਮਰੀ ਸਕੂਲ ਇਥੇ ਦੀ ਸਭ ਤੋਂ ਪੁਰਾਣੀ ਵਿਦਿਅਕ ਸੰਸਥਾ ਹੈ। ਇਹ ਸਕੂਲ ਸੰਨ 1892 ਈ. ਵਿਚ ਸਥਾਪਿਤ ਕੀਤਾ ਗਿਆ ਸੀ। ਉਸ ਸਮੇਂ ਇਹ ਸਿਰਫ਼ ਹਿੰਦੀ ਮੀਡੀਅਮ ਵਿਚ ਆਰੰਭ ਕੀਤਾ ਗਿਆ ਸੀ। ਪੁਰਾਤਨ ਸਮੇਂ ਇਹ ਸਕੂਲ ਮੌਜੂਦਾ ਤਖ਼ਤ ਸੱਚਖੰਡ ਪਰਿਸਰ ਦੇ ਵਿਚ ਬੁੰਗਾ ਮਾਈ ਭਾਗੋ ਦੇ ਨਜ਼ਦੀਕ ਹੁੰਦਾ ਸੀ। ਬਾਅਦ ਵਿਚ ਇਸਨੂੰ ਗੁਰਦੁਆਰਾ

---

[23] ਸਰਵੇਖਣ ਦੌਰਾਨ ਇਕੱਤਰ ਕੀਤੀ ਜਾਣਕਾਰੀ ਅਨੁਸਾਰ।

ਚੌ-ਰਸਤਾ ਚੌਂਕ ਦੇ ਕੋਲ ਤਬਦੀਲ ਕੀਤਾ ਗਿਆ ਸੀ। ਜਿੱਥੇ ਇਹ ਸਕੂਲ ਲਗਪਗ 40 ਸਾਲ ਚੱਲਦਾ ਰਿਹਾ ਸੀ। ਸੰਨ 2007 ਵਿਚ ਇਸ ਨੂੰ ਗੁਰਦੁਆਰਾ ਗੇਟ ਨੰਬਰ 4 ਦੇ ਕੋਲ ਤਬਦੀਲ ਕੀਤਾ ਗਿਆ ਅਤੇ ਮੌਜੂਦਾ ਸਮੇਂ ਉੱਥੇ ਹੀ ਚੱਲ ਰਿਹਾ ਹੈ। ਇਸ ਸਕੂਲ ਵਿਚ ਪਹਿਲੀ ਤੋਂ ਚੌਥੀ ਤੱਕ ਪੜ੍ਹਾਈ ਕਰਾਈ ਜਾਂਦੀ ਹੈ। ਵਰਤਮਾਨ ਸਮੇਂ ਇਥੇ 307 ਵਿਦਿਆਰਥੀ, 8 ਅਧਿਆਪਕ ਅਤੇ 2 ਕਲਰਕ ਹਨ। ਵਿਦਿਆ ਸ਼ੰਕਰ ਰਾਓ ਸਾਵੰਤ ਇਸ ਸਕੂਲ ਦੇ ਮੌਜੂਦਾ ਪ੍ਰਿੰਸੀਪਲ ਹਨ।

**8) ਖ਼ਾਲਸਾ ਪ੍ਰਾਇਮਰੀ ਸਕੂਲ (ਮਰਾਠੀ ਮੀਡੀਅਮ)**

ਇਹ ਸਕੂਲ ਖ਼ਾਲਸਾ ਹਾਈ ਸਕੂਲ ਦਾ ਇੱਕ ਭਾਗ ਹੈ। ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਖ਼ਾਲਸਾ ਹਾਈ ਸਕੂਲ ਦੀ ਇਮਾਰਤ ਦੇ ਵਿਚ ਹੀ ਚਲਾਇਆ ਜਾ ਰਿਹਾ ਹੈ। ਇਸ ਸਕੂਲ ਵਿਚ ਪਹਿਲੀ ਤੋਂ ਚੌਥੀ ਤੱਕ ਮਰਾਠੀ ਮੀਡੀਅਮ ਦੇ ਵਿਚ ਪੜ੍ਹਾਈ ਕਰਾਈ ਜਾਂਦੀ ਹੈ। ਮਰਾਠੀ ਮੀਡੀਅਮ ਸੰਨ 1975-76 ਈ. ਵਿਚ ਆਰੰਭ ਕੀਤਾ ਗਿਆ ਸੀ। ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਇਸ ਸਕੂਲ ਦੇ ਬੱਚਿਆਂ ਨੂੰ ਵਰਦੀ ਅਤੇ ਵਿੱਦਿਅਕ ਸਮੱਗਰੀ ਫ਼ਰੀ ਦਿੱਤੀ ਜਾਂਦੀ ਹੈਂ। ਬੱਚਿਆਂ ਲਈ ਦਾਖਲਾ ਅਤੇ ਸਕੂਲ ਵੈਨ ਦੀ ਸਹੂਲਤ ਫ਼ਰੀ ਹੈ। ਗਿਆਨ ਰਚਨਾਤਮਕ ਕਲਾਸ ਦਾ ਪ੍ਰਬੰਧ, ਖੇਡਣ ਲਈ ਵੱਖ ਵੱਖ ਖੇਡਾਂ ਦਾ ਸਾਮਾਨ ਹੈ। ਹਰੇਕ ਕਲਾਸ ਲਈ ਡਿਜ਼ੀਟਲ ਅਤੇ ਪ੍ਰੋਜੈੱਕਟਰ ਕਲਾਸਾਂ ਦਾ ਪ੍ਰਬੰਧ ਹੈ। ਸਕੂਲ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਬਣਾਈ ਗਈ ਸੱਤ ਮੈਂਬਰੀ ਐਜੂਕੇਸ਼ਨ ਕਮੇਟੀ ਦੇ ਹੇਠ ਹੈ। ਮੌਜੂਦਾ ਸਮੇਂ ਭਾਰਤ ਬਾਈ ਗੋਵਿੰਦਰਾਓ ਬੰਸੋਡੇ ਸਕੂਲ ਦੇ ਮੁਖੀ ਹਨ। 8 ਅਧਿਆਪਕ ਇਸ ਸਮੇਂ 400 ਤੋਂ ਜ਼ਿਆਦਾ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰ ਰਹੇ ਹਨ।

**9) ਦਸਮੇਸ਼ ਬਾਲਕ ਮੰਦਿਰ ਸਕੂਲ**

ਦਸਮੇਸ਼ ਬਾਲਕ ਮੰਦਿਰ ਸਕੂਲ (ਬਾਲਵਾੜੀ ਵਿਭਾਗ) ਹਿੰਦੀ ਅਤੇ ਮਰਾਠੀ ਮੀਡੀਅਮ ਦੋ ਭਾਗਾਂ ਵਿਚ ਚਲਾਇਆ ਜਾ ਰਿਹਾ ਹੈ। ਗੁਰਦੁਆਰਾ ਗੇਟ ਨੰ. 4 ਦੇ ਨਜ਼ਦੀਕ ਖ਼ਾਲਸਾ ਪ੍ਰਾਇਮਰੀ ਸਕੂਲ ਵਿਚ ਇਸ ਸਕੂਲ ਦੇ ਹਿੰਦੀ ਮੀਡੀਅਮ ਦੇ ਬੱਚੇ ਪੜ੍ਹਾਏ ਜਾਂਦੇ ਹਨ ਅਤੇ ਖ਼ਾਲਸਾ ਐਜੂਕੇਸ਼ਨ ਕੈਂਪਸ ਦੇ ਅੰਦਰ ਮਰਾਠੀ ਮੀਡੀਅਮ ਦੇ ਬੱਚੇ ਪੜ੍ਹਾਏ ਜਾਂਦੇ ਹਨ। 20-7-2015 ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ

ਕੁਲਵੰਤ ਸਿੰਘ ਅਤੇ ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਸੰਤ ਬਾਬਾ ਬਲਵਿੰਦਰ ਸਿੰਘ ਜੀ ਨੇ ਆਪਣੇ ਹੱਥੀਂ ਦਸਮੇਸ਼ ਬਾਲਕ ਮੰਦਰ ਸਕੂਲ ਦਾ ਉਦਘਾਟਨ ਕੀਤਾ ਸੀ। ਇਸ ਸਕੂਲ ਵਿਚ ਐਲ. ਕੇ. ਜੀ. (LKG.) ਅਤੇ ਯੂ. ਕੇ. ਜੀ. (UKG.) ਦੀ ਪੜ੍ਹਾਈ ਕਰਾਈ ਜਾਂਦੀ ਹੈ। ਐਲ. ਕੇ. ਜੀ. ਵਿਚ ਚਾਰ ਸਾਲ ਤੱਕ ਦੇ ਬੱਚੇ ਅਤੇ ਯੂ. ਕੇ. ਜੀ. ਵਿਚ ਪੰਜ ਸਾਲ ਤੱਕ ਦੇ ਬੱਚੇ ਪੜ੍ਹਾਏ ਜਾਂਦੇ ਹਨ। ਇਸ ਸਮੇਂ 60 ਬੱਚੇ ਮਰਾਠੀ ਮੀਡੀਅਮ ਅਤੇ 54 ਬੱਚੇ ਹਿੰਦੀ ਮੀਡੀਅਮ ਰਾਹੀਂ ਵਿੱਦਿਆ ਪ੍ਰਾਪਤ ਕਰ ਰਹੇ ਹਨ। ਬਾਲਬਾੜੀ ਵਿਭਾਗ ਦੇ ਬੱਚਿਆਂ ਲਈ ਫ਼ਰੀ ਬੈਨ, ਦਾਖਲਾ, ਵਰਦੀਆਂ ਅਤੇ ਦੁਪਹਿਰ ਸਮੇਂ ਪੌਸ਼ਟਿਕ ਭੋਜਨ ਮੁਹੱਈਆ ਕਰਵਾਉਣ ਦੀ ਸਹੂਲਤ ਹੈ। ਐੱਲ. ਈ. ਡੀ. ਅਤੇ ਡਿਜ਼ੀਟਲ ਕਲਾਸਾਂ (LED and Digital Classes) ਦਾ ਪ੍ਰਬੰਧ ਹੈ। ਬੱਚਿਆਂ ਦੇ ਮਨੋਰੰਜਨ ਅਤੇ ਖੇਡਣ ਲਈ ਖਿਡਾਉਣੇ ਹਨ। ਇਸ ਸਕੂਲ ਦਾ ਪ੍ਰਬੰਧ ਸੱਤ ਮੈਂਬਰੀਂ ਐਜੂਕੇਸ਼ਨ ਕਮੇਟੀ ਦੇ ਅਧੀਨ ਹੈ। ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਸ ਕੂਲ ਦੇ ਬੱਚਿਆਂ ਨੂੰ ਦੁਪਹਿਰ ਦਾ ਖਾਣਾ (ਮਿਡ-ਡੇ-ਮਿਲ) ਮੁਹੱਈਆ ਕਰਵਾਇਆ ਜਾਂਦਾ ਹੈ।

**10) ਖ਼ਾਲਸਾ ਐਜੂਕੇਸ਼ਨ ਕੈਂਪਸ**

ਖ਼ਾਲਸਾ ਐਜੂਕੇਸ਼ਨ ਕੈਂਪਸ ਨਾਂਦੇੜ ਸ਼ਹਿਰ ਦੇ ਦਸਮੇਸ਼ ਨਗਰ ਵਿਚ ਰੇਲਵੇ ਸਟੇਸ਼ਨ -ਬਾਫ਼ਨਾ ਰੋਡ ਉੱਪਰ ਸਥਿਤ ਹੈ। ਇਹ ਕੈਂਪਸ ਲਗਭਗ ਅੱਠ ਏਕੜ ਦੇ ਰਕਬੇ ਵਿਚ ਹੈ। ਇਸ ਦੇ ਅੰਦਰ ਹੀ ਦੋ ਏਕੜ ਵਿਚ ਖੇਡ ਦਾ ਮੈਦਾਨ ਅਤੇ ਸਟੇਡੀਅਮ ਹੈ। ਇਹ ਸਾਰੀ ਜ਼ਮੀਨ ਸੰਤ ਬਾਬਾ ਹਰਨਾਮ ਸਿੰਘ ਜੀ ਗੁਰਦੁਆਰਾ ਲੰਗਰ ਸਾਹਿਬ ਵਾਲਾ ਵਾਲਿਆਂ ਨੇ ਦਾਨ ਵਜੋਂ ਦਿੱਤੀ ਸੀ। ਉਸ ਸਮੇਂ ਬਾਬਾ ਹਰਨਾਮ ਸਿੰਘ ਜੀ ਆਪ ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਸਨ। ਇਸ ਕੈਂਪਸ ਦੇ ਅੰਦਰ ਸ੍ਰੀ ਹਜ਼ੂਰ ਸਾਹਿਬ ਆਈ . ਟੀ. ਆਈ. ਖ਼ਾਲਸਾ ਹਾਈ ਸਕੂਲ, ਖਾਲਸਾ ਪ੍ਰਾਇਮਰੀ ਸਕੂਲ ਮਰਾਠੀ ਮੀਡੀਅਮ ਅਤੇ ਦਸਮੇਸ਼ ਬਾਲਕ ਮੰਦਰ ਸਕੂਲ ਮਰਾਠੀ ਮੀਡੀਅਮ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਮੇਂ ਇਸ ਕੈਂਪਸ ਦੇ ਖੇਡ ਮੈਦਾਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੋਲਡ ਐਂਡ ਸਿਲਵਰ ਕੱਪ ਹਾਕੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਇਹ ਟੂਰਨਾਮੈਂਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿਲਵਰ ਕੱਪ ਹਾਕੀ ਕਮੇਟੀ ਵੱਲੋਂ ਕਰਵਾਇਆ ਜਾਂਦਾ ਹੈ। ਇਹ ਟੂਰਨਾਮੈਂਟ ਲਗਾਤਾਰ ਪਿਛਲੇ 50 ਸਾਲਾਂ ਤੋਂ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਸਮੇਂ ਖਿਡਾਰੀਆ ਦੀ ਰਿਹਾਇਸ਼ ਅਤੇ

ਲੰਗਰ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਕੀਤਾ ਜਾਂਦਾ ਹੈ। ਗੁਰਦੁਆਰਾ ਲੰਗਰ ਸਾਹਿਬ ਵੱਲੋਂ ਪਹਿਲਾ ਇਨਾਮ ਅਤੇ ਸਿਲਵਰ ਕੱਪ ਹਾਕੀ ਕਮੇਟੀ ਵੱਲੋਂ ਦੂਜਾ ਅਤੇ ਤੀਜਾ ਇਨਾਮ ਦਿੱਤਾ ਜਾਂਦਾ ਹੈ। ਇਸ ਟੂਰਨਾਮੈਂਟ ਵਿਚ ਨੈਸ਼ਨਲ ਪੱਧਰ ਦੀਆਂ ਟੀਮਾਂ ਭਾਗ ਲੈਂਦੀਆਂ ਹਨ। ਖ਼ਾਲਸਾ ਹਾਈ ਸਕੂਲ ਦੀ ਹਾਕੀ ਟੀਮ ਦੇ ਚਾਰ ਜਾਂ ਪੰਜ ਖਿਡਾਰੀ ਹਰ ਸਾਲ ਇਸ ਟੂਰਨਾਮੈਂਟ ਵਿਚ ਖੇਡਦੇ ਹਨ ਅਤੇ ਮਹਾਰਾਸ਼ਟਰ ਰਾਜ ਪੱਧਰੀ ਰਾਸ਼ਟਰੀ ਹਾਕੀ ਮੁਕਾਬਲੇ ਲਈ ਚੁਣੇ ਜਾਂਦੇ ਹਨ।[24] ਮੌਜੂਦਾ ਸਮੇਂ ਸਤਪਾਲ ਸਿੰਘ ਸੀਲੇਦਾਰ ਸਕੂਲ ਦੀ ਹਾਕੀ ਟੀਮ ਦੀ ਦੇਖ -ਰੇਖ ਕਰਦੇ ਹਨ ਅਤੇ ਸਕੂਲ ਵਿਚ ਸਹਾਇੱਕ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ।

### 11) ਸ੍ਰੀ ਦਸਮੇਸ਼ ਜੋਤ ਇੰਗਲਿਸ਼ ਮੀਡੀਅਮ ਸਕੂਲ

ਸ੍ਰੀ ਦਸਮੇਸ਼ ਜੋਤ ਇੰਗਲਿਸ਼ ਮੀਡੀਅਮ ਸਕੂਲ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਬਾਬਾ ਜੋਤਿੰਦਰ ਸਿੰਘ ਨੇ ਸ਼ੁਰੂ ਕੀਤਾ ਸੀ। ਬਾਬਾ ਜੋਤਿੰਦਰ ਸਿੰਘ ਜੀ ਨੇ ਗ਼ਰੀਬ ਸਿੱਖ ਬੱਚਿਆਂ ਦੀ ਸਮਾਜ ਵਿਚ ਉੱਨਤੀ ਲਈ ਸਿੱਖਿਆ ਦਾ ਪ੍ਰਬੰਧ ਜ਼ਰੂਰੀ ਸਮਝਿਆ ਅਤੇ ਇਹ ਸਕੂਲ ਆਰੰਭ ਕੀਤਾ। ਬੱਚਿਆਂ ਨੂੰ ਚੰਗੀ ਅਤੇ ਬਿਹਤਰ ਸਿੱਖਿਆ ਪ੍ਰਦਾਨ ਕਰ ਕੇ ਸਿੱਖੀ ਦੇ ਮਾਰਗ ਉੱਪਰ ਚੱਲਣ ਲਈ ਪ੍ਰੇਰਿਤ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਆਤਮ ਨਿਰਭਰ ਬਣਾਉਣ ਦਾ ਉੱਦਮ ਕੀਤਾ ਜਾ ਸਕੇ। ਇਸ ਉਦੇਸ਼ ਨੂੰ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਵੈੱਲਫੇਅਰ ਟਰੱਸਟ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਸਥਾਪਨਾ ਕੀਤੀ ਗਈ ਅਤੇ ਇਸ ਦੇ ਪ੍ਰਬੰਧ ਅਧੀਨ ਹੀ ਇਸ ਸਕੂਲ ਨੂੰ ਜੂਨ 2010 ਵਿਚ ਆਰੰਭ ਕਰ ਦਿੱਤਾ ਗਿਆ ਸੀ। ਸਕੂਲ ਵਿਚ ਬੱਚਿਆਂ ਨੂੰ ਸੀ. ਬੀ. ਐੱਸ. ਈ. ਬੋਰਡ ਦੁਆਰਾ ਨਿਰਧਾਰਤ ਪਾਠਕ੍ਰਮ ਪੜ੍ਹਾਉਣ ਦੇ ਨਾਲ ਨਾਲ ਸਿੱਖ ਇਤਿਹਾਸ ਵੀ ਪੜ੍ਹਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਦਿੱਤੀ ਜਾਂਦੀ ਹੈ ਅਤੇ ਸੰਥਿਆ ਹਰੇਕ ਬੱਚੇ ਲਈ ਲਾਜਮੀ ਕੀਤੀ ਹੋਈ ਹੈ। ਇਹ ਸਕੂਲ ਨਰਸਰੀ (Nursery) ਤੋਂ ਬਾਰ੍ਹਵੀਂ ਤੱਕ ਹੈ। ਸ਼ੁਰੂ ਵਿਚ ਇਹ ਸਕੂਲ ਚੌਥੀ ਕਲਾਸ ਤੱਕ ਖੋਲ੍ਹਿਆ ਗਿਆ ਸੀ।

ਇਸ ਸਮੇਂ 1000 ਤੋਂ ਵੱਧ ਵਿਦਿਆਰਥੀ ਸਕੂਲ ਤੋਂ ਸਿੱਖਿਆ ਪ੍ਰਾਪਤ ਕਰ ਰਹੇ ਹਨ। ਸਕੂਲ ਵਿਚ ਲਗਭਗ 40 ਉੱਚ ਵਿਦਿਆ ਪ੍ਰਾਪਤ ਤਜੁਰਬੇਕਾਰ ਅਧਿਆਪਕ ਹਨ। ਸਕੂਲ ਵਿਚ 70% ਸਿੱਖ ਧਰਮ ਦੇ ਬੱਚੇ ਅਤੇ 30% ਹੋਰ ਧਰਮਾਂ ਦੇ ਬੱਚੇ ਪੜ੍ਹ ਰਹੇ ਹਨ। ਇਨ੍ਹਾਂ ਬੱਚਿਆਂ ਨੂੰ ਬਹੁਤ ਹੀ ਘੱਟ ਫ਼ੀਸਾਂ ਵਿਚ

---

[24] ਖ਼ਾਲਸਾ ਹਾਈ ਸਕੂਲ ਦੇ ਸਹਾਇਕ ਅਧਿਆਪਕ ਸਤਪਾਲ ਸਿੰਘ ਸੀਲੇਦਾਰ ਦੇ ਦੱਸਣ ਅਨੁਸਾਰ।

ਵਿੱਦਿਆ ਪ੍ਰਦਾਨ ਕੀਤੀ ਜਾ ਰਹੀ ਹੈ। ਸਿਕਲੀਗਰ, ਲੁਬਾਣੇ, ਵਣਜਾਰੇ ਆਦਿ ਸਿੱਖ ਭਾਈਚਾਰੇ ਨਾਲ ਸੰਬੰਧਿਤ ਸ਼੍ਰੇਣੀਆਂ ਦੇ ਬੱਚੇ ਫ਼ਰੀ ਪੜ੍ਹਦੇ ਹਨ। ਇਹ ਸਕੂਲ ਮਹਾਰਾਸ਼ਟਰ ਸਟੇਟ ਬੋਰਡ ਤੋਂ ਮਾਨਤਾ ਪ੍ਰਾਪਤ ਹੈ। ਸਕੂਲ ਵਿਚ ਲਾਇ ਬ੍ਰੇਰੀ, ਕੰਪਿਊਟਰ ਲੈਬ, ਸਾਇੰਸ ਲੈਬ ਅਤੇ ਸਮਾਰਟ ਕਲਾਸ ਰੂਮ ਹਨ। ਪਹਿਲਾਂ ਇਹ ਸਕੂਲ ਨਾਂਦੇੜ ਦੇ ਬਸੰਤ ਨਗਰ ਵਿਖੇ ਸਥਿਤ ਸੀ। ਵਰਤਮਾਨ ਸਮੇਂ ਇਹ ਸਕੂਲ ਨਾਂਦੇੜ ਸ਼ਹਿਰ ਤੋਂ ਬਾਹਰ ਪੂਰਬ-ਉੱਤਰ ਦਿਸ਼ਾ ਵੱਲ ਗੁਰਦੁਆਰਾ ਮਾਲਟੇਕੜੀ ਤੋਂ 2 ਕਿ. ਮੀ. ਦੂਰ ਨਾਂਦੇੜ-ਮੂਗਟ ਰੋਡ ਉੱਪਰ ਥੋੜ੍ਹਾ ਪਿੱਛੇ ਹਟਵਾਂ ਸਥਿਤ ਹੈ। ਸਾਲ 2020 ਵਿਚ ਇਸ ਸਕੂਲ ਨੂੰ ਨਵੀਂ ਇਮਾਰਤ ਵਿਚ ਤਬਦੀਲ ਕਰ ਦਿੱਤਾ ਗਿਆ ਸੀ।[25] ਮੌਜੂਦਾ ਸਮੇਂ ਇਸ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸੁਰੇਖਾ ਨਰਸਿਮਹਾ ਹਨ।।

### 12) ਗੁਰਮਤਿ ਪ੍ਰਚਾਰ ਕੇਂਦਰ (ਧਾਰਮਿਕ ਸੰਗੀਤ ਵਿਦਿਆਲਾ)

ਤਖ਼ਤ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਨਾਂਦੇੜ ਸ਼ਹਿਰ ਅਤੇ ਦੂਰ-ਨੇੜੇ ਦੇ ਪਿੰਡਾਂ-ਸ਼ਹਿਰਾਂ ਵਿਚ ਗੁਰਮਤਿ ਵਿੱਦਿਆ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਸੰਨ 1981 ਈ. ਵਿਚ ਗੁਰਮਤਿ ਪ੍ਰਚਾਰ ਕੇਂਦਰ ਖੋਲ੍ਹਿਆ ਗਿਆ ਸੀ। ਸਭ ਤੋਂ ਪਹਿਲਾਂ ਇਸ ਨੂੰ ਗੁਰਦੁਆਰਾ ਨਗੀਨਾ ਘਾਟ ਸਾਹਿਬ ਦੇ ਪਾਸ ਆਰੰਭ ਕੀਤਾ ਗਿਆ ਸੀ। ਫਿਰ ਬਾਅਦ ਵਿਚ ਤਖ਼ਤ ਸਾਹਿਬ ਦੇ ਨੇੜੇ ਤਬਦੀਲ ਕਰ ਦਿੱਤਾ ਸੀ। ਮਗਰੋਂ 1999 ਵਿਚ ਇਹ ਕੇਂਦਰ ਮੌਜੂਦਾ ਗੁਰਦੁਆਰਾ ਬੰਦਾ ਘਾਟ ਸਾਹਿਬ ਵਾਲੇ ਸਥਾਨ ’ਤੇ ਸ਼ੁਰੂ ਕੀਤਾ ਗਿਆ ਸੀ। ਸਾਲ 2009 ਵਿਚ ਇਸ ਦੀ ਨਵੀਂ ਇਮਾਰਤ ਬਣ ਕੇ ਤਿਆਰ ਹੋ ਗਈ ਸੀ। ਇਸ ਵਿਦਿਆਲੇ ਵਿਚ ਬਾਲ ਉਪਦੇਸ਼ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਸੰਥਿਆ ਅਤੇ ਵਿਆਖਿਆ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਗੁਰ ਇਤਿਹਾਸ ਦੀ ਕਥਾ ਅਤੇ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਇਸ ਕੇਂਦਰ ਵਿਚ ਵਣਜਾਰਾ, ਸ਼ਿਕਲੀਗਰ ਆਦਿ ਸਿੱਖ ਭਾਈਚਾਰੇ ਨਾਲ ਸਬੰਧਿਤ ਪੱਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਨੂੰ ਪਾਠ ਬੋਧ, ਹਾਰਮੋਨੀਅਮ, ਤਬਲਾ ਆਦਿ ਦੇ ਨਾਲ ਸਕੂਲੀ ਵਿੱਦਿਆ ਵੀ ਦਿੱਤੀ ਜਾਂਦੀ ਹੈ। ਲੰਗਰ, ਰਿਹਾਇਸ਼, ਬਸਤਰ ਅਤੇ ਮੈਡੀਕਲ ਆਦਿ ਦੀਆਂ ਫ਼ਰੀ ਸਹੂਲਤਾਂ ਦੇ ਨਾਲ ਨਾਲ ਇਨ੍ਹਾਂ

---

[25] ਸਰਵੇਖਣ ਦੌਰਾਨ ਇਕੱਤਰ ਕੀਤੀ ਜਾਣਕਾਰੀ ਅਨੁਸਾਰ।

ਬੱਚਿਆਂ ਨੂੰ ਮਹੀਨਾਵਾਰ ਸਕਾਲਰਸ਼ਿਪ ਵੀ ਦਿੱਤੀ ਜਾਂਦੀ ਹੈ।[26] ਇਸ ਸਮੇਂ ਮੱਧ ਪ੍ਰਦੇਸ਼, ਮਹਾਰਾਸ਼ਟਰ, ਤੇਲੰਗਾਨਾ, ਬਿਹਾਰ, ਕਰਨਾਟਕ ਆਦਿ ਵੱਖ-ਵੱਖ ਸੂਬਿਆਂ ਵਿਚੋਂ ਲਗਪਗ 80 ਬੱਚੇ ਗੁਰਮਤਿ ਦੀ ਵਿੱਦਿਆ ਹਾਸਲ ਕਰ ਰਹੇ ਹਨ। ਬੱਚਿਆਂ ਦੇ ਰਹਿਣ ਲਈ ਦੋ ਮੰਜ਼ਿਲੀ ਵੱਡੀ ਸਰਾਂ ਹੈ। ਇਹ ਸਰਾਂ ਸ੍ਰ. ਰਣਜੀਤ ਸਿੰਘ ਸਲੂਜਾ ਚੈਰੀਟੇਬਲ ਟਰੱਸਟ ਦਿੱਲੀ ਵਾਲਿਆਂ ਨੇ ਬਣਵਾਈ ਸੀ। ਸਾਮਾਨ ਰੱਖਣ ਲਈ 102 ਅਲਮਾਰੀਆਂ ਵਾਲਾ ਵੱਡਾ ਹਾਲ ਹੈ।

ਅੱਜ ਇਸ ਕੇਂਦਰ ਦੇ ਵਿਦਿਆਰਥੀ ਗੁਰਮਤਿ ਦੀ ਪੜਾਈ ਪੂਰੀ ਕਰਕੇ ਹਜ਼ੂਰ ਸਾਹਿਬ ਨਾਂਦੇੜ ਵਿਖੇ ਅਤੇ ਦੇਸ਼ਾਂ-ਵਿਦੇਸ਼ਾਂ ਦੇ ਵੱਖ -ਵੱਖ ਗੁਰਦੁਆਰਿਆਂ ਵਿਚ ਰਾਗੀ, ਕਥਾਵਾਚਕ ਅਤੇ ਗ੍ਰੰਥੀ ਸਿੰਘਾਂ ਵਜੋਂ ਸੇਵਾਵਾਂ ਨਿਭਾ ਰਹੇ ਹਨ। 1981 ਤੋਂ 2012 ਤੱਕ ਸ੍ਰ. ਗੁਰਨਾਮ ਸਿੰਘ ਗੁਰਮਤਿ ਪ੍ਰਚਾਰ ਕੇਂਦਰ ਦੇ ਮੁਖੀ ਰਹੇ ਸਨ। ਇਨ੍ਹਾਂ ਦੇ ਨਾਲ ਹੀ ਬਾਬਾ ਸੋਹਣ ਸਿੰਘ ਨੇ ਕਈ ਸਾਲ ਸੇਵਾ ਨਿਭਾਈ ਸੀ। ਗੁਰਨਾਮ ਸਿੰਘ ਨੇ ਕਈ ਗ੍ਰੰਥੀ-ਰਾਗੀ ਸਿੰਘ ਅਤੇ ਕੀਰਤਨੀ ਜਥੇ ਤਿਆਰ ਕੀਤੇ ਸਨ। ਵਰਤਮਾਨ ਸਮੇਂ ਵਿਚ ਸ੍ਰ. ਬਸੰਤ ਸਿੰਘ ਰਾਗੀ ਇਸ ਕੇਂਦਰ ਦੇ ਇੰਚਾਰਜ ਹਨ।

### 13) ਬਾਬਾ ਨਿਧਾਨ ਸਿੰਘ ਜੀ ਗੁਰਮਤਿ ਵਿਦਿਆਲਾ

ਇਹ ਗੁਰਮਤਿ ਵਿਦਿਆਲਾ ਗੁਰਦੁਆਰਾ ਲੰਗਰ ਸਾਹਿਬ ਵੱਲੋਂ ਚਲਾਇਆ ਜਾ ਰਿਹਾ ਹੈ। ਮਰਾਠਵਾੜਾ ਖੇਤਰ ਵਿਚ ਧਰਮ ਪ੍ਰਚਾਰ ਦੀ ਲੋੜ ਨੂੰ ਮੁੱਖ ਰੱਖ ਕੇ ਸੰਤ ਬਾਬਾ ਹਰਨਾਮ ਸਿੰਘ ਜੀ ਲੰਗਰ ਸਾਹਿਬ ਗੁਰਦੁਆਰਾ ਟਰੱਸਟ ਵੱਲੋਂ ਇਹ ਗੁਰਮਤਿ ਵਿਦਿਆਲਾ ਆਰੰਭ ਕੀਤਾ ਗਿਆ ਸੀ। ਪਹਿਲੀ ਵਾਰ ਇਥੇ ਦੋ ਵਿਦਿਆਰਥੀਆਂ ਨੇ ਦਾਖ਼ਲਾ ਲੈ ਕੇ ਸੰਥਿਆ ਪ੍ਰਾਪਤ ਕੀਤੀ ਸੀ। ਮੌਜੂਦਾ ਸਮੇਂ 150 ਵਿਦਿਆਰਥਣਾਂ (ਲੜਕੀਆਂ) ਅਤੇ 140 ਵਿਦਿਆਰਥੀ (ਲੜਕੇ) ਸੰਥਿਆ ਲੈ ਰਹੇ ਹਨ। ਬੀਬੀਆਂ ਲਈ ਵੱਖਰਾ ਅਤੇ ਸਿੰਘਾਂ ਲਈ ਵੱਖਰਾ ਵਿਦਿਆਲਾ ਹੈ।

ਇਹ ਵਿਦਿਆਲਾ ਗੁਰਦੁਆਰਾ ਲੰਗਰ ਸਾਹਿਬ ਦੇ ਅੰਦਰ ਦਰਬਾਰ ਸਾਹਿਬ ਦੇ ਸਾਹਮਣੇ ਚਲਾਇਆ ਜਾ ਰਿਹਾ ਹੈ। ਇਸ ਵਿਦਿਆਲੇ ਵਿਚ ਬਾਲ ਉਪਦੇਸ਼, ਨਿਤਨੇਮ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ, ਭਗਤ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ

---

[26] *ਸੱਚਖੰਡ ਪੱਤਰ,* ਸਤੰਬਰ 2018, ਪੰਨਾ 11.

ਸਾਹਿਬ ਜੀ ਦੀ ਸੰਥਿਆ ਵਿਦਿਆਰਥੀਆਂ ਨੂੰ ਕਰਾਈ ਜਾਂਦੀ ਹੈ। ਸ਼ਾਮ 4 ਤੋਂ 7 ਵਜੇ ਤੱਕ ਕਲਾਸਾਂ ਦਾ ਸਮਾਂ ਹੈ। ਕੀਰਤਨ, ਵਾਜਾ, ਤਬਲਾ ਦੀ ਸਿਖਲਾਈ ਅਤੇ ਗੱਤਕੇ ਦੀ ਸਿਖਲਾਈ ਦਿੱਤੀ ਜਾਂਦੀ ਹੈ। ਗੁਰਮਤਿ ਦੇ ਸਿਧਾਂਤ ਅਤੇ ਗੁਰੂ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਥੇ ਹਜ਼ੂਰੀ ਸਿੰਘਾਂ ਦੇ ਬੱਚੇ, ਨਾਂਦੇੜ ਵਿਖੇ ਰਹਿੰਦੇ ਗੁਰਸਿੱਖ ਪੰਜਾਬੀਆਂ ਦੇ ਬੱਚੇ ਅਤੇ ਸੇਵਾਦਾਰਾਂ ਦੇ ਬੱਚੇ ਸਿੱਖਿਆ ਪ੍ਰਾਪਤ ਕਰਨ ਆਉਂਦੇ ਹਨ। ਇਨ੍ਹਾਂ ਤੋਂ ਇਲਾਵਾ ਨਾਂਦੇੜ ਤੋਂ ਬਾਹਰ 20-25 ਕਿ. ਮੀ. ਤੱਕ ਪਿੰਡਾਂ-ਸ਼ਹਿਰਾਂ ਦੇ ਬੱਚੇ ਆਉਂਦੇ ਹਨ।[27] ਇਸ ਸਮੇਂ ਭਾਈ ਮਨਜੀਤ ਸਿੰਘ ਜੀ 2013 ਤੋਂ ਇਥੇ ਸੇਵਾਵਾਂ ਨਿਭਾ ਰਹੇ ਹਨ। ਬੀਬੀ ਹਰਪ੍ਰੀਤ ਕੌਰ ਅਤੇ ਕਵਲਜੀਤ ਕੌਰ ਬੀਬੀਆਂ ਵਾਲੇ ਵਿਦਿਆਲੇ ਵਿਚ ਸੇਵਾਵਾਂ ਨਿਭਾ ਰਹੀਆਂ ਹਨ।

### 14) ਸੰਤ ਬਾਬਾ ਜੋਗਿੰਦਰ ਸਿੰਘ ਜੀ ਮੋਨੀ ਧਾਰਮਿਕ ਵਿਦਿਆਲਾ

ਇਹ ਧਾਰਮਿਕ ਵਿਦਿਆਲਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ 29 ਵੇਂ ਜਥੇਦਾਰ ਬਾਬਾ ਜੋਗਿੰਦਰ ਸਿੰਘ ਜੀ ਮੋਨੀ ਨੇ ਨਾਂਦੇੜ ਵਿਖੇ ਗੁਰਮਤਿ ਵਿੱਦਿਆ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਆਰੰਭ ਕੀਤਾ ਸੀ। ਇਸ ਵਿਚ ਬਾਲ ਉਪਦੇਸ਼, ਨਿਤਨੇਮ ਦੀਆਂ ਬਾਣੀਆਂ, ਪੰਜ ਗ੍ਰੰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਸੰਥਿਆ, ਵਿਆਖਿਆ ਅਤੇ ਗੁਰ ਇਤਿਹਾਸ ਕਥਾ ਵਿਦਿਆਰਥੀਆਂ ਨੂੰ ਸਿਖਾਈ ਜਾਂਦੀ ਹੈ। ਗੁਰਮਤਿ ਸੰਗੀਤ ਦੀ ਮੁੱਢਲੀ ਸਿੱਖਿਆ ਦੇ ਨਾਲ ਨਾਲ ਗੱਤਕਾ ਸਿਖਲਾਈ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਗੁਰਮਤਿ ਮਰਿਯਾਦਾ ਅਨੁਸਾਰ ਜੀਵਨ -ਜਾਚ ਸਿਖਾਈ ਜਾਂਦੀ ਹੈ। ਅੱਠ ਸਾਲ ਦੀ ਉਮਰ ਤੋਂ ਉੱਪਰ ਦੇ ਵਿਦਿਆਰਥੀ ਇਥੇ ਆ ਕੇ ਦਾਖ਼ਲਾ ਲੈ ਸਕਦੇ ਹਨ। ਵਿਦਿਆਰਥੀਆਂ ਤੋਂ ਕੋਈ ਫ਼ੀਸ ਨਹੀਂ ਲਈ ਜਾਂਦੀ ਹੈ। ਸਮਾਂ ਸ਼ਾਮ 5 ਤੋਂ ਰਾਤ 9 ਵਜੇ ਤੱਕ ਹੈ। ਸੰਨ 1986 ਤੋਂ 2000 ਤੱਕ ਜਥੇਦਾਰ ਭਾਈ ਹਜ਼ੂਰਾ ਸਿੰਘ ਨੇ ਇਥੇ ਸੇਵਾ ਨਿਭਾਈ ਸੀ। ਸੰਨ 1986 ਈ. ਤੋਂ ਪਹਿਲਾ ਜਥੇਦਾਰ ਬਾਬਾ ਜੋਗਿੰਦਰ ਸਿੰਘ ਮੋਨੀ ਨੇ ਇਥੇ ਸੇਵਾ ਨਿਭਾਈ। ਵਰਤਮਾਨ ਸਮੇਂ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਬਾਬਾ ਕੁਲਵੰਤ ਸਿੰਘ ਅਤੇ ਭਾਈ ਰਾਮ ਸਿੰਘ ਧੂਪੀਆ ਇਸ ਧਾਰਮਿਕ ਵਿਦਿਆਲੇ ਵਿਚ ਸੇਵਾਵਾਂ ਨਿਭਾ ਰਹੇ ਹਨ ਅਤੇ ਇਸ ਨੂੰ ਚਲਾ ਰਹੇ ਹਨ । ਇਹ ਧਾਰਮਿਕ ਵਿੱਦਿਆਲਾ ਤਖ਼ਤ ਸੱਚਖੰਡ ਪਰਿਸਰ ਦੇ 6 ਨੰਬਰ ਗੇਟ ਤੋਂ ਬਾਹਰ ਸਾਹਮਣੇ ਇੱਕ

[27] ਗੁਰਦੁਆਰਾ ਲੰਗਰ ਸਾਹਿਬ ਦੇ ਹਜ਼ੂਰੀ ਕਥਾਵਾਚਕ ਭਾਈ ਮਨਜੀਤ ਸਿੰਘ ਦੇ ਦੱਸਣ ਅਨੁਸਾਰ।

ਇਮਾਰਤ ਵਿਚ ਚਲਾਇਆ ਜਾ ਰਿਹਾ ਹੈ। ਇਸ ਸਮੇਂ 150 ਤੋਂ ਜ਼ਿਆਦਾ ਵਿਦਿਆਰਥੀ ਧਾਰਮਿਕ ਵਿੱਦਿਆ ਪ੍ਰਾਪਤ ਕਰ ਰਹੇ ਹਨ।[28]

ਉਪਰੋਕਤ ਸੰਸਥਾਵਾਂ ਤੋਂ ਇਲਾਵਾ ਆਕਸਫੋਰਡ ਇੰਟਰਨੈਸ਼ਨਲ ਸਕੂਲ, ਗੁਜਰਾਤੀ ਹਾਈ ਸਕੂਲ, ਸੰਕਰ ਰਾਓ ਚੋਹਾਨ ਇੰਟਰਨੈਸ਼ਨਲ ਸਕੂਲ ਅਤੇ ਜੂਨੀਅਰ ਕਾਲਜ, ਇੰਦਰਾ ਫਾਰਮੇਸੀ ਕਾਲਜ , ਨਾਰਾਇਨਰਾਓ ਚਵਾਨ ਲਾਅ ਕਾਲਜ, ਆਈ. ਟੀ. ਐਮ ਕਾਲਜ, ਸਰਕਾਰੀ ਆਈ. ਟੀ. ਆਈ. ਆਦਿ ਕਈ ਸਕੂਲ-ਕਾਲਜ ਨਾਂਦੇੜ ਵਿਖੇ ਸਫ਼ਲਤਾਪੂਰਵਕ ਚੱਲ ਰਹੇ ਹਨ। ਇਨ੍ਹਾਂ ਤੋਂ ਬਿਨਾਂ ਮਰਾਠਵਾੜਾ ਖੇਤਰ ਵਿਚ ਅਨੇਕਾਂ ਹੋਰ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵਿਦਿਆ ਦਾ ਪ੍ਰਚਾਰ ਕਰਨ ਵਿਚ ਅਹਿਮ ਰੋਲ ਅਦਾ ਕਰ ਰਹੀਆਂ ਹਨ। ਹਜ਼ੂਰੀ ਸਿੱਖਾਂ ਵੱਲੋਂ ਨਾਂਦੇੜ ਵਿਖੇ ਗੁਰਮਤਿ ਵਿੱਦਿਆ ਦੇ ਪ੍ਰਚਾਰ -ਪ੍ਰਸਾਰ ਲਈ ਹਜ਼ੂਰੀ ਨਿਰਮਲ ਟਕਸਾਲ (ਨੰਦੀਗ੍ਰਾਮ ਦੇ ਵਿਚ ) ਅਤੇ ਭਾਈ ਸੰਤੋਖ ਸਿੰਘ ਟਕਸਾਲ (ਅਬਿਚਲਨਗਰ ਕਲੋਨੀ ਵਿਚ) ਚਲਾਈ ਜਾ ਰਹੀ ਹੈ। ਵਰਤਮਾਨ ਸਮੇਂ ਵਿਚ ਗੁਰਦੁਆਰਾ ਸੱਚਖੰਡ ਬੋਰਡ ਦੇ ਪ੍ਰਬੰਧ ਅਧੀਨ ਸਾਰੇ ਸਕੂਲਾਂ ਦੇ ਪ੍ਰਬੰਧ ਨੂੰ ਚਲਾਉਣ ਲਈ ਬੋਰਡ ਵਲੋਂ ਸੱਤ ਮੈਬਰੀ ਐਜੂਕੇਸ਼ਨ ਕਮੇਟੀ ਬਣਾਈ ਹੋਈ ਹੈ।

**ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਯਾਤਰੀ ਨਿਵਾਸ**

ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਦੇਸ਼ ਵਿਦੇਸ਼ ਤੋਂ ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਦਰਸ਼ਨਾਂ ਲਈ ਪਹੁੰਚਦੇ ਹਨ। ਇਨ੍ਹਾਂ ਯਾਤਰੀਆਂ ਦੇ ਰਿਹਾਇਸ਼ੀ ਪ੍ਰਬੰਧ ਲਈ ਅ ਜੋਕੇ ਸਮੇਂ ਵਿਚ ਗੁਰਦੁਆਰਾ ਸੱਚਖੰਡ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਵੱਲੋਂ ਹਜ਼ੂਰ ਸਾਹਿਬ ਵਿਖੇ ਆਧੁਨਿਕ ਸਹੂਲਤਾਂ ਨਾਲ ਲੈਸ ਕਈ ਸਰਾਵਾਂ ਅਤੇ ਐੱਨ. ਆਰ. ਆਈ. ਯਾਤਰੀ ਨਿਵਾਸ ਬਣਾਏ ਹੋਏ ਹਨ। ਇਹ ਯਾਤਰੀ ਨਿਵਾਸ ਕਈ ਮੰਜਿਲੇ ਹਨ ਅਤੇ ਹਰ ਇੱਕ ਨਿਵਾਸ ਵਿਚ ਕਮਰੇ ਖੁੱਲ੍ਹੇ , ਹਵਾਦਾਰ, ਅਟੈਚ ਬਾਥਰੂਮ ਅਤੇ ਏ . ਸੀ. ਹਨ। ਸ੍ਰ. ਰਵਿੰਦਰ ਸਿੰਘ ਕਪੂਰ ਇਸ ਸਮੇਂ ਗੁਰਦੁਆਰਾ ਸੱਚਖੰਡ ਬੋਰਡ ਦੇ ਰਿਹਾਇਸ਼ੀ ਪ੍ਰਬੰਧ ਦੇ ਸੁਪਰਡੈਂਟ ਹਨ। ਸ੍ਰ. ਰਾਜਿੰਦਰ ਸਿੰਘ ਸੋਢੀ ਪੀ . ਆਰ. ੳ. ਹਨ ਅਤੇ ਸ੍ਰ . ਚਰਨਜੀਤ ਸਿੰਘ ਸੁਪਰ ਵਾਈਜ਼ਰ ਹਨ। ਤਖ਼ਤ ਸਾਹਿਬ ਅਤੇ ਗੁਰਦੁਆਰਾ ਲੰਗਰ ਸਾਹਿਬ ਦੀਆਂ ਸਰਾਵਾਂ ਦਾ ਕ੍ਰਮਵਾਰ ਜ਼ਿਕਰ ਇਸ ਤਰ੍ਹਾਂ ਹੈ:

---

[28] ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰਿਆਂ ਵਿਚੋਂ ਭਾਈ ਰਾਮ ਸਿੰਘ ਧੂਪੀਆ ਦੇ ਦੱਸਣ ਅਨੁਸਾਰ।

**(ੳ) ਤਖ਼ਤ ਸਾਹਿਬ ਦੇ ਯਾਤਰੀ ਨਿਵਾਸ**

| | |
|---|---|
| 1) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਨ. ਆਰ. ਆਈ. ਯਾਤਰੀ ਨਿਵਾਸ- | 145 ਕਮਰੇ, 4 ਹਾਲ |
| 2) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ - | 82 ਕਮਰੇ, 2 ਹਾਲ |
| 3) ਪੰਜਾਬ ਭਵਨ ਯਾਤਰੀ ਨਿਵਾਸ- | 158 ਕਮਰੇ, 8 ਹਾਲ |
| 4) ਗੁਰਦੁਆਰਾ ਸੱਚਖੰਡ ਪਰਿਸਰ (ਯਾਤਰੀ ਨਿਵਾਸ)- | 169 ਕਮਰੇ, 21 ਹਾਲ |
| 5) ਸੰਤ ਬਾਬਾ ਜੋਗਿੰਦਰ ਸਿੰਘ ਜੀ ਮੋਨੀ ਯਾਤਰੀ ਨਿਵਾਸ- | 49 ਕਮਰੇ, 2 ਹਾਲ |
| 6) ਪੰਜ ਪਿਆਰੇ ਭਾਈ ਦਇਆ ਸਿੰਘ ਜੀ ਯਾਤਰੀ ਨਿਵਾਸ- | 138 ਕਮਰੇ, 30 ਹਾਲ |
| 7) ਸ੍ਰੀ ਗੁਰੂ ਅੰਗਦ ਦੇਵ ਜੀ ਯਤਾਰੀ ਨਿਵਾਸ- | 28 ਕਮਰੇ, 1 ਹਾਲ |
| 8) ਸ੍ਰੀ ਗੁਰੂ ਰਾਮਦਾਸ ਜੀ ਯਾਤਰੀ ਨਿਵਾਸ- | 232 ਕਮਰੇ, 4 ਹਾਲ |

**(ਅ) ਗੁਰਦੁਆਰਾ ਲੰਗਰ ਸਾਹਿਬ ਦੇ ਯਾਤਰੀ ਨਿਵਾਸ**

| | |
|---|---|
| 1) ਧੰਨ ਧੰਨ ਬਾਬਾ ਬੁੱਢਾ ਜੀ ਐਨ. ਆਰ. ਆਈ. ਯਾਤਰੀ ਨਿਵਾਸ- | 214 ਕਮਰੇ |
| 2) ਸੰਤ ਬਾਬਾ ਨਿਧਾਨ ਸਿੰਘ ਜੀ ਐਨ. ਆਰ. ਆਈ. ਯਾਤਰੀ ਨਿਵਾਸ- | 340 ਕਮਰੇ |
| 3) ਸ੍ਰੀ ਗੁਰੂ ਅਮਰਦਾਸ ਜੀ ਐਨ. ਆਰ. ਆਈ. ਯਾਤਰੀ ਨਿਵਾਸ- | 420 ਕਮਰੇ |
| 4) ਸ੍ਰੀ ਗੁਰੂ ਨਾਨਕ ਦੇਵ ਜੀ ਯਾਤਰੀ ਨਿਵਾਸ- | 125 ਕਮਰੇ |
| 5) ਸ੍ਰੀ ਗੁਰੂ ਅਰਜਨ ਦੇਵ ਜੀ ਮਹੱਲ- | 300 ਕਮਰੇ |
| 6) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਯਾਤਰੀ ਨਿਵਾਸ- | 60 ਕਮਰੇ |
| 7) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਯਾਤਰੀ ਨਿਵਾਸ- | 125 ਕਮਰੇ |

ਉਪਰੋਕਤ ਯਾਤਰੀ ਨਿਵਾਸਾਂ ਤੋਂ ਇਲਾਵਾ ਗੁਰਦੁਆਰਾ ਸੱਚਖੰਡ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਵੱਲੋਂ ਨਵੇਂ ਉਲੀਕੇ ਗਏ ਪ੍ਰੋਜੈੱਕਟਸ ਅਨੁਸਾਰ ਸ਼ਾਪਿੰਗ ਕੰਪਲੈਕਸ਼, ਕਰਮਚਾਰੀ ਯਾਤਰੀ ਨਿਵਾਸ, ਮਾਤਾ ਗੁਜਰੀ ਜੀ ਯਾਤਰੀ ਨਿਵਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਐਨ . ਆਰ. ਆਈ. ਯਾਤਰੀ ਨਿਵਾਸ ਬਣਾਏ ਜਾਣਗੇ। ਦੂਰੋਂ-ਨੇੜਿਉਂ ਆਉਣ ਵਾਲੇ ਸ਼ਰਧਾਲੂਆਂ ਦੀ ਆਵਾਜ਼ਾਈ ਨੂੰ ਦੇਖਦੇ ਹੋਏ ਅੱਜ ਹਜ਼ੂਰ

ਸਾਹਿਬ ਵਿਖੇ ਯਾਤਰੀ ਨਿਵਾਸਾਂ ਦਾ ਵਾਧਾ ਹੁੰਦਾ ਜਾ ਰਿਹਾ ਹੈ ਤਾਂਕਿ ਯਾਤਰੀਆਂ ਨੂੰ ਰਿਹਾਇਸ਼ ਸੰਬੰਧੀ ਕੋਈ ਸਮੱਸਿਆ ਨਾ ਆਵੇ।

## ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਪਹੁੰਚਣ ਦੇ ਮਾਰਗ

ਪੁਰਾਤਨ ਸਮੇਂ ਵਿਚ ਸੰਗਤਾਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਪੈਦਲ ਚੱਲ ਕੇ ਪਹੁੰਚਦੀਆਂ ਸਨ। ਉਸ ਸਮੇਂ ਆਵਾਜਾਈ ਦੇ ਸਾਧਨ ਬਹੁਤ ਘੱਟ ਸਨ। ਇਥੇ ਪਹੁੰਚਣ ਲਈ ਸੰਗਤਾਂ ਨੂੰ ਕਈ ਦਿਨ ਲੱਗ ਜਾਂਦੇ ਸਨ। ਵਰਤਮਾਨ ਸਮੇਂ ਵਿਚ ਨਾਂਦੇੜ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਨਾਲ ਰੇਲਵੇ , ਹਵਾਈ ਅਤੇ ਸੜਕ ਮਾਰਗ ਰਾਹੀਂ ਜੁੜ ਚੁੱਕਿਆ ਹੈ। ਦੇਸ਼-ਵਿਦੇਸ਼ ਦੇ ਕਿਸੇ ਵੀ ਕੋਨੇ ਤੋਂ ਬੜੀ ਆਸਾਨੀ ਨਾਲ ਇਥੇ ਪਹੁੰਚਿਆ ਜਾ ਸਕਦਾ ਹੈ। ਦਿੱਲੀ, ਕਲਕੱਤਾ, ਪਟਨਾ, ਅੰਮ੍ਰਿਤਸਰ, ਗੰਗਾਨਗਰ, ਅੰਬਾਲਾ, ਬਿਦਰ ਆਦਿ ਸ਼ਹਿਰਾਂ ਤੋਂ ਸਿੱਧੀਆਂ ਟਰੇਨਾਂ ਹਜ਼ੂਰ ਸਾਹਿਬ ਆਉਂਦੀਆਂ ਹਨ। ਅੰਮ੍ਰਿਤਸਰ , ਦਿੱਲੀ, ਹੈਦਰਾਬਾਦ, ਮੁੰਬਈ ਆਦਿ ਸ਼ਹਿਰਾਂ ਤੋਂ ਹਜ਼ੂਰ ਸਾਹਿਬ ਲਈ ਸਿੱਧੀਆਂ ਹਵਾਈ ਸੇਵਾਵਾਂ ਹਨ।[29]

## ਤਖ਼ਤ ਸਾਹਿਬ ਦੀਆਂ ਦੁਕਾਨਾਂ ਅਤੇ ਮਾਰਕਿਟਾਂ

ਤਖ਼ਤ ਸਾਹਿਬ ਗੁਰਦੁਆਰਾ ਸੱਚਖੰਡ ਬੋਰਡ ਦੀਆਂ ਨਾਂਦੇੜ ਸ਼ਹਿਰ ਵਿਚ ਕਈ ਦੁਕਾਨਾਂ ਅਤੇ ਮਾਰਕਿਟਾਂ ਹਨ। ਇਨ੍ਹਾਂ ਦੇ ਨਾਮ ਇਸ ਤਰ੍ਹਾਂ ਹੈ: ਸ੍ਰੀ ਗੁਰੂ ਨਾਨਕ ਦੇਵ ਜੀ ਮਾਰ ਕਿਟ, ਔਲਡ (Old) ਮੌਂਡਾ ਮਾਰਕਿਟ, ਗੋਬਿੰਦ ਨਗਰੀ ਮਾਰ ਕਿਟ, ਅਜੀਤ ਬਿਲਡਿੰਗ (ਮਾਰਕਿਟ), ਦਸਮੇਸ਼ ਮਾਰ ਕਿਟ, ਬਾਬਾ ਬੰਦਾ ਸਿੰਘ ਬਹਾਦਰ ਮਾਰ ਕਿਟ, ਗੋਬਿੰਦ ਸੋਪਸ (ਮਾਰਕਿਟ), ਪਟਿਆਲਾ ਸੋਪ, 300 ਸਾਲਾ ਸੋਪਿੰਗ ਪਲਾਜਾ ਮਾਰਕਿਟ, ਭਜਨਗੜ ਮਾਰ ਕਿਟ, ਮਾਤਾ ਗੁਜਰੀ ਜੀ ਸਾਪਿੰਗ ਕੰਪਲੈਕਸ , ਗੁਰੂ ਤੇਗ ਬਹਾਦੁਰ ਮਾਰ ਕਿਟ, ਭਾਈ ਬਾਲਾ ਮਰਦਾਨਾ ਮਾਰ ਕਿਟ। ਗੁਰਦੁਆਰਾ ਬੋਰਡ ਵੱਲੋਂ ਹਰ ਛੇ ਮਹੀਨੇ ਜਾਂ ਸਾਲ ਮਗਰੋਂ ਇਨ੍ਹਾਂ ਦਾ ਕਿਰਾਇਆ ਵਸੂਲ ਕੀਤਾ ਜਾਂਦਾ ਹੈ।[30]

---

[29] *ਸੱਚਖੰਡ ਪੱਤਰ,* ਜੂਨ 2019, ਪੰਨਾ 7.

[30] ਗੁਰਦੁਆਰਾ ਸੱਚਖੰਡ ਬੋਰਡ ਦੇ ਇਸਟੇਟ ਵਿਭਾਗ ਦੇ ਮੌਜੂਦਾ ਮੈਨੇ ਜਰ ਬੀ. ਆਰ. ਭਾਰਤੀ ਅਤੇ ਮੌਜੂਦਾ ਇੰਨਚਾਰਜ ਸ੍ . ਠਾਕਰ ਸਿੰਘ ਬੁੰਗਈ ਦੇ ਦੱਸਣ ਅਨੁਸਾਰ।

**ਗਾਗਰ ਕੁੰਡ ਅਸਥਾਨ**

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ਼ਨਾਨ ਅਤੇ ਹੋਰ ਕਾਰਜਾਂ ਲਈ ਪਾਣੀ ਗੋਦਾਵਰੀ ਨਦੀ ਵਿਚੋਂ ਹੀ ਲਿਜਾਇਆ ਜਾਂਦਾ ਸੀ। ਇਹੀ ਪੁਰਾਤਨ ਮਰਿਯਾਦਾ (ਪਰੰਪਰਾ) ਹਜ਼ੂਰ ਸਾਹਿਬ ਵਿਖੇ ਅੱਜ ਵੀ ਪ੍ਰਚੱਲਿਤ ਹੈ। ਗੁਰਦੁਆਰਾ ਨਗੀਨਾ ਘਾਟ ਸਾਹਿਬ ਦੇ ਪਿਛੇ ਗੋਦਾਵਰੀ ਨਦੀ ਦੇ ਕਿਨਾਰੇ ਉੱਤੇ 'ਗਾਗਰ ਕੁੰਡ' ਦਾ ਪਵਿੱਤਰ ਅਸਥਾਨ ਬਣਿਆ ਹੋਇਆ ਹੈ। ਇਸ ਗਾਗਰ ਕੁੰਡ ਦੇ ਅਸਥਾਨ ਤੋਂ ਹਰ ਰੋਜ ਅੰਮ੍ਰਿਤ ਵੇਲੇ ਦੋ ਵਜੇ ਗਾਗਰੀਆ ਸਿੰਘ ਸੰਗਤ ਸਮੇਤ ਗੋਦਾਵਰੀ ਨਦੀ ਦੇ ਜਲ ਦੀ ਗਾਗਰ ਭਰ ਕੇ ਤਖ਼ਤ ਸਾਹਿਬ ਵਿਖੇ 'ਤਖ਼ਤ ਇਸ਼ਨਾਨ' ਲਈ ਲੈ ਕੇ ਜਾਂਦਾ ਹੈ। ਜਲ ਭਰਨ ਸਮੇਂ ਉੱਥੇ ਪਾਠ ਕੀਤਾ ਜਾਂਦਾ ਹੈ ਅਤੇ ਅਰਦਾਸ ਕਰਨ ਤੋਂ ਬਾਅਦ ਤਖ਼ਤ ਸਾਹਿਬ 'ਤੇ ਜਲ ਲਿਆਇਆ ਜਾਂਦਾ ਹੈ। ਦੂਸਰੀ ਜਲ ਦੀ ਗਾਗਰ ਤਕਰੀਬਨ 3 ਵਜੇ ਤਖ਼ਤ ਸਾਹਿਬ ਦੇ ਪਰਿਸਰ ਵਿਚ ਇੱਕ ਪੁਰਾਤਨ ਇਤਿਹਾਸਕ ਬਾਉਲੀ ਤੋਂ ਭਰੀ ਜਾਂਦੀ ਹੈ। ਜਲ ਦੀ ਗਾਗਰ ਭਰ ਕੇ ਲਿਜਾਣ ਵਾਲੇ ਨੂੰ ਗਾਗਰੀਆਂ ਸਿੰਘ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮੇਂ ਹਜ਼ੂਰ ਸਾਹਿਬ ਦੇ ਵਾਸੀ ਘੜੀਸਾਜ ਪਰਿਵਾਰ ਵੱਲੋਂ ਗੁਰਦੁਆਰਾ ਨਗੀਨਾ ਘਾਟ ਸਾਹਿਬ ਦੇ ਨਜ਼ਦੀਕ ਗਾਗਰ ਮਾਰਗ ਗੇਟ ਦੀ ਸੇਵਾ ਕਰਾਈ ਗਈ। ਇਸ ਗੇਟ ਦਾ ਉਦਘਾਟਨ ਮਿਤੀ 15 ਨਵੰਬਰ 2019 ਨੂੰ ਸੰਤ ਬਾਬਾ ਬਲਵਿੰਦਰ ਸਿੰਘ ਜੀ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਵਾਲਿਆਂ ਨੇ ਕੀਤਾ ਸੀ।[31]

**ਹਜ਼ੂਰ ਸਾਹਿਬ ਵਿਖੇ ਮਨਾਏ ਜਾਂਦੇ ਮਹੱਲੇ ਅਤੇ ਗੁਰਪੁਰਬ**

ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਹਰ ਸਾਲ ਹੋਲਾ ਮਹੱਲਾ, ਵਿਸਾਖੀ, ਦੁਸਹਿਰਾ ਅਤੇ ਦਿਵਾਲੀ ਚਾਰ ਮਹੱਲੇ (ਨਗਰ ਕੀਰਤਨ) ਪੰਥਕ ਰਵਾਇਤਾਂ ਅਨੁਸਾਰ ਬੜੀ ਧੂਮ -ਧਾਮ ਅਤੇ ਸਰਧਾ -ਭਾਵਨਾ ਨਾਲ ਮਨਾਏ ਜਾਂਦੇ ਹਨ। ਇਸ ਸਮੇਂ ਦੇਸ਼ ਵਿਦੇਸ਼ ਵਿਚੋਂ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ, ਸੰਤ-ਮਹਾਪੁਰਖ, ਵੱਖ-ਵੱਖ ਸੰਪਰਦਾਵਾਂ ਅਤੇ ਜਥੇਬੰਦੀਆਂ ਦੇ ਮੁਖੀ, ਨਿਹੰਗ ਸਿੰਘਾਂ ਦੇ ਦਲ ਪੰਥ ਹਜ਼ੂਰ ਸਾਹਿਬ ਵਿਖੇ ਇਨ੍ਹਾਂ ਮਹੱਲਿਆਂ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਪਹੁੰਚਦੇ ਹਨ। ਇਨ੍ਹਾਂ ਸਮਾਗਮਾਂ ਵਿਚ ਰਾਗੀ, ਢਾਡੀ ਅਤੇ ਕਥਾਵਾਚਕ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਸੁਣਾਉਂਦੇ ਹਨ।

---

[31] ਗੋਦਾਵਰੀ ਨਦੀ ਦੇ ਕੰਢੇ ਉੱਤੇ ਬਣੇ ਗਾਗਰ ਮਾਰਗ ਗੇਟ 'ਤੇ ਲਿਖੇ ਅਨੁਸਾਰ।

## 1) ਹੋਲਾ ਮਹੱਲਾ

ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਲਾ ਮਹੱਲਾ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਹੋਲੇ ਮਹੱਲੇ ਤੋਂ ਪੰਜ ਦਿਨ ਪਹਿਲਾਂ ਸੰਗਤਾਂ ਵਿਚ ਗੁਲਾਲ ਖੇਡਣਾ ਸ਼ੁਰੂ ਹੋ ਜਾਂਦਾ ਹੈ। ਹੋਲੇ ਮਹੱਲੇ ਵਾਲੇ ਦਿਨ ਤਖ਼ਤ ਸਾਹਿਬ ਦੇ ਅੰਦਰਲੇ ਸ਼ਸਤਰਾਂ ਨੂੰ ਬਾਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਸਜਾ ਕੇ ਸੰਗਤਾਂ ਨੂੰ ਦਰ ਸ਼ਨ ਕਰਵਾਏ ਜਾਂਦੇ ਹਨ। ਇਸ ਦਿਨ ਸ਼ਾਮ ਨੂੰ 4 ਵਜੇ ਤਖ਼ਤ ਸਾਹਿਬ ਤੋਂ ਮਹੱਲੇ ਦੀ ਅਰਦਾਸ ਹੁੰਦੀ ਹੈ। ਉਪਰੰਤ ਮਹੱਲਾ ਨਿਕਲਦਾ ਹੈ ਅਤੇ ਗੁਲਾਲ ਖੇਡਿਆ ਜਾਂਦਾ ਹੈ। ਇਸ ਮਹੱਲੇ ਦਾ ਰਸਤਾ ਇਸ ਤਰ੍ਹਾਂ ਹੈ - ਤਖ਼ਤ ਸਾਹਿਬ ਤੋਂ ਗੁਰਦੁਆਰਾ ਚੌ -ਰਸਤਾ ਚੌਂਕ, ਮਹਾਂਵੀਰ ਚੌਂਕ, ਚਿਖਲਵਾੜੀ ਕੌਰਨਰ, ਗੁਰਦੁਆਰਾ ਬਾਉਲੀ ਦਮਦਮਾ ਸਾਹਿਬ, ਹਿੰਗੋਲੀ ਗੇਟ , ਬਾਫ਼ਨਾ ਕੌਰਨਰ , ਅਬਚਲਨਗਰ ਕਲੋਨੀ, ਘੰਟਾ ਘਰ (ਪੁਰਾਣਾ ਮੌਂਡਾ), ਗੁਰਦੁਆਰਾ ਚੌ-ਰਸਤਾ ਚੌਂਕ, ਗੁਰਦੁਆਰਾ ਨਗੀਨਾ ਘਾਟ ਸਾਹਿਬ ਤੋਂ ਤਖ਼ਤ ਸਾਹਿਬ ’ਤੇ ਆ ਕੇ ਸਮਾਪਤੀ ਹੁੰਦੀ ਹੈ। ਗੋਦਾਵਰੀ ਨਦੀ ਦੇ ਕੰਢੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਵਿਖੇ ਇਹ ਮਹੱਲਾ ਰਾਤ ਨੂੰ 8 ਜਾਂ 9 ਵਜੇ ਦੇ ਕਰੀਬ ਪਹੁੰਚਦਾ ਹੈ। ਕੀਰਤਨ ਦੀਵਾਨ ਸਜਦੇ ਹਨ। ਇਥੋਂ ਇਹ ਮਹੱਲਾ ਕਰੀਬ 11 ਵਜੇ ਵਾਪਿਸ ਤਖ਼ਤ ਸਾਹਿਬ ਵਿਖੇ ਪਹੁੰਚ ਦਾ ਹੈ ਅਤੇ ਸੋਹਿਲਾ ਸਾਹਿਬ ਦਾ ਪਾਠ ਪੜ੍ਹ ਕੇ ਸਮਾਪਤੀ ਹੁੰਦੀ ਹੈ। ਇਸ ਮਹੱਲੇ ਦੌਰਾਨ ਹ ਜ਼ੂਰੀ ਸਿੰਘਾਂ ਵੱਲੋਂ ਮਹਾਂਵੀਰ ਚੋਂਕ (ਖ਼ਾਲਸਾ ਹੱਲਾ ਬੋਲ ਚੋਂਕ) ਤੋਂ ਚਿਖਲਵਾੜੀ ਕੌਰਨਰ ਤੱਕ ਪੁਰਾਤਨ ਮਰਿਆਦਾ ਅਨੁਸਾਰ ‘ਹੱਲਾ ਬੋਲ’ ਖੇਡਿਆ ਜਾਂਦਾ ਹੈ। ਗੁਰਦੁਆਰਾ ਬਾਉਲੀ ਦਮਦਮਾ ਸਾਹਿਬ ਵਿਖੇ ਸੰਗਤਾਂ ਨੂੰ ਠੰਢਾ -ਮਿੱਠਾ ਜਲ ਅਤੇ ਲੰਗਰ ਛਕਾਇਆ ਜਾਂਦਾ ਹੈ।[32]

## 2) ਵਿਸਾਖੀ ਮਹੱਲਾ

ਤਖ਼ਤ ਸਾਹਿਬ ’ਤੇ ਇਹ ਮਹੱਲਾ ਵੀ ਖਾਲਸਾ ਪੰਥ ਦੇ ਜਨਮ ਦਿਨ ਦੀ ਖੁਸ਼ੀ ਵਿਚ ਸੰਗਤਾਂ ਵੱਲੋਂ ਬੜੀ ਸ਼ਰਧਾ-ਭਾਵਨਾ ਅਤੇ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਸ਼ਾਮ ਨੂੰ 4 ਵਜੇ ਤਖ਼ਤ ਸਾਹਿਬ ’ਤੇ ਮੀਤ ਜਥੇਦਾਰ ਵੱਲੋਂ ਮਹੱਲੇ ਦੀ ਅਰਦਾਸ ਹੁੰਦੀ ਹੈ ਉਪਰੰਤ ਖਾਲਸਾਈ ਨਿਸ਼ਾਨ ਸਾਹਿਬਾਂ ਦੀ ਤਾਬਿਆਂ ਹੇਠ ਇਹ ਮਹੱਲਾ ਨਿਕਲਦਾ ਹੈ। ਸ਼ਬਦ ਕੀਰਤਨ ਕਰਦਾ ਹੋਇਆ ਅਤੇ ‘ਹੱਲਾ’ ਖੇਡਦੇ ਹੋਏ ਇਹ ਮਹੱਲਾ ਪੂਰੇ

---

32 ਸਰਵੇਖਣ ਸਮੇਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ।

ਖਾਲਸਾਈ ਜਾਹੋ ਜਲਾਲ ਵਿਚ ਹੋਲਾ ਮਹੱਲਾ ਵਾਲੇ ਰਸਤੇ ਹੁੰਦਾ ਹੋਇਆ ਰਾਤ ਨੂੰ 8/9 ਵਜੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਵਿਖੇ ਪਹੁੰਚਦਾ ਹੈ। ਇਥੇ ਕੀਰਤਨ ਦੀਵਾਨ ਸਜਦੇ ਹਨ। ਫਿਰ ਇਥੋਂ ਚੱਲ ਕੇ ਰਾਤ ਨੂੰ ਕਰੀਬ 10/11 ਵਜੇ ਤਖ਼ਤ ਸਾਹਿਬ 'ਤੇ ਜਾ ਕੇ ਮਹੱਲੇ ਦੀ ਸਮਾਪਤੀ ਹੁੰਦੀ ਹੈ।

**3) ਦੁਸਹਿਰਾ ਮਹੱਲਾ**

ਦੁਸਹਿਰੇ ਮਹੱਲੇ ਸਮੇਂ ਨੌਂ ਦਿਨ ਪਹਿਲਾਂ ਤਖ਼ਤ ਸਾਹਿਬ 'ਤੇ ਯੁੱਧ ਮਈ ਬੀਰ ਰਸੀ ਬਾਣੀ ਦਾ ਪਾਠ ਆਰੰਭ ਹੁੰਦਾ ਹੈ। ਦੁਸਹਿਰੇ ਵਾਲੇ ਦਿਨ ਪਾਠ ਦੀ ਸਮਾਪਤੀ ਉਪਰੰਤ ਆਰਤੀ ਕਰਕੇ ਅਰਦਾਸ ਕੀਤੀ ਜਾਂਦੀ ਹੈ। ਇਸ ਦਿਨ ਦੁਪਹਿਰ 12 ਵਜੇ ਤਖ਼ਤ ਸਾਹਿਬ 'ਤੇ ਸ਼ਸਤਰ ਸਜਾਏ ਜਾਂਦੇ ਹਨ ਅਤੇ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਸ਼ਾਮ ਨੂੰ 4 ਵਜੇ ਪੁਰਾਣੇ ਰਸਤੇ (ਹੋਲਾ ਮਹੱਲਾ ਵਾਲੇ ਰਸਤੇ) ਨਿਸ਼ਾਨ ਸਾਹਿਬਾਂ ਦੀ ਛੱਤਰ ਛਾਇਆ ਹੇਠ ਮਹੱਲਾ ਨਿਕਲਦਾ ਹੈ। ਇਸ ਮਰਿਆਦਾ ਨੂੰ ਮਹੱਲਾ ਚੜ੍ਹਨਾ ਵੀ ਕਹਿੰਦੇ ਹਨ। ਇਸ ਸਮੇਂ ਸਿੰਘਾਂ ਵੱਲੋਂ 'ਹੱਲਾ ਬੋਲ' ਖੇਡਿਆ ਜਾਂਦਾ ਹੈ। ਇਹ ਮਹੱਲਾ ਰਾਤ ਨੂੰ 8/9 ਵਜੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਪਹੁੰਚਦਾ ਹੈ ਅਤੇ ਰਾਤ ਨੂੰ 11 ਕੁ ਵਜੇ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੁੰਦਾ ਹੈ। ਦੁਸਹਿਰੇ ਤੋਂ ਅਗਲੇ ਦਿਨ ਹਜ਼ੂਰ ਸਾਹਿਬ ਵਿਖੇ ਪਹੁੰਚੀਆਂ ਸਮੂਹ ਨਿਹੰਗ ਜਥੇਬੰਦੀਆਂ (ਦਲ ਪੰਥ) ਵੱਲੋਂ ਗੁਰਦੁਆਰਾ ਬਾਉਲੀ ਦਮਦਮਾ ਸਾਹਿਬ ਦੇ ਨਜ਼ਦੀਕ ਖੁੱਲ੍ਹੇ ਮੈਦਾਨ ਵਿਚ ਘੋ ੜਿਆਂ ਦੌ ਦੌੜ, ਨੇਜੇ-ਬਾਜੀ ਅਤੇ ਗਤਕੇ ਦੇ ਜੌਹਰ ਦਿਖਾਏ ਜਾਂਦੇ ਹਨ।[33]

**4) ਦਿਵਾਲੀ ਮਹੱਲਾ**

ਇਸ ਮਹੱਲੇ ਸਮੇਂ ਤਖ਼ਤ ਸਾਹਿਬ ਦੇ ਸਾਰੇ ਸ਼ਸਤਰਾਂ ਦੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਕਰਵਾਏ ਜਾਂਦੇ ਹਨ। ਦਿਵਾਲੀ ਦਾ ਮਹੱਲਾ ਨਿਕਲਣ ਤੋਂ ਪਹਿਲਾਂ ਤਖ਼ਤ ਇਸ਼ਨਾਨ ਵਾਲੇ ਦਿਨ ਤਖ਼ਤ ਸਾਹਿਬ ਦੇ ਅੰਦਰਲੇ ਸਾਰੇ ਸ਼ਸਤਰ ਬਾਹਰਲੀਆਂ ਪਰਿਕਰਮਾਂ ਵਿਚ ਬਣੇ ਪੰਡਾਲ ਵਿਚ ਸਜਾਏ ਜਾਂਦੇ ਹਨ। ਸਿੰਘਾਂ ਦੁਆਰਾ ਇਨ੍ਹਾਂ ਸਾਰੇ ਸ਼ਸਤਰਾਂ ਨੂੰ ਸਾਫ਼ ਅਤੇ ਪਾਲਿਸ਼ ਕੀਤਾ ਜਾਂਦਾ ਹੈ। ਸੰਗਤਾਂ ਤਖ਼ਤ ਸਾਹਿਬ ਦੀ ਹਰੇਕ ਵਸਤੂ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਸਾ ਫ਼ ਕਰਦੀਆਂ ਹਨ। ਗਾਗਰੀਆ ਸਿੰਘ ਅਤੇ ਸਮੂਹ ਸਿੱਖ ਸੰਗਤਾਂ ਵੱਲੋਂ ਗੋਦਾਵਰੀ ਨਦੀ ਤੋਂ ਆਪਣੀਆਂ-ਆਪਣੀਆਂ ਜਲ ਦੀਆਂ ਗਾਗਰਾਂ ਲਿਆ ਕੇ ਤਖ਼ਤ ਇਸ਼ਨਾਨ ਕਰਵਾਇਆ

---

[33] ਸਰਵੇਖਣ ਸਮੇਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ।

ਜਾਂਦਾ ਹੈ। ਜਥੇਦਾਰ ਸਾਹਿਬ ਸਿੰਘਾਸਨ ਅਤੇ ਅੰਦਰਲੇ ਭਾਗ ਦਾ ਇਸ਼ਨਾਨ ਕਰਾਉਂਦੇ ਹਨ। ਸੰਗਤਾਂ , ਸੰਤਾਂ-ਮਹਾਂਪੁਰਸ਼ਾਂ ਦੁਆਰਾ ਬਾਹਰਲੇ ਤਖ਼ਤ ਸਾਹਿਬ ਅਤੇ ਪੂਰੀ ਇਮਾਰਤ ਦਾ ਇਸ਼ਨਾਨ ਕਰਾਇਆ ਜਾਂਦਾ ਹੈ। ਜਿਸ ਵਿੱਚ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਸਾਰੇ ਹੀ ਸੇਵਾ ਕਰਦੇ ਹਨ। ਇਹ ਨਜ਼ਾਰਾ ਦੇਖਣ ਵਾਲਾ ਹੁੰਦਾ ਹੈ।[34] ਤਖ਼ਤ ਇਸ਼ਨਾਨ ਤੋਂ ਬਾਅਦ ਸ਼ਾਮ ਨੂੰ ਸਾਰੇ ਸ਼ਸਤਰਾਂ ਨੂੰ ਵਾਪਿਸ ਤਖ਼ਤ ਸਾਹਿਬ ਦੇ ਅੰਦਰ ਸਜਾਇਆ ਜਾਂਦਾ ਹੈ। ਇਸ ਮੌਕੇ ਨਾਂਦੇੜ ਦੀ ਸਥਾਨਿਕ ਸੰਗਤ ਦੇ ਨਾਲ-ਨਾਲ ਭਾਰਤ ਦੇ ਸਮੁੱਚੇ ਰਾਜਾਂ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਪਹੁੰਚਦੀ ਹੈ। ਦੂਜੇ ਦਿਨ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ। ਤਖ਼ਤ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਂਦੀ ਹੈ। ਸੰਗਤਾਂ ਵੱਲੋਂ ਰਾਤ ਨੂੰ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ। ਤਖ਼ਤ ਇਸ਼ਨਾਨ ਤੋਂ ਤੀਜੇ ਦਿਨ ਸ਼ਾਮ 4 ਵਜੇ ਦੀਪਮਾਲਾ ਦਾ ਮਹੱਲਾ ਨਿਕਲਦਾ ਹੈ ਅਤੇ ਪੁਰਾਣੇ ਰਸਤੇ ਹੁੰਦਾ ਹੋਇਆ ਰਾਤ ਨੂੰ 10/11 ਵਜੇ ਵਾਪਿਸ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੁੰਦਾ ਹੈ।[35]

### 5) ਗੁਰਤਾਗੱਦੀ ਗੁਰਪੁਰਬ

ਦਿਵਾਲੀ ਮਹੱਲੇ ਸਮੇਂ ਤਖ਼ਤ ਇਸ਼ਨਾਨ ਤੋਂ ਚੌਥੇ ਦਿਨ (ਕੱਤਕ ਸੁਦੀ ਦੂਜ ਨੂੰ) ਤਖ਼ਤ ਸਾਹਿਬ ਵਿਖੇ ਸੰਗਤਾਂ ਵੱਲੋਂ ਗੁਰਤਾਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਗਰ ਕੀਰਤਨ ਮਨਾਇਆ ਜਾਂਦਾ ਹੈ। ਇਹ ਨਗਰ ਕੀਰਤਨ ਗੁਰਦੁਆਰਾ ਨਗੀਨਾ ਘਾਟ ਸਾਹਿਬ ਤੋਂ ਤਖ਼ਤ ਸਾਹਿਬ ਤੱਕ ਨਿਕਲਦਾ ਹੈ। ਸਵੇਰੇ 8 ਵਜੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਤੋਂ ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਇਹ ਨਗਰ ਕੀਰਤਨ ਨਿਕਲਦਾ ਹੈ। ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਤਾਬਿਆ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਲੈ ਕੇ ਆਉਂਦੇ ਹਨ। ਰਸਤੇ ਵਿਚ ਸੰਗਤਾਂ ਵੱਲੋਂ ਪਟਾਕੇ ਅਤੇ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ। ਸਵੇਰੇ 11 ਵਜੇ ਇਹ ਮਹੱਲਾ ਤਖ਼ਤ ਸਾਹਿਬ ਉੱਤੇ ਪਹੁੰਚਦਾ ਹੈ। ਇਸ ਸਮੇਂ ਸਿੰਘਾਂ ਵੱਲੋਂ ਸ਼ਸਤਰਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਲਾਮੀ ਦਿੱਤੀ ਜਾਂਦੀ ਹੈ। ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੋਨੇ ਦੀ ਵੱਡੀ ਪਾਲਕੀ ਵਿਚ ਪ੍ਰਕਾਸ਼ਮਾਨ ਕੀਤਾ ਜਾਂਦਾ ਹੈ ਅਤੇ

---

[34] ਸ਼ੀਤਲ, ਅਵਤਾਰ ਸਿੰਘ , *ਸੱਚਖੰਡ ਦਰਸ਼ਨ,* ਗੁਰਮਤਿ ਗਿਆਨ ਪ੍ਰਚਾਰ ਕੇਂਦਰ , ਨਾਂਦੇੜ, ਸਤੰਬਰ 2014 (ਛੇਵੀ ਵਾਰ), ਪੰਨਾ 91.

[35] ਸਰਵੇਖਣ ਸਮੇਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ।

ਕਲਗ਼ੀ ਸਜਾਈ ਜਾਂਦੀ ਹੈ। ਅਰਦਾਸ ਕੀਤੀ ਜਾਂਦੀ ਹੈ। ਹੁਕਮਨਾਮਾ ਲੈਣ ਤੋਂ ਉਪਰੰਤ ਹੁਕਮਨਾਮੇ ਦੀ ਕਥਾ ਸੰਗਤਾਂ ਨੂੰ ਸੁਣਾਈ ਜਾਂਦੀ ਹੈ। ਉਪਰੰਤ ਸੰਗਤਾਂ ਵੱਲੋਂ ਦਰਸ਼ਨੀ ਭੇਟਾਵਾਂ ਭੇਟ ਕੀਤੀਆਂ ਜਾਂਦੀਆਂ ਹਨ। ਇਸ ਗੁਰਤਾਗੱਦੀ ਵਾਲੇ ਦਿਨ ਸ਼ਾਮ ਨੂੰ ਤਖ਼ਤ ਸਾਹਿਬ ਵਿਖੇ ਗੁਰਤਾਗੱਦੀ ਅਤੇ ਸੱਚਖੰਡ ਗਮਨ ਪਾਤਸ਼ਾਹੀ ਦਸਵੀਂ ਦੀ ਯਾਦ ਵਿਚ ਅਗਲੇ ਪੰਜ ਦਿਨ ਲਈ ਗੁਰਮਤਿ ਸਮਾਗਮ ਆਰੰਭ ਹੋ ਜਾਂਦੇ ਹਨ। ਇਸ ਸਮੇਂ ਦੇਸ਼ ਵਿਦੇਸ਼ ਵਿਚੋਂ ਹਜ਼ੂਰੀ ਰਾਗੀ, ਕਥਾਵਾਚਕ, ਪ੍ਰਚਾਰਕ, ਗਿਆਨੀ, ਵਿਦਵਾਨ ਆਦਿ ਹਾਜ਼ਰੀਆਂ ਭਰਦੇ ਹਨ।

**6) ਗੁਰਪੁਰਬ ਦੂਜ ਅਤੇ ਪੰਚਮੀ ਸਮਾਗਮ**

ਗੁਰਤਾਗੱਦੀ ਵਾਲੇ ਦਿਨ ਤੋਂ ਇਹ ਗੁਰਮਤਿ ਸਮਾਗਮ ਅਗਲੇ ਪੰਜ ਦਿਨ ਲਈ ਸ਼ੁਰੂ ਹੋ ਜਾਂਦੇ ਹਨ। ਚੌਥੇ ਦਿਨ (ਪੰਚਮੀ ਵਾਲੇ ਦਿਨ) ਤਖ਼ਤ ਸਾਹਿਬ ’ਤੇ ਸ਼ਾਮ ਨੂੰ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਸੱਚਖੰਡ ਗਮਨ ਸਾਖੀ ਸੁਣਾਈ ਜਾਂਦੀ ਹੈ। ਪੰਜਵੇਂ ਦਿਨ ਸਮਾਗਮਾਂ ਦੀ ਸਮਾਪਤੀ ਹੁੰਦੀ ਹੈ। ਇਸ ਦਿਨ ਸ਼ਾਮ ਨੂੰ ਤਖ਼ਤ ਸਾਹਿਬ ਤੋਂ 4 ਵਜੇ ਵਿਸ਼ਾਲ ਨਗਰ ਨਿਕਲਦਾ ਹੈ ਜੋ ਕਿ ਨਾਂਦੇੜ ਸ਼ਹਿਰ ਦੇ ਵੱਖ -ਵੱਖ ਬਾਜ਼ਾਰਾਂ ਵਿਚੋਂ ਦੀ ਹੁੰਦਾ ਹੋਇਆ ਰਾਤ ਨੂੰ 11 ਵਜੇ ਵਾਪਿਸ ਤਖ਼ਤ ਸਾਹਿਬ ’ਤੇ ਪਹੁੰਚ ਕੇ ਸਮਾਪਤ ਹੁੰਦਾ ਹੈ।

ਉਪਰੋਕਤ ਚਾਰ ਮਹੱਲਿਆਂ ਵਿਚ ਹਜ਼ੂਰੀ ਸਿੰਘਾਂ ਵੱਲੋਂ ‘ਹੱਲਾ ਬੋਲ’ ਖੇਡਿਆ ਜਾਂਦਾ ਹੈ ਅਤੇ ਤੋਪਚੀ ਸਿੰਘ ਵੱਲੋਂ ਤੋਪ ਚਲਾ ਕੇ ਸਲਾਮੀ ਦਿੱਤੀ ਜਾਂਦੀ ਹੈ। ਤਖ਼ਤ ਸਾਹਿਬ ’ਤੇ ਦੁਪਹਿਰ 12 ਵਜੇ ਸ਼ਸਤਰ ਸਜਾਏ ਜਾਂਦੇ ਹਨ ਅਤੇ ਸ਼ਸਤਰ ਪੂਜਾ ਕੀਤੀ ਜਾਂਦੀ ਹੈ। ਯੁੱਧ ਮਈ ਬੀਰ ਰਸੀ ਬਾਣੀ ਦੇ ਪਾਠ ਕੀਤੇ ਜਾਂਦੇ ਹਨ। ਝਟਕਾ ਅਤੇ ਸ਼ਸਤਰਾਂ ਨੂੰ ਤਿਲਕ ਦੀ ਮ ਰਿਯਾਦਾ ਕੀਤੀ ਜਾਂਦੀ ਹੈ। ਉਕਤ ਮੁਹੱਲਿਆਂ ਤੋਂ ਇਲਾਵਾ ਤਖ਼ਤ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ -ਭਾਵਨਾ ਨਾਲ ਮਨਾਇਆ ਜਾਂਦਾ ਹੈ।[36]

**ਸ੍ਰੀ ਹਜ਼ੂਰ ਸਾਹਿਬ ਪਬਲਿਕ ਲਾਇਬ੍ਰੇਰੀ**

ਗੁਰਦੁਆਰਾ ਸੱਚਖੰਡ ਬੋਰਡ ਵਲੋਂ ਨਾਂਦੇੜ ਵਿਖੇ ਵਿੱਦਿਆ ਦਾ ਚਾਨਣ ਫ਼ੈਲਾਉਣ ਲਈ 1962 ਈ. ਵਿਚ ਇਸ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਸੀ। ਮਹਾਰਾਸ਼ਟਰ ਸਰਕਾਰ ਵੱਲੋਂ ਇਸ ਨੂੰ ‘ਅ’ ਦਰਜਾ

---

[36] ਸਰਵੇਖਣ ਦੌਰਾਨ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ।

ਮਾਨਤਾ ਪ੍ਰਾਪਤ ਹੈ। ਸੰਨ 1981-82 ਈ. ਵਿਚ ਇਸ ਲਾਇਬ੍ਰੇਰੀ ਨੂੰ ਮਾਨਤਾ ਮਿਲੀ ਸੀ। ਇਸ ਦਾ ਰਜਿਸਟ੍ਰੇਸ਼ਨ ਨੰਬਰ 216 ਹੈ। 60 ਸਾਲ ਪੁਰਾਣੀ ਇਹ ਲਾਇਬ੍ਰੇਰੀ ਮੌਜੂਦਾ ਸਮੇਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਯਾਤਰੀ ਐਨ. ਆਰ. ਆਈ. ਯਾਤਰੀ ਨਿਵਾਸ ਦੇ ਮੁੱਖ ਗੇਟ ਦੇ ਬਿਲਕੁਲ ਨਾਲ ਹੀ ਸਾਹਮਣੇ ਤੋਂ ਖੱਬੇ ਪਾਸੇ ਸਥਿਤ ਹੈ। ਵਰਤਮਾਨ ਸਮੇਂ ਇਸ ਲਾਇਬ੍ਰੇਰੀ ਵਿਚ 28000 ਤੋਂ ਜ਼ਿਆਦਾ ਕਿਤਾਬਾਂ ਦਾ ਭੰਡਾਰ ਹੈ। ਇਸ ਵਿਚ 38 ਅਖਬਾਰ ਅਤੇ 43 ਮੈਗਜ਼ੀਨ (ਰਸਾਲੇ) ਆਉਂਦੇ ਹਨ।[37] ਇਹ ਇੱਕ ਜਨਤਕ ਲਾਇਬ੍ਰੇਰੀ ਹੈ। ਹਰ ਰੋਜ਼ ਅਨੇਕਾਂ ਵਿਦਿਆਰਥੀ ਕਿਤਾਬਾਂ, ਰਸਾਲੇ (ਮੈਗਜ਼ੀਨ), ਅਖ਼ਬਾਰ ਪੜ੍ਹਨ ਆਉਂਦੇ ਹਨ। ਜਾਣਕਾਰੀ ਅਤੇ ਗਿਆਨ ਦੇ ਵਡਮੁੱਲੇ ਸ੍ਰੋਤ ਪ੍ਰਦਾਨ ਕਰਦੀ ਇਸ ਲਾਇਬ੍ਰੇਰੀ ਵਿਚ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਅਧਿਐਨ ਕਰਨ ਆਉਂਦੇ ਹਨ। ਇਸ ਲਾਇ ਬ੍ਰੇਰੀ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਵਰਤਮਾਨ ਸਮੇਂ ਸ੍ਰੀਮਤੀ ਬਬੀਤਾ ਕੌਰ ਚਾਹੇਲ ਇਸ ਲਾਇਬ੍ਰੇਰੀ ਦੇ ਇੰਚਾਰਜ ਹਨ। ਇਸ ਲਾਇਬ੍ਰੇਰੀ ਤੋਂ ਇਲਾਵਾ ਤਖ਼ਤ ਸੱਚਖੰਡ ਪਰਿਸਰ ਦੇ ਗੇਟ ਨੰ . 1 ਦੇ ਉੱਪਰ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਲਿਟਰੇਚਰ ਸਟਾਲ ਲਗਾਈ ਹੋਈ ਹੈ।

## ਦੁਸ਼ਟ ਦਮਨ ਪ੍ਰਿੰਟਿੰਗ ਪ੍ਰੈੱਸ

ਇਸ ਪ੍ਰਿੰਟਿੰਗ ਪ੍ਰੈੱਸ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ’ਤੇ ਰੱਖਿਆ ਗਿਆ ਸੀ। ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਮਹਾਰਾਸ਼ਟਰ ਅਤੇ ਭਾਰਤ ਦੀਆਂ ਹੋਰ ਸਟੇਟਾਂ ਵਿਚ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਇਹ ਪ੍ਰੈਸ ਅਕਤੂਬਰ 1974 ਈ. ਵਿਚ ਆਰੰਭ ਕੀਤੀ ਗਈ ਸੀ। ਵਰਤਮਾਨ ਸਮੇਂ ਵਿਚ ਇਹ ਪ੍ਰੈੱਸ ਤਖ਼ਤ ਸਾਹਿਬ ਦੇ ਗੇਟ ਨੰ . 2 ਦੇ ਸਾਹਮਣੇ ਭਾਈ ਦਇਆ ਸਿੰਘ ਯਾਤਰੀ ਨਿਵਾਸ ਵਿਚ ਚੱਲ ਰਹੀ ਹੈ। ਇਸ ਪ੍ਰੈੱਸ ਵਿਚ ਮਹੀਨਾਵਾਰੀ ਰਸਾਲਾ ‘ਸੱਚਖੰਡ ਪੱਤਰ’ ਛਾਪਿਆ ਜਾਂਦਾ ਹੈ। ਇਸ ਦੀਆਂ ਹਰ ਮਹੀਨੇ 5000 ਕਾਪੀਆਂ ਛਪਦੀਆਂ ਹਨ। ਇਸ ਸੱਚਖੰਡ ਪੱਤਰ ਵਿਚ ਪੰਜਾਬੀ , ਹਿੰਦੀ ਅਤੇ ਅੰਗਰੇਜ਼ੀ ਤਿੰਨ ਭਾਸ਼ਾਵਾਂ ਵਿਚ ਲੇਖ ਛਾਪੇ ਜਾਂਦੇ ਹਨ । ਸੱਚਖੰਡ ਪੱਤਰ 1989 ਈ. ਤੱਕ ਸਿਰਫ਼ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਹੀ ਪ੍ਰਕਾਸ਼ਿਤ ਹੁੰਦਾ ਸੀ ਪਰ 1990 ਈ. ਤੋਂ ਇਹ ਰਸਾਲਾ ਇਨ੍ਹਾਂ ਦੋ ਭਾਸ਼ਾਵਾਂ ਤੋਂ

---

[37] ਸ੍ਰੀ ਹਜ਼ੂਰ ਸਾਹਿਬ ਪਬਲਿਕ ਲਾਇਬ੍ਰੇਰੀ ਦੇ ਮੌਜੂਦਾ ਲਾਇਬ੍ਰੇਰੀਅਨ ਸ੍ਰੀਮਤੀ ਬਬੀਤਾ ਕੌਰ ਚਾਹੇਲ ਦੇ ਦੱਸਣ ਅਨੁਸਾਰ।

ਇਲਾਵਾ ਹਿੰਦੀ ਵਿਚ ਵੀ ਪ੍ਰਕਾਸ਼ਿਤ ਹੋ ਰਿਹਾ ਹੈ।[38] ਗੁਰੂ ਇਤਿਹਾਸ ਅਤੇ ਸਿੱਖ ਇਤਿਸਹਾਸ ਦੀ ਜਾਣਕਾਰੀ ਸੰਗਤਾਂ ਤੱਕ ਪਹੁੰਚਾਉਣ ਲਈ ਚੋਣਵੇਂ ਲੇਖ ਇਸ ਰਸਾਲੇ ਵਿਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ।

ਗੁਰਦੁਆਰਾ ਬੋਰਡ ਦੇ ਦਫਤਰਾਂ ਅਤੇ ਸਕੂਲਾਂ ਵਾਸਤੇ ਸਟੇਸ਼ਨਰੀ ਇਸ ਪ੍ਰੈੱਸ ਵਿਚੋਂ ਤਿਆਰ ਕਰਕੇ ਭੇਜੀ ਜਾਂਦੀ ਹੈ। ਇਸ ਤੋਂ ਇਲਾਵਾ ਗੁਟਕਾ ਸਾਹਿਬ ਛਾਪੇ ਜਾਂਦੇ ਹਨ। ਇਸ ਪ੍ਰੈੱਸ ਦੇ ਪਹਿਲੇ ਸੰਪਾਦਕ ਸਰਦਾਰ ਨਿਰਵੈਰ ਸਿੰਘ ਅਰਸੀ ਸਨ। ਇਨ੍ਹਾਂ ਤੋਂ ਬਾਅਦ ਗੁਰਚਰਨ ਸਿੰਘ ਸੰਘਾ , ਰਾਜਦਵਿੰਦਰ ਸਿੰਘ ਕੱਲ੍ਹਾ, ਗਿਆਨੀ ਅਵਤਾਰ ਸਿੰਘ ਸ਼ੀਤਲ ਇਸ ਪ੍ਰੈਸ ਦੇ ਸੰਪਾਦਕ ਰਹੇ ਹਨ। ਮੌਜੂਦਾ ਸਮੇਂ ਵਿਚ ਗਿਆਨੀ ਅਵਤਾਰ ਸਿੰਘ ਸ਼ੀਤਲ ਸੰਪਾਦਕ ਵਜੋਂ ਸੇਵਾਵਾਂ ਨਿਭਾ ਰਹੇ ਹਨ।

**ਸੱਚਖੰਡ ਸਿੱਖ ਹੋਸਟਲ**

ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਨਾਂਦੇੜ ਸ਼ਹਿਰ ਤੋਂ ਬਾਹਰ ਦੂਰ -ਨੇੜੇ ਪਿੰਡਾਂ -ਸ਼ਹਿਰਾਂ ਦੇ ਲੜਕਿਆਂ ਲਈ ਹਜ਼ੂਰ ਸਾਹਿਬ ਵਿਖੇ 1960 ਈ. ਵਿਚ ਸਿੱਖ ਹੋਸਟਲ ਖੋਲ੍ਹਿਆ ਗਿਆ ਸੀ। ਦੂਰ-ਦੁਰਾਡੇ ਪਿੰਡਾਂ ਵਿਚ ਵਸਦੇ ਗੁਰਸਿੱਖ ਪਰਿਵਾਰਾਂ ਦੇ ਬੱਚੇ ਜੋ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਵੱਖ ਵੱਖ ਸਕੂਲਾਂ ਕਾਲਜਾਂ ਵਿੱਚ ਪੜ੍ਹਾਈ ਕਰਨਾ ਚਾਹੁੰਦੇ ਹੋਣ, ਉਨ੍ਹਾਂ ਲਈ ਮੁਫ਼ਤ ਰਿਹਾਇਸ਼ ਅਤੇ ਖਾਣ-ਪੀਣ ਦੀਆਂ ਸਾਰੀਆਂ ਸਹੂਲਤਾਂ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਸਿੱਖ ਹੋਸਟਲ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ।[39] ਇਹ ਹੋਸਟਲ ਸਿਰਫ਼ ਸਿੱਖ ਵਿਦਿਆਰਥੀਆਂ ਲਈ ਹੈ। ਇਸ ਹੋਸਟਲ ਵਿਚ ਪੀਐਚ . ਡੀ. ਤੱਕ ਦੇ ਵਿਦਿਆਰਥੀ ਰਹਿੰਦੇ ਹਨ। ਇਸ ਸਮੇਂ ਇਹ ਹੋਸਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਇਮਾਰਤ ਦੇ ਅੰਦਰ ਚਲਾਇਆ ਜਾ ਰਿਹਾ ਹੈ। ਸ੍ਰ. ਬਰਿੰਦਰ ਸਿੰਘ ਸੀਲੇਦਾਰ ਇਸ ਹੋਸਟਲ ਦੇ ਮੌਜੂਦਾ ਇੰਚਾਰਜ ਹਨ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਿਊਜ਼ੀਅਮ**

ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਇਹ ਮਿਊਜ਼ੀਅਮ ਚਿਖਲਵਾੜੀ ਰੋਡ ਉੱਤੇ ਹਿੰਗੋਲੀ ਗੇਟ ਓਵਰ ਬ੍ਰਿਜ ਦੇ ਨੇੜੇ ਬਣਾਇਆ ਹੋਇਆ ਹੈ। ਇਸ ਮਿਊਜ਼ੀਅਮ ਵਿਚ ਸਿੰਘਾਂ ਦੇ ਪੁਰਾਤਨ ਹਥਿਆਰ, ਇਤਿਹਾਸਕ

---

38 ਅਰੁਣਚੰਦਰ ਸ਼ੰ. ਪਾਠਕ (ਸੰਪਾ.), *ਮਹਾਰਾਸ਼ਟਰ ਰਾਜ ਗਜ਼ਟੀਅਰ ਨਾਂਦੇੜ ਜ਼ਿਲ੍ਹਾ* (ਭਾਗ ਦੂਜਾ), ਦ੍ਰਸ਼ਨਿਕਾ ਵਿਭਾਗ, ਮਹਾਰਾਸ਼ਟਰ ਸ਼ਾਸਨ, ਮੁੰਬਈ, 2011 (ਪਹਿਲੀ ਵਾਰ), ਪੰਨਾ 243.

39 *ਸੱਚਖੰਡ ਪੱਤਰ,* ਜੁਲਾਈ 2018, ਪੰਨਾ 8.

ਚੀਜ਼ਾਂ, ਚਿੱਤਰਕਾਰੀ ਅਤੇ ਕਲਾ-ਕ੍ਰਿਤਾਂ (ਦੁਰਲੱਭ ਫੋਟੋਆਂ) ਦਾ ਵੱਡਾ ਸੰਗ੍ਰਹਿ ਹੈ। ਇਸ ਮਿਊਜ਼ੀਅਮ ਦੀ ਇਮਾਰਤ ਸਾਲ 2008 ਵਿਚ ਕਰੋੜਾਂ ਰੁਪਏ ਦੀ ਲਾਗਤ ਨਾਲ ਬਣਕੇ ਤਿਆਰ ਹੋਈ ਸੀ। ਸਾਲ 2009 ਵਿਚ ਇੱਥੇ ਮਿਊਜ਼ੀਅਮ ਦਾ ਕੰਮ ਸ਼ੁਰੂ ਹੋ ਗਿਆ ਸੀ। ਇਸ ਮਿਊਜ਼ੀਅਮ ਦੇ ਅੰਦਰ ਮੌਜੂਦ ਛੇ ਗੈਲਰੀ-ਸੈਕਸ਼ਨਾਂ ਵਿਚੋਂ ਪਹਿਲੀਆਂ ਪੰਜ ਗੈਲਰੀਆਂ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਤਸਵੀਰਾਂ (ਪੇਂਟਿੰਗ) ਹਨ। ਛੇਵੀਂ ਗੈਲਰੀ ਵਿਚ ਪੁਰਾਤਨ ਸ਼ਸਤਰ ਸੰਭਾਲ ਕੇ ਰੱਖੇ ਹੋਏ ਹਨ। ਸ਼ਸਤਰ ਗੈਲਰੀ 2018 ਵਿਚ ਬਣਾਈ ਗਈ ਸੀ। ਇਥੇ ਗੁਰੂ ਸਾਹਿਬਾਨ ਨਾਲ ਸਬੰਧਿਤ 3D ਤਸਵੀਰਾਂ, ਯਾਦਗਾਰੀ ਵਸਤੂਆਂ, ਪੁਰਾਤਨ ਹਥਿਆਰ, ਲਾਈਟ ਅਤੇ ਸਾਉਂਡ ਦੀ ਪ੍ਰਕਿਰਿਆ ਬਹੁਤ ਪ੍ਰਭਾਵਕਾਰੀ ਹਨ। ਲਗਪਗ ਤੀਹ ਹਜ਼ਾਰ ਵਰਗ ਫੁੱਟ ਵਿਚ ਬਣੀ ਇਹ ਤਿੰਨ ਮੰਜ਼ਲੀ ਇਮਾਰਤ ਸਿੱਖ ਭਵਨ ਕਲਾ ਦੇ ਉੱਤਮ ਸਰੂਪ ਨੂੰ ਰੂਪਮਾਨ ਕਰਦੀ ਹੈ। ਇਸ ਅਜਾਇਬ ਘਰ ਦਾ ਆਕਰਸ਼ਨ ਆਧੁਨਿਕ ਆਡੀਓ ਵੀਡੀਓ ਤਕਨੀਕ ਦੇ ਮਾਧਿਅਮ ਰਾਹੀਂ ਸਿੱਖ ਇਤਿਹਾਸ, ਗੁਰੂ ਪਾਤਸ਼ਾਹ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਅਤੇ ਸਿੱਖ ਫਲਸਫਾ ਹੈ। ਇਸ ਦੇ ਨਾਲ ਹੀ ਫੁਹਾਰੇ, ਪਾਣੀ ਦਾ ਤਲਾਬ ਅਤੇ ਸੋਹਣੇ ਬਗੀਚੇ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ। ਓਪਨ ਏਅਰ ਥੀਏਟਰ ਇਸ ਦੀ ਇੱਕ ਹੋਰ ਵਿਲੱਖਣਤਾ ਹੈ। ਇਸ ਵਿਚ ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਿਤ ਨਾਟਕਾਂ ਦਾ ਪ੍ਰੋਗਰਾਮ ਆਯੋਜਿਤ ਕੀਤਾ ਜਾ ਸਕਦਾ ਹੈ।[40]

**ਗੁਰੂ ਸਾਹਿਬ ਦੇ ਘੋੜਿਆਂ ਦਾ ਅਸਤਬਲ**

ਇਤਿਹਾਸ ਗਵਾਹ ਹੈ ਕਿ ਘੋੜੇ ਸਿੱਖ ਕੌਮ ਦਾ ਅਨੀਖੜਵਾਂ ਅੰਗ ਹਨ। ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਆਪ ਘੋੜੇ ਦੀ ਅਸਵਾਰੀ ਕਰਿਆ ਕਰਦੇ ਸਨ। ਇਸ ਲਈ ਹਜ਼ੂਰ ਸਾਹਿਬ ਵਿਖੇ ਅੱਜ ਵੀ ਗੁਰੂ ਸਾਹਿਬ ਦੇ ਘੋੜਿਆਂ ਦਾ ਅਸਤਬਲ ਬਣਿਆ ਹੋਇਆ ਹੈ। ਇਹ ਅਸਤਬਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਿਊਜ਼ੀਅਮ ਦੇ ਕੋਲ ਲਗਪਗ ਢਾਈ ਏਕੜ ਦੀ ਚਾਰ-ਦੀਵਾਰੀ ਦੇ ਅੰਦਰ ਹੈ। ਇਸ ਦਾ ਸਮੁੱਚਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਇਸ ਸਮੇਂ ਅਸਤਬਲ ਵਿਚ ਲਗਭਗ 40 ਘੋੜੇ ਹਨ। ਕਿਸੇ ਸਮੇਂ ਇਹ ਘੋੜੇ ਜ਼ਿਆਦਾ ਵੀ ਹੋ ਜਾਂ ਦੇ ਹਨ। ਹਜ਼ੂਰ ਸਾਹਿਬ ਵਿਖੇ ਮਨਾਏ ਜਾਂਦੇ ਚਾਰ ਮਹੱਲਿਆ ਅਤੇ

---

[40] ਪਸਰੀਚਾ, ਪੀ. ਐਸ., *ਨਾਂਦੇੜ ਪਰਿਵਰਤਨ ਦਾ ਸਫ਼ਰ* , ਸਰਬਜਿੰਦਰ ਸਿੰਘ (ਅਨੁ.), ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਅਕਤੂਬਰ 2011 (ਪਹਿਲੀ ਵਾਰ), ਪੰਨਾ 73.

ਨਗਰ ਕੀਰਤਨਾਂ ਲਈ ਇਸ ਤਬੇਲੇ ਵਿਚ ਸੱਤ ਘੋੜੇ ਸੁੱਚੇ ਅਸਵਾਰੀ ਵਾਲੇ ਵੱਖਰੇ ਰੱਖੇ ਜਾਂਦੇ ਹਨ। ਇਨ੍ਹਾਂ ਵਿਚ ਇੱਕ ਘੋੜਾ ਗੁਰੂ ਸਾਹਿਬ ਦੀ ਅਸਵਾਰੀ ਵਾਸਤੇ , ਪੰਜ ਘੋੜੇ ਪੰਜ ਪਿਆਰਿਆਂ ਲਈ , ਇੱਕ ਘੋੜਾ ਨਗਾਰਚੀ ਲਈ ਰੱਖਿਆ ਜਾਂਦਾ ਹੈ।

ਹਜ਼ੂਰ ਸਾਹਿਬ ਦੇ ਮਹੱਲਿਆਂ ਅਤੇ ਨਗਰ ਕੀਰਤਨਾਂ ਸਮੇਂ ਗੁਰੂ ਸਾਹਿਬ ਦੀ ਅਸਵਾਰੀ ਲਈ ਇੱਕ ਨੰਬਰ ਵਾਲੇ ਘੋੜੇ ਨੂੰ ਸੋਨੇ ਦੀ ਕਾਠੀ ਪਾਈ ਜਾਂਦੀ ਹੈ ਅਤੇ ਦੋ ਨੰਬਰ ਵਾਲੇ ਘੋੜੇ ਨੂੰ ਚਾਂਦੀ ਦੀ ਕਾਠੀ ਪਾਈ ਜਾਂਦੀ ਹੈ। ਸੋਨੇ ਦੀ ਕਾਠੀ ਲਗਭਗ 35 ਕਿੱਲੋ ਭਾਰ ਦੀ ਹੈ। ਇਹ ਕਾਠੀ ਅੰ ਮ੍ਰਿਤਸਰ ਨਿਵਾਸੀ ਮਾਈ ਵੈਦ ਕੌਰ ਸੁਪਤਨੀ ਮਿਸਤਰੀ ਮੱਖਨ ਸਿੰਘ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਭੇਟ ਕੀਤੀ ਸੀ।[41] ਚਾਂਦੀ ਦੀ ਕਾਠੀ ਵੀ ਕਰੀਬ 35 ਕਿੱਲੋ ਭਾਰ ਦੀ ਹੈ। ਇਹ ਕਾਠੀ ਗੁਰਦੁਆਰਾ ਬੋਰਡ ਦੇ ਸਾਬਕਾ ਪ੍ਰਧਾਨ ਸ੍ਰ. ਭੁਪਿੰਦਰ ਸਿੰਘ ਮਿਨਹਾਸ ਦੇ ਪਰਿਵਾਰ ਵੱਲੋਂ 17 ਅਕਤੂਬਰ, 2010 ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੂੰ ਭੇਟ ਕੀਤੀ ਗਈ ਸੀ।[42] ਗੁਰੂ ਸਾਹਿਬਾਨ ਨੂੰ ਘੋੜੇ ਭੇਟ ਕਰਨ ਦੀ ਮਰਿਆਦਾ ਗੁਰੂ ਕਾਲ ਤੋਂ ਚੱਲੀ ਸੀ। ਤਖ਼ਤ ਹਜ਼ੂਰ ਸਾਹਿਬ ਵਿਖੇ ਸ਼ਰਧਾਲੂਆਂ ਵਲੋਂ ਘੋੜੇ ਭੇਟ ਕਰਨ ਦੀ ਪਰੰਪਰਾ ਅੱਜ ਵੀ ਚਲਦੀ ਆ ਰਹੀ ਹੈ। ਸਿੱਖ ਸੰਗਤਾਂ ਸ਼ੁਕਰਾਨੇ ਵਜੋਂ ਤਖ਼ਤ ਹਜ਼ੂਰ ਸਾਹਿਬ ਵਿਖੇ ਹਰ ਸਾਲ ਘੋੜੇ ਭੇਟ ਕਰਦੀਆਂ ਹਨ। ਇਸ ਸਮੇਂ ਜਗਦੀਪ ਸਿੰਘ ਲਾਂਗਰੀ ਇਸ ਅਸਤਬਲ ਦੇ ਇੰਚਾਰਜ ਹਨ।

### ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ

ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਨਾਂਦੇੜ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ ਖੋਲ੍ਹਿਆ ਹੋਇਆ ਹੈ। ਇਹ ਆਸ਼ਰਮ ਚਿਖਲਵਾੜੀ ਰੋਡ 'ਤੇ ਬਣਿਆ ਹੋਇਆ ਹੈ। ਲਗਪਗ 6000 ਵਰਗ ਫੁੱਟ ਦੇ ਖੇਤਰ ਵਿਚ ਸਾਰਾ ਆਸ਼ਰਮ ਬਣਿਆ ਹੋਇਆ ਹੈ। ਇਸ ਆਸ਼ਰਮ ਦੇ ਸੈਂਟਰ ਵਿਚ 1200 ਵਰਗ ਫੁੱਟ ਦੇ ਵਿਚ ਸੁੰਦਰ ਪਾਰਕ ਹੈ। ਇਸ ਪਾਰਕ ਦੇ ਆਲੇ ਦੁਆਲੇ ਆਸ਼ਰਮ ਦੀ ਇਮਾਰਤ ਬਣੀ ਹੋਈ ਹੈ। ਇਹ ਇਮਾਰਤ 2 ਮੰਜ਼ਿਲੀ ਹੈ। ਇਸ ਵਿਚ 40 ਕਮਰੇ ਹਨ। ਇਸ ਬਿਰਧ ਆਸ਼ਰਮ ਦਾ ਅਸਲੀ ਮਕਸਦ ਬੇਸਹਾਰਾ-ਲੋੜਵੰਦ ਬਜ਼ੁਰਗਾਂ ਦੀ ਸਹਾਇਤਾ ਕਰਨਾ ਹੈ। ਆਸ਼ਰਮ ਵਿਚ ਦਾਖ਼ਲ ਹੋਣ ਵਾਲੇ ਹਰ ਬਿਰਧ

---

[41] ਸਰਵੇਖਣ ਸਮੇਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਅਤੇ ਘੋੜੇ ਨੂੰ ਪਹਿਨਾਈ ਜਾਣ ਵਾਲੀ ਸੋਨੇ ਦੀ ਕਾਠੀ 'ਤੇ ਲਿਖੇ ਹੋਏ ਅਨੁਸਾਰ।

[42] ਸਰਵੇਖਣ ਸਮੇਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਅਤੇ ਘੋੜੇ ਨੂੰ ਪਹਿਨਾਈ ਜਾਣ ਵਾਲੀ ਚਾਂਦੀ ਦੀ ਕਾਠੀ 'ਤੇ ਲਿਖੇ ਹੋਏ ਅਨੁਸਾਰ।

ਦੀ ਉਮਰ 60 ਸਾਲ ਤੋਂ ਘੱਟ ਨਾ ਹੋਵੇ। ਹਰ ਇੱਕ ਬਿਰਧ ਲਈ ਰਿਹਾਇਸ਼ ਅਤੇ ਲੰਗਰ ਪਾਣੀ ਆਦਿ ਹਿਤ ਇੱਕ ਮਹੀਨੇ ਦਾ ਖ਼ਰਚ 2000/-ਰੁਪਏ ਭਰਵਾਇਆ ਜਾਂਦਾ ਹੈ ਹੈ।

ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਸਾਰੇ ਬਜ਼ੁਰਗਾਂ ਨੂੰ ਮੈਡੀਕਲ ਸਹੂਲਤ ਦਿੱਤੀ ਗਈ ਹੈ। ਇਨ੍ਹਾਂ ਦੇ ਹਰ ਟੈਸਟ ਅਤੇ ਚੈੱਕਅਪ ਫ਼ਰੀ ਕੀਤੇ ਜਾਂਦੇ ਹਨ। ਇਸ ਆਸ਼ਰਮ ਦੀ ਇਮਾਰਤ ਨੂੰ ਬਣਾਉਣ ਲਈ ਜ਼ਮੀਨ ਤਖ਼ਤ ਸਾਹਿਬ ਵੱਲੋਂ ਦਿੱਤੀ ਗਈ ਸੀ। ਉਸਾਰੀ ਦੀ ਸਮੱਗਰੀ ਦਾ ਸਾਰਾ ਖ਼ਰਚਾ ਰਣਜੀਤ ਸਿੰਘ ਸਲੂਜਾ ਚੈਰੀਟੇਬਲ ਟਰੱਸਟ ਦਿੱਲੀ ਵਾਲਿਆਂ ਨੇ ਦਿੱਤਾ ਸੀ। ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਸੰਤ ਬਾਬਾ ਨਰਿੰਦਰ ਸਿੰਘ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਜੀ ਨੇ ਉਸਾਰੀ ਦੇ ਲੇਬਰ ਦਾ ਖਰਚਾ ਦਿੱਤਾ ਸੀ।[43] ਮੌਜੂਦਾ ਸਮੇਂ ਇਸ ਬਿਰਧ ਆਸ਼ਰਮ ਵਿਚ 20 ਬਜ਼ੁਰਗ ਹਨ। ਇਸ ਆਸ਼ਰਮ ਦੇ ਇੰਚਾਰਜ ਸ੍ਰ. ਡੇਂਜਰ ਸਿੰਘ ਤਬੇਲੇ ਵਾਲੇ ਹਨ।

**ਦਸਮੇਸ਼ ਹਸਪਤਾਲ**

ਨਾਂਦੇੜ ਦੇ ਇਲਾਕਾ ਨਿਵਾਸੀਆਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਇਹ ਹਸਪਤਾਲ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਚਲਾਇਆ ਜਾ ਰਿਹਾ ਹੈ। ਵਰਤਮਾਨ ਸਮੇਂ ਵਿਚ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਨ. ਆਰ. ਆਈ. ਯਾਤਰੀ ਨਿਵਾਸ ਦੇ ਨਜ਼ਦੀਕ ਹੈ। ਇਸ ਹਸਪਤਾਲ ਵਿਚ ਜਨਰਲ ਵਾਰਡ, ਆਊਟ ਪੇਸ਼ੈਂਟ ਵਾਰਡ , ਐਕਸਰੇ ਰੂਮ , ਆਪ੍ਰੇਸ਼ਨ ਥੀਏਟਰ ਆਦਿ ਦੀ ਸੁਵਿਧਾ ਦਿੱਤੀ ਗਈ ਹੈ। ਇਹ ਸੁਵਿਧਾਵਾਂ ਮਰੀਜ਼ਾਂ ਨੂੰ ਮਾਮੂਲੀ ਖ਼ਰਚੇ 'ਤੇ ਉਪਲਬਧ ਕਰਵਾਈਆਂ ਜਾਂਦੀਆਂ ਹਨ। ਇਲਾਜ਼ ਕਰਵਾਉਣ ਲਈ ਜਾਤ, ਧਰਮ ਦੀ ਕੋਈ ਬੰਦਿਸ਼ ਨਹੀਂ ਹੈ।[44] ਸਾਲ 2015 ਵਿਚ ਇਸ ਹਸਪਤਾਲ ਦੀ 3 ਮੰਜਿਲੀ ਨਵੀਂ ਇਮਾਰਤ ਤਿਆਰ ਕੀਤੀ ਗਈ ਸੀ। ਇਸ ਇਮਾਰਤ ਲਈ ਸ੍ਰ. ਕੰਵਲਜੀਤ ਸਿੰਘ ਸੰਧੂ ਮੁੰਬਈ ਵਾਲਿਆਂ ਵੱਲੋਂ ਇੱਕ ਕਰੋੜ ਰੁਪਏ ਅਤੇ ਹੋਰ ਦਾਨੀ ਸੱਜਣਾਂ ਵਲੋਂ ਲੱਖਾਂ ਰੁਪਏ ਦਾਨ ਦਿੱਤਾ ਗਿਆ ਸੀ।[45]

ਗੁਰਦੁਆਰਾ ਸੱਚਖੰਡ ਬੋਰਡ ਦੇ ਸਾਬਕਾ ਪ੍ਰਧਾਨ ਸ੍ਰ. ਭੁਪਿੰਦਰ ਸਿੰਘ ਮਿਨਹਾਸ ਦੇ ਸਹਿਯੋਗ ਨਾਲ ਸ੍ਰੀ ਦਸਮੇਸ਼ ਹਸਪਤਾਲ ਵਿਚ ਵਿਸ਼ੇਸ਼ ਕੋਵਿਡ ਸੈਂਟਰ ਦੀ ਸਥਾਪਨਾ ਕੀਤੀ ਗਈ। ਇਸ ਤੋਂ ਇਲਾਵਾ ਕਿਡਨੀ

---

[43] ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ ਦੇ ਮੌਜੂਦਾ ਇੰਨਚਾਰਜ ਸ੍ਰ. ਡੇਂਜਰ ਸਿੰਘ ਤਬੇਲੇ ਵਾਲੇ ਦੇ ਦੱਸਣ ਅਨੁਸਾਰ।

[44] Roshan Singh s/o Babu Singh, *Financial Management of the Sikh Gurudwara Sachkhand Shri Hazur Abachalnagar Sahib in the Last Decade Nanded,* page 169.

[45] ਦਸਮੇਸ਼ ਹਸਪਤਾਲ ਵਿਚ ਲੱਗੇ ਨੀਂਹ ਪੱਥਰ 'ਤੇ ਲਿਖੇ ਅਨੁਸਾਰ।

ਪੀੜਤਾਂ ਲਈ ਤਿੰਨ ਡਾਇਲਸਸ ਮਸ਼ੀਨਾਂ ਦਾ ਪ੍ਰਬੰਧ ਕੀਤਾ ਗਿਆ। ਇਸ ਸਮੇਂ ਹਸਪਤਾਲ ਵਿਚ ਮਾਹਰ ਡਾਕਟਰ (Specialist Doctors) ਕੰਮ ਕਰ ਰਹੇ ਹਨ। ਡਾ. ਪਰਮਵੀਰ ਸਿੰਘ ਇਸ ਹਸਪਤਾਲ ਦੇ ਮੌਜੂਦਾ ਇੰਚਾਰਜ ਹਨ।

**ਸੰਤ ਬਾਬਾ ਨਿਧਾਨ ਸਿੰਘ ਜੀ ਮੈਮੋਰਿਅਲ ਹਸਪਤਾਲ**

ਗੁਰਦੁਆਰਾ ਲੰਗਰ ਸਾਹਿਬ ਵੱਲੋਂ ਨਾਂਦੇੜ ਨਗਰ ਦੇ ਨਾਗਰਿਕਾਂ ਅਤੇ ਹਜ਼ੂਰ ਸਾਹਿਬ ਵਿਖੇ ਯਾਤਰਾ ਲਈ ਆਏ ਸ਼ਰਧਾਲੂਆਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਨਾਮ 'ਤੇ ਮੈਮੋਰਿਅਲ ਹਸਪਤਾਲ ਚਲਾਇਆ ਜਾ ਰਿਹਾ ਹੈ। ਇਹ ਹਸਪਤਾਲ ਗੁਰਦੁਆਰਾ ਲੰਗਰ ਸਾਹਿਬ ਦੇ ਗੇਟ ਨੰ. 3 ਦੇ ਨਜ਼ਦੀਕ ਸਥਿਤ ਹੈ। ਇਸ ਦੀ ਇਮਾਰਤ ਦੋ ਮੰਜਿਲਾ ਹੈ। ਇਸ ਹਸਪਤਾਲ ਵਿਚ ਜਰਨਲ ਵਾਰਡ, ਡੈਂਟਲ ਵਿਭਾਗ, ਫੀਜਿਓਥਰੈਪੀ ਵਿਭਾਗ, ਐਕਸਰੇ ਰੂਮ, ਲੈਬੋਰਟਰੀ, ਓ. ਪੀ. ਡੀ ਦੀ ਸੁਵਿਧਾ ਹੈ। ਇਸ ਹਸਪਤਾਲ ਵਿਚ ਬਹੁਤ ਹੀ ਘੱਟ ਖ਼ਰਚ 'ਤੇ ਆਧੁਨਿਕ ਸਿਹਤ ਸਹੂਲਤਾਂ ਉਪਲਬਧ ਹਨ। ਗੁਰਦੁਆਰਾ ਲੰਗਰ ਸਾਹਿਬ ਦੇ ਸ ਹਿਯੋਗ ਨਾਲ ਹਸਪਤਾਲ ਵਿਚ ਹਰ ਸਾਲ ਜਨਵਰੀ ਵਿਚ ਅੱਖਾਂ ਦਾ ਫ਼ਰੀ ਚੈਕਅੱਪ ਕੈਂਪ ਲਗਦਾ ਹੈ। ਹੋਲਾ ਮਹੱਲਾ ਅਤੇ ਦੁਸਹਿਰੇ ਸਮੇਂ ਫ਼ਰੀ ਮੈਡੀਕਲ ਕੈਂਪ ਲਗਾਇਆ ਜਾਂਦਾ ਹੈ।

ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੈਮੋਰਿਅਲ ਸਰਕਾਰੀ ਹਸਪਤਾਲ, ਗੁਰੂ ਦਸਮੇਸ਼ ਡੈਂਟਲ ਕਲੀਨਿਕ, ਸਵਾਮੀ ਵਿਵੇਕਾਨੰਦ ਹਸਪਤਾਲ, ਮਹਾਲੇ ਹਸਪਤਾਲ, ਡਾ. ਸੰਕਰ ਰਾ ਓ ਚਵਾਨ ਗੌਰਮਿੰਟ (Government) ਮੈਡੀਕਮ ਕਾਲਜ ਅਤੇ ਹਸਪਤਾਲ , ਕਦਮ ਹਸਪਤਾਲ ਅਤੇ ਨਰਸਿੰਗ ਹੋਮ ਆਦਿ ਨਾਂਦੇੜ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ।

**ਦੱਖਣੀ ਸਿੱਖ**

ਭਾਰਤ ਦੇ ਦੱਖਣੀ ਖੇਤਰ ਵਿਚ ਵਸਣ ਵਾਲੇ ਸਿੱਖਾਂ ਨੂੰ ਦੱਖਣੀ ਸਿੱਖ ਕਿਹਾ ਜਾਂਦਾ ਹੈ। ਇਹ ਸਿੱਖ ਦੱਖਣੀ ਭਾਰਤ ਦੇ ਹੈਦਰਾਬਾਦ , ਬਿਦਰ, ਨਾਂਦੇੜ, ਔਰੰਗਾਬਾਦ, ਮੁੰਬਈ, ਪੂਨੇ, ਨਾਗਪੁਰ, ਬੁਰਹਾਨਪੁਰ ਆਦਿ ਵੱਡੇ ਸ਼ਹਿਰਾਂ ਤੋਂ ਇਲਾਵਾ ਇਸ ਖਿੱਤੇ ਦੇ ਪਿੰਡਾਂ ਵਿਚ ਵੀ ਵਸਦੇ ਹਨ। ਉੱਤਰੀ ਭਾਰਤ ਤੋਂ ਆ ਕੇ ਇਹ

ਦੱਖਣੀ ਸਿੱਖ ਇਸ ਇਲਾਕੇ ਵਿਚ ਸਥਾਈ ਤੌਰ 'ਤੇ ਵਸ ਗਏ ਸਨ। ਇਸ ਇਲਾਕੇ ਵਿਚ ਆ ਕੇ ਵਸਣ ਕਾਰਨ ਇਨ੍ਹਾਂ ਸਿੱਖਾਂ ਨੂੰ ਦੱਖਣੀ ਸਿੱਖ ਕਿਹਾ ਜਾਂਦਾ ਹੈ।

ਦੱਖਣੀ ਸਿੱਖਾਂ ਦੇ ਦੱਖਣ ਵਿਚ ਜਾ ਕੇ ਵਸਣ ਦੇ ਵੱਖ -ਵੱਖ ਪੜਾਅ ਹਨ। ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਸੰਨ 1708 ਈ. ਵਿਚ ਨਾਂਦੇੜ ਆਏ। ਉਸ ਸਮੇਂ ਉਨ੍ਹਾਂ ਨਾਲ ਲਗਪਗ ਤਿੰਨ ਸੌ ਸਿੱਖ ਸਨ। ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾ ਅਦ ਉਨ੍ਹਾਂ ਸਿੱਖਾਂ ਵਿੱਚੋਂ ਕੁਝ ਪੰਜਾਬ ਪਰਤ ਆਏ ਪਰ ਬਹੁਤ ਉੱਥੇ ਹੀ ਰਹੇ ਅਤੇ ਉੱਥੇ ਹੀ ਸਥਾਨਕ ਇਸਤਰੀਆਂ ਨਾਲ ਵਿਆਹ ਰਚਾ ਕੇ ਪਰਿਵਾਰ ਚਲਾਏ। ਉਨ੍ਹਾਂ ਦੀ ਸੰਤਾਨ ਤੋਂ ਹੀ ਦੱਖਣੀ ਸਿੱਖਾਂ ਦੀ ਪਰੰਪਰਾ ਦਾ ਆਰੰਭ ਹੁੰਦਾ ਹੈ।[46] ਸਿੱਖਾਂ ਦਾ ਦੱਖਣ ਵਿੱਚ ਜਾ ਕੇ ਵਸਣ ਦਾ ਦੂਜਾ ਪੜਾਅ ਹੈਦਰਾਬਾਦ ਰਿਆਸਤ ਦੇ ਨਿਜ਼ਾਮ ਸਿਕੰਦਰ ਜ਼ਾਹ ਆਸਫ਼ ਜ਼ਾਹ ਤੀਜਾ (1803-29 ਈ.) ਦੇ ਸਮੇਂ ਸ਼ੁਰੂ ਹੁੰਦਾ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਦੀ ਸੈਨਿਕ ਸਹਾਇਤਾ ਲਈ 1200 ਚੋਣਵੇਂ ਸਿੱਖ ਜਵਾਨ 12 ਜਥੇਦਾਰਾਂ ਦੀ ਕਮਾਨ ਹੇਠ 12 ਬਟਾਲੀਅਨਾਂ (ਬੇੜੇ) ਦੇ ਰੂਪ ਵਿਚ ਹੈਦਰਾਬਾਦ ਭੇਜੇ ਸਨ। ਬਾਅਦ ਵਿਚ ਮਹਾਰਾਜੇ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਮਾਰਤ ਦੀ ਉਸਾਰੀ ਲਈ ਪੰਜਾਬ ਤੋਂ ਭਾਈ ਚੰਦਾ ਸਿੰਘ ਦੀ ਅਗਵਾਈ ਹੇਠ ਮਿਸਤਰੀ ਅਤੇ ਕਾਰੀਗਰ ਭੇਜੇ ਸਨ। ਇਨ੍ਹਾਂ ਵਿਚੋਂ ਬਹੁਤੇ ਸਿੰਘ ਉੱਥੇ ਹੀ ਵਸ ਗਏ ਸਨ। ਉਨ੍ਹਾਂ ਨੇ ਸਥਾ ਨਿਕ ਇਸਤਰੀਆਂ ਨਾਲ ਵਿਆਹ ਕਰਕੇ ਆਪਣੇ ਪਰਿਵਾਰ ਬਣਾਏ। ਇਨ੍ਹਾਂ ਸਭ ਦੀ ਸੰਤਾਨ 'ਦੱਖਣੀ ਸਿੱਖਾਂ' ਵਜੋਂ ਪ੍ਰਸਿੱਧ ਹੋਈ। ਅੱਜ ਵੀ ਨਾਂਦੇੜ ਅਤੇ ਹੈਦਰਾਬਾਦ ਵਿਚ ਇਨ੍ਹਾਂ ਦੀਆਂ ਪੀੜ੍ਹੀਆਂ ਮੌਜੂਦ ਹਨ।

ਸਿੱਖਾਂ ਦੇ ਦੱਖਣ ਵਿਚ ਜਾ ਕੇ ਵਸਣ ਦਾ ਤੀਜਾ ਦੌਰ ਦੇਸ਼ ਦੀ ਆਜ਼ਾਦੀ ਅਤੇ ਪੰਜਾਬ ਦੀ ਵੰਡ ਤੋਂ ਬਾਅਦ ਸ਼ੁਰੂ ਹੁੰਦਾ ਹੈ। ਪੰਜਾਬ ਤੋਂ ਉੱਜੜੇ ਹੋਏ ਹਜ਼ਾਰਾਂ ਸਿੱਖ ਹੈਦਰਾਬਾਦ ਰਿਆਸਤ ਦੇ ਅਨੇਕਾਂ ਨਗਰਾਂ ਵਿਚ ਜਾ ਵਸੇ।[47] ਪੰਜਾਬ ਦੇ ਰਾਜਨੀਤਿਕ ਅੰਦੋਲਨਾਂ ਤੋਂ ਦੱਖਣੀ ਸਿੱਖ ਹਮੇਸ਼ਾ ਪ੍ਰਭਾਵਿਤ ਹੁੰਦੇ ਰਹੇ ਹਨ। ਇਹ ਦੱਖਣੀ ਸਿੱਖ ਗੁਰਮਤਿ ਅਨੁਸਾਰ ਸਿੱਖ ਰਹਿਤ ਮਰਿਆਦਾ ਦਾ ਪਾਲਣ ਕਰਦਿਆਂ ਆਪਣਾ ਜੀਵਨ ਬਤੀਤ ਕਰਦੇ ਹਨ। ਇਨ੍ਹਾਂ ਸਿੱਖਾਂ ਵਿਚ ਰਹਿਤ ਮਰਿਯਾਦਾ ਇੰਨੀ ਪੱਕੀ ਹੈ ਕਿ ਬੱਚਿਆਂ ਦੇ ਕੇਸ਼ ਕੱਟਣ ਦੀ

---

[46] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 943.

[47] ਉਕਤ, ਪੰਨਾ ਉਹੀ।

ਸਖ਼ਤ ਮਨਾਹੀ ਹੈ। ਹਰੇਕ ਪਰਿਵਾਰ ਵਿਚ ਲੜਕੇ -ਲੜਕੀ ਦਾ ਆਨੰਦ ਕਾਰਜ ਅੰਮ੍ਰਿਤ ਛਕੇ ਬਿਨਾਂ ਨਹੀਂ ਹੁੰਦਾ।

**ਨਾਂਦੇੜ ਦੀ ਮੌਜੂਦਾ ਰਾਜਨੀਤਿਕ ਸਥਿਤੀ**

ਨਾਂਦੇੜ ਸ਼ਹਿਰ ਮਹਾਰਾਸ਼ਟਰ ਰਾਜ ਦਾ ਇੱਕ ਜ਼ਿਲ੍ਹਾ ਹੈਡਕੁਆਰਟਰ ਹੈ। ਸ਼ੁਰੂ ਤੋਂ ਹੀ ਨਾਂਦੇੜ ਵੱਖ -ਵੱਖ ਰਾਜਨੀ ਤਿਕ ਪਾਰਟੀਆਂ ਦੀਆਂ ਸਰਗਰਮੀਆਂ ਦਾ ਅਹਿਮ ਕੇਂਦਰ ਰਿਹਾ ਹੈ। ਮਹਾਰਾਸ਼ਟਰ ਦੀ ਰਾਜਨੀਤੀ ਵਿਚ ਨਾਂਦੇੜ ਨੇ ਮਹੱਤਵਪੂਰਨ ਰੋਲ ਨਿਭਾਇਆ ਹੈ ਅਤੇ ਹੁਣ ਵੀ ਨਿਭਾ ਰਿਹਾ ਹੈ। ਬੀ . ਜੇ. ਪੀ. ਪਾਰਟੀ ਦੇ ਉਮੀਦਵਾਰ ਪ੍ਰਤਾਪ ਰਾਓ ਗੋਬਿੰਦ ਰਾ ਓ ਚਿਖਲੀਕਰ ਸੰਨ 2019 ਵਿਚ ਇਥੋਂ ਦੇ ਐਮ . ਪੀ. ਚੁਣੇ ਗਏ ਸਨ। ਮਹਾਰਾਸ਼ਟਰ ਦੇ ਕਾਂਗਰਸ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅ ਸ਼ੋਕ ਰਾਓ ਸੰਕਰ ਰਾਓ ਚਵਾਨ ਨੂੰ ਹਰਾ ਕੇ ਇਹ ਨਾਂਦੇੜ ਦੇ ਐਮ . ਪੀ. ਬਣੇ ਸਨ। ਸ੍ਰੀ ਅ ਸ਼ੋਕ ਰਾਓ ਸੰਕਰ ਰਾ ਓ ਚਵਾਨ ਨਾਂਦੇੜ ਜ਼ਿਲ੍ਹੇ ਵਿਚ ਭੋਕਰ ਹਲਕਾ ਦੇ ਐਮ. ਐਲ. ਏ. ਬਣੇ ਅਤੇ ਮਹਾਰਾਸ਼ਟਰ ਦੇ ਪੀ. ਡਵਲਯੂ. ਡੀ. (PWD.) ਦੇ ਮੰਤਰੀ ਬਣੇ। ਸ੍ਰੀ ਅ ਸ਼ੋਕ ਰਾਓ ਸੰਕਰ ਰਾਓ ਚੋਹਾਨ ਕਈ ਵਾਰ ਐਮ . ਪੀ. ਅਤੇ ਐਮ. ਐਲ. ਏ. ਰਹੇ ਅਤੇ ਸਾਲ 2008 ਵਿਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਵੀ ਰਹੇ। ਇਨ੍ਹਾਂ ਨੂੰ ਨਾਂਦੇੜ ਦੀ ਰਾਜਨੀਤੀ ਦੇ ਸੂਤਰਧਾਰ ਸਮਝਿਆ ਜਾਂਦਾ ਹੈ। ਸਾਲ 2019 ਵਿਚ ਮਹਾਰਾਸ਼ਟਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਆਪਸ ਵਿਚ ਵਿਚਾਰਧਾਰਾ ਪੱਖੋਂ ਕੱਟੜ ਵਿਰੋਧੀ ਪਾਰਟੀਆਂ ਸ਼ਿਵ ਸੈਨਾ (SHS), ਰਾਸ਼ਟਰਵਾਦੀ ਕਾਂਗਰਸ ਪਾਰਟੀ (NCP) (ਜਿਸ ਦੇ ਮੁਖੀ ਸਰਦ ਪਵਾਰ ਜੀ ) ਅਤੇ ਭਾਰਤੀ ਰਾਸ਼ਟਰੀ ਕਾਂਗਰਸ (INC) ਨੇ ਮਿਲ ਕੇ ਮਹਾਰਾਸ਼ਟਰ ਵਿਚ ਪੁਲੀਸੀਅਨ ਸਰਕਾਰ ਬਣਾਈ ਜੋ ਕਿ ਜੂਨ 2022 ਤੱਕ ਚੱਲੀ। 2022 ਵਿਚ ਬੀ. ਜੇ. ਪੀ. ਨੇ ਸ਼ਿਵ ਸੈਨਾ ਪਾਰਟੀ ਵਿਚ ਦਰਾੜ ਪਾ ਕੇ ਸ਼ਿਵ ਸੈਨਾ ਦੇ ਮੰਤਰੀ ਏਕਨਾਥ ਸ਼ਿੰਦੇ ਨੂੰ ਮਹਾਰਾਸ਼ਟਰ ਦਾ ਮੁੱਖ ਮੰਤਰੀ ਬਣਾਇਆ ਅਤੇ ਦੇਵਿੰਦਰ ਫੜਨਵੀਸ (BJP) ਨੂੰ ਉਪ ਮੁੱਖ ਮੰਤਰੀ ਬਣਾਇਆ। ਨਾਂਦੇੜ ਦੇ ਰਾਜਨੀਤਿਕ ਇਤਿਹਾਸ ਨੂੰ ਫਰੋਲਦਿਆਂ ਪਤਾ ਲੱਗਦਾ ਹੈ ਕਿ ਨਾਂਦੇੜ ਜ਼ਿਲ੍ਹਾ ਦੇਸ਼ ਦੀ ਆਜਾਦੀ ਤੋਂ ਬਾਅਦ ਜ਼ਿਆਦਾਤਰ ਕਾਂਗਰਸ ਪਾਰਟੀ ਦੇ ਅਧੀਨ ਰਿਹਾ ਹੈ। ਇਥੋਂ ਦੀ ਨਗਰ ਪਾਲਿਕਾ ਜਿਸ ਨੂੰ ਨਾਂਦੇੜ ਵਾਘਾਲਾ ਮਹਾਨਗਰ ਪਾਲਿਕਾ ਕਿਹਾ ਜਾਂਦਾ ਹੈ। ਉਸ ਵਿਚ ਪਿਛਲੇ ਵੀਹ ਸਾਲਾਂ ਤੋਂ ਕਾਂਗਰਸ ਪਾਰਟੀ ਦਾ ਬਹੁ -ਮਤ

ਅਤੇ ਦਬਦਬਾ ਰਿਹਾ ਹੈ। ਕਾਂਗਰਸ ਪਾਰਟੀ ਇਥੇ ਦੀ ਸਭ ਤੋਂ ਜ਼ਿਆਦਾ ਸਫ਼ਲ ਪਾਰਟੀ ਰਹੀ ਹੈ। ਮੌਜੂਦਾ ਸਮੇਂ ਵਿਚ ਨਾਂਦੇੜ ਸ਼ਹਿਰ ਦੇ ਦੋ ਐਮ. ਐਲ. ਏ ਹਨ। ਇਕ ਉੱਤਰੀ ਨਾਂਦੇੜ (ਹਲਕਾ) ਦਾ ਬਾਲਾ ਜੀ ਦੇਵੀਦਾਸ ਕਲਿਆਨਕਰ ਸ਼ਿਵ ਸੈਨਾ ਪਾਰਟੀ ਦਾ ਹੈ। ਦੂਸਰਾ ਦੱਖਣੀ ਨਾਂਦੇੜ (ਹਲਕਾ) ਦਾ ਸ੍ਰੀ ਮੋਹਨਰਾਓ ਮਾਰੋਟ ਰਾਓ ਹੰਬਰਡੇ ਕਾਂਗਰਸ ਪਾਰਟੀ ਦਾ ਹੈ। ਇਸ ਸਮੇਂ ਮਹਾਰਾਸ਼ਟਰ ਦਾ ਮੁੱਖ ਮੰਤਰੀ ਏਕਨਾਥ ਸ਼ਿੰਦੇ (ਸਿਵ ਸੈਨਾ ਪਾਰਟੀ) ਹੈ।

**ਨਾਂਦੇੜ ਦੀ ਮੌਜੂਦਾ ਆਰਥਿਕ ਸਥਿਤੀ**

ਨਾਂਦੇੜ ਨਗਰ ਪੁਰਾਤਨ ਸਮੇਂ ਤੋਂ ਆਰਥਿਕ ਪੱਖੋਂ ਖੇਤੀ ਉੱਤੇ ਨਿਰਭਰ ਰਿਹਾ ਹੈ। ਨਾਂਦੇੜ ਜ਼ਿਲ੍ਹੇ ਦੇ ਕੁੱਝ ਹਿੱਸੇ ਵਿਚ ਹਲਕੀ ਅਤੇ ਬੰਜਰ ਜ਼ਮੀਨ ਹੈ। ਕੁਝ ਹਿੱਸਾ ਪਹਾੜੀ ਅਤੇ ਜੰਗਲੀ ਖੇਤਰ ਨਾਲ ਘਿਰਿਆ ਹੈ। ਕੁਝ ਹਿੱਸੇ ਨੂੰ ਛੱਡ ਕੇ ਬਾਕੀ ਹਿੱਸੇ ਦੀ ਜ਼ਮੀਨ ਘੱਟ ਸਮਤਲ ਹੈ। ਪਹਾੜੀ ਅਤੇ ਜੰਗਲੀ ਖੇਤਰ ਵਿਚ ਦਰੱਖ਼ਤ ਬਹੁਤ ਜ਼ਿਆਦਾ ਹਨ। ਕੁਲ ਫ਼ਸਲੀ ਰਕਬਾ ਲਗਭਗ 781000 ਹੈਕਟੇਅਰ ਹੈ ਜਿਸ ਦਾ ਰਕਬਾ ਸਾਉਣੀ ਅਧੀਨ 7,52,000 ਹੈਕਟੇਅਰ ਹੈ ਅਤੇ ਹਾੜੀ ਦੀ ਫ਼ਸਲ ਹੇਠ ਰਕਬਾ 29,000 ਹੈਕਟੇਅਰ ਹੈ।[48] ਨਾਂਦੇੜ ਜ਼ਿਲ੍ਹੇ ਦੀ ਜ਼ਿਆਦਾਤਰ ਆਬਾਦੀ ਪੇਂਡੂ ਖੇਤਰਾਂ ਵਿਚ ਰਹਿੰਦੀ ਹੈ ਅਤੇ ਉਨ੍ਹਾਂ ਦੀ ਆਰਥਿਕਤਾ ਖੇਤੀ ਅਤੇ ਪਸ਼ੂ ਪਾਲਣ ਉੱਤੇ ਨਿਰਭਰ ਹੈ। ਗੰਨੇ ਅਤੇ ਕਪਾਹ ਦੀ ਫ਼ਸਲ ਦੀ ਇਸ ਇਲਾਕੇ ਵਿਚ ਵੱਡੇ ਪੈਮਾਨੇ 'ਤੇ ਪੈਦਾਵਾਰ ਹੁੰਦੀ ਹੈ ਜਿਸ ਕਾਰਨ ਇਥੇ ਸੂਗਰ ਅਤੇ ਕਪਾਹ ਮਿਲਾਂ ਹਨ। ਵਰਤਮਾਨ ਸਮੇਂ ਫ਼ਸਲਾਂ ਅਤੇ ਬਾਗਬਾਨੀ ਹੇਠ ਰਕਬਾ ਵੱਧਣ ਕਾਰਨ ਪੈਦਾਵਾਰ ਅਤੇ ਆਮਦਨ ਬਹੁਤ ਵੱਧ ਗਈ ਹੈ। ਇਸ ਕਾਰਨ ਇਲਾਕੇ ਦੇ ਲੋਕਾਂ ਦੀ ਆਰਥਿਕ ਹਾਲਤ ਪਹਿਲਾਂ ਨਾਲੋਂ ਮਜਬੂਤ ਹੋਈ ਹੈ। ਨਾਂਦੇੜ ਵਿਖੇ ਲੋਕਾਂ ਦੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਗੋਦਾਵਰੀ ਨਦੀ 'ਤੇ ਵਿਸ਼ਨਪੁਰੀ ਡੈਮ ਬਣਾਇਆ ਗਿਆ ਹੈ।

ਵਰਤਮਾਨ ਸਮੇਂ ਨਾਂਦੇੜ ਸ਼ਹਿਰ ਵਿਚ ਹਵਾਈ ਅਤੇ ਰੇਲਵੇ ਸੇਵਾਵਾਂ ਉਪਲਬਧ ਹਨ। ਜ਼ਿਲ੍ਹੇ ਅੰਦਰ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਨਾਂਦੇੜ ਸ਼ਹਿਰ ਅੰਦਰ ਬਹੁਤ ਸਾਰੀਆਂ ਵਿੱਦਿਅਕ ਸੰਸਥਾਵਾਂ ਖੁੱਲ੍ਹਣ ਦੇ ਕਾਰਨ ਨੌਜਵਾਨ ਵਰਗ ਲਈ ਰੋ ਜ਼ਗਾਰ ਪੈਦਾ ਹੋਇਆ ਹੈ। ਦੇਸ਼ ਦੇ ਵੱਖ -

[48] https://dcmsme.gov.in/publications/traderep/nanded.htm

ਵੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਪ੍ਰਾਈਵੇਟ ਅਤੇ ਸਰਕਾਰੀ ਖੇਤਰ ਵਿਚ ਨਾਂਦੇੜ ਦਾ ਨੌਜਵਾਨ ਵਰਗ ਨੌਕਰੀਆਂ ਕਰ ਰਿਹਾ ਹੈ। ਅਜੌਕੇ ਸਮੇਂ ਵਿਚ ਨਾਂਦੇੜ ਸ਼ਹਿਰ ਦੀ ਆਬਾਦੀ ਵਧਣ ਨਾਲ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਗਤਾਂ ਦੀ ਆਮਦ ਵਧਣ ਨਾਲ ਬਾਜ਼ਾਰਾਂ ਦਾ ਵਿਕਾਸ ਹੋਇਆ ਹੈ ਅਤੇ ਖ਼ਰੀਦੋ-ਫ਼ਰੋਖ਼ਤ ਵਿਚ ਵਾਧਾ ਹੋਇਆ ਹੈ। ਵਾਪਾਰ ਵਿਕਸਿਤ ਹੋਣ ਕਰਕੇ ਆਰਥਿਕ ਸਥਿਤੀ ਮ ਜ਼ਬੂਤ ਹੋਈ ਹੈ। ਨਾਂਦੇੜ ਨਗਰ ਦਾ ਜ਼ਿਆਦਾਤਰ ਵਿਕਾਸ ਸੰਨ 2008 ਵਿਚ ਹੋਇਆ ਹੈ। ਜਦੋਂ ਨਾਂਦੇੜ ਸ਼ਹਿਰ ਦਾ ਨਵੀਨੀਕਰਨ ਕੀਤਾ ਗਿਆ ਸੀ। ਉਸ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਡਾ . ਮਨਮੋਹਨ ਸਿੰਘ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਬਿਲਾਸ ਰਾ ਓ ਦੇਸਮੁੱਖ ਸਨ। ਉਸ ਸਮੇਂ ਨਾਂਦੇੜ ਦੀ ਆਰਥਿਕਤਾ ਨੂੰ ਬਹੁਤ ਵੱਡਾ ਹੁਲਾਰਾ ਮਿਲਿਆ। ਸੰਨ 2008 ਦੇ ਸਮਾਗਮਾਂ ਨੇ ਨਾਂਦੇੜ ਦੇ ਇਤਿਹਾਸ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਸੀ। ਪਰ ਅਜੌਕੇ ਸਮੇਂ ਨਾਂਦੇੜ ਸ਼ਹਿਰ ਵਿਚ ਇੰਡਸਟਰੀਜ਼ (Industries) ਕੋਈ ਬਹੁਤੀ ਜ਼ਿਆਦਾ ਵੱਧ-ਫੁਲ ਨਹੀਂ ਸਕੀ। ਕੁਝ ਸ਼ੂਗਰ ਮਿਲਾਂ ਹਨ ਅਤੇ ਹੋਰ ਛੋਟੀਆਂ ਫੈਕਟਰੀਆਂ -ਕਾਰਖਾਨੇ ਲੱਗੇ ਹੋਏ ਹਨ। ਕੁਝ ਉਦਯੋਗ ਖੇਤੀ ਆਧਾਰਿਤ ਹਨ। ਮਹਾਰਾਸ਼ਟਰ ਰਾਜ ਦੇ ਹੋਰ ਸ਼ਹਿਰਾਂ ਦੇ ਮੁਕਾਬਲੇ ਨਾਂਦੇੜ ਦੀ ਆਰਥਿਕਤਾ ਨੂੰ ਬਹੁਤਾ ਹੁਲਾਰਾ ਨਹੀਂ ਮਿਲਿਆ ਹੈ।

**ਨਾਂਦੇੜ ਦੀ ਮੌਜੂਦਾ ਸਮਾਜਿਕ ਸਥਿਤੀ**

ਨਾਂਦੇੜ ਨਗਰ ਵਿਚ ਵੱਖ ਵੱਖ ਜਾਤਾਂ ਅਤੇ ਧਰਮਾਂ ਦੇ ਲੋਕ ਰਹਿੰਦੇ ਹਨ। ਸਭ ਧਰਮਾਂ ਦੇ ਧਾਰਮਿਕ ਅਸਥਾਨ ਇਸ ਨਗਰ ਵਿਚ ਸਥਿਤ ਹਨ। ਇੱਥੋਂ ਦੇ ਲੋਕ ਸਭ ਧਰਮਾਂ ਦਾ ਸਤਿਕਾਰ ਕਰਦੇ ਹਨ। ਹਰ ਇੱਕ ਦੀ ਆਪਣੇ ਧਰਮ ਵਿਚ ਅਥਾਹ ਸ਼ਰਧਾ ਹੈ। ਮਰਾਠੇ , ਹਿੰਦੂ, ਮੁਸਲਮਾਨ, ਸਿੱਖ, ਜੈਨੀ, ਬੋਧੀ ਤੋਂ ਇਲਾਵਾ ਹੋਰ ਧਰਮਾਂ ਦੇ ਲੋਕ ਵੀ ਇੱਥੋਂ ਦੇ ਵਸਨੀਕ ਹਨ। ਇਸ ਨਗਰ ਵਿਚ ਸਭ ਤੋਂ ਜ਼ਿਆਦਾ ਵਸੋਂ ਹਿੰਦੂਆਂ ਦੀ ਹੈ। ਹਿੰਦੂਆਂ ਤੋਂ ਬਾਅਦ ਮੁਸਲਮਾਨਾਂ ਦੀ ਆਬਾਦੀ ਦੂਜੇ ਨੰਬਰ ’ਤੇ ਹੈ। ਇੱਥੋਂ ਦੇ ਲੋਕਾਂ ਨੂੰ ਉਨ੍ਹਾਂ ਦੇ ਉਪਨਾਮ ਨਾਲ ਬੁਲਾਇਆ ਜਾਂ ਪਹਿਚਾਣਿਆ ਜਾਂਦਾ ਹੈ। ਇੱਥੇ ਸਿੱਖਾਂ ਵਿਚ ਜਾਤ ਜਾਂ ਗੋਤ ਨਹੀਂ ਹੈ। ਉਨ੍ਹਾਂ ਦੇ ਕੰਮ ਦੇ ਆਧਾਰ ’ਤੇ ਉਪਨਾਮ ਹਨ। ਜਿਸ ਨੂੰ ਜਿਵੇਂ ਦੀ ਸੇਵਾ ਲਗਾਈ ਹੋਈ ਹੈ ਜਾਂ ਕੰਮ ਕਰਦਾ ਆ ਰਿਹਾ ਹੈ ਉਸ ਕੰਮ ਦੇ ਆਧਾਰ ’ਤੇ ਉਨ੍ਹਾਂ ਦੇ ਉਪਨਾਮ ਪਏ ਹਨ। ਉਦਾਹਰਣ ਲਈ ਲਾਂਗਰੀ ਸਿੰਘ ਜਾਂ ਪਰਿਵਾਰ ,

ਧੂਪੀਆ ਸਿੰਘ ਜਾਂ ਪਰਿਵਾਰ, ਰਹਿਰਾਸੀਆ ਸਿੰਘ ਜਾਂ ਪਰਿਵਾਰ, ਚਿਰਾਗੀਆ ਸਿੰਘ ਜਾਂ ਪਰਿਵਾਰ, ਬੁੰਗਈ ਸਿੰਘ ਜਾਂ ਪਰਿਵਾਰ ਆਦਿ। ਇਹ ਆਪਣੀਆਂ ਸਿੱਖ ਧਾਰਮਿਕ ਰਹਿਤਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹਨ ਅਤੇ ਅੰਮ੍ਰਿਤਧਾਰੀ , ਕੇਸਾਰਧਾਰੀ ਅਤੇ ਕ੍ਰਿਪਾਨਧਾਰੀ ਹਨ। ਸਮੁੱਚਾ ਭਾਈਚਾਰਾ ਅਖੌਤੀ ਪਤਿਤ ਕਲੀਨਸ਼ੇਵ ਸਿੱਖਾਂ ਨੂੰ ਸਹਿਜਧਾਰੀ ਸਿੱਖਾਂ ਵਜੋਂ ਮਾਨਤਾ ਨਹੀਂ ਦਿੰਦਾ। [49] ਅੱਜ ਦੱਖਣੀ ਸਿੱਖ ਉੱਚ ਸਰਕਾਰੀ ਅਹੁੱਦਿਆਂ ਉੱਤੇ ਵੀ ਨਿਯੁਕਤ ਹਨ। ਇਸ ਤੋਂ ਇਲਾਵਾ ਸਿੱਖ ਸਮਾਜ ਵਿਚ ਵਣਜਾਰਾ, ਲੁਬਾਣਾ, ਸਿਕਲੀਗਰ ਆਦਿ ਸਿੱਖ ਭਾਈਚਾਰੇ ਨਾਲ ਸੰਬੰਧਿਤ ਪੱਛੜੀ ਸ਼੍ਰੇਣੀਆਂ ਦੇ ਮਿਹਨਤੀ ਲੋਕ ਵੀ ਰਹਿੰਦੇ ਹਨ। ਨਾਂਦੇੜ ਦੇ ਸਮਾਜ ਦੀ ਗੱਲ ਕਰੀਏ ਤਾਂ ਇਸ ਵਿਚ ਦੱਬੇ -ਕੁਚਲੇ ਤੋਂ ਲੈ ਕੇ ਉੱਚ ਵਰਗ ਤੱਕ ਦੇ ਵੱਖ ਵੱਖ ਵਰਗਾਂ ਦੇ ਲੋਕ ਹਨ ਹਾਲਾਂਕਿ ਅਮੀਰ ਲੋਕ ਅਮਨ-ਚੈਨ ਨਾਲ ਰਹਿੰਦੇ ਹਨ ਪਰ ਗ਼ਰੀਬ ਸਥਿਤੀ ਵਾਲੇ ਲੋਕ ਅਜੇ ਵੀ ਆਪਣੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਲਈ ਸੰਘਰਸ਼ ਕਰ ਰਹੇ ਹਨ।[50]

ਪਿਛਲੇ ਕੁਝ ਅਰ ਸਿਆਂ ਤੋਂ ਜੀਵਨ ਦਾ ਸ਼ਹਿਰੀਕਰਨ ਹੋਣ ਕਰਕੇ ਨਾਂਦੇੜ ਸ਼ਹਿਰ ਦੀ ਆਬਾਦੀ ਵੱਧ ਰਹੀ ਹੈ। ਆਲੇ -ਦੁਆਲੇ ਪਿੰਡਾਂ ਦੇ ਲੋਕ , ਨੌਕਰੀਪੇਸ਼ਾ ਲੋਕ , ਯੂਨੀਵਰਸਿਟੀ, ਕਾਲਜਾਂ ਅਤੇ ਹੋਰ ਸੰਸਥਾਵਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੇ ਇਥੇ ਰਿਹਾਇਸ਼ ਕੀਤੀ ਹੈ। ਸ਼ਹਿਰ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਮਿਲਣ ਕਾਰਨ ਅਤੇ ਬਾਜ਼ਾਰਾਂ ਦਾ ਵਿਕਾਸ ਹੋਣ ਕਾਰਨ ਲੋਕ ਇੱਥੇ ਰਹਿਣ ਲੱਗ ਪਏ ਹਨ। ਜਿਸ ਕਾਰਨ ਲੋਕਾਂ ਦੇ ਰਹਿਣ-ਸਹਿਣ ਦੇ ਢੰਗ ਵਿਚ ਬਦਲਾਅ ਆਇਆ ਹੈ। ਇਸ ਸਮੇਂ ਲੋਕਾਂ ਦੀ ਸੇਵਾ ਲਈ ਅਤੇ ਉਨ੍ਹਾਂ ਦੇ ਜੀਵਨ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ ਨਾਂਦੇੜ ਵਿਖੇ ਬਹੁਤ ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਲੋਕ ਭਲਾਈ ਸੰਸਥਾਵਾਂ ਚੱਲ ਰਹੀਆਂ ਹਨ।

### ਤਖ਼ਤ ਸ੍ਰੀ ਹਜ਼ੂਰ ਸਾਹਿਬ ਵਰਤਮਾਨ ਪ੍ਰਬੰਧ

ਤਖ਼ਤ ਸ੍ਰੀ ਹਜ਼ੂਰ ਸਾਹਿਬ ਅਠਾਰ੍ਹਵੀਂ ਸਦੀ ਤੋਂ ਹੁਣ ਤੱਕ ਧਾਰਮਿਕ , ਰਾਜਨੀਤਿਕ ਅਤੇ ਸਮਾਜਿਕ ਮਸਲਿਆਂ ਉੱਤੇ ਦੱਖਣੀ ਭਾਰਤ ਵਿਚ ਖਾਲਸਾ ਪੰਥ ਦੀ ਅਗਵਾਈ ਕਰ ਰਿਹਾ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ

---

[49] Nishter, Nanak Singh, *Takhat Shri Hazur Sahib History & Contribution,* International Sikh Centre for interfaith Relations, Hyderabad, 2018. (First Edition), page 42.

[50] https://www.nandedonline.in/city-guide/amp/social-welfare-services-in-nanded

ਦਾ ਸਮੁੱਚਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੈ। ਨਾਂਦੇੜ ਵਿਖੇ ਮੌਜੂਦ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਹੇਠ ਹੈ। ਤਖ਼ਤ ਸਾਹਿਬ 'ਤੇ ਹਰ ਸਾਲ ਹੋਲਾ ਮਹੱਲਾ, ਵਿਸਾਖੀ, ਦੁਸਹਿਰਾ, ਦਿਵਾਲੀ ਮਹੱਲਾ ਸਿੱਖ ਸੰਗਤਾਂ ਵੱਲੋਂ ਸਰਧਾ-ਭਾਵਨਾ ਨਾਲ ਮਨਾਏ ਜਾਂਦੇ ਹਨ। ਇਸ ਸਮੇਂ ਦੇਸ਼ -ਵਿਦੇਸ਼ ਵਿਚੋਂ ਵੱਡੀ ਗਿਣਤੀ ਵਿਚ ਸੰਗਤਾਂ ਹਜ਼ੂਰ ਸਾਹਿਬ ਵਿਖੇ ਪਹੁੰਚਦੀਆਂ ਹਨ। ਇਨ੍ਹਾਂ ਧਾਰਮਿਕ ਸਮਾਗਮਾਂ ਵਿਚ ਰਾਗੀ , ਢਾਡੀ ਅਤੇ ਕਥਾਵਾਚਕ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਦੇ ਹਨ। ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਇਲਾਕੇ ਵਿਚ ਧਾਰਮਿਕ ਸਮਾਗਮ ਕਰਵਾ ਕੇ ਸਿੱਖੀ ਦਾ ਪ੍ਰਚਾਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਬੋਰਡ ਦੇ ਦਿਸ਼ਾ ਨਿਰਦੇਸ਼ ਅਨੁਸਾਰ ਇਲਾਕੇ ਵਿਚ ਗੁਰਪੁਰਬ ਦਿਵਸ ਅਤੇ ਹੋਰ ਮਹੱਤਵਪੂਰਨ ਇਤਿਹਾਸਕ ਦਿਹਾੜੇ ਮਨਾਏ ਜਾਂਦੇ ਹਨ। ਤਖ਼ਤ ਸਾਹਿਬ 'ਤੇ ਹਫ਼ਤੇ ਵਿਚ ਤਿੰਨ ਦਿਨ ਅਤੇ ਮਹੱਲਿਆਂ -ਗੁਰਪੁਰਬਾਂ ਸਮੇਂ ਵੱਡੇ ਪੱਧਰ 'ਤੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਗੁਰਦੁਆਰਾ ਸੱਚਖੰ ਡ ਵੱਲੋਂ ਧਰਮ ਪ੍ਰਚਾਰ ਵਿਭਾਗ ਸਥਾ ਪਿਤ ਕੀਤਾ ਗਿਆ ਹੈ। ਜਿਸ ਸਦਕਾ ਦੱਖਣ ਦੇ ਖੇਤਰ ਵਿਚ ਸਿੱਖ ਇਤਿਹਾਸ ਅਤੇ ਸਿੱਖ ਧਰਮ ਦਾ ਪ੍ਰਚਾਰ -ਪ੍ਰਸਾਰ ਕੀਤਾ ਜਾ ਰਿਹਾ ਹੈ । ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਗੁਰਦੁਆਰਾ ਬੋਰਡ ਵੱਲੋਂ ਧਾਰਮਿਕ ਸਮਾਗਮ ਅਤੇ ਸੈਮੀਨਾਰ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਤਖ਼ਤ ਸਾਹਿਬ ਅਤੇ ਗੁਰਦੁਆਰਾ ਲੰਗਰ ਸਾਹਿਬ ਵੱਲੋਂ ਵੱਖ -ਵੱਖ ਸਮੇਂ ਉੱਤੇ ਮੈਡੀਕਲ ਕੈਂਪ ਲਗਾਏ ਜਾਂਦੇ ਹਨ। ਤਖ਼ਤ ਸਾਹਿਬ 'ਤੇ ਖਾਲਸਾ ਪੰਥ ਦੇ ਰਾਜਨੀਤਿਕ ਅਤੇ ਧਾਰਮਿਕ ਮਾਮਲਿਆਂ ਸੰਬੰਧੀ ਵਿਚਾਰ ਚਰਚਾ ਕੀਤੀ ਜਾਂਦੀ ਹੈ। ਤਖ਼ਤ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਬੋਰਡ ਦੇ ਅਧੀਨ ਵਿੱਦਿਅਕ ਸੰਸਥਾਵਾਂ ਵਿਚ ਪੰਜਾਬੀ ਵਿਸ਼ਾ ਪੜ੍ਹਾਇਆ ਜਾਂਦਾ ਹੈ ਅਤੇ ਧਾਰਮਿਕ (ਸਿੱਖ ਇਤਿਹਾਸ) ਪੜ੍ਹਾਈ ਕਰਵਾਈ ਜਾਂਦੀ ਹੈ। ਬੋਰਡ ਵੱਲੋਂ ਨਾਂਦੇੜ ਵਿਖੇ ਗੁਰਮਤਿ ਸੰਗੀਤ ਵਿਦਿਆਲਾ, ਹਸਪਤਾਲ, ਬਿਰਧ ਆਸ਼ਰਮ, ਸੱਚਖੰਡ ਸਿੱਖ ਹੋਸਟਲ, ਹਜ਼ੂਰੀ ਲਾਇਬ੍ਰੇਰੀ, ਵਿਦਿਅਕ ਅਦਾਰੇ ਆਦਿ ਚਲਾਏ ਜਾ ਰਹੇ ਹਨ। ਸਕੂਲਾਂ ਅਤੇ ਕਾਲਜਾਂ ਵਿਚ ਉੱਚ ਵਿੱਦਿਆ ਪ੍ਰਾਪਤ ਕਰਨ ਵਾਲੇ ਸਿੱਖ ਵਿਦਿਆਰਥੀਆਂ ਨੂੰ ਗੁਰਦੁਆਰਾ ਸੱਚਖੰਡ ਬੋਰਡ

ਵੱਲੋਂ ਹਰ ਸਾਲ ਸਕਾਲਰਸ਼ਿਪ ਤੇ ਵਜ਼ੀਫੇ ਦਿੱਤੇ ਜਾਂਦੇ ਹਨ ਤਾਂ ਕਿ ਉਹ ਆਪਣੀ ਪੜ੍ਹਾਈ ਨਿਰਵਿਘਨਤਾ ਸਹਿਤ ਪੂਰੀ ਕਰ ਸਕਣ।[51] ਧਾਰਮਿਕ ਵਿੱਦਿਆ ਦੀ ਉਨਤੀ ਲਈ ਨਾਂਦੇੜ ਤੋਂ ਬਾਹਰ ਗੁਰਦੁਆਰਿਆਂ ਚਾਰ ਮਹਿਲ ਹੈਦਰਾਬਾਦ, ਗੋਬਿੰਦਨਗਰ, ਕਰੀਮਨਗਰ, ਉਪੂਗੁਡਾ ਹੈਦਰਾਬਾਦ, ਹਨਮਕੁੰਡਾ, ਵਰੰਗਲ, ਬਾਲਾਨਗਰ ਹੈਦਰਾਬਾਦ, ਨਿਜ਼ਾਮਬਾਦ, ਨਲਗੁੰਡਾ ਆਦਿ ਸਥਾਨਾਂ 'ਤੇ ਧਾਰਮਿਕ ਟੀਚਰ ਰੱਖਣ ਲਈ ਉੱਥੇ ਦੀਆਂ ਲੋਕਲ ਕਮੇਟੀਆਂ ਨੂੰ ਗੁਰਦੁਆਰਾ ਬੋਰਡ ਵਲੋਂ ਹਰ ਸਾਲ ਮਾਇੱਕ ਸਹਾਇਤਾ ਦਿੱਤੀ ਜਾਂਦੀ ਹੈ।[52] ਗੁਰਸਿੱਖ ਬੇਸਹਾਰਾ ਵਿਧਵਾਵਾਂ ਬੀਬੀਆਂ ਨੂੰ ਹਰ ਮਹੀਨੇ ਪੈਨਸ਼ਨ ਦਿੱਤੀ ਜਾਂਦੀ ਹੈ। ਹਰ ਸਾਲ ਦੋ ਵਾਰ ਮਈ ਅਤੇ ਦਸੰਬਰ ਮਹੀਨੇ ਵਿਚ ਬੋਰਡ ਵੱਲੋਂ ਸਮੂਹਿਕ ਵਿਵਾਹ ਮੇਲਾਵਾ ਸਮਾਗਮ ਆਯੋਜਿਤ ਕੀਤਾ ਜਾਂਦਾ ਹੈ। ਬੋਰਡ ਦੇ ਸਾਰੇ ਕਰਮਚਾਰੀਆਂ (ਸੇਵਾਦਾਰਾਂ) ਦੀਆਂ ਨਿਯੁਕਤੀਆਂ ਬੋਰਡ ਦੇ ਵਿਧੀ-ਵਿਧਾਨ ਅਨੁਸਾਰ ਕੀਤੀਆਂ ਜਾਂਦੀਆਂ ਹਨ। ਤਖ਼ਤ ਸਾਹਿਬ ਦੇ ਪਵਿੱਤਰ ਦਰਸ਼ਨਾਂ ਲਈ ਆਉਣ ਵਾਲੀ ਸਮੁੱਚੀ ਸੰਗਤ ਦਾ ਪ੍ਰਬੰਧ ਗੁਰਦੁਆਰਾ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਵੱਲੋਂ ਕੀਤਾ ਜਾਂਦਾ ਹੈ। ਸੰਗਤ ਦੇ ਠਹਿਰਣ ਲਈ ਸੁੰਦਰ ਐਨ. ਆਰ. ਆਈ. ਯਾਤਰੀ ਨਿਵਾਸ ਬਣੇ ਹੋਏ ਹਨ। ਇਨ੍ਹਾਂ ਵਿਚ ਆਧੁਨਿਕ ਸਹੂਲਤਾਂ ਨਾਲ ਲੈਸ ਏ. ਸੀ. ਕਮਰੇ ਹਨ।

ਵਰਤਮਾਨ ਸਮੇਂ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਲਈ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਵਾਸਤੇ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਹਿਤ ਪੀ. ਟੀ. ਸੀ. ਸਿਮਰਨ ਅਤੇ ਹਜ਼ੂਰ ਸਾਹਿਬ ਲਾਈਵ ਚੈਨਲ 'ਤੇ ਤਖ਼ਤ ਸਾਹਿਬ ਦਾ ਰੋਜ਼ਾਨਾ ਸਿੱਧਾ ਪ੍ਰਸ਼ਾਰਨ ਚੱਲਦਾ ਹੈ। ਅੱਜ ਹਜ਼ੂਰ ਸਾਹਿਬ ਲਈ ਦਿੱਲੀ, ਅੰਮ੍ਰਿਤਸਰ, ਚੰਡੀਗੜ੍ਹ, ਹੈਦਰਾਬਾਦ, ਮੁੰਬਈ ਆਦਿ ਪ੍ਰਮੁੱਖ ਸ਼ਹਿਰਾਂ ਤੋਂ ਹਵਾਈ ਅਤੇ ਰੇਲ ਸੇਵਾਵਾਂ ਸ਼ੁਰੂ ਹਨ। ਹਜ਼ੂਰ ਸਾਹਿਬ ਪਹੁੰਚਣ ਵਾਲੀ ਸੰਗਤ ਦੀ ਸਹੂਲਤ ਵਾਸਤੇ ਤਖ਼ਤ ਸਾਹਿਬ ਦੇ 1 ਨੰ. ਗੇਟ ਦੇ ਸਾਹਮਣੇ ਰੇਲਵੇ ਰੀਜ਼ਰਵੇਸ਼ਨ ਕਾਉਂਟਰ ਖੋਲ੍ਹਿਆ ਗਿਆ ਹੈ। ਵਿੱਦਿਅਕ ਕਾਰਜਾਂ ਦੇ ਨਾਲ ਨਾਲ ਗੁਰਦੁਆਰਾ ਬੋਰਡ ਵੱਲੋਂ ਵੱਡੇ ਪੱਧਰ 'ਤੇ ਸਮਾਜ ਭਲਾਈ ਕਾਰਜ ਕੀਤੇ ਜਾ ਰਹੇ ਹਨ। ਇਹ ਸਮਾਜਿਕ ਗਤੀਵਿਧੀਆਂ ਸਾਰੀਆਂ

---

51 *ਸੱਚਖੰਡ ਯਾਤਰਾ,* ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਮਿਤੀਹੀਣ, ਪੰਨਾ 46.

52 ਉਕਤ, ਪੰਨਾ ਉਹੀ।

ਸ਼੍ਰੇਣੀਆਂ ਅਤੇ ਜਾਤਾਂ ਲਈ ਖੁੱਲ੍ਹੀਆਂ ਹਨ। ਇਨ੍ਹਾਂ ਸਮਾਜਿਕ ਗਤੀਵਿਧੀਆਂ ਦਾ ਲਾਭ ਸਾਰੇ ਲੋੜਵੰਦ ਲੋਕਾਂ ਨੂੰ ਮਿਲ ਰਿਹਾ ਹੈ। ਅਜਿਹੀਆਂ ਸਹੂਲਤਾਂ ਸਕੂਲ , ਹਸਪਤਾਲ, ਐਂਬੂਲੈਂਸ, ਪ੍ਰਸ਼ਾਦ, ਲੰਗਰ ਆਦਿ ਹਨ।[53] ਇਸ ਤੋਂ ਇਲਾਵਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਵਰਤਮਾਨ ਸਮੇਂ ਵਿਚ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਹੋਰ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ।

**ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਵਰਤਮਾਨ ਸਰੂਪ**

ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਿੱਖ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਵਜੋਂ ਪ੍ਰਸਿੱਧ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਪ੍ਰਦਾਨ ਕੀਤੀ ਗਈ ਅਤੇ ਬੰਦਾ ਸਿੰਘ ਬਹਾਦਰ ਨੂੰ ਪੰਥ ਦਾ ਸੈਨਿਕ ਮੁੱਖੀ ਥਾਪ ਕੇ ਪੰਜਾਬ ਰਵਾਨਾ ਕੀਤਾ ਗਿਆ ਸੀ। ਇਥੇ ਹੀ ਗੁਰੂ ਸਾਹਿਬ ਜੋਤੀ ਜੋਤਿ ਸਮਾਏ ਸਨ। ਇਨ੍ਹਾਂ ਇਤਿਹਾਸਕ ਕਾਰਨਾਂ ਕਰਕੇ ਪਹਿਲਾਂ ਤੋਂ ਹੀ ਸਿੱਖਾਂ ਦੀ ਇਸ ਅਸਥਾਨ ਪ੍ਰਤੀ ਵਿਸ਼ੇਸ਼ ਸ਼ਰਧਾ ਰਹੀ ਹੈ ਅਤੇ ਪੁਰਾਣੇ ਸਿੱਖ ਇਸ ਦੀ ਯਾਤਰਾ ਕਰਨਾ ਅਤਿਅੰਤ ਜ਼ਰੂਰੀ ਸਮਝਦੇ ਆਏ ਹਨ। ਸੋ ਪੁਰਾਣੇ ਜ਼ਮਾਨੇ ਤੋਂ ਗੁਰੂ ਕੇ ਸਿੰਘ ਇਥੇ ਰਹਿੰਦੇ ਆਏ ਹਨ ਅਤੇ ਅਨੇਕਾਂ ਦੱਖਣੀ ਸਿੱਖ ਵੀ ਇਸ ਗੁਰਧਾਮ ਨੂੰ ਆਪਣਾ ਕੇਂਦਰ ਮੰਨ ਕੇ ਵੱਧ ਤੋਂ ਵੱਧ ਸਤਿਕਾਰ ਦਿੰਦੇ ਆਏ ਹਨ।[54] ਪੁਰਾਤਨ ਸਮੇਂ ਵਿਚ ਸੰਗਤਾਂ ਇਸ ਤਖ਼ਤ ਦੀ ਯਾਤਰਾ ਪੈਦਲ ਚੱਲ ਕੇ ਕਰਦੀਆਂ ਸਨ। ਉਸ ਸਮੇਂ ਬਹੁਤ ਘੱਟ ਯਾਤ ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚਦੇ ਸਨ। ਸਫ਼ਰ ਲੰਮਾਂ ਹੋਣ ਕਰਕੇ ਇਥੇ ਯਾਤਰੀਆਂ ਨੂੰ ਜ਼ਿਆਦਾ ਦਿਨ ਠਹਿਰਣਾ ਪੈਂਦਾ ਸੀ। ਸੰਗਤਾਂ ਲਈ ਲੰਗਰ ਅਤੇ ਰਿਹਾਇਸ਼ ਦੀ ਸਖ਼ਤ ਲੋੜ ਹੁੰਦੀ ਸੀ। ਬ੍ਰਿਟਿਸ਼ ਕਾਲ ਸਮੇਂ ਪਹਿਲਾਂ ਨਾਂਦੇੜ ਵਿਖੇ ਮੀਟਰ ਗੇ ਜ਼ ਰੇਲਵੇ ਲਾਈਨ ਸੀ। ਮਨਮਾੜ ਸਟੇਸ਼ਨ 'ਤੇ ਯਾਤਰੀਆਂ ਨੂੰ 10 ਤੋਂ 12 ਘੰਟੇ ਰੁਕਣਾ ਪੈਂਦਾ ਸੀ ਕਿਉਂਕਿ ਹਜ਼ੂਰ ਸਾਹਿਬ ਨੂੰ ਆਉਣ ਵਾਲੀ ਕੋਈ ਸਿਧੀ ਰੇਲਗੱਡੀ ਨਹੀਂ ਸੀ। ਉਸ ਸਮੇਂ ਹਜ਼ੂਰ ਸਾਹਿਬ ਦੀ ਯਾਤਰਾ ਕਰਨ ਲਈ ਪੰਜਾਬ ਤੋਂ ਇਥੇ ਪਹੁੰਚਣ ਵਿਚ ਚਾਰ ਦਿਨ ਲੱਗਦੇ ਸਨ। ਇਸ ਲਈ ਹਜ਼ੂਰ ਸਾਹਿਬ ਦੀ ਯਾਤਰਾ ਨੂੰ ਚਾਰ ਦਿਨ ਦੀ ਯਾਤਰਾ ਕਿਹਾ ਜਾਂਦਾ ਸੀ। ਇਸ ਤੋਂ ਇਲਾਵਾ

---

53 Roshan Singh s/o Babu Singh, *Financial Management of the Sikh Gurudwara Sachkhand Shri Hazur Abachalnagar Sahib in the Last Decade Nanded,* pages 168-69.

54 ਸਰਬਜਿੰਦਰ ਸਿੰਘ (ਸੰਪਾ.*), ਨਾਨਕ ਪ੍ਰਕਾਸ਼ ਪੱਤ੍ਰਿਕਾ* (ਗੋਲਡਨ ਜੁਬਲੀ ਵਿਸ਼ੇਸ਼ ਅੰਕ ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2012 (ਅੰਕ ਦੂਜਾ), ਪੰਨਾ 161.

ਪੰਜਾਬ ਵਿਚੋਂ ਸੰਗਤ ਟਰੱਕਾਂ 'ਤੇ ਆਉਂਦੀ ਸੀ। ਯਾਤਰੀ ਬੁੰਗਿਆਂ ਆਦਿ ਵਿਚ ਰੁਕਦੇ ਸਨ ਅਤੇ ਨਾਂਦੇੜ ਦੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਪੈਦਲ ਚੱਲ ਕੇ ਕਰਦੇ ਸ ਨ ਕਿਉਂਕਿ ਉਸ ਸਮੇਂ ਆਵਾਜਾਈ ਦੇ ਸਾਧਨ ਅੱਜ ਵਰਗੇ ਨਹੀਂ ਸ ਨ। ਗਿਆਨੀ ਈਸ਼ਰ ਸਿੰਘ ਨਾਰਾ ਅਨੁਸਾਰ ਇੱਕ ਦੋ ਥਾਂ ਤੋਂ ਗੋਦਾਵਰੀ ਨਦੀ ਲੰਘਣੀ ਪੈਂਦੀ ਸੀ। ਬਰਸਾਤਾਂ ਵਿਚ ਬੇੜੀ ਉੱਤੇ ਪਾਰ ਹੋਣਾ ਖ਼ਤਰਨਾਕ ਸੀ ਪਰ ਬਰਸਾਤਾਂ ਪਿਛੋਂ ਤਿੰਨ ਥਾਵਾਂ ਤੋਂ ਜੋ ਨਾਲੇ ਪਾਰ ਕਰਕੇ ਪੈਂਦੇ ਸਨ। ਇਹ ਦਰਿਆ ਤੋਂ ਵਧੇਰੇ ਖ਼ਤਰਨਾਕ ਸਨ।[55] ਹੋਲਾ ਮਹੱਲਾ ਅਤੇ ਦੁਸਹਿਰੇ ਸਮੇਂ ਸੰਗਤ ਦਾ ਇਕੱਠ ਜ਼ਿਆਦਾ ਹੁੰਦਾ ਸੀ। ਬਾਅਦ ਵਿਚ ਬਰੋਡ ਗੇ ਜ਼ ਰੇਲਵੇ ਲਾਈਨ ਸ਼ੁਰੂ ਹੋਈ ਜਿਸ ਕਰਕੇ ਇਥੇ ਆਉਣ ਵਾਲੀਆਂ ਸੰਗਤਾਂ ਦਾ ਰੁਝਾਨ ਵੱਧਦਾ ਗਿਆ ਅਤੇ ਇਥੋਂ ਦੀ ਰੌਣਕ ਵਿਚ ਵਾਧਾ ਹੋਇਆ। ਅਜੋਕੇ ਸਮੇਂ ਵਿਚ ਪੰਜਾਬ, ਦਿੱਲੀ, ਮੁੰਬਈ, ਹੈਦਰਾਬਾਦ ਆਦਿ ਥਾਵਾਂ ਤੋਂ ਰੇਲਗੱਡੀਆਂ ਸਿੱਧੀਆਂ ਹਜ਼ੂਰ ਸਾਹਿਬ ਰੇਲਵੇ ਸਟੇਸ਼ਨ 'ਤੇ ਪਹੁੰਚਦੀਆਂ ਹਨ। ਸੰਗਤਾਂ ਪੰਜਾਬ ਤੋਂ ਹਜ਼ੂਰ ਸਾਹਿਬ ਵਿਖੇ ਰੇਲਗੱਡੀ ਰਾਹੀਂ 25 ਤੋਂ 30 ਘੰਟਿਆਂ ਵਿਚ ਆਸਾਨੀ ਨਾਲ ਪਹੁੰਚ ਜਾਂਦੀਆਂ ਹਨ। ਇਸ ਤੋਂ ਇਲਾਵਾ ਅੱਜ ਨਾਂਦੇੜ ਨਗਰ ਭਾਰਤ ਦੇ ਪ੍ਰਮੁੱਖ ਅਤੇ ਵੱਡੇ ਸ਼ਹਿਰਾਂ ਨਾਲ ਹਵਾਈ ਅਤੇ ਸੜਕ ਮਾਰਗ ਰਾਹੀਂ ਵੀ ਜੁੜਿਆ ਹੋਇਆ ਹੈ। ਭਾਈ ਵੀਰ ਸਿੰਘ ਲਿਖਦੇ ਹਨ ਜਦੋਂ ਰੇਲਾਂ ਨਹੀਂ ਸਨ ਅਤੇ ਪੈਂਡੇ ਕਠਿਨ ਸਨ ਤਾਂ ਯਾਤ ਰਾ ਕਰਨ ਆਇਆ ਸਿੱਖ ਫ਼ਖਰ ਨਾਲ 'ਹਜ਼ੂਰੀਆ' ਸਦਾਉਂਦਾ ਸੀ। ਹੁਣ ਯਾਤ ਰਾ ਲਈ ਆਵਾਜਾਈ ਬਹੁਤ ਹੈ ਅਤੇ ਰੌਣਕ ਅੱਗੇ ਤੋਂ ਵਧੀਕ ਹੋ ਗਈ ਹੈ।[56]

ਸੰਨ 2008 ਵਿਚ 300 ਸਾਲਾ ਗੁਰਤਾਗੱਦੀ ਗੁਰਪੁਰਬ ਸਮੇਂ ਨਾਂਦੇੜ ਸ਼ਹਿਰ ਅਤੇ ਤ ਖ਼ਤ ਸਾਹਿਬ ਦੇ ਪਰਿਸਰ ਦਾ ਵਿਕਾਸ ਕੀਤਾ ਗਿਆ। ਨਾਂਦੇੜ ਦੇ ਨਵੀਨੀਕਰ ਨ (ਪੁਨਰ ਨਿਰਮਾਣ) ਦੇ ਕਾਰਜ ਸਮੇਂ ਤਖ਼ਤ ਸਾਹਿਬ ਦੇ ਪਰਿਸਰ ਨੂੰ ਲਗਭਗ 10 ਏਕੜ ਦੇ ਰਕਬੇ ਵਿਚ ਚੌੜਾ ਕੀਤਾ ਗਿਆ। ਇਸ ਵਿਚ ਪਰਿਕਰਮਾ ਅਤੇ ਰਿਹਾਇਸ਼ੀ ਕਮਰੇ ਆਧੁਨਿਕ ਸਹੂਲਤਾਂ ਵਾਲੇ ਬਣਾਏ ਗਏ । ਹਜ਼ੂਰ ਸਾਹਿਬ ਦੇ ਆਧੁਨਿਕੀਕਰਨ ਦੇ ਪ੍ਰੋਜੈੱਕਟਾਂ ਉੱਪਰ ਕਰੋੜਾਂ ਰੁਪਏ ਖ਼ਰਚ ਕੀਤੇ ਗਏ। ਨਾਂਦੇੜ ਸ਼ਹਿਰ ਵਿਚ ਖੁੱਲ੍ਹੀਆਂ ਅਤੇ

---

[55] ਨਾਰਾ, ਈਸ਼ਰ ਸਿੰਘ, *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-84),* ਗਿਆਨੀ ਈਸ਼ਰ ਸਿੰਘ ਨਾਰਾ ਦੇਹਲੀ ਗੇਟ ਬਾਜ਼ਾਰ, ਨਵੀਂ ਦਿੱਲੀ, ਮਿਤੀਹੀਣ, ਪੰਨਾ 79.

[56] ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1992, ਪੰਨਾ 6342.

ਨਵੀਆਂ ਸੜਕਾਂ ਬਣਾਈਆਂ ਗਈਆ। ਨਵੇਂ ਫਲਾਈਓਵਰ ਅਤੇ ਪੁਲ ਬਣਾਏ ਗਏ। ਗੋਦਾਵਰੀ ਨਦੀ ਦੇ 2 ਕਿ. ਮੀ. ਦੇ ਘਾਟ ਨੂੰ ਪੱਕਾ ਕੀਤਾ ਗਿਆ। ਨਵੇਂ ਐਨ . ਆਰ. ਆਈ. ਯਾਤਰੀ ਨਿਵਾਸ ਬਣਾਏ ਗਏ। ਆਧੁਨਿਕ ਸਹੂਲਤਾਂ ਵਾਲੀ ਅਬਿਚਲਨਗਰ ਕਲੋਨੀ ਬ ਣਾਈ ਗਈ। ਗੁਰੂ ਗੋਬਿੰਦ ਸਿੰਘ ਮਿਊਜ਼ੀਅਮ , ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ , ਗੋਬਿੰਦ ਬਾਗ ਲੇਜ਼ਰ ਸੋਅ ਅਤਿ ਆਧੁਨਿਕ ਤਕਨੀਕਾਂ ਨਾਲ ਉਸਾਰੇ ਗਏ। ਇਸ ਤੋਂ ਇਲਾਵਾ ਬਿਰਧ ਆਸ਼ਰਮ , ਹਸਪਤਾਲ, ਅਤੇ ਨਵੇਂ ਬਾਜ਼ਾਰ ਬਣਾਏ ਗਏ। ਇਸ ਦੇ ਨਾਲ ਹੀ ਸ਼ਹਿਰ ਵਿਚ "ਸੀਵਰੇਜ ਅਤੇ ਪਾਣੀ ਦੀਆਂ ਸਹੂਲਤਾਂ ਵਿਚ ਸੁਧਾਰ , ਆਵਾਜਾਈ ਪ੍ਰਬੰਧਨ ਅਤੇ ਸੁਰੱਖਿਆ ਪ੍ਰਣਾਲੀ ਨੂੰ ਅਪਗ੍ਰੇਡ ਕਰਨਾ "[57] ਆਦਿ ਕੰਮ ਵੀ ਪ੍ਰੋਜੈਕਟਾਂ ਵਿਚ ਸ਼ਾਮਲ ਸਨ। ਨਾਂਦੇੜ ਦੇ ਰੇਲਵੇ ਸਟੇਸ਼ਨ ਦਾ ਨਾਮ ਨਾਂਦੇੜ ਤੋਂ ਬਦਲ ਕੇ 'ਹਜ਼ੂਰ ਸਾਹਿਬ ਨਾਂਦੇੜ' ਰੱਖਿਆ ਅਤੇ ਨਵੇਂ ਬਣੇ ਹਵਾਈ ਅੱਡੇ ਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਵਾਈ ਅੱਡਾ ਨਾਂਦੇੜ ' ਰੱਖਿਆ ਗਿਆ। ਗੁਰਦੁਆਰਾ ਸੱਚਖੰਡ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਵੱਲੋਂ ਸਕੂਲ , ਗੁਰਮਤਿ ਵਿਦਿਆਲੇ, ਹਸਪਤਾਲ, ਦੁਸ਼ਟ ਦਮਨ ਪ੍ਰਿੰਟਿੰਗ ਪ੍ਰੈੱਸ ਆਦਿ ਚਲਾਏ ਜਾ ਰਹੇ ਹਨ। ਗੁਰੂ ਸਾਹਿਬਾਨ ਦੀ ਚਰਨ -ਛੋਹ ਧਰਤੀ ਹੋਣ ਕਰਕੇ ਅੱਜ ਸਿੱਖ ਸੰਗਤਾਂ ਨਾਂਦੇੜ ਸ਼ਹਿਰ ਨੂੰ ਸਤਿਕਾਰ ਵਜੋਂ ਨਾਂਦੇੜ ਸਾਹਿਬ , ਹਜ਼ੂਰ ਸਾਹਿਬ ਅਤੇ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਕਹਿੰਦੀਆਂ ਹਨ।

ਅਜੋਕੇ ਸਮੇਂ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਹਰ ਸਾਲ ਦੇਸਾਂ-ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤ ਦਰਸ਼ਨ ਕਰਨ ਵਾਸਤੇ ਪਹੁੰਚਦੀ ਹੈ। ਹਰ ਰੋਜ਼ ਅਨੇਕਾਂ ਸ਼ਰਧਾਲੂ, ਜਿਨ੍ਹਾਂ ਵਿਚ ਸਥਾਨਿਕ ਮੁਸਲਮਾਨ ਅਤੇ ਵਣਜਾਰੇ ਸਿੱਖ ਵੀ ਸ਼ਾਮਲ ਹੁੰਦੇ ਹਨ, ਦਰਸ਼ਨ ਕਰਨ ਲਈ ਆਉਂਦੇ ਹਨ। ਹਜ਼ਾਰਾਂ ਸ਼ਰਧਾਲੂ ਹਰ ਰੋਜ਼ ਲੰਗਰ ਛਕਦੇ ਹਨ। ਗੁਰੂ ਕਾ ਲੰਗਰ ਚੌਵੀ ਘੰਟੇ ਅਤੁੱਟ ਵਰਤਾਇਆ ਜਾਂਦਾ ਹੈ। ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਅਤੇ ਆਉਣ ਵਾਲੀ ਸੰਗਤ ਦਾ ਸਮੁੱਚਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਦੇ ਅਧੀਨ ਹੁੰਦਾ ਹੈ। ਗੁਰਦੁਆਰਾ ਬੋਰਡ ਵੱਲੋਂ ਦਰਸ਼ਨਾਂ ਲਈ ਆਉਣ ਵਾਲੀ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਵਾਈ ਅੱਡੇ ਅਤੇ ਹਜ਼ੂਰ ਸਾਹਿਬ ਨਾਂਦੇੜ ਰੇਲਵੇ ਸਟੇਸ਼ਨ ਤੋਂ ਸਰਾਵਾਂ ਤੱਕ ਲਿਆਉਣ ਅਤੇ ਵਾਪਸ ਛੱਡ ਕੇ ਆਉਣ ਲਈ ਫ਼ਰੀ ਬੱਸ ਸੇਵਾਵਾਂ ਦਾ ਪ੍ਰਬੰਧ ਹੈ।

---

[57] https://www.hazursahib.com/

ਸੋ ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਉਨੀਵੀਂ ਸਦੀ ਦੇ ਆਖ਼ੀਰ ਤੱਕ ਜਿੱਥੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬਸਤੀਆਂ ਦੇ ਰੂਪ ਵਿਚ ਇੱਕ ਛੋਟਾ ਜਿਹਾ ਕਸਬਾ ਸੀ ਉੱਥੇ ਹੀ ਵਰਤਮਾਨ ਸਮੇਂ ਵਿਚ ਇਹ ਮਹਾਰਾਸ਼ਟਰ ਰਾਜ ਦਾ ਇੱਕ ਪ੍ਰਮੁੱਖ ਸ਼ਹਿਰ ਅਤੇ ਜ਼ਿਲ੍ਹਾ ਬਣ ਚੁੱਕਾ ਹੈ। ਇਥੇ ਦੀ ਰੌਣਕ ਵਿਚ ਪਹਿਲਾਂ ਨਾਲੋਂ ਬਹੁਤ ਵਾਧਾ ਹੋਇਆ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਇੱਕ ਅਲੋਕਿਕ ਅਨੁਭਵ ਪੇਸ਼ ਕਰ ਰਿਹਾ ਹੈ ਅਤੇ ਤਖ਼ਤ ਸਾਹਿਬ ਦਾ ਨਵਾਂ ਸ਼ਾਨਦਾਰ ਕੰਪਲੈਕਸ ਯਾਤਰੀ ਸ਼ਰਧਾਲੂਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਗਿਆ ਹੈ।

ਉਕਤ ਦੇ ਸਾਰ ਵਜੋਂ ਅਸੀਂ ਇਸ ਅਧਿਆਇ ਵਿਚ ਕਹਿ ਸਕਦੇ ਹਾਂ ਕਿ ਨਾਂਦੇੜ ਪੁਰਾਤਨ ਸਮੇਂ ਦੀ ਤਰ੍ਹਾਂ ਵਰਤਮਾਨ ਸਮੇਂ ਵਿਚ ਵੀ ਮਹਾਰਾਸ਼ਟਰ ਖ਼ਾਸ ਕਰਕੇ ਮਰਾਠਵਾੜਾ ਖੇਤਰ ਦਾ ਇੱਕ ਪ੍ਰਮੁੱਖ ਸ਼ਹਿਰ ਹੈ। ਇਥੇ ਸਥਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਪੰਜਾਬ ਤੋਂ ਬਾਹਰ ਸਿੱਖਾਂ ਦੀ ਪੰਥਕ ਮਸਲਿਆਂ ਵਿਚ ਸ਼ੁਰੂ ਤੋਂ ਅਗਵਾਈ ਕਰਦਾ ਆ ਰਿਹਾ ਹੈ। ਇਸ ਅਧਿਆਇ ਵਿਚ ਨਾਂਦੇੜ ਦੇ ਪੁਰਾਤਨ ਬੁੰਗਿਆਂ ਦਾ ਜ਼ਿਕਰ ਕੀਤਾ ਗਿਆ ਹੈ। ਤਖ਼ਤ ਸਾਹਿਬ 'ਤੇ ਮਨਾਏ ਜਾਂਦੇ ਮਹੱਲਿਆਂ , ਗੁਰਪੁਰਬਾਂ ਅਤੇ ਨਗਰ ਕੀਰਤਨਾਂ ਦਾ ਜ਼ਿਕਰ ਕਰਨ ਦੇ ਨਾਲ ਨਾਲ ਇਨ੍ਹਾਂ ਮਹੱਲਿਆਂ ਸਮੇਂ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਸ਼ਸਤਰਾਂ ਦਾ ਵੇਰਵਾ ਦਿੱਤਾ ਗਿਆ ਹੈ। ਗੁਰਦੁਆਰਾ ਸੱਚਖੰਡ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਟਰੱਸਟ ਵੱਲੋਂ ਸਿੱਖ ਧਰਮ ਅਤੇ ਗੁਰਮਤਿ ਵਿਦਿਆ ਦੇ ਪ੍ਰਚਾਰ -ਪ੍ਰਸਾਰ ਲਈ ਕੀਤੇ ਜਾ ਰਹੇ ਕਾਰਜਾਂ 'ਤੇ ਰੌਸ਼ਨੀ ਪਾਈ ਗਈ ਹੈ। ਇਸ ਤੋਂ ਇਲਾਵਾ ਹਜ਼ੂਰ ਸਾਹਿਬ ਵਿਖੇ ਬਣੇ ਯਾਤਰੀ ਨਿਵਾ ਸਾਂ ਅਤੇ ਮਾਰਕਿਟਾਂ ਬਾਰੇ ਦੱਸਿਆ ਗਿਆ ਹੈ। ਇਸ ਅਧਿਆਇ ਵਿਚ ਨਾਂਦੇੜ ਵਿਖੇ ਸਥਾਪਿਤ ਵਿਦਿਅਕ ਅਦਾਰੇ ਯੂਨੀਵਰਸਿਟੀ , ਸਕੂਲਾਂ ਅਤੇ ਕਾਲਜਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਨਾਂਦੇੜ ਦੀ ਮੌਜੂਦਾ ਰਾਜ ਨੀਤਿਕ, ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਸੰਖੇਪ ਰੂਪ ਵਿਚ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦੱਖਣੀ ਸਿੱਖਾਂ ਦੇ ਜੀਵਨ ਬਾਰੇ ਅਤੇ ਗੁਰਦੁਆਰਾ ਸੱਚਖੰਡ ਬੋਰਡ ਦੇ ਵਰਤਮਾਨ ਪ੍ਰਬੰਧ ਦਾ ਸੰਖੇਪ ਵਰਣਨ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਿਊਜ਼ੀਅਮ , ਦੁਸ਼ਟ ਦਮਨ ਪ੍ਰਿੰਟਿੰਗ ਪ੍ਰੈੱਸ , ਸ੍ਰੀ ਹਜ਼ੂਰ ਸਾਹਿਬ ਪਬਲਿਕ ਲਾਇਬ੍ਰੇਰੀ , ਸਿੱਖ

ਹੋਸਟਲ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ ਬਾਰੇ ਇਸ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਇਸ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਵਰਤਮਾਨ ਸਮੇਂ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਿੱਖ ਪੰਥ ਦੀ ਹਰ ਖੇਤਰ ਅਤੇ ਹਰ ਮਸਲਿਆਂ ਵਿਚ ਅਗਵਾਈ ਕਰਦਾ ਆ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਵਿਖੇ ਆਗਮਨ ਨਾਲ ਨਾਂਦੇੜ ਸ਼ਹਿਰ ਨੂੰ ਇੱਕ ਵੱਖਰੀ ਇਤਿਹਾਸਕ ਪਹਿਚਾਣ ਮਿਲੀ ਹੈ।

# ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਿਕ ਅਤੇ ਧਾਰਮਿਕ ਮਹੱਤਵ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫੈਕਲਟੀ

ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ

ਪੀਐਚ. ਡੀ. ਦੀ ਉਪਾਧੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

**(2023)**


**ਨਿਗਰਾਨ**

ਗੁੰਜਨਜੋਤ ਕੌਰ

**ਡਾ. ਗੁੰਜਨਜੋਤ ਕੌਰ**

ਮੁਖੀ ਅਤੇ ਅਸਿਸਟੈਂਟ ਪ੍ਰੋਫ਼ੈਸਰ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ**

ਜਗਰਾਜ ਸਿੰਘ

**ਜਗਰਾਜ ਸਿੰਘ**


ਪੰਜਾਬੀ ਯੂਨੀਵਰਸਿਟੀ ਪਟਿਆਲਾ

ਵਿਦਿਆ ਵੀਚਾਰੀ ਤਾਂ ਪਰਉਪਕਾਰੀ

PUNJABI UNIVERSITY PATIALA


**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਸਾਰ

ਨਾਂਦੇੜ ਦੱਖਣੀ ਭਾਰਤ ਵਿਚ ਮਹਾਰਾਸ਼ਟਰ ਰਾਜ ਦਾ ਇਕ ਪੁਰਾਤਨ ਇਤਿਹਾਸਕ ਅਤੇ ਧਾਰਮਿਕ ਨਗਰ ਹੈ। ਮੌਜੂਦਾ ਸਮੇਂ ਇਹ ਮਹਾਰਾਸ਼ਟਰ ਦੇ ਮਰਾਠਵਾੜਾ ਖੇਤਰ ਦਾ ਦੂਜਾ ਵੱਡਾ ਸ਼ਹਿਰ ਅਤੇ ਜ਼ਿਲ੍ਹਾ ਹੈੱਡਕੁਆਰਟਰ ਹੈ। ਇਹ ਨਗਰ ਔਰੰਗਾਬਾਦ ਤੋਂ ਦੱਖਣ -ਪੂਰਬ ਵੱਲ 280 ਕਿ. ਮੀ., ਹੈਦਰਾਬਾਦ ਤੋਂ ਉੱਤਰ ਵੱਲ 284 ਕਿ. ਮੀ. ਅਤੇ ਦਿੱਲੀ ਤੋਂ ਦੱਖਣ ਵੱਲ 1390 ਕਿ. ਮੀ. ਦੂਰੀ ’ਤੇ ਸਥਿਤ ਹੈ। ਦਸ ਗੁਰੂ ਸਾਹਿਬਾਨ ਵਿਚੋਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਗਰ ਨੂੰ ਆਪਣੀ ਪਾਵਨ ਚਰਨ-ਛੋਹ ਨਾਲ ਨਿਵਾਜਿਆ ਹੈ। ਨਾਂਦੇੜ ਵਿਖੇ ਅੱਜ ਖਾਲਸਾ ਪੰਥ ਦਾ ਪ੍ਰਸਿੱਧ ਗੁਰਧਾਮ ਅਤੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਸੁਸ਼ੋਭਿਤ ਹੈ।

ਭਾਰਤ ਦੇ ਦੱਖਣੀ -ਪੱਛਮੀ ਹਿੱਸੇ ਵਿਚ ਸਥਿਤ ਮਹਾਰਾਸ਼ਟਰ ਰਾਜ ਮੌਜੂਦਾ ਸਮੇਂ ਵਿਚ ਛੇ ਡਵੀਜਨਾਂ ਅਤੇ ਛੱਤ੍ਰੀ ਜ਼ਿਲ੍ਹਿਆਂ ਵਿਚ ਵੰਡਿਆਂ ਹੋਇਆ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਬਣੇ ਦੋਭਾਸ਼ੀ ਬੰਬਈ ਰਾਜ ਵਿਚ ਗੁਜਰਾਤੀ ਅਤੇ ਮਰਾਠੀ ਭਾਸ਼ਾ ਬੋਲਣ ਦੇ ਆਧਾਰ ’ਤੇ ਮਈ 1960 ਈ. ਵਿਚ ਬੰਬਈ ਰਾਜ ਦੀ ਵੰਡ ਦੇ ਨਤੀਜੇ ਵਜੋਂ ਗੁਜਰਾਤ ਅਤੇ ਮਹਾਰਾਸ਼ਟਰ ਰਾਜ ਹੋਂਦ ਵਿਚ ਆਏ ਸਨ। ਉਸ ਸਮੇਂ ਨਾਂਦੇੜ ਸ਼ਹਿਰ ਮਹਾਰਾਸ਼ਟਰ ਰਾਜ ਦਾ ਹਿੱਸਾ ਬਣਿਆ ਸੀ। ਇਸ ਤੋਂ ਪਹਿਲਾਂ ਨਾਂਦੇੜ ਹੈਦਰਾਬਾਦ ਰਿਆਸਤ (ਰਾਜ) ਵਿਚ ਆਉਂਦਾ ਸੀ। ਪ੍ਰਾਚੀਨ ਸਮੇਂ ਤੋਂ ਹੀ ਮਹਾਰਾਸ਼ਟਰ ਅਤੇ ਨਾਂਦੇੜ ਦੇ ਇਲਾਕੇ ਵਿਚ ਸਾਧੂ-ਮਹਾਤਮਾ (ਰਿਸ਼ੀ-ਮੁਨੀ) ਨਿਵਾਸ ਕਰਦੇ ਰਹੇ ਸਨ। ਇਹ ਧਰਤੀ ਉੱਨਤ , ਮਨੋਹਰ ਅਤੇ ਖੁਸ਼ਹਾਲ ਸੀ। ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਰਮਣੀਕ ਕਿਨਾਰੇ ਸਾਧੂ -ਮਹਾਤਮਾਵਾਂ ਦੇ ਆਸ਼ਰਮ ਹੁੰਦੇ ਸਨ। ਇਸ ਕਾਰਨ ਪ੍ਰਾਚੀਨ ਸਮੇਂ ਤੋਂ ਨਾਂਦੇੜ ਦੀ ਧਰਤੀ ਦੀ ਧਾਰਮਿਕ ਮਹਾਨਤਾ ਪੂਜਨੀਯ ਅਤੇ ਗੌਰਭਸ਼ਾਲੀ ਰਹੀ ਹੈ।

ਨਾਂਦੇੜ ਪੁਰਾਤਨ ਸਮੇਂ ਤੋਂ ਹੀ ਧਾਰਮਿਕ ਨਗਰ ਰਿਹਾ ਹੈ। ਸਾਧੂ-ਮਹਾਤਮਾ ਇੱਥੇ ਗੋਦਾਵਰੀ ਦੇ ਕੰਢੇ ਤਪ ਕਰਦੇ ਸਨ। ਅੱਜ ਵੀ ਗੋਦਾਵਰੀ ਨਦੀ ਇਸ ਨਗਰ ਦੇ ਬਿਲਕੁਲ ਵਿਚਕਾਰ ਦੀ ਵਹਿੰਦੀ ਹੈ। ਦੱਖਣੀ ਭਾਰਤ ਦੀ ਇਹ ਪ੍ਰਸਿੱਧ ਨਦੀ ਭਾਰਤ ਦੇ ਪੱਛਮੀ ਘਾਟ ਤੋਂ ਲੈਕੇ ਪੂਰਬੀ ਘਾਟ ਤੱਕ ਮਹਾਰਾਸ਼ਟਰ ,

ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਰਾਜਾਂ ਵਿਚੋਂ ਦੀ ਵਗਦੀ ਹੈ। ਇਹ ਮਹਾਰਾਸ਼ਟਰ ਵਿਚ ਤ੍ਰਿਅੰਬਕ (ਜ਼ਿਲ੍ਹਾ ਨਾਸਿਕ) ਦੀਆਂ ਪਹਾੜੀਆਂ ਵਿਚੋਂ ਨਿਕਲ ਕੇ ਲਗਭਗ 900 ਮੀਲ ਵਹਿੰਦੀ ਹੋਈ ਆਂਧਰਾ ਪ੍ਰਦੇਸ਼ ਦੇ ਰਾਜਮੁੰਦਰੀ ਕੋਲ ਸਮੁੰਦਰ (ਬੰਗਾਲ ਦੀ ਖਾੜੀ) ਵਿਚ ਜਾ ਕੇ ਡਿਗਦੀ ਹੈ। ਪ੍ਰਾਚੀਨ ਕਾਲ ਤੋਂ ਇਸ ਨਦੀ ਦਾ ਧਾਰਮਿਕ ਮਹੱਤਵ ਹੋਣ ਕਰਕੇ ਇਸ ਦੇ ਪੂਰੇ ਦਰਿਆਈ ਕੰਢੇ 'ਤੇ ਕਈ ਇਤਿਹਾਸਕ ਥਾਵਾਂ ਅਤੇ ਹਿੰਦੂਆਂ ਦੇ ਪ੍ਰਸਿੱਧ ਤੀਰਥ ਅਸਥਾਨ ਹਨ। ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਆਖ਼ਰੀ ਸਮੇਂ ਦਾ ਇਸ ਨਦੀ ਨਾਲ ਖ਼ਾਸ ਸੰਬੰਧ ਜੁੜਿਆ ਹੋਇਆ ਹੈ। ਨਾਂਦੇੜ ਵਿਖੇ ਗੋਦਾਵਰੀ ਦੇ ਕਿਨਾਰੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਕਈ ਹੋਰ ਇਤਿਹਾਸਕ ਗੁਰਦੁਆਰੇ ਸੁਸ਼ੋਭਿਤ ਹਨ।

ਸਥਾਨਿਕ ਪਰੰਪਰਾ ਅਨੁਸਾਰ ਪ੍ਰਾਚੀਨ ਸਮੇਂ ਵਿਚ ਨਾਂਦੇੜ ਦੀ ਧਰਤੀ 'ਤੇ ਗੋਤਮ ਰਿਸ਼ੀ ਨੇ ਤਪ ਕੀਤਾ ਸੀ। ਗੋਤਮ ਰਿਸ਼ੀ ਦਾ ਤਪ ਅਸਥਾਨ ਗੋਦਾਵਰੀ ਨਦੀ ਦੇ ਕੰਢੇ ਗੁਰਦੁਆਰਾ ਬੰਦਾ ਘਾਟ ਸਾਹਿਬ ਦੇ ਪੱਛਮ ਵਿਚ ਸਥਿਤ ਹੈ। ਸਾਧੂ-ਸੰਤ ਇੱਥੇ ਪਰਮਾਤਮਾ ਦੀ ਕੁਦਰਤ ਦੀ ਮਹਿਮਾ ਦਾ ਗਾਇਨ ਕਰਦੇ ਸਨ। ਗੋਦਾਵਰੀ ਦੇ ਪਾਣੀ ਅਤੇ ਰੱਬੀ ਬੋਲਾਂ ਦੀ ਗੂੰਜ ਨਾਲ ਇਹ ਧਰਤੀ ਪਵਿੱਤਰ , ਧਾਰਮਿਕ ਅਤੇ ਪੂਜਨੀਯ ਸੀ। ਪੁਰਾਤਨ ਸਮੇਂ ਵਿਚ ਇਹ ਨਗਰ ਆਪਣੀ ਸਿੱਖਿਆ , ਸਾਹਿਤ ਅਤੇ ਧਾਰਮਿਕ ਮਹਾਨਤਾ ਕਰਕੇ ਪ੍ਰਸਿੱਧ ਸੀ ਪਰ ਸਮੇਂ ਦੇ ਫੇਰ ਬਦਲ ਨਾਲ ਇਸ ਇਲਾਕੇ ਦਾ ਇਤਿਹਾਸ ਕਰਵਟ ਲੈਂਦਾ ਰਿਹਾ। ਸਮੇਂ ਅਨੁਸਾਰ ਇਤਿਹਾਸ ਦੇ ਵੱਖ-ਵੱਖ ਪੜਾਵਾਂ ਦੌਰਾਨ ਨਾਂਦੇੜ ਅਤੇ ਇਸਦਾ ਇਲਾਕਾ ਵੱਖ-ਵੱਖ ਰਾਜ-ਘਰਾਣਿਆਂ ਅਤੇ ਸਾਮਰਾਜਾਂ ਦੇ ਅਧੀਨ ਰਿਹਾ।

ਪ੍ਰਾਚੀਨ ਕਾਲ ਵਿਚ ਨਾਂਦੇੜ ਦਾ ਇਲਾਕਾ ਮੌਰੀਆ, ਸਾਤਵਾਹਨ, ਬਾਦਾਮੀ ਦੇ ਚਾਲੂਕਯ , ਰਾਸ਼ਟਰਕੂਟ, ਦੇਵਗਿਰੀ ਦੇ ਯਾਦਵ ਆਦਿ ਰਾਜਵੰਸ਼ਾਂ ਦੇ ਰਾਜ-ਪ੍ਰਬੰਧ ਅਧੀਨ ਸੀ। ਮੱਧ ਕਾਲ ਵਿਚ ਨਾਂਦੇੜ ਦਿੱਲੀ ਸਲਤਨਤ, ਬਾਹਮਣੀ ਸਲਤਨਤ, ਦੱਖਣ ਸਲਤਨਤ ਅਤੇ ਮੁਗ਼ਲ ਸਾਮਰਾਜ ਦੇ ਅਧੀਨ ਆਉਂਦਾ ਰਿਹਾ। ਆਧੁਨਿਕ ਕਾਲ ਵਿਚ ਨਾਂਦੇੜ ਦਾ ਇਲਾਕਾ ਹੈਦਰਾਬਾਦ ਰਿਆਸਤ ਦੇ ਅਧੀਨ ਨਿਜ਼ਾਮ ਰਾਜ -ਭਾਗ ਦਾ ਹਿੱਸਾ ਰਿਹਾ। ਹੈਦਰਾਬਾਦ ਨਿਜ਼ਾਮ ਰਾਜ ਸਮੇਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਹੈਦਰਾਬਾਦ ਦੇ ਨਿਜ਼ਾਮ ਸ਼ਾਸਕ ਦੀ ਸੈਨਿਕ ਮਦਦ ਕੀਤੀ ਅਤੇ ਇਸ ਸਮੇਂ ਹੀ ਨਾਂਦੇੜ ਵਿਖੇ ਮਹਾਰਾਜਾ ਰਣਜੀਤ ਸਿੰਘ

ਨੇ ਪਹਿਲੀ ਵਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਮਾਰਤ 1829-39 ਈ. ਦੇ ਦੌਰਾਨ ਉਸਰਵਾਈ। ਹੈਦਰਾਬਾਦ ਦੇ ਨਿਜ਼ਾਮ ਅਤੇ ਉਸਦੇ ਵਜ਼ੀਰ ਚੰਦੂ ਲਾਲ ਨੇ ਦਿਲ ਖੋਲ੍ਹ ਕੇ ਤਖ਼ਤ ਸਾਹਿਬ ਨੂੰ ਅਪਾਰ ਧਨ ਅਤੇ ਜਾਗੀਰਾਂ ਭੇਟ ਕੀਤੀਆ। ਦੇਸ਼ ਦੀ ਆਜ਼ਾਦੀ ਮਗਰੋਂ 1956 ਈ. ਵਿਚ ਰਾਜਾਂ ਦਾ ਪੁਨਰਗਠਨ ਹੋਇਆ। ਜਿਸ ਕਾਰਨ ਨਾਂਦੇੜ ਦਾ ਇਲਾਕਾ ਹੈਦਰਾਬਾਦ ਰਾਜ ਤੋਂ ਕੱਟ ਕੇ ਮਹਾਰਾਸ਼ਟਰ ਦਾ ਹਿੱਸਾ ਅਤੇ ਇਕ ਜ਼ਿਲ੍ਹਾ ਬਣ ਗਿਆ।

ਨਾਂਦੇੜ ਦਾ ਮੂਲ ਨਾਮ ਗੋਦਾਵਰੀ ਨਦੀ ਦੇ ਤੱਟ 'ਤੇ ਸਥਿਤ ਹੋਣ ਕਾਰਨ ਗੋਦਾਵਰੀ ਨਾਲ ਜੁੜਿਆ ਹੋਇਆ ਹੈ। ਨਾਂਦੇੜ ਦੇ ਨਾਮਕਰਨ ਸੰਬੰਧੀ ਇਕ ਰਵਾਇਤ ਇਹ ਹੈ ਕਿ ਨਾਂਦੇੜ ਦਾ ਨਾਮ ਗੋਦਾਵਰੀ ਨਦੀ ਦੇ ਤੱਟ 'ਤੇ ਸਥਿਤ ਸ਼ਿਵ ਦੇ ਵਾਹਨ 'ਨੰਦੀ' ਦੇ ਤਪ ਅਸਥਾਨ 'ਨੰਦੀ-ਤੱਟ' (Nandi-Tat) ਤੋਂ ਪਿਆ ਹੈ। ਪ੍ਰਾਚੀਨ ਸਮੇਂ ਵਿਚ ਨਾਂਦੇੜ ਨੂੰ 'ਨੌ ਨੰਦ ਡੇਰਾ' (ਨਵ ਨੰਦ ਡੇਹਰਾ) ਵੀ ਕਿਹਾ ਜਾਂਦਾ ਸੀ ਕਿਉਂਕਿ ਇਹ ਕਿਹਾ ਜਾਂਦਾ ਹੈ ਕਿ ਇੱਥੇ 'ਨੰਦ' ਨਾਮ ਨਾਲ ਜਾਣੇ ਜਾਂਦੇ ਨੌ ਨੰਦਾਂ (ਨੌ ਸਾਧੂਆਂ) ਨੇ ਤਪੱਸਿਆ ਕੀਤੀ ਸੀ। ਮਗਰੋਂ ਇਹ 'ਨੌ ਨੰਦ ਡੇਰਾ' ਤੋਂ ਬਦਲ ਕੇ ਨਾਂਦੇੜ ਹੋ ਗਿਆ ਸੀ। ਕਈ ਵਿਦਵਾਨਾਂ ਦਾ ਮਤ ਇਹ ਹੈ ਕਿ ਪੁਰਾਤਨ ਸਮੇਂ ਵਿਚ ਨਾਂਦੇੜ ਦੇ ਉੱਤਰ ਵੱਲ ਲੰਮਾ ਸਮਾਂ ਨੰਦ ਵੰਸ਼ ਘਰਾਣੇ (ਪੰਜਵੀਂ ਸਦੀ ਈ. ਪੂ. ਜਾਂ ਮੱਧ ਚੌਥੀ ਸਦੀ ਈ. ਪੂ. ਵਿਚ) ਦਾ ਰਾਜ ਰਹਿਣ ਕਾਰਨ 'ਨੌ ਨੰਦ ਡੇਰਾ' ਤੋਂ ਇਸ ਨਗਰੀ ਦਾ ਨਾਮ ਨਾਂਦੇੜ ਪ੍ਰਚੱਲਿਤ ਹੋ ਗਿਆ।

ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਸਥਾਨ ਉੱਤੇ ਆਪਣੇ ਪਵਿੱਤਰ ਚਰਨ ਪਾ ਕੇ ਇਸ ਨੂੰ ਵਡਿਆਈ ਬਖ਼ਸ਼ੀ ਅਤੇ ਵਿਸ਼ਵ ਭਰ ਵਿਚ ਪ੍ਰਸਿੱਧ ਕੀਤਾ ਹੈ। ਜਿਸ ਦੇ ਫ਼ਲਸਰੂਪ ਨਾਂਦੇੜ ਸਿੱਖ ਇਤਿਹਾਸ ਵਿਚ ਇਤਿਹਾਸਕ ਅਤੇ ਧਾਰਮਿਕ ਮਹੱਤਵ ਵਾਲਾ ਸ਼ਹਿਰ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ (ਦੱਖਣ ਦੀ ਧਰਮ ਪ੍ਰਚਾਰ ਯਾਤਰਾ) ਦੌਰਾਨ ਨਾਂਦੇੜ ਵਿਖੇ ਗੁਰਦੁਆਰਾ ਮਾਲਟੇਕੜੀ ਸਾਹਿਬ ਦੇ ਅਸਥਾਨ ਉੱਤੇ ਸੰਗਤ ਲਗਾ ਕੇ ਅਤੇ ਸਿੱਖ ਧਰਮ ਦਾ ਪ੍ਰਚਾਰ ਕਰ ਕੇ ਸਿੱਖੀ ਦੀ ਨੀਂਹ ਰੱਖੀ। ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਗੋਦਾਵਰੀ ਨਦੀ ਤੋਂ ਪਾਰ ਨਾਂਦੇੜ ਨਗਰ ਤੋਂ ਬਾਹਰ-ਬਾਰ ਦੱਖਣ ਦਿਸ਼ਾ ਵੱਲ ਗੁਰਦੁਆਰਾ ਨਾਨਕ ਸਰ ਸਾਹਿਬ ਵਾਲੇ ਅਸਥਾਨ ਉੱਪਰ ਨੌ ਦਿਨ ਰੁਕੇ

ਅਤੇ ਇਲਾਕੇ ਦੀ ਸੰਗਤ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰ ਕੇ ਨਾਂਦੇੜ ਵਿਖੇ ਸਿੱਖ ਧਰਮ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ। ਗੁਰੂ ਨਾਨਕ ਦੇਵ ਜੀ ਦੀ ਪਾਵਨ ਯਾਦ ਵਿਚ ਅੱਜ ਨਾਂਦੇੜ ਵਿਖੇ ਉਨ੍ਹਾਂ ਥਾਵਾਂ 'ਤੇ ਸੁੰਦਰ ਗੁਰਦੁਆਰੇ ਸੁਭਾਇਮਾਨ ਹਨ।

ਗੁਰੂ ਨਾਨਕ ਦੇਵ ਜੀ ਤੋਂ ਲੰਮਾ ਸਮਾਂ ਬਾਅਦ ਗੁਰੂ ਗੋਬਿੰਦ ਸਿੰਘ ਜੀ 1706 ਈ. ਵਿਚ ਤਲਵੰਡੀ ਸਾਬੋ ਦੇ ਮੁਕਾਮ ਤੋਂ ਬਾਅਦ ਲਗਭਗ ਦੋ ਸਾਲ ਦੇ ਲੰਮੇ ਸਫ਼ਰ ਬਾਅਦ ਰਾਜਸਥਾਨ , ਮੱਧ-ਪ੍ਰਦੇਸ਼, ਮਹਾਰਾਸ਼ਟਰ ਦੇ ਖੇਤਰ ਵਿਚੋਂ ਦੀ ਲੰਘ ਕੇ ਨਾਂਦੇੜ ਵਿਖੇ ਅਗਸਤ ਮਹੀਨੇ ਦੇ ਅਖ਼ੀਰ ਵਿਚ 1708 ਈ. ਵਿਚ ਪਹੁੰਚੇ। ਇੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਆ ਚੁੱਕੇ ਸਨ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਅਸਥਾਨ ਨੂੰ ਆਪਣਾ ਕੇਂਦਰ ਬਣਾਇਆ। ਇੱਥੇ ਗੁਰੂ ਸਾਹਿਬ ਜੀ ਤਕਰੀਬਨ ਡੇਢ ਕੁ ਮਹੀਨਾਂ ਠਹਿਰੇ ਸਨ ਅਤੇ ਇਸ ਅਲਪ ਸਮੇਂ ਦੇ ਵਿਚ ਪੰਥ ਦੇ ਮਹਾਨ ਕਾਰਜ ਪੂਰੇ ਕਰਕੇ ਇੱਥੇ ਹੀ ਜੋਤੀ ਜੋਤਿ ਸਮਾ ਗਏ। ਨਾਂਦੇੜ ਵਿਖੇ ਗੁਰੂ ਜੀ ਦੇ ਆਗਮਨ ਦੀ ਖ਼ਬਰ ਸੁਣ ਕੇ ਦੱਖਣ ਦੀਆਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਨਾਂਦੇੜ ਵਿਖੇ ਪਹੁੰਚਣ ਲੱਗੀਆਂ। ਇਸ ਤਰ੍ਹਾਂ ਨਾਂਦੇੜ ਨਗਰ ਦੀ ਰੌਣਕ ਬਹੁਤ ਵੱਧ ਗਈ। ਨਾਂਦੇੜ ਵਿਖੇ ਗੁਰੂ ਸਾਹਿਬ ਗੁਰਦੁਆਰਾ ਹੀਰਾ ਘਾਟ ਸਾਹਿਬ , ਗੁਰਦੁਆਰਾ ਸੰਗਤ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ ਅਤੇ ਤਖ਼ਤ ਸਾਹਿਬ ਵਾਲੇ ਸਥਾਨਾਂ ਉੱਪਰ ਬਿਰਾਜੇ ਸਨ। ਇੱਥੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਸਿੰਘਾਂ ਨੂੰ ਢਾਲਾਂ ਭਰ ਕੇ ਤਨਖਾਹਾਂ ਵਜੋਂ ਵੰਡੀਆਂ , ਜਿਹੜੇ ਗੁਰੂ ਜੀ ਨਾਲ ਪੰਜਾਬ ਤੋਂ ਦੱਖਣ ਵੱਲ ਆਏ ਸਨ ਅਤੇ ਹੁਣ ਵਾਪਸ ਮੁੜਨਾ ਚਾਹੁੰਦੇ ਸਨ। ਇੱਥੇ ਰਹਿੰਦਿਆਂ ਹੀ ਗੁਰੂ ਜੀ ਨੇ ਗੋਦਾਵਰੀ ਨਦੀ ਦੇ ਕੰਢੇ 'ਤੇ ਮਾਧੋ ਦਾਸ ਬੈਰਾਗੀ ਨਾਲ ਮੁਲਾਕਾਤ ਕੀਤੀ ਸੀ। ਉਪਰੰਤ ਮਾਧੋ ਦਾਸ ਅਤੇ ਉਸ ਦੇ ਪੈਰੋਕਾਰਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ ਗਿਆ ਸੀ।

ਨਾਂਦੇੜ ਵਿਖੇ ਅੰਮ੍ਰਿਤ ਛਕਣ ਉਪਰੰਤ ਗੁਰੂ ਸਾਹਿਬ ਨੇ ਮਾਧੋ ਦਾਸ ਦਾ ਨਾਮ ਬੰਦਾ ਸਿੰਘ ਰੱਖਿਆ। (ਕੁਝ ਇਤਿਹਾਸਕਾਰਾਂ ਅਨੁਸਾਰ ਉਸ ਦਾ ਨਾਮ ਗੁਰਬ ਖ਼ਸ਼ ਸਿੰਘ ਰੱਖਿਆ। ) ਉਸ ਨੂੰ 'ਬਹਾਦਰ' ਦਾ ਖ਼ਿਤਾਬ ਬਖ਼ਸ਼ਿਆ। ਮਾਧੋ ਦਾਸ ਖਾਲਸਾ ਸਜਣ ਤੋਂ ਬਾਅਦ ਸਿੱਖ ਪੰਥ ਵਿਚ ਬੰਦਾ ਸਿੰਘ ਬਹਾਦਰ ਦੇ ਨਾਮ

ਨਾਲ ਪ੍ਰਸਿੱਧ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਥਾਪੜਾ ਦੇ ਕੇ ਜ਼ਾਲਮ ਮੁਗ਼ਲ ਹਾਕਮਾਂ ਨੂੰ ਸੋਧਣ ਲਈ ਪੰਜਾਬ ਵੱਲ ਤੋਰਿਆ। ਇੱਥੇ ਰਹਿੰਦਿਆਂ ਹੀ ਗੁਰੂ ਸਾਹਿਬ ਨੇ ਗੋਦਾਵਰੀ ਕਿਨਾਰੇ ਹੀਰਾ ਭੇਟ ਕਰਨ ਬਾਦਸ਼ਾਹ ਬਹਾਦਰ ਸ਼ਾਹ ਦਾ ਹੰਕਾਰ ਤੋੜਿਆ। ਇਸ ਤੋਂ ਇਲਾਵਾ ਨਗੀਨਾ ਭੇਟ ਕਰਨ ਆਏ ਇਕ ਸ਼ਰਧਾਲੂ ਸਿੱਖ ਨੂੰ ਗੁਰੂ ਸਾਹਿਬ ਨੇ ਗੁਰਮਤਿ ਦੇ ਮਾਰਗ ਉੱਪਰ ਚੱਲਣ ਦਾ ਉਪ ਦੇਸ਼ ਦਿੱਤਾ। ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਆਰੰਭ ਕੀਤੀ ਗਈ ਗੁਰਬਾਣੀ ਦੇ ਅਰਥਾਂ ਦੀ ਮ ਰਿਯਾਦਾ ਨੂੰ ਅੱਗੇ ਤੋਰਦੇ ਹੋਏ ਗੁਰੂ ਸਾਹਿਬ ਨਾਂਦੇੜ ਵਿਖੇ ਕਦੇ -ਕਦੇ ਗੁਰਬਾਣੀ ਦੇ ਅਰਥ ਕਰਕੇ ਸਿੱਖ ਸੰਗਤਾਂ ਨੂੰ ਸੁਣਾ ਉਂਦੇ ਅਤੇ ਗੁਰਮਤਿ ਦੇ ਸਿਧਾਂਤਾਂ ਦਾ ਪ੍ਰਚਾਰ ਕਰਦੇ ਸਨ।

ਇੱਥੇ ਰਹਿੰਦਿਆਂ ਜਦੋਂ ਮਾਤਾ ਸਾਹਿਬ ਦੇਵਾਂ ਜੀ ਨੂੰ ਕੁਝ ਸਮਾਂ ਬਤੀਤ ਹੋਇਆ ਤਾਂ ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਵਾਪਿਸ ਦਿੱਲੀ ਮਾਤਾ ਸੁੰਦਰੀ ਜੀ ਕੋਲ ਜਾਣ ਲਈ ਹੁਕਮ ਦਿੱਤਾ। ਜਾਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਮਾਤਾ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸ਼ਸਤਰ ਭੇਟ ਕੀਤੇ ਅਤੇ ਬਚਨ ਕੀਤਾ ਕਿ ਇਨ੍ਹਾਂ ਸ਼ਸਤਰਾਂ ਦੇ ਦਰਸ਼ਨਾਂ ਵਿਚ ਹੀ ਸਾਡੇ ਦਰਸ਼ਨ ਹੋਣਗੇ। ਨਾਂ ਦੇੜ ਵਿਖੇ ਹੀਰਾ ਘਾਟ ਦੇ ਅਸਥਾਨ 'ਤੇ ਗੁਰੂ ਸਾਹਿਬ ਦੋਵੇਂ ਸਮੇਂ ਸਿੱਖ ਸੰਗਤਾਂ ਨੂੰ ਗੁਰਮਤਿ ਦਾ ਉਪਦੇਸ਼ ਸੁਣਾਇਆ ਕਰਦੇ ਸਨ। ਇਕ ਦਿਨ ਸ਼ਾਮ ਦੇ ਦੀਵਾਨ ਉਪਰੰਤ ਦੇਰ ਰਾਤ ਨੂੰ ਸਰਹਿੰਦ ਤੋਂ ਵਜ਼ੀਰ ਖ਼ਾਂ ਵੱਲੋਂ ਭੇਜੇ ਗਏ ਦੋ ਪਠਾਣਾਂ ਵਿਚੋਂ ਇਕ ਪਠਾਣ ਜਮਸ਼ੈਦ ਖ਼ਾਂ ਨੇ ਗੁਰੂ ਸਾਹਿਬ ਉਪਰ ਕਾਤਲਾਨਾ ਹਮਲਾ ਕਰ ਦਿੱਤਾ। ਇਸ ਸਮੇਂ ਦੋਵੇਂ ਪਠਾਣ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਸ ਹਮਲੇ ਦੌਰਾਨ ਗੁਰੂ ਜੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਇਕ ਜਰਾਹ ਨੂੰ ਸੱਦਿਆ ਗਿਆ। ਜਰਾਹ ਨੇ ਗੁਰੂ ਜੀ ਦੇ ਜ਼ਖਮ ਨੂੰ ਟਾਂਕੇ ਲਗਾ ਕੇ ਠੀਕ ਕਰ ਦਿੱਤਾ ਸੀ ਅਤੇ ਇਸ ਤੋਂ ਬਾਅਦ ਗੁਰੂ ਸਾਹਿਬ ਕਈ ਦਿਨ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ-ਉਪਦੇਸ਼ ਦਿੰਦੇ ਰਹੇ ਸਨ।

ਆਪਣਾ ਅੰਤਿਮ ਸਮਾਂ ਨੇੜੇ ਜਾਣ ਕਰ ਕੇ ਗੁਰੂ ਸਾਹਿਬ ਜੀ ਨੇ ਇਕ ਦਿਨ ਸਿੰਘਾਂ ਨੂੰ ਇਕ ਸੁੰਦਰ ਤਖ਼ਤ ਤਿਆਰ ਕਰਨ ਦਾ ਹੁਕਮ ਕੀਤਾ। ਸਿੰਘਾਂ ਨੇ ਮੌਜੂਦਾ ਤਖ਼ਤ ਸਾਹਿਬ ਵਾਲੇ ਅਸਥਾਨ ਉੱਪਰ ਸੁੰਦਰ ਤਖ਼ਤ ਸਜਾਇਆ ਅਤੇ ਇਸ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਦਮਦਮੀ ਬੀੜ) ਪ੍ਰਕਾਸ਼ਮਾਨ ਕੀਤੇ ਗਏ। 4 ਅਕਤੂਬਰ, 1708 ਈ. ਨੂੰ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਬ ਖ਼ਸ਼ੀ ਅਤੇ ਸਮੂਹ

ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ‘ਸ਼ਬਦ-ਗੁਰੂ’ ਮੰਨਣ ਦਾ ਹੁਕਮ ਦਿੱਤਾ। ਹੁਕਮ ਕੀਤਾ ਕਿ ਖਾਲਸੇ ਨੇ ਹਮੇਸ਼ਾ ਗੁਰਮਤਿ ਰਹਿਤ ਵਿਚ ਅਤੇ ਸ਼ਸਤਰਧਾਰੀ ਹੋ ਕੇ ਜੀਵਨ ਬਤੀਤ ਕਰਨਾ ਹੈ । ਸ਼ਬਦ-ਬਾਣੀ ਪੜ੍ਹਨੀ ਅਤੇ ਗੁਰਪੁਰਬ ਕਰਦੇ ਰਹਿਣਾ ਹੈ। ਇਸ ਦਿਨ ਗੁਰੂ ਸਾਹਿਬ ਨੇ ਇੱਕਤਰ ਹੋਈਆਂ ਸਮੂਹ ਸਿੱਖ ਸੰਗਤਾਂ ਨੂੰ ਖੁੱਲ੍ਹਾ ਗੁਰਮਤਿ ਉਪਦੇਸ਼ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਕਿਹਾ ਕਿ ਸਾਡੇ ਤੋਂ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖਾਲਸਾ ਪੰਥ ਦੀ ‘ਗੁਰੂ’ ਰੂਪ ਵਿਚ ਅਗਵਾਈ ਕਰਨਗੇ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਨੂੰ ਇੱਥੇ ਰਹਿ ਕੇ ਇਸ ਅਸਥਾਨ ਦੀ ਸੇਵਾ-ਸੰਭਾਲ ਕਰਨ ਲਈ ਹੁਕਮ ਦਿੱਤਾ। ਭਾਈ ਸੰਤੋਖ ਸਿੰਘ ਨੂੰ ਹੁਕਮ ਦਿੱਤਾ ਕਿ ਸਾਡੇ ਤੋਂ ਮਗਰੋਂ ਤੁਸੀਂ ਇਸ ਅਸਥਾਨ ਉੱਪਰ ਦੇਗ-ਲੰਗਰ ਚਲਾਉਣਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨਾਂਦੇੜ ਦੀ ਧਰਤੀ ਉੱਤੇ ਆਖ਼ਰੀ ਵਾਰ ਸੰਗਤਾਂ ਨੂੰ ਗੁਰਮਤਿ ਦਾ ਉਪਦੇਸ਼ ਦੇ ਕੇ 7 ਅਕਤੂਬਰ, 1708 ਈ. ਦੀ ਰਾਤ ਨੂੰ ਜੋਤੀ ਜੋਤਿ ਸਮਾ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਇੱਥੇ ਪਧਾਰਣ ਨਾਲ ਅਜੋਕੇ ਸਮੇਂ ਵਿਚ ਨਾਂਦੇੜ ਦੱਖਣੀ ਭਾਰਤ ਵਿਚ ਸਿੱਖ ਸੰਗਤਾਂ ਦਾ ਪ੍ਰਸਿੱਧ ਕੇਂਦਰ ਬਣ ਗਿਆ ਹੈ। ਅੱਜ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਇੱਥੇ ਸਥਿਤ ਹੈ।

ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਬਹੁਤ ਸਾਰੇ ਸਿੰਘ ਆਪਣੀਆਂ ਤਨਖਾਹਾਂ ਲੈ ਕੇ ਪੰਜਾਬ ਵਿਚ ਵਾਪਿਸ ਆਪਣੇ ਘਰਾਂ ਨੂੰ ਪਰਤ ਆਏ ਸ ਨ ਅਤੇ ਗਿਣਤੀ ਦੇ ਹੀ ਨਿਕਟਵਰਤੀ ਸਿੰਘ ਨਾਂਦੇੜ ਵਿਖੇ ਗੁਰੂ ਜੀ ਦੇ ਚਰਨਾਂ ਵਿਚ ਟਿਕੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਇਸ ਅਸਥਾਨ ਉਪਰ ਸਿੰਘਾਂ ਨੇ ਅੰਗੀਠਾ (ਥੜ੍ਹਾ) ਤਿਆਰ ਕੀਤਾ ਅਤੇ ਉਸ ਉੱਪਰ ਸ਼ਸਤਰ ਸਜਾ ਕੇ ਰੱਖੇ। ਭਾਈ ਦਇਆ ਸਿੰਘ , ਭਾਈ ਧਰਮ ਸਿੰਘ ਅਤੇ ਹੋਰ ਸਿੱਖ ਇਸ ਅਸਥਾਨ ਦੀ ਸੇਵਾ -ਸੰਭਾਲ ਕਰਨ ਲੱਗੇ। ਭਾਈ ਸੰਤੋਖ ਸਿੰਘ ਇਸ ਅਸਥਾਨ ਦੇ ਪਹਿਲੇ ਜਥੇਦਾਰ ਥਾਪੇ ਗਏ ਸਨ। ਇਨ੍ਹਾਂ ਨੇ ਇੱਥੇ ਹੀ ਗੁਰੂ ਦੇ ਅਸਥਾਨ ’ਤੇ ਰਹਿ ਕੇ ਆਪਣਾ ਬਾਕੀ ਜੀਵਨ ਬਤੀਤ ਕੀਤਾ ਅਤੇ ਗੁਰੂ ਦੇ ਹੁਕਮ ਅਨੁਸਾਰ ਲੰਗਰ ਦੀ ਸੇਵਾ ਨਿਭਾਈ। ਬਾਅਦ ਵਿਚ ਪੰਜਾਬ ਵਿਚੋਂ ਨਿਹੰਗ ਸਿੰਘ ਨਾਂਦੇੜ ਵਿਖੇ ਗੁਰੂ ਜੀ ਦੇ ਇਸ ਅਸਥਾਨ ਦੇ ਦਰਸ਼ਨ ਕਰਨ ਅਤੇ ਸੇਵਾ-ਸੰਭਾਲ ਲਈ ਪਹੁੰਚਣ ਲੱਗੇ।

1709 ਈ. ਵਿਚ ਅਕਾਲੀ ਗੁਰਬਖ਼ਸ਼ ਸਿੰਘ ਨਿਹੰਗ ਅਤੇ ਅਕਾਲੀ ਗਜਗਾਹ ਸਿੰਘ ਨਿਹੰਗ ਕੁਝ ਸਿੰਘਾਂ ਸਮੇਤ ਨਾਂਦੇੜ ਵਿਖੇ ਪਹੁੰਚੇ। ਉਸ ਸਮੇਂ ਨਾਂਦੇੜ ਦੇ ਹਾਲਾਤ ਖ਼ਰਾਬ ਸਨ। ਜ਼ਿਆਦਾਤਰ ਹਰ ਪਾਸੇ ਜੰਗਲ ਸਨ ਅਤੇ ਦੂਜਾ ਇੱਥੇ ਤੁਰਕਾਂ ਦਾ ਜੋਰ ਸੀ। ਉਸ ਸਮੇਂ ਗੁਰੂ ਸਾਹਿਬ ਦਾ ਅਸਥਾਨ ਚਾਰੇ ਪਾਸੇ ਤੋਂ ਖੁੱਲ੍ਹਾ ਸੀ। ਇਸ ਜਥੇ ਨੇ ਦੂਰ -ਦੂਰ ਤੱਕ ਮੈਦਾਨ ਬਣਾ ਕੇ ਸ ਫ਼ਾਈ ਕੀਤੀ ਅਤੇ ਜੰਗਲਾਂ ਵਿਚੋਂ ਕਿਕਰਾਂ , ਝਾੜੀਆਂ ਆਦਿਕ ਦਰੱਖਤ ਕੱਟ ਕੇ ਉਸ ਅਸਥਾਨ ਦੀ ਵਾੜ ਕੀਤੀ। ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਵਾਸਤੇ ਬਾਉਲੀ ਦੀ ਖੁਦਾਈ ਦਾ ਕੰਮ ਆਰੰਭ ਕੀਤਾ। 1710 ਈ. ਵਿਚ ਲਗਭਗ ਤੀਹ ਸਿੰਘਾਂ ਦੇ ਜਥੇ ਨੂੰ ਲੈ ਕੇ ਭਾਈ ਮੇਲਾ ਸਿੰਘ ਨਾਂਦੇੜ ਪਹੁੰਚ ਗਏ। ਇਨ੍ਹਾਂ ਨੇ ਇਕ ਹਜ਼ਾਰ ਰੁਪਏ ਖ਼ਰਚ ਕਰਕੇ ਗੁਰੂ ਸਾਹਿਬ ਦੇ ਅਸਥਾਨ ਉਪਰ ਪੱਕਾ ਥੜ੍ਹਾ ਤਿਆਰ ਕਰਵਾ ਦਿੱਤਾ ਸੀ । ਬਾਅਦ ਵਿਚ ਅਕਾਲੀ ਅਕਲ ਕਲਾ ਸਿੰਘ ਨਿਹੰਗ ਕੁਝ ਸਿੰਘਾਂ ਦੇ ਜਥੇ ਸਮੇਤ ਨਾਂਦੇੜ ਪਹੁੰਚੇ।

ਇਸ ਸਮੇਂ ਪੰਜਾਬ ਅਤੇ ਭਾਰਤ ਵਿਚ ਮੁਗ਼ਲ ਹਕੂਮਤ ਦਾ ਰਾਜ ਸੀ। ਨਾਂਦੇੜ ਦੇ ਇਸ ਇਲਾਕੇ ਵਿਚ ਤੁਰਕਾਂ ਦਾ ਜੋਰ ਸੀ ਜੋ ਖ਼ਾਲਸੇ ਨੂੰ ਆਪਣਾ ਦੁਸ਼ਮਣ ਮੰਨਦੇ ਸੀ ਅਤੇ ਇਹ ਹਜ਼ੂਰੀ ਸਿੰਘਾਂ ਅਤੇ ਨਿਹੰਗ ਸਿੰਘਾਂ ਉੱਪਰ ਹਮਲੇ ਕਰਕੇ ਹਰ ਸਮੇਂ ਇਨ੍ਹਾਂ ਨੂੰ ਦਬਾਉਣ ਦੀ ਕੋਸ਼ਿ ਸ਼ ਕਰਦੇ ਰਹਿੰਦੇ ਸ ਨ ਪਰ ਸਿੰਘਾਂ ਨੇ ਕਦੇ ਵੀ ਆਪਣੀ ਹਾਰ ਨਹੀਂ ਮੰਨੀ ਅਤੇ ਬੜੇ ਉੱਦਮ ਨਾਲ ਗੁਰੂ ਜੀ ਦੇ ਪਵਿੱਤਰ ਅਸਥਾਨ ਦੀ ਸੇਵਾ -ਸੰਭਾਲ ਜਾਰੀ ਰੱਖਦੇ ਸ ਨ। ਇਸ ਸਮੇਂ ਤੱਕ ਪੰਜਾਬ ਵਿਚ ਬੰਦਾ ਸਿੰਘ ਦੀ ਅਗਵਾਈ ਹੇਠ ਮੁਗ਼ਲ ਹਕੂਮਤ ਖਿਲਾਫ਼ ਜ਼ਬਦਰਸਤ ਸੰਘਰਸ਼ ਚੱਲ ਰਿਹਾ ਸੀ। ਇਸ ਸਮੇਂ ਦੌਰਾਨ ਮੁਗ਼ਲ ਹਕੂਮਤ ਸਿੱਖਾਂ ਨੂੰ ਸ਼ੱਕ ਅਤੇ ਨਫ਼ਰਤ ਦੀ ਨਜ਼ਰ ਨਾਲ ਦੇਖਦੀ ਸੀ। ਪਿੰਡਾਂ ਵਿਚ ਰਹਿੰਦੇ ਸਿੱਖਾਂ ਨੂੰ ਵੀ ਨਿਸ਼ਾਨੇ ਹੇਠ ਲਿਆ ਜਾਂਦਾ ਸੀ। ਇਸ ਦਾ ਪ੍ਰਭਾਵ ਤਖ਼ਤ ਸ੍ਰੀ ਹਜ਼ੂਰ ਸਾਹਿਬ ਉੱਪਰ ਵੀ ਪਿਆ। ਇਸ ਕਾਰਨ ਪੰਜਾਬ ਤੋਂ ਇੱਥੇ ਸਿੰਘਾਂ ਦਾ ਆਉਣਾ-ਜਾਣਾ ਬਹੁਤ ਘੱਟ ਗਿਆ। ਇਸ ਸਮੇਂ ਤਖ਼ਤ ਸਾਹਿਬ ਦਾ ਪ੍ਰਬੰਧ ਉਦਾਸੀ ਸੰਤਾਂ ਨੇ ਸੰਭਾਲ ਲਿਆ ਸੀ। ਇਨ੍ਹਾਂ ਨੇ ਤਖ਼ਤ ਸਾਹਿਬ ਦਾ ਪ੍ਰਬੰਧ ਸੰਭਾਲਣ ਦੇ ਨਾਲ -ਨਾਲ ਇੱਥੇ ਅਮਨ -ਸਾਂਤੀ ਕਾਇਮ ਕਰਨ ਵਾਸਤੇ ਵੀ ਬਹੁਤ ਉੱਦਮ ਕੀਤਾ ਸੀ। ਨਾਂਦੇੜ ਦੇ ਹਜ਼ੂਰੀ ਸਿੰਘਾਂ ਨੇ ਸਥਾਨਿਕ ਇਸਤਰੀਆਂ ਨਾਲ ਵਿਆਹ ਰਚ ਕੇ ਆਪਣੇ ਪਰਿਵਾਰ ਚਲਾਏ ਅਤੇ ਉਨ੍ਹਾਂ ਨੇ ਅਗਲੀਆਂ ਪੀੜ੍ਹੀਆਂ ਨੂੰ ਗੁਰਮਤਿ ਸਿੱਖਿਆ ਅਤੇ ਸ਼ਸਤਰ ਵਿੱਦਿਆ ਵਿਚ ਨਿਪੁੰਨ ਕੀਤਾ।

ਅਠਾਰ੍ਹਵੀਂ ਸਦੀ ਦੇ ਅ ਖ਼ੀਰਲੇ ਦਹਾਕੇ ਤੱਕ ਪ੍ਰਬੰਧ ਉਦਾਸੀ ਸੰਤ ਸੰਭਾਲਦੇ ਰਹੇ ਪਰ ਇਸ ਸਮੇਂ ਦੌਰਾਨ ਪੰਜਾਬ ਤੋਂ ਆਏ ਸਿੰਘ ਵੀ ਨਾਲੋ -ਨਾਲ ਸੇਵਾ ਕਰਦੇ ਰਹੇ ਸਨ। ਪੰਜਾਬ ਵਿਚ ਮਿਸਲਾਂ ਦੇ ਰੂਪ ਵਿਚ ਸਿੱਖ ਰਾਜ ਸਥਾਪਿਤ ਹੋਣ ਕਾਰਨ ਨਾਂਦੇੜ ਵਿਖੇ ਮੁੜ ਸਿੰਘਾਂ ਦਾ ਆਉਣਾ -ਜਾਣਾ ਸ਼ੁਰੂ ਹੋ ਗਿਆ ਸੀ। ਅਜਿਹੇ ਸਮੇਂ ਸਿੰਘਾਂ ਨੇ ਤਖ਼ਤ ਸਾਹਿਬ ਦਾ ਪ੍ਰਬੰਧ ਉਦਾਸੀਆਂ ਕੋਲੋਂ ਮੁੜ ਆਪਣੇ ਹੱਥਾਂ ਵਿਚ ਲੈ ਲਿਆ ਸੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਉਸ ਸਮੇਂ ਹੈਦਰਾਬਾਦ ਰਿਆਸਤ ਵਿਚ ਆਉਂਦਾ ਸੀ। ਪੰਜਾਬ ਵਿਚ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ (1780-1839 ਈ.) ਦਾ ਰਾਜ ਸੀ। ਇਸ ਰਿਆਸਤ ਵਿਚ ਬਦਮਅਨੀ ਫੈਲੀ ਹੋਣ ਕਾਰਨ ਉਸ ਸਮੇਂ ਹੈਦਰਾਬਾਦ ਦੇ ਨਿਜ਼ਾਮ ਨੇ ਆਪਣੇ ਵਜ਼ੀਰ ਚੰਦੂ ਲਾਲ ਦੀ ਸਲਾਹ ਨਾਲ ਸ਼ੇਰੇ -ਪੰਜਾਬ ਮਹਾਰਾਜਾ ਰਣਜੀਤ ਸਿੰਘ ਪਾਸੋਂ ਸੈਨਿਕ ਮਦਦ ਮੰਗੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਦੀ ਸੈਨਿਕ ਮਦਦ ਲਈ ਸਿੱਖ ਫ਼ੌਜ ਹੈਦਰਾਬਾਦ ਭੇਜੀ ਅਤੇ ਬਦਅਮਨੀ ਉਪਰ ਕਾਬੂ ਪਾਇਆ। ਇਸ ਫ਼ੌਜ ਨੇ ਮਹਾਰਾਜੇ ਦੇ ਹੁਕਮ ਅਨੁਸਾਰ ਹੈਦਰਾਬਾਦ ਵਿਚ ਹੀ ਪੱਕੇ ਡੇਰੇ ਲਗਾਏ। ਇਸ ਤੋਂ ਬਾਅਦ ਮਹਾਰਾਜੇ ਨੇ ਸ੍ਰ. ਚੰਦਾ ਸਿੰਘ ਨੂੰ ਤਿੰਨ ਲੱਖ ਰੁਪਏ ਦੇ ਕਾਰੀਗਰਾਂ ਸਮੇਤ ਨਾਂਦੇੜ ਵਿਖੇ ਤਖ਼ਤ ਸਾਹਿਬ ਦੀ ਉਸਾਰੀ ਕਰਵਾਉਣ ਲਈ ਭੇਜਿਆ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਪਹਿਲੀ ਵਾਰ 1829-39 ਈ. ਦੇ ਦੌਰਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਦੋ ਮੰਜਿਲੀ ਸੁੰਦਰ ਇਮਾਰਤ ਤਿਆਰ ਕਰਵਾਈ। ਇਸ ਸਮੇਂ ਹੈਦਰਾਬਾਦ ਨਿਜ਼ਾਮ ਅਤੇ ਉਸ ਦੇ ਵਜ਼ੀਰ ਚੰਦੂ ਲਾਲ ਨੇ ਤਖ਼ਤ ਸਾਹਿਬ ਲਈ ਬੇਅੰਤ ਮਾਇਆ ਅਤੇ ਹੋਰ ਕੀਮਤੀ ਸਾਮਾਨ ਭੇਟ ਕੀਤਾ। ਪੰਜ ਪਿੰਡਾ ਦੀ ਜ਼ਮੀਨ ਤਖ਼ਤ ਦੇ ਨਾਮ ਜਾਗੀਰ ਵਜੋਂ ਲਗਾਈ ਗਈ ਸੀ ਪਰ ਅਫ਼ਸੋਸ ਕਿ ਸਮੇਂ ਦੇ ਫੇਰ ਬਦਲ ਨਾਲ ਅੱਜ ਇਸ ਵਿਚੋਂ ਬਹੁਤ ਸਾਰੀ ਜ਼ਮੀਨ ਖ਼ੁਰਦ-ਬੁਰਦ ਹੋ ਗਈ ਹੈ। ਸਮੇਂ ਸਮੇਂ 'ਤੇ ਸਿੰਘਾਂ ਨੇ ਤਖ਼ਤ ਸਾਹਿਬ ਦੇ ਆਸ -ਪਾਸ ਦਰਸ਼ਨਾਂ ਲਈ ਆਏ ਯਾਤਰੀਆਂ ਦੇ ਰੁਕਣ ਲਈ ਅਤੇ ਗੁਰਮਤਿ ਦੇ ਪ੍ਰਚਾਰ ਲਈ ਕਈ ਬੁੰਗੇ ਉਸਾਰੇ। ਬਾਅਦ ਵਿਚ ਇਕ ਲੰਮਾ ਸਮਾਂ ਤਖ਼ਤ ਸਾਹਿਬ ਦਾ ਪ੍ਰਬੰਧ ਹੈਦਰਾਬਾਦ ਨਿਜ਼ਾਮ ਸਰਕਾਰ ਨੇ ਸੰਭਾਲਿਆ ਅਤੇ ਦੇਖਿਆ।

ਇਸ ਅਰਸੇ ਵਿਚ ਕੁਝ ਕਾਰਨਾਂ ਕਰਕੇ ਤਖ਼ਤ ਸਾਹਿਬ ਦੀ ਬਹੁਤੀ ਜ਼ਮੀਨ-ਜਾਇਦਾਦ ਕੁਝ ਵਿਅਕਤੀਆਂ ਵੱਲੋਂ ਜ਼ਬਤ ਹੁੰਦੀ ਰਹੀ। ਅਜਿਹੇ ਕੰਮਾਂ ਦੀ ਜਿੰਮੇਵਾਰੀ ਅਤੇ ਨਿਗਰਾਨੀ ਲਈ ਸੰਨ 1900 ਈ.

ਦੇ ਆਸ-ਪਾਸ ਨਿਜ਼ਾਮ ਹੈਦਰਾਬਾਦ ਨੇ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਰਾਜਿਆਂ ਅਤੇ ਪ੍ਰਮੁੱਖ ਸਿੱਖਾਂ ਦੀ ਸਹਿਮਤੀ ਨਾਲ ਤਖ਼ਤ ਸਾਹਿਬ ਦੀ ਇਕ ਸਦਰ ਤੇ ਮੁਕਾਮੀ ਕਮੇਟੀ ਬਣਾ ਦਿੱਤੀ ਸੀ , ਜਿਸਨੇ ਤਖ਼ਤ ਦੇ ਪ੍ਰਬੰਧ ਨੂੰ ਸੁਧਾਰਿਆ। ਇਸ ਕਮੇਟੀ ਦਾ ਪਹਿਲਾ ਪ੍ਰਧਾਨ ਡਾ. ਹੈਂਕਿਨ (Doctor A. C. Hankin, Director General of Police) ਅਤੇ ਚੇਅਰਮੈਨ ਡੀ. ਸੀ. (District Collector) ਸਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਇਕ ਸਰਬਰਾਹ ਨਿਯੁਕਤ ਕੀਤਾ ਜਾਣ ਲੱਗਿਆ ਸੀ। ਸ੍ਰ ਗੰਡਾ ਸਿੰਘ ਨੂੰ ਪਹਿਲਾ ਸਰਬਰਾਹ ਨਿਯੁਕਤ ਕੀਤਾ ਗਿਆ ਸੀ। ਇਸ ਸਮੇਂ ਤੱਕ ਤੁਰਕਾਂ ਦੇ ਹਮਲੇ ਵੀ ਲਗਭਗ ਬੰਦ ਹੋ ਗਏ ਸਨ।

1956 ਈ. ਤੱਕ ਤਖ਼ਤ ਸਾਹਿਬ ਦਾ ਪ੍ਰਬੰਧ ਮੁਖ ਤੌਰ ਉੱਤੇ ਨਿਜ਼ਾਮ ਸਰਕਾਰ ਚਲਾਉਂਦੀ ਰਹੀ। ਡਾਇਰੈਕਟਰ ਜਨਰਲ ਆਫ਼ ਪੁਲਿਸ (DGP) ਅਤੇ ਜ਼ਿਲ੍ਹਾ ਕੁਲੈਕਟਰ (DC) ਇਥੋਂ ਦੀ ਕਮੇਟੀ ਦੇ ਪ੍ਰਧਾਨ ਅਤੇ ਚੇਅਰਮੈਨ ਹੁੰਦੇ ਸਨ। ਸਭ ਤਰ੍ਹਾਂ ਦੇ ਪ੍ਰਬੰਧ ਦੀ ਜਿੰਮੇਵਾਰੀ ਇਨ੍ਹਾਂ ਦੀ ਹੁੰਦੀ ਸੀ ਪਰ ਪਿਛੋਂ ਇਹ ਪ੍ਰਬੰਧ ਮੁੜ ਸਿੱਖਾਂ ਦੇ ਹੱਥਾਂ ਵਿਚ ਆਉਂਦਾ ਗਿਆ ਅਤੇ ਸੁਧਰਦਾ ਗਿਆ। ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਨੂੰ ਸਰਕਾਰੀ ਹੱਥਾਂ ਵਿਚੋਂ ਆਜ਼ਾਦ ਕਰਵਾਉਣ ਲਈ ਇੱਥੇ ਦੇ ਹਜ਼ੂਰੀ ਖਾਲਸਾ ਅਤੇ ਨਿਹੰਗ ਸਿੰਘਾਂ ਨੇ ਹਮੇਸ਼ਾ ਅੱਗੇ ਹੋ ਕੇ ਸੰਘਰਸ਼ ਕੀਤਾ। ਅੰਤ ਸਰਕਾਰ ਨੂੰ ਖਾਲਸੇ ਦੇ ਕੀਤੇ ਗਏ ਯਤਨਾਂ ਅੱਗੇ ਝੁਕਣਾਂ ਪਿਆ ਅਤੇ ਹੈਦਰਾਬਾਦ ਸਰਕਾਰ ਦੇ ਗਜ਼ਟ ਅਨੁਸਾਰ ਗੁਰਦੁਆਰਿਆਂ ਦੇ ਪ੍ਰਬੰਧ ਲਈ 20 ਸਤੰਬਰ, 1956 ਈ. ਨੂੰ 'ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ' (17 ਮੈਂਬਰੀ) ਅਤੇ ਪੰਜ ਮੈਂਬਰੀ ਮੈਨੇਜਿੰਗ ਕਮੇਟੀ ਦੀ ਸਥਾਪਨਾ ਹੋਈ। ਇਸ ਤਰ੍ਹਾਂ ਸਮੁੱਚਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਨੂੰ ਸੌਂਪ ਦਿੱਤਾ ਅਤੇ ਇਹ ਪ੍ਰਬੰਧ ਖਾਲਸਾ ਪੰਥ ਦੇ ਹੱਥਾਂ ਵਿਚ ਆ ਗਿਆ।

ਉਪਰੋਕਤ ਗੁਰਦੁਆਰਾ ਬੋਰਡ ਵਿਚ 22 ਸਤੰਬਰ, 1969 ਈ. ਨੂੰ ਬੋਰਡ ਦੀ ਬਣਤਰ ਵਿਚ ਕੁਝ ਨਵੇਂ ਸੁਧਾਰ ਕਰਕੇ ਪਹਿਲੇ ਹੀ ਪੈਟਰਨ ਉੱਤੇ ਨਵਾਂ ਗੁਰਦੁਆਰਾ ਬੋਰਡ ਬਣਾਇਆ ਗਿਆ। ਵਰਤਮਾਨ ਸਮੇਂ ਵਿਚ ਇਹੀ ਗੁਰਦੁਆਰਾ ਬੋਰਡ ਕੰਮ ਕਰ ਰਿਹਾ ਹੈ। ਸਾਲ 2000 ਤੋਂ ਬਾਅਦ ਮਹਾ ਰਾਸ਼ਟਰ ਸਰਕਾਰ ਕਿਸੇ ਨਾ ਕਿਸੇ ਰੂਪ ਵਿਚ ਗੁਰਦੁਆਰਾ ਬੋਰਡ ਦੇ ਪ੍ਰਬੰਧ ਵਿਚ ਦਖ਼ਲ ਦਿੰਦੀ ਰਹੀ ਹੈ

ਇਸ ਤਰ੍ਹਾਂ ਭਾਵੇਂ ਇਸ ਤਖ਼ਤ ਸਾਹਿਬ ਉੱਤੇ ਕੁਝ ਸਮਾਂ ਉਦਾਸੀ ਸਾਧੂਆਂ ਅਤੇ ਸਰਕਾਰ ਦਾ ਪ੍ਰਭਾਵ ਰਿਹਾ ਸੀ। ਪਰ ਫਿਰ ਵੀ ਸਿੱਖੀ ਦੇ ਪ੍ਰਚਾਰ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਇਥੋਂ ਕਾਰਜ ਹੁੰਦੇ ਰਹੇ ਹਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਪੁਰਾਤਨ ਸਮੇਂ ਤੋਂ ਪੰਥ ਦੇ ਧਾਰਮਿਕ , ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਉੱਤੇ ਹੁਕਮਨਾਮੇ ਜਾਰੀ ਕਰਕੇ ਸਿੱਖ ਸਿਧਾਂਤਾਂ ਅਨੁਸਾਰ ਪੰਥ ਦੀ ਅਗਵਾਈ ਕਰਦਾ ਆ ਰਿਹਾ ਹੈ। ਅਜੋਕੇ ਸਮੇਂ ਵਿਚ ਇਹ ਅਸਥਾਨ ਦੱਖਣੀ ਭਾਰਤ ਦੀਆਂ ਸਿੱਖ ਸੰਗਤਾਂ ਅਤੇ ਪੰਥ ਦੀਆਂ ਧਾਰਮਿਕ -ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਹੈ। ਗੁਰਦੁਆਰਾ ਸੱਚਖੰਡ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਵੱਲੋਂ ਸਥਾਪਿਤ ਗੁਰਮਤਿ ਵਿੱਦਿਆਲੇ ਅਤੇ ਸਕੂਲਾਂ-ਕਾਲਜਾਂ ਦੁਆਰਾ ਨਾਂਦੇੜ ਦੇ ਖੇਤਰ ਵਿਚ ਆਧੁਨਿਕ ਸਿੱਖਿਆ, ਗੁਰਮਤਿ ਵਿੱਦਿਆ ਅਤੇ ਸਿੱਖੀ ਦੇ ਪ੍ਰਚਾਰ -ਪ੍ਰਸਾਰ ਵਿਚ ਬਹੁਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਮੌਜੂਦਾ ਸਮੇਂ ਵਿਚ ਨਾਂਦੇੜ ਸ਼ਹਿਰ ਵਿਚ ਕਈ ਸਕੂਲ , ਕਾਲਜ਼, ਯੂਨੀਵਰਸਿਟੀ ਅਤੇ ਹੋਰ ਵਿੱਦਿਅਕ ਸੰਸਥਾਵਾਂ (ਗੁਰਮਤਿ ਪ੍ਰਚਾਰ ਵਿਦਿਆਲੇ ) ਸਥਿਤ ਹਨ। ਇਹ ਵਿੱਦਿਅਕ ਸੰਸਥਾਵਾਂ ਸਮੁੱਚੇ ਭਾਰਤ ਵਿਚ ਕਿੱਤਾਮੁਖੀ ਅਤੇ ਗੁਰਮਤਿ ਵਿੱਦਿਆ ਪ੍ਰਦਾਨ ਕਰ ਰਹੀਆਂ ਹਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਵੱਡੇ ਪੱਧਰ ’ਤੇ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿਚ ਯੋਗਦਾਨ ਪਾਇਆ ਜਾ ਰਿਹਾ ਹੈ।

## Abstract

## Historical and religious Significance of Sri Hazur Sahib Nanded

Takht Sri Hazur Sahib, one of the five Takhts of the Khalsa Panth, is located at Nanded Nagar, Maharashtra, in the southern region of India. This shrine is the focal point of the Sikh community in South India. Our research work is related to the topic 'Historical and Religious Significance of Shri Hazur Sahib Nanded'. In this research work, the historical background of Sri Hazur Sahib Nanded, its religious significance, its contribution to Sikh history and the current relevance of this shrine have been studied.

Nanded is an ancient historical and religious town. Godavari River has been flowing here since ancient times. Sages and Saints used to live here as a hermitage on the beautiful banks of Godavari and used to sing the glory of nature in the peaceful environment. In ancient times, this land was considered holy, religious and was worshiped because of the water of Godavari and the echo of divine words. Later, with the change of time, this area came under the administration of different dynasties and empires. Till 1956 AD Nanded area was part of Hyderabad state (princely state). Later, it was merged with the state of Maharashtra.

Guru Nanak Dev ji had blessed this town during his preaching journey to the south. By establishing a Sangat here, the foundation of the Sikhi Prachar Kendra was laid. Later, Guru Gobind Singh Ji visited the South in 1708 AD. He came here and lived here and completed great panthic work. Guru Sahib had conferred the post of Guru on Sri Guru Granth Sahib on this holy land. Banda Singh Bahadur was made Khalsa and sent to reform the tyrannical rule in Punjab. Guru Sahib passed away here on October 7, 1708 AD.

After Guru Gobind Singh Ji's Sachkhand Gaman, this shrine was maintained and managed by the Hazuri Singhs, Nihang Singhs, Udasi Sadhus and the Nizam Hyderabad Government at various times till the mid-twentieth century. During this period, many bungas were built on Hazur Sahib's land. During 1829-39 AD, Maharaja Ranjit Singh built the very beautiful building of Takht Sahib for the first time. From time-to-time Takht Sri Hazur Sahib

has been guiding the Khalsa Panth by issuing edicts on religious, social, and political matters.

The management of this place remained under the Nizam government till 1956 AD. According to the gazette of the Hyderabad government, this arrangement was handed over to the Sikhs by forming the 'Gurdwara Sachkhand Board' on 20 September 1956 AD. At present, Nanded Nagar is the district headquarters of the state of Maharashtra. There are many Gurdwaras in the memory of the Gurus. Today many schools, colleges, universities, and other educational-religious institutions are located here which are imparting modern and Gurmat education on a large scale throughout India. Takht Sri Hazur Sahib is contributing to social-religious works on a large scale.

**Key words (In Thesis): Takht, Hazur Sahib, Nanded, Maharashtra, South, Khalsa Panth.**

**Supervisor:**

Gunjanjot Kaur

**Dr. Gunjanjot Kaur**

Head and Assistant Professor

Department of Shri Guru Granth Sahib Studies,

Punjabi University, Patiala.

**Researcher:**

Jagraj Singh

**Jagraj Singh**

## ਸਾਰਾਂਸ਼

# ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਿਕ ਅਤੇ ਧਾਰਮਿਕ ਮਹੱਤਵ

ਭਾਰਤ ਦੇ ਦੱਖਣੀ ਖੇਤਰ ਵਿਚ ਮਹਾਰਾਸ਼ਟਰ ਦੇ ਨਾਂਦੇੜ ਨਗਰ ਵਿਖੇ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਥਿਤ ਹੈ। ਇਹ ਅਸਥਾਨ ਦੱਖਣੀ ਭਾਰਤ ਵਿਚ ਸਿੱਖ ਸੰਗਤਾਂ ਦਾ ਕੇਂਦਰ ਬਿੰਦੂ ਹੈ। ਸਾਡਾ ਖੋਜ-ਕਾਰਜ 'ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਿਕ ਅਤੇ ਧਾਰਮਿਕ ਮਹੱਤਵ' ਵਿਸ਼ੇ ਨਾਲ ਸੰਬੰਧਿਤ ਹੈ। ਇਸ ਖੋਜ-ਕਾਰਜ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸਕ ਪਿਛੋਕੜ, ਧਾਰਮਿਕ ਮਹੱਤਵ, ਸਿੱਖ ਇਤਿਹਾਸ ਵਿਚ ਪਾਏ ਇਸਦੇ ਯੋਗਦਾਨ ਅਤੇ ਇਸ ਅਸਥਾਨ ਦੀ ਵਰਤਮਾਨ ਪ੍ਰਸੰਗਿਕਤਾ ਦਾ ਅਧਿਐਨ ਕੀਤਾ ਗਿਆ ਹੈ।

ਨਾਂਦੇੜ ਇਕ ਪੁਰਾਤਨ ਇਤਿਹਾਸਕ ਅਤੇ ਧਾਰਮਿਕ ਨਗਰ ਹੈ। ਪ੍ਰਾਚੀਨ ਸਮੇਂ ਤੋਂ ਇੱਥੇ ਗੋਦਾਵਰੀ ਨਦੀ ਵਗਦੀ ਆ ਰਹੀ ਹੈ। ਸਾਧੂ-ਮਹਾਤਮਾ ਇੱਥੇ ਗੋਦਾਵਰੀ ਦੇ ਰਮਣੀਕ ਕੰਢੇ ਉੱਤੇ ਆਸ਼ਰਮ ਬਣਾ ਕੇ ਰਹਿੰਦੇ ਸਨ ਅਤੇ ਸ਼ਾਂਤ ਵਾਤਾਵਰਨ ਵਿਚ ਕੁਦਰਤ ਦੀ ਮਹਿਮਾ ਦਾ ਗਾਇਨ ਕਰਦੇ ਸਨ। ਪੁਰਾਤਨ ਸਮੇਂ ਵਿਚ ਇਹ ਧਰਤੀ ਗੋਦਾਵਰੀ ਦੇ ਪਾਣੀ ਅਤੇ ਰੱਬੀ ਬੋਲਾਂ ਦੀ ਗੂੰਜ ਨਾਲ ਪਵਿੱਤਰ, ਧਾਰਮਿਕ ਅਤੇ ਪੂਜਨੀਯ ਬਣੀ ਹੋਈ ਸੀ। ਬਾਅਦ ਵਿਚ ਸਮੇਂ ਦੇ ਫੇਰ ਬਦਲ ਨਾਲ ਇਹ ਇਲਾਕਾ ਵੱਖ-ਵੱਖ ਰਾਜਵੰਸ਼ਾਂ ਅਤੇ ਸਾਮਰਾਜਾਂ ਦੇ ਰਾਜ-ਪ੍ਰਬੰਧ ਅਧੀਨ ਆਉਂਦਾ ਰਿਹਾ ਸੀ। 1956 ਈ. ਤੱਕ ਨਾਂਦੇੜ ਦਾ ਇਲਾਕਾ ਹੈਦਰਾਬਾਦ ਰਾਜ (ਰਿਆਸਤ) ਦਾ ਹਿੱਸਾ ਰਿਹਾ। ਬਾਅਦ ਵਿਚ ਇਸ ਨੂੰ ਮਹਾਰਾਸ਼ਟਰ ਰਾਜ ਮਿਲਾ ਦਿੱਤਾ ਗਿਆ ਸੀ।

ਗੁਰੂ ਨਾਨਕ ਦੇਵ ਜੀ ਨੇ ਦੱਖਣ ਦੀ ਧਰਮ ਪ੍ਰਚਾਰ ਯਾਤਰਾ ਦੌਰਾਨ ਇਸ ਨਗਰ ਨੂੰ ਆਪਣੇ ਚਰਨਾਂ ਨਾਲ ਨਿਵਾਜਿਆ। ਇੱਥੇ ਸੰਗਤ ਸਥਾਪਿਤ ਕਰਕੇ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਦੀ ਫੇਰੀ ਸਮੇਂ 1708 ਈ. ਵਿਚ ਇੱਥੇ ਆ ਕੇ ਨਿਵਾਸ ਕੀਤਾ ਅਤੇ ਮਹਾਨ ਪੰਥਕ ਕਾਰਜ ਪੂਰੇ ਕੀਤੇ। ਗੁਰੂ ਸਾਹਿਬ ਨੇ ਇਸ ਪਾਵਨ ਧਰਤੀ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰਤਾਗੱਦੀ ਪ੍ਰਦਾਨ ਕੀਤੀ। ਬੰਦਾ ਸਿੰਘ ਬਹਾਦਰ ਨੂੰ ਖ਼ਾਲਸਾ ਸਜਾਉਣ ਉਪਰੰਤ ਥਾਪੜਾ ਕੇ ਪੰਜਾਬ ਵਿਚ ਜ਼ਾਲਮ ਹਾਕਮਾਂ ਨੂੰ ਸੋਧਣ ਲਈ ਤੋਰਿਆ। ਗੁਰੂ ਸਾਹਿਬ ਇੱਥੇ ਹੀ 7 ਅਕਤੂਬਰ, 1708 ਈ. ਨੂੰ ਜੋਤੀ ਜੋਤਿ ਸਮਾ ਗਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਕਰਨ ਤੋਂ ਬਾਅਦ ਵੀਹਵੀਂ ਸਦੀ ਦੇ ਅੱਧ ਤੱਕ ਵੱਖ-ਵੱਖ ਸਮੇਂ ਦੌਰਾਨ ਇਸ ਅਸਥਾਨ ਦਾ ਪ੍ਰਬੰਧ ਹਜ਼ੂਰੀ ਸਿੰਘਾਂ, ਨਿਹੰਗ ਸਿੰਘਾਂ, ਉਦਾਸੀ ਸਾਧੂਆਂ ਅਤੇ ਨਿਜ਼ਾਮ ਹੈਦਰਾਬਾਦ ਸਰਕਾਰ ਨੇ ਸੰਭਾਲਿਆ ਅਤੇ ਚਲਾਇਆ ਸੀ। ਇਸ ਸਮੇਂ ਦੌਰਾਨ ਹਜ਼ੂਰ ਸਾਹਿਬ ਦੀ ਧਰਤੀ 'ਤੇ ਕਈ ਬੁੰਗਿਆਂ ਦਾ ਨਿਰਮਾਣ ਹੋਇਆ। 1829-39 ਈ. ਦੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਪਹਿਲੀ ਵਾਰ ਤਖ਼ਤ ਸਾਹਿਬ ਦੀ ਬਹੁਤ ਸੁੰਦਰ ਇਮਾਰਤ ਬਣਵਾਈ। ਸਮੇਂ-ਸਮੇਂ 'ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਮਾਮਲਿਆਂ ਉੱਤੇ ਹੁਕਮਨਾਮੇ ਜਾਰੀ ਕਰਕੇ ਖਾਲਸਾ ਪੰਥ ਦੀ ਅਗਵਾਈ ਕਰਦਾ ਰਿਹਾ ਹੈ।

1956 ਈ. ਤੱਕ ਇਸ ਅਸਥਾਨ ਦਾ ਪ੍ਰਬੰਧ ਨਿਜ਼ਾਮ ਸਰਕਾਰ ਦੇ ਅਧੀਨ ਰਿਹਾ ਪਰ 20 ਸਤੰਬਰ, 1956 ਈ. ਨੂੰ ਹੈਦਰਾਬਾਦ ਸਰਕਾਰ ਦੇ ਗਜ਼ਟ ਅਨੁਸਾਰ 'ਗੁਰਦੁਆਰਾ ਸੱਚਖੰਡ ਬੋਰਡ' ਬਣਾ ਕੇ ਇਹ ਪ੍ਰਬੰਧ ਸਿੱਖਾਂ ਨੂੰ ਸੌਂਪ ਦਿੱਤਾ ਗਿਆ। ਵਰਤਮਾਨ ਸਮੇਂ ਵਿਚ ਨਾਂਦੇੜ ਨਗਰ ਮਹਾਰਾਸ਼ਟਰ ਰਾਜ ਦਾ ਇਕ ਜ਼ਿਲ੍ਹਾ ਹੈਡਕੁਆਰਟਰ ਹੈ। ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ ਕਈ ਗੁਰਦੁਆਰੇ ਸੁਭਾਇਮਾਨ ਹਨ। ਅੱਜ ਇੱਥੇ ਸਥਿਤ ਸਕੂਲ, ਕਾਲਜ, ਯੂਨੀਵਰਸਿਟੀ ਅਤੇ ਹੋਰ ਵਿਦਿਅਕ-ਧਾਰਮਿਕ ਸੰਸਥਾਵਾਂ ਵੱਡੇ ਪੱਧਰ 'ਤੇ ਸਮੁੱਚੇ ਭਾਰਤ ਵਿਚ ਆਧੁਨਿਕ ਅਤੇ ਗੁਰਮਤਿ ਸਿੱਖਿਆ ਪ੍ਰਦਾਨ ਕਰ ਰਹੀਆਂ ਹਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਸਮਾਜਿਕ-ਧਾਰਮਿਕ ਕਾਰਜਾਂ ਵਿਚ ਵੱਡੇ ਪੱਧਰ 'ਤੇ ਯੋਗਦਾਨ ਪਾ ਰਿਹਾ ਹੈ।

**ਮੁੱਖ ਸ਼ਬਦ: ਤਖ਼ਤ, ਹਜ਼ੂਰ ਸਾਹਿਬ, ਨਾਂਦੇੜ, ਮਹਾਰਾਸ਼ਟਰ, ਦੱਖਣ, ਖਾਲਸਾ ਪੰਥ।**

**ਨਿਗਰਾਨ:**

ਗੁੰਜਨਜੋਤ ਕੌਰ

**ਡਾ. ਗੁੰਜਨਜੋਤ ਕੌਰ**
ਮੁਖੀ ਅਤੇ ਅਸਿਸਟੈਂਟ ਪ੍ਰੋਫ਼ੈਸਰ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ:**

ਜਗਰਾਜ ਸਿੰਘ

**ਜਗਰਾਜ ਸਿੰਘ**

# ਪੁਸਤਕ ਸੂਚੀ


**ਗੁਰਬਾਣੀ ਸ਼ਬਦਾਰਥ**

- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (ਪੋਥੀ ਪਹਿਲੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ 2009.
- *ਸਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (ਪੋਥੀ ਤੀਜੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ, 2016.
- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (ਪੋਥੀ ਚੌਥੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2010.

**ਸਟੀਕ**

- ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ*, (ਭਾਗ ਗਿਆਰ੍ਹਵਾਂ), ਅਜੀਤ ਸਿੰਘ ਔਲਖ (ਅਨੁ.), ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2007 (ਪਹਿਲੀ ਐਡੀਸ਼ਨ).

**ਮੁਢਲੇ ਸ੍ਰੋਤ**

**ਪੰਜਾਬੀ**

- ਸੁਖਾ ਸਿੰਘ, ਭਾਈ, *ਗੁਰਬਿਲਾਸ ਪਾਤਸਾਹੀ ਦਸਮੀ,* ਮਨਵਿੰਦਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016 (ਪਹਿਲੀ ਵਾਰ).
- ਸੁਮੇਰ ਸਿੰਘ, ਬਾਬਾ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼,* ਅੱਛਰ ਸਿੰਘ ਕਾਹਲੋਂ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਪਹਿਲੀ ਵਾਰ).
- ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017 (ਚੌਥੀ ਵਾਰ).
- ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1992.

- ਕੁਇਰ ਸਿੰਘ , *ਗੁਰਬਿਲਾਸ ਪਾਤਸ਼ਾਹੀ ਦਸ,* ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 (ਤੀਜੀ ਵਾਰ).
- ਕੇਸਰ ਸਿੰਘ, ਭਾਈ, *ਗੁਰ ਪ੍ਰਣਾਲੀਆਂ,* ਗੰਡਾ ਸਿੰਘ (ਉਤਾਰਾਕਾਰ), ਸਿੱਖ ਹਿਸਟਰੀ ਸੋਸਾਇਟੀ , ਅੰਮ੍ਰਿਤਸਰ, ਨਾਨਕਸ਼ਾਹੀ ਸੰਮਤ 483.
- ਕੌਸ਼ਿਸ਼, ਸ੍ਰੂਪ ਸਿੰਘ , *ਗੁਰੂ ਕੀਆਂ ਸਾਖੀਆਂ ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2020 (ਅੱਠਵੀਂ ਵਾਰ).
- ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, 1987.
- ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ ), ਭਾਸ਼ਾ ਵਿਭਾਗ, ਪੰਜਾਬ, 2011 (ਪੰਜਵੀਂ ਵਾਰ).
- ਗਿਆਨ ਸਿੰਘ , ਗਿਆਨੀ , *ਤਵਾਰੀਖ ਗੁਰੂ ਖ਼ਾਲਸਾ* (ਭਾਗ ਦੂਜਾ), ਭਾਸ਼ਾ ਵਿਭਾਗ, ਪੰਜਾਬ, 1999 (ਤੀਜੀ ਵਾਰ).
- ਗਿਆਨ ਸਿੰਘ, ਗਿਆਨੀ, *ਨਿਰਮਲ ਪੰਥ ਪ੍ਰਦੀਪਕਾ ,* ਸੰਤ ਇੰਦਰ ਸਿੰਘ (ਸੰਪਾ.), ਨਿਰਮਲ ਪੰਚੈਤੀ ਅਖਾੜਾ, ਕਨਖਲ, [ਮਿਤੀਹੀਣ].
- ਗੁਰਦੁਆਰਾ ਗਜਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅੰਮ੍ਰਿਤਸਰ, ਜਿਲਦ 35, ਅੰਕ 11, ਨਵੰਬਰ 1965.
- ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ ,* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009 (ਚੌਥੀ ਵਾਰ).
- ਗੰਡਾ ਸਿੰਘ (ਸੰਪਾ.), *ਹੁਕਮਨਾਮੇ (ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖ਼ਾਲਸਾ ਜੀ ਦੇ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019 (ਰੀਪ੍ਰਿੰਟ).
- ਛਿੱਬਰ, ਕੇਸਰ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ,* ਸਿੰਘ ਬ੍ਰਦਰਜ਼ , ਅੰਮ੍ਰਿਤਸਰ, 2005 (ਦੂਜੀ ਵਾਰ).

- ਨਰੋਤਮ, ਪੰਡਿਤ ਤਾਰਾ ਹਰਿ, *ਸ੍ਰੀ ਗੁਰ ਤੀਰਥ ਸੰਗ੍ਰਹਿ* , ਸ੍ਰੀ ਨਿਰਮਲ ਪੰਚਾਇਤੀ ਅਖਾੜਾ , ਕਨਖਲ, 1975.
- ਪਦਮ, ਪਿਆਰਾ ਸਿੰਘ (ਸੰਪਾ.), *ਪ੍ਰਚੀਨ ਸੌ ਸਾਖੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014 (ਸੱਤਵੀਂ ਵਾਰ).
- ਪਦਮ, ਪਿਆਰਾ ਸਿੰਘ (ਸੰਪਾ.), *ਜ਼ਫ਼ਰਨਾਮਾ ਤੇ ਪੰਜ ਹੋਰ ਨਾਮੇ* , ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013 (ਛੇਵੀਂ ਵਾਰ).
- ਬਮਰ੍ਹਾ, ਅਮਰਜੀਤ ਕੌਰ , *ਤਵਾਰੀਖ਼ ਰਾਮਗੜ੍ਹੀਆਂ* , ਭਾਗ ਪਹਿਲਾ (1469-1947), ਰਾਮਗੜ੍ਹੀਆ ਐਸੋਸੀਏਸ਼ਨ, ਮੁੰਬਈ, ਪੂਨਾ (ਮਹਾਰਾਸ਼ਟਰ), 2010 (ਪਹਿਲਾ ਸੰਸਕਰਣ).
- ਬਾਜਵਾ, ਕੁਲਵਿੰਦਰ ਸਿੰਘ (ਸੰਪਾ.), *ਮਹਿਮਾ ਪ੍ਰਕਾਸ਼ (ਵਾਰਤਕ),* ਸਿੰਘ ਬ੍ਰਦਰਜ਼, ਅਮ੍ਰਿਤਸਰ, 2004 (ਪਹਿਲੀ ਵਾਰ).
- ਭੰਗੂ, ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2008 (ਅੱਠਵੀਂ ਐਡੀਸ਼ਨ).
- ਭੰਗੂ, ਰਤਨ ਸਿੰਘ , *ਸ੍ਰੀ ਗੁਰ ਪੰਥ ਪ੍ਰਕਾਸ਼* , ਬਲਵੰਤ ਸਿੰਘ ਢਿੱਲੋਂ (ਸੰਪਾ.), ਸਿੰਘ ਬ੍ਰਦਰਜ਼ , ਅੰਮ੍ਰਿਤਸਰ, 2004 (ਪਹਿਲੀ ਵਾਰ).
- ਭੱਲਾ, ਸਰੂਪ ਦਾਸ , *ਮਹਿਮਾ ਪ੍ਰਕਾਸ਼,* ਭਾਗ ਦੂਜਾ (ਖੰਡ-2), ਉਤਮ ਸਿੰਘ ਭਾਟੀਆ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2003 (ਦੂਜੀ ਵਾਰ).
- ਮੋਹਨ ਸਿੰਘ, ਗਿਆਨੀ, *ਤਵਾਰੀਖ ਸੱਚਖੰਡ,* ਸ੍ਰ. ਮਹਿੰਦਰ ਪ੍ਰੀਤ ਸਿੰਘ, ਨਾਂਦੇੜ, 1975 (ਅੱਠਵੀਂ ਐਡੀਸ਼ਨ).


**ਮਰਾਠੀ**


- ਅਰੁਣਚੰਦਰ ਸ਼ੰ. ਪਾਠਕ (ਸੰਪਾ.), *ਮਹਾਰਾਸ਼ਟਰ ਰਾਜ ਗਜ਼ਟੀਅਰ ਨਾਂਦੇੜ ਜ਼ਿਲ੍ਹਾ* (ਭਾਗ ਪਹਿਲਾ ਅਤੇ ਭਾਗ ਦੂਜਾ), ਦ੍ਰਸ਼ਨਿਕਾ ਵਿਭਾਗ, ਮਹਾਰਾਸ਼ਟਰ ਸ਼ਾਸਨ, ਮੁੰਬਈ, 2011 (ਪਹਿਲੀ ਵਾਰ).

**ਫ਼ਾਰਸੀ**

- ਸਾਕੀ, ਮੁਸਤਾਅਦ ਖ਼ਾਂ , *ਮਆਸਿਰਿ ਆਲਮਗੀਰੀ,* ਦਰਸ਼ਨ ਸਿੰਘ ਅਵਾਰਾ (ਅਨੁ.), ਫ਼ੌਜਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਦੂਜੀ ਵਾਰ).
- ਗੰਡਾ ਸਿੰਘ (ਸੰਪਾ.), *ਅਮਰਨਾਮਾ (ਫ਼ਾਰਸੀ ਮੂਲ, ਪੰਜਾਬੀ ਉਤਾਰਾ ਤੇ ਅਰਥ ),* ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1953.
- ਢਿੱਲੋਂ, ਬਲਵੰਤ ਸਿੰਘ, *ਹਕੀਕਤ-ਏ-ਸਿੱਖਾਂ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ , ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2014 (ਪਹਿਲੀ ਵਾਰ).
- ਭੰਡਾਰੀ, ਸੁਜਾਨ ਰਾਏ , *ਖ਼ੁਲਾਸਤੁਤ ਤਵਾਰੀਖ਼,* ਰਣਜੀਤ ਸਿੰਘ (ਅਨੁ.), ਫ਼ੌਜਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਦੂਜੀ ਵਾਰ).

**Persion Into English**

- Saqi, Mustad Khan, *Maasir-I-Alamgiri (A History of the Emperor Aurangzib-Alamgir),* (Reign 1658-1707 A. D.), Sir Jadu-Nath Sarkar (Translated), Royal Asiatic Society of Bengal, Calcutta, 1947.
- Suri, Lala Sohan Lal, *Umdat-Ut-Tawarikh,* Daftar III, Parts (I-V), V. S. Suri (Translated) S. Chand & Co., New Dehli, 1961.

**English**

- *District Census Handbook Nanded,* Series-28, Part XII-B, Census of India 2011 maharashtra, Directorate of Census Operations, Maharashtra, 2011.
- *Imperial Gazetteer of India Provincial Series Hyderabad State,* Superintdent of Government Printing, Calcutta, 1909.

- *Maharashtra State Gazetteers Nanded District,* The Director, Govt. Printing, Stationery and Publicatoins, Maharashtra State, Bombay, 1971. (First Edition).


**ਪੰਜਾਬੀ ਪੁਸਤਕਾਂ**


- ਅਮਰਜੀਤ ਸਿੰਘ ਅਤੇ ਪਰਮਜੀਤ ਸਿੰਘ ਸਰੋਆ (ਸੰਪਾ.), *ਬਾਬਾ ਨਿਧਾਨ ਸਿੰਘ ਜੀ ਜੀਵਨ ਤੇ ਯੋਗਦਾਨ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2012, (ਪਹਿਲੀ ਵਾਰ).
- ਅਰੋੜਾ, ਏ. ਸੀ., *ਪੰਜਾਬ ਦਾ ਇਤਿਹਾਸ (1469-1799),* ਪ੍ਰਦੀਪ ਪਬਲੀਕੇਸ਼ਨਜ਼, ਜਲੰਧਰ, 2006 (ਅਠਾਰਵੀਂ ਐਡੀਸ਼ਨ).
- ਅਰੋੜਾ, ਏ. ਸੀ., *ਪੰਜਾਬ ਦਾ ਇਤਿਹਾਸ (1799-1966),* ਪ੍ਰਦੀਪ ਪਬਲੀਕੇਸ਼ਨਜ਼, ਜਲੰਧਰ, 2013 (ਚੌਵੀਵੀਂ ਐਡੀਸ਼ਨ).
- ਅਰੋੜਾ, ਏ. ਸੀ. ਅਤੇ ਅੰਜੂ ਸੂਰੀ, *ਆਧੁਨਿਕ ਭਾਰਤ ਦਾ ਇਤਿਹਾਸ (1707-1996),* ਪ੍ਰਦੀਪ ਪਬਲੀਕੇਸ਼ਨਜ਼, ਜਲੰਧਰ, [ਮਿਤੀਹੀਣ].
- ਅਰੋੜਾ, ਏ . ਸੀ., *ਮੱਧ ਕਾਲੀਨ ਭਾਰਤ ਦਾ ਇਤਿਹਾਸ (1000-1750),* ਪ੍ਰਦੀਪ ਪਬਲੀਕੇਸ਼ਨਜ਼, ਜਲੰਧਰ, 2013 (ਪੱਚੀਵੀਂ ਐਡੀਸ਼ਨ).
- ਅਰੋੜਾ, ਏ. ਸੀ., *ਪ੍ਰਾਚੀਨ ਭਾਰਤ ਦਾ ਇਤਿਹਾਸ (ਆਰੰਭ ਤੋਂ ਲੈ ਕੇ 1200 ਈ. ਤੱਕ),* ਪ੍ਰਦੀਪ ਪਬਲੀਕੇਸ਼ਨਜ਼, ਜਲੰਧਰ, 2009 (ਇੱਕਵੀਂ ਐਡੀਸ਼ਨ).
- ਸਰਬਜਿੰਦਰ ਸਿੰਘ (ਸੰਪਾ.), *ਸ੍ਰੀ ਗੁਰੂ ਗੋਬਿੰਦ ਸਿੰਘ* , ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.
- ਸਰਕਾਰ, ਜਾਦੂ ਨਾਥ, *ਸ਼ਿਵਾ ਜੀ ਅਤੇ ਉਸ ਦਾ ਸਮਾਂ ,* ਅਮਰਵੰਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

- ਸਰੋਆ, ਪਰਮਜੀਤ ਸਿੰਘ, *ਸੇਵਾ-ਸਿਮਰਨ ਦੀ ਮੂਰਤਿ ਸੰਤ ਬਾਬਾ ਨਿਧਾਨ ਸਿੰਘ (ਜੀਵਨ ਅਤੇ ਸਿਧਾਂਤਕ ਪੱਖ),* ਸੰਤ ਬਾਬਾ ਨਿਧਾਨ ਸਿੰਘ ਜੀ ਕਲਚਰਲ ਸੁਸਾਇਟੀ, ਨਿਊਯਾਰਕ, 2008 (ਪਹਿਲੀ ਵਾਰ).
- ਸਹੋਤਾ, ਗੁਰਪ੍ਰੀਤ ਸਿੰਘ, *ਯਾਦਾਂ ਸ੍ਰੀ ਹਜ਼ੂਰ ਸਾਹਿਬ ਦੀਆਂ (ਸਫ਼ਰਨਾਮਾ),* ਪੰਜਾਬੀ ਸਾਹਿਤ ਪਬਲੀਕੇਸ਼ਨਜ਼, ਬਾਲੀਆਂ, ਸੰਗਰੂਰ, 2015.
- ਸਤਿਬੀਰ ਸਿੰਘ, *ਪੁਰਖ ਭਗਵੰਤ (ਜੀਵਨੀ ਗੁਰੂ ਗੋਬਿੰਦ ਸਿੰਘ ਜੀ),* ਨਿਊ ਬੁੱਕ ਕੰਪਨੀ, ਜਲੰਧਰ, 2004 (ਅੱਠਵੀਂ ਵਾਰ).
- ਸਾਹਿਬ ਸਿੰਘ (ਪ੍ਰੋ.), *ਜੀਵਨ ਬ੍ਰਿਤਾਂਤ: ਸ੍ਰੀ ਗੁਰੂ ਗੋਬਿੰਦ ਸਿੰਘ ਜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017 (ਪੰਦਰ੍ਹਵੀਂ ਵਾਰ).
- ਸਾਥੀ, ਨਿਰੰਜਨ ਸਿੰਘ, *ਚਰਨ ਚਲਉ ਮਾਰਗਿ ਗੋਬਿੰਦ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2010 (ਪਹਿਲੀ ਵਾਰ).
- ਸਿਨਹਾ, ਨਰਿੰਦਰ ਕ੍ਰਿਸ਼ਨ, *ਰਣਜੀਤ ਸਿੰਘ,* ਸੁਰਜੀਤ ਕੌਰ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਸੀਤਲ, ਸੋਹਣ ਸਿੰਘ, *ਬੰਦਾ ਸਿੰਘ ਸ਼ਹੀਦ (ਬੰਦਾ ਬਹਾਦਰ),* ਲਾਹੌਰ ਬੁੱਕ ਸ਼ਾਪ, ਲਧਿਆਣਾ, 1996 (ਪਹਿਲੀ ਵਾਰ).
- ਸ਼ੀਤਲ, ਅਵਤਾਰ ਸਿੰਘ, *ਸੱਚਖੰਡ ਦਰਸ਼ਨ,* ਗੁਰਮਤਿ ਗਿਆਨ ਪ੍ਰਚਾਰ ਕੇਂਦਰ, ਨਾਂਦੇੜ, 2014 (ਛੇਵੀਂ ਵਾਰ).
- ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਇਤਿਹਾਸਕ ਵਿਸ਼ਲੇਸ਼ਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਦੂਜੀ ਵਾਰ).
- ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ,* ਸੰਗਮ ਪਬਲੀਕੇਸ਼ਨਜ਼, ਸਮਾਣਾ, 2014.

- ਸੁਖਦਿਆਲ ਸਿੰਘ , *ਪੰਜਾਬ ਦਾ ਇਤਿਹਾਸ ਗੁਰੂ -ਕਾਲ 1469-1708,* (ਜਿਲਦ ਪੰਜਵੀਂ ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
- ਸੁਖਦਿਆਲ ਸਿੰਘ , *ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦੁਰ (1708-1706),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.
- ਸੁਖਦਿਆਲ ਸਿੰਘ, *ਬੰਦਾ ਸਿੰਘ ਬਹਾਦਰ ਇਤਿਹਾਸਕ ਅਧਿਐਨ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.
- ਸੁਰਿੰਦਰ ਸਿੰਘ, *ਮੱਧ ਕਾਲੀਨ ਭਾਰਤ ਦਾ ਇਤਿਹਾਸ (1000 ਈ.-1526 ਈ.),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 (ਪਹਿਲੀ ਵਾਰ).
- ਸੇਨ, ਐਸ. ਐਨ., *ਮਰਹੱਟਿਆਂ ਦੀ ਰਾਜ -ਪ੍ਰਬੰਧਕੀ ਪ੍ਰਣਾਲੀ,* ਗੁਰਬਚਨ ਸਿੰਘ ਸੇਠੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਸੰਘਾ, ਗੁਰਬਚਨ ਸਿੰਘ (ਸੰਪਾ.), *ਸੱਚਖੰਡ ਯਾਤਰਾ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, 1994.
- *ਸੱਚਖੰਡ ਯਾਤਰਾ,* ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, ਮਿਤੀਹੀਣ।
- ਹਰਨਾਮ ਸਿੰਘ, ਬਾਬਾ, *ਹਜ਼ੂਰੀ ਦੀਦਾਰੇ,* ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ, [ਮਿਤੀਹੀਣ].
- ਹਰਨਾਮ ਸਿੰਘ , ਬਾਬਾ ਅਤੇ ਬਲਵੰਤ ਸਿੰਘ 'ਬੰਦੀ', *ਹਜ਼ੂਰੀ ਦੀਦਾਰੇ ਅਤੇ ਰੱਬੀ ਜੋਤ* , ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ, [ਮਿਤੀਹੀਣ].
- ਹਰੀ ਸਿੰਘ , ਗਿਆਨੀ (ਸੰਪਾ.), *ਮਾਤਾ ਸਾਹਿਬ ਕੌਰ* , ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- ਹਿਸਟੋਰੀਅਨ, ਕਰਮ ਸਿੰਘ (ਸੰਪਾ.), *ਬਹੁ-ਮੁੱਲੇ ਇਤਿਹਾਸਕ ਲੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017 (ਪੰਜਵੀਂ ਵਾਰ).
- ਕਿਰਪਾਲ ਸਿੰਘ , *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ* , ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

- ਕੋਠਾ ਗੁਰੂ, ਗਿਆਨੀ ਬਲਵੰਤ ਸਿੰਘ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਗਿਆਨੀ ਕੌਰ ਸਿੰਘ ਸਾਹਿਤਯ ਸਾਸ਼ਤ੍ਰੀ, ਕੋਠਾ ਗੁਰੂ, ਬਠਿੰਡਾ, 2017 (ਤੀਜਾ ਸੰਸਕਰਣ).
- ਕੋਹਲੀ, ਸੁਰਿੰਦਰ ਸਿੰਘ, *ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996 (ਪਹਿਲੀ ਵਾਰ).
- ਕੌੜਾ, ਸੇਵਾ ਸਿੰਘ, *ਗੁਰੂ ਗੋਬਿੰਦ ਸਿੰਘ ਸ਼ਖ਼ਸੀਅਤ , ਸਫ਼ਰ ਤੇ ਸੰਦੇਸ਼,* ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2010 (ਪਹਿਲੀ ਵਾਰ).
- ਕੌਰ ਸਿੰਘ, ਅਕਾਲੀ, *ਹਜ਼ੂਰੀ ਸਾਥੀ,* ਅਕਾਲੀ ਪਤ੍ਰਕਾ ਪ੍ਰੈਸ, ਲਾਹੌਰ, (1934) (ਪਹਿਲੀ ਵਾਰ).
- ਗਜਰਾਨੀ, ਐਸ. ਡੀ., *ਭਾਰਤ ਦਾ ਇਤਿਹਾਸ (ਪ੍ਰਾਚੀਨ ਭਾਰਤ: ਮੁੱਢ ਤੋਂ 1000 ਈ. ਤੱਕ),* ਮਦਾਨ ਪਬਲੀਸਿੰਗ ਹਾਊਸ, ਪਟਿਆਲਾ, 2016 (ਪਹਿਲੀ ਵਾਰ).
- ਗਜਰਾਨੀ, ਐਸ. ਡੀ., ਮੱਧਕਾਲੀਨ ਭਾਰਤ *ਦਾ ਇਤਿਹਾਸ (1000-1750 ਈ.),* ਮਦਾਨ ਪਬਲੀਸਿੰਗ ਹਾਊਸ, ਪਟਿਆਲਾ, 2016 (ਪਹਿਲੀ ਵਾਰ).
- ਗਜਰਾਨੀ, ਐਸ. ਡੀ., ਆਧੁਨਿਕ ਭਾਰਤ *ਦਾ ਇਤਿਹਾਸ (1707-1964 ਈ.),* ਮਦਾਨ ਪਬਲੀਸਿੰਗ ਹਾਊਸ, ਪਟਿਆਲਾ, 2016 (ਪਹਿਲੀ ਵਾਰ).
- ਗਿਲ, ਅਮਨਪ੍ਰੀਤ ਸਿੰਘ, *1708 ਦਸਮ ਗੁਰੂ ਦੀ ਦੱਖਣ ਫੇਰੀ ,* ਸਾਤਵਿਕ ਬੁਕਸ, ਅੰਮ੍ਰਿਤਸਰ, 2017 (ਪਹਿਲੀ ਵਾਰ).
- ਗੁਰਮੁਖ ਸਿੰਘ (ਸੰਪਾ.), *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, [ਮਿਤੀਹੀਣ].
- ਗੁਜ਼ਰਖ਼ਾਨੀ, ਬਚਨ ਸਿੰਘ, *ਜੀਵਨ ਗੁਰੂ ਗੋਬਿੰਦ ਸਿੰਘ ਤੇ ਬੁਰਹਾਨਪੁਰ ਦਾ ਇਤਿਹਾਸ ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1981.
- ਗੰਡਾ ਸਿੰਘ, *ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਦੂਜੀ ਵਾਰ).

- ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- ਗੰਡਾ ਸਿੰਘ , *ਸਿੱਖ ਇਤਿਹਾਸ ਬਾਰੇ* , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅੰਮ੍ਰਿਤਸਰ, [ਮਿਤੀਹੀਣ].
- ਚਾਨਾ, ਹਰਬੰਸ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਤੋਂ ਦੱਖਣ ਨੰਦੇੜ ਤੱਕ* , ਹਰਬੰਸ ਸਿੰਘ ਚਾਨਾ, ਸਾਊਥ ਹਾਲ ਇੰਗਲੈਂਡ, ਯੂ. ਕੇ, 2002 (ਪਹਿਲੀ ਵਾਰ).
- ਚੰਦ ਨਵਾਂ, ਗੁਰਮੇਲ ਸਿੰਘ, *ਮਰਾਠਾ ਦੇਸ਼ ਦੇ ਗੁਰੂ -ਧਾਮਾਂ ਦੀ ਯਾਤਰਾ ,* ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2018.
- ਜੁਝਾਰ ਸਿੰਘ, ਗਿਆਨੀ, *ਮਾਤਾ ਸਾਹਿਬ ਕੌਰ (ਖ਼ਾਲਸੇ ਦੀ ਮਾਤਾ ),* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2008 (ਪਹਿਲੀ ਐਡੀਸ਼ਨ).
- ਠਾਕਰ ਸਿੰਘ, ਗਿਆਨੀ, *ਸ੍ਰੀ ਗੁਰਦੁਆਰੇ ਦਰਸ਼ਨ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005 (ਨਵੀਂ ਸੋਧੀ ਹੋਈ ਐਡੀਸ਼ਨ).
- ਢਿਲੋਂ, ਜਗਦੀਸ਼ ਸਿੰਘ , *ਬਾਬੇ ਤਾਰੇ ਚਾਰਿ ਚਕਿ* , ਲੋਕਗੀਤ ਪ੍ਰਕਾਸ਼ਨ , ਮੋਹਾਲੀ-ਚੰਡੀਗੜ੍ਹ, 2021.
- ਤਰਲੋਚਨ ਸਿੰਘ, *ਦਿੱਲੀ ਦੇ ਇਤਿਹਾਸਕ ਗੁਰਦੁਆਰੇ,* ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨਵੀਂ ਦਿੱਲੀ, 2014 (ਛੇਵੀਂ ਵਾਰ).
- ਤ੍ਰਿਪਾਠੀ, ਰਾਮਾ ਸ਼ੰਕਰ , *ਪ੍ਰਾਚੀਨ ਭਾਰਤ ਦਾ ਇਤਿਹਾਸ* , ਗੁਰਬਚਨ ਸਿੰਘ ਸੇਠੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), *ਸਿੱਖ ਇਤਿਹਾਸ (1469-1765),* ਭਗਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
- ਦੌਲਤ ਰਾਏ, ਲਾਲਾ, *ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ ਸਵਾਨੇ ਉਮਰੀ ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2007 (ਪਹਿਲੀ ਐਡੀਸ਼ਨ).

- ਨਈਅਰ, ਗੁਰਬਚਨ ਸਿੰਘ, *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਨਾਰਾ, ਈਸ਼ਰ ਸਿੰਘ , *ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ (1983-83),* ਗਿਆਨੀ ਈਸ਼ਰ ਸਿੰਘ ਨਾਰਾ ਦੇਹਲੀ ਗੇਟ ਬਾਜ਼ਾਰ, ਨਵੀਂ ਦਿੱਲੀ, [ਮਿਤੀਹੀਣ].
- ਨਿਸ਼ਤਰ, ਨਾਨਕ ਸਿੰਘ ਨਿਸ਼ਤਰ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿਖ ਪੰਥ ਨੂੰ ਦੇਣ ,* ਹਰਪਾਲ ਸਿੰਘ ਪੰਨੂ (ਅਨੁ.), ਇੰਟਰਨੈਸ਼ਨਲ ਸਿੱਖ ਸੈਂਟਰ ਫਾਰ ਇੰਟਰਫੇਥ ਰਿਲੇਸ਼ਨਸ , ਹੈਦਰਾਬਾਦ, 2019 (ਪਹਿਲੀ ਵਾਰ).
- ਨੀਲ ਕੰਠ , ਕੇ. ਏ., *ਦੱਖਣੀ ਭਾਰਤ ਦਾ ਇਤਿਹਾਸ ,* ਗੁਰਬਚਨ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.
- ਨੂਰ, ਮੁਹੰਮਦ ਨੂਰ, *ਹਿੰਦੂਸਤਾਨ ਦੇ ਸੁਲਤਾਨ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2019.
- ਪਸਰੀਚਾ, ਪੀ . ਐਸ., *ਨਾਂਦੇੜ ਪਰਿਵਰਤਨ ਦਾ ਸਫ਼ਰ ,* ਸਰਬਜਿੰਦਰ ਸਿੰਘ (ਅਨੁ.), ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ, 2011 (ਪਹਿਲੀ ਵਾਰ).
- ਪਰਮਵੀਰ ਸਿੰਘ , *ਮਾਤਾ ਸੁੰਦਰੀ ਜੀ ਸ਼ੰਘਰਸ਼ ਅਤੇ ਸ਼ਖ਼ਸੀਅਤ ,* ਸਿੰਘ ਬ੍ਰਦਰਜ਼ , ਅੰਮ੍ਰਿਤਸਰ, 2012 (ਪਹਿਲੀ ਵਾਰ).
- ਪਰਮਜੀਤ ਸਿੰਘ, ਭਾਈ, *ਤੇਰਾ ਏਕੁ ਨਾਮੁ ਤਾਰੇ ਸੰਸਾਰ ਯਾਤਰਾ ਸ੍ਰੀ ਹਜ਼ੂਰ ਸਾਹਿਬ,* ਸਾਗਰ ਟੀ-ਸ਼ਰਟ ਪ੍ਰਿੰਟਿੰਗ ਸ਼ਾਪ, ਨਾਂਦੇੜ, [ਮਿਤੀਹੀਣ].
- ਪਾਲ, ਐਮ ਅਤੇ ਕੁਲਵਿੰਦਰ ਕੌਰ , ਮੱਧਕਾਲੀਨ ਭਾਰਤ ਦਾ ਇਤਿਹਾਸ (1000 ਈ. ਤੋਂ 1707 ਈ. ਤੱਕ), ਮਲਹੋਤਰਾ ਬੁੱਕ ਡਿਪੂ, ਜਲੰਧਰ, 2008 (ਸੱਤਵੀਂ ਐਡੀਸ਼ਨ).
- ਪਿੰਦਰਪਾਲ ਸਿੰਘ , ਗਿਆਨੀ, *ਖ਼ਾਲਸੇ ਦੇ ਪੰਜ ਤਖ਼ਤ ,* ਲਾਹੌਰ ਬੁੱਕ ਸ਼ਾਪ , ਲੁਧਿਆਣਾ, 2010 (ਪਹਿਲੀ ਵਾਰ).
- ਫੌਜਾ ਸਿੰਘ (ਸੰਪਾ.), *ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ ,* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019 (ਤੀਜੀ ਵਾਰ).

- ਬਲਕਾਰ ਸਿੰਘ , ਭਗਤ ਨਾਮਦੇਵ ਜੀਵਨ ਤੇ ਵਿਚਾਰ , ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਦੂਸਰੀ ਵਾਰ).
- ਬੇਦੀ, ਹਰਚੰਦ ਸਿੰਘ (ਸੰਪਾ.), *ਸਿੱਖਿ ਇਤਿਹਾਸ ਦੇ ਫ਼ਾਰਸੀ ਸਰੋਤ ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2016.
- ਬੈਨਰਜੀ, ਇੰਦੂਭੂਸ਼ਨ, *ਖਾਲਸੇ ਦੀ ਉਤਪਤੀ (ਜਿਲਦ ਦੂਜੀ),* ਪ੍ਰੀਤਪਾਲ ਸਿੰਘ ਅਤੇ ਐਸ. ਐਸ. ਸੋਢੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
- ਭਗਤ ਸਿੰਘ (ਡਾ.), *ਮਹਾਰਾਜਾ ਰਣਜੀਤ ਸਿੰਘ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 (ਤੀਜੀ ਵਾਰ).
- ਮਜੂਮਦਾਰ, ਆਰ. ਸੀ., ਐਚ. ਸੀ. ਰੇਚੌਧਰੀ ਅਤੇ ਕੇ. ਕੇ. ਦੱਤ, *ਭਾਰਤ ਦਾ ਬ੍ਰਿਹਤ ਇਤਿਹਾਸ,* ਸਤਿਬੀਰ ਸਿੰਘ (ਅਨੁਵਾਦਕ), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 2000 (ਦੂਜੀ ਵਾਰ).
- ਮੈਕਾਲਿਫ਼, ਮੈਕਸ ਆਰਥਰ , ਮੈਕਾਲਿਫ਼, *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਪੰਜਵੀਂ ਜਿਲਦ ),* ਧਰਮ ਸਿੰਘ (ਅਨੁਵਾਦਕ), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 (ਪਹਿਲੀ ਵਾਰ).
- ਰਣਧੀਰ ਸਿੰਘ (ਸੰਪਾ.), *ਸਿੱਖ ਇਤਿਹਾਸ ਦੇ ਪ੍ਰਤੱਖ ਦਰਸਨ ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਨਾਨਕਸ਼ਾਹੀ ਸੰਮਤ 488.
- ਵਰਮਾ, ਦੇਵਿੰਦਰ ਕੁਮਾਰ , *ਮਾਤਾ ਸਾਹਿਬ ਕੌਰ ਜੀ ,* ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼ -437, ਪਟਿਆਲਾ, 1994 (ਪਹਿਲੀ ਐਡੀਸ਼ਨ).

**ਹਿੰਦੀ**

- ਈਸ਼ਵਰੀ ਪ੍ਰਸਾਦ, *ਏ ਨਿਊ ਹਿਸਟਰੀ ਆਫ਼ ਇੰਡੀਆ* (ਹਿੰਦੀ ਐਡੀਸ਼ਨ), ਦੀ ਇੰਡੀਅਨ ਪ੍ਰੈਸ, ਐਲ. ਟੀ. ਡੀ., ਅਲਾਹਾਬਾਦ, 1950.

- ਖ਼ਵਾਜਾ, ਹਜ਼ਰਤ ਮੌਲਾਨਾ ਹਸਨ ਨਿਜ਼ਾਮੀ ਸਾਹਿਬ , *ਸਿੱਖ ਕੌਮ ਅਤੇ ਉਸਦੇ ਸੰਸਥਾਪਕ ਦੇ ਸੰਬੰਧ-ਮੁਸਲਮਾਨਾਂ ਦੀ ਮੁਹੱਬਤ ਦਾ ਮੇਲਮਿਲਾਪ* , ਨਾਨਕ ਸਿੰਘ ਨਿਸ਼ਤਰ (ਸੰਪਾ.), ਇੰਟਰਨੈਸ਼ਨਲ ਸਿੱਖ ਸੈਂਟਰ ਫਾਰ ਇੰਟਰਫੇਥ ਰਿਲੇਸ਼ਨ, ਹੈਦਰਾਬਾਦ, 2017.
- ਚੌਹਾਨ, ਜਗਜੀਤ ਸਿੰਘ , *ਆਦਰਸ਼ ਜੋਤੀ ਦਾ ਕੇਂਦਰ* , ਇੰਦਿਰਾ ਪ੍ਰਿੰਟਿੰਗ ਪ੍ਰੈਸ , ਜੂਨਾ ਮੌਂਡਾ, ਨਾਂਦੇੜ, 1959.
- ਮੋਹਿੰਦਰ ਸਿੰਘ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਚਿਰੰਤਨ ਯਾਤਰਾ,* ਹਿਮਾਲਅਨ ਬੁੱਕਸ, ਨਵੀਂ ਦਿੱਲੀ, 2008 (ਪਹਿਲੀ ਵਾਰ).

**English Books**

- Ahuja, N. D., *The Great Guru Nanak and The Muslims,* Kirti Publishing House, Chandigarh, [u.d].
- Ali, Moulvie Syed Mahdi, *Hyderabad Affairs* (Vo. I), The times of India Steam Press, Bombay, 1883.
- Archer, John Clark, *The Sikhs,* Princeton University Press, London, 1946.
- Bandi, Balwant Singh, *Guru Gobind Singh ji at Nanded,* Kwality Printers, Nanded, [u.d].
- Campbell, A. Claude, *Glimpses of The Nizam's Dominions,* C. B. Burrows, Bombay, 1898.
- Cunninghum, Joseph Davey, *A History of the Sikhs,* Humphrey Milford, London, 1918 (Third Edition).
- Ekbote, Gopal Rao, *The Chronology of Modern Hyderabad (1720-1890),* The Central Records office, Hyderabad Government, 1954.

- Elliot, H. M. (Sir), *The History of India,* Vol. VII, John Dowson (Edited), Low Price Publications, Dehli, 1996 (Reprint).
- Ganda Singh, *Guru Gobind Singh's Death at Nanded,* Publication Bureau, Punjabi University, Patiala, 2008.
- Gopal Singh (Dr.), *A History of the Sikh People 1469-1978,* World Book Centre, New Dehli, 1939 (First Edition).
- Gupta, Hari Ram, *History of the Sikhs, Vol. I (The Sikh Gurus, (1469-1708),* Munshiram Manoharlal Publishers Pvt. Ltd., New Dehli, 2008.
- Gupta, Hari Ram, *History of the Sikhs (Evolution of Sikh Confederacies) (1708-69),* Vol. II, Munshiram Manoharlal Publishers Pvt. Ltd., New Dehli, 2007.
- Habib, M. and K. A. Nizami (Edited), *A Comprehensive History of India* (Vol. V), (The Dehli Sultanat 1206-1526 A.D.). People's Publishing House, Dehli, 1970.
- Irvine, William, *Later Mughals,* Vol. 1 (1707-1720), Jadunath Sarkar (Edited), M. C. Sarkar & Sons, Calcutta, [u.d].
- Ishwari Prasad (Dr.), *India in the Eighteenth Century,* Chugh Publicatoins, Allahabad, 1973 (First Published).
- Khilnani, N. M., *The Punjab under the Lawrences,* The Punjab Government Record Office Publications, Simla, 1951.
- Kohli, Sita Ram, *Catalogue of Khalsa Darbar Records* (Vol. I), Punjab Government Publications, Lahore, 1919.

- Kohli, Surinder Singh, *Travels of Guru Nanak,* Publication Bureau, Punjab University, Chandigarh, 1969 (First Edition).
- Latif, Syad Muhammad, *History of the Punjab,* The Calcutta Central Press Co., Ltd., 5 Council House Street, Calcutta, 1891.
- Macauliffe, Max Arthur, *The Sikh religion (Its Gurus, Sacred Writings and Authors),* Vol. V, Clarendon press, Oxford (UK), 1909.
- Majumdar, R. C. (General Editor), *The Mughal Empire* (History and Culture of the Indian People, Vol. 7), Bharatiya Vidya Bhavan, Bombay, 1974.
- Majumdar, R.C., H.C. Raychaudhuri, Kalikinkar Datta, *An Advanced History of India,* Macmillan & Co. Of India LTD, Dehli, 1967 (Third Edition), 1974 (Reprinted).
- Narang, Gokul Chand (Sir), *Transformation of Sikhism,* New Book Society, Lahore, 1946 (Third Edition).
- Nishter, Nanak Singh, *Takhat Shri Hazur Sahib History & Contribution,* International Sikh Centre for interfaith Relations, Hyderabad, 2018 (First Edition).
- Nihang, Nidar Singh & Parmjit Singh, *In The Master's Presence The Sikhs of Hazoor Sahib* (Vol.1), Kashi House, London, UK, 2008 (First Publihed).
- Pasricha, P. S., *Nanded a Journey of transformation,* Takhat Sachkhand Sri Hazur Abchalnagar Sahib, Nanded, 2011.
- Rajendra Parsad, *Indian Divided,* Hind Kitab LTD., Bombay, 1947 (Third Edition).

- Richard Burn, Sir (Edited), *The Cambridge History of India,* Vol. 4, (The Mughul Period), S. Chand & Co., Dehli, 1971.
- Sharma, S. R., Mughal Empire in India, Karnatak Publishing House, Bombay, 1940 (Revised Edition).
- Shinde, Deepak (Editor), *Historical Aspects, Importance and Present Relevance of the Teachings of Shri Guru Gobind Singh Ji,* Swami Ramanand Teerth Marathwada University, Nanded, 2018 (First Published).
- Sirdar, Attar Singh, *Travels of Guru Tegh Bahadar and Guru Gobind Singh,* Indian Public Opinion Press, Lahore, 1876.
- Sohan Singh, Bhai, *Banda The Brave (Banda Bahadur),* The punjabi Novelist Co., Muzang, Lahore, 1915 (First Edition).
- Srinivasan, K.R., *Temples of South India,* Dr. B. V. keskar (Chief Editor), National Book Trust, India, New Dehli, 1971.
- *The History of The Andhra Pradesh Police,* (Centenary: 1861-1961), Inspector-General of Police Andhra Pradesh, Hyderabad, Deccan, [u.d].
- Tripathi, Rama Shankar, *History of Ancient India,* Nand Kishore, Benares, 1942.

**ਕੋਸ਼**

- ਸਰਨਾ, ਜਸਬੀਰ ਸਿੰਘ ਅਤੇ ਦਿਲਜੀਤ ਸਿੰਘ 'ਬੇਦੀ', *ਗੁਰਦੁਆਰਾ ਕੋਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.

- ਹਸੀਜਾ, ਮਦਨ ਲਾਲ , *ਪੰਜਾਬੀ ਵਿਸ਼ਵ ਕੋਸ਼* (ਜਿਲਦ ਦੂਜੀ), ਭਾਸ਼ਾ ਵਿਭਾਗ, ਪੰਜਾਬ, 2001 (ਦੂਜੀ ਐਡੀਸ਼ਨ).
- ਗਿਲ, ਰਛਪਾਲ ਸਿੰਘ (ਮੁੱਖ ਸੰਪਾ.), *ਪੰਜਾਬ ਕੋਸ਼* (ਜਿਲਦ ਪਹਿਲੀ), ਭਾਸ਼ਾ ਵਿਭਾਗ, ਪੰਜਾਬ, 2004 (ਪਹਿਲੀ ਵਾਰ).
- ਗੁਰਮੁਖ ਸਿੰਘ , *ਭਾਈ ਗੁਰਦਾਸ : ਸੰਦਰਭ ਕੋਸ਼ ,* ਅਮਰਜੀਤ ਸਾਹਿਤ ਪ੍ਰਕਾਸ਼ਨ , ਪਟਿਆਲਾ, 2003.
- ਘੁੰਮਣ, ਕਪੂਰ ਸਿੰਘ (ਮੁੱਖ ਸੰਪਾ.), *ਪੰਜਾਬੀ ਵਿਸ਼ਵ ਕੋਸ਼* (ਜਿਲਦ ਪਹਿਲੀ), ਭਾਸ਼ਾ ਵਿਭਾਗ, ਪੰਜਾਬ, 1983.
- ਜੱਗੀ, ਰਤਨ ਸਿੰਘ , *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ ਅਤੇ ਭਾਗ ਦੂਜਾ ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.
- ਜੱਗੀ, ਰਤਨ ਸਿੰਘ , *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ ), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਜੱਗੀ, ਰਤਨ ਸਿੰਘ (ਸੰਪਾ.), *ਭਾਈ ਵੀਰ ਸਿੰਘ ਸਾਹਿਤ ਕੋਸ਼ ,* ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988 (ਪਹਿਲੀ ਵਾਰ).
- ਦਲੀਪ ਸਿੰਘ (ਮੁੱਖ ਸੰਪਾ.), *ਪੰਜਾਬੀ ਵਿਸ਼ਵ ਕੋਸ਼* (ਜਿਲਦ ਛੇਵੀਂ ), ਭਾਸ਼ਾ ਵਿਭਾਗ , ਪੰਜਾਬ, 1998.
- ਨਰੋਤਮ, ਤਾਰਾ ਸਿੰਘ (ਪੰਡਿਤ), *ਗੁਰੁ ਗਿਰਾਰਥ ਕੋਸ਼ (ਪੁਨਰ ਸੰਪਾਦਿਤ: ਨਵੀਨ ਸ਼ਬਦ-ਕ੍ਰਮ ਅਨੁਸਾਰ),* ਪਹਿਲੀ ਜਿਲਦ , ਹਰਭਜਨ ਸਿੰਘ (ਮੁੱਖ ਸੰਪਾ.), ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010 (ਪਹਿਲੀ ਵਾਰ),
- ਨਾਭਾ, ਕਾਨ੍ਹ ਸਿੰਘ , *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* (ਜਿਲਦ ਪਹਿਲੀ ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

- ਮਾਸਟਰ, ਮਹਿਤਾਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010 (ਸੱਤਵੀਂ ਵਾਰ).

**Encyclopedia**

- Harbans Singh (Editor-in-Chief), *The Encyclopedia of Sikhism* (Volume II), Punjabi University, Patiala, 2011 (Third Edition).
- Harbans Singh (Editor-in-Chief), *The Encyclopedia of Sikhism* (Volume IV), Punjabi University, Patiala, 2004 (Second Edition).

## ਖੋਜ-ਪ੍ਰਬੰਧ

### ਪੰਜਾਬੀ

- ਅਮਨ ਸਿੰਘ , *ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਪ੍ਰਸੰਗਿਕਤਾ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 2021.
- ਹਰਜਿੰਦਰਪਾਲ ਕੌਰ , *ਤਲਵੰਡੀ ਸਾਬੋ (ਦਮਦਮਾ ਸਾਹਿਬ ) ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ,* ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ , ਪੰਜਾਬੀ ਯੂਨੀਵਰਸਿਟੀ , ਪਟਿਆਲਾ, 2020.
- ਭੁਪਿੰਦਰ ਪਾਲ ਸਿੰਘ , *ਜ਼ਫ਼ਰਨਾਮਾ: ਧਾਰਮਿਕ ਅਤੇ ਸਦਾਚਾਰਿਕ ਅਧਿਐਨ ,* ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2020.

### ਮਰਾਠੀ

- Shri Rathod Shivaji Lachchiram, *Urban Development Administration and Nehru Urban Renewal Programme: An Administrative study with Special Reference to Nanded City,* Department of Public Administration, Swami Ramanand Teerth Marathwada University, Nanded, January 2013.

**ਅੰਗਰੇਜੀ**

- Pranita M. Wange, *Material Use and Recycle: Comparative Study of Waste Management in Nanded City,* Department of Geography, Swami Ramanand Teerth Marathwada University, Nanded, October 2016.
- Roshan Singh s/o Babu Singh, *Financial Management of the Sikh Gurudwara Sachkhand Shri Hazur Abachalnagar Sahib in the Last Decade Nanded,* Department of Commerce, Swami Ramanand Teerth Marathwada University, Nanded, August 2008.

**ਪਤ੍ਰਿਕਾਵਾਂ**

- ਅਜਮੇਰ ਸਿੰਘ (ਮੁੱਖ ਸੰਪਾ.), *ਖੋਜ ਪੱਤ੍ਰਿਕਾ (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1998 (ਅੰਕ 48).
- ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ (ਗੋਲਡਨ ਜੁਬਲੀ ਵਿਸ਼ੇਸ਼ ਅੰਕ ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2012 (ਅੰਕ ਦੂਜਾ).
- ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ (ਬਾਬਾ ਬੰਦਾ ਸਿੰਘ ਬਹਾਦਰ ਵਿਸ਼ੇਸ਼ ਅੰਕ),* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2016 (ਅੰਕ ਪਹਿਲਾ).
- *ਸੱਚਖੰਡ ਪੱਤਰ ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਨਵੰਬਰ 1979.
- *ਸੱਚਖੰਡ ਪੱਤਰ ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਅਪ੍ਰੈਲ 1981.
- *ਸੱਚਖੰਡ ਪੱਤਰ ,* ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਅਗਸਤ 1984.

- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਜਨਵਰੀ 1992.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਦਸੰਬਰ 1992.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਦਸੰਬਰ 1996/ ਜਨਵਰੀ 1997.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਅਪ੍ਰੈਲ 2006.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਸਤੰਬਰ 2006.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਅਪ੍ਰੈਲ 2007.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਸਤੰਬਰ 2007.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਅਕਤੂਬਰ 2007.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਨਵੰਬਰ 2007.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਅਗਸਤ 2010.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਸਤੰਬਰ 2010.

- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਜੁਲਾਈ 2018.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਸਤੰਬਰ 2018.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਜੂਨ 2019.
- *ਸੱਚਖੰਡ ਪੱਤਰ*, ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਨਾਂਦੇੜ, ਜੁਲਾਈ-ਅਗਸਤ 2021.
- *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਅਕਤੂਬਰ 2001.

**ਅੰਗਰੇਜੀ**

- Kalra, Mohan Singh (Chief Editor), *The Sikh Review,* Vol. XVI-XVII, No. 163-164, The Sikh Cultural Centre, 1, Lindsay Street, Calcutta, February-March 1967.

**Article**

- Girish Kuber, "Big money flows into Nanded", The Economic Times (7 November 2007).
- "New board for Takht Hazoor Sahib" The Tribune, Chandigarh (online Edition, 16 April 2002)

**Websites and Links**

- https://en.m.wikipedia.org/wiki/History_of_South_India
- https://en.m.wikipedia.org/wiki/Maharashtra

- https://byjus.com/free-ias-prep/this-day-in-history-sep1/
- https://www.cencus2011.co.in/census/city/357-nanded-waghala.html
- https://www.timothytye.com/asia/india/nanded.htm
- https://en.m.wikipedia.org/wiki/Dakshinpata
- https://en.m.wikipedia.org/wiki/Deccan
- https://en.m.wikipedia.org/wiki/Chandu_lal
- https://indiawris.gov.in/wiki/doku.php?id=maharashtra
- https://en.m.wikipedia.org/wiki/History_of_Maharashtra
- https://punjabipedia.org/
- https://www.srtmun.ac.in/ SGGS Adhyasan Sankul
- https://dcmsme.gov.in/publications/traderep/nanded.htm
- https://www.nandedonline.in/city-guide/amp/social-welfare-services-in-nanded
- https://www.hazursahib.com/
- https://www.sikhnet.com/news/have-you-eyes-it

**ਨਿਜ਼ੀ ਮੁਲਾਕਾਤਾਂ**

- ਅਮਿਤ ਸਿੰਘ ਬੁੰਗਈ (ਪੋਤਰਾ ਠਾਕੁਰ ਸਿੰਘ ਬੁੰਗਈ), ਮੌਜੂਦਾ ਸੇਵਾਦਾਰ, ਬੁੰਗਾ ਮਾਤਾ ਭਾਗ ਕੌਰ।
- ਸਤਪਾਲ ਸਿੰਘ ਸੀਲੇਦਾਰ, ਖ਼ਾਲਸਾ ਹਾਈ ਸਕੂਲ ਦੇ ਸਹਾਇਕ ਅਧਿਆਪਕ, ਨਾਂਦੇੜ।
- ਸਤਨਾਮ ਸਿੰਘ ਰਾਗੀ , ਮੌਜੂਦਾ ਮੁਖੀ (H.O.D), ਖੇਤੀਬਾੜੀ ਵਿਭਾਗ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ।
- ਸੁਰਜੀਤ ਸਿੰਘ ਨਿਰਮਲੇ (ਹਜ਼ੂਰ ਸਾਹਿਬ ਦੇ ਨਿਰਮਲੇ ਪਰਿਵਾਰਾਂ ਵਿਚੋਂ), ਸ੍ਰੀ ਹਜ਼ੂਰ ਸਾਹਿਬ , ਨਾਂਦੇੜ।

- ਸੁਖਵਿੰਦਰ ਸਿੰਘ (ਬਾਬਾ), ਮੌਜੂਦਾ ਪ੍ਰਬੰਧਕ, ਗੁਰਦੁਆਰਾ ਨਾਨਕਸਰ ਸਾਹਿਬ, ਨਾਂਦੇੜ।
- ਹਰੀ ਸਿੰਘ, ਮੌਜੂਦਾ ਖਜਾਨਚੀ, ਗੁਰਦੁਆਰਾ ਭਾਈ ਦਇਆ ਸਿੰਘ ਜੀ ਭਾਈ ਧਰਮ ਸਿੰਘ ਜੀ , ਔਰੰਗਾਬਾਦ।
- ਹਰਪ੍ਰੀਤ ਸਿੰਘ (ਭਾਈ), ਮੌਜੂਦਾ ਗ੍ਰੰਥੀ, ਗੁਰਦੁਆਰਾ ਦਮਦਮਾ ਸਾਹਿਬ ਬਸਮਤ ਨਗਰ।
- ਹਰਪ੍ਰੀਤ ਸਿੰਘ ਸੁੱਖਈ , ਮੌਜੂਦਾ ਮੁਖੀ ਅਤੇ ਸੇਵਾਦਾਰ , ਅੰਗੀਠਾ ਅਸਥਾਨ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ।
- ਗੁਰਪਿੰਦਰ ਸਿੰਘ, ਨਿਹੰਗ, ਕਥਾਵਾਚਕ, ਗੁਰਦੁਆਰਾ ਮਾਤਾ ਸਾਹਿਬ ਦੇਵਾਂ।
- ਡੋਂਜਰ ਸਿੰਘ ਤਬੇਲੇ ਵਾਲੇ , ਮੌਜੂਦਾ ਇੰਨਚਾਰਜ, ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ , ਨਾਂਦੇੜ।
- ਦਿਲਬਾਗ ਸਿੰਘ, ਬਿਲਡਿੰਗ ਸੁਪਰਵਾਇਜਰ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ।
- ਦੀਪਕ ਸਿੰਦੇ (ਡਾ.), ਮੌਜੂਦਾ ਡਾਇਰੈਕਟਰ, ਸ੍ਰੀ ਗੁਰੂ ਗੋਬਿੰਦ ਸਿੰਘ ਅਧਿਐਨ ਸੰਕੁਲ ਅਤੇ ਖੋਜ ਕੇਂਦਰ, ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ, ਨਾਂਦੇੜ।
- ਨਰਿੰਦਰ ਸਿੰਘ (ਸੰਤ ਬਾਬਾ), ਅਤੇ ਬਲਵਿੰਦਰ ਸਿੰਘ (ਸੰਤ ਬਾਬਾ), ਮੌਜੂਦਾ ਮੁਖੀ, ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ।
- ਪ੍ਰਿਤਪਾਲ ਸਿੰਘ (ਭਾਈ), ਸਾਬਕਾ ਗ੍ਰੰਥੀ, ਗੁਰਦੁਆਰਾ ਦਮਦਮਾ ਸਾਹਿਬ ਬਸਮਤ ਨਗਰ।
- ਬਬੀਤਾ ਕੌਰ ਚਾਹੇਲ, ਮੌਜੂਦਾ ਲਾਇਬ੍ਰੇਰੀਅਨ, ਸ੍ਰੀ ਹਜ਼ੂਰ ਸਾਹਿਬ ਪਬਲਿਕ ਲਾਇਬ੍ਰੇਰੀ, ਨਾਂਦੇੜ।
- ਬੀ. ਆਰ. ਭਾਰਤੀ (ਮੌਜੂਦਾ ਮੈਨੇਜਰ ) ਅਤੇ ਠਾਕਰ ਸਿੰਘ ਬੁੰਗਈ (ਮੌਜੂਦਾ ਇੰਨਚਾਰਜ ), ਇਸਟੇਟ ਵਿਭਾਗ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ।
- ਮਨਜੀਤ ਸਿੰਘ (ਭਾਈ), ਮੌਜੂਦਾ ਹਜ਼ੂਰੀ ਕਥਾਵਾਚਕ, ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ।
- ਮਨਮੀਤ ਸਿੰਘ (ਗ੍ਰੰਥੀ), ਗੁਰਦੁਆਰਾ ਨਾਨਕ ਝੀਰਾ ਸਾਹਿਬ, ਬਿਦਰ ਨਿਵਾਸੀ।
- ਮਹਾਦੀਪ ਸਿੰਘ ਮਹੰਤ (ਸਪੁੱਤਰ ਪਰਸਨ ਸਿੰਘ ਮਹੰਤ ), ਮੌਜੂਦਾ ਸੇਵਾਦਾਰ , ਬੁੰਗਾ ਵਣਜਾਰਗਾਨ।

- ਯਸਵੰਤ ਜੋਸ਼ੀ (ਡਾ.), ਮੌਜੂਦਾ ਡਾਇਰੈਕਟਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸੰਸਥਾ, ਨਾਂਦੇੜ।
- ਰਾਮ ਸਿੰਘ ਧੂਪੀਆ (ਭਾਈ), ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੌਜੂਦਾ ਪੰਜ ਪਿਆਰੇ ਵਿਚੋਂ।
- ਰਾਜਦਵਿੰਦਰ ਸਿੰਘ ਕੱਲ੍ਹਾ , ਸੰਪਾਦਕ (ਸਾਬਕਾ), ਦੁਸ਼ਟ ਦਮਨ ਪ੍ਰਿਟਿੰਗ ਪ੍ਰੈਸ , ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ।
- ਵਿਜੇਂਦਰ ਸਿੰਘ ਕਪੂਰ (ਸਵ.), ਕਥਾਵਾਚਕ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ।

# ਅੰਤਿਕਾ - I

ਆਪਣੇ ਖੋਜ-ਕਾਰਜ ਦੇ ਸਰਵੇਖਣ ਦੌਰਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸਕ ਗੁਰਦੁਆਰਿਆਂ, ਇਤਿਹਾਸਕ ਅਸਥਾਨਾਂ, ਪੁਰਾਤਨ ਬੁੰਗਿਆਂ ਅਤੇ ਤਖ਼ਤ ਸਾਹਿਬ 'ਤੇ ਸੁਸ਼ੋਭਿਤ ਪੁਰਾਤਨ ਸ਼ਸਤਰਾਂ ਦੀਆਂ ਤਸਵੀਰਾਂ ਖਿੱਚ ਕੇ ਲਗਾਈਆਂ ਗਈਆਂ ਹਨ। ਇਨ੍ਹਾਂ ਤਸਵੀਰਾਂ ਦੀ ਸੂਚੀ ਜਿਸ ਤਰਤੀਬ ਵਿਚ ਨਿਮਨ ਅਨੁਸਾਰ ਦਿੱਤੀ ਗਈ ਹੈ , ਉਸ ਹੀ ਤਰਤੀਬ ਵਿਚ ਅੰਤਿਕਾ-II ਵਿਚ ਇਹ ਤਸਵੀਰਾਂ ਲਗਾਈਆਂ ਗਈਆਂ ਹਨ। ਹੇਠਾਂ ਦਿੱਤੀ ਤਰਤੀਬ ਵਿਚ ਗੁਰਦੁਆਰਿਆਂ ਦੀ ਵਿਸਥਾਰ ਸਹਿਤ ਜਾਣਕਾਰੀ ਤੀਸਰੇ ਅਧਿਆਇ ਵਿਚ ਦਿੱਤੀ ਗਈ ਹੈ। ਪੁਰਾਤਨ ਬੁੰਗਿਆਂ ਦੀ ਜਾਣਕਾਰੀ ਚੌਥੇ ਅਧਿਆਇ ਵਿਚ ਅਤੇ ਪੁਰਾਤਨ ਸ਼ਸਤਰਾਂ, ਵਿੱਦਿਅਕ ਅਦਾਰਿਆਂ, ਯਾਤਰੀ ਨਿਵਾਸਾਂ, ਹਸਪਤਾਲ ਆਦਿ ਦੀ ਜਾਣਕਾਰੀ ਪੰਜਵੇਂ ਅਧਿਆਇ ਵਿਚ ਦਿੱਤੀ ਗਈ ਹੈ। ਇਸ ਤੋਂ ਇਲਾਵਾ ਖੋਜ-ਕਾਰਜ ਨਾਲ ਸੰਬੰਧਿਤ ਕੁਝ ਹੋਰ ਤਸਵੀਰਾਂ ਵੀ ਇੱਥੇ ਲਗਾਈਆਂ ਗਈਆਂ ਹਨ।

**ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਸੰਬੰਧਿਤ ਗੁਰਦੁਆਰੇ**

1. ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ
2. ਗੁਰਦੁਆਰਾ ਨਗੀਨਾ ਘਾਟ ਸਾਹਿਬ
3. ਗੁਰਦੁਆਰਾ ਬੰਦਾ ਘਾਟ ਸਾਹਿਬ
4. ਗੁਰਦੁਆਰਾ ਸੰਗਤ ਸਾਹਿਬ
5. ਗੁਰਦੁਆਰਾ ਮਾਲਟੇਕੜੀ ਸਾਹਿਬ
6. ਗੁਰਦੁਆਰਾ ਹੀਰਾ ਘਾਟ ਸਾਹਿਬ
7. ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ
8. ਗੁਰਦੁਆਰਾ ਸ਼ਿਕਾਰ ਘਾਟ ਸਾਹਿਬ
9. ਗੁਰਦੁਆਰਾ ਬਾਉਲੀ ਦਮਦਮਾ ਸਾਹਿਬ
10. ਗੁਰਦੁਆਰਾ ਗੋਬਿੰਦ ਬਾਗ ਸਾਹਿਬ

11. ਗੁਰਦੁਆਰਾ ਮਾਤਾ ਭਾਗ ਕੌਰ (ਬੁੰਗਾ ਮਾਤਾ ਭਾਗ ਕੌਰ)

12. ਗੁਰਦੁਆਰਾ ਦਮਦਮਾ ਸਾਹਿਬ, ਬਸਮਤ ਨਗਰ (ਜ਼ਿਲ੍ਹਾ ਹਿੰਗੋਲੀ)

13. ਗੁਰਦੁਆਰਾ ਭਾਈ ਦਇਆ ਸਿੰਘ ਜੀ ਭਾਈ ਧਰਮ ਸਿੰਘ ਜੀ, ਔਰੰਗਾਬਾਦ (ਜ਼ਿਲ੍ਹਾ ਔਰੰਗਾਬਾਦ)

14. ਗੁਰਦੁਆਰਾ ਲੰਗਰ ਸਾਹਿਬ (ਡੇਰਾ ਸੰਤ ਬਾਬਾ ਨਿਧਾਨ ਸਿੰਘ ਜੀ)

15. ਗੁਰਦੁਆਰਾ ਨਾਨਕਸਰ ਸਾਹਿਬ

16. ਗੁਰਦੁਆਰਾ ਰਤਨਗੜ ਸਾਹਿਬ

17. ਗੁਰਦੁਆਰਾ ਭਜਨਗੜ ਸਾਹਿਬ

**ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਸੰਬੰਧਿਤ ਹੋਰ ਤਸਵੀਰਾਂ**

18. ਤਖ਼ਤ ਸ੍ਰੀ ਹਜ਼ੂਰ ਸਾਹਿਬ ਪਰਿਸਰ ਦਾ ਸੁੰਦਰ ਦ੍ਰਿਸ਼

19. ਤਖ਼ਤ ਸ੍ਰੀ ਹਜ਼ੂਰ ਸਾਹਿਬ ਪਰਿਸਰ ਦੇ ਗੇਟ ਨੰ. 1 ਦਾ ਦ੍ਰਿਸ਼

20. ਤਖ਼ਤ ਸਾਹਿਬ ਦੇ ਅੰਦਰ ਪ੍ਰਕਾਸ਼ ਅਸਥਾਨ

21. ਤਖ਼ਤ ਸਾਹਿਬ ਦੇ ਅੰਦਰ ਥੜ੍ਹੇ (ਸਿੰਘਾਸਣ ਅਸਥਾਨ) ਉੱਤੇ ਸਜਾਏ ਸ਼ਸਤਰਾਂ ਦਾ ਦ੍ਰਿਸ਼

22. ਤਖ਼ਤ ਸਾਹਿਬ ਦਾ ਸੋਨੇ ਦੇ ਪੱਤਰੇ ਵਾਲਾ ਦਰਵਾਜਾ

23. ਤਖ਼ਤ ਸਾਹਿਬ ਦੇ ਚਾਂਦੀ ਦੇ ਪੱਤਰੇ ਵਾਲੇ ਦਰਵਾਜੇ

24. ਤਖ਼ਤ ਸਾਹਿਬ ਦੇ ਅੰਦਰ ਸੁੰਦਰ ਮੀਨਾਕਾਰੀ ਦਾ ਦ੍ਰਿਸ਼

25. ਤਖ਼ਤ ਸਾਹਿਬ ਦੇ ਅੰਦਰ ਲੱਗਿਆ ਸੋਨੇ ਦਾ ਪੱਤਰਾ ਅਤੇ ਸੁਨਹਿਰੀ ਕਲਾਕ੍ਰਿਤ ਦੀ ਤਸਵੀਰ

26. ਤਖ਼ਤ ਸਾਹਿਬ ਦੇ ਅੰਦਰ ਚੋਪ ਸਾਹਿਬ ਲੈ ਕੇ ਖੜੇ ਸਿੰਘ ਦੀ ਤਸਵੀਰ

27. ਬਾਲਾ ਖਾਨਾ ਸਾਹਿਬ ਵਿਖੇ ਸੁਸ਼ੋਭਿਤ ਸ਼ਸਤਰ

28. ਤਖ਼ਤ ਸਾਹਿਬ 'ਤੇ ਸ਼ਾਮ ਨੂੰ ਆਰਤੀ ਉਪਰੰਤ ਸੰਗਤਾਂ ਨੂੰ ਸ਼ਸਤਰਾਂ ਦੇ ਦਰਸ਼ਨ ਕਰਵਾਉਣ ਦਾ ਦ੍ਰਿਸ਼

29. ਦਿਵਾਲੀ ਸਮੇਂ ਸੰਗਤਾਂ ਵੱਲੋਂ ਤਖ਼ਤ ਇਸ਼ਨਾਨ ਦਾ ਮਨਮੋਹਕ ਦ੍ਰਿਸ਼

30. ਤਖ਼ਤ ਇਸ਼ਨਾਨ ਸਮੇਂ ਪੰਡਾਲ ਵਿਚ ਸਜਾਏ ਗਏ ਸ਼ਸਤਰਾਂ ਨੂੰ ਚੌਰ ਸਾਹਿਬ ਦੀ ਸੇਵਾ ਕਰਦੇ ਹੋਏ ਸੇਵਾਦਾਰ ਸਿੰਘ

31. ਤਖ਼ਤ ਇਸ਼ਨਾਨ ਸਮੇਂ ਪੰਡਾਲ ਵਿਚ ਸਜਾਏ ਗਏ ਸ਼ਸਤਰਾਂ ਨੂੰ ਪਾਲਿਸ਼ ਕਰਦੇ ਹੋਏ ਸੇਵਾਦਾਰ ਸਿੰਘ

32. ਤਖ਼ਤ ਇਸ਼ਨਾਨ ਸਮੇਂ ਸੰਗਤਾਂ ਗੋਦਾਵਰੀ ਨਦੀ ਤੋਂ ਜਲ ਭਰਦੀਆਂ ਹੋਈਆਂ

33. ਦੀਪਮਾਲਾ ਮਹੱਲੇ ਸਮੇਂ ਤਖ਼ਤ ਸਾਹਿਬ ਵਿਖੇ ਮਹੱਲੇ (ਨਗਰ ਕੀਰਤਨ) ਦੀ ਆਰੰਭਤਾ ਦਾ ਦ੍ਰਿਸ਼

34. ਦੀਪਮਾਲਾ ਮਹੱਲੇ ਸਮੇਂ ਨਗਰ ਕੀਰਤਨ ਦਾ ਦ੍ਰਿਸ਼

35. ਗੁਰਤਾਗੱਦੀ ਗੁਰਪੁਰਬ ਸਮੇਂ ਨਗਰ ਕੀਰਤਨ ਦਾ ਦ੍ਰਿਸ਼

36. ਦੁਸਹਿਰੇ ਮਹੱਲੇ ਸਮੇਂ ਸਿੰਘਾਂ ਵੱਲੋਂ 'ਹੱਲਾ ਬੋਲ' (ਹੱਲਾ ਖੇਡਣ) ਦਾ ਦ੍ਰਿਸ਼

37. ਗੁਰਤਾਗੱਦੀ ਗੁਰਪੁਰਬ ਸਮੇਂ ਸਿੰਘਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਸਤਰਾਂ ਨਾਲ ਸਲਾਮੀ ਦੇਣ ਦਾ ਦ੍ਰਿਸ਼

38. ਸੋਨੇ ਦੀ ਕਾਠੀ ਵਾਲਾ ਘੋੜਾ

39. ਚਾਂਦੀ ਦੀ ਕਾਠੀ ਵਾਲਾ ਘੋੜਾ

40. ਫ਼ੌਜੀ ਸਿੰਘਾਂ ਦੀਆਂ ਪੁਰਾਤਨ ਬੰਦੂਕਾਂ

41. ਸਿੰਘਾਂ ਦੀਆਂ ਪੁਰਾਤਨ ਛੋਟੀਆਂ ਪਿਸਤੌਲਾਂ (ਤਮੰਚੇ)

42. ਮਹਾਰਾਜਾ ਰਣਜੀਤ ਸਿੰਘ ਦੀਆਂ ਦੋ ਪਿਸਤੌਲਾਂ (ਤਮੰਚੇ)

43. ਤਖ਼ਤ ਸਾਹਿਬ ਦੇ ਅੰਦਰ ਸੁਸ਼ੋਭਿਤ ਗਜਗਾਹ ਸਾਹਿਬ (ਅਸ਼ਟਭੁਜਾ) ਸ਼ਸਤਰ

44. ਦੁਸਹਿਰੇ ਮਹੱਲੇ ਵਾਲੇ ਦਿਨ ਤਖ਼ਤ ਸਾਹਿਬ 'ਤੇ ਸਜਾਏ ਗਏ ਸ਼ਸਤਰ

45. ਮਾਤਾ ਭਾਗ ਕੌਰ ਜੀ ਅਤੇ 40 ਮੁਕਤਿਆਂ ਦੇ ਪੁਰਾਤਨ ਸ਼ਸਤਰ

46. ਮਾਤਾ ਭਾਗ ਕੌਰ ਜੀ ਦੀਆਂ ਪੁਰਾਤਨ ਬੰਦੂਕਾਂ

47. ਤਖ਼ਤ ਸਾਹਿਬ 'ਤੇ ਮੌਜੂਦ ਪੁਰਾਤਨ ਤੋਪ

48. ਤਖ਼ਤ ਸਾਹਿਬ ਦੇ ਅੰਦਰ ਸੁਸ਼ੋਭਿਤ ਵੱਡਾ ਨਗਾਰਾ

49. ਤਖ਼ਤ ਸੱਚਖੰਡ ਪਰਿਸਰ ਅੰਦਰ ਪੁਰਾਤਨ ਇਤਿਹਾਸਕ ਬਾਉਲੀ

50. ਗੁਰਦੁਆਰਾ ਸੰਗਤ ਸਾਹਿਬ ਵਿਖੇ ਸੁਸ਼ੋਭਿਤ ਪੁਰਾਤਨ ਢਾਲ (ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਤਨਖਾਹਾਂ ਵੰਡੀਆਂ ਸਨ)

51. ਗੋਬਿੰਦ ਬਾਗ ਵਿਚ ਲੇਜ਼ਰ ਸ਼ੋਅ ਦਾ ਮਨਮੋਹਕ ਦ੍ਰਿਸ਼

52. ਅੰਗੀਠਾ ਅਸਥਾਨ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ (ਪੰਜ ਪਿਆਰੇ), ਨਾਂਦੇੜ

53. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਿਊਜ਼ੀਅਮ

54. ਗੁਰੂ ਸਾਹਿਬ ਦੇ ਘੋੜਿਆਂ ਦਾ ਅਸਤਬਲ

55. ਗੋਦਾਵਰੀ ਨਦੀ ਦੇ ਕੰਢੇ ਗੁਰਦੁਆਰਿਆਂ ਦਾ ਮਨੋਹਰ ਦ੍ਰਿਸ਼

56. ਗੋਦਾਵਰੀ ਨਦੀ ਦੇ ਕੰਢੇ ਬਣਿਆ ਗਾਗਰ ਕੁੰਡ

57. ਅੰਮ੍ਰਿਤ ਵੇਲੇ ਗਾਗਰੀਆ ਸਿੰਘ ਗੋਦਾਵਰੀ ਨਦੀ ਤੋਂ ਜਲ ਦੀ ਗਾਗਰ ਭਰਦੇ ਹੋਏ।

58. ਗੋਦਾਵਰੀ ਨਦੀ ਦਾ ਮਨਮੋਹਕ ਦ੍ਰਿਸ਼

59. ਗੁਰਦੁਆਰਾ ਲੰਗਰ ਸਾਹਿਬ ਰੋਡ ਉਪਰ ਬਣੇ ਬਾਜ਼ਾਰ ਦਾ ਇਕ ਸੁੰਦਰ ਦ੍ਰਿਸ਼

60. ਗੁਰਦੁਆਰਾ ਲੰਗਰ ਸਾਹਿਬ ਦੇ ਲੰਗਰ ਹਾਲ ਦਾ ਦ੍ਰਿਸ਼

61. ਤਖ਼ਤ ਸਾਹਿਬ ਦੇ ਲੰਗਰ ਹਾਲ ਦਾ ਦ੍ਰਿਸ਼

62. ਹਜ਼ੂਰ ਸਾਹਿਬ ਨਾਂਦੇੜ ਰੇਲਵੇ ਸਟੇਸ਼ਨ ਦਾ ਦ੍ਰਿਸ਼

63. ਸ੍ਰੀ ਗੁਰੂ ਗੋਬਿੰਦ ਸਿੰਘ ਹਵਾਈ ਅੱਡਾ ਨਾਂਦੇੜ ਦਾ ਦ੍ਰਿਸ਼

64. ਸੱਚਖੰਡ ਸਿੱਖ ਹੋਸਟਲ, (ਗੁਰਦੁਆਰਾ ਸੱਚਖੰਡ ਬੋਰਡ)

65. ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ (ਗੁਰਦੁਆਰਾ ਸੱਚਖੰਡ ਬੋਰਡ)

66. ਦਸਮੇਸ਼ ਹਸਪਤਾਲ (ਗੁਰਦੁਆਰਾ ਸੱਚਖੰਡ ਬੋਰਡ)

67. ਸੰਤ ਬਾਬਾ ਨਿਧਾਨ ਸਿੰਘ ਜੀ ਮੈਮੋਰਿਅਲ ਹਸਪਤਾਲ (ਗੁਰਦੁਆਰਾ ਲੰਗਰ ਸਾਹਿਬ)

68. ਅਜੋਕੇ ਦੌਰ ਵਿਚ ਹਲ ਅਤੇ ਬਲਦਾਂ ਨਾਲ ਖੇਤੀ ਕਰ ਰਹੇ ਨਾਂਦੇੜ ਦੇ ਸਥਾਨਿਕ ਕਿਸਾਨ

69. ਨਾਂਦੇੜ ਦੇ ਖੇਤਾਂ ਵਿਚ ਹਲਦੀ ਦੀ ਫ਼ਸਲ ਇਕ ਤਸਵੀਰ

**ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਮੌਜੂਦ ਪੁਰਾਤਨ ਬੁੰਗੇ**

70. ਨਿਹੰਗ ਸਿੰਘਾਂ ਦਾ ਬੁੰਗਾ (ਜੋ ਅੱਜ ਖ਼ਸਤਾ ਹਾਲ ਹੈ)

71. ਨਿਰਮਲਿਆਂ ਦਾ ਬੁੰਗਾ (ਪੁਰਾਤਨ ਇਮਾਰਤ)

72. ਬੁੰਗਾ ਮਾਤਾ ਭਾਗ ਕੌਰ ਜੀ

73. ਬੁੰਗਾ ਵਣਜਾਰਗਾਨ (ਵਣਜਾਰਿਆਂ ਵਾਲਾ ਬੁੰਗਾ)

**ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਵਿਦਿਅਕ ਅਦਾਰੇ**

74. ਸ੍ਰੀ ਹਜ਼ੂਰ ਸਾਹਿਬ ਆਈ. ਟੀ. ਆਈ., ਨਾਂਦੇੜ

75. ਖ਼ਾਲਸਾ ਹਾਈ ਸਕੂਲ, ਨਾਂਦੇੜ

76. ਸੱਚਖੰਡ ਪਬਲਿਕ ਸਕੂਲ (ਇੰਗਲਿਸ਼ ਮੀਡੀਅਮ), ਨਾਂਦੇੜ

77. ਖ਼ਾਲਸਾ ਪ੍ਰਾਇਮਰੀ ਸਕੂਲ (ਹਿੰਦੀ ਮੀਡੀਅਮ), ਨਾਂਦੇੜ

78. ਸ੍ਰੀ ਦਸਮੇਸ਼ ਜੋਤ ਇੰਗਲਿਸ਼ ਮੀਡੀਅਮ ਸਕੂਲ, ਨਾਂਦੇੜ

79. ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ, ਨਾਂਦੇੜ

80. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸੰਸਥਾ, ਨਾਂਦੇੜ

81. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਧਿਐਨ ਸੰਕੁਲ ਅਤੇ ਖੋਜ ਕੇਂਦਰ (ਨਵੀਂ ਬਣ ਰਹੀ ਇਮਾਰਤ)

82. ਗੁਰਮਤਿ ਪ੍ਰਚਾਰ ਕੇਂਦਰ (ਧਾਰਮਿਕ ਸੰਗੀਤ ਵਿਦਿਆਲਾ), ਬੰਦਾ ਘਾਟ ਸਾਹਿਬ

**ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਯਾਤਰੀ ਨਿਵਾਸ**

83. ਗੁਰੂ ਨਾਨਕ ਦੇਵ ਜੀ ਯਾਤਰੀ ਨਿਵਾਸ (ਗੁ. ਲੰਗਰ ਸਾਹਿਬ)

84. ਧੰਨ ਧੰਨ ਬਾਬਾ ਬੁੱਢਾ ਸਾਹਿਬ ਐਨ. ਆਰ. ਆਈ ਯਾਤਰੀ ਨਿਵਾਸ (ਗੁ. ਲੰਗਰ ਸਾਹਿਬ)

85. ਸੰਤ ਬਾਬਾ ਨਿਧਾਨ ਸਿੰਘ ਜੀ ਐਨ. ਆਰ. ਆਈ ਯਾਤਰੀ ਨਿਵਾਸ (ਗੁ. ਲੰਗਰ ਸਾਹਿਬ)

86. ਸ੍ਰੀ ਗੁਰੂ ਅਮਰਦਾਸ ਜੀ ਐਨ. ਆਰ. ਆਈ ਯਾਤਰੀ ਨਿਵਾਸ (ਗੁ. ਲੰਗਰ ਸਾਹਿਬ)

87. ਪੰਜ ਪਿਆਰੇ ਭਾਈ ਦਇਆ ਸਿੰਘ ਜੀ ਯਾਤਰੀ ਨਿਵਾਸ

88. ਸੰਤ ਬਾਬਾ ਜੋਗਿੰਦਰ ਸਿੰਘ ਜੀ ਮੋਨੀ ਯਾਤਰੀ ਨਿਵਾਸ

89. ਪੰਜਾਬ ਭਵਨ ਯਾਤਰੀ ਨਿਵਾਸ

90. ਸ੍ਰੀ ਗੁਰੂ ਗੋਬਿੰਦ ਸਿੰਘ ਐਨ. ਆਰ. ਆਈ ਯਾਤਰੀ ਨਿਵਾਸ

91. ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ

92. ਤਖ਼ਤ ਸੱਚਖੰਡ ਪਰਿਸਰ ਨਿਵਾਸ

**ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ**

93. ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਲਵੰਡੀ ਸਾਬੋ ਤੋਂ ਦੱਖਣ ਵੱਲ ਕੂਚ ਕਰਨ ਤੋਂ ਪਹਿਲਾਂ ਬੈਰਾੜਾਂ ਤੇ ਭਾਈ ਰੂਪੇ ਦੇ ਨਾਮ ਭੇਜਿਆ ਹੁਕਮਨਾਮਾ।

94. ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਜੂਨ 1984 ਈ. ਵਿਚ ਜਾਰੀ ਹੋਇਆ ਹੁਕਮਨਾਮਾ।

95. ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਤਖ਼ਤ ਸਾਹਿਬ ਦੀ ਮਰਿਯਾਦਾ ਸੰਬੰਧੀ ਸਾਲ 2005 ਵਿਚ ਜਾਰੀ ਹੋਇਆ ਹੁਕਮਨਾਮਾ।

# ਅੰਤਿਕਾ - II



**ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ**



**ਗੁਰਦੁਆਰਾ ਨਗੀਨਾ ਘਾਟ ਸਾਹਿਬ**



**ਗੁਰਦੁਆਰਾ ਬੰਦਾ ਘਾਟ ਸਾਹਿਬ**



**ਗੁਰਦੁਆਰਾ ਸੰਗਤ ਸਾਹਿਬ**



**ਗੁਰਦੁਆਰਾ ਮਾਲਟੇਕੜੀ ਸਾਹਿਬ**



**ਗੁਰਦੁਆਰਾ ਹੀਰਾ ਘਾਟ ਸਾਹਿਬ**



**ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ**



**ਗੁਰਦੁਆਰਾ ਸ਼ਿਕਾਰ ਘਾਟ ਸਾਹਿਬ**



**ਗੁਰਦੁਆਰਾ ਬਾਉਲੀ ਦਮਦਮਾ ਸਾਹਿਬ**



**ਗੁਰਦੁਆਰਾ ਗੋਬਿੰਦ ਬਾਗ ਸਾਹਿਬ**



**ਗੁਰਦੁਆਰਾ ਮਾਤਾ ਭਾਗ ਕੌਰ (ਬੁੰਗਾ ਮਾਤਾ ਭਾਗ ਕੌਰ)**



**ਗੁਰਦੁਆਰਾ ਦਮਦਮਾ ਸਾਹਿਬ, ਬਸਮਤ ਨਗਰ (ਜ਼ਿਲ੍ਹਾ ਹਿੰਗੋਲੀ)**



**ਗੁਰਦੁਆਰਾ ਭਾਈ ਦਇਆ ਸਿੰਘ ਜੀ ਭਾਈ ਧਰਮ ਸਿੰਘ ਜੀ, ਔਰੰਗਾਬਾਦ (ਜ਼ਿਲ੍ਹਾ ਔਰੰਗਾਬਾਦ)**



**ਗੁਰਦੁਆਰਾ ਲੰਗਰ ਸਾਹਿਬ (ਡੇਰਾ ਸੰਤ ਬਾਬਾ ਨਿਧਾਨ ਸਿੰਘ ਜੀ)**



**ਗੁਰਦੁਆਰਾ ਨਾਨਕਸਰ ਸਾਹਿਬ**



**ਗੁਰਦੁਆਰਾ ਰਤਨਗੜ ਸਾਹਿਬ**



**ਗੁਰਦੁਆਰਾ ਭਜਨਗੜ੍ਹ ਸਾਹਿਬ**



**ਤਖ਼ਤ ਸ੍ਰੀ ਹਜ਼ੂਰ ਸਾਹਿਬ ਪਰਿਸਰ ਦਾ ਸੁੰਦਰ ਦ੍ਰਿਸ਼**



**ਤਖ਼ਤ ਸ੍ਰੀ ਹਜ਼ੂਰ ਸਾਹਿਬ ਪਰਿਸਰ ਦੇ ਗੇਟ ਨੰ. 1 ਦਾ ਦ੍ਰਿਸ਼**



**ਤਖ਼ਤ ਸਾਹਿਬ ਦੇ ਅੰਦਰ ਪ੍ਰਕਾਸ਼ ਅਸਥਾਨ**



**ਤਖ਼ਤ ਸਾਹਿਬ ਦੇ ਅੰਦਰ ਥੜ੍ਹੇ (ਸਿੰਘਾਸਣ ਅਸਥਾਨ) ਉੱਤੇ ਸਜਾਏ ਸ਼ਸਤਰਾਂ ਦਾ ਦ੍ਰਿਸ਼**



**ਤਖ਼ਤ ਸਾਹਿਬ ਦਾ ਸੋਨੇ ਦੇ ਪੱਤਰੇ ਵਾਲਾ ਦਰਵਾਜਾ**



**ਤਖ਼ਤ ਸਾਹਿਬ ਦੇ ਚਾਂਦੀ ਦੇ ਪੱਤਰੇ ਵਾਲੇ ਦਰਵਾਜੇ**



**ਤਖ਼ਤ ਸਾਹਿਬ ਦੇ ਅੰਦਰ ਸੁੰਦਰ ਮੀਨਾਕਾਰੀ ਦਾ ਦ੍ਰਿਸ਼**



ਤਖ਼ਤ ਸਾਹਿਬ ਦੇ ਅੰਦਰ ਲੱਗਿਆ ਸੋਨੇ ਦਾ ਪੱਤਰਾ ਅਤੇ ਸੁਨਹਿਰੀ ਕਲਾਕ੍ਰਿਤ ਦੀ ਤਸਵੀਰ



ਤਖ਼ਤ ਸਾਹਿਬ ਦੇ ਅੰਦਰ ਚੋਪ ਸਾਹਿਬ ਲੈ ਕੇ ਖੜ੍ਹੇ ਸਿੰਘ ਦੀ ਤਸਵੀਰ



**ਬਾਲਾ ਖਾਨਾ ਸਾਹਿਬ ਵਿਖੇ ਸੁਸ਼ੋਭਿਤ ਸ਼ਸਤਰ**



**ਤਖ਼ਤ ਸਾਹਿਬ 'ਤੇ ਸ਼ਾਮ ਨੂੰ ਆਰਤੀ ਉਪਰੰਤ ਸੰਗਤਾਂ ਨੂੰ ਸ਼ਸਤਰਾਂ ਦੇ ਦਰਸ਼ਨ ਕਰਵਾਉਣ ਦਾ ਦ੍ਰਿਸ਼**



**ਦਿਵਾਲੀ ਸਮੇਂ ਸੰਗਤਾਂ ਵੱਲੋਂ ਤਖ਼ਤ ਇਸ਼ਨਾਨ ਦਾ ਮਨਮੋਹਕ ਦ੍ਰਿਸ਼**



**ਤਖ਼ਤ ਇਸ਼ਨਾਨ ਸਮੇਂ ਪੰਡਾਲ ਵਿਚ ਸਜਾਏ ਗਏ ਸ਼ਸਤਰਾਂ ਨੂੰ ਚੌਰ ਸਾਹਿਬ ਦੀ ਸੇਵਾ ਕਰਦੇ ਹੋਏ**

**ਸੇਵਾਦਾਰ ਸਿੰਘ**



ਤਖ਼ਤ ਇਸ਼ਨਾਨ ਸਮੇਂ ਪੰਡਾਲ ਵਿਚ ਸਜਾਏ ਗਏ ਸ਼ਸਤਰਾਂ ਨੂੰ ਪਾਲਿਸ਼ ਕਰਦੇ ਹੋਏ ਸੇਵਾਦਾਰ ਸਿੰਘ



ਤਖ਼ਤ ਇਸ਼ਨਾਨ ਸਮੇਂ ਸੰਗਤਾਂ ਗੋਦਾਵਰੀ ਨਦੀ ਤੋਂ ਜਲ ਭਰਦੀਆਂ ਹੋਈਆਂ



ਦੀਪਮਾਲਾ ਮਹੱਲੇ ਸਮੇਂ ਤਖ਼ਤ ਸਾਹਿਬ ਵਿਖੇ ਮਹੱਲੇ (ਨਗਰ ਕੀਰਤਨ) ਦੀ ਆਰੰਭਤਾ ਦਾ ਦ੍ਰਿਸ਼



ਦੀਪਮਾਲਾ ਮਹੱਲੇ ਸਮੇਂ ਨਗਰ ਕੀਰਤਨ ਦਾ ਦ੍ਰਿਸ਼




ਗੁਰਤਾਗੱਦੀ ਗੁਰਪੁਰਬ ਸਮੇਂ ਨਗਰ ਕੀਰਤਨ ਦਾ ਦ੍ਰਿਸ਼




ਦੁਸਹਿਰੇ ਮਹੱਲੇ ਸਮੇਂ ਸਿੰਘਾਂ ਵੱਲੋਂ 'ਹੱਲਾ ਬੋਲ' (ਹੱਲਾ ਖੇਡਣ) ਦਾ ਦ੍ਰਿਸ਼



**ਗੁਰਤਾਗੱਦੀ ਗੁਰਪੁਰਬ ਸਮੇਂ ਸਿੰਘਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਸਤਰਾਂ ਨਾਲ ਸਲਾਮੀ ਦੇਣ ਦਾ ਦ੍ਰਿਸ਼**



**ਸੋਨੇ ਦੀ ਕਾਠੀ ਵਾਲਾ ਘੋੜਾ**



**ਚਾਂਦੀ ਦੀ ਕਾਠੀ ਵਾਲਾ ਘੋੜਾ**



**ਫ਼ੌਜੀ ਸਿੰਘਾਂ ਦੀਆਂ ਪੁਰਾਤਨ ਬੰਦੂਕਾਂ**



**ਸਿੰਘਾਂ ਦੀਆਂ ਪੁਰਾਤਨ ਛੋਟੀਆਂ ਪਿਸਤੌਲਾਂ (ਤਮੰਚੇ)**



**ਮਹਾਰਾਜਾ ਰਣਜੀਤ ਸਿੰਘ ਦੀਆਂ ਦੋ ਪਿਸਤੌਲਾਂ (ਤਮੰਚੇ)**



**ਤਖ਼ਤ ਸਾਹਿਬ ਦੇ ਅੰਦਰ ਸੁਸ਼ੋਭਿਤ ਗਜਗਾਹ ਸਾਹਿਬ (ਅਸ਼ਟਭੁਜਾ) ਸ਼ਸਤਰ**



**ਦੁਸਹਿਰੇ ਮਹੱਲੇ ਵਾਲੇ ਦਿਨ ਤਖ਼ਤ ਸਾਹਿਬ 'ਤੇ ਸਜਾਏ ਗਏ ਸ਼ਸਤਰ**



**ਮਾਤਾ ਭਾਗ ਕੌਰ ਜੀ ਅਤੇ 40 ਮੁਕਤਿਆਂ ਦੇ ਪੁਰਾਤਨ ਸ਼ਸਤਰ**



**ਮਾਤਾ ਭਾਗ ਕੌਰ ਜੀ ਦੀਆਂ ਪੁਰਾਤਨ ਬੰਦੂਕਾਂ**



**ਤਖ਼ਤ ਸਾਹਿਬ 'ਤੇ ਮੌਜੂਦ ਪੁਰਾਤਨ ਤੋਪ**



**ਤਖ਼ਤ ਸਾਹਿਬ ਦੇ ਅੰਦਰ ਸੁਸ਼ੋਭਿਤ ਵੱਡਾ ਨਗਾਰਾ**



**ਤਖ਼ਤ ਸੱਚਖੰਡ ਪਰਿਸਰ ਅੰਦਰ ਪੁਰਾਤਨ ਇਤਿਹਾਸਕ ਬਾਉਲੀ**



**ਗੁਰਦੁਆਰਾ ਸੰਗਤ ਸਾਹਿਬ ਵਿਖੇ ਸੁਸ਼ੋਭਿਤ ਪੁਰਾਤਨ ਢਾਲ (ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਤਨਖਾਹਾਂ ਵੰਡੀਆਂ ਸਨ)**



**ਗੋਬਿੰਦ ਬਾਗ ਵਿਚ ਲੇਜ਼ਰ ਸ਼ੋਅ ਦਾ ਮਨਮੋਹਕ ਦ੍ਰਿਸ਼**



**ਅੰਗੀਠਾ ਅਸਥਾਨ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ (ਪੰਜ ਪਿਆਰੇ), ਨਾਂਦੇੜ**



**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਿਊਜ਼ੀਅਮ**



**ਗੁਰੂ ਸਾਹਿਬ ਦੇ ਘੋੜਿਆਂ ਦਾ ਅਸਤਬਲ**



**ਗੋਦਾਵਰੀ ਨਦੀ ਦੇ ਕੰਢੇ ਗੁਰਦੁਆਰਿਆਂ ਦਾ ਮਨੋਹਰ ਦ੍ਰਿਸ਼**



**ਗੋਦਾਵਰੀ ਨਦੀ ਦੇ ਕੰਢੇ ਬਣਿਆ ਗਾਗਰ ਕੁੰਡ**



**ਅੰਮ੍ਰਿਤ ਵੇਲੇ ਗਾਗਰੀਆ ਸਿੰਘ ਗੋਦਾਵਰੀ ਨਦੀ ਤੋਂ ਜਲ ਦੀ ਗਾਗਰ ਭਰਦੇ ਹੋਏ।**



**ਗੋਦਾਵਰੀ ਨਦੀ ਦਾ ਮਨਮੋਹਕ ਦ੍ਰਿਸ਼**



ਗੁਰਦੁਆਰਾ ਲੰਗਰ ਸਾਹਿਬ ਰੋਡ ਉਪਰ ਬਣੇ ਬਾਜ਼ਾਰ ਦਾ ਇਕ ਸੁੰਦਰ ਦ੍ਰਿਸ਼



**ਗੁਰਦੁਆਰਾ ਲੰਗਰ ਸਾਹਿਬ ਦੇ ਲੰਗਰ ਹਾਲ ਦਾ ਦ੍ਰਿਸ਼**



**ਤਖ਼ਤ ਸਾਹਿਬ ਦੇ ਲੰਗਰ ਹਾਲ ਦਾ ਦ੍ਰਿਸ਼**




**ਹਜ਼ੂਰ ਸਾਹਿਬ ਨਾਂਦੇੜ ਰੇਲਵੇ ਸਟੇਸ਼ਨ ਦਾ ਦ੍ਰਿਸ਼**




**ਸ੍ਰੀ ਗੁਰੂ ਗੋਬਿੰਦ ਸਿੰਘ ਹਵਾਈ ਅੱਡਾ ਨਾਂਦੇੜ ਦਾ ਦ੍ਰਿਸ਼**



**ਸੱਚਖੰਡ ਸਿੱਖ ਹੋਸਟਲ, (ਗੁਰਦੁਆਰਾ ਸੱਚਖੰਡ ਬੋਰਡ)**




**ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ (ਗੁਰਦੁਆਰਾ ਸੱਚਖੰਡ ਬੋਰਡ)**



**ਦਸਮੇਸ਼ ਹਸਪਤਾਲ (ਗੁਰਦੁਆਰਾ ਸੱਚਖੰਡ ਬੋਰਡ)**




**ਸੰਤ ਬਾਬਾ ਨਿਧਾਨ ਸਿੰਘ ਜੀ ਮੈਮੋਰਿਅਲ ਹਸਪਤਾਲ (ਗੁਰਦੁਆਰਾ ਲੰਗਰ ਸਾਹਿਬ)**



**ਅਜੋਕੇ ਦੌਰ ਵਿਚ ਹਲ ਅਤੇ ਬਲਦਾਂ ਨਾਲ ਖੇਤੀ ਕਰ ਰਹੇ ਨਾਂਦੇੜ ਦੇ ਸਥਾਨਿਕ ਕਿਸਾਨ**



**ਨਾਂਦੇੜ ਦੇ ਖੇਤਾਂ ਵਿਚ ਹਲਦੀ ਦੀ ਫ਼ਸਲ ਇਕ ਤਸਵੀਰ**



**ਨਿਹੰਗ ਸਿੰਘਾਂ ਦਾ ਬੁੰਗਾ (ਜੋ ਅੱਜ ਖ਼ਸਤਾ ਹਾਲ ਹੈ)**



**ਨਿਰਮਲਿਆਂ ਦਾ ਬੁੰਗਾ (ਪੁਰਾਤਨ ਇਮਾਰਤ)**



**ਬੁੰਗਾ ਮਾਤਾ ਭਾਗ ਕੌਰ ਜੀ**




**ਬੁੰਗਾ ਵਣਜਾਰਗਾਨ (ਵਣਜਾਰਿਆਂ ਵਾਲਾ ਬੁੰਗਾ)**




**ਸ੍ਰੀ ਹਜ਼ੂਰ ਸਾਹਿਬ ਆਈ. ਟੀ. ਆਈ., ਨਾਂਦੇੜ**



**ਖ਼ਾਲਸਾ ਹਾਈ ਸਕੂਲ, ਨਾਂਦੇੜ**



**ਸੱਚਖੰਡ ਪਬਲਿਕ ਸਕੂਲ (ਇੰਗਲਿਸ਼ ਮੀਡੀਅਮ), ਨਾਂਦੇੜ**



**ਖ਼ਾਲਸਾ ਪ੍ਰਾਇਮਰੀ ਸਕੂਲ (ਹਿੰਦੀ ਮੀਡੀਅਮ), ਨਾਂਦੇੜ**



**ਸ੍ਰੀ ਦਸਮੇਸ਼ ਜੋਤ ਇੰਗਲਿਸ਼ ਮੀਡੀਅਮ ਸਕੂਲ, ਨਾਂਦੇੜ**



**ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ, ਨਾਂਦੇੜ**



**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸੰਸਥਾ, ਨਾਂਦੇੜ**



**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਧਿਐਨ ਸੰਕੁਲ ਅਤੇ ਖੋਜ ਕੇਂਦਰ (ਨਵੀਂ ਬਣ ਰਹੀ ਇਮਾਰਤ)**



**ਗੁਰਮਤਿ ਪ੍ਰਚਾਰ ਕੇਂਦਰ (ਧਾਰਮਿਕ ਸੰਗੀਤ ਵਿਦਿਆਲਾ), ਬੰਦਾ ਘਾਟ ਸਾਹਿਬ**



**ਗੁਰੂ ਨਾਨਕ ਦੇਵ ਜੀ ਯਾਤਰੀ ਨਿਵਾਸ (ਗੁ. ਲੰਗਰ ਸਾਹਿਬ)**



**ਧੰਨ ਧੰਨ ਬਾਬਾ ਬੁੱਢਾ ਸਾਹਿਬ ਐਨ. ਆਰ. ਆਈ ਯਾਤਰੀ ਨਿਵਾਸ (ਗੁ. ਲੰਗਰ ਸਾਹਿਬ)**



**ਸੰਤ ਬਾਬਾ ਨਿਧਾਨ ਸਿੰਘ ਜੀ ਐਨ. ਆਰ. ਆਈ ਯਾਤਰੀ ਨਿਵਾਸ (ਗੁ. ਲੰਗਰ ਸਾਹਿਬ)**



**ਸ੍ਰੀ ਗੁਰੂ ਅਮਰਦਾਸ ਜੀ ਐਨ. ਆਰ. ਆਈ ਯਾਤਰੀ ਨਿਵਾਸ (ਗੁ. ਲੰਗਰ ਸਾਹਿਬ)**



**ਪੰਜ ਪਿਆਰੇ ਭਾਈ ਦਇਆ ਸਿੰਘ ਜੀ ਯਾਤਰੀ ਨਿਵਾਸ**



**ਸੰਤ ਬਾਬਾ ਜੋਗਿੰਦਰ ਸਿੰਘ ਜੀ ਮੋਨੀ ਯਾਤਰੀ ਨਿਵਾਸ**



**ਪੰਜਾਬ ਭਵਨ ਯਾਤਰੀ ਨਿਵਾਸ**



**ਸ੍ਰੀ ਗੁਰੂ ਗੋਬਿੰਦ ਸਿੰਘ ਐਨ. ਆਰ. ਆਈ ਯਾਤਰੀ ਨਿਵਾਸ**



**ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ**




**ਤਖ਼ਤ ਸੱਚਖੰਡ ਪਰਿਸਰ ਨਿਵਾਸ**

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਬੈਰਾੜਾਂ ਤੇ ਭਾਈ ਰੂਪੇ ਕੀ ਸੰਗਤਿ ਦੇ ਨਾਮ


[ਕਤਕ ੨੦, ਸੰਮਤ ੧੭੬੩ ਬਿ. ੨੧ ਅਕਤੂਬਰ ੧੭੦੬ ਈ.]

"...ਅਸਾਂ ਦਖਣ ਨੋ ਕੂਚ ਕੀਤਾ ਹੈ ਜਿਨਿ ਸਿਖ ਸਾਡੇ ਨਾਲ ਚਲਣਾ ਹੋਇ ਤਿਨਿ ਹੁਕਮੁ ਦੇਖਦਿਆ ਹਜੂਰਿ ਆਵਣਾ ..."



[ਪਿੰਡ ਭਾਈ ਰੂਪਾ ਵਿਚ]

**ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਲਵੰਡੀ ਸਾਬੋ ਤੋਂ ਦੱਖਣ ਵੱਲ ਕੂਚ ਕਰਨ ਤੋਂ ਪਹਿਲਾਂ ਬੈਰਾੜਾਂ ਤੇ ਭਾਈ ਰੂਪੇ ਦੇ ਨਾਮ ਭੇਜਿਆ ਹੁਕਮਨਾਮਾ।**


ੴ ਵਾਹਿਗੁਰੂ ਜੀ ਕੀ ਫ਼ਤਹ ॥

ਦੇਗ ਤੇਗ ਫ਼ਤਹ ਨੁਸਰਤ ਬੇਦਰੰਗ ॥ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

# ਤਖਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ

## ਵਲੋਂ ਜਾਰੀ

# ਹੁਕਮਨਾਮਾ

ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥

ਸੋ ਅੱਜ 17-6-1984, ਐਤਵਾਰ ਨੂੰ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਨਾਂਦੇੜ ਦੇ ਪੰਜ ਪਿਆਰੇ ਸਾਹਿਬਾਨ ਵਲੋਂ ਸਮੂਹ ਸਿੱਖ ਜਗਤ ਦੇ ਨਾਮ ਇਹ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਘੋਰ ਬੇਅਦਬੀ ਅਤੇ ਗੁਰਸਿੱਖਾਂ ਦੇ ਹੋਏ ਮਹਾਨ ਬਲੀਦਾਨ ਦੇ ਦੋਸ਼ ਵਿਚ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਗੁਰਚਰਨ ਸਿੰਘ ਟੌਹੜਾ ਨੂੰ "***ਤਨਖਾਹੀਆ***" ਕਰਾਰ ਦਿੱਤਾ ਜਾਂਦਾ ਹੈ।

ਇਹ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਦਾ ਹੁਕਮਨਾਮਾ ਹੈ ਜਿਸ ਉਤੇ ਕਰੜਾਈ ਨਾਲ ਪਹਿਰਾ ਦੇਣਾ ਸੰਸਾਰ ਦੇ ਹਰ ਗੁਰਸਿੱਖ ਮਾਈ ਭਾਈ ਦਾ ਫਰਜ਼ ਹੈ। ਜੋ ਮੰਨੇਗਾ ਉਸਦਾ ਲੋਕ ਪ੍ਰਲੋਕ ਦੋਹੀਂ ਥਾਈਂ ਭਲਾ ਹੋਵੇਗਾ।

ਜਥੇਦਾਰ

ਅਤੇ ਪੰਜ ਪਿਆਰੇ ਸਾਹਿਬਾਨ


ਤਖਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ

(ਮਹਾਰਾਸ਼ਟਰ)

ਮਿਤੀ : 17 ਜੂਨ 1984

੪ ਹਾੜ ੨੦੪੧ ਬਿਕ੍ਰਮੀ

ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਜੂਨ 1984 ਈ. ਵਿਚ ਜਾਰੀ ਹੋਇਆ ਹੁਕਮਨਾਮਾ।


ੴ ਵਾਹਿਗੁਰੂ ਜੀ ਕੀ ਫ਼ਤਹ ॥
ਦੇਗ ਤੇਗ ਫ਼ਤਹ ਨੁਸਰਤ ਬੇ ਦਰੰਗ ॥ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ

## ਹੁਕਮਨਾਮਾ

ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ।

ਇਹ ਇਲਾਹੀ ਹੁਕਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਸਮੂੰਹ ਸਿੱਖ ਜਗਤ ਅਤੇ ਸਰਬੱਤ ਸੰਸਾਰ ਦੇ ਲੋਕ ਪਰਲੋਕ ਦੇ ਕਲਿਆਣ ਹਿਤ ਇਸ ਅਸਥਾਨ ਤੋਂ ਦਿੱਤਾ ਗਿਆ । ਇਸ ਸਿਧਾਂਤ ਨੂੰ ਕਾਇਮ ਰੱਖਣ ਹਿਤ ਸਿੱਖ ਜਗਤ ਦੇ ਹਰ ਇਕ ਗੁਰਸਿੱਖ ਮਾਈ ਭਾਈ ਨੂੰ ਪਹਿਰਾ ਦੇਣਾ ਚਾਹੀਦਾ ਹੈ । ਲੇਕਿਨ ਮੌਜੂਦਾ ਸਮੇਂ ਵਿਚ ਕੁੱਝ ਦੁਨਿਆਵੀ ਲੋਕ ਗੁਰੂ ਘਰ ਦੀ ਮਰਯਾਦਾ ਅਤੇ ਪੰਥਕ ਹਿੱਤਾਂ ਨਾਲ ਬਹੁਤ ਬੁਰੀ ਤਰ੍ਹਾਂ ਨਾਲ ਖ਼ਿਲਵਾੜ ਕਰ ਰਹੇ ਹਨ । ਕਈ ਲੋਕ ਸੰਤਾਂ ਦੇ ਭੇਖ ਵਿਚ ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਨੂੰ ਗੁਮਰਾਹ ਕਰਕੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਨਾਮ ਉਪਰ ਮਾਇਆ ਇਕੱਠੀ ਕਰ ਰਹੇ ਹਨ ਅਤੇ ਤਖ਼ਤ ਸਾਹਿਬ ਜੀ ਦੇ ਆਸ-ਪਾਸ ਗੁਰੂ ਸਾਹਿਬਾਨ, ਗੁਰੂ ਜੀ ਦੇ ਸਾਹਿਬਜ਼ਾਦੇ ਅਤੇ ਸਤਿਕਾਰ ਯੋਗ ਮਾਤਾਵਾਂ ਦੇ ਨਾਮ ਉਪਰ ਗੁਰਦੁਆਰਿਆਂ ਦੇ ਨਾਮ ਹੇਠ ਆਪਣੇ ਡੇਰੇ ਬਣਾ ਰਹੇ ਹਨ ਜਿਨ੍ਹਾਂ ਨਾਮਾਂ ਤੋਂ ਸ਼ਰਧਾਲੂ ਗੁਰਸਿੱਖਾਂ ਨੂੰ ਇਨ੍ਹਾਂ ਅਸਥਾਨਾਂ ਦੇ ਇਤਿਹਾਸਿਕ ਹੋਣ ਦਾ ਭਰਮ ਪੈਦਾ ਹੋ ਰਿਹਾ ਹੈ, ਜਿਸਦੀਆਂ ਸ਼ਿਕਾਇਤਾਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰਿਆਂ ਤੱਕ ਪਹੁੰਚ ਰਹੀਆਂ ਹਨ । ਅਤੇ ਇਨ੍ਹਾਂ ਡੇਰਿਆਂ ਵਿਚ ਆਪਣੀ ਮਨਮਰਜ਼ੀ ਨਾਲ ਨਵੀਂ ਪ੍ਰਥਾ ਪਾਕੇ ਸੰਪਟ ਪਾਠ, ਮਹਾਂਸੰਪਟ ਪਾਠ, ਅਖੰਡ ਸੰਪਟ ਪਾਠ ਅਤੇ ਅੰਮ੍ਰਿਤ ਸੰਚਾਰ ਅਤੇ ਹੋਰ ਕਈ ਤਰ੍ਹਾਂ ਦੇ ਨਾਲ ਪੂਜਾ-ਪਾਠ ਕੀਤੇ ਜਾ ਰਹੇ ਹਨ । ਜੋ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਦੇ ਨਾਲ ਸਿੱਧਾ ਖ਼ਿਲਵਾੜ ਹੈ । ਤਖ਼ਤ ਸਾਹਿਬ ਦੇ ਵਿਰੁੱਧ ਚਲ ਰਹੇ ਇਨ੍ਹਾਂ ਸਾਰੇ ਮਨਮਰਜ਼ੀ ਦੇ ਕੰਮਾਂ ਨੂੰ ਰੋਕਣਹਿਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਜੀ, ਨਾਂਦੇੜ ਵਲੋਂ ਸਮੂੰਹ ਸਿੱਖ ਜਗਤ ਲਈ ਇਹ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ।

੧. ਦੱਖਣ ਦੇ ਇਲਾਕੇ ਵਿਚ, ਗੁਰੂ ਸਾਹਿਬਾਨ ਜੀ ਜਾਂ ਉਨ੍ਹਾਂ ਦੇ ਪਰਿਵਾਰ ਜਾਂ ਸ਼ਹੀਦ ਸਿੰਘਾਂ ਆਦਿਕ ਕਿਸੇ ਦੇ ਵੀ ਨਾਮ ਉਪਰ ਕੋਈ ਨਵਾਂ ਗੁਰਦੁਆਰਾ ਸਾਹਿਬ ਜਾਂ ਡੇਰੇ ਦੀ ਇਮਾਰਤ ਤਿਆਰ ਨਹੀਂ ਕੀਤੀ ਜਾਵੇਗੀ ।

੨. ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਇਲਾਕੇ ਵਿਚ ਕੇਵਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਤਖ਼ਤ ਸਾਹਿਬ ਉਪਰ ਹੀ ਅੰਮ੍ਰਿਤ ਸੰਚਾਰ ਕਰ ਸਕਣਗੇ । ਹੋਰ ਕੋਈ ਵੀ ਅੰਮ੍ਰਿਤ ਤਿਆਰ ਨਹੀਂ ਕਰ ਸਕੇਗਾ ।

੩. ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਤੋਂ ਇਲਾਵਾ ਹੋਰ ਕਿਸੇ ਵੀ ਥਾਂ ਤੇ ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ, ਸੰਪਟ ਅਖੰਡ ਪਾਠ, ਮਹਾ ਸੰਪਟ ਅਖੰਡ ਪਾਠ ਨਹੀਂ ਹੋਣਗੇ ।

੪. ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਦੇ ਨਾਮ ਉਪਰ ਕੋਈ ਵਿਅਕਤੀ ਡੇਰੇਦਾਰ ਜਾਂ ਸੰਸਥਾ ਉਗਰਾਹੀ ਨਹੀਂ ਕਰੇਗਾ ।

ਜਿਹੜੀ ਵੀ ਸੰਸਥਾ ਜਾਂ ਵਿਅਕਤੀ ਇਸ ਹੁਕਮਨਾਮੇ ਦੀ ਉਲੰਘਣਾ ਕਰੇਗਾ ਉਹ ਗੁਰੂ ਪੰਥ ਅਤੇ ਤਖ਼ਤ ਸਾਹਿਬ ਦਾ ਦੋਸ਼ੀ ਸਮਝਿਆ ਜਾਵੇਗਾ । ਅਤੇ ਉਸ ਨੂੰ ਤਖ਼ਤ ਸਾਹਿਬ ਉਪਰ ਤਲਬ ਕਰਕੇ ਪੰਥਕ ਮਰਯਾਦਾ ਅਨੁਸਾਰ ਤਨਖਾਹ ਲਾਈ ਜਾਵੇਗੀ ।

ਜੋ ਵੀ ਮਾਈ-ਭਾਈ ਇਸ ਹੁਕਮਨਾਮੇ ਦੀ ਮਨ, ਬਚਨ, ਕਰਮ, ਕਰਕੇ ਪਾਲਨਾ ਕਰੇਗਾ ਉਹ ਗੁਰੂ ਘਰ ਦੀਆਂ ਖੁਸ਼ੀਆਂ ਦਾ ਪਾਤਰ ਬਣੇਗਾ ਅਤੇ ਉਸ ਦੇ ਹਲਤ-ਪਲਤ ਸਤਿਗੁਰੂ ਜੀ ਸਹਾਈ ਹੋਣਗੇ ।

ਅੱਜ ਮਿਤੀ: ੩-੧੧-੨੦੦੫ ਨੂੰ ਮੋਹਰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਅਤੇ ਪੰਜ ਪਿਆਰੇ ਸਾਹਿਬਾਨ ਦੇ ਦਸਤਖ਼ਤਾਂ ਹੇਠ ਜਾਰੀ ਕੀਤਾ ਗਿਆ ।

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥

(ਭਾਈ ਕੁਲਵੰਤ ਸਿੰਘ) ਜਥੇਦਾਰ
(ਭਾਈ ਰਤਨ ਸਿੰਘ) ਮੀਤ ਜਥੇਦਾਰ
(ਭਾਈ ਪ੍ਰਤਾਪ ਸਿੰਘ) ਹੈਡ ਗ੍ਰੰਥੀ
(ਭਾਈ ਕਸ਼ਮੀਰ ਸਿੰਘ) ਮੀਤ ਗ੍ਰੰਥੀ
(ਭਾਈ ਅਮਰ ਸਿੰਘ) ਧੂਪੀਆ

**ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਤਖ਼ਤ ਸਾਹਿਬ ਦੀ ਮਰਿਯਾਦਾ ਸੰਬੰਧੀ ਸਾਲ 2005 ਵਿਚ ਜਾਰੀ ਹੋਇਆ ਹੁਕਮਨਾਮਾ।**

## ਪ੍ਰਕਾਸ਼ਿਤ ਪਰਚੇ

- **ਬਾਬਾ ਬੰਦਾ ਸਿੰਘ ਬਹਾਦਰ ਜੀਵਨ ਤੇ ਸ਼ੰਘਰਸ਼,** *Pramana Research Journal* (Art, Literature, Humanity, Social Science, Commerce, Management, Law & Science Subjects), (Editor-in-Chief: Acharya (Dr.) Shilak Ram), Acharya Academy, Bharat (ISO 9001:2008), (ISSN: 2249-2976), Year: 8, Issue: 32 (III), April-June 2019, pages 714-719.
- **ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਧਾਰਮਿਕ ਮਹੱਤਵ,** *The Journal of Religion and Sikh Studies,* (Editor: Dr. Hardev Singh), Sri Guru Granth Sahib World University, Fatehgarh Sahib, (ISSN 2348-9154), Vol. 07, 2020, pages 87-101.
- **ਸੰਗਰੂਰ ਜ਼ਿਲ੍ਹੇ ਵਿੱਚ ਗੁਰੂ ਤੇਗ ਬਹਾਦੁਰ ਜੀ ਦੇ ਚਰਨ ਛੋਹ ਪ੍ਰਾਪਤ ਪਿੰਡ ਅਤੇ ਗੁਰਦੁਆਰੇ: ਇਕ ਅਧਿਐਨ,** Book: *Studies in Sikhism and Comparative Religion,* (Editor: Dr. Aspreet Kaur), Guru Nanak Foundation, New Dehli, (ISBN 81-9483263-8), Vol. XLV, Number-1, January-June 2021, pages 81-98.
- **ਦੱਖਣੀ ਸਿੱਖਾਂ ਦੇ ਭਾਰਤ ਦੇ ਦੱਖਣ ਵਿਚ ਵੱਸਣ ਦੇ ਵੱਖ-ਵੱਖ ਪੜਾਅ,** *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, (ISSN 2394-8507), ਜਿਲਦ 67, ਅੰਕ 9, ਦਸੰਬਰ 2022, ਪੰਨੇ 82-85.

## ਕਾਨਫਰੰਸ ਵਿਚ ਪੜ੍ਹੇ ਗਏ ਪਰਚੇ

- **ਤਖ਼ਤ ਸ੍ਰੀ ਹਜ਼ੂਰ ਨਾਂਦੇੜ ਸਾਹਿਬ ਦਾ ਇਤਿਹਾਸਕ ਪਿਛੋਕੜ, ਸਥਾਨ ਅਤੇ ਯੋਗਦਾਨ,** ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲੀ ਸਿੱਖ ਇਤਿਹਾਸ ਕੌਮਾਂਤਰੀ ਕਾਨਫਰੰਸ (International Sikh History Conference), Place: Takhat Sri Damdama Sahib, Guru Kashi, Talwandi Sabo, Bathinda, Punjab (India), 2-3 October, 2021.
- **ਸ਼ਬਦ ਗੁਰੂ ਦਾ ਸਿਧਾਂਤ ਅਤੇ ਇਤਿਹਾਸ,** ਪਹਿਲੀ ਅੰਤਰ-ਰਾਸ਼ਟਰੀ ਕਾਨਫਰੰਸ, (ਵਿਸ਼ਾ: ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਕਾਲੀ ਸਰੋਕਾਰ), ਸਥਾਨ: ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ, 2-3 ਮਾਰਚ, 2023.

# Fw: [Ouriginal] 24% similarity - jagjitdhiman@gmail.com

From: Joyti Ggs (joytiggs@yahoo.in)

To: jagrajsinghjagraj@gmail.com

Date: Wednesday, 31 May, 2023 at 06:08 am IST

----- Forwarded message -----
**From:** noreply@urkund.com <noreply@urkund.com>
**To:** "joytiggs@yahoo.in" <joytiggs@yahoo.in>
**Sent:** Tuesday, 30 May, 2023 at 07:27:45 pm IST
**Subject:** [Ouriginal] 24% similarity - jagjitdhiman@gmail.com

Document sent by: jagjitdhiman@gmail.com
Document received: 5/30/2023 9:36:00 AM
Report generated 5/30/2023 3:57:41 PM by Ouriginal's system for automatic control.

Student message: Thanks

---

Document : Thesis Jagraj Singh (1).doc[D168921975]
IMPORTANT! The analysis contains 1 warning(s).
About 24% of this document consists of text similar to text found in 64 sources. The largest marking is 126 words long and is 91% similar to its primary source.

PLEASE NOTE that the above figures do not automatically mean that there is plagiarism in the document. There may be good reasons as to why parts of a text also appear in other sources. For a reasonable suspicion of academic dishonesty to present itself, the analysis, possibly found sources and the original document need to be examined closely.

Click here to open the analysis:
https://secure.urkund.com/view/161503409-573655-668193

Click here to download the document:
https://secure.ouriginal.com/archive/download/168921975-398697-324115

Gunjanjot Kaur

Gunjanjot Kaur

ਮੁਖੀ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

# ਪ੍ਰਮਾਣ - ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਜਗਰਾਜ ਸਿੰਘ ਨੇ **'ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਿਕ ਅਤੇ ਧਾਰਮਿਕ ਮਹੱਤਵ'** ਵਿਸ਼ੇ ਉਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਸੰਪੂਰਨ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ-ਕਾਰਜ ਹੈ ਅਤੇ ਉਸ ਦੇ ਨਿੱਜੀ ਅਕਾਦਮਿਕ ਪ੍ਰਯਤਨ ਦਾ ਫ਼ਲ ਹੈ। ਮੈਂ ਇਸ ਖੋਜ-ਕਾਰਜ ਨੂੰ ਪੀਐਚ. ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ, ਇਸ ਦੇ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਸਿਫ਼ਰਿਸ਼ ਕਰਦੀ ਹਾਂ।

**ਨਿਗਰਾਨ:**

ਗੁੰਜਨਜੋਤ ਕੌਰ

**ਮਿਤੀ:** ੦੨-੦੬-੨੦੨੩

**ਡਾ. ਗੁੰਜਨਜੋਤ ਕੌਰ**
ਮੁਖੀ ਅਤੇ ਅਸਿਸਟੈਂਟ ਪ੍ਰੋਫ਼ੈਸਰ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਘੋਸ਼ਣਾ - ਪੱਤਰ

ਮੈਂ ਬਿਆਨ ਕਰਦਾ ਹਾਂ ਕਿ **'ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਿਕ ਅਤੇ ਧਾਰਮਿਕ ਮਹੱਤਵ'** ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

**ਖੋਜਾਰਥੀ:**

ਜਗਰਾਜ ਸਿੰਘ

**ਮਿਤੀ:** 02-06-2023

**ਜਗਰਾਜ ਸਿੰਘ**

# ਧੰਨਵਾਦ

ਇਸ ਖੋਜ-ਪ੍ਰਬੰਧ ਨੂੰ ਪ੍ਰਸਤੁਤ ਕਰਦਿਆਂ ਮੈਂ ਸਭ ਤੋਂ ਪਹਿਲਾਂ ਉਸ ਅਕਾਲ ਪੁਰਖ ਵਾਹਿਗੁਰੂ ਜੀ ਦਾ ਅਤਿ ਧੰਨਵਾਦੀ ਅਤੇ ਰਿਣੀ ਹਾਂ ਜਿਸ ਦੀ ਮਿਹਰ ਸਦਕਾ ਮੈਂ ਇਸ ਖੋਜ-ਕਾਰਜ ਨੂੰ ਕਰਨ ਦੇ ਯੋਗ ਹੋ ਸਕਿਆਂ ਹਾਂ ਅਤੇ ਇਸ ਖੋਜ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਵਿਚ ਸਫ਼ਲਤਾ ਮਿਲੀ ਹੈ। ਉਪਰੰਤ ਮੈਂ ਆਪਣੇ ਨਿਗਰਾਨ ਸਤਿਕਾਰਯੋਗ ਡਾ. ਗੁੰਜਨਜੋਤ ਕੌਰ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਵਿਸ਼ੇ ਦੀ ਚੋਣ ਤੋਂ ਲੈ ਕੇ ਖੋਜ-ਪ੍ਰਬੰਧ ਦੀ ਸੰਪੂਰਨਤਾ ਤੱਕ ਸੁਯੋਗ ਅਗਵਾਈ ਕੀਤੀ ਅਤੇ ਸਮੇਂ-ਸਮੇਂ 'ਤੇ ਉਤਸ਼ਾਹ ਦਿੱਤਾ। ਇਸਦੇ ਨਾਲ ਹੀ ਮੈਂ ਆਪਣੇ ਵਿਭਾਗ ਦੇ ਪ੍ਰੋਫ਼ੈਸਰ ਡਾ. ਮਲਕਿੰਦਰ ਕੌਰ ਜੀ ਦਾ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਹੌਸਲਾ, ਪ੍ਰੇਰਨਾ ਅਤੇ ਸਾਥ ਦਿੱਤਾ। ਇਸਦੇ ਨਾਲ ਹੀ ਮੇਰੇ ਵਿਭਾਗ ਦੇ ਪ੍ਰੋਫ਼ੈਸਰ ਡਾ. ਸਰਬਜਿੰਦਰ ਸਿੰਘ ਜੀ (ਰਿਟਾਇਰਡ) ਦਾ ਵੀ ਮੈਂ ਬਹੁਤ ਰਿਣੀ ਹਾਂ ਜਿਨ੍ਹਾਂ ਨੇ ਹਰ ਸਮੇਂ ਹੱਲਾਸ਼ੇਰੀ ਦਿੱਤੀ ਅਤੇ ਚੰਗੇ ਸੁਝਾਅ ਵੀ ਦਿੱਤੇ। ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਗੁਰਦੁਆਰਾ ਸੱਚਖੰਡ ਬੋਰਡ ਦੀ ਦੁਸ਼ਟ ਦਮਨ ਪ੍ਰਿੰਟਿੰਗ ਪ੍ਰੈੱਸ ਦੇ ਸੰਪਾਦਕ (ਸਾਬਕਾ) ਰਾਜਦਵਿੰਦਰ ਸਿੰਘ ਕੱਲ੍ਹਾ ਜੀ (ਹੁਣ ਡਿਪਟੀ ਸੁਪਰਡੈਂਟ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ) ਦਾ ਵੀ ਮੈਂ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਖੋਜ-ਪ੍ਰਬੰਧ ਲਈ ਸਰਵੇਖਣ ਦੌਰਾਨ ਆਪਣੇ ਵਡਮੁੱਲੇ ਸੁਝਾਅ ਦਿੱਤੇ ਅਤੇ ਹੌਸਲਾ ਅਫ਼ਜ਼ਾਈ ਕਰਦੇ ਰਹੇ ਹਨ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਜੀ, ਮੀਤ ਜਥੇਦਾਰ ਭਾਈ ਜੋਤਿੰਦਰ ਸਿੰਘ ਜੀ ਅਤੇ ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਸੰਤ ਬਾਬਾ ਨਰਿੰਦਰ ਸਿੰਘ ਜੀ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਜੀ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਹਰ ਖੇਤਰੀ ਦੌਰੇ (ਸਰਵੇਖਣ) ਸਮੇਂ ਅਸ਼ੀਰਵਾਦ, ਹੱਲਾਸ਼ੇਰੀ ਅਤੇ ਪੂਰਨ ਸਹਿਯੋਗ ਦਿੱਤਾ।

ਮੈਂ ਆਪਣੇ ਪਿਤਾ ਸ੍ਰ. ਮਿੱਠੂ ਸਿੰਘ ਅਤੇ ਮਾਤਾ ਸ੍ਰੀਮਤੀ ਕ੍ਰਿਸ਼ਨ ਕੌਰ ਦਾ ਹਮੇਸ਼ਾ ਰਿਣੀ ਹਾਂ ਜਿਨ੍ਹਾਂ ਨੇ ਮੈਨੂੰ ਵਿੱਦਿਆ ਦੀ ਚਿਣਗ ਲਾ ਕੇ ਹੁਣ ਇਸ ਮੁਕਾਮ ਤੱਕ ਪਹੁੰਚਣ ਦੇ ਯੋਗ ਬਣਾਇਆ ਹੈ ਅਤੇ ਖੋਜ-ਕਾਰਜ ਕਰਦਿਆਂ ਹਰ ਮੁਸ਼ਕਿਲ ਘੜੀ ਵਿਚ ਮੇਰੀ ਯੋਗ ਸਹਾਇਤਾ ਕੀਤੀ ਹੈ। ਮੇਰੀ ਸੱਸ ਮਾਤਾ ਸ੍ਰੀਮਤੀ ਰਣਜੀਤ ਕੌਰ ਅਤੇ ਸਹੁਰਾ ਸਵ. ਸ੍ਰ. ਉਗਰ ਸਿੰਘ ਦੀਆਂ ਸ਼ੁਭ ਦੁਆਵਾਂ ਅਤੇ ਇੱਛਾਵਾਂ ਵੀ ਸਦਾ ਮੇਰੇ ਨਾਲ ਰਹੀਆਂ

ਹਨ, ਮੈ ਇਨ੍ਹਾਂ ਦੋਵਾਂ ਦਾ ਵੀ ਬਹੁਤ ਧੰਨਵਾਦੀ ਹਾਂ। ਮੇਰੀਆਂ ਧੀਆਂ ਏਕਮਜੋਤ ਕੌਰ (ਉਮਰ ਛੇ ਸਾਲ) ਅਤੇ ਮਨਰਾਜ ਕੌਰ (ਉਮਰ ਦੋ ਸਾਲ) ਦਾ ਮੈਂ ਸਦਾ ਕਰਜ਼ਦਾਰ ਹਾਂ ਜਿਨ੍ਹਾਂ ਨੇ ਬਚਪਨ ਵਿਚ ਮੇਰੇ ਤੋਂ ਜੁਦਾਈ ਸਹਿੰਦਿਆਂ ਹੋਇਆਂ ਮੇਰੇ ਇਸ ਖੋਜ-ਕਾਰਜ ਨੂੰ ਮੁਕੰਮਲ ਕਰਨ ਲਈ ਆਪਣੇ ਬਚਪਨ ਦਾ ਅਣਮੁੱਲਾ ਸਮਾਂ ਦਿੱਤਾ। ਮੈਂ ਆਪਣੀ ਪਤਨੀ ਸ੍ਰੀਮਤੀ ਅਰਸ਼ਦੀਪ ਕੌਰ ਦਾ ਵੀ ਬਹੁਤ ਧੰਨਵਾਦੀ ਹਾਂ ਜਿਸਦੇ ਸਾਥ ਅਤੇ ਦੁਆਵਾਂ ਸਦਕਾ ਮੇਰਾ ਇਹ ਖੋਜ-ਕਾਰਜ ਪੂਰਾ ਹੋ ਸਕਿਆ ਹੈ।

ਇਸ ਤੋਂ ਇਲਾਵਾ ਵਿਭਾਗ ਦੇ ਲਾਇਬ੍ਰੇਰੀਅਨ ਮੈਡਮ ਕੁਲਵੰਤ ਕੌਰ ਅਤੇ ਸਮੂਹ ਸਟਾਫ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਸੁਯੋਗ ਸਾਥ ਦਿੱਤਾ ਹੈ। ਇਸਦੇ ਨਾਲ ਹੀ ਪੀਐਚ. ਡੀ. ਦੇ ਕਾਰਜਕਾਲ ਸਮੇਂ ਖੇਤਰੀ ਸਰਵੇਖਣ ਦੌਰਾਨ ਜਿਨ੍ਹਾਂ ਵੱਖ-ਵੱਖ ਧਾਰਮਿਕ ਸਖ਼ਸ਼ੀਅਤਾਂ, ਵਿਦਵਾਨਾਂ ਅਤੇ ਹੋਰ ਵਿਅਕਤੀਆਂ ਨੇ ਮੈਨੂੰ ਨਿੱਜੀ ਮੁਲਾਕਾਤ ਲਈ ਆਪਣਾ ਕੀਮਤੀ ਸਮਾਂ ਦਿੱਤਾ ਅਤੇ ਹਜ਼ੂਰ ਸਾਹਿਬ ਨਾਂਦੇੜ ਦੇ ਮੌਖਿਕ ਇਤਿਹਾਸ ਅਤੇ ਰਵਾਇਤਾਂ (ਪਰੰਪਰਾਵਾਂ) ਤੋਂ ਜਾਣੂੰ ਕਰਵਾਇਆ, ਮੈਂ ਉਨਾਂ ਦਾ ਵੀ ਬਹੁਤ ਧੰਨਵਾਦ ਕਰਦਾ ਹਾਂ। ਅੰਤ ਵਿਚ ਮੈਂ ਉਨ੍ਹਾਂ ਸਾਰੇ ਰਿਸ਼ਤੇਦਾਰਾਂ, ਸਕੇ-ਸਬੰਧੀਆਂ, ਭੈਣ-ਭਰਾਵਾਂ ਅਤੇ ਮਿੱਤਰਾਂ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀਆਂ ਦੁਆਵਾਂ ਸਦਕਾ ਮੈਂ ਆਪਣਾ ਇਹ ਖੋਜ-ਕਾਰਜ ਸੰਪੂਰਨ ਕਰ ਸਕਿਆ ਹਾਂ।

ਜਗਰਾਜ ਸਿੰਘ

**ਜਗਰਾਜ ਸਿੰਘ**

# ਭੂਮਿਕਾ

ਸਿੱਖ ਗੁਰੂ ਸਾਹਿਬਾਨ ਨੇ ਧਰਮ ਅਤੇ ਰਾਜਨੀਤੀ ਨੂੰ ਇਕੱਠਾ ਕਰਕੇ 'ਹਲੇਮੀ ਰਾਜ' ਦਾ ਸੰਕਲਪ ਸਥਾਪਿਤ ਕੀਤਾ ਹੈ। ਖਾਲਸਾ ਪੰਥ ਦੇ ਪੰਜ ਤਖ਼ਤਾਂ ਦਾ ਸੰਕਲਪ ਸਿੱਖ ਧਰਮ ਦੀ ਸਵੈ -ਸੁਤੰਤਰ ਅਤੇ ਸਵੈ-ਪ੍ਰਬੰਧਕੀ ਪ੍ਰਣਾਲੀ ਨਾਲ ਸੰਬੰਧਿਤ ਹੈ। 'ਤਖ਼ਤ' ਸਿੱਖਾਂ ਦੀ ਰਾਜਨੀਤਿਕ ਸ਼ਕਤੀ ਦਾ ਪ੍ਰਤੀਕ ਹੈ। ਭਾਰਤ ਦੇ ਵੱਖ-ਵੱਖ ਖੇਤਰਾਂ ਵਿਚ ਕੌਮੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਭਾਰਤ ਨੂੰ ਖੇਤਰੀ ਤੌਰ 'ਤੇ ਪੰਜ ਤਖ਼ਤਾਂ ਦੇ ਪ੍ਰਬੰਧ ਵਿਚ ਪਰੋ ਦਿੱਤਾ ਗਿਆ ਸੀ ਅਤੇ ਸਮੁੱਚਾ ਸਿੱਖ ਜਗਤ ਵੀ ਤਖ਼ਤਾਂ ਦੇ ਪ੍ਰਬੰਧ ਦੀ ਇਕ ਲੜੀ ਵਿਚ ਪਰੋਇਆ ਗਿਆ ਸੀ। ਖਾਲਸਾ ਪੰਥ ਦੇ ਪੰਜ ਤਖ਼ਤ ਇਹ ਹਨ : 1. ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ 2. ਤਖ਼ਤ ਸ੍ਰੀ ਪਟਨਾ ਸਾਹਿਬ , ਬਿਹਾਰ 3. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ , ਅਨੰਦਪੁਰ ਸਾਹਿਬ 4. ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, 5. ਤਖ਼ਤ ਸ੍ਰੀ ਹਜ਼ੂਰ ਸਾਹਿਬ , ਨਾਂਦੇੜ, ਮਹਾਰਾਸ਼ਟਰ। ਵੱਖ-ਵੱਖ ਖੇਤਰਾਂ ਦੀਆਂ ਸਿੱਖ ਸੰਗਤਾਂ ਆਪਣੇ ਕੌਮੀ ਮਸਲਿਆਂ ਦੇ ਫ਼ੈਸਲੇ ਆਪਣੇ ਖੇਤਰਾਂ ਅਨੁਸਾਰ ਆਪਣੇ ਤਖ਼ਤਾਂ ਉੱਤੇ ਕਰਦੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ , ਅੰਮ੍ਰਿਤਸਰ ਦਾ ਬਾਕੀ ਦੇ ਚਾਰ ਤਖ਼ਤਾਂ ਉੱਤੇ ਸਰਬਉੱਚ ਅਤੇ ਕੇਂਦਰੀ ਕੰਟਰੋਲ ਹੈ।

ਇਸ ਹਥਲੇ ਸਾਡੇ ਖੋਜ -ਪ੍ਰਬੰਧ ਦਾ ਸੰਬੰਧ ਦੱਖਣੀ ਭਾਰਤ ਦੇ ਵਿਚ ਸਥਿਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਹੈ। ਪੁਰਾਤਨ ਸਮੇਂ ਤੋਂ ਇਹ ਅਸਥਾਨ ਦੱਖਣੀ ਖੇਤਰ ਦੀਆਂ ਸਿੱਖ ਸੰਗਤਾਂ ਦੀ ਸਿੱਖ ਸਿਧਾਂਤਾਂ ਅਨੁਸਾਰ ਅਗਵਾਈ ਕਰਦਾ ਆ ਰਿਹਾ ਹੈ। ਮੌਜੂਦਾ ਸਮੇਂ ਵਿਚ ਇਹ ਦੱਖਣੀ ਭਾਰਤ ਦੀਆਂ ਸਿੱਖ ਸੰਗਤਾਂ ਅਤੇ ਖਾਲਸਾ ਪੰਥ ਦੀਆਂ ਰਾਜਨੀਤਿਕ ਅਤੇ ਧਾਰਮਿਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਹੈ। ਇਸ ਖੋਜ-ਪ੍ਰਬੰਧ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸਕ ਪਿਛੋਕੜ , ਧਾਰਮਿਕ ਮਹੱਤਵ, ਸਿੱਖ ਇਤਿਹਾਸ ਵਿਚ ਪਾਏ ਇਸਦੇ ਯੋਗਦਾਨ ਅਤੇ ਅਜੋਕੇ ਸਮੇਂ ਵਿਚ ਇਸ ਅਸਥਾਨ ਦੀ ਪ੍ਰਸੰਗਿਕਤਾ ਦਾ ਅਧਿਐਨ ਕੀਤਾ ਗਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਜੋ ਸਮੁੱਚੇ ਸਿੱਖ ਪੰਥ ਦੇ ਪੰਜ ਤਖ਼ਤਾਂ ਵਿੱਚੋਂ ਪਹਿਲਾ ਅਤੇ ਸਿਰਮੌਰ ਕੇਂਦਰੀ ਤਖ਼ਤ ਹੈ। ਇਸ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1609 ਈ. ਵਿਚ ਕੀਤੀ ਸੀ।

ਬਾਕੀ ਦੇ ਚਾਰ ਤਖ਼ਤ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵੱਖ -ਵੱਖ ਸਮਿਆਂ ਉੱਤੇ ਸਥਾਪਿਤ ਕੀਤੇ ਗਏ ਸਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਕ ਪਿਛੋਕੜ ਭਾਵੇਂ ਗੁਰੂ ਨਾਨਕ ਦੇਵ ਜੀ ਨਾਲ ਜੁੜਦਾ ਹੈ , ਜਦੋਂ ਗੁਰੂ ਨਾਨਕ ਦੇਵ ਜੀ ਨੇ ਯਾਤਰਾਵਾਂ ਦੌਰਾਨ ਇੱਥੇ ਪਹੁੰਚ ਕੇ ਸੰਗਤ ਸਥਾਪਿਤ ਕੀਤੀ ਸੀ ਪ੍ਰੰਤੂ ਇਸਦੀ ਤਖ਼ਤ ਦੇ ਤੌਰ 'ਤੇ ਸਥਾਪਨਾ 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਹ ਤਖ਼ਤ ਪੰਜਾਬ ਤੋਂ ਬਾਹਰ ਮਹਾਰਾਸ਼ਟਰ ਰਾਜ ਦੇ ਨਾਂਦੇੜ ਨਗਰ ਵਿਚ ਸਥਿਤ ਹੈ।

ਨਾਂਦੇੜ ਭਾਰਤ ਦੇ ਮਹਾਰਾਸ਼ਟਰ ਪ੍ਰਾਂਤ ਦਾ ਇਕ ਪੁਰਾਤਨ ਇਤਿਹਾਸਕ ਅਤੇ ਧਾਰਮਿਕ ਨਗਰ ਹੈ। ਇਹ ਨਗਰ ਦੱਖਣੀ ਭਾਰਤ ਦੀ ਪ੍ਰਸਿੱਧ ਨਦੀ ਗੋਦਾਵਰੀ ਦੇ ਕੰਢੇ ਦੇ 'ਤੇ ਵਸਿਆ ਹੋਇਆ ਹੈ। ਵਰਤਮਾਨ ਸਮੇਂ ਵਿਚ ਇਹ ਮਹਾ ਰਾਸ਼ਟਰ ਦੇ ਮਰਾਠਵਾੜਾ ਖੇਤਰ ਦੇ ਪ੍ਰਮੁੱਖ ਸ਼ਹਿਰਾਂ ਵਿਚੋਂ ਇਕ ਹੈ ਅਤੇ ਜ਼ਿਲ੍ਹਾ ਹੈਡਕੁਆਰਟਰ ਹੈ। ਇਸ ਨਗਰ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ - ਛੋਹ ਪ੍ਰਾਪਤ ਹੈ। ਗੁਰੂ ਸਾਹਿਬਾਨ ਦੀ ਪਵਿੱਤਰ ਯਾਦ ਵਿਚ ਇੱਥੇ ਇਤਿਹਾਸਕ ਗੁਰਧਾਮ ਸਥਾਪਿਤ ਹਨ। ਇਸ ਨਗਰ ਨੂੰ ਸਿੱਖ ਇਤਿਹਾਸ ਵਿਚ ਇੰਨਾ ਉੱਚਾ ਸਥਾਨ ਪ੍ਰਾਪਤ ਹੈ ਕਿ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਇਸ ਨਗਰ ਵਿਚ ਸਥਿਤ ਹੈ। ਇਹ ਨਗਰ ਹੈਦਰਾਬਾਦ ਤੋਂ 284 ਕਿ. ਮੀ. ਉੱਤਰ ਵੱਲ, ਔਰੰਗਾਬਾਦ ਤੋਂ 280 ਕਿ. ਮੀ. ਦੱਖਣ-ਪੂਰਬ ਵੱਲ ਅਤੇ ਦਿੱਲੀ ਤੋਂ 1390 ਕਿ. ਮੀ. ਦੀ ਦੂਰੀ 'ਤੇ ਦੱਖਣ ਵੱਲ ਹੈ।

ਆਦਿ ਕਾਲ ਤੋਂ ਨਾਂਦੇੜ ਦੀ ਪਾਵਨ ਧਰਤੀ ਉੱਤੇ ਪਰਮਾਤਮਾ ਦੀ ਵਡਿਆਈ ਦੇ ਪਵਿੱਤਰ ਬੋਲਾਂ ਦੀ ਗੂੰਜ ਪੈਂਦੀ ਰਹੀ ਹੈ। ਪ੍ਰਾਚੀਨ ਸਮੇਂ ਵਿਚ ਇਹ ਧਰਤੀ ਖੁਸ਼ਹਾਲ ਅਤੇ ਰਮਣੀਕ ਸੀ। ਗੋਦਾਵਰੀ ਨਦੀ ਇਸ ਨਗਰ ਦੇ ਬਿਲਕੁਲ ਕੋਲ ਦੀ ਵਹਿੰਦੀ ਸੀ। ਸਾਧੂ -ਮਹਾਤਮਾ (ਰਿਸ਼ੀ-ਮੁਨੀ) ਇੱਥੇ ਨਿਵਾਸ ਕਰਦੇ ਸਨ। ਇਹ ਕਿਹਾ ਜਾਂਦਾ ਹੈ ਕਿ ਪ੍ਰਾਚੀਨ ਸਮੇਂ ਵਿਚ ਨਾਂਦੇੜ ਵਿਖੇ ਗੋਦਾਵਰੀ ਦੇ ਕੰਢੇ ਗੋਤਮ ਰਿਸ਼ੀ ਅਤੇ ਸ਼ਿਵ (ਸ਼ਿਵਜੀ) ਦੇ ਵਾਹਨ 'ਨੰਦੀ' ਨੇ ਤਪ ਕੀਤਾ ਸੀ। ਗੋਤਮ ਰਿਸ਼ੀ ਦਾ ਤਪ ਅਸਥਾਨ ਗੁਰਦੁਆਰਾ ਬੰਦਾ ਘਾਟ ਸਾਹਿਬ ਦੇ ਪੱਛਮ ਵੱਲ ਗੋਦਾਵਰੀ ਦੇ ਉਤਰੀ ਕੰਢੇ 'ਤੇ ਸਥਿਤ ਹੈ। ਸਾਧੂ-ਮਹਾਤਮਾਵਾਂ ਦੇ ਆਸ਼ਰਮ ਇੱਥੇ ਗੋਦਾਵਰੀ ਦੇ ਕੰਢੇ 'ਤੇ ਸਨ। ਗੋਦਾਵਰੀ ਨਦੀ ਦੇ ਪਾਣੀ ਅਤੇ ਰੱਬੀ ਬਾਣੀ ਨਾਲ ਪੁਰਾਤਨ ਸਮੇਂ ਤੋਂ ਹੀ ਇਹ

ਧਰਤੀ ਧਾਰਮਿਕ, ਪਵਿੱਤਰ ਅਤੇ ਪੂਜਨੀਯ ਬਣੀ ਹੋਈ ਸੀ। ਪ੍ਰੰਤੂ ਸਮੇਂ ਦੇ ਫੇਰ ਬਦਲ ਨਾਲ ਇਸ ਧਰਤੀ ਦਾ ਇਤਿਹਾਸ ਕਰਵਟ ਲੈਂਦਾ ਰਿਹਾ ਹੈ। ਇਸ ਧਰਤੀ ਉੱਤੇ ਸਮੇਂ -ਸਮੇਂ 'ਤੇ ਮਹਾਨ ਸ਼ਾਸਕਾਂ ਨੇ ਆਪਣਾ ਰਾਜ ਪ੍ਰਬੰਧ ਚਲਾਇਆ। ਇਤਿਹਾਸ ਦੇ ਵੱਖ -ਵੱਖ ਪੜਾਵਾਂ ਵਿਚ ਇਹ ਇਲਾਕਾ ਵੱਖ -ਵੱਖ ਰਾਜਵੰਸ਼ਾਂ ਅਤੇ ਸਾਮਰਾਜਾਂ ਦੇ ਰਾਜਸੀ ਪ੍ਰਬੰਧ ਅਧੀਨ ਆਉਂਦਾ ਰਿਹਾ ਸੀ। ਜਿਵੇਂ ਕਿ ਮੌਰੀਆ, ਸਾਤਵਾਹਨ, ਬਾਦਾਮੀ ਦੇ ਚਾਲੂਕਯ, ਰਾਸ਼ਟਰਕੂਟ, ਦੇਵਗਿਰੀ ਦੇ ਯਾਦਵ , ਦਿੱਲੀ ਸਲਤਨਤ , ਬਾਹਮਣੀ ਸਾਮਰਾਜ , ਮੁਗ਼ਲ ਸਾਮਰਾਜ, ਨਿਜ਼ਾਮ ਹੈਦਰਾਬਾਦ ਰਾਜ ਆਦਿ। ਗੋਦਾਵਰੀ ਨਦੀ ਦੇ ਤੱਟ 'ਤੇ ਸਥਿਤ ਹੋਣ ਕਾਰਨ ਨਾਂਦੇੜ ਦਾ ਮੂਲ ਨਾਮ ਗੋਦਾਵਰੀ ਨਦੀ ਨਾਲ ਜੁੜਿਆ ਹੋਇਆ ਹੈ। ਇਕ ਰਵਾਇਤ ਅਨੁਸਾਰ ਕਿਹਾ ਜਾਂਦਾ ਹੈ ਕਿ ਨਾਂਦੇੜ ਦਾ ਨਾਮ ਗੋਦਾਵਰੀ ਨਦੀ ਦੇ ਤੱਟ 'ਤੇ ਸਥਿਤ ਸ਼ਿਵ ਦੇ ਵਾਹਨ 'ਨੰਦੀ' ਦੇ ਤਪ ਅਸਥਾਨ 'ਨੰਦੀ-ਤੱਟ' (Nandi-Tat) ਤੋਂ ਪਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪ੍ਰਾਚੀਨ ਸਮੇਂ ਵਿਚ ਗੋਦਾਵਰੀ ਦੇ ਤੱਟ ਉੱਤੇ ਨੌਂ ਨੰਦਾਂ (ਨੌ ਸਾਧੂਆਂ) ਨੇ ਤਪੱਸਿਆ ਕੀਤੀ ਸੀ ਜਿਨ੍ਹਾਂ ਨੂੰ 'ਨੰਦ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਸ ਲਈ ਇਸ ਨਗਰ ਨੂੰ 'ਨੌ ਨੰਦ ਡੇਰਾ' (ਨਵ ਨੰਦ ਡੇਹਰਾ) (Nand-Tat) ਵੀ ਕਿਹਾ ਜਾਂਦਾ ਸੀ। ਮਗਰੋਂ 'ਨੌ ਨੰਦ ਡੇਰਾ' ਤੋਂ ਬਦਲ ਕੇ ਨਾਂਦੇੜ ਹੋ ਗਿਆ ਸੀ। ਕਈ ਵਿਦਵਾਨਾਂ ਦਾ ਮਤ ਇਹ ਹੈ ਕਿ ਪੁਰਾਤਨ ਸਮੇਂ ਵਿਚ ਨਾਂਦੇੜ ਦੇ ਉੱਤਰ ਵੱਲ ਲੰਮਾ ਸਮਾਂ (ਚੌਥੀ-ਪੰਜਵੀਂ ਸਦੀ ਈ. ਪੂ. ਵਿਚ) ਨੰਦ ਵੰਸ਼ ਘਰਾਣੇ ਦਾ ਰਾਜ ਰਹਿਣ ਕਾਰਨ 'ਨੌ ਨੰਦ ਡੇਰਾ' ਤੋਂ ਇਸ ਨਗਰੀ ਦਾ ਨਾਮ ਨਾਂਦੇੜ ਪ੍ਰਚੱਲਿਤ ਹੋ ਗਿਆ ਸੀ। ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੱਖਣ ਦੀ ਧਰਮ ਪ੍ਰਚਾਰ ਯਾਤਰਾ ਦੌਰਾਨ ਦੱਖਣ ਅਤੇ ਨਾਂਦੇੜ ਖੇਤਰ ਦੇ ਅਨੇਕਾਂ ਨਗਰਾਂ ਵਿਚ ਸੰਗਤ ਸਥਾਪਿਤ ਕੀਤੀ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੀ ਦੱਖਣ ਦੀ ਫੇਰੀ ਦੌਰਾਨ ਇਸ ਖੇਤਰ ਦੇ ਅਨੇਕਾਂ ਨਗਰਾਂ ਵਿਚ ਪੁੱਜੇ ਸਨ।

ਨਾਂਦੇੜ ਨਗਰ ਦਾ ਸਿੱਖ ਧਰਮ ਦੇ ਨਾਲ ਬਹੁਤ ਪੁਰਾਤਨ ਅਤੇ ਗੂੜ੍ਹਾ ਸੰਬੰਧ ਹੈ। ਨਾਂਦੇੜ ਦੀ ਧਰਤੀ ਨੂੰ ਗੁਰੂ ਸਾਹਿਬਾਨ ਦੀ ਪਵਿੱਤਰ ਚਰਨ -ਛੋਹ ਪ੍ਰਾਪਤ ਹੈ। ਸਿੱਖ ਧਰਮ ਨਾਲ ਇਸ ਦਾ ਪਿਛੋਕੜ ਅਤੇ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਜੁੜਦਾ ਹੈ। ਜਦੋਂ ਦੱਖਣੀ ਭਾਰਤ ਦੀ ਯਾਤਰਾ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਨਾਂਦੇੜ ਵਿਖੇ ਇਕ ਉੱਚੀ ਪਹਾੜੀ ਉੱਤੇ ਮੌਜੂਦਾ ਗੁਰਦੁਆਰਾ ਮਾਲਟੇਕੜੀ ਸਾਹਿਬ ਵਾਲੇ

ਸਥਾਨ ਉੱਤੇ ਡੇਰਾ ਲਾ ਕੇ ਸੰਗਤ ਕਾਇਮ ਕੀਤੀ ਅਤੇ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਿਤ ਕੀਤਾ ਸੀ। ਇਸ ਇਲਾਕੇ ਦੀ ਪੰਜਾਬ ਨਾਲ ਵੀ ਗਹਿਰੀ ਅਤੇ ਪੁਰਾਤਨ ਸਾਂਝ ਹੈ ਕਿਉਂਕਿ ਮਹਾਰਾਸ਼ਟਰ ਦੀ ਧਰਤੀ ਦੇ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਭਗਤ ਨਾਮਦੇਵ ਜੀ ਨੇ ਮਹਾਰਾਸ਼ਟਰ ਤੋਂ ਪੰਜਾਬ ਵਿਚ ਜਾ ਕੇ ਲੰਮਾ ਸਮਾਂ ਬਿਤਾਇਆ ਸੀ ਅਤੇ ਪਰਮਾਤਮਾ ਦੇ ਸੰਦੇਸ਼ ਦਾ ਪ੍ਰਚਾਰ ਕੀਤਾ ਸੀ। ਬਾਅਦ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੇ ਪੰਜਾਬ ਅਤੇ ਮਹਾਰਾਸ਼ਟਰ (ਉੱਤਰ ਅਤੇ ਦੱਖਣ) ਵਿਚਕਾਰ ਸਦੀਵੀ ਸਾਂਝ (ਸੰਪਰਕ) ਬਣਾਈ ਰੱਖਣ ਵਿਚ ਮਦਦ ਕੀਤੀ ਹੈ। ਨਾਂ ਦੇੜ ਦੀ ਧਰਤੀ ਨੂੰ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਨਿਵਾਜਿਆ ਸੀ। ਫ ਲ਼ਸਰੂਪ ਉਦੋਂ ਤੋਂ ਹੀ ਨਾਂਦੇੜ ਨਗਰ ਦੱਖਣ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਬਣ ਚੁੱਕਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਗੋਦਾਵਰੀ ਨਦੀ ਦੇ ਕੰਢੇ 'ਤੇ ਵਸੇ ਨਾਂਦੇੜ ਨਗਰ ਨੂੰ ਆਪਣੇ ਪਵਿੱਤਰ ਚਰਨਾਂ ਨਾਲ ਨਿਵਾਜਿਆ। ਗੁਰੂ ਗੋਬਿੰਦ ਸਿੰਘ ਜੀ ਇੱਥੇ ਗੋਦਾਵਰੀ ਦੇ ਰਮਣੀਕ ਅਤੇ ਇਕਾਂਤ ਸਥਾਨ ਉੱਤੇ ਤਲਵੰਡੀ ਸਾਬੋ (ਪੰਜਾਬ) ਤੋਂ ਚੱਲ ਕੇ ਦੋ ਸਾਲ ਬਾਅਦ ਅਗਸਤ ਮਹੀਨੇ ਦੇ ਅਖ਼ੀਰ ਵਿਚ 1708 ਈ. ਵਿਚ ਪਹੁੰਚੇ ਸਨ। ਗੁਰੂ ਗੋਬਿੰਦ ਸਿੰਘ ਜੀ ਇੱਥੇ ਤਕਰੀਬਨ ਡੇਢ ਮਹੀਨਾ ਰੁਕੇ ਅਤੇ ਇੱਥੇ ਹੀ ਅਨੇਕਾਂ ਕੌਤਕ ਅਤੇ ਮਹਾਨ ਪੰਥਕ ਕਾਰਜ ਪੂਰੇ ਕਰਕੇ ਜੋਤੀ ਜੋਤਿ ਸਮਾਏ ਸਨ। ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰਤਾਗੱਦੀ ਬਖ਼ਸ਼ੀ। ਸਮੂਹ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸ਼ਬਦ-ਗੁਰੂ' ਮੰਨਣ ਦਾ ਹੁਕਮ ਦਿੱਤਾ। ਜਿਸ ਕਾਰਨ ਗੁਰੂ-ਗ੍ਰੰਥ ਅਤੇ ਗੁਰੂ-ਪੰਥ ਦਾ ਸਿਧਾਂਤ ਅਮਲੀ ਰੂਪ ਵਿਚ ਹੋਂਦ ਵਿਚ ਆਇਆ। ਗੁਰੂ ਸਾਹਿਬ ਨੇ ਇਥੋਂ ਹੀ ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਦਾ ਸੈਨਿਕ ਜਰਨੈਲ ਥਾਪ ਕੇ ਪੰਜਾਬ ਵਿਚ ਮੁਗ਼ਲ ਜ਼ਾਲਮਾਂ ਨੂੰ ਸੋਧਣ ਲਈ ਭੇਜਿਆ। ਜਿਸ ਨੇ ਗੁਰੂ ਜੀ ਦਾ ਥਾਪੜਾ ਲੈ ਕੇ ਪੰਜਾਬ ਵਿਚ ਖਾਲਸਾ ਰਾਜ ਸਥਾਪਿਤ ਕੀਤਾ ਅਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ। ਅਖ਼ੀਰ ਨਾਂਦੇੜ ਵਿਖੇ ਹੀ 1708 ਈ. ਵਿਚ 7 ਅਕਤੂਬਰ ਨੂੰ ਗੁਰੂ ਸਾਹਿਬ ਜੋਤੀ ਜੋਤਿ ਸਮਾ ਗਏ ਸਨ। ਇਸ ਅਸਥਾਨ ਦਾ ਪ੍ਰਬੰਧ ਅਤੇ ਸੇਵਾ-ਸੰਭਾਲ ਗੁਰੂ ਸਾਹਿਬ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਸੰਤੋਖ ਸਿੰਘ ਆਦਿ ਸਿੰਘਾਂ ਨੂੰ ਸੌਂਪ ਗਏ ਸਨ। ਗੁਰੂ ਸਾਹਿਬ ਦੀ ਯਾਦ

ਵਿਚ ਅੱਜ ਨਾਂਦੇੜ ਵਿਖੇ ਖਾਲਸਾ ਪੰਥ ਦੇ ਪੰਜ ਤਖਤਾਂ ਵਿਚੋਂ ਇਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਗੁਰਧਾਮ ਬਣੇ ਹੋਏ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਤੋਂ ਬਾਅਦ ਭਾਈ ਦਇਆ ਸਿੰਘ , ਭਾਈ ਧਰਮ ਸਿੰਘ ਅਤੇ ਭਾਈ ਸੰਤੋਖ ਸਿੰਘ ਮਰਿਯਾਦਾ ਅਨੁਸਾਰ ਤਖ਼ਤ ਅਸਥਾਨ ਦੀ ਸੇਵਾ ਕਰਦੇ ਰਹੇ ਅਤੇ ਦੇਗ -ਲੰਗਰ ਚਲਾਉਂਦੇ ਰਹੇ। ਭਾਈ ਸੰਤੋਖ ਸਿੰਘ ਇਸ ਅਸਥਾਨ ਦੇ ਪਹਿਲੇ ਜਥੇਦਾਰ ਥਾਪੇ ਗਏ। ਗੁਰੂ ਕੇ ਹ ਜ਼ੂਰੀ ਸਿੰਘ ਅਤੇ ਨਿਹੰਗ ਸਿੰਘ ਮਿਲ ਕੇ ਇਸ ਅਸਥਾਨ ਦੀ ਸੇਵਾ ਕਰਦੇ ਰਹੇ ਅਤੇ ਪ੍ਰਬੰਧ ਚਲਾਉਂਦੇ ਰਹੇ। ਉਸ ਸਮੇਂ ਪੰਜਾਬ ਅਤੇ ਭਾਰਤ ਵਿਚ ਮੁਗ਼ਲ ਹਕੂਮਤ ਦਾ ਰਾਜ ਹੋਣ ਕਾਰਨ ਨਾਂਦੇੜ ਵਿਚ ਵੀ ਹਾਲਾਤ ਠੀਕ ਨਾ ਰਹੇ। ਇੱਥੇ ਸਿਰਫ਼ ਗਿਣਤੀ ਦੇ ਹੀ ਹਜ਼ੂਰੀ ਸਿੰਘ ਰਹਿ ਗਏ ਸ ਨ ਅਤੇ ਪੰਜਾਬ ਤੋਂ ਸਿੱਖ ਸੰਗਤਾਂ ਦਾ ਇੱਥੇ ਦਰਸ਼ਨ ਕਰਨ ਆਉਣਾ ਬਹੁਤ ਘੱਟ ਗਿਆ ਸੀ। ਇਸ ਤੋਂ ਬਾਅਦ ਇਥੋਂ ਦਾ ਪ੍ਰਬੰਧ ਉਦਾਸੀ ਸੰਤ ਵੀ ਸੰਭਾਲਦੇ ਰਹੇ। ਪੰਜਾਬ ਵਿਚ ਸਿੱਖ ਮਿਸਲਾਂ ਦੁਆਰਾ ਖਾਲਸਾ ਰਾਜ ਸਥਾਪਿਤ ਹੋਣ ਮਗਰੋਂ ਤਖ਼ਤ ਸਾਹਿਬ ਦੀ ਸੇਵਾ ਮੁੜ ਖਾਲਸੇ ਨੇ ਆਪਣੇ ਹੱਥਾਂ ਵਿਚ ਲੈ ਲਈ ਸੀ ਅਤੇ ਹੋਰ ਗੁਰਧਾਮਾਂ ਦਾ ਪ੍ਰਬੰਧ ਵੀ ਆਪਣੇ ਹੇਠ ਲੈ ਲਿਆ ਸੀ। 1829-39 ਈ. ਦੇ ਦੌਰਾਨ ਪਹਿਲੀ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਹੈਦਰਾਬਾਦ ਦੇ ਸਹਿਯੋਗ ਨਾਲ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਬਹੁਤ ਸੁੰਦਰ ਇਮਾਰਤ ਬਣਵਾਈ। ਗੁਰੂ ਕੇ ਖਾਲਸੇ ਨੇ ਸਮੇਂ ਸਮੇਂ ’ਤੇ ਇੱਥੇ ਹੋਰ ਬੁੰਗੇ ਉਸਾਰੇ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਨਿਜ਼ਾਮ ਹੈਦਰਾਬਾਦ ਨੇ ਪੰਜ ਪਿੰਡ ਜਾਗੀਰ ਵਜੋਂ ਤਖ਼ਤ ਸਾਹਿਬ ਦੇ ਨਾਮ ਲਗਵਾਏ। ਬਾਅਦ ਵਿਚ ਹੈਦਰਬਾਦ ਨਿਜ਼ਾਮ ਸਰਕਾਰ ਨੇ ਲੰਮਾ ਸਮਾਂ ਇਸ ਅਸਥਾਨ ਦਾ ਪ੍ਰਬੰਧ ਦੇਖਿਆ ਅਤੇ ਚਲਾਇਆ ਸੀ। ਇਸ ਅਰਸੇ ਵਿਚ ਕਈ ਕਾਰਨਾਂ ਕਰਕੇ, ਇਸ ਅਸਥਾਨ ਦੀ ਜਾਗੀਰ ਅਤੇ ਜਾਇਦਾਦ ਜ਼ਬਤ ਹੁੰਦੀ ਰਹੀ। ਅਜਿਹੇ ਕੰਮਾਂ ਦੀ ਨਿਗਰਾਨੀ ਲਈ ਸਰਕਾਰ ਨੇ 19 ਵੀਂ ਸਦੀ ਦੇ ਅਖ਼ੀਰ ਵਿਚ ਤਖ਼ਤ ਸਾਹਿਬ ਵਿਖੇ ਇਕ ਸਰਬਰਾਹ (Superintendent) ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ ਸੀ। 1956 ਈ. ਤੱਕ ਤਖ਼ਤ ਸਾਹਿਬ ਦਾ ਪ੍ਰਬੰਧ ਹੈਦਰਾਬਾਦ ਨਿਜ਼ਾਮ ਸਰਕਾਰ ਦੇ ਹੱਥਾਂ ਵਿਚ ਰਿਹਾ। ਅਖ਼ੀਰ ਖਾਲਸੇ ਦੇ ਅਣਥੱਕ ਯਤਨਾਂ ਸਦਕਾ ਤਖ਼ਤ ਸਾਹਿਬ ਅਤੇ ਨਾਂਦੇੜ ਦੇ ਹੋਰ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਹੈਦਰਾਬਾਦ ਸਰਕਾਰ ਦੇ ਗਜ਼ਟ ਅਨੁਸਾਰ 20

ਸਤੰਬਰ, 1956 ਈ. ਨੂੰ 17 ਮੈਂਬਰੀ 'ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ' ਅਤੇ ਪੰਜ ਮੈਂਬਰੀ ਮੈਨੇਜਿੰਗ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਨਾਲ ਸਮੁੱਚਾ ਪ੍ਰਬੰਧ ਗੁਰਦੁਆਰਾ ਸੱਚਖੰਡ ਬੋਰਡ ਨੂੰ ਸੌਂਪ ਦਿੱਤਾ ਅਤੇ ਇਹ ਪ੍ਰਬੰਧ ਖਾਲਸਾ ਪੰਥ ਦੇ ਹੱਥਾਂ ਵਿਚ ਹੋ ਗਿਆ। ਭਾਵੇਂ ਇਥੋਂ ਦਾ ਪ੍ਰਬੰਧ ਕੁਝ ਸਮਾਂ ਉਦਾਸੀ ਸਾਧੂਆਂ ਅਤੇ ਸਰਕਾਰ ਦੇ ਹੱਥਾਂ ਵਿਚ ਰਿਹਾ ਪਰ ਫਿਰ ਵੀ ਇਸ ਸਾਰੇ ਸਮੇਂ ਵਿਚ ਤਖ਼ਤ ਹਜ਼ੂਰ ਸਾਹਿਬ ਵੱਖ -ਵੱਖ ਸਮੇਂ ਉੱਤੇ ਧਾਰਮਿਕ , ਸਮਾਜਿਕ ਅਤੇ ਰਾਜਨੀਤਿਕ ਮਾਮਲਿਆਂ ਵਿਚ ਸਿੱਖ ਸਿਧਾਂਤਾਂ ਅਨੁਸਾਰ ਪੰਥ ਦੀ ਅਗਵਾਈ ਕਰਦਾ ਰਿਹਾ ਸੀ।

ਭਾਰਤ ਦਾ ਇਹ ਪੁਰਾਤਨ ਇਤਿਹਾਸਕ ਅਤੇ ਧਾਰਮਿਕ ਨਗਰ ਪਹਿਲਾਂ ਹੈਦਰਾਬਾਦ ਰਿਆਸਤ ਦਾ ਹਿੱਸਾ ਸੀ। ਦੇਸ਼ ਦੀ ਆਜ਼ਾਦੀ ਪਿਛੋਂ 1956 ਈ. ਵਿਚ ਪ੍ਰਾਂਤਾਂ ਦੀ ਹੋਈ ਨਵੀਂ ਹੱਦ -ਬੰਦੀ ਵਿਚ ਨਾਂਦੇੜ ਇਲਾਕੇ ਨੂੰ ਬੰਬਈ ਰਾਜ (Bombay State) ਵਿਚ ਸ਼ਾਮਿਲ ਕਰ ਦਿੱਤਾ ਸੀ। ਬੰਬਈ ਰਾਜ ਦੇ ਭਾਸ਼ਾਈ ਪੁਨਰਗਠਨ ਦੇ ਨਤੀਜੇ ਵਜੋਂ ਮਈ , 1960 ਈ. ਵਿਚ ਮਹਾਰਾਸ਼ਟਰ ਪ੍ਰਾਂਤ ਹੋਂਦ ਵਿਚ ਆਇਆ ਸੀ। ਉਸ ਸਮੇਂ ਨਾਂਦੇੜ ਮਹਾਰਾਸ਼ਟਰ ਪ੍ਰਾਂਤ ਦਾ ਹਿੱਸਾ ਬਣ ਗਿਆ ਸੀ। ਪ੍ਰਾਚੀਨ ਸਮੇਂ ਵਿਚ ਇਹ ਨਗਰ ਆਪਣੀ ਸਿੱਖਿਆ, ਧਾਰਮਿਕ ਅਤੇ ਇਤਿਹਾਸਕ ਮਹਾਨਤਾ ਕਰਕੇ ਪ੍ਰਸਿੱਧ ਸੀ।

ਅਜੋਕੇ ਸਮੇਂ ਵਿਚ ਨਾਂਦੇੜ ਨਗਰ ਮਹਾਰਾਸ਼ਟਰ ਰਾਜ ਖ਼ਾਸ ਕਰਕੇ ਮਰਾਠਵਾੜਾ ਖੇਤਰ ਦਾ ਇਕ ਮਹੱਤਵਪੂਰਨ ਨਗਰ ਅਤੇ ਜ਼ਿਲ੍ਹਾ ਹੈਡਕੁਆਰਟਰ ਹੈ। ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ , ਅੱਜ ਇਸ ਨਗਰ ਵਿਚ ਸਥਿਤ ਹੈ। ਇਸ ਸਮੇਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਹਰੇਕ ਮਾਮਲੇ ਵਿਚ ਦੱਖਣੀ ਭਾਰਤ ਦੇ ਸਿੱਖਾਂ ਦੀ ਅਗਵਾਈ ਕਰ ਰਿਹਾ ਹੈ। ਗੁਰਦੁਆਰਾ ਸੱਚਖੰਡ ਬੋਰਡ, ਗੁਰਦੁਆਰਾ ਲੰਗਰ ਸਾਹਿਬ ਟਰੱਸਟ ਆਦਿ ਧਾਰਮਿਕ ਸੰਸਥਾਵਾਂ ਵੱਲੋਂ ਇਸ ਖੇਤਰ ਵਿਚ ਆਧੁਨਿਕ ਸਿੱਖਿਆ, ਗੁਰਮਤਿ ਸਿੱਖਿਆ ਅਤੇ ਸਿੱਖ ਸਿਧਾਂਤਾਂ ਦੇ ਪ੍ਰਚਾਰ -ਪ੍ਰਸਾਰ ਲਈ ਬਹੁਮੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਵਰਤਮਾਨ ਸਮੇਂ ਵਿਚ ਨਾਂਦੇੜ ਸ਼ਹਿਰ ਵਿਚ ਕਈ ਸਕੂਲ , ਕਾਲਜ, ਯੂਨੀਵਰਸਿਟੀ ਅਤੇ ਹੋਰ ਵਿਦਿਅਕ ਸੰਸਥਾਵਾਂ (ਗੁਰਮਤਿ ਪ੍ਰਚਾਰ ਵਿਦਿਆਲੇ) ਸਥਿਤ ਹਨ।

ਇਸ ਪੁਰਾਤਨ ਨਗਰ ਦੀ ਧਾਰਮਿਕ , ਅਧਿਆਤਮਿਕ, ਰਾਜਨੀਤਿਕ ਅਤੇ ਇਤਿਹਾਸਕ ਮਹੱਤਤਾ ਨੂੰ ਦੇਖਦਿਆਂ ਹੋਇਆਂ ਅਤੇ ਸਿੱਖ ਧਰਮ ਨਾਲ ਇਸ ਨਗਰ ਦੇ ਸੰਬੰਧਾਂ ਨੂੰ ਦੇਖਦੇ ਹੋਏ 'ਸ੍ਰੀ ਹਜ਼ੂਰ ਸਾਹਿਬ

ਨਾਂਦੇੜ ਦਾ ਇਤਿਹਾ ਸਿਕ ਅਤੇ ਧਾਰਮਿਕ ਮਹੱਤਵ ' ਵਿਸ਼ੇ ਦੀ ਖੋਜ -ਕਾਰਜ ਵਾਸਤੇ ਚੋਣ ਕੀਤੀ ਗਈ ਹੈ। ਇਸ ਖੋਜ-ਪ੍ਰਬੰਧ ਰਾਹੀਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸਕ ਪਿਛੋਕੜ ਅਤੇ ਧਾਰਮਿਕ ਮਹੱਤਵ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਗਿਆ ਹੈ। ਨਾਂਦੇੜ ਨਗਰ ਦੁਆਰਾ ਸਿੱਖ ਧਰਮ ਦੇ ਇਤਿਹਾਸ ਵਿਚ ਪਾਏ ਗਏ ਯੋਗਦਾਨ ਦਾ ਕ੍ਰਮਬੱਧ ਅਤੇ ਵਿਸਥਾਰਪੂਰਵਕ ਅਧਿਐਨ ਪੇਸ਼ ਕਰਨ ਯਤਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਵਰਤਮਾਨ ਸਥਿਤੀ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕੀਤਾ ਗਿਆ ਹੈ।

**ਪੂਰਵ ਕਾਰਜਾਂ ਦਾ ਸਰਵੇਖਣ**

ਇਸ ਖੋਜ ਵਿਸ਼ੇ ਨਾਲ ਸਬੰਧਿਤ ਸਿੱਧੇ ਰੂਪ ਵਿਚ ਕੋਈ ਕਾਰਜ ਨਹੀਂ ਹੋਇਆ। ਅਸਿੱਧੇ ਰੂਪ ਵਿਚ ਕੁਝ ਕਾਰਜ ਮਿਲਦੇ-ਜੁਲਦੇ ਪ੍ਰਾਪਤ ਹੁੰਦੇ ਹਨ। ਇਨ੍ਹਾਂ ਵਿਚ ਡਾ. ਸੁਖਦਿਆਲ ਸਿੰਘ ਦੀ ਪੁਸਤਕ *'ਖਾਲਸਾ ਪੰਥ ਦੇ ਪੰਜ ਤਖ਼ਤ'* ਵਿਚ ਸਿੱਖ ਧਰਮ ਦੇ ਪੰਜਾਂ ਤਖ਼ਤਾਂ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਕ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਗਿਆ ਹੈ। ਡਾ . ਸਰਬਜਿੰਦਰ ਸਿੰਘ ਦੇ ਖੋਜ -ਪ੍ਰਬੰਧ *'ਸਿੱਖ ਤਖ਼ਤਾਂ ਦਾ ਧਰਮ ਵਿਗਿਆਨਕ ਪਰਿਪੇਖ '* ਵਿਚ ਧਰਮ ਵਿਗਿਆਨਕ ਪੱਖ ਤੋਂ ਇਲਾਵਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਮੇਤ ਪੰਜੇ ਤਖ਼ਤਾਂ ਦਾ ਧਰਮ ਵਿਗਿਆਨਕ ਪਰਿਪੇਖ ਪੇਸ਼ ਕਰਨ ਦੇ ਨਾਲ ਨਾਲ ਉਨ੍ਹਾਂ ਦਾ ਸਿੱਖ ਧਰਮ ਵਿਚ ਪਾਏ ਗਏ ਯੋਗਦਾਨ ਬਾਰੇ ਅਧਿਐਨ ਕੀਤਾ ਗਿਆ ਹੈ। ਅਕਾਲੀ ਕੌਰ ਸਿੰਘ ਦੀ ਪੁਸਤਕ *'ਹਜ਼ੂਰੀ ਸਾਥੀ '* ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਇਤਿਹਾਸ , ਪੁਰਾਤਨ ਮਰਿਆਦਾ, ਪੁਰਾਤਨ ਸ਼ਸਤਰਾਂ ਸੰਬੰਧੀ ਜਾਣਕਾਰੀ , ਬੁੰਗਿਆਂ ਦੀ ਜਾਣਕਾਰੀ ਅਤੇ ਉਸ ਸਮੇਂ ਦੇ ਹਾਲਾਤ ਅਤੇ ਪ੍ਰਬੰਧ ਆਦਿ ਬਾਰੇ ਬਹੁਮੁੱਲੀ ਜਾਣਕਾਰੀ ਮਿਲਦੀ ਹੈ । ਗਿਆਨੀ ਮੋਹਨ ਸਿੰਘ (ਨਿਵਾਸੀ-ਹਜ਼ੂਰ ਸਾਹਿਬ) ਦੁਆਰਾ *'ਤਵਾਰੀਖ ਸੱਚਖੰਡ'* ਪੁਸਤਕ ਲਿਖੀ ਗਈ ਹੈ। ਇਸ ਵਿਚ ਗਿਆਨੀ ਮੋਹਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪਟਨੇ ਤੋਂ ਨਾਂਦੇੜ ਤੱਕ ਦਾ ਸਫ਼ਰ ਅਤੇ ਗੁਰੂ ਸਾਹਿਬ ਦੇ ਨਾਂਦੇੜ ਵਿਖੇ ਬਿਤਾਏ ਅੰਤਿਮ ਦਿਨਾਂ ਅਤੇ ਇੱਥੇ ਕੀਤੇ ਗਏ ਪੰਥਕ ਕਾਰਜਾਂ ਦਾ ਜ਼ਿਕਰ ਕੀਤਾ ਹੈ। ਡਾ . ਗੰਡਾ ਸਿੰਘ ਨੇ *'Guru Gobind Singh's Death at Nanded'* ਨਾਂ ਦੀ ਪੁਸਤਕ ਲਿਖੀ ਹੈ। ਇਸ ਵਿਚ ਡਾ. ਗੰਡਾ ਸਿੰਘ ਵੱਲੋਂ

ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਦੇ ਜੋਤੀ -ਜੋਤਿ ਸਮਾਉਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਪ੍ਰਦਾਨ ਕਰਨ ਬਾਰੇ ਖੋਜ ਭ ਰੀ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਨਿਡਰ ਸਿੰਘ ਨਿਹੰਗ ਅਤੇ ਪਰਮਜੀਤ ਸਿੰਘ ਨੇ ਸਾਲ 2008 ਵਿਚ '*In The Master's Presence The Sikhs of Hazoor Sahib (vol.1)'* ਪੁਸਤਕ ਪ੍ਰਕਾਸ਼ਿਤ ਕਰਵਾਈ ਸੀ। ਨਿਡਰ ਸਿੰਘ ਅਤੇ ਪਰਮਜੀਤ ਸਿੰਘ ਨੇ ਇਸ ਪੁਸਤਕ ਵਿਚ ਹਜ਼ੂਰ ਸਾਹਿਬ ਦੇ ਇਤਿਹਾਸ ਬਾਰੇ , ਇਥੋਂ ਦੇ ਹਾਲਾਤ ਅਤੇ ਪ੍ਰਬੰਧ ਬਾਰੇ , ਤਖ਼ਤ ਸਾਹਿਬ ਦੇ ਵਿਕਾਸ ਅਤੇ ਹਜ਼ੂਰੀ ਸਿੰਘਾਂ ਦੇ ਜੀਵਨ ਆਦਿ ਬਾਰੇ ਜਾਣ ਕਾਰੀ ਪ੍ਰਦਾਨ ਕਰਵਾਈ ਹੈ। ਇਸੇ ਤਰ੍ਹਾਂ ਇਨ੍ਹਾਂ ਲਿਖਤਾਂ ਤੋਂ ਇਲਾਵਾ ਇਸ ਵਿਸ਼ੇ ਨਾਲ ਸੰਬੰਧਿਤ ਕੁਝ ਕੋਸ਼ਾਂ , ਪੱਤ੍ਰਿਕਾਵਾਂ/ਰਸਾਲਿਆਂ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਸੰਬੰਧਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਉਕਤ ਤੋਂ ਇਲਾਵਾ ਇਸ ਵਿਸ਼ੇ ਨਾਲ ਸੰਬੰਧਿਤ ਕੁਝ ਹੋਰ ਕਾਰਜ ਵੀ ਹੋਏ ਹੋਣਗੇ ਜਿਹੜੇ ਅਧਿਐਨ ਅਤੇ ਸਰਵੇਖਣ ਦੌਰਾਨ ਹੁਣ ਦੇ ਸਮੇਂ ਤੱਕ ਸਾਡੇ ਧਿਆਨਗੋਚਰੇ ਨਹੀਂ ਹੋਏ।

ਉਪਰੋਕਤ ਲਿਖਤਾਂ ਵਿਚੋਂ ਸਾਨੂੰ ਨਾਂਦੇੜ ਨਗਰ ਨਾਲ ਸੰਬੰਧਿਤ ਇਤਿਹਾਸਕ ਜਾਣਕਾਰੀ ਮਿਲਦੀ ਹੈ ਪਰ ਇਸ ਨਗਰ ਦੀ ਇਤਿਹਾਸਕ , ਧਾਰਮਿਕ ਮਹੱਤਤਾ , ਵਰਤਮਾਨ ਸਥਿਤੀ , ਸਰਵੇਖਣ ਆਦਿ ਦੇ ਮੁਕਾਬਲਤਨ ਇਹ ਮੁਕੰਮਲ ਜਾਣਕਾਰੀ ਨਹੀ ਹੈ। ਇਸ ਲਈ ਨਾਂਦੇੜ ਨਗਰ ਦੇ ਇਤਿਹਾਸਕ ਪਿਛੋਕੜ , ਧਾਰਮਿਕ ਮਹੱਤਵ ਤੋਂ ਇਲਾਵਾ ਸਿੱਖ ਇਤਿਹਾਸ ਵਿਚ ਪਾਏ ਇਸ ਦੇ ਯੋਗਦਾਨ , ਵਰਤਮਾਨ ਸਮੇਂ ਵਿਚ ਇਸ ਦੀ ਪ੍ਰਸੰਗਿਕਤਾ ਨੂੰ ਜਾਣਨ ਲਈ ਅਕਾਦਮਿਕ ਦ੍ਰਿਸ਼ਟੀ ਤੋਂ ਇਕ ਵਿਸਥਾਰਪੂਰਵਕ ਅਧਿਐਨ ਅਤੇ ਖੋਜ - ਕਾਰਜ ਕਰਨ ਦੀ ਲੋੜ ਸੀ ।

ਇਸ ਹਥਲੇ ਖੋਜ -ਕਾਰਜ ਦੇ ਵਿਸਥਾਰਿਤ ਅਧਿਐਨ ਲਈ ਸ੍ਰੀ ਗੁਰ ਸੋਭਾ , ਗੁਰੂ ਕੀਆਂ ਸਾਖੀਆਂ , ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ , ਪ੍ਰਾਚੀਨ ਪੰਥ ਪ੍ਰਕਾਸ਼ , ਤਵਾਰੀਖ ਗੁਰੂ ਖ਼ਾਲਸਾ , ਪੰਥ ਪ੍ਰਕਾਸ਼ , ਮਹਿਮਾ ਪ੍ਰਕਾਸ਼, ਸ੍ਰੀ ਗੁਰੂ ਤੀਰਥ ਸੰਗ੍ਰਹਿ , ਹੁਕਮਨਾਮੇ, ਸ੍ਰੀ ਗੁਰ ਪਦ -ਪ੍ਰੇਮ ਪ੍ਰਕਾਸ਼ , ਗੁਰ ਬਿਲਾਸ ਪਾਤਸ਼ਾਹੀ ਦਸਮੀ ਸੁੱਖਾ ਸਿੰਘ ਦੀ, ਗੁਰਬਿਲਾਸ ਪਾਤਸ਼ਾਹੀ ਦਸ ਕੁਇਰ ਸਿੰਘ ਦੀ, ਬੰਸਾਵਲੀਨਾਮਾ ਦਸਾਂ ਪਾਤਸ਼ਹੀਆਂ ਕਾ, ਗੁਰਦੁਆਰਾ ਗਜ਼ਟ, ਮਹਾਰਾਸ਼ਟਰ ਸਟੇਟ ਗਜ਼ਟੀਅਰ (ਨਾਂਦੇੜ ਜ਼ਿਲ੍ਹਾ), ਇੰਮਪੀਰੀਅਲ ਗਜ਼ਟੀਅਰ

ਆਫ਼ ਇੰਡੀਆ (ਹੈਦਰਾਬਾਦ ਰਾਜ), ਮਆਸਿਰਿ ਆਲਮਗੀਰੀ, ਖ਼ਲਾਸਤੁਤ ਤਵਾਰੀਖ਼ ਆਦਿ ਮੌਲਿਕ ਸ੍ਰੋਤਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਗੁਰੁਸ਼ਬਦ ਰਤਨਾਕਰ ਮਹਾਨਕੋਸ਼ , ਸਿੱਖ ਪੰਥ ਵਿਸ਼ਵਕੋਸ਼, ਗੁਰੂ ਗ੍ਰੰਥ ਵਿਸ਼ਵਕੋਸ਼, ਇਨਸਾਇਕਲੋਪੀਡੀਆ ਆਫ਼ ਸਿੱਖਇਜ਼ਮ , 1708 ਦਸਮ ਗੁਰੂ ਦੀ ਦੱਖਣ ਫੇਰੀ, ਨਾਂਦੇੜ ਪਰਿਵਰਤਨ ਦਾ ਸਫ਼ਰ , ਹਜ਼ੂਰੀ ਦੀਦਾਰੇ ਆਦਿ ਪੁਸਤਕਾਂ ਅਤੇ ਕੋਸ਼ਾਂ ਦੀ ਜਾਣਕਾਰੀ ਦੇ ਨਾਲ ਨਾਲ ਪੱਤ੍ਰਿਕਾਵਾਂ ਅਤੇ ਵੈਬਸਾਇਟਜ਼ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਸੰਬੰਧਿਤ ਜਾਣਕਾਰੀ ਨੂੰ ਵਰਤੋਂ ਵਿਚ ਲਿਆਇਆ ਗਿਆ ਹੈ।

ਉਪਰੋਕਤ ਤੋਂ ਇਲਾਵਾ ਆਪਣੇ ਖੋਜ -ਕਾਰਜ ਨਾਲ ਸੰਬੰਧਿਤ ਸਮਗੱਰੀ ਨੂੰ ਇਕੱਤਰ ਕਰਨ ਲਈ ਪੀਐਚ. ਡੀ. ਦੇ ਕਾਰਜਕਾਲ ਦੌਰਾਨ ਵੱਖ -ਵੱਖ ਸਮੇਂ ਵਿਚ ਮਹਾਰਾਸ਼ਟਰ ਅਤੇ ਨਾਂਦੇੜ ਦੇ ਖੇਤਰੀ ਦੌਰੇ ਕੀਤੇ ਗਏ। ਖੇਤਰੀ ਸਰਵੇਖਣ ਦੌਰਾਨ ਇਕੱਤਰ ਕੀਤੀ ਗਈ ਸਮੱਗਰੀ ਨੂੰ ਖੋਜ-ਕਾਰਜ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਸਮੇਂ ਦੇ ਅੰਤਰਗਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰਦੁਆਰਾ ਸੱਚਖੰਡ ਬੋਰਡ ਦੇ ਸਮੂਹ ਸਟਾਫ਼ (ਮੁੱਖ ਜਥੇਦਾਰ ਅਤੇ ਬਾਕੀ ਸਾਰੇ ਅਹੁਦੇਦਾਰ, ਵਿੱਦਿਅਕ ਸੰਸਥਾਵਾਂ ਆਦਿ), ਸ਼ਹਿਰ ਦੀਆਂ ਹੋਰ ਧਾਰਮਿਕ ਸਖ਼ਸ਼ੀਅਤਾਂ, ਵਿਦਵਾਨਾਂ ਅਤੇ ਬਜ਼ੁਰਗ ਵਿਅਕਤੀਆਂ ਨਾਲ ਰਾਬਤਾ (ਨਿੱਜੀ ਮੁਲਾਕਤ) ਕਰਕੇ ਵੀ ਖੋਜ ਵਿਸ਼ੇ ਨਾਲ ਸੰਬੰਧਿਤ ਰਵਾਇਤੀ ਇਤਿਹਾਸਕ ਸਮੱਗਰੀ (ਮੌਖਿਕ ਇਤਿਹਾਸ) ਪ੍ਰਾਪਤ ਕਰਨ ਲਈ ਯਤਨ ਰਿਹਾ ਹੈ।

**ਖੋਜ ਵਿਧੀ**

ਇਹ ਖੋਜ-ਕਾਰਜ 'ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾ ਸਿਕ ਅਤੇ ਧਾਰਮਿਕ ਮਹੱਤਵ ' ਵਿਸ਼ੇ ਨਾਲ ਸੰਬੰਧਿਤ ਹੈ। ਇਸ ਲਈ ਖੋਜ ਵਿਸ਼ੇ ਦੇ ਸੁਭਾਅ ਅਨੁਸਾਰ ਇਤਿਹਾਸਕ ਸ੍ਰੋਤਾਂ ਤੋਂ ਸਹਾਇਤਾ ਲਈ ਗਈ ਹੈ। ਇਸ ਦੇ ਨਾਲ-ਨਾਲ ਖੋਜ ਵਿਸ਼ੇ ਨਾਲ ਸੰਬੰਧਿਤ ਸਮਗੱਰੀ ਨੂੰ ਇਕੱਤਰ ਕਰਨ ਲਈ ਵੱਖ -ਵੱਖ ਸਮੇਂ ਵਿਚ ਮਹਾਰਾਸ਼ਟਰ ਅਤੇ ਨਾਂਦੇੜ ਦੇ ਖੇਤਰੀ ਦੌਰੇ (ਸਰਵੇਖਣ) ਕੀਤੇ ਗਏ ਹਨ। ਜਿਸਦੇ ਫ਼ਲਸਰੂਪ ਬਹੁਮੁੱਲੀ ਜਾਣਕਾਰੀ ਹਾਸਲ ਹੋਈ ਹੈ। ਇਸ ਖੋਜ-ਕਾਰਜ ਨਾਲ ਸੰਬੰਧਿਤ ਇਤਿਹਾਸਕ ਸ੍ਰੋਤਾਂ ਨੂੰ ਅਧਿਐਨ ਕਰਨ ਤੋਂ ਬਾਅਦ ਵਿਆਖਿਆਤਮਕ ਅਤੇ ਵਰਣਨਾਤਮਕ ਵਿਧੀ ਦੀ ਵਰਤੋਂ ਕੀਤੀ ਗਈ ਹੈ। ਖੋਜ ਵਿਸ਼ੇ ਨਾਲ ਸੰਬੰਧਿਤ

ਪ੍ਰਾਪਤ ਸਮੱਗਰੀ ਨੂੰ ਇਤਿਹਾਸਕ ਅਤੇ ਧਰਮ ਸ਼ਾਸਤਰੀ ਵਿਧੀ ਦੇ ਨੁਕਤੇ ਦੀ ਦ੍ਰਿਸ਼ਟੀ ਤੋਂ ਵਾਚਦੇ ਹੋਏ ਇਸ ਦੇ ਇਤਿਹਾਸਕ, ਧਾਰਮਿਕ ਅਤੇ ਅਧਿਆਤਮਿਕ ਪੱਖ ਨੂੰ ਸਮਝਣ ਅਤੇ ਸਮਝਾਉਣ ਦਾ ਯਤਨ ਕੀਤਾ ਗਿਆ ਹੈ।

**ਅਧਿਆਇ ਵੰਡ**

ਇਸ ਖੋਜ-ਪ੍ਰਬੰਧ ਨੂੰ ਨਿਮਨ ਅਨੁਸਾਰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ:


**ਅਧਿਆਇ ਪਹਿਲਾ-** **ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾਸਕ ਪਿਛੋਕੜ**

**ਅਧਿਆਇ ਦੂਜਾ-** **ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਧਾਰਮਿਕ ਮਹੱਤਵ**

**ਅਧਿਆਇ ਤੀਜਾ-** **ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸਕ ਗੁਰਦੁਆਰੇ : ਇਕ ਅਧਿਐਨ**

**ਅਧਿਆਇ ਚੌਥਾ-** **ਸਿੱਖ ਇਤਿਹਾਸ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਯੋਗਦਾਨ ਅਤੇ ਸਥਾਨ**

**ਅਧਿਆਇ ਪੰਜਵਾਂ-** **ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਵਰਤਮਾਨ ਪ੍ਰਸੰਗਿਕਤਾ**

**ਸਾਰ**

**ਪੁਸਤਕ ਸੂਚੀ**

**ਅੰਤਿਕਾ**


ਖੋਜ-ਪ੍ਰਬੰਧ ਦੇ **ਪਹਿਲੇ ਅਧਿਆਇ** ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪੁਰਾਤਨ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਦੇ ਅੰਤਰਗਤ ਆਦਿ ਕਾਲ ਤੋਂ ਲੈ ਕੇ ਵੀਹਵੀਂ ਸਦੀ ਦੇ ਅਖ਼ੀਰ ਤੱਕ ਦੱਖਣੀ ਖੇਤਰ (ਭਾਰਤ), ਮਹਾਰਾਸ਼ਟਰ, ਨਾਂਦੇੜ ਅਤੇ ਇਸ ਇਲਾਕੇ ਦੇ ਇਤਿਹਾਸ ਸੰਬੰਧੀ ਸਮੇਂ ਦੇ ਵੱਖ-ਵੱਖ ਪੜਾਵਾਂ ਅਨੁਸਾਰ ਵਿਚਾਰ ਪੇਸ਼ ਕੀਤੇ ਗਏ ਹਨ। ਇਸ ਵਿਚ ਗੁਰੂ ਸਾਹਿਬਾਨ ਦੇ ਨਾਂਦੇੜ ਵਿਚ ਆਉਣ ਤੋਂ ਪਹਿਲਾਂ ਅਤੇ ਬਾਅਦ ਦੇ ਨਾਂਦੇੜ ਦੇ ਇਤਿਹਾਸ ਨੂੰ ਵਿਚਾਰਿਆ ਗਿਆ ਹੈ। ਇਸ ਤੋਂ ਇਲਾਵਾ ਨਾਂਦੇੜ ਦੇ

ਨਾਮਕਰਨ ਸੰਬੰਧੀ ਚਾਨਣਾ ਪਾਉਂਦਿਆਂ ਇਸ ਖੇਤਰ ਦੇ ਰਾਜਨੀਤਿਕ ਅਤੇ ਧਾਰਮਿਕ ਹਾਲਾਤਾਂ ਨੂੰ ਪ੍ਰਗਟਾਇਆ ਗਿਆ ਹੈ।

**ਦੂਜੇ ਅਧਿਆਇ** ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਨਗਰ ਵਿਚ ਆਗਮਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਦੱਖਣ ਦੀ ਧਰਮ ਪ੍ਰਚਾਰ ਯਾਤਰਾ ਦੌਰਾਨ ਨਾਂਦੇੜ ਵਿਖੇ ਸੰਗਤ ਸਥਾਪਿਤ ਕਰਨ ਬਾਰੇ ਅਤੇ ਇਸ ਅਸਥਾਨ ਨੂੰ ਦੱਖਣ ਦੀਆਂ ਸੰਗਤਾਂ ਲਈ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਿਤ ਕਰਨ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਸ ਨਗਰ ਵਿਚ ਆ ਕੇ ਕੀਤੇ ਗਏ ਪ੍ਰਮੁੱਖ ਕਾਰਜਾਂ ਜਿਵੇਂ ; ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਪ੍ਰਦਾਨ ਕਰਨੀ, ਬੰਦਾ ਸਿੰਘ ਬਹਾਦਰ ਨੂੰ ਖ਼ਾਲਸਾ ਪੰਥ ਦਾ ਸੈਨਿਕ ਜਰਨੈਲ ਥਾਪ ਕੇ ਪੰਜਾਬ ਭੇਜਣਾ ਅਤੇ ਹੋਰ ਪੰਥਕ ਗਤੀਵਿਧੀਆਂ ਨੂੰ ਬਿਆਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਗੁਰੂ ਸਾਹਿਬ ਦੇ ਨਾਂਦੇੜ ਵਿਚ ਬਿਤਾਏ ਅੰਤਿਮ ਦਿਨਾਂ ਅਤੇ ਸਮੇਂ ਦਾ ਵਰਣਨ ਕੀਤਾ ਗਿਆ ਹੈ।

**ਤੀਜੇ ਅਧਿਆਇ** ਅਧੀਨ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਉੱਤੇ ਗੁਰੂ ਸਾਹਿਬਾਨ ਦੀ ਪਾਵਨ ਯਾਦ ਵਿਚ ਸੁਸ਼ੋਭਿਤ ਇਤਿਹਾਸਕ ਗੁਰਦੁਆਰਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਵਿਚ ਗੁਰਦੁਆਰਿਆਂ ਦੇ ਇਤਿਹਾਸ ਦਾ ਵਿਸਥਾਰ ਸਹਿਤ ਵ ਰਣਨ ਕੀਤਾ ਗਿਆ ਹੈ। ਗੁਰਦੁਆਰਿਆਂ ਵਿਚ ਸੁਸ਼ੋਭਿਤ ਇਤਿਹਾਸਕ ਚੀਜ਼ਾਂ -ਵਸਤਾਂ, ਸ਼ਸਤਰਾਂ ਦਾ ਜ਼ਿਕਰ ਕਰਨ ਦੇ ਨਾਲ -ਨਾਲ ਇਨ੍ਹਾਂ ਅਸਥਾਨਾਂ ਦੇ ਨਾਮ ਲਗਦੀਆਂ ਜ਼ਮੀਨਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ ਚਾਨਣਾ ਪਾਇਆ ਗਿਆ ਹੈ। ਤਖ਼ਤ ਸਾਹਿਬ ਅਤੇ ਇਤਿਹਾਸਕ ਗੁਰਦੁਆਰਿਆ ਦੇ ਪ੍ਰਬੰਧ ਲਈ ਬਣਾਏ ਗਏ 'ਗੁਰਦੁਆਰਾ ਸੱਚਖੰਡ ਬੋਰਡ' ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

**ਚੌਥੇ ਅਧਿਆਇ** ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਸਿੱਖ ਇਤਿਹਾਸ ਵਿਚ ਯੋਗਦਾਨ ਅਤੇ ਸਥਾਨ ਬਾਰੇ ਵਰਣਨ ਕੀਤਾ ਗਿਆ ਹੈ। ਇਸ ਦੇ ਅੰਤਰਗਤ ਨਾਂਦੇੜ ਵਿਖੇ ਗੁਰੂ ਸਾਹਿਬਾਨ ਦੇ ਅਉਣ ਬਾਰੇ ਸੰਖੇਪ ਜਾਣਕਾਰੀ, ਗੁਰੂ ਗੋਬਿਦ ਸਿੰਘ ਦੇ ਜੋਤੀ ਜੋਤਿ ਸਮਾਉਣ ਮਗਰੋਂ ਹ ਜ਼ੂਰੀ ਸਿੱਖਾਂ, ਉਦਾਸੀ ਸਾਧੂਆਂ,

ਹੈਦਰਾਬਾਦ ਨਿਜ਼ਾਮ ਅਤੇ ਅੰਗਰੇ ਜ਼ੀ ਹਕੂਮਤ ਦੁਆਰਾ ਇਸ ਅਸਥਾਨ ਦੀ ਸੇਵਾ ਅਤੇ ਪ੍ਰਬੰਧ ਸੰਭਾਲਣ ਬਾਰੇ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਖਾਲਸਾ ਪੰਥ ਦੀ ਅਗਵਾਈ ਲਈ ਸਿੱਖਾਂ ਦੇ ਇਸ ਤਖ਼ਤ ਵੱਲੋਂ ਸਮੇਂ ਸਮੇਂ 'ਤੇ ਜਾਰੀ ਹੁੰਦੇ ਰਹੇ ਹੁਕਮਨਾਮਿਆਂ ਨੂੰ ਇਸ ਅਧਿਆਇ ਵਿਚ ਅੰਕਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹਜ਼ੂਰ ਸਾਹਿਬ ਦੀ ਧਰਤੀ 'ਤੇ ਮੌਜੂਦਾ ਸਮੇਂ ਵਿਚ ਸਥਿਤ ਪੁਰਾਤਨ ਬੁੰਗਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

**ਪੰਜਵੇਂ ਅਧਿਆਇ** ਅਧੀਨ ਵਰਤਮਾਨ ਸਮੇਂ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਰਾਜਨੀਤਿਕ , ਧਾਰਮਿਕ, ਅਧਿਆਤਮਿਕ ਅਤੇ ਸਮਾਜਿਕ ਮਹੱਤਵ ਨੂੰ ਦਰਸਾਇਆ ਗਿਆ ਹੈ। ਇਹ ਦੱਸਿਆ ਗਿਆ ਹੈ ਕਿ ਕਿਵੇਂ ਇਹ ਨਗਰ ਮੌਜੂਦਾ ਸਮੇਂ ਅੰਦਰ ਦੱਖਣੀ ਭਾਰਤ ਦੀਆਂ ਸਿੱਖ ਸੰਗਤਾਂ ਅਤੇ ਖਾਲਸਾ ਪੰਥ ਦੀਆਂ ਰਾਜਨੀਤਿਕ ਅਤੇ ਧਾਰਮਿਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਹੈ। ਇਸ ਵਿਚ ਤਖ਼ਤ ਸਾਹਿਬ 'ਤੇ ਸੁਸ਼ੋਭਿਤ ਪੁਰਾਤਨ ਸ਼ਸਤਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਗੁਰਦੁਆਰਾ ਸੱਚਖੰਡ ਬੋਰਡ ਅਤੇ ਗੁਰਦੁਆਰਾ ਲੰਗਰ ਸਾਹਿਬ ਟਰੱਸਟ ਦੀਆਂ ਧਾਰਮਿਕ ਸੰਸਥਾਵਾਂ , ਵਿੱਦਿਅਕ ਅਦਾਰਿਆਂ , ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਵਿੱਦਿਅਕ ਸੰਸਥਾਵਾਂ ਅਤੇ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਨਾਂਦੇੜ ਦੇ ਖੇਤਰ ਵਿਚ ਕੀਤੇ ਜਾ ਰਹੇ ਗੁਰਮਤਿ ਸਿੱਖਿਆ ਅਤੇ ਆਧੁਨਿਕ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ । ਇਸ ਅਧਿਆਇ ਵਿਚ ਤਖ਼ਤ ਹਜ਼ੂਰ ਸਾਹਿਬ ਵਿਖੇ ਮਨਾਏ ਜਾਂਦੇ ਮਹੱਲਿਆਂ ਅਤੇ ਗੁਰਪੁਰ ਬਾਂ ਬਾਰੇ ਚਾਨਣਾ ਪਾਉਣ ਦੇ ਨਾਲ ਨਾਲ ਗੁਰਦੁਆਰਾ ਬੋਰਡ (ਤਖ਼ਤ ਸਾਹਿਬ ) ਦੇ ਹਸਪਤਾਲ , ਬਿਰਧ ਆਸ਼ਰਮ , ਮਿਊਜ਼ੀਅਮ, ਗੁਰੂ ਸਾਹਿਬ ਦੇ ਘੋੜਿਆਂ ਦਾ ਅਸਤਬਲ, ਸਿੱਖ ਹੋਸਟਲ, ਲਾਇਬ੍ਰੇਰੀ, ਪ੍ਰਿੰਟਿੰਗ ਪ੍ਰੈਸ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਤਖ਼ਤ ਸਾਹਿਬ ਵੱਲੋਂ ਵਰ ਤਮਾਨ ਸਮੇਂ ਵਿਚ ਕੀਤੇ ਜਾ ਰਹੇ ਧਾਰਮਿਕ , ਸਮਾਜਿਕ ਕਾਰਜਾਂ ਉੱਤੇ ਵਿਚਾਰ ਪ੍ਰਗਟ ਕੀਤੇ ਗਏ ਹਨ।

ਇਸ ਪੰਜਵੇਂ ਅਧਿਆਇ ਤੋਂ ਉਪਰੰਤ ਸਾਰੇ ਖੋਜ -ਪ੍ਰਬੰਧ ਦਾ **ਸਾਰ** ਲਿਖਿਆ ਗਿਆ ਹੈ। ਇਸ ਵਿਚ ਖੋਜ ਵਿਸ਼ੇ 'ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਇਤਿਹਾ ਸਿਕ ਅਤੇ ਧਾਰਮਿਕ ਮਹੱਤਵ' ਬਾਰੇ ਸੰਖੇਪ ਰੂਪ ਵਿਚ ਵਿਚਾਰ-ਚਰਚਾ ਕੀਤੀ ਗਈ ਹੈ।

ਇਸ ਖੋਜ-ਪ੍ਰਬੰਧ ਦੀ **ਅੰਤਿਕਾ** ਵਿਚ ਸਰਵੇਖਣ ਦੌਰਾਨ ਮੇਰੇ ਵੱਲੋਂ ਖਿੱਚੀਆਂ ਗਈਆਂ ਤਸਵੀਰਾਂ ਲਗਾਈਆਂ ਗਈਆਂ ਹਨ। ਇਸ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਨਾਂਦੇੜ ਦੇ ਇਤਿਹਾਸਕ ਗੁਰਦੁਆਰਿਆਂ ਦੀਆਂ ਮੌਜੂਦਾ ਤਸਵੀਰਾਂ ਹਨ। ਇਸ ਦੇ ਨਾਲ ਨਾਲ ਤਖ਼ਤ ਸਾਹਿਬ 'ਤੇ ਸੁਸ਼ੋਭਿਤ ਪੁਰਾਤਨ ਸ਼ਸਤਰਾਂ, ਵਿੱਦਿਅਕ ਸੰਸਥਾਵਾਂ, ਮੌਜੂਦਾ ਸਮੇਂ ਸਥਿਤ ਪੁਰਾਤਨ ਬੁੰਗਿਆਂ, ਹਸਪਤਾਲ, ਯਾਤਰੀ ਨਿਵਾਸਾਂ ਆਦਿ ਦੀਆਂ ਤਸਵੀਰਾਂ ਹਨ। ਇਸ ਤੋਂ ਇਲਾਵਾ ਖੋਜ-ਕਾਰਜ ਨਾਮ ਸੰਬੰਧਿਤ ਕੁਝ ਹੋਰ ਤਸਵੀਰਾਂ ਵੀ ਲਗਾਈਆਂ ਗਈਆਂ ਹਨ।

## ਪ੍ਰਾਪਤੀਆਂ

ਇਸ ਖੋਜ-ਪ੍ਰਬੰਧ ਰਾਹੀਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਬਹੁਪੱਖੀ ਅਧਿਐਨ ਕਰਦੇ ਹੋਏ ਅਕਾਦਮਿਕ ਪੱਧਰ 'ਤੇ ਇਸ ਦੀ ਸਿੱਖ ਧਰਮ ਦੇ ਇਤਿਹਾਸ ਅਤੇ ਧਾਰਮਿਕ ਵਿਵਸਥਾ ਵਿਚ ਨਿਭਾਈ ਭੂਮਿਕਾ ਨੂੰ ਪ੍ਰਗਟ ਕਰਨ ਦੇ ਨਾਲ ਨਾਲ ਇਸ ਦੇ ਜਨ ਸਾਧਾਰਨ ਨਾਲ ਸੰਬੰਧਿਤ ਸਵਰੂਪ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਖੋਜ-ਕਾਰਜ ਨੂੰ ਕਰਦਿਆਂ ਹੋਇਆਂ ਆਦਿ ਕਾਲ ਤੋਂ ਲੈ ਕੇ ਵੀਹਵੀਂ ਸਦੀ ਦੇ ਅਖ਼ੀਰ ਤੱਕ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ ਹਾਸਿਲ ਹੋਈ ਹੈ। ਨਾਂਦੇੜ ਨਾਲ ਸੰਬੰਧਿਤ ਸਿੱਖ ਧਰਮ ਦੇ ਇਤਿਹਾਸ ਬਾਰੇ ਅਤੇ ਮਹਾਰਾਸ਼ਟਰ (ਨਾਂਦੇੜ) ਦੀ ਪੰਜਾਬ ਅਤੇ ਸਿੱਖ ਇਤਿਹਾਸ ਨਾਲ ਸਾਂਝ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਪ੍ਰਦਾਨ ਕਰਨਾ, ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਦਾ ਸੈਨਿਕ ਜਰਨੈਲ ਥਾਪ ਕੇ ਪੰਜਾਬ ਭੇਜਣਾ ਆਦਿ ਮਹਾਨ ਕਾਰਜਾਂ ਬਾਰੇ ਅਤੇ ਗੁਰੂ ਸਾਹਿਬ ਦੀ ਦੇ ਅੰਤਿਮ ਸਮੇਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਨਾਂਦੇੜ ਵਿਖੇ ਗੁਰੂ ਸਾਹਿਬਾਨ ਦੀ ਪਵਿੱਤਰ ਯਾਦ ਵਿਚ ਸੁਭਾਇਮਾਨ ਗੁਰਦੁਆਰਿਆਂ ਦੇ ਇਤਿਹਾਸ ਉੱਤੇ ਚਾਨਣਾ ਪਾਇਆ ਗਿਆ ਹੈ। ਇਹ ਤੱਥ ਵੀ ਪ੍ਰਗਟ ਹੋ ਕੇ ਸਾਹਮਣੇ ਆਇਆ ਹੈ ਕਿ ਅਜੋਕੇ ਸਮੇਂ ਵਿਚ ਗੁਰਦੁਆਰਾ ਲੰਗਰ ਸਾਹਿਬ ਕਿਵੇਂ ਸੇਵਾ ਦਾ ਇਕ ਵਿ ਸ਼ਾਲ ਰੂਪ ਧਾਰ ਕੇ ਉਭਰ ਕੇ ਸਾਹਮਣੇ ਆ ਰਿਹਾ ਹੈ। ਇਸ ਖੋਜ-ਪ੍ਰਬੰਧ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸਕ, ਧਾਰਮਿਕ ਅਤੇ ਰਾਜਨੀਤਿਕ ਪੱਖ ਨੂੰ ਪੇਸ਼ ਕਰਨ ਦੇ ਨਾਲ-ਨਾਲ ਵਰਤਮਾਨ ਸਮੇਂ ਵਿਚ ਇਸ ਮਹਾਨ ਅਸਥਾਨ ਦੀ ਪ੍ਰਸੰਗਿਕਤਾ ਨੂੰ ਸਾਹਮਣੇ ਲਿਆਂਦਾ ਗਿਆ ਹੈ

ਕਿ ਕਿਸ ਤਰ੍ਹਾਂ ਇਹ ਅਸਥਾਨ ਦੱਖਣੀ ਭਾਰਤ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਬਿੰਦੂ ਹੈ ਅਤੇ ਦੱਖਣੀ ਭਾਰਤ ਵਿਚ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਵਿਚ ਆਪਣਾ ਮਹਾਨ ਯੋਗਦਾਨ ਪਾ ਰਿਹਾ ਹੈ।

ਉਮੀਦ ਕਰਦਾ ਹਾਂ ਕਿ ਇਸ ਖੋਜ -ਪ੍ਰਬੰਧ ਰਾਹੀਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਇਤਿਹਾਸਕ ਪਿਛੋਕੜ, ਧਾਰਮਿਕ ਮਹੱਤਵ ਅਤੇ ਸਿੱਖ ਇਤਿਹਾਸ ਵਿਚ ਪਾਏ ਇਸਦੇ ਸਮੁੱਚੇ ਯੋਗਦਾਨ ਬਾਰੇ ਦਿੱਤੀ ਜਾਣਕਾਰੀ ਭਵਿੱਖ ਵਿਚ ਧਰਮ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਰਾਹ ਦਿਸੇਰਾ ਬਣੇਗੀ।